# ਲਾਲ ਏਹਿ ਰਤਨ

## (ਭਾਗ–੧)

ਉਪਦੇਸ਼
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਸੰਨ ੧੯੪੮, ੧੯੫੦

ਸੰਪਾਦਿਕਾ
ਪ੍ਰਿ. ਬੇਅੰਤ ਕੌਰ
ਐਮ.ਏ. (ਅੰਗਰੇਜ਼ੀ, ਪੰਜਾਬੀ)
ਸਾਹਿੱਤ ਰਤਨ (ਹਿੰਦੀ), ਬੀ.ਟੀ.

ਪ੍ਰਕਾਸ਼ਕ
ਨਾਮਧਾਰੀ ਦਰਬਾਰ,
ਸ੍ਰੀ ਭੈਣੀ ਸਾਹਿਬ

# LAL EH RATTAN (VOL-I)

(Updesh : Sri Satguru Partap Singh Ji)

PERIOD - 1948, 1950.

Edited by : Pr. BEANT KAUR
F-213 A-1, Mansarover Garden, New Delhi-110015,
Tel : 011- 25414451, 011-25422956
cell : 9868177078

Publisher : Namdhari Darbar,
Sri Bhaini Sahib.

ਦੂਸਰੀ ਵਾਰ : ਸੰਮਤ ੨੦੬੫ (ਸੰਨ ੨੦੦੯)

ਪਹਿਲੀ ਵਾਰ : ਸੰਮਤ ੨੦੫੨ (ਸੰਨ ੧੯੯੫)

© : ਨਾਮਧਾਰੀ ਦਰਬਾਰ,
ਸ੍ਰੀ ਭੈਣੀ ਸਾਹਿਬ, ਲੁਧਿਆਣਾ, ਪੰਜਾਬ (੧੪੧੧੧੩)

ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ, ਚਾਂਦਨੀ ਚੌਕ, ਦਿੱਲੀ-੬
ਫ਼ੋਨ : ੨੩੨੮੦੬੫੭

ਸੈਟਿੰਗ : ਐਸ. ਆਰ. ਐਸ. ਕੰਪਿਊਟਰਜ਼, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-੧੫
ਫ਼ੋਨ : ੦੧੧-੨੫੪੧੪੪੫੧, ੦੧੧-੨੫੪੨੨੯੫੬,

ਭੇਟਾ : ੬੦੦ ਰੁਪਏ

ਇਹ ਅਨਮੋਲ

ਅੰਮ੍ਰਿਤ–ਭਰਪੂਰ ਬਚਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਨੇ

ਭੁੱਲੀ–ਭਟਕੀ ਲੋਕਾਈ

ਦੇ

ਉੱਧਾਰ ਹਿੱਤ

ਸੰਨ

੧੯੪੮, ੫੦

ਵਿੱਚ

ਬੰਕੋਕ (ਥਾਈਲੈਂਡ)

ਵਿਖੇ ਉਚਾਰਨ ਕੀਤੇ

# ਤਤਕਰਾ


| | | | |
|---|---|---|---|
| **ਦੂਸਰਾ ਸੰਸਕਰਣ** | ਸੰਤ ਸਿੰਘ | – | ੧੩ |
| **ਦੋ ਸ਼ਬਦ** | ਬੇਅੰਤ ਕੌਰ | – | ੧੫ |
| **ਉਥਾਨਕਾ** | ਕਿਰਪਾਲ ਸਿੰਘ ਕਸੇਲ | – | ੩੧ |

**ਉਪਦੇਸ਼ ਸੰਨ ੧੯੪੮**

| | | |
|---|---|---|
| **ਉਪਦੇਸ਼ ੨੩-੧੧-੧੯੪੮** | – | ੪੩ |
| ਮਲੇਰ ਕੋਟਲੇ ਦਾ ਸਾਕਾ | – | ੪੫ |
| ਭਾਈ ਲਹਿਣਾ ਜੀ ਇੱਕ ਸੱਚੇ ਆਸ਼ਕ | – | ੪੭ |
| ਖਾਣ ਪੀਣ ਦਾ ਧਰਮ | – | ੪੯ |
| ਸ਼ਹੀਦਾਂ ਦੀ ਮਸਤਾਨੀ ਦਸ਼ਾ | – | ੫੧ |
| ਮਰਯਾਦਾ | – | ੬੨ |
| ਕੇਵਲ ਨਾਮ ਅਧਾਰ | – | ੭੧ |
| ਅਸੀਂ ਸਾਰੇ ਰਲਕੇ ਰਹੀਏ | – | ੭੪ |
| ਪਹਿਰਾਵਾ ਆਪਣਾ ਰੱਖੋ | – | ੭੭ |
| **ਉਪਦੇਸ਼ ੧-੧੨-੧੯੪੮** | – | ੮੫ |
| ਨਿਗੁਰਾ ਸੁਕਦੇਵ | – | ੮੫ |
| ਗੁਰੂ ਦੀ ਪਰਖ | – | ੮੮ |
| ਗੁਰੂ ਦੀ ਲੋੜ | – | ੯੦ |
| ਭਾਈ ਰਾਇ ਸਿੰਘ ਨੂੰ ਦਰਸ਼ਨ | – | ੯੪ |
| ਵਿਛੋੜਾ | – | ੯੯ |
| ਜੀਵਨ ਮੁਕਤ | – | ੧੦੩ |
| ਗੁਰ ਮੂਰਤ ਭਗਵਾਨ | – | ੧੦੯ |
| ਭਾਈ ਗੁਰਦਾਸ ਗੁਰੂ ਦਾ ਚੋਰ | – | ੧੧੪ |

| | | |
|---|---|---|
| ਬਿਦਰ ਦੇ ਘਰ ਕ੍ਰਿਸ਼ਨ ਜੀ | – | ੧੧੬ |
| ਪੱਤਰਾ ਪਾਠ | – | ੧੧੮ |
| ਸੇਠ ਨਰੈਣ ਸਿੰਘ | – | ੧੧੯ |
| **ਉਪਦੇਸ਼ ੫-੧੨-੧੯੪੮** | – | ੧੩੦ |
| ਬਿਅੰਤ ਹੀ ਬਿਅੰਤ ਹੈ | – | ੧੩੦ |
| ਹਜ਼ੂਰ ਸਾਹਿਬ ਦੀ ਮਰਯਾਦਾ | – | ੧੪੧ |
| ਸਿੱਖੀ ਦੀ ਨਿੱਘਰਦੀ ਦਸ਼ਾ | – | ੧੪੩ |
| ਭਾਈ ਰਾਇ ਸਿੰਘ ਨੂੰ ਹੁਕਮ | – | ੧੪੫ |
| ਗੁਰੂ ਤੇ ਨਿਸਚਾ | – | ੧੫੧ |
| ਰੇਖ ਵਿੱਚ ਮੇਖ | – | ੧੫੭ |
| ਨਾਮ ਜਪਿਆ ਕਰੋ | – | ੧੬੨ |
| **ਉਪਦੇਸ਼ ੬-੧੨-੧੯੪੮** | – | ੧੭੨ |
| ਸਾਕਤ ਸੰਗ ਨ ਕੀਜੀਐ | – | ੧੭੩ |
| ਸ਼ੇਰ ਤਾਹਿ ਗਰਦਨ ਫੜ ਲਈ | – | ੧੭੬ |
| ਭਾਈ ਤਿਲੋਕਾ | – | ੧੮੦ |
| ਭਾਈ ਕਟਾਰੂ | – | ੧੮੧ |
| ਭਾਈ ਦਿੱਤੂ | – | ੧੮੨ |
| ਧਰਮ ਦੀ ਕਿਰਤ | – | ੧੮੩ |
| ਦਰੋਪਤੀ | – | ੧੮੫ |
| ਰਾਮ ਔਰ ਸਿਆਮ | – | ੧੯੧ |
| ਭਾਈ ਰਾਇ ਸਿੰਘ ਦੀ ਅਰਜ਼ | – | ੧੯੩ |
| ਅੰਮ੍ਰਿਤਸਰ ਦੇ ਸ਼ਹੀਦ | – | ੨੦੨ |
| ਸਾਵਲ ਸੁੰਦਰ ਰਾਮਈਆ | – | ੨੦੬ |
| ਸੰਤ ਜੀਊਣ ਸਿੰਘ ਜੀ | – | ੨੧੦ |
| ਭਾਈ ਰਾਇ ਸਿੰਘ ਦੀ ਸ਼ੇਰ ਤੋਂ ਰੱਖਿਆ | – | ੨੧੫ |
| ਪੂਰਬ ਜਨਮ ਕੇ ਲੇਖ ਨ ਮਿਟਈ | – | ੨੧੬ |
| ਮਨੁੱਖਪੁਣਾ | – | ੨੧੯ |

| | | |
|---|---|---|
| **ਉਪਦੇਸ਼ ੭-੧੨-੧੯੪੮** | **-** | ੨੨੮ |
| ਪ੍ਰਿਥਵੀ ਰਾਜ ਚੌਹਾਨ | - | ੨੨੯ |
| ਸਾਹਿਬਜ਼ਾਦਿਆਂ ਦੇ ਸਾਹਿਬ | - | ੨੩੧ |
| **ਉਪਦੇਸ਼ ੮-੧੨-੧੯੪੮** | **-** | ੨੩੬ |
| ਵਾਹਿ ਵਾਹਿ ਗੋਬਿੰਦ ਮ੍ਰਿਗਿੰਦ | - | ੨੩੬ |
| ਮੰਗਲ ਗੁਰੂ ਰਾਮ ਦਾਸ ਜੀ | - | ੨੪੪ |
| ਭਾਈ ਰਾਇ ਸਿੰਘ ਦੀ | | |
| ਹਜ਼ੂਰ ਸਾਹਿਬ ਤੋਂ ਵਿਦਾਇਗੀ | - | ੨੪੬ |
| ਪਰਾਇਆ ਹੱਕ | - | ੨੪੭ |
| ਲਾਲ ਸੱਚ ਕੋ ਮੂਰਖ ਤਿਆਗੈ | - | ੨੪੯ |
| ਸਾਜਨ ਵਿਦਾ ਕਰੇਂਦਿਆਂ | - | ੨੫੨ |
| ਗੁਰੂ ਤੇ ਸਿੱਖ ਦਾ ਨਾਤਾ | - | ੨੫੬ |
| **ਉਪਦੇਸ਼ ੯-੧੨-੧੯੪੮** | **-** | ੨੬੨ |
| ਵਾਹਿ ਵਾਹਿ ਗੁਰ ਜਗ ਕੇ ਵਾਲੀ | - | ੨੬੩ |
| ਰਾਮਸਰ | - | ੨੭੬ |
| ਪਿਆਰੇ ਕੋ ਮਿਲਨਾ ਮਨ ਭਾਯੋ | - | ੨੭੭ |
| ਸੀਤਾ ਜੀ ਨੂੰ ਦਰਸ਼ਨ ਦੀ ਤਾਂਘ | - | ੨੮੦ |
| ਗੋਪੀਆਂ ਦਾ ਵਿਯੋਗ | - | ੨੮੩ |
| ਅੰਤਰਯਾਮੀ ਸਤਿਗੁਰੂ | - | ੨੮੯ |
| ਬੇਅੰਤਾ ਕੋ ਅੰਤ ਨ ਪਾਵੈ | - | ੨੯੩ |
| ਬਾਬਾ ਬਕਾਲੇ ਵਿੱਚ | - | ੩੦੦ |
| ਪੁਰਾਤਨ ਸਭਿਅਤਾ | - | ੩੦੯ |
| ਆਪਸੀ ਮੇਲ ਜੋਲ | - | ੩੧੧ |
| ਪਾਣੀ ਵਿੱਚ ਮੈਂ ਡੁੱਬਦਾ ਨਹੀਂ | - | ੩੧੪ |

## ਉਪਦੇਸ਼ ਸੰਨ ੧੯੫੦


| | | |
|---|---|---|
| **ਉਪਦੇਸ਼ ੧-੩-੧੯੫੦** | **–** | ੩੨੩ |
| ਸਿੱਖ ਦਾ ਨਿਤਨੇਮ | – | ੩੨੪ |
| ਸਿੱਖੀ ਦੀ ਹਾਲਤ | – | ੩੨੬ |
| ਕੜਾਹ ਪ੍ਰਸਾਦਿ ਕਰਨ ਦੀ ਬਿਧਿ | – | ੩੨੯ |
| ਨਾਮ – ਅਮੋਲਕ ਲਾਲ | – | ੩੩੦ |
| **ਉਪਦੇਸ਼ ੨-੩-੧੯੫੦** | – | ੩੪੧ |
| ਸਿੱਖ ਦਾ ਖਾਜ ਨਾਮ ਅਤੇ ਬਾਣੀ | – | ੩੪੨ |
| ਸੁਰ ਅਤੇ ਅਸੁਰ | – | ੩੪੫ |
| ਭਵਿਖਤ ਵਾਕ | – | ੩੪੭ |
| ਮਸਤਾਨੇ ਸਿੱਖ | – | ੩੫੨ |
| ਸਿੱਖੀ ਦੀ ਹਾਲਤ | – | ੩੫੩ |
| ਢਾਈ ਸਿੱਖ | – | ੩੫੪ |
| ਗੁਰਬਾਣੀ ਦਾ ਸਤਿਕਾਰ | – | ੩੫੭ |
| ਪੰਚ ਪਚਾਸ ਦੇਹ ਰਹੇ ਸੰਦਾ | – | ੩੫੯ |
| ਸਤਿਗੁਰੂ ਜੀ ਦਾ ਮੰਗਲ | – | ੩੬੦ |
| ਨਾਮ ਦੀ ਮਹਿਮਾ | – | ੩੬੩ |
| **ਉਪਦੇਸ਼ ੩-੩-੧੯੫੦** | **–** | ੩੬੯ |
| ਸੰਤ ਤਖਤ ਸਿੰਘ ਜੀ | – | ੩੬੯ |
| ਦਰਸ਼ਨ ਦੀ ਸਿੱਕ | – | ੩੭੦ |
| ਆਸ਼ਕਾਰਾਂ ਨੌ ਨਿਸ਼ਾਨੀ | – | ੩੭੪ |
| ਅੱਸੀ ਸੀਸ ਖਾਲਸੇ ਦੀਨੇ | – | ੩੮੦ |
| ਮਸਤਾਨਿਆਂ ਦੀ ਦਸ਼ਾ | – | ੩੮੨ |
| ਭਾਈ ਸੁਬੇਗ ਸਿੰਘ | – | ੩੮੯ |
| ਦਾਰੂ ਨਾਮ | – | ੩੯੫ |

| | | |
|---|---|---|
| ਸਤਿਗੁਰੂ ਤਨ ਮਨ ਧਨ ਦਾ ਦੁੱਖ | | |
| ਦੂਰ ਕਰਦਾ ਹੈ | - | ੩੯੭ |
| ਹਰਨਾਮ ਸਿੰਘ ਨੂੰ ਭਜਨ | - | ੪੦੦ |
| ਮਨੁੱਖਾ ਦੇਹ ਨੂੰ ਵਿਅਰਥ ਨਾ ਗਵਾਓ | - | ੪੦੩ |
| ਸੰਤੋਖ ਦਾ ਦਾਨ | - | ੪੦੮ |
| **ਉਪਦੇਸ਼ ੪-੩-੧੯੫੦** | — | ੪੧੪ |
| ਕਥਨੀ ਤੇ ਕਰਨੀ | - | ੪੧੫ |
| ਗੁਰੂ ਦਾ ਘਰ ਸਮੁੰਦਰ ਹੈ | - | ੪੧੮ |
| ਅਨੰਦਪੁਰ ਸਾਹਿਬ ਦੇ ਹੋਲੇ ਦੀ ਤਿਆਰੀ | - | ੪੨੦ |
| ਹੋਲੇ ਦਾ ਮੁੱਢ | - | ੪੨੭ |
| ਬਾਬਾ ਲੱਖਾ ਸਿੰਘ ਜੀ | - | ੪੨੮ |
| ਤੰਬਾਕੂ ਦਾ ਸੇਵਨ | - | ੪੩੦ |
| ਕਲ ਕੇ ਜੀਵ ਹੋਤ ਅਧਰਮੀ | - | ੪੩੧ |
| ਨਾਮ ਬਾਣੀ ਦਾ ਆਧਾਰ | - | ੪੩੬ |
| ਸਾਰੇ ਇਕੱਠੇ ਹੋ ਜਾਣ | - | ੪੩੯ |
| ਸਤਿਗੁਰੂ ਜੀ ਦਾ ਕੀਰਤਪੁਰ | | |
| ਸਾਹਿਬ ਦਰਸ਼ਨ | - | ੪੪੫ |
| ਭਾਣੇ ਕੀ ਕਿਛ ਅਚਰਜ ਬਾਤਾ | - | ੪੪੯ |
| ਬਾਬਾ ਦਸੌਂਦਾ ਸਿੰਘ | - | ੪੫੩ |
| ਮਾਨਾਂਵਾਲੇ ਦਾ ਹੋਲਾ | - | ੪੫੫ |
| ਗੁਰਮੁਖ ਸਿੰਘ ਫਰਵਾਹੀ | - | ੪੫੯ |
| ਬਾਬਾ ਲੱਖਾ ਸਿੰਘ | - | ੪੬੧ |
| ਸ਼ਹੀਦੀ ਜੱਥੇ ਦੀ ਤਿਆਰੀ | - | ੪੬੩ |
| ਸਮੁੰਦ ਖਾਂ ਪਠਾਣ | - | ੪੬੬ |
| ਸਿੰਘਾਂ ਦਾ ਸ਼ਹੀਦ ਹੋਣਾ | - | ੪੬੯ |
| **ਉਪਦੇਸ਼ ੬-੩-੧੯੫੦** | **-** | ੪੮੨ |
| ਗੁਰਮੁਖੀ ਵਿੱਦਿਆ | - | ੪੮੩ |

| | | |
|---|---|---|
| ਵਿੱਦਿਆ ਦੀ ਮਹੱਤਤਾ | – | ੪੮੪ |
| ਸਵਾਮੀ ਰਾਮ ਤੀਰਥ ਜੀ | – | ੪੮੮ |
| ਵਿਦਵਾਨ ਕੀ ਦ੍ਰਿਸ਼ਟ ਉਚੇਰੀ | – | ੪੮੯ |
| ਬ੍ਰਹਮ ਵਿੱਦਿਆ ਸਭ ਤੇ ਉੱਤਮ | – | ੪੯੨ |
| ਬਾਬਾ ਬੁੱਢਾ ਸਿੰਘ ਜੀ | – | ੪੯੨ |
| ਗੁਰੂ ਦਰਸ਼ਨ ਦੀ ਤਾਂਘ | – | ੪੯੬ |
| ਬਾਬਾ ਫਰੀਦ ਜੀ | – | ੫੦੨ |
| ਭਾਈ ਰਾਇ ਸਿੰਘ ਨੂੰ ਦਰਸ਼ਨ | – | ੫੦੪ |
| ਨੀਲ ਬਸਤਰ ਲੈ ਕਪੜੇ ਫਾੜੇ | – | ੫੦੬ |
| ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ | – | ੫੦੯ |
| ਲਾਂਬੀ ਭੁਜਾ ਵ ਲਾਂਬੀ ਡੀਲ | – | ੫੧੧ |
| ਗੁਰਮਤਿ ਧਾਰਣ ਕਰੋ | – | ੫੧੬ |
| ਮਾਸ ਅਤੇ ਸ਼ਰਾਬ ਦੀ ਵਰਤੋਂ ਨਹੀਂ ਕਰਨੀ | – | ੫੨੦ |
| **ਉਪਦੇਸ਼ ੨੮-੪-੧੯੫੦** | – | ੫੨੬ |
| ਸਤਿਗੁਰੂ ਪੀਰਾਂ ਦਾ ਪੀਰ ਹੈ | – | ੫੨੭ |
| ਸਿੱਖ ਨੂੰ ਸ਼ੇਰ ਸਰੂਪ | – | ੫੩੧ |
| ਫੂਲਾ ਸਿੰਘ ਜੀ ਸੰਤ ਹਨ | – | ੫੩੯ |
| ਭਾਣੇ ਦਾ ਸਿੱਖ | – | ੫੪੪ |
| ਜੀਵਨ ਮੁਕਤ ਪੁਰਸ਼ | – | ੫੪੯ |
| ਭਾਈ ਹਰਮੀਤ ਸਿੰਘ ਨੂੰ ਪ੍ਰੇਮ | – | ੫੫੨ |
| ਸਾਹੂਕਾਰ ਦਾ ਲੜਕਾ | – | ੫੫੭ |
| ਗੁਰ ਕੀ ਮਹਿਮਾ ਅਗਮ ਅਪਾਰੇ | – | ੫੫੯ |
| ਪ੍ਰੇਮੀਆਂ ਦੀ ਕਥਾ | – | ੫੬੯ |
| ਸਤਿਗੁਰੂ ਬਿਲਾਸ ਦੀਆਂ ਕਥਾਵਾਂ ਦਾ ਵੇਰਵਾ | – | ੫੭੯ |
| **ਨਾਂਵਾਂ ਦੀ ਸੂਚੀ** | – | ੫੮੧ |

## ਦੂਸਰਾ ਸੰਸਕਰਣ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ-ਰਿਕਾਰਡ ਉਪਦੇਸ਼ਾਂ ਤੇ ਆਧਾਰਿਤ ''ਲਾਲ ਏਹਿ ਰਤਨ'' ਪੁਸਤਕਾਂ ਦੇ ਪੰਜ ਭਾਗਾਂ ਦਾ ਅਨੰਦ ਪਾਠਕ ਮਾਣ ਚੁੱਕੇ ਹਨ। ਇਹ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਉਚਰੇ ਹੋਏ ਸ਼ਬਦ ਹਨ ਅਤੇ ਮਨੁੱਖੀ ਸਮੱਸਿਆਵਾਂ ਦਾ ਪੂਰਣ ਰੂਪ ਵਿਚ ਸਮਾਧਾਨ ਕਰਨ ਵਿੱਚ ਸਮਰਥ ਹਨ। ਸਿੱਖ ਦੀ ਗੁਰੂ ਨਾਲ ਕਿਸ ਤਰ੍ਹਾਂ ਦੀ ਪ੍ਰੀਤ ਹੋਣੀ ਚਾਹੀਦੀ ਹੈ; ਕਿਸ ਤਰ੍ਹਾਂ ਉਸਨੂੰ ਗੁਰੂ ਦੇ ਹੁਕਮਾਂ ਅਨੁਸਾਰ ਆਪਣੇ ਜੀਵਨ ਨੂੰ ਸਫਲ ਬਣਾਉਣਾ ਚਾਹੀਦਾ ਹੈ; ਆਦਰਸ਼ ਸਿੱਖ ਕਿਹੋ ਜਿਹਾ ਹੋਣਾ ਚਾਹੀਦਾ ਹੈ; ਸਤਿਗੁਰੂ ਕਿਸ ਤਰ੍ਹਾਂ ਸਿੱਖ ਦੇ ਹਲਤ ਪਲਤ ਦਾ ਰਾਖਾ ਹੈ? ਇਹ ਸਾਰੀਆਂ ਸਿੱਖਿਆਵਾਂ ਇਨ੍ਹਾਂ ਉਪਦੇਸ਼ਾਂ ਵਿੱਚੋਂ ਉਪਲਬਧ ਹਨ।

''ਲਾਲ ਏਹਿ ਰਤਨ'' ਭਾਗ ਪਹਿਲਾ ਦੇਖਣ ਵਿੱਚ ਭਾਗ ੨, ੩, ੪, ੫ ਨਾਲੋਂ ਕੁਝ ਭਿੰਨ ਸੀ ਪਰ ਇਸ ਭਾਗ ਨੂੰ ਵੀ ਹੁਣ ਬਾਕੀ ਦੇ ਚਾਰ ਭਾਗਾਂ ਦੀ ਸ਼ਕਲ ਦਿੱਤੀ ਗਈ ਹੈ ਤਾਂਕਿ ਦੇਖਣ ਵਿੱਚ ਸਾਰੇ ਇਕੋ ਜਿਹੇ ਹੀ ਲੱਗਣ। ਅੰਦਰ ਲਿਖਤ ਵਿੱਚ ਵੀ ਕਾਫੀ ਥਾਵਾਂ ਤੇ ਨਵੇਂ ਸਿਰਲੇਖ ਦਿੱਤੇ ਗਏ ਹਨ ਅਤੇ ਨਵੇਂ ਪੈਰੇ ਵੀ ਬਣਾਏ ਗਏ ਹਨ। ਇਸ ਕਾਰਣ ਭਾਵੇਂ ਉਪਦੇਸ਼ਾਂ ਦੇ ਆਕਾਰ ਵਿੱਚ ਕੋਈ ਫਰਕ ਨਹੀਂ ਪਰ ਫਿਰ ਵੀ ਇਸ ਪੁਸਤਕ ਦੇ ਪੰਨੇ ਪਹਿਲੀ ਐਡੀਸ਼ਨ ਨਾਲੋਂ ਵੱਧ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਉਪਦੇਸ਼ਾਂ ਵਿੱਚ ਕੁਝ ਬਸੰਤ ਨੰਬਰਾਂ ਵਿੱਚ ਛਪੀਆਂ ਹੋਈਆਂ ਫੋਟੋਆਂ ਦਾ ਵੀ ਜ਼ਿਕਰ ਕੀਤਾ ਹੈ। ਉਹ ਫੋਟੋਆਂ ਵੀ ਪੁਸਤਕ ਵਿੱਚ ਦਿੱਤੀਆਂ ਜਾ ਰਹੀਆਂ ਹਨ ਤਾਂ ਕਿ ਪਾਠਕ ਉਹਨਾਂ ਨੂੰ ਵੇਖਕੇ ਸਤਿਗੁਰੂ ਜੀ ਦੇ ਉਪਦੇਸ਼ਾਂ ਨੂੰ ਚੰਗੀ ਤਰ੍ਹਾਂ ਸਮਝ ਸਕਣ।

ਇਸ ਪੁਸਤਕ ਦਾ ਪਹਿਲਾ ਭਾਗ ੧੯੯੫ ਵਿੱਚ ਛਪਿਆ ਸੀ, ਜੋ ਹੁਣ ਪੂਰੀ ਤਰ੍ਹਾਂ ਖਤਮ ਹੋ ਚੁੱਕਾ ਹੈ। ਸੱਚੇ ਪਾਤਸ਼ਾਹ ਜੀ ਦੇ ਇਹ ਅਮੋਲਕ ਉਪਦੇਸ਼ ਹਰ ਸਮੇਂ ਪਾਠਕਾਂ ਨੂੰ ਉਪਲਬਧ ਕਰਾਉਣ ਲਈ ਅਤੇ ਬਹੁਤ ਸਾਰੇ ਪਾਠਕਾਂ ਦੀ

ਤੀਬਰ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਇਸ ਪੁਸਤਕ ਨੂੰ ਦੁਬਾਰਾ ਛਾਪਣ ਦਾ ਨਿਰਣਾ ਲਿਆ ਗਿਆ ਹੈ।

ਪੁਸਤਕ ਦੀ ਮੂਲ ਰਚਨਾ ਪ੍ਰਿੰ: ਬੇਅੰਤ ਕੌਰ ਨੇ ਕੀਤੀ ਸੀ ਜੋ ਕਿ ਆਪਣੀ ਬਖ਼ਸ਼ੀ ਹੋਈ ਆਯੂ ਭੋਗ ਕੇ ਸੰਨ ੨੦੦੩ ਵਿੱਚ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਸਨ। ਇਸ ਕਰਕੇ ਇਸ ਭਾਗ ਨੂੰ ਦੁਬਾਰਾ ਛਾਪਣ ਦੀ ਜ਼ਿੰਮੇਦਾਰੀ ਦਾਸ ਨੂੰ ਹੀ ਨਿਭਾਉਣੀ ਪੈ ਰਹੀ ਹੈ।

ਇਸ ਪੁਸਤਕ ਦੀ ਸੰਪੂਰਨਤਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖ਼ਸ਼ਿਸ਼ ਸਦਕਾ ਹੀ ਨੇਪਰੇ ਚੜ੍ਹ ਸਕੀ ਹੈ। ਦਾਸ ਸਤਿਗੁਰੂ ਜੀ ਦਾ ਅਤਿ ਕ੍ਰਿਤਗਯ ਹੈ। ਇਸਦੀ ਛਪਾਈ ਵਾਸਤੇ ਠਾਕੁਰ ਉਦੈ ਸਿੰਘ ਜੀ ਅਤੇ ਸੰਤ ਜਗਤਾਰ ਸਿੰਘ ਜੀ ਨੇ ਪੂਰਨ ਸਹਿਯੋਗ ਦਿੱਤਾ ਹੈ। ਸੰਤ ਹਰਪਾਲ ਸਿੰਘ, ਸੰਤ ਰਛਪਾਲ ਸਿੰਘ ਹਜ਼ੂਰੀ ਸੇਵਕਾਂ ਅਤੇ ਸ੍ਰ: ਜਸਵਿੰਦਰ ਸਿੰਘ ਹਿਸਟੋਰੀਅਨ ਨੇ ਸਮੇਂ ਸਮੇਂ ਆਪਣੀਆਂ ਵਡਮੁੱਲੀਆਂ ਰਾਵਾਂ ਦੇ ਕੇ ਇਸ ਕਾਰਜ ਨੂੰ ਸਫਲ ਬਣਾਉਣ ਵਿੱਚ ਆਪਣਾ ਪੂਰਣ ਸਹਿਯੋਗ ਦਿੱਤਾ ਹੈ। ਦਾਸ ਇਹਨਾਂ ਸਭਨਾ ਦਾ ਧੰਨਵਾਦੀ ਹੈ।

ਸਾਰੀ ਪੁਸਤਕ ਦੀ ਟਾਈਪ ਸੈਟਿੰਗ ਦੁਬਾਰਾ ਕੀਤੀ ਗਈ ਹੈ। ਪੂਰਾ ਯਤਨ ਕੀਤਾ ਹੈ ਕਿ ਕੋਈ ਗਲਤੀ ਨਾ ਰਹਿ ਜਾਵੇ। ਫਿਰ ਵੀ ਕਿਤੇ ਨਾ ਕਿਤੇ ਕੋਈ ਟਾਈਪਿੰਗ ਜਾਂ ਪਰੂਫ ਰੀਡਿੰਗ ਦੀ ਗਲਤੀ ਰਹਿ ਹੀ ਜਾਂਦੀ ਹੈ। ਦਾਸ ਅਜਿਹੀਆਂ ਤਰੁੱਟੀਆਂ ਦੀ ਖਿਮਾ ਮੰਗਦਾ ਹੈ।

ਸੰਤ ਸਿੰਘ

# ਦੋ ਸ਼ਬਦ

ਇਤਿਹਾਸ ਦੇ ਪੰਨੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ, ਜਦੋਂ-ਜਦੋਂ ਵੀ ਇਸ ਧਰਤੀ ਤੇ ਜ਼ਬਰ, ਜ਼ੁਲਮ, ਤਸ਼ੱਦਦ, ਅੱਤਿਆਚਾਰ, ਅਨਿਆਂ ਦਾ ਘੜਾ ਭਰ ਗਿਆ, ਲੋਕਾਈ, ਭਰਮਾਂ ਵਹਿਮਾਂ, ਪਾਖੰਡਾਂ ਦੇ ਹਨੇਰਿਆਂ ਵਿੱਚ ਗੋਤੇ ਖਾਣ ਲੱਗ ਪਈ, ਸੰਤਾਂ, ਸਾਧਾਂ, ਪ੍ਰਭੂ-ਭਗਤਾਂ, ਪਿਆਰਿਆਂ ਨੂੰ ਸਤਾਇਆ ਗਿਆ, ਕੂੜ, ਕਪਟ, ਅਹੰਕਾਰ ਦਾ ਬੋਲ-ਬਾਲਾ ਹੋ ਗਿਆ, ਕਲਿਜੁਗ ਦੇ ਪ੍ਰਭਾਵ ਹੇਠਾਂ ਮਨੁੱਖਤਾਈ, ਦੁਰਾਚਾਰ, ਅਧਰਮ, ਅਗਿਆਨਤਾ ਦੇ ਰਾਹਾਂ ਤੇ ਭਟਕਣ ਲੱਗ ਪਈ, ਉਸ-ਉਸ ਵੇਲੇ ਨਿਰਾਕਾਰ ਨੇ ਸਾਕਾਰ ਦਾ ਰੂਪ ਧਾਰਨ ਕੀਤਾ, ਨਿਰਗੁਣ ਨੇ ਸਰਗੁਣ ਦਾ ਜਾਮਾ ਪਹਿਰਿਆ ਅਤੇ ਹਰ ਯੁੱਗ ਵਿੱਚ ਕੁਝ ਵਿਸ਼ੇਸ਼ ਮਿਥੇ ਹੋਏ ਉਦੇਸ਼ਾਂ ਦੀ ਪੂਰਤੀ ਕਰਨ ਲਈ ਅਵਤਾਰ ਧਾਰਨ ਕੀਤੇ।

ਕਲਿਜੁਗ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਭਾਲੀ–

*ਸਾਰਾ ਕਲਿਜੁਗ ਭੋਗਸੀ ਨਾਨਕ ਧਰਿ ਅਵਤਾਰ।*

ਇੱਕ ਜਾਮੇ ਨਾਲੋਂ ਦੂਸਰਾ ਜਾਮਾ ਚੜ੍ਹਦੀਆਂ ਕਲਾਂ ਵਾਲਾ ਹੋਇਆ ਹੈ। ਇੱਕ ਜਾਮੇ ਵਿੱਚ ਜੇਕਰ ਇੱਕ ਕਾਰਜ ਆਰੰਭਿਆ, ਦੂਸਰੇ ਜਾਮੇ ਵਿੱਚ ਉਸਨੂੰ ਜਿਥੋਂ ਛੱਡਿਆ ਅਗਾਂਹ ਨੇਪਰੇ ਚਾੜ੍ਹਿਆ। ਇਸ ਨੂੰ ਪਰਿਪੂਰਨ ਕਰਨ ਲਈ, ਸਾਡੇ ਪੂਜਯ ਸਤਿਗੁਰੂ ਸਾਹਿਬਾਂ ਨੇ ਕੁਝ ਸਿਧਾਂਤ ਬਣਾਏ, ਕੁਝ ਆਦਰਸ਼ ਬਣਾਏ, ਕੁਝ ਮਰਯਾਦਾਵਾਂ ਉਲੀਕੀਆਂ ਤੇ ਉਨ੍ਹਾਂ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਢਾਲਕੇ ਅਮਲੀ ਰੂਪ ਦਿੱਤਾ।

ਇਸ ਤਰ੍ਹਾਂ ਤਪਦੀ, ਸੜ੍ਹਦੀ, ਕੁਰਲਾਉਂਦੀ, ਭੰਬਲ-ਭੂਸਿਆਂ ਵਿੱਚ ਪਈ ਲੋਕਾਈ ਦੇ ਹਿਰਦਿਆਂ ਨੂੰ ਸੀਤਲਤਾ ਪ੍ਰਦਾਨ ਕਰਕੇ ਕਾਯਾ ਕਲਪ ਕਰ ਦਿੱਤੀ ਤੇ ਫਿਰ ਗੁਰਬਾਣੀ ਦੀ ਰਚਨਾ ਕਰਕੇ ਉਸਦਾ ਮੰਨਨ ਤੇ ਚਿੰਤਨ ਕਰਨ ਦੀ ਜਾਚ ਦੱਸਕੇ ਮਨੁੱਖੀ ਮਨ ਤੇ ਜੰਮੀ ਜਨਮ-ਜਨਮਾਂਤ੍ਰਾਂ ਦੀ ਮੈਲ ਧੋ ਕੇ ਉਸਨੂੰ ਸਵੱਛ, ਨਿਰਮਲ ਤੇ ਉਜੱਲ ਬਣਾ ਦਿੱਤਾ। ਉਸ ਗੁਰਬਾਣੀ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਵਿੱਚ ਸੰਕਲਿਤ ਕੀਤਾ ਗਿਆ। ਇੱਥੇ ਹੀ ਬਸ ਨਹੀਂ, ਸਾਡੇ ਪਰਮ ਪੂਜਨੀਯ ਸਤਿਗੁਰ ਸਾਹਿਬਾਂ ਨੇ ਦੇਸਾਂ ਵਿਦੇਸਾਂ ਦਾ ਭ੍ਰਮਣ ਕੀਤਾ ਤੇ ਆਪਣੇ ਪਵਿਤ੍ਰ ਮੁਖਾਰਬਿੰਦ ਤੋਂ ਪਵਿਤ੍ਰ ਬਚਨ ਕਰਕੇ ਭੁੱਲੀ ਭਟਕੀ ਲੋਕਾਈ ਦਾ ਮਾਰਗ ਦਰਸ਼ਨ ਕਰਾਕੇ ਸਿੱਧੇ ਰਾਹਾਂ ਤੇ ਪਾਇਆ। ਉਹ ਪਵਿਤ੍ਰ ਬਚਨ ਕੁਝ ਕੁ ਸਾਖੀਆਂ ਦੇ ਰੂਪ ਵਿੱਚ ਸੰਭਾਲੇ ਗਏ ਤੇ ਇਨ੍ਹਾਂ ਸਿੱਖਿਆ ਦਾਇਕ ਸਾਖੀਆਂ ਤੋਂ ਉਸ ਵੇਲੇ ਦੀ ਸਾਧ-ਸੰਗਤ ਨੇ ਭਰਪੂਰ ਲਾਭ ਉਠਾਇਆ ਹੀ ਸੀ, ਪਰ ਅਜੋਕੀ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਇਹ ਬੜਾ ਵਡਮੁੱਲਾ ਖਜ਼ਾਨਾ ਹੈ।

ਮਨੁੱਖ ਹਮੇਸ਼ਾਂ ਵਿਕਾਸ-ਸ਼ੀਲ ਹੈ, ਪਰਿਵਰਤਨਸ਼ੀਲ ਹੈ, ਪਰਯਤਨਸ਼ੀਲ ਹੈ। ਵਿਗਿਆਨ ਦੇ ਪ੍ਰਭਾਵ ਹੇਠਾਂ ਉਸਨੇ ਆਪਣੀ ਬੁੱਧੀ ਦਾ ਸਦਉਪਯੋਗ ਕਰਕੇ। ਅਨੇਕ ਤਰ੍ਹਾਂ ਦੇ ਵੱਖ-ਵੱਖ ਸਾਧਨ ਜੁਟਾਕੇ, ਨਿਤ ਨਵੇਂ ਅਵਿਸ਼ਕਾਰ ਕੀਤੇ, ਨਵੀਆਂ ਕਾਢਾਂ ਕੱਢੀਆਂ, ਗਿਆਨਕਾਰਾਂ ਨੇ ਮਨੁੱਖ ਦੀ ਆਵਾਜ਼ ਨੂੰ ਰਿਕਾਰਡ ਕਰਕੇ ਉਹਦੇ ਸ਼ਬਦਾਂ ਨੂੰ ਸੰਭਾਲਣ ਦਾ ਉਪਰਾਲਾ ਕੀਤਾ। ਜਦੋਂ ਕਦੇ ਉਨ੍ਹਾਂ ਨੂੰ ਫਿਰ ਦੁਬਾਰਾ ਸੁਣਨ ਦਾ ਉਸਦਾ ਜੀਅ ਕਰਦਾ, ਉਸ ਵੇਲੇ ਬਟਨ ਦਬਾ ਕੇ ਉਸ ਅਨਮੋਲ ਵਡਮੁੱਲੇ ਸ਼ਬਦਾਂ ਦਾ ਭਰਪੂਰ ਆਨੰਦ ਮਾਣ ਲੈਂਦਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਾਰਤ ਵਿੱਚ ਭ੍ਰਮਣ ਕਰਕੇ ਆਪਣੇ ਸਿੱਖਾਂ ਸੇਵਕਾਂ ਨੂੰ ਸ਼ੁਭ ਉਪਦੇਸ਼ ਦੇ ਕੇ ਜੀਵਨ ਦੀ ਸਾਰਥਕਤਾ ਤਾਂ ਪ੍ਰਦਾਨ ਕਰਦੇ ਹੀ ਸਨ, ਪਰ ਸਮੇਂ-ਸਮੇਂ ਸਿਰ ਵਿਦੇਸ਼ਾਂ ਵਿੱਚ ਵਸਦੀ ਹੋਈ ਸਾਧ-ਸੰਗਤ ਨੂੰ ਦਰਸ਼ਨਾਂ ਦੀ ਦਾਤ ਬਖਸ਼ ਕੇ ਆਪਣੇ ਪਵਿਤ੍ਰ ਮੁਖਾਰਬਿੰਦ ਤੋਂ

ਉਪਦੇਸ਼ ਦੇ ਕੇ ਨਿਹਾਲ ਕਰਦੇ ਰਹਿੰਦੇ। ਜੇਕਰ ਇਹ ਕਹਿ ਦਿੱਤਾ ਜਾਵੇ ਕਿ ਬੰਕੋਕ ਨਿਵਾਸੀ ਸਾਧ-ਸੰਗਤ ਨੂੰ ਅਕਸਰ ਵਿਸ਼ੇਸ਼ ਰੂਪ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਹਿੰਦਾ, ਤੇ ਦਰਸ਼ਨਾਂ ਦੀ ਦਾਤ ਦੇ ਨਾਲ-ਨਾਲ ਸਤਿਗੁਰੂ ਜੀ ਦੇ ਪਵਿੱਤਰ ਬਚਨਾਂ ਤੇ ਉਪਦੇਸ਼ਾਂ ਦਾ ਅਨਮੋਲ ਖਜਾਨਾ ਵੀ ਮਿਲਦਾ ਰਹਿੰਦਾ ਤਾਂ ਇਹ ਕੋਈ ਅਤਿਕਥਨੀ ਨਹੀਂ। ਬੰਕੋਕ ਦੀ ਸਾਧ-ਸੰਗਤ ਸਤਿਗੁਰੂ ਜੀ ਦੇ ਪਵਿੱਤ੍ਰ ਮੁਖਾਰਬਿੰਦ ਤੋਂ ਅੰਮ੍ਰਿਤ-ਮਈ ਬਚਨ ਸਰਵਣ ਕਰਕੇ, ਆਪਣੇ ਜੀਵਨ ਉਨ੍ਹਾਂ ਦੇ ਅਨੁਸਾਰ ਢਾਲਕੇ, ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਕੇ ਆਪਣਾ ਜਨਮ ਤਾਂ ਸੰਵਾਰ ਲੈਂਦੀ, ਪਰ ਇਸਦੇ ਨਾਲ ਹੀ ਦੂਸਰੇ ਦੇਸ਼ਾਂ ਵਿੱਚ ਰਹਿੰਦੇ ਹੋਏ ਲੋਕ ਇਸ ਤੋਂ ਭਰਪੂਰ ਲਾਭ ਉਠਾ ਸਕਣ, ਇਨ੍ਹਾਂ ਅੰਮ੍ਰਿਤ ਮਈ ਬਚਨਾਂ ਨੂੰ ਰਿਕਾਰਡ ਕਰਕੇ ਸੰਭਾਲ ਕੇ ਰੱਖਣ ਦੇ ਉਪਰਾਲੇ ਆਰੰਭੇ। ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਸਦਕਾ ਸੇਠ ਗੁਰਬਖਸ਼ ਸਿੰਘ ਪ੍ਰੀਤਮ ਨੇ ਸਭ ਤੋਂ ਪਹਿਲਾਂ ਸੰਨ੧੯੪੮ ਵਿੱਚ, ਵਾਇਰ ਰਿਕਾਰਡਰ ਖਰੀਦਿਆ। ਸ੍ਰ. ਇਕਬਾਲ ਸਿੰਘ ਮਨਚੰਦਾ ਬੰਕੋਕ ਵਾਸੀ ਨੇ ਉਪਰੋਕਤ ਮਸ਼ੀਨ ਤੇ ਸਤਿਗੁਰੂ ਜੀ ਦੇ ਪਵਿਤ੍ਰ ਉਪਦੇਸ਼ਾਂ ਨੂੰ ਰਿਕਾਰਡ ਕਰਨ ਦਾ ਕਾਰਜ ਆਰੰਭਿਆ। ਵਿਗਿਆਨ ਦੇ ਵੱਧਦੇ ਪ੍ਰਭਾਵ ਹੇਠ ਵਾਇਰ ਦੀ ਥਾਂ ਟੇਪਾਂ ਤੇ ਰਿਕਾਰਡਿੰਗ ਸ਼ੁਰੂ ਹੋ ਗਈ। ਬੰਕੋਕ ਵਿਖੇ ਰਿਕਾਰਡਿੰਗ ਦਾ ਇਹ ਸਿਲਸਿਲਾ ਨਿਰੰਤਰ ਚਲਦਾ ਰਿਹਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਰਤਮਾਨ ਸਤਿਗੁਰੂ ਜੀ ਨੂੰ ਸੰਨ ੧੯੫੩ ਵਿੱਚ ਆਦੇਸ਼ ਦਿੱਤਾ ਕਿ ਭਾਰਤ ਵਿੱਚ ਰਿਕਾਰਡਿੰਗ ਕਰਨ ਵਾਸਤੇ ਇੱਕ ਨਵੀ ਮਸ਼ੀਨ ਖਰੀਦੀ ਜਾਵੇ। ਸਤਿਗੁਰੂ ਜੀ ਨੇ ਫੈਰੋਗਰਾਫ ਮਸ਼ੀਨ ਖਰੀਦੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਜੀ ਡਰਾਇਵਰ ਸੰਤ ਗੁਰਦੇਵ ਸਿੰਘ ਜੀ ਵਰਤਮਾਨ ਸਤਿਗੁਰੂ ਜੀ ਦੀ ਦੇਖ-ਰੇਖ ਹੇਠ ਰਿਕਾਰਡਿੰਗ ਕਰਦੇ। ਹੁਣ ਸਤਿਗੁਰੂ ਜੀ ਦੀ ਬਖਸ਼ਸ਼ ਸਦਕਾ ਭਾਰਤ ਵਿੱਚ ਵੀ ਰਿਕਾਰਡਿੰਗ ਦਾ ਸਿਲਸਿਲਾ ਸ਼ੁਰੂ ਹੋ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਦੇਸ਼ਾਂ ਤੋਂ ਟੇਪਾਂ ਮੰਗਵਾਕੇ ਉਨ੍ਹਾਂ ਨੂੰ ਪਹਿਲਾਂ ਕ੍ਰਮਵਾਰ ਕੀਤਾ, ਫਿਰ ਐਂਪਲੀਫਾਈ

ਕਰਕੇ ਛੋਟੀਆਂ ਟੇਪਾਂ ਤੇ ਰਿਕਾਰਡਿੰਗ ਕਰਵਾਈ, ਇਸ ਸਾਰੇ ਕੰਮ ਦਾ ਆਰੰਭ ਮੰਡੀ ਵਿਖੇ ਸੰਨ ੧੯੬੪ ਵਿੱਚ ਹੋਇਆ। ਗਿਆਨੀ ਜਸਵੰਤ ਸਿੰਘ ਨੇ ਇਸ ਕੰਮ ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕਈ-ਕਈ ਘੰਟੇ ਲਗਾਤਾਰ ਅਣਥੱਕ ਮਿਹਨਤ ਕੀਤੀ ਤੇ ਲੋੜ ਅਨੁਸਾਰ ਆਪਣੀ ਪ੍ਰਤਿਭਾਸ਼ਾਲੀ ਬੁੱਧੀ ਦੀ ਵਰਤੋਂ ਕਰਕੇ ਮਹੀਨਿਆਂ ਦਾ ਕੰਮ ਦਿਨਾਂ ਵਿੱਚ ਕਰਕੇ ਸਤਿਗੁਰੂ ਜੀ ਦੀਆਂ ਅਪਾਰ ਖੁਸ਼ੀਆਂ ਪ੍ਰਾਪਤ ਕੀਤੀਆਂ। ਸਤਿਗੁਰੂ ਜੀ ਨੇ ਸਾਰੀਆਂ ਟੇਪਾਂ ਦਾ ਵੇਰਵਾ ਵਿਸਥਾਰ ਸਹਿਤ ਆਪਣੇ ਪਵਿੱਤ੍ਰ ਹਸਤ ਕੰਵਲਾਂ ਨਾਲ ਕਾਪੀਆਂ ਵਿੱਚ ਕਈ-ਕਈ ਘੰਟੇ ਬੈਠਕੇ ਕੀਤਾ।

ਇਸ ਕੰਮ ਨੂੰ ਨੇਪਰੇ ਚਾੜ੍ਹਨ ਉਪਰੰਤ ਪੂਜਯ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤ੍ਰ ਬਚਨਾਂ ਦੀਆਂ ਟੇਪਾਂ ਨੂੰ ਸੁਣ-ਸੁਣਕੇ ਆਪਣੇ ਪਵਿੱਤ੍ਰ ਹਸਤ ਕੰਵਲਾਂ ਨਾਲ, ਉਤਾਰਾ ਕਰਨ ਦਾ ਕੰਮ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਰੰਭਿਆ। ਨਮੂਨੇ ਵਜੋਂ ਸਤਿਗੁਰੂ ਜੀ ਦੀਆਂ ਹਸਤ-ਲਿਖਤ ਸਤਰਾਂ ਜਿਉਂ ਦੀਆਂ ਤਿਉਂ ਪੰਨਾ ਨੰਃ ੧੯,੨੦ਉੱਤੇ ਦਿੱਤੀਆਂ ਜਾ ਰਹੀਆਂ ਹਨਃ

ਆਪਣੇ ਨਿਜੀ ਸੇਵਕਾਂ ਦੀ ਸਹਾਇਤਾ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ੧੯੪੮ ਤੋਂ ੧੯੫੯ ਈਃ ਤੱਕ ਦੇ ਅੰਮ੍ਰਿਤ ਭਰਪੂਰ ਬਚਨਾਂ ਨੂੰ ਅਣਗਿਣਤ ਕਾਪੀਆਂ ਦੇ ਪੰਨਿਆਂ ਤੇ ਲਿਖਵਾਇਆ। ਕਾਪੀਆਂ ਤੋਂ ਰਜਿਸਟਰਾਂ ਤੇ ਉਤਾਰਾ ਹੋਇਆ ਤੇ ਫਿਰ ਰਜਿਸਟਰਾਂ ਤੋਂ ਫੋਟੋਸਟੇਟ ਕਰਵਾ ਕੇ ਇਨ੍ਹਾਂ ਉਪਦੇਸ਼ਾਂ ਨੂੰ ਫਾਈਲਾਂ ਵਿੱਚ ਸੰਭਾਲਿਆ ਗਿਆ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਤੇ ਅਪਾਰ ਬਖਸ਼ਿਸ਼ ਕੀਤੀ ਤੇ ਇਨ੍ਹਾਂ ਪਵਿੱਤ੍ਰ ਉਪਦੇਸ਼ਾਂ ਦੀ ਫੋਟੋ ਕਾਪੀ ਮੈਨੂੰ ਦੇ ਦਿੱਤੀ ਗਈ। ਸਤਿਗੁਰੂ ਜੀ ਦੇ ਉਪਦੇਸ਼ਾਂ ਦੇ ਮਹਾਨ ਕਾਰਜ ਦੀ ਸੇਵਾ ਕਰਨ ਦਾ ਸੁਭਾਗ ਮੈਨੂੰ ਪ੍ਰਾਪਤ ਹੋਇਆ, ਮੈਂ ਸਤਿਗੁਰੂ ਜੀ ਦਾ ਕੋਟਾਨ-ਕੋਟ ਧੰਨਵਾਦ ਕੀਤਾ ਤੇ ਮਨ ਵਿੱਚ ਅਤਿ ਕ੍ਰਿਤ ਕ੍ਰਿਤਯ ਹੋ ਗਈ। ਸਭ ਤੋਂ ਪਹਿਲਾਂ ਇਨ੍ਹਾਂ ਉਪਦੇਸ਼ਾਂ ਦੀਆਂ ਫੋਟੋ ਕਾਪੀਆਂ ਦਾ ਉਤਾਰਾ ਸੁੰਦਰ ਤੇ ਸਪਸ਼ਟ ਲਿਖਾਈ ਵਿੱਚ ਕੀਤਾ ਗਿਆ।

ਫਰਵਰੀ ੧੯੯੧ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਿੱਲੀ ਨਿਵਾਸ ਸਥਾਨ ਤੇ ਉੱਘੇ ਪ੍ਰਤਿਸ਼ਟਿਤ ਲਿਖਾਰੀਆਂ ਦੀ ਮੌਜੂਦਗੀ ਤੇ ਸ੍ਰੀ ਸਤਿਗੁਰੂ ਜੀ ਦੀ ਪਾਵਨ-ਪਵਿੱਤਰ ਛਤ੍ਰ ਛਾਂ ਹੇਠਾਂ ਉਪਦੇਸ਼ਾਂ ਨੂੰ ਪੜ੍ਹਨ ਦਾ ਕਾਰਜ ਆਰੰਭ ਹੋਇਆ ਤੇ ਪੁਸਤਕ ਦੀ ਰੂਪ-ਰੇਖਾ ਕਿਵੇਂ ਤਿਆਰ ਕਰਨੀ ਹੈ, ਇਸ ਬਾਰੇ ਵਿਚਾਰ ਕੀਤੇ ਗਏ। ਸਤਿਗੁਰੂ ਜੀ ਨੇ ਬੜੇ ਗਹੁ ਨਾਲ ਇੱਕ-ਇੱਕ ਸ਼ਬਦ ਸੁਣਿਆ ਤੇ ਆਪਣੀਆਂ ਵਡਮੁੱਲੀਆਂ ਰਾਵਾਂ ਦਿੱਤੀਆਂ। ਉਸੇ ਹੀ ਕਾਰਜ ਨੂੰ ਅਗਾਂਹ ਟੋਰਦਿਆਂ ਹੋਇਆ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਾਰਚ ੧੯੯੧ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹਸਤ ਲਿਖਿਤ ਉਪਦੇਸ਼ਾਂ ਦੇ ਇੱਕ-ਇੱਕ ਅੱਖਰ, ਇੱਕ-ਇੱਕ ਸ਼ਬਦ ਨੂੰ ਬੜੇ ਧਿਆਨ ਨਾਲ ਪੜ੍ਹਿਆ ਤੇ ਗਹੁ ਨਾਲ ਸੁਣਿਆ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਉਪਦੇਸ਼ਾਂ ਨੂੰ ਪੜ੍ਹਨ ਸੁਣਨ ਲਈ ਕਈ-ਕਈ ਘੰਟੇ ਲਗਾਤਾਰ ਅਨੇਕਾਂ ਬੈਠਕਾਂ ਆਯੋਜਿਤ ਕੀਤੀਆਂ ਗਈਆਂ। ਅਸ਼ੁੱਧ ਲਿਖੇ ਹੋਏ ਸ਼ਬਦਾਂ ਦੀ ਸੁਧਾਈ ਕੀਤੀ ਗਈ, ਲੋੜ ਅਨੁਸਾਰ ਵਿਸ਼ਰਾਮ ਚਿੰਨ੍ਹ ਆਦਿ ਲਗਾ ਕੇ ਲਿਖਿਤ ਰੂਪ ਵਿੱਚ ਭਾਵਾਂ ਨੂੰ ਸਪਸ਼ਟ ਕਰਨ ਦਾ ਉਪਰਾਲਾ ਕੀਤਾ ਗਿਆ। ਗੁਰਬਾਣੀ ਵਿੱਚ ਇੱਕ ਵੀ ਲਗ, ਕੰਨਾ ਮਾਤਰਾ ਅਸ਼ੁੱਧ ਲੱਗ ਜਾਵੇ ਤਾਂ ਅਰਥ ਤੋਂ ਅਨਰਥ ਹੋ ਜਾਂਦਾ ਹੈ। ਇਸ ਲਈ ਜਿਹੜੇ ਵੀ ਮਹਾਨ ਗ੍ਰੰਥਾਂ ਵਿੱਚੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਵਾਲੇ ਦਿੱਤੇ ਹਨ, ਉਨ੍ਹਾਂ ਤੁਕਾਂ ਨੂੰ ਲੱਭਕੇ, ਉਨ੍ਹਾਂ ਨਾਲ ਮਿਲਾਕੇ ਪੂਰਨ ਰੂਪ ਵਿੱਚ ਸ਼ੁੱਧ ਕਰਨ ਦਾ ਯਤਨ ਕੀਤਾ ਗਿਆ। ਬਹੁਪੱਖੀ ਸ਼ਖਸ਼ੀਅਤ ਤੇ ਵਿਸ਼ਾਲ ਪ੍ਰਤਿਭਾ ਦੇ ਮਾਲਕ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਨ੍ਹਾਂ ਉਪਦੇਸ਼ਾਂ ਵਿੱਚ ਅਧਿਕਤਰ ਸੂਰਜ ਪ੍ਰਕਾਸ਼, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਥ ਪ੍ਰਕਾਸ਼, ਨਾਰਾਇਣ ਹਰੀ ਉਪਦੇਸ਼, ਸੌ ਸਾਖੀ, ਭਾਈ ਗੁਰਦਾਸ ਦੀਆਂ ਵਾਰਾਂ ਤੇ ਕਬਿੱਤ, ਭਾਈ ਨੰਦ ਲਾਲ ਦੀ ਰਚਨਾਵਲੀ, ਸ੍ਰੀ ਅਦਿ ਗ੍ਰੰਥ ਸਾਹਿਬ, ਦਸਮ ਗ੍ਰੰਥ, ਹਨੂਮਾਨ ਨਾਟਕ, ਗੁਰਿੰਡ ਨਾਮਾ, ਜਨਮਸਾਖੀ ਭਾਈ ਬਾਲੇ ਵਾਲੀ, ਸਤਿਗੁਰੂ ਬਿਲਾਸ ਕ੍ਰਿਤ ਭਾਈ ਸੰਤੋਖ ਸਿੰਘ, ਸਾਖੀ ਵਡਤੀਰਥ ਆਦਿ ਗ੍ਰੰਥਾਂ ਵਿੱਚੋਂ ਅਤੇ ਰਹਿਤਨਾਮੇ ਤੇ ਹੁਕਮਨਾਮਿਆਂ ਵਿੱਚੋਂ

ਹਵਾਲੇ ਦਿੱਤੇ ਹਨ। ਸਤਿਗੁਰੂ ਜੀ ਦੇ ਗਿਆਨ ਦਾ ਅਥਾਹ ਭੰਡਾਰ, ਭਰਪੂਰ ਜਾਣਕਾਰੀ ਤੇ ਕੰਠ ਕੀਤੀ ਹੋਈ ਬਾਣੀ ਨੂੰ ਇਨ੍ਹਾਂ ਉਪਦੇਸ਼ਾਂ ਰਾਹੀਂ ਸੁਣਕੇ ਮਨ ਅਤੇ ਬੁੱਧੀ ਵਿਸਮਿਤ ਹੋ ਉਠਦੇ ਹਨ।

ਪਹਿਲਾਂ ਫੋਟੋ ਕਾਪੀਆਂ ਦੀਆਂ ਫਾਈਲਾਂ 'ਚ, ਫਿਰ ਹਸਤ ਲਿਖਿਤ ਕਾਪੀਆਂ ਦੀ ਤੇ ਫਿਰ ਹਰ ਲਿਖੇ ਹੋਏ ਸ਼ਬਦਾਂ ਦੀ ਹਰ ਤਰ੍ਹਾਂ ਨਾਲ ਸੁਧਾਈ ਤੋਂ ਉਪਰੰਤ, ਸਾਰੇ ਉਪਦੇਸ਼ਾਂ ਨੂੰ ਟਾਈਪ ਕਰਵਾਇਆ ਗਿਆ। ਇਸ ਤੋਂ ਉਪਰੰਤ ਸ: ਸੰਤ ਸਿੰਘ ਜੀ ਨੇ ਸਤਿਗੁਰੂ ਜੀ ਦੇ ਉਪਦੇਸ਼ਾਂ ਦੀਆਂ ਟੇਪਾਂ ਦੇ ਇੱਕ-ਇੱਕ ਸ਼ਬਦ ਨੂੰ ਬੜੇ ਗਹੁ ਨਾਲ ਸੁਣਿਆ ਤੇ ਉਸਦੇ ਨਾਲ-ਨਾਲ ਟਾਈਪ ਕੀਤੀਆਂ ਹੋਈਆਂ ਸਤਰਾਂ ਮਿਲਾਉਣ ਦਾ ਕੰਮ ਨੇਪਰੇ ਚਾੜ੍ਹਿਆ। ਜਿੱਥੇ ਕਿੱਥੇ ਕੋਈ ਸ਼ਬਦ ਸਪਸ਼ਟ ਨਾ ਹੋਇਆ, ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸਨੂੰ ਸਪਸ਼ਟ ਕਰਨ ਦੀ ਕ੍ਰਿਪਾਲਤਾ ਕੀਤੀ।

ਪਠਨ-ਪਾਠਨ ਦੀਆਂ ਇਨ੍ਹਾਂ ਬੈਠਕਾਂ ਵਿੱਚ ਉੱਘੇ ਪ੍ਰਤਿਸ਼ਟਿਤ ਵਿਦਵਾਨਾਂ ਨੇ ਹਿੱਸਾ ਲਿਆ। ਸਰਵ ਸ੍ਰੀ ਪੰਥ ਰਤਨ ਮਾ: ਨਿਹਾਲ ਸਿੰਘ, ਪੰਥ ਭੂਸ਼ਨ ਸ੍ਰੀ ਐਚ. ਐਸ. ਹੰਸਪਾਲ, ਪ੍ਰੀਤਮ ਸਿੰਘ ਕਵੀ, ਅਮਰ ਭਾਰਤੀ, ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ, ਪੰਡਿਤ ਰਾਜਿੰਦ੍ਰ ਸਿੰਘ ਗੁਰੂਸਰ, ਕੁੰਦਣ ਸਿੰਘ ਨਕੇਈ, ਜਸਵਿੰਦਰ ਸਿੰਘ ਹਿਸਟੋਰੀਅਨ, ਸੰਤ ਸਿੰਘ ਰਿਟਾਇਰਡ ਜੀ. ਐਮ. (ਬੀ. ਐਚ. ਈ. ਐਲ.) ਇਨ੍ਹਾਂ ਸਾਰਿਆਂ ਨੇ ਇੱਕ-ਇੱਕ ਅੱਖਰ ਨੂੰ ਬੜੇ ਗਹੁ ਨਾਲ ਸੁਣਿਆ ਤੇ ਇਸ ਪੁਸਤਕ ਦੇ ਖਰੜੇ ਨੂੰ ਪੁਸਤਕ ਦਾ ਰੂਪ ਦੇਣ ਵਿੱਚ ਸਹਿਯੋਗ ਦਿੱਤਾ। ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਤੇ ਗੁਰਮੁਖ ਸਿੰਘ ਵੀਡੀਓ-ਰਿਕਾਰਡਰ ਜਦੋਂ ਪੁਸਤਕ ਦੇ ਖਰੜੇ ਨੂੰ ਪੜ੍ਹਿਆ ਜਾਂਦਾ ਟੇਪਾਂ ਨੂੰ ਬੜੇ ਧਿਆਨ ਨਾਲ ਸੁਣ ਸੁਣਕੇ ਮਿਲਾਂਦੇ ਜਾਂਦੇ ਅਤੇ ਅਸਪਸ਼ਟ ਸ਼ਬਦਾਂ ਨੂੰ ਟੇਪ ਤੋਂ ਸੁਣਕੇ ਸਪਸ਼ਟ ਕਰਦੇ। ਇਨ੍ਹਾਂ ਰਸਮਈ ਉਪਦੇਸ਼ਾਂ ਨੂੰ ਪੁਸਤਕ ਰੂਪ ਵਿੱਚ ਛਪਵਾਉਣ ਲਈ ਸਤਿਗੁਰੂ ਜੀ ਨੇ ਇੱਕ ਵਾਰੀ ਫਿਰ ਮੰਡੀ ਹਿਮਾਚਲ ਵਿਖੇ ੧੩-੮-੯੨ ਤੋਂ ੧੬-੮-੯੨ ਤੱਕ ਲਗਾਤਾਰ ਅੱਠ ਤੋਂ ਦਸ ਘੰਟਿਆਂ ਦੀਆਂ ਬੈਠਕਾਂ ਰਾਹੀਂ ਪਠਨ-ਪਾਠਨ ਦਾ ਕਾਰਜ ਸਿਰੇ ਚੜ੍ਹਾਇਆ। ਉਨ੍ਹਾਂ ਦਿਨਾਂ

ਦੀ ਨਿਤ-ਕਰਮ ਦੀ ਸੂਚੀ ਇਸ ਪ੍ਰਕਾਰ ਹੈ-

- ੪ ਤੋਂ ੬ ਵਜੇ ਤਕ ਨਾਮਧਾਰੀ ਧਰਮਸ਼ਾਲਾ ਵਿਖੇ ਆਸਾ ਦੀ ਵਾਰ ਦਾ ਕੀਰਤਨ।
- ੮ ਤੋਂ ੧੧-੩੦ ਵਜੇ ਤਕ ਪਠਨ ਪਾਠਨ।
- ੧ ਤੋਂ ੩-੩੦ ਵਜੇ ਦੁਪਹਿਰ ਦੀ ਸਭਾ ਵਿੱਚ ਪਠਨ-ਪਾਠਨ।
- ੩-੩੦ ਵਜੇ ਤੋਂ ੫-੩੦ ਵਜੇ ਤਕ ਸ਼ਾਮ ਦਾ ਦੀਵਾਨ ਤੇ ਨਿਤਨੇਮ।
- ੭-੩੦ ਵਜੇ ਤੋਂ ੧੨-੦੦ ਵਜੇ ਤਕ ਰਾਤ ਦੀ ਸਭਾ ਵਿੱਚ ਪਠਨ ਪਾਠਨ।

ਇੱਕ ਦਿਨ ਰਾਤ ਦੀ ਸਭਾ ਵਿੱਚ ਜਦੋਂ ਗਿਆਰਾਂ ਵੱਜ ਗਏ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਦਿੱਤਾ,''ਅੱਜ ਸਾਰੀ ਰਾਤ ਇਸ ਤਰ੍ਹਾਂ ਹੀ ਲੱਗੇ ਰਹੀਏ ਤੇ ਫਿਰ ਇੱਥੋਂ ਸਿੱਧੇ ਆਸਾ ਦੀ ਵਾਰ ਵਿੱਚ ਚਲਾਂਗੇ।'' ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਤਿਗੁਰੂ ਜੀ ਨੇ ਅਲਪ-ਆਹਾਰ, ਸੁਲਪ ਨਿਦ੍ਰਾ ਦੇ ਸਿਧਾਂਤ ਨੂੰ ਅਮਲੀ ਰੂਪ ਵਿੱਚ ਆਪਣੇ ਜੀਵਨ ਵਿੱਚ ਅਪਣਾਇਆ ਹੋਇਆ ਹੈ। ਸਤਿਗੁਰੂ ਜੀ ਐਸੇ ਹਨ ਜਿਹੜੇ ਕੰਮ ਕਰਦਿਆਂ ਕਦੇ ਅੱਕਦੇ ਨਹੀਂ, ਥੱਕਦੇ ਨਹੀਂ, ਅਲਸਾਉਂਦੇ ਨਹੀਂ, ਸੁਸਤਾਉਂਦੇ ਨਹੀਂ।

**ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ।।**

ਸ੍ਰੀ ਭੈਣੀ ਸਾਹਿਬ ਵਿਖੇ ਅੱਸੂ ਦੇ ਮੇਲੇ ਤੇ ਸਤਿਗੁਰੂ ਜੀ, ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਤੇ ਸੰਤ ਜਗਤਾਰ ਸਿੰਘ ਜੀ ਨੇ ਫੁੱਟ ਨੋਟਾਂ ਨੂੰ ਬੜੇ ਧਿਆਨ ਨਾਲ ਸੁਣਿਆ ਤੇ ਅੰਤਿਮ ਰੂਪ ਦਿੱਤਾ। ਸਤਿਗੁਰੂ ਜੀ ਨੂੰ ਇਨ੍ਹਾਂ ਪਵਿੱਤ੍ਰ ਉਪਦੇਸ਼ਾਂ ਦਾ ਇੱਕ-ਇੱਕ ਅੱਖਰ ਮੂੰਹ ਜ਼ਬਾਨੀ ਯਾਦ ਹੈ। ਜਦੋਂ ਕਦੇ ਪੜ੍ਹਨ ਵਿੱਚ ਗਲਤੀ ਹੋ ਜਾਂਦੀ, ਸੱਚੇ ਪਾਤਸ਼ਾਹ ਜੀ ਇੱਕ ਖਿਨ ਵਿੱਚ ਉਸਦੀ ਸੁਧਾਈ ਕਰਾਉਣ ਦੀ ਕ੍ਰਿਪਾ ਕਰਦੇ। ਸਤਿਗੁਰੂ ਜੀ ਇੱਕ ਹੋਰ ਵਿਸ਼ੇਸ਼ ਕ੍ਰਿਪਾ ਕਰਦੇ, ਇਨ੍ਹਾਂ ਉਪਦੇਸ਼ਾਂ ਦੇ ਨਾਲ ਸੰਬੰਧਿਤ ਆਪਣੇ ਮੁਖਾਰਬਿੰਦ ਤੋਂ ਹੋਰ ਬਚਨ ਸੁਣਾਕੇ ਆਪਣੇ ਚਾਰ ਚੁਫੇਰੇ ਬੈਠੇ

ਵਿਦਵਾਨਾਂ ਦੇ ਗਿਆਨ ਵਿੱਚ ਵਾਧਾ ਕਰਕੇ ਨਿਹਾਲ ਕਰਦੇ।

**ਅੰਮ੍ਰਿਤਾ ਪ੍ਰਿਅ ਬਚਨ ਤੁਹਰੇ।।**
**ਅਤਿ ਸੁੰਦਰ ਮਨਮੋਹਨ ਪਿਆਰੇ**
**ਸਭ ਹੂ ਮਧਿ ਨਿਰਾਰੇ।।**

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੦੬ ਤੋਂ ੧੯੫੯ ਤਕ ਨਾਮਧਾਰੀ ਪੰਥ ਦੀ ਰਹਿਨੁਮਾਈ ਕੀਤੀ। ਇਸ ਸਮੇਂ ਵਿੱਚ ਆਪ ਜੀ ਨੇ ਅਣਗਿਣਤ ਬਚਨ ਕਰਕੇ ਅਨੇਕਾਂ ਹਿਰਦਿਆਂ ਨੂੰ ਤ੍ਰਿਪਤ ਕੀਤਾ, ਪਰ ਸੰਨ ੧੯੪੮ ਤੋਂ ੧੯੫੯ ਤਕ ਵਿਦੇਸ਼ੀ ਦੌਰਿਆਂ ਸਮੇਂ ਦਿੱਤੇ ਪ੍ਰਵਚਨ ਹੀ ਟੇਪਾਂ ਰਾਹੀਂ ਉਪਲੱਬਧ ਹੋ ਸਕੇ ਹਨ। ਇਨ੍ਹਾਂ ਵਿੱਚ ਸਤਿਗੁਰੂ ਜੀ ਨੇ ਸਤਿਗੁਰੂ ਬਿਲਾਸ ਦੀ ਕਥਾ ਤੇ ਵਿਆਖਿਆ ਕੀਤੀ ਹੈ ਤੇ ਨਾਲ ਵੱਖ-ਵੱਖ ਵਿਸ਼ਿਆ ਸਮਾਜਿਕ, ਰਾਜਨੀਤਕ, ਧਾਰਮਿਕ, ਆਤਮਕ, ਰਾਜਸੀ, ਸਭਿਆਚਾਰਕ, ਵਿਦਿਅਕ, ਆਰਥਕ ਤੇ ਖੋਜ ਭਰਪੂਰ, ਗਿਆਨ ਵਰਧਕ, ਆਨੰਦ-ਦਾਇਕ, ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਚਾਨਣਾ ਪਾਇਆ ਹੈ।

ਕੁਝ ਕੁ ਵੰਨਗੀਆਂ ਇਸ ਪ੍ਰਕਾਰ ਹਨ:-

## ਸਤਿਗੁਰੂ

੧. ਗੁਰੂ ਰਿਸ਼ਤਿਆਂ ਤੋਂ ਉੱਚੀ ਚੀਜ਼ ਹੈ, ਉਹ ਇਨ੍ਹਾਂ ਸਭਨਾਂ ਗੱਲਾਂ ਤੋਂ ਵੱਖਰੀ ਚੀਜ਼ ਹੈ, ਜਿਹਨਾਂ ਨੇ ਤੇ ਸਮਝ ਲਿਆ ਸਤਿਗੁਰੂ, ਉਹਨਾਂ ਨੂੰ ਤੇ ਮਿਲ ਗਿਆ-ਸਭ ਕੁਝ, ਜਿਹੜੇ ਰਿਸ਼ਤੇਦਾਰੀ 'ਚ ਅੜੇ ਰਹੇ, ਉਹਨਾਂ ਦਾ ਕੁਝ ਨਹੀਂ ਬਣਦਾ।

੨. ਸਤਿਗੁਰੂ ਦੀ ਜੇ ਕ੍ਰਿਪਾ ਹੋਵੇ, ਪੁੱਤਰ ਵੀ ਹੋਣ, ਧਨ ਵੀ ਹੋਵੇ, ਧੀਆਂ ਵੀ ਹੋਣ ਪਰ ਇਉਂ ਜਾਪਣ ਸਭ ਸਤਿਗੁਰੂ ਦਾ ਪ੍ਰਤਾਪ ਹੈ, ਸਭ ਉਸਦਾ ਹੀ ਹੈ, ਮੇਰਾ ਕੁਝ ਨਹੀਂ, ਉਹ ਕਿਰਪਾ ਕਰ ਦਏ।

੩. ਪਰ ਇੱਕ ਸਤਿਗੁਰੂ ਦਾ ਹੀ ਆਸਰਾ ਹੈ-ਜਿਹੜਾ ਕਿਸੇ ਵੇਲੇ ਵੀ ਪੁਰਸ਼ ਨੂੰ ਕੋਈ ਵਕਤ ਨਹੀਂ ਹੁੰਦਾ, ਜਿਸ ਵਕਤ ਵੀ ਯਾਦ ਕਰੇ ਤਾਂ ਉਸ ਵਕਤ ਹੀ ਪੂਰਾ ਕਰਦਾ ਹੈ-ਕਾਰਜ। ਬਿਨਾ ਸਤਿਗੁਰੂ ਤੋਂ ਹੋਰ ਆਸਰੇ

ਸਭ ਕੂੜੇ ਹਨ।

੪. ਪਰ ਅਪਣੱਤ ਦਾ ਹੀ ਦੁੱਖ ਹੈ, ਜੇ ਸਤਿਗੁਰੂ ਨੂੰ ਸੌਂਪ ਦਿੰਦਾ ਹੈ—ਚੀਜ਼ ਸਭ ਸਤਿਗੁਰੂ ਦੀ ਹੈ, ਉਹਦੇ ਹੁਕਮ ਵਿੱਚ ਸਭ ਕੁਛ ਹੁੰਦਾ ਹੈ, ਫਿਰ ਦੁੱਖ ਕਾਹੇ ਕਾ ?

੫. ਜਿਸ ਦਿਨ ਸਤਿਗੁਰਾਂ ਨੇ ਦਰਸ਼ਨ ਦਿੱਤੇ, ਅਸੀਂ ਪੇਸ਼ ਹੋਏ, ਵਿੱਚੇ ਮੈਂ ਭੀ ਤੁਹਾਡੇ ਨਾਲ ਰਗੜੀਂਦੇ ਜਾਣਾ ਹੈ ਕਿਉਂਕਿ ਅਸੀਂ ਹੁਕਮਾਂ ਉੱਤੇ ਨਹੀਂ ਚੱਲ ਰਹੇ।

੬. ਸਤਿਗੁਰੂ ਐਸੀ ਚੀਜ਼ ਹੈ ਜਿਸਨੂੰ ਕੋਈ ਛਲ ਨਹੀਂ ਸਕਦਾ, ਜਿਸਨੂੰ ਕੋਈ ਦਬਾ ਨਹੀਂ ਸਕਦਾ, ਖੇਡ ਹੈ—ਕੁਦਰਤ ਦੀ।

੭. ਗੁਰੂ ਦਾ ਕੰਮ ਹੈ ਕਿ ਜਿਹੜੀ ਦੁਨੀਆਂ ਦੀ ਰੀਤ ਹੋਵੇ ਉਸਤੋਂ ਉਲਟ ਚਲਾਉਣੀ। ਜਿਹੜੇ ਤਾਂ ਉਸਦੇ ਮਗਰ ਲੱਗਦੇ ਹਨ-ਉਹ ਉਲਟ ਚਲਾ ਲੈਂਦੇ ਹਨ, ਜਿਹੜੇ ਚੁਫੇਰਗੜੀਏ ਹੁੰਦੇ ਹਨ-ਉਹ ਸਾਰੇ ਹੀ ਕੰਮ ਕਰਨਾ ਚਾਹੁੰਦੇ ਹਨ।

੮. ਜਦੋਂ ਵਕਤ ਪੈਂਦਾ ਹੈ, ਜਦੋਂ ਆਦਮੀ ਤੇ ਕੋਈ ਬਣਦੀ ਹੈ, ਫਿਰ ਉਸ ਵੇਲੇ ਯਾਦ ਕਰਦਾ ਹੈ। ਭਾਈ ਜਿਹੜੇ ਰੋਜ਼ ਯਾਦ ਕਰਦੇ ਹਨ ਉਹਨਾਂ ਨੂੰ ਕਦੇ ਤਕਲੀਫ ਨਹੀਂ ਸਤਿਗੁਰੂ ਹੋਣ ਦਿੰਦਾ।

੯. ਸਤਿਗੁਰ ਸਭਨਾਂ ਦੀ ਸਾਂਝੀ ਚੀਜ਼ ਹੈ, ਜਿਹੜੇ ਨਾਮ ਜਪਣਗੇ, ਸਤਿਗੁਰੂ ਉੱਤੇ ਈਮਾਨ ਲਿਆਉਣਗੇ, ਜਿਹੜੇ ਸਤਿਗੁਰੂ ਦਾ ਹੁਕਮ ਮੰਨਣਗੇ, ਉਹ ਸੁਖੀ ਰਹਿਣਗੇ।

## ਸਿੱਖ

੧. ਧੰਨ ਸਤਿਗੁਰੂ ! ਧੰਨ ਸਤਿਗੁਰੂ ਦੇ ਸਿੱਖ ! ਜਿਹੜੇ ਸਭ ਬਚਨ ਮੰਨਦੇ ਹਨ ਕਿਉਂਕਿ ਗੁਰੂ ਨੇ ਜੋ ਹੁਕਮ ਦਿੱਤਾ ਹੈ, ਸਿੱਖ ਨੇ ਮੰਨਿਆ ਤਾਂ ਗੁਰਮੁਖ ਜੇ ਗੁਰੂ ਦਾ ਹੁਕਮ ਨਹੀਂ ਮੰਨਿਆ, ਮਨ ਦੇ ਆਖੇ ਲੱਗਿਆ ਤਾਂ ਮਨਮੁਖ।

੨. ਜਿਹੜੇ ਗੁਰੂ ਦੇ ਸਿੰਘ ਹਨ-ਉਹ ਝੂਠ ਨਹੀਂ ਬੋਲਦੇ, ਉਹ ਬੁਰਾ

ਨਹੀਂ ਕਿਸੇ ਦਾ ਕਰਦੇ, ਕਿਸੇ ਦੀ ਚੀਜ਼ ਨਹੀਂ ਛੇੜਦੇ, ਸ਼ਰਾਬ ਨਹੀਂ ਪੀਂਦੇ, ਮਾਸ ਨਹੀਂ ਖਾਂਦੇ, ਧੱਕਾ ਨਹੀਂ ਕਰਦੇ, ਕਿਸੇ ਦਾ ਗਲ ਨਹੀਂ ਘੁੱਟਦੇ।

੩. ਜਿਹੜਾ ਸਿੱਖ, ਸਿੱਖ ਨੂੰ ਗੁਰੂ ਦਾ ਰੂਪ ਨਹੀਂ ਜਾਣਦਾ ਉਸਨੂੰ ਸਿੱਖੀ ਦਾ ਪਤਾ ਨਹੀਂ ਕੁਝ ਲੱਗਿਆ ਕਿ ਸਿੱਖੀ ਕੀ ਚੀਜ਼ ਹੈ।

੪. ਸਿੱਖ ਦਾ ਕੰਮ ਹੈ ਜਦੋਂ ਵੀ ਕਿਸੇ ਕਾਰਜ ਨੂੰ ਤੁਰੇ-ਅਰਦਾਸ ਕਰਕੇ ਤੁਰੇ ਜਦੋਂ ਵੀ ਕਿਸੇ ਪਾਸੇ ਜਾਵੇ।

## ਨਾਮ

੧. ਸਤਿਗੁਰੂ ਸੱਚੇ ਪਾਤਸ਼ਾਹ ਨੇ ਸਾਨੂੰ ਗਰੜ ਉਦਾਗਰ ਦਿੱਤੀ ਹੈ, ਤੁਹਾਨੂੰ ਨਾਮ ਦਿੱਤਾ ਹੈ, ਜਿਹੜੇ ਨਾਮ ਜਪਣਗੇ, ਉਹਨਾਂ ਨੂੰ ਫਿਰ ਮਾਇਆ ਦਾ ਜ਼ਹਿਰ ਨਹੀਂ ਚੜ੍ਹ ਸਕਦਾ।

੨. ਜਿਹੜਾ ਹੁਣ ਅਗਲਾ ਲਾਹਾ ਖੱਟਣਾ ਹੈ, ਅਗਲੇ ਜਿਸ ਲੋਕ ਵਿੱਚ ਜਾਣਾ ਹੈ, ਸਰੀਰ ਨੇ ਛੁੱਟਣਾ ਹੈ, ਜੇ ਉਹਦੇ ਵਾਸਤੇ ਕੁਝ ਕਰਨਾ ਹੈ ਤੇ ਇਹ ਹੈ-ਭਾਈ ਇੱਕ ਤੋਂ ਜ਼ਿਆਦਾ ਜਿੰਨ੍ਹਾਂ ਕਰੋ ਉਹ ਤੁਹਾਡੀ ਹਿੰਮਤ ਹੈ ਪਰ ਜਿਹੜੇ ਘੱਟ ਤੋਂ ਘੱਟ ਇੱਕ ਘੰਟਾ ਭਜਨ ਨਾ ਕਰਨਗੇ ਉਹ ਦੁੱਖ ਪਾਉਣਗੇ।

੩. ਜਿਸ ਤਰ੍ਹਾਂ ਕਿੱਲੀ ਦੇ ਕੋਲ ਦਾਣੇ ਰਹਿ ਜਾਂਦੇ ਹਨ ਚੱਕੀ ਦੇ ਪੀਸੀਂਦੇ ਨਹੀਂ, ਇਸ ਤਰ੍ਹਾਂ ਜਿਹੜੇ ਨਾਮ ਜਪਣਗੇ, ਉਹ ਬਚ ਰਹਿਣਗੇ।

## ਸਾਂਝੀਵਾਲਤਾ

੧. ਭਾਈ ਜਿਹੜੇ ਇੱਥੇ ਸੱਜਣ ਰਹਿੰਦੇ ਹਨ ਸਾਰੇ ਇੱਕ ਖੁਰਲੀ ਦੇ ਵੱਛੇ ਹਨ। ਆਪਸ ਵਿੱਚ ਦੀ ਪਿਆਰ ਨਾਲ ਸਾਂਝੇ ਗੁਰਪੁਰਬ ਮਨਾਉ ਤਾਂ ਬਹੁਤਾ ਹੀ ਸਵਾਦ ਆਵੇ। ਜੇ ਅਕਾਲੀ ਸਿੰਘਾਂ ਨੇ ਕਰਨਾ ਹੈ, ਨਾਮਧਾਰੀ ਉਹਨਾਂ ਕੋਲ ਜਾਣ, ਜੇ ਨਾਮਧਾਰੀਆਂ ਨੇ ਕਰਨੈ ਤਾਂ ਉਹ ਆਉਣ, ਇਕੱਠੇ ਬਹਿਣ, ਇਕੱਠੇ ਰਹਿਣ। ਲੋਕਾਂ ਨੂੰ ਪਤਾ ਲੱਗੇ ਕਿ ਕਿਤੇ ਤਾਂ ਇਤਫਾਕ ਹੈ।

੨. ਐਥੇ ਜਿਹੜੇ ਤੁਸੀਂ ਸਰੀਰ ਬੈਠੇ ਹੋ, ਇਉਂ ਨਾ ਦੇਖਿਆ ਕਰੋ ਕਿ ਇਹ ਹਿੰਦੂ ਹੈ, ਸਿੱਖ ਹੈ, ਮੋਨਾ ਹੈ, ਦਾੜ੍ਹੀ ਵਾਲਾ ਹੈ, ਕੇਸਾਂ ਵਾਲਾ ਹੈ, ਇਹ ਕਾਲੀ ਪੱਗ ਵਾਲਾ ਹੈ, ਚਿੱਟੀ ਵਾਲਾ ਹੈ, ਇਹ ਕ੍ਰਿਪਾਨ ਵਾਲਾ ਹੈ, ਮਾਲਾ ਵਾਲਾ ਹੈ, ਤੁਸੀਂ ਹਿੰਦੁਸਤਾਨੀ ਇੱਥੇ ਆਏ ਹੋ, ਤੁਸੀਂ ਰਲ ਕੇ ਬਹਿ ਕੇ, ਸਭ ਆਪੋ ਆਪਣੇ ਇਸ਼ਟ ਨੂੰ ਅਰਾਧੋ।

## ਸੱਚ ਤੇ ਸੁੱਚ

ਸੱਚ ਤੇ ਸੁੱਚ ਦ੍ਰਿੜਾਈ, ਅੰਦਰੋਂ ਵੀ ਸੁੱਚੇ ਹੋਵੋ ਬਾਹਰੋਂ ਵੀ ਸੁੱਚੇ ਹੋਵੋ। ਜੇ ਅੰਦਰੋਂ ਕਿਸੇ ਨੂੰ ਦੁਖੀ ਦੇਖਦੇ ਹੋ ਈਰਖਾ ਕਰਦੇ ਹੋ ਤੁਹਾਡਾ ਅੰਦਰ ਦੁਖੀ ਹੋ ਜਾਂਦਾ ਹੈ ਤਾਂ ਵੀ ਤੁਸੀਂ ਜੂਠੇ ਹੋ ਜਾਂਦੇ ਹੋ, ਧਿਆਨ ਦਿਉ।

## ਪੁੱਠੇ ਅੱਖਰ ਸਿੱਧੇ

ਜਿਸਨੂੰ ਸੰਤਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਹੁੰਦੀ ਹੈ, ਉਹ ਵੱਡੇ ਭਾਗਾਂ ਵਾਲੇ ਹਨ, ਇਹ ਕਿਸਮਤ ਵਾਲੇ ਦਾ ਵਕਤ ਜਦੋਂ ਆਉਂਦਾ ਹੈ ਉਹ ਕਿਸੇ ਮਹਾਂਪੁਰਖ ਦੇ ਚਰਨਾਂ ਤੇ ਨਮਸਕਾਰ ਕਰਦਾ ਹੈ ਤਾਂ ਕਿ ਇਹਦੇ ਪੁੱਠੇ ਅੱਖਰ ਲਿਖੇ ਹੋਣ, ਉਹ ਸਿੱਧੇ ਹੋ ਜਾਣ ਚਰਨਾਂ ਦੇ ਨਾਲ ਲੱਗਣ ਨਾਲ।

## ਗ੍ਰਹਿਸਤ ਧਰਮ

ਤੁਸੀਂ ਓਨੀ ਮਾਲਾ ਹੋਰ ਫੇਰਿਆ ਕਰੋ। ਤੁਹਾਡੇ ਬੱਚੇ ਤੁਹਾਡੀ ਸੰਤਾਨ ਜਿਹੜੀ ਹੈ, ਉਹ ਇਹੋ ਜਿਹੀ ਪੈਦਾ ਹੋਵੇ ਕਿ ਭਗਤ ਜੰਮਣ, ਸੂਰਮੇ ਜੰਮਣ, ਸਿੱਖ ਪੈਦਾ ਹੋਣ ਤੁਹਾਡੇ ਵਿੱਚੋਂ।

## ਹੋਲਾ

ਸਾਡਾ ਕਾਹਦਾ ਹੋਲਾ ਹੈ, ਹੋਲਾ ਤਾਂ ਹੀ ਹੋ ਸਕਦਾ ਹੈ ਜੇ ਉਹ ਸਤਿਗੁਰੂ ਦਾ ਦਰਸ਼ਨ ਹੋਵੇ, ਉਸੇ ਤਰ੍ਹਾਂ ਸਾਧ-ਸੰਗਤ ਵਿੱਚ ਆਨੰਦ ਹੋਵੇ , ਸਿੱਖਾਂ ਵਿੱਚ ਈਰਖਾ ਦਵੈਸ਼ ਨਾ ਰਹੇ-ਦੁਨੀਆਂ ਉੱਤੇ ਕੋਈ ਦੁਖੀ ਨਾ

ਰਹੇ, ਕਿਸੇ ਜਾਨਵਰ ਨੂੰ ਕੋਈ ਦੁੱਖ ਨਾ ਹੋਵੇ।

## ਕੂਕਾ

ਕੂਕਾ ਸ਼ਰਾਬ ਨਹੀਂ ਪੀਂਦਾ, ਕੂਕਾ ਝੂਠ ਨਹੀਂ ਬੋਲਦਾ, ਕੂਕਾ ਅੰਗਰੇਜ਼ਾਂ ਦਾ ਲਾਇਲ ਨਹੀਂ ਹੋ ਸਕਦਾ, ਵਫਾਦਾਰ ਨਹੀਂ ਹੋ ਸਕਦਾ। ਜਿਹਦੇ ਵਿੱਚ ਇਹ ਤਿੰਨ ਗੱਲਾਂ ਨਹੀਂ-ਉਹ ਕੂਕਾ ਨਹੀਂ।

## ਧਰਮ ਦੀ ਕਿਰਤ

ਧਰਮ ਦੀ ਕਿਰਤ ਕਰਨ ਵਾਲਿਆਂ ਦਾ ਥੋੜਾ ਵੀ ਬਹੁਤਾ ਹੋ ਜਾਂਦਾ ਹੈ।

## ਸਤਿਸੰਗ

ਸਤਿਸੰਗ ਦਾ ਅਰਥ ਹੈ ਸਤਿ ਦਾ ਸੰਗ ਜਿਹੜੇ ਸਤਿ ਦਾ ਸੰਗ ਕਰਦੇ ਹਨ, ਉਹ ਕਿਸੇ ਨੂੰ ਬੁਰਾ ਨਹੀਂ ਮੰਨਦੇ।

## ਸਾਧ-ਸੰਗਤ

ਸਾਧ-ਸੰਗਤ ਚਿੱਟੀ ਚਾਦਰ ਹੈ, ਜ਼ਰਾ ਕੁ ਦਾਗ ਲੱਗ ਜਾਏ, ਕੋਈ ਚੀਜ਼ ਪੈ ਜਾਏ, ਨਿਸ਼ਾਨ ਪੈ ਜਾਂਦਾ ਹੈ।

## ਕਚਹਿਰੀ

ਮੈਂ ਸਾਰਿਆਂ ਅੱਗੇ ਅਰਜ਼ ਕਰਦਾਂ, ਜਿਨ੍ਹਾਂ ਦੇ ਆਪਸ ਵਿੱਚ ਵੀ ਕੋਈ ਇੱਕ ਦੂਏ ਨਾਲ ਝਗੜਾ ਹੈ ਉਹਨਾਂ ਨੂੰ ਕਚਹਿਰੀ ਵਿੱਚ ਨਹੀਂ ਜਾਣਾ ਚਾਹੀਦਾ,ਦੋ ਚਹੁੰ ਦਿਨਾਂ ਵਿੱਚ ਸਭ ਆਪੋ ਆਪਣੇ ਦੱਸਣ ਤਾਂ ਕਿ ਜਿੰਨੀ ਕੁ ਸਾਡੀ ਵਾਹ ਲੱਗੇ ਅਸੀਂ ਉਹ ਸਾਰੇ ਨਬੇੜ ਲਈਏ, ਕੋਈ ਰੌਲਾ ਨਾ ਕਿਸੇ ਦਾ ਰਹਿ ਜਾਏ।

ਸਤਿਗੁਰੂ ਜਗਜੀਤ ਸਿੰਘ ਜੀ ਨੇ ੨੧-੧੦-੯੨ ਨੂੰ ਇਸ ਪੁਸਤਕ ਦਾ ਨਾਮ 'ਲਾਲ ਏਹਿ ਰਤਨ' ਰੱਖਿਆ।

**ਉਤਮ ਸਲੋਕ ਸਾਧ ਕੇ ਬਚਨ॥**
**ਅਮੁਲੀਕ ਲਾਲ ਏਹਿ ਰਤਨ॥**
**ਸੁਨਤ ਕਮਾਵਤ ਹੋਤ ਉਧਾਰ॥**
**ਆਪਿ ਤਰੈ ਲੋਕਹ ਨਿਸਤਾਰ॥**

ਇਨ੍ਹਾਂ ਉਪਦੇਸ਼ਾਂ ਦੇ ਅਥਾਹ ਭੰਡਾਰ ਨੂੰ ਕਿਸੇ ਇੱਕ ਜਿਲਦ ਵਿੱਚ ਪ੍ਰਕਾਸ਼ਿਤ ਕਰਨਾ ਅਸੰਭਵ ਹੈ, ਇਸ ਲਈ ਆਰੰਭ ਵਿੱਚ ਪੁਸਤਕ ਦੇ ਪਹਿਲੇ ਭਾਗ ਵਿੱਚ ਸੰਨ ੧੯੪੯ ਤੋਂ ੧੯੫੦ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੰਕੋਕ ਵਿਖੇ ਦਿੱਤੇ ਪ੍ਰਵਚਨਾਂ ਨੂੰ ਹੀ ਸੰਕਲਿਤ ਕੀਤਾ ਜਾ ਰਿਹਾ ਹੈ। ਆਸ ਹੈ, ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ਾਂ ਸਦਕਾ ਤੇ ਸਾਧ-ਸੰਗਤ ਦੇ ਸਹਿਯੋਗ ਨਾਲ ਜਲਦੀ ਹੀ ਪੁਸਤਕ ਦੇ ਹੋਰ ਭਾਗ ਪ੍ਰਕਾਸ਼ਿਤ ਹੋ ਕੇ ਪਾਠਕਾਂ ਤਕ ਪਹੁੰਚਣਗੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤ੍ਰ ਬਚਨ ਸਿੱਧੇ ਹਿਰਦੇ ਅੰਦਰ ਧੱਸ ਜਾਣ ਦੀ ਸਮਰੱਥਾ ਰਖਦੇ ਹਨ, ਕਿਉਂਕਿ ਸਤਿਗੁਰੂ ਜੀ ਕਿਧਰੇ ਰੁੱਕਦੇ ਨਹੀਂ, ਕਿਧਰੇ ਉਕਦੇ ਨਹੀਂ, ਉਨ੍ਹਾਂ ਨੂੰ ਸ਼ਬਦਾਂ ਤੇ ਭਾਵਾਂ ਨੂੰ ਵਿਅਕਤ ਕਰਨ ਲਈ ਸ਼ਬਦਾਵਲੀ ਲੱਭਣ ਦੀ ਲੋੜ ਨਹੀਂ ਪੈਂਦੀ, ਕਿਉਂਕਿ ਉਨ੍ਹਾਂ ਪਾਸ ਸ਼ਬਦਾਂ ਦਾ ਅਥਾਹ ਭੰਡਾਰ ਪ੍ਰਾਪਤ ਹੈ, ਇਸੇ ਕਰਕੇ ਹਰ ਤਰ੍ਹਾਂ ਦੇ ਭਾਵਾਂ ਨੂੰ ਬੜੀ ਪ੍ਰਭਾਵਸ਼ਾਲੀ ਸ਼ੈਲੀ ਤੇ ਸੁੰਦਰ ਸਪਸ਼ਟ ਸ਼ਬਦਾਂ ਰਾਹੀਂ ਤੇ ਰੋਬੀਲੀ ਆਵਾਜ਼ ਰਾਹੀਂ ਵਿਅਕਤ ਕੀਤਾ ਹੈ, ਉਨ੍ਹਾਂ ਦੇ ਸ਼ਬਦਾਂ ਦੀ ਗੂੰਜਾਰ ਪਾਠਕਾਂ ਦੇ ਕੰਨਾਂ ਵਿੱਚ ਅੰਮ੍ਰਿਤ ਭਰਪੂਰ ਰਸ ਘੋਲ ਦਿੰਦੀ ਹੈ। ਉਹ ਅਤਿ ਮਿਠਾਸ ਭਰਪੂਰ ਹਨ-

**ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ॥**

ਉਹ ਜਨਮ-ਜਨਮਾਂਤ੍ਰਾਂ ਦੀ ਮੈਲ ਧੋ ਕੇ ਸ਼ੁੱਧਤਾ, ਨਿਰਮਲਤਾ, ਪ੍ਰਦਾਨ ਕਰਦੇ ਹਨ, ਉਨ੍ਹਾਂ ਦੀ ਮਿੱਠੀ ਮਿੱਠੀ ਮਹਿਕ, ਹਰ ਹਿਰਦੇ ਅੰਦਰ ਹੁਲਾਸ, ਖੇੜਾ, ਸੀਤਲਤਾ ਤੇ ਸੁਗੰਧੀ ਦਾ ਛਿੜਕਾਅ ਕਰ ਦਿੰਦੀ ਹੈ, ਮਨੁੱਖ ਉਨ੍ਹਾਂ ਦੇ ਪ੍ਰਭਾਵ ਹੇਠਾਂ, ਜੀਵਨ ਦੇ ਟੇਢੇ-ਮੇਢੇ ਮਾਰਗਾਂ ਨੂੰ, ਕਲ-ਕਲ ਕਰਦੀ ਹੋਈ ਛਲਾਂਗਾਂ ਮਾਰਦੀ ਹੋਈ ਸ਼ਹੁ ਸਾਗਰ ਨੂੰ ਮਿਲਣ ਲਈ ਉਤਾਵਲੀ

ਹੋਈ ਨਦੀ ਵਾਂਗ, ਅਗਾਂਹ ਵੱਧਦੇ ਤੇ ਵੱਧਦੇ ਹੀ ਜਾਂਦੇ ਹਨ, ਰਸਤੇ ਵਿੱਚ ਪਏ ਹੋਏ ਰੋੜੇ, ਉਸਦਾ ਕੁਝ ਨਹੀਂ ਵਿਗਾੜ ਸਕਦੇ ਤੇ ਉਹ ਆਪਣੇ ਜੀਵਨ ਦੀਆਂ ਦੁਰਗਮ ਰਾਹਾਂ ਨੂੰ ਬੇਰੋਕ ਟੋਕ ਸਫਲਤਾ ਪੂਰਵਕ ਪਾਰ ਕਰਦੇ ਹੋਏ, ਉਚ ਸ਼ਿਖਰਾਂ ਨੂੰ ਛੋਹ ਸਕਦੇ ਹਨ, ਕਿਉਂਕਿ ਉਨ੍ਹਾਂ ਕੋਲ ਬਚਨਾਂ ਦਾ ਭਰਪੂਰ, ਅਨਮੋਲ, ਵਡਮੁੱਲਾ ਖਜ਼ਾਨਾ ਹੈ। ਜਿਉਂ ਜਿਉਂ ਮਨੁੱਖ ਇਨ੍ਹਾਂ ਦੀ ਵਰਤੋਂ ਕਰਦਾ ਹੈ, ਇਨ੍ਹਾਂ ਦੀ ਪਾਲਣਾ ਕਰਦਾ ਹੈ, ਉਸ ਵਿੱਚ ਦੁਗਣਾ, ਚੌਗੁਣਾ ਵਾਧਾ ਹੋ ਜਾਂਦਾ ਹੈ। ਇਹ ਸੀਤਲਤਾ ਦਾ ਅਥਾਹ ਸੋਮਾ ਹਨ, ਇਹ ਹਿਰਦੇ ਨੂੰ ਠੰਢਕ ਪ੍ਰਦਾਨ ਕਰਦੇ ਹਨ।

**ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ**
**ਮਨੁ ਤਨੁ ਮੇਰਾ ਠਾਰੁ ਥੀਓ॥**

ਸਤਿਗੁਰੂ ਜੀ ਦੇ ਬਚਨਾਂ ਰੂਪੀ ਬੇੜੀ ਤੇ ਸਵਾਰ ਹੋ ਕੇ ਮਨੁੱਖ ਭਵਸਾਗਰ ਤੋਂ ਬੜੇ ਸਹਿਜ ਨਾਲ ਪਾਰ ਉਤਾਰਾ ਕਰ ਸਕਦਾ ਹੈ ਤੇ ਆਵਾਗਮਨ ਦੇ ਚੱਕਰਾਂ ਤੋਂ ਮੁਕਤ ਹੋ ਸਕਦਾ ਹੈ। ਇਹ ਅੰਮ੍ਰਿਤ ਭਰਪੂਰ ਬਚਨ ਕਾਲ ਤੇ ਸੀਮਾ ਤੋਂ ਪਰੇ ਹਨ। ਉਹ ਹਮੇਸ਼ਾ ਸਤਿ ਹਨ, ਉਹ ਵਰਤਮਾਨ ਤੇ ਭਵਿੱਖ ਵਿੱਚ ਸਰਵਦਾ ਇਕਸਾਰ ਹਨ। ਉਹ ਸਿਰਫ ਇੱਕ ਵਿਸ਼ੇਸ਼ ਵਿਅਕਤੀ ਦੀ ਸੰਪਤੀ ਨਹੀਂ, ਉਹ ਤਾਂ ਸਰਬੱਤ ਦੇ ਭਲੇ ਲਈ ਹਨ, ਉਹ ਤਾਂ ਸਾਰਿਆਂ ਲਈ ਸਾਂਝੇ ਹਨ, ਉਹ ਸਮੁੱਚੀ ਮਾਨਵਤਾ ਦੇ ਕਲਿਆਣ ਤੇ ਲਾਭ ਲਈ ਹਨ, ਇਹ ਤਾਂ ਕੁਝ ਵਡਭਾਗਿਆਂ ਨੂੰ ਹੀ ਉਪਲੱਬਧ ਹੋ ਸਕਦੇ ਹਨ ਕਿਉਂਕਿ ਇਹ ਅਤਿ ਉੱਤਮ ਹਨ, ਅਤਿ ਸਰੇਸ਼ਟ ਹਨ, ਅਤਿ ਅਮੋਲਕ ਹਨ।

ਅੰਤ ਵਿੱਚ ਇਨ੍ਹਾਂ ਅੰਮ੍ਰਿਤ ਭਰਪੂਰ ਬਚਨਾਂ ਨੂੰ ਟੇਪਾਂ ਤੋਂ ਉਤਾਰਾ ਕਰਨ ਲਗਿਆਂ, ਇਸ ਗੱਲ ਦਾ ਵਿਸ਼ੇਸ਼ ਰੂਪ ਵਿੱਚ ਧਿਆਨ ਰੱਖਿਆ ਗਿਆ ਹੈ, ਕਿ ਲਿਖਣ ਲੱਗਿਆਂ ਕਿਸੇ ਕਿਸਮ ਦੀ ਕੋਈ ਅਸ਼ੁੱਧੀ ਨਾ ਰਹਿ ਜਾਵੇ, ਕੋਈ ਤਰੁੱਟੀ ਨਾ ਰਹਿ ਜਾਵੇ, ਇਸ ਦੇ ਬਾਵਜੂਦ ਵੀ ਜੇਕਰ ਕੁਝ ਤਰੁੱਟੀਆਂ ਰਹਿ ਗਈਆਂ ਹੋਣ, ਤਾਂ ਖਿਮਾਂ ਦੀ ਜਾਚਿਕਾ ਹਾਂ।

**ਬੇਅੰਤ ਕੌਰ**

# ਉਥਾਨਕਾ

ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਨਾਮਧਾਰੀ ਸਾਧ-ਸੰਗਤ ਦੇ ਉਥਾਨ ਅਤੇ ਸਮਸਤ ਸਿੱਖ ਸਮਾਜ ਦੇ ਕਲਿਆਣ ਹਿੱਤ ਜਿੱਥੇ ਕਈ ਵਿਸ਼ੇਸ਼ ਯਤਨ ਕੀਤੇ ਹਨ, ਉੱਥੇ ਉਨ੍ਹਾਂ ਨੇ ਨਾਮਧਾਰੀ ਇਤਿਹਾਸ ਤੇ ਗੁਰ ਮਰਿਯਾਦਾ ਦੀ ਪ੍ਰੱਕਤਾ ਤੇ ਸੁਰੱਖਿਆ ਲਈ ਕਈ ਯੋਜਨਾਵਾਂ ਨੇਪਰੇ ਚਾੜ੍ਹੀਆਂ ਹਨ, ਕਈ ਹਾਲੀ ਆਪਣੇ ਨਿਰਮਾਣ ਕਾਰਜ ਦੇ ਵਿਭਿੰਨ ਪੜਾਵਾਂ ਵਿੱਚ ਚਲ ਰਹੀਆਂ ਹਨ, ਇਨ੍ਹਾਂ ਦੀ ਹੀ ਲੜੀ ਵਿੱਚ ਇਸ ਵਰਤਾਮਨ ਵਿਸ਼ੇਸ਼ ਯੋਜਨਾ ਦਾ ਨੇਪਰੇ ਚੜ੍ਹਨਾ ਤੇ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਪਾਵਨ ਉਪਦੇਸ਼ਾਂ ਦਾ ਇਹ ਵਰਤਮਾਨ ਸੰਕਲਨ ਆਉਂਦਾ ਹੈ। ਇਸਦੇ ਪ੍ਰਕਾਸ਼ਨ ਨਾਲ ਗੁਰਮਤਿ ਦੇ ਮੁਖ ਸੰਕਲਪਾਂ, ਗੁਰ ਮਰਿਯਾਦਾ, ਇਤਿਹਾਸਕ ਵਿਕਾਸ ਅਤੇ ਨਾਮਧਾਰੀ ਸਮਾਜ ਨਾਲ ਸੰਬੰਧਤ ਵਿਸ਼ੇਸ਼ ਸੰਸਥਾਵਾਂ ਦੇ ਸੰਬੰਧ ਵਿੱਚ ਪ੍ਰਮਾਣਿਕ ਜਾਣਕਾਰੀ ਮਿਲ ਸਕੇਗੀ ਅਤੇ ਜਗਿਆਸੂਆਂ ਅਤੇ ਇਤਿਹਾਸ ਪ੍ਰੇਮੀਆਂ ਨੂੰ ਨਵੀਂ ਦਿਸ਼ਾ ਪ੍ਰਾਪਤ ਹੋ ਸਕੇਗੀ। ਅਪਣੇ ਆਦਿ ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤਕ ਨਾਮਧਾਰੀ ਪੰਥ ਦੇ ਇਤਿਹਾਸਕ ਵਿਕਾਸ ਦੇ ਸੰਬੰਧ ਵਿੱਚ ਸਾਰਥਕ ਤੇ ਉਤਕ੍ਰਿਸ਼ਟ ਦ੍ਰਿਸ਼ਟੀਕੋਣ ਨੂੰ ਜਾਣਿਆ ਜਾ ਸਕੇਗਾ, ਕਿਉਂਕਿ ਇਹ ਗੁਰ ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਾਨ ਵਿਅਕਤਿਤਵ ਨਾਲ ਸੰਬੰਧਤ ਹਨ ਜਾਂ ਦੂਜੇ ਸ਼ਬਦਾਂ ਵਿੱਚ ਉਨ੍ਹਾਂ ਦੀ ਅੰਤਰ ਆਤਮਾ ਦਾ ਪ੍ਰਕਾਸ਼ ਹਨ ਅਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਾਰੇ ਹਨ। ਇਹ ਸੰਦੇਸ਼ ਨਾਮਧਾਰੀ ਮਤ ਅਨੁਸਾਰ ਜੀਵਨ ਦੇ

ਮਹਾਂ ਸਾਗਰ ਉੱਤੇ ਚੱਲਣ ਲਈ ਸਪਸ਼ਟ ਸੇਧ ਦੇ ਪ੍ਰਕਾਸ਼ ਬਿੰਦੂ ਬਣਕੇ ਸਦਾ ਲਈ ਚਮਕਦੇ ਰਹਿਣਗੇ। ਇਹਨਾਂ ਮਹਾਨ ਉਪਦੇਸ਼ਾਂ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਨਾ ਕੇਵਲ ਆਪਣੇ ਜੁਗ ਦੀ ਅਧਿਆਤਮਕ, ਧਾਰਮਿਕ, ਸਮਾਜਿਕ ਤੇ ਸਭਿਆਚਾਰਕ ਮਰਯਾਦਾ ਦੀ ਨੀਂਹ ਰੱਖੀ ਹੈ, ਸਗੋਂ ਆਦਿ ਕਾਲ ਤੋਂ ਚਲੇ ਆ ਰਹੇ ਧਰਮ ਮਾਰਗ ਦੀਆਂ ਅਤੀਤ ਤਕ ਗੱਡੀਆਂ ਡੂੰਘੀਆਂ ਜੜ੍ਹਾਂ ਤੋਂ ਲੈ ਕੇ ਵਿਭਿੰਨ ਕਾਲਾਂ ਵਿੱਚ ਇਸ ਧਰਮ ਬਿਰਛ ਦੇ ਵਧਣ, ਫੁੱਲਣ, ਮਉਲਣ, ਵਿਗਸਣ ਤੇ ਸਦੀਆਂ ਤਕ ਫੁੱਲ ਫਲ ਦੇ ਕੇ ਦੁਖਿਆਰੀ ਮਨੁੱਖਤਾ ਨੂੰ ਸਦੀਵ ਕਾਲ ਤਕ ਸੁਖ ਸ਼ਾਂਤੀ ਤੇ ਸੀਤਲਤਾ ਦੇ ਸਕਣ ਦੀ ਸਮਰੱਥਾ ਨੂੰ ਦ੍ਰਿੜ੍ਹਾਇਆ ਹੈ।

ਸ਼ੋਕ ਦੀ ਗੱਲ ਹੈ ਕਿ ਹਾਲੀ ਤਕ ਨਾਮਧਾਰੀ ਇਤਿਹਾਸ ਦੇ ਉਨ੍ਹਾਂ ਉਜੱਲ ਪੰਨਿਆਂ ਉੱਤੇ ਪੂਰਨ ਪ੍ਰਕਾਸ਼ ਨਹੀਂ ਪੈ ਸਕਿਆ ਹੈ ਜੋ ਸਮੁੱਚੇ ਰਾਸ਼ਟਰੀ ਤੇ ਧਾਰਮਿਕ ਇਤਿਹਾਸ ਦਾ ਵੱਡਮੁਲਾ ਹਿੱਸਾ ਹਨ। ਭਾਰਤ ਵਿੱਚ ਪੰਜਾਬ ਦਾ ਖਾਲਸਾ ਰਾਜ ਹੀ ਉਹ ਆਖਰੀ ਸੁਤੰਤਰ ਭੂਖੰਡ ਸੀ ਜਿਸ ਉੱਤੇ ੧੮੪੬ ਵਿੱਚ ਪਹਿਲਾਂ ਆਰਜ਼ੀ ਤੌਰ ਤੇ ਫਿਰ ੧੮੪੯ ਵਿੱਚ ਪੱਕੇ ਤੌਰ ਤੇ ਈਸਟ ਇੰਡੀਆਂ ਕੰਪਨੀ ਜਾਂ ਦੂਜੇ ਸ਼ਬਦਾਂ ਵਿੱਚ ਅੰਗਰੇਜ਼ ਸਾਮਰਾਜ ਨੇ ਆਪਣੀ ਕੁਟਿਲ ਨੀਤੀ ਦੁਆਰਾ ਕਬਜ਼ਾ ਕੀਤਾ। ਫਿਰ ਆਪਣੇ ਸ਼ਾਸਨ ਕਾਲ ਵਿੱਚ ਪੰਜਾਬ ਵਾਸੀਆਂ, ਸੁਤੰਤਰਤਾ ਸੰਗਰਾਮੀਆਂ ਤੇ ਵਿਸ਼ੇਸ਼ ਕਰਕੇ ਕੂਕਾ ਲਹਿਰ, ਜਿਨ੍ਹਾਂ ਨੂੰ ਤਤਕਾਲਕ ਅੰਗਰੇਜ਼ ਅਧਿਕਾਰੀਆਂ ਅਤੇ ਇਤਿਹਾਸਕਾਰਾਂ ਨੇ 'ਕੂਕਾ ਵਿਦਰੋਹ' ਦੀ ਸੰਗਿਆ ਵੀ ਦਿੱਤੀ ਹੈ, ਉੱਤੇ ਕਠੋਰ ਭਾਂਤ ਦੇ ਦਮਨ ਚੱਕਰ ਨੂੰ ਚਲਾਇਆ ਤੇ ਨਾਮਧਾਰੀ ਧਾਰਮਿਕ ਸੰਗਠਨ ਜਾਂ ਕ੍ਰਾਂਤੀਕਾਰੀ ਕੂਕਾ ਲਹਿਰ ਨੂੰ ਦਬਾਉਣ ਦਾ ਸਿਰ ਤੋੜ ਯਤਨ ਕੀਤਾ। ਅਜਿਹੇ ਹਾਲਾਤ ਵਿੱਚ ਪ੍ਰਮਾਣਿਕ ਇਤਿਹਾਸ ਦੀ ਖੋਜ ਭਾਲ ਕਰ ਸਕਣਾ ਕਠਿਨ ਹੁੰਦਾ ਹੈ। ਭਾਵੇਂ ਵਰਤਮਾਨ ਇਤਿਹਾਸਕਾਰਾਂ ਸ੍ਰ: ਨਾਹਰ ਸਿੰਘ, ਡਾ: ਫੌਜਾ ਸਿੰਘ, ਐਮ. ਐਮ. ਆਹਲੂਵਾਲੀਆ, ਸ੍ਰੀ ਜਸਵਿੰਦਰ ਸਿੰਘ, ਸੰਘ ਨਿਧਾਨ ਸਿੰਘ ਆਲਿਮ, ਸ੍ਰੀ ਅਮਰ ਭਾਰਤੀ ਅਤੇ ਹੋਰ ਇਤਿਹਾਸ ਖੋਜੀਆਂ ਨੇ ਕੁਝ ਖੋਜਾਂ ਕਰਕੇ ਇਸ ਇਤਿਹਾਸ ਦੇ ਕੁਝ ਵਿਸ਼ੇਸ਼ ਪੱਖਾਂ ਤੇ ਸਾਰਥਕ ਪ੍ਰਕਾਸ਼

ਪਾਉਣ ਦਾ ਯਤਨ ਕੀਤਾ ਹੈ, ਫਿਰ ਵੀ ਇਹ ਕਾਰਜ ਅਜੇ ਤਕ ਅਪੂਰਣ ਹੈ, ਕਿਉਂਕਿ ਹਾਲੀ ਤਕ ਇਸ ਦੇ ਸਾਰੇ ਪੱਖ ਸੰਗਠਤ ਤੇ ਗਤੀਸ਼ੀਲ ਇਕਾਈ ਦੇ ਰੂਪ ਵਿੱਚ ਪ੍ਰਗਟ ਨਹੀਂ ਹੋ ਸਕੇ। ਇਸ ਵਿੱਚ ਸਿੱਖ ਵਿਦਵਾਨਾਂ ਦੇ ਕੁਝ ਸੀਮਤ ਪੂਰ-ਸੰਸਕਾਰ ਅਤੇ ਰਾਸ਼ਟਰੀ ਇਤਿਹਾਸਕਾਰਾਂ ਦੀ ਪਾਸਕੂ-ਦ੍ਰਿਸ਼ਟੀ ਵੀ ਜ਼ਿੰਮੇਵਾਰ ਹੈ। ਇਹਨਾਂ ਗੁਰ ਉਪਦੇਸ਼ਾਂ ਵਿੱਚ ਇਤਿਹਾਸ ਦੇ ਇਹਨਾਂ ਅਲੋਪ ਹੋ ਰਹੇ ਪੱਖਾਂ ਨੂੰ ਮੁੜ ਮੂਰਤੀਮਾਨ ਕਰਨ ਦਾ ਵੱਡਮੁੱਲਾ ਯਤਨ ਕੀਤਾ ਗਿਆ ਹੈ ਤੇ ਉਹ ਵੀ ਉਸ ਮਾਹਨ ਹਸਤੀ ਵੱਲੋਂ ਜਿਨ੍ਹਾਂ ਦੇ ਸੁਯੋਗ ਹੱਥਾਂ ਵਿੱਚ ਨਾਮਧਾਰੀ ਸਮਾਜ ਦੀ ਵਾਗਡੋਰ ਅੱਧੀ ਸਦੀ ਤੋਂ ਵੀ ਵਧੀਕ ਸਮੇਂ ਤਕ ਰਹੀ ਹੈ। ਜਿਨ੍ਹਾਂ ਦੀ ਦੂਰ ਦਰਸ਼ਤਾ, ਜਥੇਬੰਦਕ ਯੋਗਤਾ ਅਤੇ ਕਰਮਸ਼ੀਲ ਵਿਅਕਤਿਤਵ ਨੇ ਆਪਣੇ ਕਾਲ ਵਿੱਚ ਭਾਰਤੀ ਸੁਤੰਤਰਤਾ ਸੰਗਰਾਮ, ਸਿੱਖ ਸਮਾਜ ਦੇ ਉਥਾਨ ਤੇ ਨਾਮਧਾਰੀ ਧਾਰਮਿਕ ਮਰਿਆਦਾ ਦਾ ਇੱਕ ਤਰ੍ਹਾਂ ਦਾ ਨਵ-ਨਿਰਮਾਣ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪ ਦਾ ਦ੍ਰਿਸ਼ਟੀਕੋਣ ਜਿੱਥੇ ਆਪਣੇ ਸਮੇਂ ਦੇ ਦਾਇਤਵ ਤੋਂ ਪੂਰੀ ਤਰ੍ਹਾਂ ਸੁਚੇਤ ਸੀ, ਉੱਥੇ ਆਪ ਦੀ ਸਵੈ ਸਾਧਨਾ, ਅਨੁਭਵ, ਗਿਆਨ ਅਤੇ ਵਿਸ਼ਾਲ ਕਰਮਸ਼ੀਲ ਚਰਿੱਤਰ ਵਿੱਚ ਤ੍ਰੈ ਕਾਲ ਅਤੀਤ ਅਮਰ ਜੀਵਨ-ਕੀਮਤਾਂ ਅਤੇ ਉੱਚ ਅਧਿਆਤਮਿਕ ਪ੍ਰਾਪਤੀਆਂ ਦਾ ਵੀ ਸੂਖਮ ਸਾਰ ਤੇ ਨਿਚੋੜ ਸੀ। ਆਪ ਜੀ ਦੇ ਅੰਮ੍ਰਿਤ ਬਚਨਾਂ ਵਿੱਚ ਦ੍ਰਿੜਤਾ, ਸਥਿਰਤਾ, ਵਿਸ਼ਾਲਤਾ ਤੇ ਉੱਚ ਆਤਮਿਕ ਧਾਰਮਿਕ ਚੇਤਨਾ ਦੇ ਦਿਗ ਦਰਸ਼ਨ ਹੁੰਦੇ ਹਨ। ਇਹੋ ਕਾਰਨ ਹੈ ਕਿ ਇਹ ਗੁਰ ਉਪਦੇਸ਼ ਨਾਮਧਾਰੀ ਸਾਧ-ਸੰਗਤ ਤੋਂ ਬਿਨਾਂ ਸਮੂਹ ਸਿੱਖ ਸੰਸਥਾਵਾਂ ਤੇ ਵਿਸ਼ਵ ਵਿਆਪੀ ਭਾਈਚਾਰੇ ਅਤੇ ਸਮੁੱਚੀ ਮਨੁੱਖਤਾ ਦੀ ਅਧਿਆਤਮਿਕ ਸਾਂਝ ਨਾਲ ਓਤਪ੍ਰੋਤ ਹਨ। ਇਹਨਾਂ ਵਿੱਚ ਇੱਕ ਬਲਵਾਨ ਦ੍ਰਿੜਤਾ ਵੀ ਹੈ ਅਤੇ ਵਿਆਪਕ ਉਦਾਰਤਾ ਵੀ ਹੈ ਜੋ ਸਚਮੁਚ ਇੱਕ ਗੁਰੂ ਜੋਤ ਦਾ ਪ੍ਰਮਾਣਿਕ ਸਰੂਪ ਹੁੰਦਾ ਹੈ ਜਿਸਦਾ ਪ੍ਰਕਾਸ਼ ਸਰਬ ਜੁਗੀ ਤੇ ਸਦੀਵੀ ਹੁੰਦਾ ਹੈ। ਇਹਨਾਂ ਉਪਦੇਸ਼ਾਂ ਵਿੱਚ ਜਿੱਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਡ ਪ੍ਰਤਾਪੀ ਜੀਵਨ ਚਰਿੱਤਰ ਦੇ ਅਨੇਕ ਪੱਖਾਂ ਨਾਲ ਜਾਣ-ਪਛਾਣ ਹੁੰਦੀ ਹੈ ਉੱਥੇ ਭੂਤ, ਵਰਤਮਾਨ ਅਤੇ ਭਵਿੱਖ ਨਾਲ ਜੁੜੀਆਂ

ਅਨੇਕ ਸਮੱਸਿਆਵਾਂ ਦੇ ਉਚਿਤ ਸਮਾਧਾਨ ਦਾ ਬੂਹਾ ਵੀ ਖੁੱਲ੍ਹਦਾ ਹੈ। ਇੰਞ ਇਹ ਗੁਰੂ ਵਚਨ ਆਪਣੇ ਜੁਗ ਦੇ ਬਹੁਤ ਸਾਰੇ ਸਮਕਾਲੀ ਤੇ ਇਤਿਹਾਸਕ ਪੱਖਾਂ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਹਾਨ ਸ਼ਖਸ਼ੀਅਤ ਤਾਂ ਇੱਕ ਉਹ ਵਿਸ਼ਾਲ ਸਾਗਰ ਹੈ ਜੋ ਅਨੰਤਾਂ ਤਕ ਪਸਰਿਆ ਹੋਇਆ ਹੈ ਅਤੇ ਜਿਸਦੀਆਂ ਸੂਰਜੀ ਪ੍ਰਕਾਸ਼ ਵਿੱਚ ਜਗਮਗਾਉਂਦੀਆਂ ਤਰੰਗਾਂ ਗਹਿਰਾਈ ਵਿੱਚ ਬਹੁਤ ਕੁਝ ਅਮੋਲਕ ਲਾਲਾਂ ਰਤਨਾਂ ਦੇ ਰੂਪ ਵਿੱਚ ਲੁਕਿਆ ਹੋਇਆ ਹੈ ਅਤੇ ਜਿਸਦੀਆਂ ਉਚੇਰੀਆਂ ਚੋਟੀਆਂ ਆਕਾਸ਼ੀ ਸ਼ਿਖਰਾਂ ਨੂੰ ਛੂੰਹਦੀਆਂ ਹਨ–ਅਧਿਆਤਮਕ ਪੱਖ ਤੋਂ ਵੀ ਅਤੇ ਮਾਨਵੀ ਦਰਦ ਦੇ ਪੱਖ ਤੋਂ ਵੀ। ਭਾਰਤ ਦਾ ਇੱਕ ਮਹਾਨ ਸੂਫੀ ਬਜ਼ੁਰਗ ਸ਼ੇਖ ਫਰੀਦ ਸ਼ਕਰਗੰਜ ਰੱਬ ਤੋਂ ਇਹ ਦੁਆ ਮੰਗਦਾ ਹੈ,''ਰੱਬਾ ! ਮੈਨੂੰ ਅੱਖਾਂ ਵਿੱਚ ਹੰਝੂ (ਪ੍ਰੇਮ ਦੇ) ਅਤੇ ਦਿਲ ਵਿੱਚ ਮਨੁੱਖੀ ਦਰਦ ਬਖਸ਼ੀਂ।'' ਅਜਿਹਾ ਮਾਨਵੀ ਤੇ ਸਮਸਤ ਜੀਵ ਜੰਤ ਲਈ ਮਿੱਠਾ ਤੇ ਉਤਸ਼ਾਹ ਵਰਧਕ ਕਰੁਣਾ ਭਾਵ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਿਰਦੇ ਸਰੋਵਰ ਵਿੱਚ ਠਾਠਾਂ ਮਾਰ ਰਿਹਾ ਹੈ। ਆਪ ਜਿੱਥੇ ਅਕਾਲ ਪੁਰਖ ਦੀ ਰੱਬੀ ਸਤਹ ਦੀ ਏਕਤਾ ਵਿੱਚ ਵਿਸ਼ਵਾਸ ਰੱਖਦੇ ਹਨ, ਉੱਥੇ ਮਨੁੱਖ ਮਾਤਰ ਦੀ ਤੇ ਸਰਵ ਜੀਵ ਜੰਤਾਂ ਦੀ ਬਲਵਾਨ ਸਾਂਝ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਦੇ। ਇਹੋ ਤਾਂ ਹੈ ਸਤਿਗੁਰੂ ਦੇ ਮਹਾਨ ਦਾਇਤਵ ਦੀ ਪਛਾਣ ਜੋ ਸਭ ਲਈ ਸਾਂਝਾ ਹੈ ਤੇ ਸਭ ਦਾ ਰਖਵਾਲਾ ਹੈ।

ਭਾਵੇਂ ਇਸ ਸੰਗ੍ਰਹਿ ਵਿੱਚ ਅਟੱਲ ਪ੍ਰਤਾਪੀ ਜੀ ਦੇ ਲਗ–ਭਗ ਇੱਕ ਦਰਜਨ ਵਿਆਖਿਆਨ ਸੰਕਲਤ ਹਨ ਜਿਨ੍ਹਾਂ ਵਿੱਚ ਸਭੋ ਕੁਝ ਦਾ ਬੋਧ ਕਰਵਾ ਸਕਣਾ ਸੰਭਵ ਨਹੀਂ ਸੀ ਫਿਰ ਵੀ, ਸਾਪੇਖਕ ਰੂਪ ਵਿੱਚ ਇਹਨਾਂ ਵਿਖਿਆਨਾਂ ਤੇ ਸੀਮਤ ਮਨੋਰਥਾਂ ਨੂੰ ਸਾਹਮਣੇ ਰੱਖ ਕੇ ਜਿੰਨੀ ਵਸਤੂ–ਸਮੱਗਰੀ ਇਹਨਾਂ ਵਿੱਚ ਵਿਦਮਾਨ ਹੈ, ਉਹ ਕਿਸੇ ਮਹਾਨ ਸਭਿਆਚਾਰਕ ਕੁਬੇਰ ਦੇ ਖਜ਼ਾਨੇ ਤੋਂ ਘੱਟ ਨਹੀਂ ਹੈ।

ਇਹ ਧਾਰਮਿਕ ਵਿਆਖਿਆਨ ਸ੍ਰੀ ਸਤਿਗੁਰੂ ਜੀ ਨੇ ਆਪਣੀਆਂ ਵਿਦੇਸ਼ ਯਾਤਰਾਵਾਂ ਸਮੇਂ, ਜਦੋਂ ਆਪ ਬੰਕੋਕ, ਉਦੋਂ ਸਿਆਮ ਹੁਣ ਥਾਈਲੈਂਡ, ਵਿਖੇ ੧੯੪੮ ਤੋਂ ੧੯੫੦ ਵਿੱਚ ਉਥੋਂ ਦੀ ਸੰਗਤ ਦੇ ਉੱਧਾਰ

ਲਈ ਗਏ, ਉਸ ਸਮੇਂ ਸਾਧ-ਸੰਗਤ ਦੇ ਕਲਿਆਣ ਹਿੱਤ ਦਿੱਤੇ ਸਨ। ਬੰਕੋਕ ਦੀ ਨਾਮਧਾਰੀ ਸਾਧ ਸੰਗਤ ਦੇ ਮੁਖੀਆਂ ਨੇ ਉਸ ਸਮੇਂ ਸਤਿਗੁਰੂ ਜੀ ਦੇ ਇਹਨਾਂ ਪ੍ਰਵਚਨਾਂ ਨੂੰ ਰਿਕਾਰਡ ਕਰ ਲਿਆ ਅਤੇ ਪਿਛਲੇ ਕਾਫੀ ਸਮੇਂ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਦੇਸ਼ ਅਨੁਸਾਰ ਇਨ੍ਹਾਂ ਦੀਆਂ ਕੈਸਟਾਂ ਤਿਆਰ ਕਰਵਾਕੇ ਸ਼ਾਮ ਦੇ ਹਜ਼ੂਰੀ ਦੀਵਾਨਾਂ ਵਿੱਚ ਨਿਤਨੇਮ-ਨਾਮ ਸਿਮਰਨ ਸਮੇਂ ਇਨ੍ਹਾਂ ਨੂੰ ਸਾਧ-ਸੰਗਤ ਦੇ ਭਲੇ ਹਿੱਤ ਸੁਣਾਇਆ ਜਾਂਦਾ ਹੈ। ਬੜਾ ਅਲੌਕਿਕ ਦ੍ਰਿਸ਼ ਹੁੰਦਾ ਹੈ ਇਸ ਦੀਵਾਨ ਦਾ। ਇੱਕੋ ਸਮੇਂ ਜਦੋਂ ਹਜ਼ਾਰਾਂ ਦੀ ਗਿਣਤੀ ਵਿੱਚ ਇਸਤਰੀ ਪੁਰਸ਼ ਸ਼ਾਂਤ ਵਾਤਾਵਰਣ ਵਿੱਚ ਨਾਮ ਸਿਮਰਨ ਕਰ ਰਹੇ ਹੁੰਦੇ ਹਨ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਦਾ ਪ੍ਰਵਾਹ ਸਾਰੇ ਵਾਤਾਵਰਣ ਉੱਤੇ ਅਨੂਪਮ ਰਹੱਸਵਾਦੀ ਪ੍ਰਭਾਵ ਦਾ ਗੂੜ੍ਹਾ ਗੁਲਾਲੀ ਰੰਗ ਛਿੜਕ ਦਿੰਦਾ ਹੈ। ਮਾਨੋ ਸਤਿਗੁਰਾਂ ਦੇ ਮਿੱਠੜੇ ਬਚਨ ਸਾਰੀ ਸੰਗਤ ਨੂੰ ਨਾਮ ਅੰਮ੍ਰਿਤ ਦੇ ਰਸ-ਸਵਾਦਨ ਦੇ ਨਾਲ ਨਾਲ ਸਰਵਣਾਂ ਰਾਹੀਂ ਵੀ ਕਿਰਤਾਰਥ ਕਰਕੇ ਕਾਇਆ ਕਲਪ ਕਰੀ ਜਾਂਦੇ ਹਨ। ਵਾਸਤਵ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਜਾਣ ਦਾ ਮਹਾਤਮ ਹੀ ਇਹ ਹੈ ਕਿ ਇੱਥੇ ਪੁੱਜੇ ਪ੍ਰਾਣੀ ਮਾਤਰ ਦਾ ਆਤਮਿਕ ਰੂਪਾਂਤਰਣ ਹੁੰਦਾ ਹੈ। ਇੰਞ ਪ੍ਰਤੀਤ ਹੁਦਾ ਹੈ ਜਿੱਥੇ ਸਾਧ ਸੰਗਤ ਆਪਣੇ ਵਰਤਮਾਨ ਸਤਿਗੁਰੂ ਜੀ ਦੇ ਸਾਖਿਆਤ ਦਰਸ਼ਨ ਕਰਕੇ ਨਿਹਾਲ ਹੋ ਰਹੀ ਹੁੰਦੀ ਹੈ, ਉੱਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰੂਪ ਵੀ ਆਪਣੀ ਰਸਨਾਂ ਦੁਆਰਾ ਕਰਾਮਾਤੀ ਪ੍ਰਭਾਵ ਪਾ ਰਿਹਾ ਹੁੰਦਾ ਹੈ। ਆਪ ਦੇ ਇਹਨਾਂ ਉਪਦੇਸ਼ਾਂ ਵਿੱਚ ਉਹੋ ਕੁਝ ਹੀ ਦ੍ਰਿੜਾਇਆ ਗਿਆ ਹੈ ਜਿਨ੍ਹਾਂ ਆਦਰਸ਼ਾਂ ਨੂੰ ਮੁੱਖ ਰਖਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਖਾਲਸੇ ਦਾ ਸੰਤ ਖਾਲਸੇ ਦੇ ਸਰੂਪ ਵਿੱਚ ਪੁਨਰ ਨਿਰਮਾਣ ਕੀਤਾ ਸੀ, ਅਤੇ ਸਮੁੱਚੀ ਕੌਮ ਨੂੰ ਅਖੁਟ ਆਤਮ ਬਲ ਪ੍ਰਦਾਨ ਕੀਤਾ ਸੀ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਾ ਇਹ ਫੁਰਮਾਨ 'ਬਲ ਛੁਟਕਿਓ ਬੰਧਨ ਪਰੇ' ਅਤੇ 'ਬਲੁ ਹੋਆ ਬੰਧਨ ਛੁਟੇ' ਦੇ ਮਹਾਵਾਕ ਸਿੱਖ ਸਮਾਜ ਵਿੱਚ ਇਸ ਉਪਰੋਕਤ ਆਤਮਿਕ ਪ੍ਰਵਰਤਨ ਨੂੰ ਵੇਖਕੇ ਅਟੱਲ ਸਿੱਧ ਹੁੰਦੇ ਹਨ। ਉਹ ਕਿਹੜਾ ਬਲ ਹੈ ਜਿਸਦੇ ਖੁੱਸਣ ਨਾਲ ਬੰਧਨ ਪੈਂਦੇ ਹਨ ਅਤੇ ਜਿਸਦੀ ਪੁਨਰ ਪ੍ਰਾਪਤੀ ਨਾਲ

ਬੰਧਨ ਮੁਕਤ ਹੋ ਜਾਈਦਾ ਹੈ। ਸ੍ਰੀ ਸਤਿਗੁਰੂ ਜੀ ਦੇ ਇਨ੍ਹਾਂ ਉਪਦੇਸ਼ਾਂ ਵਿੱਚ ਬਾਰ-ਬਾਰ ਇਸ ਆਤਮਿਕ ਬਲ ਦੀ ਚਰਚਾ ਕੀਤੀ ਗਈ ਹੈ ਜੋ ਨਾਮ ਦੇ ਆਧਾਰ ਤੋਂ ਬਿਨਾਂ ਨਾ ਸਥਿਰ ਰਹਿ ਸਕਦਾ ਹੈ ਨਾ ਸੁਰੱਖਿਅਤ। ਇਹਨਾਂ ਉਪਦੇਸ਼ਾਂ ਵਿੱਚ ਥਾਂ ਪਰ ਥਾਂ ਨਾਮ ਸਿਮਰਨ ਦੇ ਮਹਾਂ ਆਧਾਰ ਬਾਰੇ ਬਾਰ-ਬਾਰ ਤਾਕੀਦ ਕੀਤੀ ਗਈ ਹੈ, ਅਤੇ ਆਪਣੇ ਸਿੱਖਾਂ ਨੂੰ ਬਾਣੀ ਦੀ ਜੋ ਟੇਕ ਸਤਿਗੁਰਾਂ ਨੇ ਇੱਕ ਆਦਰਸ਼ਕ ਜੀਵਨ ਜੁਗਤ ਦੇ ਰੂਪ ਵਿੱਚ ਬਖਸ਼ੀ ਹੈ ਉਹ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਮਾਨਵੀ ਸਮਾਜ ਦੇ ਚਰਿੱਤਰ ਨਿਰਮਾਣ ਦਾ ਜੀਵੰਤ ਸ੍ਰੋਤ ਸਿੱਧ ਹੋਈ। ਉਹ ਬਲ ਜਿਸਦੇ ਜਾਣ ਨਾਲ ਮਨੁੱਖੀ ਸੁਭਾਉ ਵਿੱਚ ਨਿਰਾਸ਼ਾ ਅਤੇ ਅੰਧਕਾਰ ਦੀ ਤਮੋਦਸ਼ਾ ਆ ਜਾਂਦੀ ਹੈ ਤੇ ਜਿਸਦੇ ਵਾਪਸ ਪਰਤਣ ਨਾਲ ਉਸ ਵਿੱਚ ਨਵੀਂ ਆਸ਼ਾ, ਸਾਹਸ, ਤੇ ਬਲਵਾਨਗੀ ਉਤਪੰਨ ਹੁੰਦੀ ਹੈ ਉਹ ਅਸਲ ਵਿੱਚ ਨਾਮ ਦੀ ਟੇਕ ਦੀ ਮਹਾਂਸ਼ਕਤੀ ਹੀ ਹੈ। ਸ੍ਰੀ ਸਤਿਗੁਰੂ ਜੀ ਬਾਰ ਬਾਰ ਉਹਨਾ ਉਪਦੇਸ਼ਾਂ ਵਿੱਚ ਗ੍ਰਿਹਸਤੀਆਂ, ਬਿਹੰਗਮਾਂ ਅਤੇ ਹੋਰ ਮਤਾ ਮਤਾਂਤਰਾਂ ਦੇ ਅਵਲੰਬੀਆਂ ਲਈ ਇਸੇ ਆਦਰਸ਼ਕ ਜੀਵਨ ਜੁਗਤ ਨੂੰ ਆਪਣਾ ਨਿਤ ਕਰਮ ਬਣਾਉਣ ਲਈ ਤਾਕੀਦ ਕਰਦੇ ਹਨ। ਪਰ, ਇੱਕ ਨਾਮ ਦੀ ਦਾਤ ਜੋ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦੀ ਹੈ ਅਤੇ ਉਹ ਵੀ ਕੇਵਲ ਮਨੁੱਖਾ ਜਨਮ ਵਿੱਚ, ਇਸ ਲਈ ਇਹਨਾਂ ਉਪਦੇਸ਼ਾਂ ਵਿੱਚ ਗੁਰੂ ਦੀ ਲੋੜ ਜਾਂ ਦੂਜੇ ਸ਼ਬਦਾਂ ਵਿੱਚ ਸਤਿਗੁਰੂ ਦੀ ਸ਼ਰਨ ਵਿੱਚ ਜਾਣ ਲਈ ਆਖਿਆ ਗਿਆ ਹੈ, ਕਿਉਂ ਨਾਮ ਦਾ ਉਹ ਅਖੁੱਟ ਖਜ਼ਾਨਾ, ਜਿਸਦੇ ਆਸਰੇ ਪ੍ਰਾਣੀ ਮਾਤਰ ਨੇ ਆਪਣੇ ਜੀਵਨ ਨੂੰ ਆਦਰਸ਼ਕ ਗਤੀ ਦੇ ਕੇ ਸਮਾਜਕ ਲਕਸ਼ਾਂ ਹਿੱਤ ਸੰਜੋਣਾ ਹੁੰਦਾ ਹੈ, ਉਹ ਸਤਿਗੁਰੂ ਦੇ ਦਰਬਾਰ ਵਿੱਚੋਂ ਹੀ ਪ੍ਰਾਪਤ ਹੋ ਸਕਦੀ ਹੈ। ਅਧਿਆਤਮਿਕ ਜਨਮ ਵਿੱਚ ਨਿਗੁਰੇ ਦੀ ਕੋਈ ਥਾਂ ਜਾਂ ਪਹੁੰਚ ਨਹੀਂ ਹੈ, ਏਥੋਂ ਤਕ ਕਿ ਸੁਖਦੇਵ ਤੇ ਗੁਰੂ ਅਮਰਦਾਸ ਜੀ ਵਰਗੀਆਂ ਹਸਤੀਆਂ ਨੂੰ ਵੀ ਨਿਗੁਰੇ ਹੋਣ ਦੇ ਤਾਹਨੇ ਮਿਹਣੇ ਸਹਿਣ ਉਪ੍ਰੰਤ ਹੀ ਗੁਰੂ ਦੀ ਲੋੜ ਅਨੁਭਵ ਹੋਈ ਅਤੇ ਉਹਨਾਂ ਦੇ ਆਤਮਿਕ ਉਥਾਨ ਉਸ ਸਮੇ ਹੀ ਹੋਇਆ ਜਦੋਂ ਉਹਨਾਂ ਨੂੰ ਸੱਚੇ ਗੁਰੂ ਦੀ ਪ੍ਰਾਪਤੀ ਹੋ ਗਈ।

ਗੁਰੂ ਦੀ ਮਹਾਨ ਸ਼ਕਤੀ ਦਾ ਤੇਜ ਪ੍ਰਤਾਪ ਕਿੱਡਾ ਵੱਡਾ ਵਿਅਕਤੀਗਤ, ਸਮਾਜਿਕ ਤੇ ਧਾਰਮਿਕ ਪ੍ਰੀਵਰਤਨ ਲਿਆ ਸਕਦਾ ਹੈ, ਇਸ ਅਮਰ ਸੱਚ

ਨੂੰ ਇਹਨਾਂ ਸਾਰੇ ਗੁਰ ਉਪਦੇਸ਼ਾਂ ਵਿੱਚ ਥਾਂ ਪਰ ਥਾਂ ਗਤੀਸ਼ੀਲ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮਤ ਦੀ ਜਿਹੜੀ ਜੋਤ ਕਲਿਜੁਗ ਵਿੱਚ ਪ੍ਰਜਵਲਤ ਕੀਤੀ ਕਥਨੀ ਕਰਨੀ ਤੇ ਉਪਕਾਰ ਦੇ ਰੂਪ ਵਿੱਚ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਤੋਂ ਦੇਹ ਸਰੂਪ ਨੂੰ ਅਲੋਪ ਕਰਨ ਉਪਰੰਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਲੈ ਕੇ ਹਜ਼ੂਰ ਨੇ ਆਪਣੇ ਸਮੇਂ ਤਕ ਨਾਮਧਾਰੀ ਇਤਿਹਾਸ ਨੂੰ ਇਹਨਾਂ ਉਪਦੇਸ਼ਾਂ ਵਿੱਚ ਇਸ ਤਰ੍ਹਾਂ ਮੋਹਬੰਦ ਕਰ ਦਿੱਤਾ ਹੈ ਕਿ ਅਧਿਆਤਮਿਕ ਅਤੇ ਧਾਰਮਿਕ ਰੂਪ ਵਿੱਚ ਜੀਵਨ ਜੁਗਤ ਤੇ ਇਤਿਹਾਸਕ ਭੰਡਾਰ ਬਣ ਗਿਆ ਹੈ। ਇਹਨਾਂ ਗੁਰ ਉਪਦੇਸ਼ਾਂ ਵਿੱਚ ਉਹਨਾਂ ਨੇ ਆਪਣੀ ਵਿਆਖਿਆਨ ਵਿਧੀ ਵੀ ਆਪ ਹੀ ਨਿਰਧਾਰਤ ਕੀਤੀ ਹੈ। ਇਹਨਾਂ ਵਿਖਿਆਨਾਂ ਤੋਂ ਪਹਿਲਾਂ ਸ਼ਾਮ ਦੇ ਦੀਵਾਨਾਂ ਵਿੱਚ ਕਥਾ ਦੀ ਮਰਿਆਦਾ ਪ੍ਰਚਲਿਤ ਸੀ। ਆਪ ਗੁਰਧਾਮਾਂ ਉੱਤੇ ਭਾਈ ਸੰਤੋਖ ਸਿੰਘ ਦੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਸੰਪ੍ਰਦਾਈ ਢੰਗ ਨਾਲ ਕੀਤੀ ਜਾਂਦੀ ਸੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਧਿਆਨ ਸਿੰਘ ਦੇ ਰਚੇ ਕਾਵਿ ਗ੍ਰੰਥ ''ਸਤਿਗੁਰੂ ਬਿਲਾਸ ਪਾ: ੧੨ ਵੀਂ'' ਦੀ ਕਥਾ ਵਿਆਖਿਆ ਦੀ ਰੀਤ ਤੋਰੀ। ਸੰਤ ਧਿਆਨ ਸਿੰਘ ਜੀ ਨੇ ਆਪਣੇ ਸਮਕਾਲੀ ਉੱਘੇ ਨਾਮਧਾਰੀ ਸਿੱਖਾਂ ਤੋਂ ਗੁਰ ਇਤਿਹਾਸ ਦੇ ਸਾਕੇ ਤੇ ਵਾਰਤਾਵਾਂ ਸੁਣਕੇ ਉਨ੍ਹਾਂ ਨੂੰ ਛੰਦ ਵਿੱਚ ਕਲਮ ਬੰਦ ਕਰਨ ਦਾ ਵੱਡਾ ਉੱਦਮ ਕੀਤਾ ਤੇ ਨਾਮਧਾਰੀ ਪੰਥ ਦੇ ਆਪਣੇ ਸਮੇ ਤਕ ਦੇ ਇਤਿਹਾਸ ਦੇ ਵਡਮੁੱਲੇ ਅੰਸ਼ਾਂ ਨੂੰ ਸਾਂਭ ਕੇ ਸੁਰੱਖਿਅਤ ਕਰ ਦਿੱਤਾ ਤੇ ਉਹ ਅਨਮੋਲ ਖਜ਼ਾਨਾ ਹੈ ਜੁ ਨਾਮਧਾਰੀ ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਤੇ ਮਹਾਨ ਘਾਲਣਾ ਸਦਕਾ ਨਵੀਂ ਅਧਿਆਤਮਿਕ ਸ਼ਕਤੀ ਦੇ ਰੂਪ ਵਿੱਚ ਰੂਪਮਾਨ ਹੋਇਆ। ਗੁਰੂ ਪ੍ਰਤੀ ਸ਼ਰਧਾ, ਸਮਰਪਣ ਤੇ ਆਤਮ ਬਲੀਦਾਨ ਤਥਾ ਪ੍ਰਾਣ ਨਿਉਛਾਵਰ ਕਰ ਦੇਣ ਦੀਆਂ ਜਿਉਂਦੀਆਂ ਜਾਗਦੀਆਂ ਮਿਸਾਲਾਂ ਹੋਂਦ ਵਿੱਚ ਆਈਆਂ, ਜਿਨ੍ਹਾਂ ਉੱਤੇ ਕੋਈ ਵੀ ਮਨੁੱਖੀ ਸਮਾਜ ਮਾਣ ਕਰ ਸਕਦਾ ਹੈ। ਗੁਰੂ ਸਾਹਿਬ ਨੇ ਵੀ ਫਰਮਾਇਆ ਹੈ '**ਉਪਰਿ ਸਚੁ ਆਚਾਰੁ**' ਜੇ ਇਸ ਸਚਿਆਰੇ ਆਚਰਣ ਦੀ ਕਰਾਮਾਤੀ ਤੇ ਆਦਰਸ਼ਕ ਸ਼ਕਤੀ ਨੂੰ ਵੇਖਣਾ ਹੋਵੇ ਤੇ ਸਿੱਖੀ ਸਿਦਕ ਦੇ ਸੁੰਦਰਤਮ ਪ੍ਰਮਾਣਾਂ ਦੀ ਖੋਜ ਕਰਨੀ ਹੋਵੇ ਤਾਂ ਇਨ੍ਹਾਂ ਗੁਰ ਉਪਦੇਸ਼ਾਂ ਦੇ ਹਰ ਪੰਨੇ

ਤੋਂ ਇਸ ਦੇ ਜਗਮਗਾਉਂਦੇ ਪ੍ਰਕਾਸ਼ ਨੂੰ ਵੇਖਿਆ ਜਾ ਸਕਦਾ ਹੈ। ਮਾਨੋ, ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਆਪਣੇ ਸਿੱਖਾਂ ਦੀ ਕਰਤੂਤ ਨੂੰ ਏਨਾ ਉਚੇਰਾ ਕਰ ਦਿੱਤਾ ਕਿ ਉਹ ਸਾਡੇ ਸਭ ਲਈ ਆਦਰਸ਼ਕ ਮਾਰਗ ਉੱਤੇ ਚਲਣ ਲਈ ਇਤਿਹਾਸ ਦੀ ਤਖਤੀ ਉੱਤੇ ਪੂਰਨੇ ਹਨ।

ਇਸ ਪੁਸਤਕ ਵਿੱਚ ਸਤਿਗੁਰੂ ਜੀ ਦੇ ਕੇਵਲ ਇੱਕ ਦਰਜਨ ਦੇ ਕਰੀਬ ਵਿਆਖਿਆਨ ਸੰਕਲਤ ਹਨ ਪਰ ਇਹ ਸਾਡੇ ਧਾਰਮਿਕ ਬੰਧਾਨ ਤੇ ਇਤਿਹਾਸ ਦੇ ਉਤਕ੍ਰਿਸ਼ਟ ਗੌਰਵ ਅਤੇ ਵਿਆਪਕ ਭੰਡਾਰ ਹਨ। ਏਥੇ ਭਾਵੇਂ ਸੰਤ ਧਿਆਨ ਸਿੰਘ ਜੀ ਦੀ ਪੁਸਤਕ ਨੂੰ ਕਥਾ ਦਾ ਆਧਾਰ ਬਣਾ ਕੇ ਗੱਲ ਕੀਤੀ ਗਈ ਹੈ ਅਤੇ ਉਹ ਵੀ ਵਿਸ਼ੇਸ਼ ਤੌਰ ਤੇ ਮਲੇਰਕੋਟਲੇ ਦੇ ਮਹਾਨ ਸ਼ਹੀਦੀ ਸਾਕੇ, ਭਾਈ ਰਾਇ ਸਿੰਘ ਦੇ ਅਬਚਲ ਨਗਰ ਹਜ਼ੂਰ ਸਾਹਿਬ ਤੇ ਜਾਣ ਤੇ ਪਰਤਣ ਦੀ ਵਾਰਤਾ, ਅਨੰਦਪੁਰ ਸਾਹਿਬ ਦੇ ਹੋਲੇ ਦੀਆਂ ਘਟਨਾਵਾਂ ਨੂੰ ਆਧਾਰ ਬਣਾਇਆ ਗਿਆ ਹੈ ਪਰ ਇਸ ਵਿੱਚ ਸ੍ਰੀ ਸਤਿਗੁਰੂ ਜੀ ਨੇ ਆਪਣੇ ਗਿਆਨ ਅਤੇ ਅਨੁਭਵ ਦੇ ਸਾਗਰ ਦੇ ਵਿਵਿਧ ਪੱਖਾਂ ਨੂੰ ਇਸ ਤਰ੍ਹਾਂ ਸੰਜੋਅ ਦਿੱਤਾ ਹੈ ਕਿ ਆਪਣੇ ਪਾਵਨ ਵਿਅਕਤਿਤਵ ਦੀ ਪਾਵਨ ਛੁਹ ਦੁਆਰਾ ਇਹ ਸਰਬ ਸਮਿਆਂ ਲਈ ਸਾਧ-ਸੰਗਤ ਤੇ ਸਮੂਹ ਮਨੁੱਖ ਜਾਤੀ ਲਈ ਅਧਿਆਤਮਿਕ ਜੋਤੀ ਤੇ ਆਦਰਸ਼ਕ ਸਮਾਜਕ ਜੀਵਨ ਜੁਗਤ ਦਾ ਚਾਨਣ ਮੁਨਾਰਾ ਬਣ ਗਿਆ ਹੈ। ਨਾਮਧਾਰੀ ਰਹਿਤ ਮਰਿਆਦਾ ਤੇ ਇਤਿਹਾਸ ਤੋਂ ਬਿਨਾ ਸਮਕਾਲੀ ਸਮਾਜ ਦੇ ਅਨੇਕ ਪੱਖਾਂ ਬਾਰੇ ਜਿਸ ਦ੍ਰਿਸ਼ਟੀ ਕੋਣ ਦਾ ਸ੍ਰੀ ਸਤਿਗੁਰੂ ਜੀ ਨੇ ਇਹਨਾਂ ਉਪਦੇਸ਼ਾਂ ਵਿੱਚ ਨਿਰਮਾਣ ਕੀਤਾ ਹੈ, ਇੱਕ ਆਦਰਸ਼ਕ ਜੀਵਨ ਜੁਗਤ ਦੀ ਜਿਹੜੀ ਘਾੜਤ ਘੜੀ ਹੈ, ਉਹ ਵਰਤਮਾਨ ਸੰਸਾਰ ਦੇ ਅੰਧਿਆਰੇ ਰਾਹਾਂ ਨੂੰ ਵੀ ਉਜਿਆਰਾ ਦੇਣ ਵਾਲੀ ਤੇ ਮਨੁੱਖਤਾ ਦੇ ਮਾਰਗ ਦੇ ਕੰਡੇ ਤੇ ਰੋਗਾਂ ਨੂੰ ਦੂਰ ਕਰਕੇ 'ਸਭੇ ਸਾਂਝੀਵਾਲ ਸਦਾਇਨ' ਦੇ ਸਮਾਜਕ ਲਕਸ਼ਾਂ ਉੱਤੇ ਲੈ ਜਾਣ ਦਾ ਵੱਡਾ ਪ੍ਰੀਸ਼ਰਮ ਹੈ ਜੋ ਸਤਿਗੁਰੂ ਜੀ ਨੇ ਜਗਤ ਕਲਿਆਣ ਹਿੱਤ ਕੀਤਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਾਂ ਪ੍ਰਤਾਪੀ ਵਿਅਕਤਿਤਵ ਦੇ ਜਲੌ ਦੀ ਤਾਬ ਕੌਣ ਝੱਲ ਸਕਦਾ ਹੈ, ਕੌਣ ਇਸ ਮਹਾਂ ਸ਼ਕਤੀ ਦੇ ਸੂਰਜੀ ਪ੍ਰਤਾਪ ਦਾ ਸਹੀ ਸਹੀ ਬਿਆਨ ਕਰ ਸਕਦਾ ਹੈ। ਜੇ ਸਤਿਗੁਰੂ ਜੀ ਦੇ

ਗਿਆਨ ਵੱਲ ਜਾਈਏ ਤਾਂ ਹੈਰਾਨ ਹੋ ਜਾਈਦਾ ਹੈ, ਜੇ ਉਹਨਾਂ ਦੇ ਅਧਿਆਤਮਕ ਅਨੁਭਵ ਦੀ ਪਾਰਸ ਛੁਹ ਨੂੰ ਮਾਨਣ ਦਾ ਯਤਨ ਕਰੀਏ ਤਾਂ ਅਲੌਕਿਕ ਵਿਸਮਾਦੀ ਅਨੰਦ ਵਿੱਚ ਵਿਭੋਰ ਤੇ ਮਖਮੂਰ ਹੋ ਜਾਈਦਾ ਹੈ, ਕਿ ਉਨ੍ਹਾਂ ਦੇ ਮਨੁੱਖੀ ਦਰਦ ਵਿੱਚ ਭਿੱਜੇ ਹਿਰਦੇ ਦੀ ਆਵਾਜ਼ ਤੇ ਪ੍ਰੇਰਨਾ ਨਾਲ ਸੁਰਬੱਧ ਹੋਇਆ ਜਾਵੇ ਤਾਂ ਸਹਿਜ ਸ਼ਾਂਤੀ ਵਾਲੇ ਸਮਾਜ ਦੀ ਸਿਰਜਣਾ ਸੰਭਵ ਹੁੰਦੀ ਜਾਪਦੀ ਹੈ। ਉਹ ਇਤਿਹਾਸ ਦੀ ਗੱਲ ਵੀ ਕਰਦੇ ਹਨ ਤੇ ਸਮਕਾਲੀ ਜੀਵਨ ਦੀਆਂ ਕੁਰੀਤੀਆਂ ਅਤੇ ਅਨੀਤੀਆਂ ਵੱਲ ਸੰਕੇਤ ਕਰਦੇ ਹੋਏ ਆਪਣੇ ਸਿੱਖਾਂ ਨੂੰ ਸਿੱਧੇ ਮਾਰਗ ਤੇ ਚਲਣ ਦੀ ਥਾਪੜੀ ਵੀ ਦਿੰਦੇ ਹਨ। ਜੇ ਇਹਨਾਂ ਗੁਰ ਉਪਦੇਸ਼ਾਂ ਵਿੱਚ ਉਦਾਹਰਣਾਂ ਤੇ ਪ੍ਰਮਾਣਾਂ ਵਜੋਂ ਵਰਤੇ ਗਏ ਨਾਵਾਂ ਥਾਵਾਂ ਦੇ ਵੇਰਵੇ ਨੂੰ ਲਿਆ ਜਾਵੇ ਤਾਂ ਸਤਿਗੁਰੂ ਜੀ ਦੇ ਸੱਚ ਦੀ ਤਹਿ ਤਕ ਪੁੱਜਣ ਲਈ ਕੀਤੇ ਗਏ ਯਤਨਾਂ, ਲਗਨ ਅਤੇ ਖੋਜ ਦੀ ਬਿਰਤੀ ਤੋਂ ਚਕ੍ਰਿਤ ਰਹਿ ਜਾਈਦਾ ਹੈ, ਕਿਵੇਂ ਇੱਕੋ ਵਿਅਕਤੀ ਨੇ ਇਹ ਸਾਰੀ ਵਸਤੂ ਸਮੱਗਰੀ ਤੇ ਮਨੁੱਖੀ ਸਮੂਹਾਂ ਨੂੰ ਆਪਣੀ ਘੁਟਣੀ ਵਿੱਚ ਸਮੋਇਆ ਹੋਇਆ ਹੈ। ਇਹ ਆਪਣੀ ਮਿਸਾਲ ਆਪ ਹੈ ਜਦੋਂ ਆਪ ਪ੍ਰਵਚਨ ਕਰਦੇ ਹਨ ਤਾਂ ਗਿਆਨਧਾਰਾ ਦਾ ਸਿੰਧੂ ਪਰਵਾਹ ਚਲ ਪੈਂਦਾ ਹੈ। ਮਧੁਰ ਕੰਠ ਤੇ ਪ੍ਰਭਾਸ਼ਾਲੀ ਬੋਲ ਸਿੱਧੇ ਹਿਰਦੇ ਵਿੱਚ ਉਤਰ ਜਾਂਦੇ ਹਨ ਅਤੇ ਸਾਡੇ ਅੰਦਰ ਤੂਫਾਨ ਮਚਾ ਦਿੰਦੇ ਹਨ। ਦਰਦ ਤੇ ਪ੍ਰੇਮ ਦੀ ਝੀਣੀ ਬਾਣ-ਬਰਖਾ ਹੋਣ ਲੱਗ ਪੈਂਦੀ ਹੈ, ਅਤੇ ਏਥੇ ਹੀ ਬਸ ਨਹੀਂ ਹੁੰਦੀ ਸ੍ਰੀ ਸਤਿਗੁਰੂ ਜੀ ਇਸ ਭਵ ਸਾਗਰ ਵਿੱਚੋਂ ਸਹਿਜ ਦੀ ਅਡੋਲਤਾ ਦੁਆਰਾ ਪਾਰ ਵੀ ਕਰ ਦਿੰਦੇ ਹਨ। ਜੇ ਇਨ੍ਹਾਂ ਪ੍ਰਵਚਨਾਂ ਨੂੰ ਸੁਣਨ ਦਾ ਇਹ ਪ੍ਰਭਾਵ ਸਾਡੇ ਤਪਦੇ ਅਤੇ ਅਸ਼ਾਂਤ ਮਨਾਂ ਉੱਤੇ ਪੈਂਦਾ ਹੈ ਤਾਂ ਇਨ੍ਹਾਂ ਦੇ ਪੜ੍ਹਨ ਨਾਲ ਇਹ ਪ੍ਰਭਾਵ ਹੋਰ ਵੀ ਸਥਿਰ ਕਿਉਂ ਨਹੀਂ ਹੋ ਸਕੇਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਇਹਨਾਂ ਵਿਆਖਿਆਨਾਂ ਨੂੰ ਪ੍ਰਕਾਸ਼ਤ ਕਰਕੇ ਵਰਤਮਾਨ ਤੇ ਆਗਾਮੀ ਜਗਿਆਸੂਆਂ ਤੇ ਅਭਿਆਸੀਆਂ ਤੇ ਵੱਡਾ ਉਪਕਾਰ ਕੀਤਾ ਹੈ, ਤੇ ਉਸ ਬੀਬੀ ਜੀ ਦਾ ਵੀ ਧੰਨਵਾਦ ਕਰਨ ਨੂੰ ਜੀ ਕਰਦਾ ਹੈ ਜਿਨ੍ਹਾਂ ਨੇ ਕਠਿਨ ਮਿਹਨਤ ਕਰਕੇ ਇਹਨਾਂ ਨੂੰ ਵਰਤਮਾਨ ਰੂਪ ਵਿੱਚ ਸੰਕਲਤ ਕਰਨ ਦੀ ਸੇਵਾ ਨੂੰ ਨਿਭਾਇਆ ਹੈ। ਸੱਚ ! ਇਹ ਤਾਂ ਗੁਰੂ ਦੇ ਫਰਮਾਣ ਹਨ, ਗੁਰੂ ਦੀ

ਕਾਰ ਹੈ, ਗੁਰੂ ਘਰ ਦੀ ਸੇਵਾ ਹੈ, ਜਿਸ ਕਿਸੇ ਨੂੰ ਵੀ ਸਤਿਗੁਰੂ ਜੀ ਇਹ ਬਖਸ਼ਦੇ ਹਨ ਉਨ੍ਹਾਂ ਦੇ ਵੱਡੇ ਭਾਗ ਹੁੰਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਪ੍ਰੀਸ਼ਰਮ ਰਾਹੀਂ ਇਸ ਪੁਸਤਕ ਦੇ ਰੂਪ ਵਿੱਚ ਉਹ ਸਦੀਵ ਕਾਲ ਤਕ ਜਗਦਾ ਦੀਪਕ ਸਾਡੇ ਹੱਥਾਂ ਵਿੱਚ ਦੇ ਦਿੱਤਾ ਹੈ ਜਿਸ ਦੀ ਰੌਸ਼ਨੀ ਵਿੱਚ ਸਾਡੇ ਜੀਵਨ ਮਾਰਗ ਦਾ ਕੋਈ ਕਦਮ ਵੀ ਹਨੇਰੇ ਵਿੱਚ ਨਹੀਂ ਰਹਿ ਸਕਦਾ। ਲੋੜ ਤਾਂ ਇਸ ਗੱਲ ਦੀ ਹੈ ਕਿ ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਕਿ ਸਾਡੇ ਹੱਥਾਂ ਵਿੱਚ ਨਾਮ ਬਾਣੀ ਤੇ ਸੁੱਚ ਸੋਧ ਦਾ ਇਹ ਸੁਨਿਹਿਰੀ ਥਾਲ ਸਦਾ ਸਦਾ ਲਈ ਟਿਕਿਆ ਰਹੇ, ਜਿਸ ਵਿੱਚ ਗੁਰੂ ਦੀਖਿਆ ਦੀ ਇਹ ਜੋਤ ਸਦਾ ਸਦਾ ਲਈ ਜਗ ਰਹੀ ਹੈ। ਆਪਣੀ ਅਰਦਾਸ ਵਿੱਚ ਅਸੀਂ ਰੋਜ਼ ਇਹ ਸ਼ਬਦ ਦੁਹਰਾਉਂਦੇ ਹਨ,"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮਰੀਏ ਜਿਨ੍ਹਾਂ ਕਲਿਜੁਗ ਵਿੱਚ ਨਾਮ ਬਾਣੀ ਦਾ ਪ੍ਰਵਾਹ ਦਿੱਤਾ ਚਲਾਇ।" ਜੇ ਕਿਸੇ ਨੇ ਨਾਮ ਬਾਣੀ ਸੁੱਚ ਸੋਧ ਦੇ ਅਖੁਟ ਪਰਵਾਹ ਦੇ ਸਾਖਿਆਤ ਦਰਸ਼ਨ ਕਰਨੇ ਹੋਣ ਤਾਂ ਇਹਨਾਂ ਗੁਰ ਉਪਦੇਸ਼ਾਂ ਨੂੰ ਪੜ੍ਹ ਲਵੇ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਨ੍ਹਾਂ ਦੇ ਬਚਨਾਂ ਦੁਆਰਾ ਸਾਖਿਆਤ ਦਰਸ਼ਨ ਕਰ ਲਵੇ।

**ਕਿਰਪਾਲ ਸਿੰਘ ਕਸੇਲ**

ਪਟਿਆਲਾ

# ਬੰਕੋਕ ੨੩-੧੧-੧੯੪੮

ਭਾਈ ਸਾਹਿਬ ਹਰਨਾਮ ਸਿੰਘ ਜੀ—ਸਾਡੇ ਰਾਗੀ ਸਿੰਘ, ਜ਼ਿਮੀਂਦਾਰ ਸਨ ਤੇ ਜਿਸ ਵੇਲੇ ਕਰਦੇ ਸੀ ਸ਼ੁਰੂ ਕੀਰਤਨ ਤੇ ਵਿਆਖਿਆ, ਉਹ ਇਹੋ ਹੀ ਪ੍ਰਮਾਣ ਦਿੰਦੇ ਸਨ ਕਿ ਜਿਸ ਵਕਤ ਬੱਦਲ ਹੋ ਜਾਏ, ਜਿਹੜੇ ਜ਼ਿਮੀਂਦਾਰ ਸਿਆਣੇ ਹਨ, ਉਹ ਬਾਰਸ਼ ਪੈਣ ਤੋਂ ਪਹਿਲੇ ਹੀ ਕਹੀਆਂ ਲੈ ਕੇ ਆਪਣੇ ਖੇਤਾਂ ਦੇ ਵੱਟੇ-ਬੰਨੇ ਬੰਨ੍ਹ ਲੈਂਦੇ ਹਨ, ਕਿਸ ਵਾਸਤੇ—ਕਿ ਜੇ ਬਾਰਿਸ਼ ਹੋਈ ਤਾਂ ਪਾਣੀ ਨਾ ਰੁੜ੍ਹ ਜਾਏ। ਜਿਹੜੇ ਲੋਕ ਖਿਆਲ ਨਹੀਂ ਰੱਖਦੇ, ਜਿਸ ਵਕਤ ਬਾਰਿਸ਼ ਹੁੰਦੀ ਹੈ, ਉਹਨਾ ਦੇ ਖੇਤਾਂ ਦਾ ਪਾਣੀ ਰੁੜ੍ਹ ਕੇ ਉਹਦੀ ਤਾਕਤ ਵੀ ਲੈ ਜਾਂਦਾ ਹੈ, ਦੂਸਰੇ ਦੇ ਖੇਤਾਂ ਵਿੱਚ ਚਲਾ ਜਾਂਦਾ ਹੈ।

ਇਸੇ ਤਰ੍ਹਾਂ ਸਾਧ-ਸੰਗਤ ਵਿੱਚ ਆ ਕੇ ਜਦੋਂ ਕਿਸੇ ਜਗ੍ਹਾ, ਕਿਸੇ ਸੁਸਾਇਟੀ, ਸਭਾ ਵਿੱਚ ਜਾਈਏ, ਬੈਠੀਏ, ਵਿਆਖਿਆਨ-ਕਥਾ-ਕੀਰਤਨ ਸੁਣੀਏ ਤਾਂ ਆਪਣੀਆਂ ਵੱਟਾਂ-ਬੰਨੇ—ਕੰਨ, ਅੱਖਾਂ, ਜ਼ੁਬਾਨ, ਮਨ—ਇਹਨਾ ਨੂੰ ਉਧਰਲੇ ਪਾਸੇ ਲਾਈਏ ਤੇ ਕੋਈ ਚੀਜ਼ ਮਿਲ ਜਾਂਦੀ ਹੈ, ਜੇ ਵੱਟਾਂ-ਬੰਨੇ ਨਾ ਬੱਝੇ ਹੋਣ, ਝਾਕੀਏ ਕਿਸੇ ਵੱਲ, ਗੱਲ ਕਿਸੇ ਨਾਲ ਕਰਦੇ ਰਹੀਏ, ਕੰਨ ਕਿਧਰੇ ਕਰ ਛੱਡੀਏ ਤੇ ਫਿਰ ਸੁਣਦਾ ਕੁਝ ਨਹੀਂ।

ਇੱਥੇ ਭਾਈ ਕਾਲਾ ਸਿੰਘ ਜੀ—ਇੱਕ ਸਾਡੇ ਮਹਾਤਮਾ ਹੋਏ ਹਨ—ਜਿਹਨਾਂ ਨੂੰ ਅਸੀਂ ਨਾਮਧਾਰੀਆਂ ਵਿੱਚ ਦੂਸਰੇ ਕਵੀ ਕਹਿ ਸਕਦੇ ਹਾਂ। ਪਹਿਲੇ ਚੰਦਾ ਸਿੰਘ ਜੀ ਸਨ—ਇੱਕ, ਜਿਹਨਾ ਦੇ ਨੇਤਰ ਨਹੀਂ ਸਨ, ਉਹਨਾਂ ਨੇ ਆਪਣਾ

ਹਾਲ ਇਸ ਤਰ੍ਹਾਂ ਦੱਸਿਐ–

*ਚੰਦਾ ਸਿੰਘ ਸੂਰਮਾ ਰਹੇ ਸਹਾਰਨ ਦੀਵਾਨ ਸਿੰਘ ਦੇ ਪਾਸ।*

ਜਨਮ ਉਹਨਾਂ ਦਾ ਝੱਬਰਾਂ ਦਾ ਸੀ—ਜ਼ਿਲ੍ਹੇ ਸ਼ੇਖੂਪੁਰੇ ਦਾ। ਉਹਨਾਂ ਨੇ ਪਹਿਲਾਂ ਬਾਰ੍ਹਾਂ ਮਾਂਹ ਸਤਿਗੁਰਾਂ ਦਾ ਬਣਾਇਆ—ਜਿਸ ਤਰ੍ਹਾਂ ਸਤਿਗੁਰਾਂ ਨੇ ਪੰਥ ਚਲਾਇਆ; ਜਿਸ ਤਰ੍ਹਾਂ ਖੇਡ ਵਰਤੀ-ਸਾਰੀ, ਜੋ ਕੁਝ ਹੋਇਆ ਔਰ ਜਿਹੜੀ ਅੱਗੇ ਨੂੰ ਹੋਣ ਵਾਲੀ ਗੱਲ ਹੈ। ਇਹ ਤੁਕਾਂ ਜਿਹੜੀਆਂ ਹਨ– ਕਈ ਲੋਕ ਖਿਆਲ ਕਰਦੇ ਹਨ ਬਈ ਸੌ ਸਾਖੀ ਵਿੱਚ ਲਿਖਿਆ ਹੈ—ਰੂਸ ਪੰਜਾਬੈ ਆਵੈ—ਇਹ ਸੌ ਸਾਖੀ ਦੀਆਂ ਤੁਕਾਂ ਨਹੀਂ, ਇਹ ਉਹਨਾਂ ਸੰਤਾਂ (ਚੰਦਾ ਸਿੰਘ) ਦੀਆਂ ਤੁਕਾਂ ਹਨ–

*ਜਦ ਰੂਸ ਪੰਜਾਬੇ ਆਵੈ।*
*ਪਵੇ ਕਾਲ ਮੁਲਖ ਰੁਲ ਜਾਵੈ।*
*ਦੁਨੀਆਂ ਮਰੇ ਅੰਨ ਕੇ ਹਾਵੈ*[੧]।

ਦੂਸਰੇ ਕਵੀ—ਇਹ ਭਾਈ ਕਾਲਾ ਸਿੰਘ ਜੀ ਸਨ, ਜਿਨ੍ਹਾਂ ਦਾ ਜਨਮ ਨੰਗਲ, ਜ਼ਿਲ੍ਹਾ ਲੁਧਿਆਣਾ ਦਾ ਔਰ ਇਹ ਦਰਜ਼ੀਆਂ ਦਾ ਕੰਮ ਕਰਦੇ ਸਨ। ਇਹਨਾਂ ਨੇ ਆਪਣਾ ਸਾਰਾ ਹਾਲ ਉੱਥੇ ਦੱਸਿਆ। ਸਤਿਗੁਰਾਂ ਦੇ ਜਾਣ ਤੋਂ ਬਾਅਦ ਪਹਿਲਾਂ ਇਹਨਾਂ ਨੇ ਇੱਕ ਪੈਂਤੀਸ ਅੱਖਰੀ ਲਿਖੀ, ਜਿਹੜੀ ਬੜੀ ਇੱਕ ਖਾਸ ਚੀਜ਼ ਹੈ, ਜਿਹਦੇ ਵਿੱਚ ਸਾਰਾ ਮਲੇਰਕੋਟਲੇ ਦਾ ਸਾਕਾ ਬਿਆਨ ਕੀਤਾ ਹੋਇਆ ਹੈ। ਉਹ ਇੱਕ ਖਾਸ ਚੀਜ਼ ਉਹਨਾ ਨੇ ਬਣਾਈ ਜਿਸ ਵਕਤ ਉਹਨਾਂ ਦੇ ਵਿੱਚ ਸ਼ੁਰੂ ਦਾ ਪ੍ਰੇਮ ਸੀ। ਉਸ ਤੋਂ ਬਾਅਦ ਇਹ ਪੁਸਤਕ[੨] ਉਹਨਾ ਨੇ ਲਿਖੀ। ਇਸ ਪੁਸਤਕ ਦੇ ਵਕਤ ਉਹਨਾਂ ਦੀ ਬਿਰਤੀ ਜਿਹੜੀ ਸੀ, ਪਹਿਲੇ ਵਾਲੀ ਥਾਂ ਉੱਤੇ ਨਹੀਂ ਸੀ ਰਹੀ—ਪ੍ਰੇਮ ਦੇ ਥਾਂ ਵਿਵਹਾਰਕ ਹੋ ਗਈ ਸੀ। ਕੋਈ ਚੀਜ਼ ਆ ਜਾਂਦੀ ਹੈ—ਆਦਮੀ ਦੇ ਵਿੱਚ, ਪਤਾ ਨਹੀਂ ਉਹਨੂੰ ਲਗਦਾ। ਇੱਕ ਵਕਤ ਉਹ ਹੁੰਦਾ ਹੈ ਕਿ ਜਿਸ ਵੇਲੇ—ਓਹਨੂੰ ਪ੍ਰੇਮ ਦੇ ਵਿੱਚ ਹੋਏ-ਹੋਏ ਨੂੰ ਕੋਈ ਚੀਜ਼ ਦਾ ਪਤਾ ਨਹੀਂ ਲਗਦਾ, ਉਹਦੇ ਵਿੱਚ ਸੁਆਦ ਕੁਛ ਹੋਰ ਚੀਜ਼ ਹੈ, ਜਦੋਂ ਵਿਹਾਰ ਵਿੱਚ ਆਦਮੀ ਪੈਂਦਾ ਹੈ—ਉਹਦਾ ਕੁਛ ਹੋਰ ਸੁਆਦ ਹੈ।

## ਮਲੇਰਕੋਟਲੇ ਦਾ ਸਾਕਾ

ਇਸੇ ਤਰ੍ਹਾਂ ਇਸ ਗ੍ਰੰਥ ਵਿੱਚ ਹੁਣ ਉਹ ਜਿਸ ਤਰ੍ਹਾਂ ਮਲੇਰਕੋਟਲੇ ਦਾ ਸਾਕਾ ਹੈ, ਉਹਦਾ ਹਾਲ ਦੱਸਦੇ ਹਨ—ਸੰਤ ਜੀ ਸੁਣਾਉਣ ਲੱਗੇ ਹਨ। ਪਹਿਲੇ ਹਾਲ 'ਚ ਉਹਨਾ ਨੇ ਉਹਦੇ ਪਿੱਛੇ ਕਬਿਤ ਲਿਖੇ ਸਨ—ਪੈਂਤੀਸ ਅੱਖਰੀ ਦੇ :

*ਜੀਹਨੂੰ ਆਖਦੇ ਅਕਾਲ, ਸੁਰਗ ਲੋਕ ਤੇ ਪਇਆਲ,*[੩]
*ਸੋਈ ਪ੍ਰਗਟਿਆ ਗੁਪਾਲ, ਰਾਮ ਸਿੰਘ ਜੋ ਕਹਾਂਵਦਾ।*
*ਜਿਹੜਾ ਸੁਣੀਂਦਾ ਸੀ ਦੂਰ, ਸੋਈ ਦੇਖਿਆ ਹਜੂਰ,*
*ਜੀਕੂੰ ਪਾਣੀ ਉਤੇ ਬੂਰ, ਪਉਣ ਛਿਨ ਮੈਂ ਹਟਾਂਵਦਾ।*
*ਕੀਤੀ ਧਰਤ ਨੇ ਪੁਕਾਰ, ਜੀ ਮੈਂ ਹੋਈ ਆਂ ਲਾਚਾਰ,*
*ਮੈਨੂੰ ਦੇਣਾ ਜੀ ਦੀਦਾਰ, ਭਾਰ ਚੁਕਿਆ ਨਹੀਂ ਜਾਂਵਦਾ।*
*ਸੁਣੀ ਅਰਜੋਈ ਮਹਾਰਾਜ ਮੰਨੀ ਸੋਈ,*
*ਫਿਰ ਧਾਰਕੇ ਅਵਤਾਰ ਤੇ ਧਰਤ ਉਤੇ ਆਂਵਦਾ।*

ਮੈਨੂੰ ਸਾਰੇ ਕਬਿਤ ਨਹੀਂ ਯਾਦ—ਕਬਿਤ ਹਨ ੪ ਜਾਂ ੫—ਉਹਨਾਂ ਦੇ ਵਿੱਚ ਲਿਖਿਆ ਹੈ–

*ਤੇਰੀ ਕਰੇ ਸੋ ਪਛਾਣ, ਜਿਹਨੂੰ ਦੇਵੇਂ ਆਪ ਦਾਨ,*
*ਸਾਥ ਦੇਂਦੇ ਸੀ ਪ੍ਰਮਾਣ, ਰਾਮ ਬਾਢੀ ਬੰਸ ਆਂਵਦਾ।*

ਉਸ ਪੁਸਤਕ ਤੋਂ ਬਾਅਦ-ਇਹ ਪੁਸਤਕ (ਪੰਥ ਪ੍ਰਕਾਸ਼) ਉਹਨਾਂ ਨੇ ਲਿਖੀ—ਇਹਦੇ ਵਿੱਚ ਹੁਣ ਉਹ ਮਲੇਰਕੋਟਲੇ ਦਾ ਸਾਕਾ ਦੱਸਦੇ ਹਨ ਕਿ ਕਿਸ ਤਰ੍ਹਾਂ ਹੋਇਆ।

*ਜਿਥੋਂ ਛੇੜ ਛਿੜਿਆ ਸ਼ਹਿਰ ਕੋਟਲੇ ਦਾ*
*ਤਿਵੇਂ ਤੁਸਾਂ ਨੂੰ ਆਖ ਸੁਣਾਂਵਦਾ ਮੈਂ।*

ਸੰਤ ਜੀ ਕਹਿੰਦੇ ਹਨ,''ਮਲੇਰਕੋਟਲੇ ਵਿੱਚ ਕਿਉਂ ਸਿੰਘ ਚੜ੍ਹੇ ? ਕਿਸ ਤਰ੍ਹਾਂ ਸਿੰਘ ਸ਼ਹੀਦ ਹੋਏ ? ਕਿਉ ਹੋਏ ? ਉਹ ਗੱਲ ਜਿਸ ਤੋਂ ਰੌਲਾ ਛਿੜਿਆ, ਉਹ ਦੱਸਦਾ ਹਾਂ''–

*ਪਹਿਲੇ ਬਿਘਨ ਪਾਇਆ ਸਾਰਾ ਅਹਿਲਕਾਰਾਂ*[8]
*ਗੁਰਮੁਖ ਸਿੰਘ ਦਾ ਹਾਲ ਲਿਖਾਂਵਦਾ ਮੈਂ।*

ਉਸ ਵੇਲੇ ਮਲੇਰਕੋਟਲੇ ਦਾ ਨਵਾਬ ਮਰ ਚੁੱਕਾ ਸੀ, ਉਹਦਾ ਲੜਕਾ ਨ-ਬਾਲਗ ਸੀ। ਇਹ ਉਸ ਵੇਲੇ ਦਾ ਹਾਲ ਦੱਸਦੇ ਹਨ ਕਿ ਅਹਿਲਕਾਰਾਂ ਦੀ ਜਿਹੜੀ ਹਾਲਤ ਸੀ। ਉਸ ਇਲਾਕੇ ਦਾ ਗੁਰਮੁਖ ਸਿੰਘ ਨਾਮਧਾਰੀ —ਨੰਬਰਦਾਰ ਸੀ ਫਰਵਾਹੀ ਪਿੰਡ ਦਾ।

*ਜਿਨ੍ਹੇ ਨਾਲ ਕੀਤੀ ਹੀਰਾ ਸਿੰਘ ਜੀ ਦੇ,*
*ਥੋੜਾ ਉਸ ਦਾ ਹਾਲ ਸੁਣਾਂਵਦਾ ਮੈਂ।*

ਭਾਈ ਹੀਰਾ ਸਿੰਘ ਜੀ-ਜਿਨ੍ਹਾਂ ਦਾ ਜਨਮ ਸਕ੍ਰੌਦੀ ਦਾ—ਮਹਾਰਾਜਾ ਪਟਿਆਲੇ ਦਾ ਨੌਕਰ ਸੀ। ਬਾਬਾ ਕਾਹਨ ਸਿੰਘ ਜੀ ਨਿਹੰਗ-ਪਿੰਡ ਚੱਕ ਕੂਕਿਆਂ ਮਲੇਰਕੋਟਲਾ-ਸੂਬੇ ਸਤਿਗੁਰਾਂ ਦੇ ਉੱਥੇ ਗਏ। ਇਹਨਾਂ ਪਟਿਆਲੇ ਜਾ ਕੇ ਭਜਨ ਦੱਸਣਾਂ ਸ਼ੁਰੂ ਕੀਤਾ। ਸਰਦਾਰ ਹੀਰਾ ਸਿੰਘ ਜੀ ਹਾਜਰ ਬਾਸ਼ਾਂ ਵਿੱਚੋਂ ਸਨ। ਇਹਨਾਂ ਨੂੰ (ਮਹਾਰਾਜੇ ਵੱਲੋਂ) ਹੁਕਮ ਮਿਲਿਆ,''ਜਾ, ਭਜਨ ਪੁੱਛ ਆ।'' ਇਹਨਾਂ ਜਿਸ ਵੇਲੇ ਆ ਕੇ ਭਜਨ ਪੁੱਛਿਆ, ਮੁੜਕੇ ਮਹਾਰਾਜਾ ਮਹਿੰਦਰ ਸਿੰਘ ਆਖਿਆ,''ਦੱਸ ਬਈ ਕੀ ਪੁੱਛ ਕੇ ਆਇਆ ਹੈਂ ?'' ਕਹਿਣ ਲੱਗੇ,''ਜੇ ਲੋੜ ਹੈ ਤੇ ਆਪ ਪੁੱਛ ਲੈ, ਅਸੀਂ ਨਹੀਂ ਦੱਸ ਸਕਦੇ।''

ਇਹਨਾਂ ਦਾ ਨਾਵਾਂ ਕੱਟਿਆ ਗਿਆ। ਇਹਨਾਂ ਦੇ ਨਾਵਾਂ ਕੱਟਣ ਤੋਂ ਸੌ ਸਵਾਰ-ਇੱਕੋ ਹੀ ਆਪਣਾ ਭਾਈਚਾਰਾ, ਇਕੱਠੇ ਹੀ ਨਾਵਾਂ ਕਟਾਕੇ ਇੱਕ ਦਮ ਸੌ ਆਦਮੀਆਂ ਨੇ ਭਜਨ ਪੁੱਛ ਲਿਆ। ਉਹ ਸਾਰੇ ਦੇ ਸਾਰੇ ਛੱਡ ਕੇ ਨੌਕਰੀ ਚਲੇ ਗਏ। ਇਹ (ਭਾਈ ਹੀਰਾ ਸਿੰਘ ਜੀ) ਘਰ ਆਏ, ਇਹਨਾਂ ਦੀ ਮਾਤਾ ਨੇ ਭਜਨ ਪੁੱਛਿਆ ਸੀ। ਸਤਿਗੁਰਾਂ ਦੇ ਪਾਸ ਕਦੇ -ਕਦੇ ਮਾਤਾ ਜੀ ਨੇ ਆ ਕੇ ਆਖਣਾ,''ਮੇਰੇ ਪੁੱਤਰ ਨੂੰ ਸੁਮੱਤ ਬਖਸ਼ੋ।'' ਉਹਨਾਂ ਦਿਨਾਂ ਵਿੱਚ ਇਹ ਮਾਸ ਸ਼ਰਾਬ ਖਾਂਦੇ ਪੀਂਦੇ ਸੀ। ਮਾਈ ਨੇ ਇੱਕ ਅਖੰਡ ਪਾਠ ਕਰਾਇਆ, ਸਿੰਘ ਸੱਦੇ, ਇਹਨਾਂ ਨੂੰ ਭੀ ਰੰਗ ਚੜ੍ਹ ਗਿਆ, ਬਾਬਾ ਜੀ ਕੋਲੋਂ ਭਜਨ ਪੁੱਛ ਕੇ ਆਏ ਸੀ। ਸਿੰਘ ਇਕੱਠੇ ਹੋਏ ਔਰ ਮੈਂ

ਕੀ ਗੱਲ ਕਰਾਂ ਕਿ ਉਹ ਇਤਨੇ ਉੱਚੇ ਸੁੱਚੇ ਤੇ ਸੱਚੇ ਹੋ ਗਏ ਕਿ ਜਿਨ੍ਹਾਂ ਦਾ ਦੁਨੀਆਂ ਨਾਲੋਂ ਸਾਰਾ ਹੀ ਲੇਸ ਟੁੱਟ ਗਿਆ, ਨਾ ਉਹਨਾਂ ਨੂੰ ਜੜ੍ਹ ਮਾਇਆ ਦਾ ਰੌਲਾ ਰਿਹਾ ਨਾ ਚੇਤਨ ਦਾ ਰਿਹਾ। ਜਿਸ ਵੇਲੇ ਮੇਲਾ ਹੋ ਹਟਿਆ, ਭੋਗ ਪੈ ਗਿਆ ਤਾਂ ਇਹਨਾਂ ਨੇ ਸਾਧ-ਸੰਗਤ ਅੱਗੇ ਅਰਜ਼ ਕਰ ਦਿੱਤੀ,''ਮਹਾਰਾਜ ਮਾਈ ਨੇ ਤਾਂ ਮੇਲਾ ਕਰ ਲਿਆ ਹੁਣ ਅਸੀਂ ਮੇਲੀ ਕਰ ਲਈਏ, ਸਾਧ-ਸੰਗਤ ਇੱਕ ਦਿਨ ਹੋਰ ਦਰਸ਼ਨ ਦੇਵੇ।'' ਜਿਹੜੀ ਇਹਨਾਂ ਦੇ ਘਰੋਂ ਬੀਬੀ ਸੀ-ਉਹ ਸਰਦਾਰਾਂ ਦੀ ਲੜਕੀ ਸੀ। ਇਹਨਾਂ ਨੂੰ ਲਗ ਗਿਆ ਸੀ ਰੰਗ।

## ਭਾਈ ਲਹਿਣਾ ਜੀ ਇੱਕ ਸੱਚੇ ਆਸ਼ਕ

ਇੱਥੇ ਅਸੀਂ ਦੇਖੀਏ, ਜਿਵੇਂ ਗੁਰੂ ਅੰਗਦ ਦੇਵ ਜੀ ਮਹਾਰਾਜ—ਗੁਰੂ ਨਾਨਕ ਦੇਵ ਜੀ ਦੇ ਪਾਸ—ਜਿਸ ਵਕਤ ਲਹਿਣੇ ਦੇ ਨਾਮ ਵਿੱਚ ਆਏ, ਆਸਾ ਦੀ ਵਾਰ ਅਸੀਂ ਰੋਜ਼ ਪੜ੍ਹਦੇ ਹਾਂ, ਓਥੇ ਲਿਖਿਆ ਹੈ-

**ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥**

*-ਮ: ੨, ਪੰਨਾ-੪੭੪*

-ਆਸ਼ਕ ਨਹੀਂ ਹੋ ਸਕਦਾ ਜੇ ਲੇਖੇ ਵਿੱਚ, ਗਿਣਤੀ ਵਿੱਚ ਰਹੇ। ਗੁਰੂ ਨਾਨਕ ਦੇਵ ਕੌਤਕੀ ਸਨ, ਮੌਜੀ ਸਨ, ਕਰਨਾ ਤੇ ਜੋ ਕੁਛ ਉਹਨਾਂ ਦੀ ਰਜ਼ਾ ਸੀ—ਉਹੋ ਸੀ। ਪੁੱਤਰਾਂ ਨੂੰ ਆਖਿਆ—ਕੌਲ ਚਿੱਕੜ ਵਿੱਚ ਸੁੱਟ ਦਿੱਤਾ--''ਕੱਢੋ।'' ਉਹ ਆਂਹਦੇ ਹਨ,''ਸਾਡੀਆਂ ਪੁਸ਼ਾਕਾਂ ਲਿੱਬੜ ਜਾਣਗੀਆਂ--ਅਸੀਂ ਕੌਲ ਕੱਢੀਏ ?''

ਇਧਰ ਨਿਗਾਹ ਹੀ ਕੀਤੀ—ਲਹਿਣੇ ਵੱਲ ਤੇ ਉਹਨਾਂ ਨੇ, ਉਸੇ ਵੇਲੇ ਛਾਲ ਮਾਰ ਦਿੱਤੀ ਕੌਲ ਕੱਢਿਆ।

ਬਾਹਰੋਂ ਨਦੀਨ ਚੁਕਾਇਆ—ਲੀੜੇ ਚਿੱਟੇ ਪਾਏ ਹੋਏ ਸਨ, ਮਾਤਾ ਸੁਲੱਖਣੀ ਜੀ, (ਗੁਰੂ ਨਾਨਕ ਦੇਵ) ਆਇਆਂ ਨੂੰ ਆਂਹਦੇ ਹਨ,''ਜਿਹੜੇ ਪ੍ਰਾਹੁਣੇ ਆ ਜਾਂਦੇ ਹਨ, ਤੁਸੀਂ ਉਹਨਾ ਦਾ ਕੋਈ ਖਿਆਲ ਨਹੀਂ ਰੱਖਦੇ ਤੇ ਉਹਦੇ ਲੀੜੇ ਲਿੱਬੜ ਗਏ ਹਨ !''

ਝੋਨੇ ਵਿੱਚੋਂ ਕੱਢਿਆ ਹੋਇਆ ਚੁਕਾਇਆ ਜੇ ਘਾਹ—ਤੇ ਉਹ ਗਿੱਲਾ, ਚੋਂਦਾ ਆਇਆ। ਸੱਚੇ ਪਾਤਸ਼ਾਹ ਕਹਿੰਦੇ ਹਨ,''ਤੈਨੂੰ ਨਹੀਂ ਇਸ ਗੱਲ ਦਾ ਪਤਾ, ਇਹ ਕੇਸਰ ਛਿੜਕੀਂਦਾ ਹੈ—ਇਹਦੇ ਤੇ।''

ਮਜ੍ਹਬ ਵਿੱਚ ਆਦਮੀ ਉਹੀ ਰਹਿ ਸਕਦਾ ਹੈ ਜਿਹੜਾ ਦੁਨੀਆਂਦਾਰੀ ਤੋਂ ਉੱਚਾ ਹੋ ਜਾਏ, ਦੁਨੀਆਂ ਦਾ ਉਹਨੂੰ ਲੇਸ ਨਾ ਰਹਿ ਜਾਏ। ਭਾਈ ਗੁਰਦਾਸ ਜੀ ਕਹਿੰਦੇ ਹਨ-

*ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।*
*ਓਥੈ ਟਿਕੈ ਨ ਭੁਣਹਣਾ* [੫] *ਚਲਿ ਨ ਸਕੈ ਉਪਰਿ ਕੀੜੀ।*

*-ਵਾਰ-੧੧, ਪਉੜੀ-੫*

ਅਸੀਂ ਕਿਸ ਤਰ੍ਹਾਂ ਟਿਕੀਏ ? ਸਾਨੂੰ ਇਹ ਫਿਕਰ ਪੈ ਜਾਂਦਾ ਹੈ ਕਿ ਸੂਬੇ ਨੇ ਮੈਨੂੰ ਅੱਜ ਹੁਕਮ ਦੇ ਦਿੱਤਾ ਹੈ, ਮੇਰੀ ਇਜ਼ਤ ਲਾਹ ਦਿੱਤੀ ਹੈ, ਮੈਂ ਵਿਆਹ ਕਰ ਲਿਆ ਸੀ, ਮੇਰੇ ਤੋਂ ਗਹਿਣੇ ਪੈ ਗਏ ਸੀ, ਮੇਰਾ ਕੁਛ ਨਹੀਂ ਰਿਹਾ ਜੇ ਮੈਨੂੰ ਸਾਧ-ਸੰਗਤ ਵਿੱਚ ਖੜਾ ਕਰਕੇ ਡੰਨ ਵਾਸਤੇ ਕਹਿ ਦਿੱਤਾ ਗਿਆ। ਸਿੱਖੀ ਵਿੱਚ ਇਹ ਗੱਲ ਹੀ ਨਹੀਂ।

''ਲਹਿਣਿਆ ਚੜ੍ਹ ਜਾ ਕਿੱਕਰ ਉੱਤੇ, ਝਾੜ ਮਠਿਆਈ,'' ਲਹਿਣੇ ਨੂੰ ਯਕੀਨ ਹੋ ਗਿਆ ਸੀ ਨਾਨਕ ਅਕਾਲ ਪੁਰਖ ਹੈ, ਕਿੱਕਰ ਉੱਤੇ ਚੜ੍ਹ ਗਿਆ, ਮਠਿਆਈ ਝੜ ਪਈ, ਰਜਾ ਦਿੱਤੇ ਲੋਕ। ਉਹ ਤੇ ਉਹਨਾਂ ਦੇ ਹੁਕਮ 'ਚ ਸੀ—ਉਹਨਾ ਦੇ ਬਚਨ ਕਰਨ ਨਾਲ ਸਭ ਕੁਝ ਹੋ ਜਾਂਦਾ ਸੀ-

**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ**
**ਜੋ ਹਰਿ ਹਿਰਦੈ ਸਦਾ ਵਸਾਇ।।**

*-ਮ: ੩, ਪੰਨਾ-੬੪੯*

ਜਿਹਨਾਂ ਨੂੰ ਲੋਕ ਭਾਲਦੇ ਹਨ-ਸਤਿਗੁਰਾਂ ਦੇ ਚਰਨਾ ਵਿੱਚ ਰੁਲਦੀਆਂ ਹਨ। ਇੱਥੇ ਲੋਕਾਂ ਵਿੱਚ—ਜੇ ਦੁਨੀਆਂਦਾਰੀ ਦੇ ਲਿਹਾਜ਼ ਨਾਲ—ਇਹ ਸ਼ਬਦ ਵਰਤੀਏ ਤਾਂ ਬੁਰੇ ਲਗਦੇ ਹਨ,''ਅੱਛਾ ਭਾਈ ਲਹਿਣਿਆਂ ਜਾਹ, ਆਪਣੀ ਮਾਂ ਨਾਲ ਭੋਗ ਕਰ ਆ,''—ਸੁਣ ਸਕਦਾ ਹੈ ਕੋਈ ਆਦਮੀ ਇਹ ਗੱਲ। ਪਰ ਵਾਹ ਗੁਰੂ ਨਾਨਕ ! ਤੇ ਵਾਹ ਲਹਿਣਾ ! ਕਿਉਂਕਿ

ਉਸਨੂੰ ਦਿਖਾ ਦਿੱਤਾ ਸੀ, ਉਹਨੂੰ ਸਮਝਾ ਦਿੱਤਾ ਸੀ। ਲਹਿਣਾ ਜੀ ਘਰ ਵਿੱਚ ਜਾ ਕੇ ਮਾਤਾ ਦਾ ਮੰਮਾ ਚੁੰਘ ਕੇ ਆ ਗਏ। ਆਇਆਂ—ਪੁੱਛਿਆ–

''ਲਹਿਣਿਆਂ, ਕਰ ਆਇਆਂ ਭੋਗ ?''

''ਹਾਂ ਜੀ।''

''ਕਿਸ ਤਰ੍ਹਾਂ ਕੀਤਾ ?''

''ਜੀ ਮਾਤਾ ਦਾ ਭੋਗ ਮਾਤਾ ਦਾ ਮੰਮਾ ਹੀ ਚੁੰਘਣਾ ਸੀ।''

ਲੋਕ ਕਿਸ ਤਰ੍ਹਾਂ ਵੇਖਣ ?

ਭਾਈ ਬਾਲਾ ਜੀ-ਜਿਸ ਵੇਲੇ ਗੁਰੂ ਅੰਗਦ ਜੀ ਦੇ ਕੋਲ ਜਾ ਕੇ ਸਾਖੀ ਲਿਖਾਉਣ ਲੱਗੇ—ਆਖਣ ਲਗੇ,''ਗੁਰੂ ਅੰਗਦ ਜੀ, ਜਿਸ ਵੇਲੇ ਮੁਰਦੇ ਵਾਲਾ ਸਾਂਗ ਗੁਰੂ ਨਾਨਕ ਨੇ ਵਰਤਾਇਆ ਮੁਰਦਾ ਰੱਖ ਕੇ ਕਿਹਾ—ਖਾਓ—ਤਾਂ, ਮੈਂ ਤੇ ਬਾਬਾ ਬੁੱਢਾ ਭੀ ਖਿਸਕ ਤੁਰੇ।'' ਫੇਰ, ਅੱਗੋਂ ਉੱਥੇ ਇਹ ਗੱਲ ਸੀ ਕਿ ਬਿਨਾਂ ਆਗਿਆ ਤੋਂ ਕੁਛ ਨਹੀਂ ਕਰਨਾ—ਕਹਿੰਦੇ,''ਸੱਚੇ ਪਾਤਸ਼ਾਹ ! ਪੈਰਾਂ ਵੱਲੋਂ ਖਾਵਾਂ ਕਿ ਸਿਰ ਵੱਲੋਂ ?'' ਜਿਧਰੋਂ ਹੁਕਮ ਮਿਲਿਆ, ਉਧਰੋਂ ਸ਼ੁਰੂ ਕੀਤਾ, ਅਗੋਂ ਜਿਵੇਂ ਉਹਨਾਂ ਦੀ ਮਰਜ਼ੀ, ਉਹਨਾ ਨੇ ਕੜਾਹ ਪ੍ਰਸ਼ਾਦ ਬਣਾ ਦਿੱਤਾ।

## ਖਾਣ ਪੀਣ ਦਾ ਧਰਮ

ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਮਾਛੀਵਾੜੇ ਆਏ ਹੋਏ ਹਨ, ਜਿਸ ਵੇਲੇ ਚਲਦੇ ਹਨ ਤੇ ਰੋਕੇ ਜਾਂਦੇ ਹਨ, ਸਾਹਿਬ ਉੱਚ ਦੇ ਪੀਰ ਬਣੇ ਹੋਏ ਹਨ—ਉਸ ਵਕਤ। ਮੈਂ ਉੱਚ ਜਾ ਆਇਆ ਹਾਂ। ਉੱਚ ਜਾ ਕੇ ਦੇਖਿਆ ਕਿ ਜਿਹੜੇ ਪਹਿਲੇ ਉੱਚ ਦੇ ਲੋਕ ਸਨ, ਉਹ ਕੇਸ ਨਹੀਂ ਸਨ ਕਟਾਉਂਦੇ—ਸਤਿਗੁਰਾਂ ਨੇ ਆਪਣੀ ਮਰਯਾਦਾ ਨੂੰ ਵੀ ਪੂਰੀ ਰੱਖਿਆ ਔਰ ਨਰ ਲੀਲਾ ਕਰਕੇ ਉੱਥੋਂ ਨਿਕਲੇ ਵੀ—ਕੇਸ ਪਿੱਛੇ ਸੁੱਟ ਲਏ। ਉਨ੍ਹਾਂ ਲੋਕਾਂ ਦੇ ਕੇਸ ਬੜੇ ਲੰਮੇ ਹੁੰਦੇ ਅਤੇ ਦਾੜ੍ਹੀ ਮੁੱਛ ਦਾ ਇੱਕ ਵਾਲ ਨਹੀਂ ਕਟਿਆ ਸੀ—ਕਿਸੇ ਦਾ।

(ਮੁਸਲਮਾਨ ਪਹਿਰੇਦਾਰਾਂ ਨੇ ਕਿਹਾ)''ਹੱਛਾ ਭਾਈ, ਫੇਰ ਤੁਹਾਡਾ ਪੀਰ

ਸਾਡਾ ਖਾਣਾ ਖਾਵੇ ਜੇ ਉੱਚ ਦਾ ਪੀਰ ਹੈ।''

ਭਾਈ ਦਇਆ ਸਿੰਘ ਜੀ ਕਹਿੰਦੇ ਹਨ,''ਇਹਨਾਂ ਦਾ ਤੇ ਦਾਇਮੀ ਰੋਜ਼ਾ ਹੈ।''

ਦਾਇਮੀ ਰੋਜ਼ੇ ਦਾ ਕੀ ਮਤਲਬ ਹੈ—ਕਿ ਹਮੇਸ਼ਾਂ ਦਾ ਰੋਜ਼ਾ ਹੈ, ਇੱਕ ਜੌਂ ਰੋਜ਼ ਖਾਂਦੇ ਹਨ ਤੇ ਇੱਕ ਚੁਲੀ ਪਾਣੀ ਰੋਜ਼ ਪੀਂਦੇ ਹਨ।

''ਬਈ ਜੇ ਇਹ ਨਹੀਂ ਤੇ ਮੁਰੀਦ ਖਾਣ।''

ਭਾਈ ਦਇਆ ਸਿੰਘ ਹੋਰੀਂ, ਮਾਨ ਸਿੰਘ ਹੋਰੀਂ, ਧਰਮ ਸਿੰਘ ਹੋਰੀਂ ਕਹਿਣੇ ਲੱਗੇ,''ਸੱਚੇ ਪਾਤਸ਼ਾਹ, ਕਿਵੇਂ ਹੁਕਮ ਹੈ ?''

ਸਤਿਗੁਰੂ ਜੀ ਕਹਿਣ ਲਗੇ,''ਭਾਈ ਜਾਓ।''

ਜਿਸ ਵੇਲੇ ਉੱਥੇ ਗਏ, ਗਨੀ ਖਾਂ, ਨਬੀ ਖਾਂ ਦੇ ਅੱਗੇ—ਤੇ ਜੋ ਕੁਛ ਉਹਨਾਂ ਨੇ ਬਣਾ ਕੇ ਧਰਿਆ ਸੀ-ਉਹੋ ਸੀ—ਗੁਰੂ ਗੋਬਿੰਦ ਸਿੰਘ ਨੇ ਉਹਨਾਂ ਦੇ (ਸਿੱਖਾਂ ਦੇ) ਅੱਗੇ ਕੜਾਹ ਪ੍ਰਸ਼ਾਦ ਕਰ ਦਿੱਤਾ ਔਰ ਸਿੱਖਾਂ ਨੂੰ ਕਿਹਾ,''ਤੁਹਾਡੇ ਨਾਲ ਇਹ ਗੱਲ ਬਣਨੀ ਹੈ, ਤੁਸੀਂ ਉਥੋਂ ਬੰਨ੍ਹ ਦੇ ਲਿਆਇਓ ਥੋੜਾ-ਥੋੜਾ।'' ਉਹਨਾਂ ਨੇ ਆਪਣੇ ਪੱਲੇ ਬੰਨ੍ਹ ਲਿਆਂਦਾ।

ਗਨੀ ਖਾਂ-ਨਬੀ ਖਾਂ[੬] ਆ ਕੇ ਕਹਿੰਦੇ ਹਨ,''ਮਹਾਰਾਜ ਤੁਸੀ ਤਾਂ ਕਹਿੰਦੇ ਸਉ ਧਰਮ—ਅੱਜ ਹੁਣ ਲੋਕਾਂ 'ਚ ਨਹੀਂ ਰਹੀ ਇਹ ਚੀਜ਼, ਖਾਣ ਪੀਣ ਦਾ ਧਰਮ, ਇਹ ਇਤਿਹਾਸ ਸਾਡੇ ਦੱਸਦੇ ਹਨ—ਤੁਸੀਂ ਤਾਂ ਕਹਿੰਦੇ ਸਓ ਧਰਮ, ਧਰਮ ਕਿੱਧਰ ਗਿਆ ? ਇਹ ਤਾਂ ਖਾ ਆਏ ਹਨ—ਸਭ ਕੁਛ।''

ਸਤਿਗੁਰੂ ਜੀ ਕਹਿੰਦੇ,''ਭਾਈ ਦਇਆ ਸਿੰਘ ਜਿਹੜਾ ਛਕ ਕੇ ਆਏ ਹੋ, ਲਿਆਓ ਖਾਂ, ਖੋਲ੍ਹੋ।''

ਬੰਨ੍ਹਿਆ ਉਨ੍ਹਾਂ (ਗਨੀ ਖਾਂ, ਨਬੀ ਖਾਂ) ਦੇ ਸਾਹਮਣੇ ਸੀ, ਜਿਸ ਵੇਲੇ ਖੋਲ੍ਹਿਆ ਤੇ ਕੜਾਹ ਪ੍ਰਸ਼ਾਦ ਦਿਖਾਇਆ। ਸਿੱਖ ਕਹਿੰਦੇ ,''ਅਸੀਂ ਤਾਂ ਕੜਾਹ ਪ੍ਰਸ਼ਾਦ[੭] ਛਕ ਕੇ ਆਏ ਹਾਂ।'' ਇਸੇ ਤਰ੍ਹਾਂ ਲਹਿਣੇ ਨੂੰ ਭੀ ਕੜਾਹ ਪ੍ਰਸ਼ਾਦ ਦਿਖਾਇਆ।

ਬਾਲਾ ਜੀ ਕਹਿੰਦੇ ਹਨ,''ਗੁਰੂ ਅੰਗਦ ਜੀ, ਮੈਂ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਦੇ ਨਾਲ ਰਿਹਾਂ, ਸੇਵਾ ਵੀ ਬੜੀ ਕੀਤੀ ਹੈ, ਕੋਈ ਅੜੇ

ਵੀ ਨਹੀਂ ਉਨ੍ਹਾਂ ਅਗੇ ਤੇ ਗੁਰਿਆਈ ਤੁਹਾਨੂੰ ਦੇ ਗਏ।''

ਗੁਰੂ ਅੰਗਦ ਦੇਵ ਜੀ ਕਹਿੰਦੇ ਹਨ,''ਭਾਈ ਬਾਲਾ, ਤੂੰ ਗੁਰੂ ਨਾਨਕ ਨੂੰ ਕੀ ਜਾਣਿਆ ?'' ਬਾਲਾ ਕਹਿੰਦਾ ਹੈ,''ਪੂਰਨ ਸੰਤ।''

ਕਹਿੰਦੇ ਹਨ,''ਤੂੰ ਪੂਰਨ ਸੰਤ ਜਾਣਿਆ, ਤੈਨੂੰ ਪੂਰਨ ਸੰਤ ਬਣਾ ਗਏ, ਅਸੀਂ ਅਕਾਲ ਪੁਰਖ ਜਾਣਿਆ, ਸਾਨੂੰ ਗੁਰੂ ਬਣਾ ਗਏ।'' ਸੋ ਕਸਵੱਟੀ ਉੱਤੇ ਜਾ ਕੇ ਬੜਾ ਮੁਸ਼ਕਲ ਸੌਦਾ ਹੈ।

## ਸ਼ਹੀਦਾਂ ਦੀ ਮਸਤਾਨੀ ਦਸ਼ਾ

ਹੀਰਾ ਸਿੰਘ ਜੀ ਦੇ ਘਰੋਂ ਸੀ ਜਿਹੜੀ ਮਾਈ–ਉਹ ਮਾਈ ਗੁੱਤ ਨਹੀਂ ਸੀ ਖੋਲ੍ਹਦੀ—ਕੇਸਾਂ ਵਿੱਚ ਜਲ ਨਹੀਂ ਸੀ ਪਾਉਂਦੀ। ਲਹਿਣਾ ਸਿੰਘ ਹੋਰੀਂ ਤਾਏ ਦੇ ਪੁੱਤਰ ਸਨ। ਉਹਨਾਂ ਨੂੰ (ਹੀਰਾ ਸਿੰਘ ਜੀ) ਕਹਿਣ ਲੱਗੇ—ਲਿਆ ਓਏ ਲਹਿਣਾ ਸਿੰਘਾ, ਇਹ ਹੁਕਮ ਨਹੀਂ ਮੰਨਦੀ—ਫੜ ਕੇ ਦੋਹਾਂ ਨੇ, ਮਾਈ ਨੂੰ ਲੰਮੀ ਪਾ ਕੇ, ਤੇਸੇ ਨਾਲ ਗੁੱਤ ਵੱਢ ਲਈ। ਵੱਢ ਕੇ ਗੁੱਤ ਬਾਂਸ ਨਾਲ ਬੰਨ੍ਹ ਲਈ। ਵੰਝ ਨਾਲ ਬੰਨ੍ਹ ਕੇ ਗੁੱਤ, ਜਿੱਥੇ ਦੀਵਾਨਾਂ ਵਿੱਚ ਜਾਣ—ਕਹਿਣ,''ਜਿਹੜੀ ਸਿੰਘਣੀ ਸਿੱਖ ਦਾ ਹੁਕਮ ਨਾ ਮੰਨੇਗੀ, ਉਹਦੇ ਨਾਲ ਇਹ ਗੱਲ ਹੋਵੇਗੀ।''

ਜਾਗੀਰਦਾਰੀ, ਸਰਦਾਰੀ—ਜਿਸ ਵੇਲੇ ਆਈ ਸਿੱਖੀ—ਫੇਰ ਉਹ ਸਰਦਾਰੀ ਖੁਆਰੀ ਜਾਪੀ। ਬਣੇ ਸਿੰਘ, ਕੁਛ ਸਰੀਰ ਨਾਲ ਰਲੇ, ਜਾਂਦੇ -ਜਾਂਦੇ, ਅਠਾਈ ਸੰਮਤ ਦੀ ਵਿਸਾਖੀ ਦਮਦਮੇ ਸਾਹਿਬ—ਸਤਿਗੁਰੂ ਸੱਚੇ ਪਾਤਸ਼ਾਹ ਵੀ ਗਏ। ਉਥੋਂ ਤੁਰ ਕੇ ਮਾਤਾ (ਜੀਵਨ ਕੌਰ) ਜੀ ਦੇ ਪਿੰਡ ਸਾਡਿਆਂ ਦੇ ਥਰਾਜ-ਸਤਿਗੁਰੂ ਗਏ। ਉਥੋਂ ਤੁਰ ਕੇ ਅੱਗੇ ਇੱਕ ਨੰਗਲਾ ਪਿੰਡ ਹੈ—ਦਸ ਕੋਹ ਪੈਂਡਾ, ਜਿਸ ਵੇਲੇ ਓਧਰ ਨੂੰ ਤੁਰੇ, ਰਸਤੇ ਵਿੱਚ ਮਸਤਾਨੇ ਬੈਠੇ ਸਨ। ਬਾਬੇ ਗਿਆਨੀ ਸਿੰਘ ਹੋਰੀਂ ਜਿਹੜੇ ਸਨ ਸੂਬੇ ਸਤਿਗੁਰਾਂ ਦੇ, ਉਨ੍ਹਾਂ ਦੇ ਭਾਈ ਹਰਨਾਮ ਸਿੰਘ ਹੋਰੀਂ ਸਨ-ਉਹਨਾਂ ਨੂੰ ਕੰਨੂੰ ਕਹਿੰਦੇ ਸੀ, ਉਹਨਾ ਦੀਆਂ ਕੰਨਾਂ ਦੀਆਂ ਪੇਪੜੀਆਂ ਦੋ-ਦੋ ਉਂਗਲ ਲੰਮੀਆਂ ਸਨ, ਮੈਂ ਵੀ ਉਹਨਾਂ ਦਾ ਦਰਸ਼ਨ ਕੀਤਾ ਹੈ। ਉਹਨਾਂ ਰਾਹ

ਵਿੱਚ—ਘੋੜੀ ਤੇ ਚੜ੍ਹੇ ਆਉਂਦਿਆਂ—ਮਾਈਆਂ ਬੀਬੀਆਂ ਨੂੰ ਕਿਤੇ ਮਸਕਰੀ ਕੀਤੀ।

ਹੀਰਾ ਸਿੰਘ ਹੁਰੀਂ ਕਹਿੰਦੇ,''ਓਏ ! ਹਰਨਾਮ ਸਿੰਘਾ ! ਇਹ ਕੀ ਗੱਲ, ਉਏ ! ਤੁਹਾਨੂੰ ਸਤਿਗੁਰਾਂ ਨੇ-ਤੇਰੇ ਭਰਾ ਨੂੰ ਸੂਬਾ ਬਣਾਇਆ, ਉਏ ! ਇਹ ਕੀ ਕਰਨ ਲੱਗੇ ਹੋ ?''

ਕਹਿਣ ਲੱਗਾ,''ਇਹ ਸਾਡੇ ਹੀ ਵਾਸਤੇ ਹਨ।''

ਘੋੜੀ ਉਤੋਂ ਲਾਹ ਲਿਆ, ਖ਼ੂਬ ਕੁੱਟਿਆ ਬਣਾ ਕੇ—ਤੁਸੀਂ ਖਾ-ਖਾ ਕੇ ਕੜਾਹ ਪ੍ਰਸ਼ਾਦ ਤੇ ਸਤਿਗੁਰਾਂ ਦੇ ਕੋਲ ਬੀਬੀਆਂ ਭੈਣਾਂ ਵਲ ਝਾਕੋ। ਕੋਈ ਲਿਹਾਜ਼ ਨਹੀਂ ਕੀਤਾ—ਸੂਬੇ ਦਾ ਭਰਾ ਹੈ ਜਾਂ ਕੋਈ ਹੋਰ ਹੈ।

ਇਹ (ਮਸਤਾਨੇ) ਸੂਬਿਆਂ ਨੂੰ ਕਹਿੰਦੇ ਹੁੰਦੇ ਸਨ ਕਦੇ-ਕਦੇ,''ਤੁਹਾਡੇ ਕਾਲਜੇ ਮੁਸ਼ਕਦੇ ਹਨ ਜਿਸ ਤਰ੍ਹਾਂ ਡੈਣ ਕਹਿੰਦੀ ਹੈ।'' ਕਿਸ ਕਰਕੇ-ਕੋਈ ਛਕਣ ਛਕਾਉਣ ਵਾਲੇ ਸਰੀਰ ਸਨ, ਕੋਈ ਰੌਲਾ ਗੌਲਾ ਕਿਸੇ ਗੱਲ ਦਾ ਹੁੰਦਾ—ਉਹ ਬਿਲਕੁਲ ਨਿਹੰਗ ਆਦਮੀ ਸਨ ਜਿਹੜੇ ਸੱਚ ਬੋਲਦੇ ਸੀ। ਸਤਿਗੁਰਾਂ ਕੋਲ ਅਰਜ਼ ਹੋਈ ਕਿ ਹਰਨਾਮ ਸਿੰਘ ਨੂੰ ਮਾਰਿਆ ਹੈ। ਗਿਆਨੀ ਸਿੰਘ ਹੁਰੀਂ ਬੜੇ ਨਰਾਜ਼ ਹੋਏ। ਸਾਰੇ ਸੂਬੇ ਇਕੱਠੇ ਹੋ ਕੇ, ਆ ਕੇ ਅਰਜ਼ ਕਰਦੇ ਨੇ,''ਤੁਸਾਂ ਇਨ੍ਹਾਂ ਨੂੰ ਮਸਤਾ ਦਿੱਤਾ ਹੈ, ਇਹ ਹਰ ਇੱਕ ਦੀ ਇੱਜ਼ਤ ਲਾਹੁੰਦੇ ਹਨ।''

ਸਤਿਗੁਰਾਂ ਨੇ ਬੁਲਾਏ, ਦੋ ਮਾਈਆਂ ਵੀ ਨਾਲ ਸੀਆਂ—ਇੱਕ ਮਾਈ ਦਿੱਤੂਪੁਰੇ ਦੀ ਸੀ, ਇੱਕ ਹੰਢਿਆਏ ਦੀ ਸੀ। ਸਤਿਗੁਰਾਂ ਨੇ ਸੋਟਾ ਬਾਂਸ ਦਾ ਮੰਗਵਾਇਆ, ਲੈ ਕੇ ਜ਼ਮੀਨ ਤੇ ਮਾਰਿਆ-ਟੁੱਟ ਗਿਆ, ਹੋਰ ਮੰਗਵਾਇਆ ਤੇ ਦੋ ਵਾਰ ਜ਼ਮੀਨ ਤੇ ਮਾਰਕੇ ਵੇਖਿਆ, ਨਾ ਟੁੱਟਿਆ। ਨੰਗਲੇ ਪਿੰਡ ਵਿੱਚ ਸੁੱਕਾ ਹੋਇਆ ਛੱਪੜ ਸੀ, ਇੱਕ ਕੰਢੇ ਤੇ ਖੜੇ ਹੋ ਗਏ। ਉਹਨਾ (ਮਸਤਾਨਿਆਂ) ਨੇ ਚੱਕਰ ਬੰਨ੍ਹਿਆ-ਸਤਿਗੁਰੂ ਜੀ ਵਿੱਚ ਆਏ, ਇੱਕ-ਇੱਕ ਡਾਂਗ, ਇੱਕ ਪਾਸੇ ਵੱਜਦੀ ਗਈ-ਸਾਰਿਆਂ ਨੂੰ। ਸੀ—ਹਾਏ ਕਿਸੇ ਨੇ ਨਹੀਂ ਕੀਤੀ। ਜਿਸ ਵੇਲੇ ਚੱਕਰ ਪੂਰਾ ਹੋ ਗਿਆ, ਕਹਿੰਦੇ ਹਨ,''ਸੱਚੇ ਪਾਤਸ਼ਾਹ ਐਸ ਪਾਸੇ ਦੇ ਪਾਪ ਰਹਿੰਦੇ ਹਨ—ਇਹ ਵੀ ਝਾੜੋ।''

**ਜਉ ਤਉ ਪ੍ਰੇਮ ਖੇਲਣ ਕਾ ਚਾਉ।।**
**ਸਿਰੁ ਧਰਿ ਤਲੀ ਗਲੀ ਮੇਰੀ ਆਉ।।**
**ਇਤੁ[੮] ਮਾਰਗਿ ਪੈਰੁ ਧਰੀਜੈ।।**
**ਸਿਰੁ ਦੀਜੈ ਕਾਣਿ[੯] ਨ ਕੀਜੈ।।**

*-ਮ: ੧, ਪੰਨਾ-੧੪੧੨*

ਦੂਸਰੇ ਪਾਰੇ ਵੱਜੀਆਂ। ਹੁਕਮ ਮਿਲ ਗਿਆ,''ਭਾਈ ਕੋਈ ਇਨ੍ਹਾਂ ਨੂੰ ਰੋਟੀ ਨਾ ਦੇਵੇ, ਕੋਈ ਇਨ੍ਹਾਂ ਨੂੰ ਘਰ ਨਾ ਵੜਨ ਦੇਵੇ।''

ਅੱਜ ਕੱਲ੍ਹ ਵਰਗਾ ਸੌਦਾ ਨਹੀਂ ਸੀ, ਜੇ ਇੱਥੋਂ ਕਿਸੇ ਨੂੰ ਆਖੀਏ,''ਕੱਢ ਦਿਉ—ਤਾਂ ਦਸ ਉਹਦੇ ਨਾਲ ਦੇ ਸਾਥੀ ਹੁੰਦੇ ਹਨ। ਸਤਿਗੁਰਾਂ ਦਾ ਹੁਕਮ ਸੀ—ਬਾਬੇ ਲਾਲ ਸਿੰਘ ਹੁਰੀਂ ਲਤਾਲੀਏ ਕਹਿੰਦੇ ਸਨ, ਨਾਦਰ ਸ਼ਾਹੀ ਹੁਕਮ ਸੀ ਸਤਿਗੁਰਾਂ ਦਾ—ਕੀ ਮਜਾਲ ਹੈ ਰਤਾ ਭੀ ਕੋਈ ਫਰਕ ਪਵੇ। ਉਹਨਾਂ ਨੂੰ ਹੁਕਮ ਦਿੱਤਾ,''ਜਾਓ ਤੁਰ ਜਾਓ।''

ਹੁਣ ਜਾਣ ਕਿੱਧਰ—ਥਾਂ ਤੇ ਕੋਈ ਰਹਿ ਨਾ ਗਿਆ, ਨਾ ਕਿਸੇ ਨਾਲ ਪਿਆਰ ਰਹਿ ਗਿਆ, ਨਾ ਕੋਈ ਚੀਜ਼ ਰਹਿ ਗਈ, ਇੱਕੋ ਸੌਦਾ ਸਭ ਕੁਛ ਤੋੜ ਕੇ-

**ਹਭੇ[੧੦] ਸਾਕ ਕੂੜਾਵੇ[੧੧] ਡਿਠੇ ਤਉ ਪਲੈ ਤੈਡੈ[੧੨] ਲਾਗੀ।।**

*-ਮ: ੫, ਪੰਨਾ-੯੬੩*

-ਦੂਰ ਰਹਿਣ ਸਤਿਗੁਰਾਂ ਤੋਂ, ਦੂਰੋਂ ਦਰਸ਼ਨ ਕਰਨ, ਸਾਹਮਣੇ ਨਾ ਆਉਣ, ਹੁਕਮ ਨਾ ਮੋੜਨ। ਰੀਠਿਆਂ ਦੀ ਛਿੱਲ ਰਗੜ ਕੇ ਸ਼ਰਦਾਈ ਬਣਾਉਣੀ। ਭਾਈ ਕਾਲਾ ਸਿੰਘ ਨੇ ਲਿਖਿਆ ਹੈ—ਪੈਂਤੀ ਅੱਖਰੀ ਵਿੱਚ।

*ਘੋਟ ਰੀਠੜੇ ਦੇਗ ਤਿਆਰ ਕੀਤੀ।*

ਪਰ ਉੱਥੇ ਕੌੜੀ ਕਿਉਂ ਲਗਣੀ ਸੀ, ਉੱਥੇ ਅੰਦਰ ਸਤਿਗੁਰੂ ਰਾਮ ਸਿੰਘ ਬੈਠਾ ਸੀ, ਉੱਥੇ ਕੋਈ ਚੀਜ਼ ਨਹੀਂ ਸੀ ਕੌੜੀ ਲਗਦੀ। ਪ੍ਰਸ਼ਾਦਾ ਬੰਦ ਹੋ ਗਿਆ।

ਉਧਰ ਸਤਿਗੁਰਾਂ ਨੇ ਸਾਂਗ ਵਰਤਾ ਦਿੱਤਾ,''ਸਾਡੇ ਸੰਘ ਵਿੱਚ ਪੱਤਰੀਆਂ ਪੈ ਗਈਆਂ ਹਨ, ਸਾਨੂੰ ਅੰਨ ਨਹੀਂ ਲੰਘਦਾ।'' ਸਤਿਗੁਰਾਂ ਨੇ ਵੀ ਛੱਡ

ਦਿੱਤਾ। ਚਾਰ ਪੰਜ ਦਿਨ ਲੰਘ ਜਾਂਦੇ ਹਨ-ਪਰ ਉੱਥੇ ਕੋਈ ਦੁੱਖ ਨਹੀਂ, ਸ੍ਰੀ ਗੁਰੂ ਰਾਮਦਾਸ ਸਾਹਿਬ ਸੱਚੇ ਪਾਤਸ਼ਾਹ ਸੂਹੀ ਰਾਗ ਦੀਆਂ ਅਸ਼ਟਪਦੀਆਂ ਵਿੱਚ ਕਹਿੰਦੇ ਹਨ-

**ਜੇ ਭੁਖ ਦੇਹਿ ਤ ਇਤ ਹੀ ਰਾਜਾ**
**ਦੁਖ ਵਿਚਿ ਸੂਖ ਮਨਾਈ।।**

*-ਮ: ੪, ਪੰਨਾ-੭੫੭*

-ਫੇਰ ਇੱਕ ਜਗ੍ਹਾ ਲਿਖਿਆ-

**ਸਗਲੇ**[੧੩] **ਦੂਖ ਪਾਣੀ ਕਰਿ ਪੀਵਾ,**

*-ਮ: ੧, ਪੰਨਾ-੧੪੭*

ਸੱਚੇ ਪਾਤਸ਼ਾਹ ਮਾਰੂ ਸੋਲ੍ਹਿਆਂ ਵਿੱਚ ਕਹਿੰਦੇ ਹਨ-

**ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ**
**ਬਾਹੁੜਿ ਦੂਖੁ ਨ ਪਾਇਦਾ।।**

*-ਮ: ੧, ਪੰਨਾ-੧੦੩੪*

ਮਸਤਾਨੇ ਅਨੰਦ ਹਨ, ਰਜ਼ਾ ਵਿੱਚ ਰਾਜ਼ੀ ਹਨ-

**ਜੇ ਮਾਰਿ ਕਢਹਿ ਭੀ ਧਿਆਈ।।**

*-ਮ: ੪, ਪੰਨਾ ੭੫੭*

ਸਰਦਾਰ ਗੁਰਦਿੱਤ ਸਿੰਘ ਕਰਤਾਰਗੜ੍ਹ ਵਾਲੇ ਅਰਜ਼ ਕਰਦੇ ਹਨ,''ਸੱਚੇ ਪਾਤਸ਼ਾਹ, ਮੇਰਾ ਲੰਗਰ ਹੋਵੇ, ਪਰ ਮੇਰਾ ਲੰਗਰ ਸੰਪੂਰਨ ਨਹੀਂ ਹੁੰਦਾ ਜਿੰਨਾ ਚਿਰ ਮਸਤਾਨਿਆਂ ਨੂੰ ਪ੍ਰਸ਼ਾਦਾ ਨਾ ਮਿਲੇ।''

ਸਤਿਗੁਰੂ ਹੁਕਮ ਦਿੰਦੇ ਹਨ,''ਜਾ ਭਾਈ, ਉਨ੍ਹਾਂ ਨੂੰ ਵੀ ਛਕਾ ਦੇ।''

ਸ੍ਰ: ਗੁਰਦਿੱਤ ਸਿੰਘ ਜੀ ਜਾਂਦੇ ਹਨ, ਜਿਸ ਵੇਲੇ ਜਾ ਕੇ ਕਹਿੰਦੇ ਹਨ,''ਭਾਈ, ਪ੍ਰਸ਼ਾਦੇ ਛਕੋ, ਸਤਿਗੁਰਾਂ ਦਾ ਹੁਕਮ ਹੈ।'' ਮਸਤਾਨੇ ਕਹਿੰਦੇ ਹਨ,''ਇਉਂ ਨਹੀਂ ਗੱਲ ਸਰਦਾਰ ਜੀ, ਖਵਰੇ ਤੂੰ ਛਕਾਉਣ ਦਾ ਮਾਰਾ ਕਹਿੰਦਾ ਹੋਵੇ, ਸਾਡਾ ਇੱਕ ਸਰੀਰ ਨਾਲ ਲੈ ਕੇ ਜਾਉ, ਉਹਨੂੰ ਸੱਚੇ ਪਾਤਸ਼ਾਹ ਹੁਕਮ ਦੇਣ, ਫਿਰ ਅਸੀਂ ਛਕਾਂਗੇ, ਕਿਉਂਕਿ ਸਾਨੂੰ ਹੁਕਮ ਮਿਲਿਆ ਹੈ ਕਿ ਨਹੀਂ ਛਕਣਾ।''

ਫਿਰ ਕੋਈ ਦਿਲ ਵਿੱਚ ਦੁੱਖ ਲੱਗਾ ? ''ਸਤਿਗੁਰਾਂ ਨੇ ਸਾਡਾ ਪ੍ਰਸ਼ਾਦਾ ਬੰਦ ਕਰ ਦਿੱਤਾ, ਸਾਨੂੰ ਡਾਂਗਾਂ ਮਾਰੀਆਂ, ਸਾਨੂੰ ਨਿਰਦੋਸ਼ਿਆਂ ਨੂੰ ਮਾਰਿਆ।'' ਜੇ ਅੱਜ ਕੱਲ੍ਹ ਵਾਂਗੂੰ ਸਾਡਾ ਹਿਸਾਬ ਕਿਤਾਬ ਹੁੰਦਾ– ਆਂਹਦੇ,''ਕਿਉਂ ਜੀ ! ਉਹ ਤਾਂ ਬੀਬੀਆਂ ਨੂੰ ਮਖੌਲ ਕਰਦੇ ਸੀ, ਅਸੀਂ ਉਹਨਾ ਨੂੰ ਤਾਂ ਮਾਰਿਆ–ਸਾਨੂੰ ਕਿਉਂ ਮਾਰ ਪਈ ?'' ਹੁਣ ਅੱਜ ਕਲ੍ਹ ਸਾਡੇ ਵਿੱਚ ਵਕਾਲਤ ਆ ਗਈ ਹੈ, ਅਸੀਂ ਦਲੀਲ–ਬਾਜੀ ਦੇਣ ਲੱਗ ਪਏ ਹਾਂ, ਉੱਥੇ ਦਲੀਲ ਨਹੀਂ ਕੰਮ ਕਰ ਸਕਦੀ–ਜਾ ਕੇ ਪ੍ਰਸ਼ਾਦ ਪਾਣੀ ਛਕਿਆ।

ਇਹ ਭਾਈ ਹੀਰਾ ਸਿੰਘ ਜੀ ਸਤਿਗੁਰਾਂ ਦੇ ਦੌਰੇ ਦੇ ਨਾਲ ਰਹਿੰਦੇ ਸੀ। ਹੁਣ ਇਹ ਗੁਰਮੁਖ ਸਿੰਘ ਹੁਰੀਂ ਵੀ ਇਨ੍ਹਾਂ ਦੇ ਸਾਥੀ ਸਨ ਇੱਕ, ਫਰਵਾਹੀ ਦੇ। ਉਹਨਾਂ ਦਾ ਹਾਲ ਹੈ, ਅੱਗੇ ਸੁਣੋ।

*ਲੋਕ ਕਹਿਣ ਕੀ ਲੈਣਾ ਸੀ ਕੋਟਲੇ ਤੋਂ,*
*ਦਸ ਉਹਨਾ ਦਾ ਭਰਮ ਮਿਟਾਂਵਦਾ ਮੈਂ।*
*ਕਾਲਾ ਸਿੰਘ ਜਿਹੜਾ ਹਾਲ ਵਰਤਿਆ ਸੀ,*
*ਸੋਈ ਖਾਲਸੇ ਤਾਈਂ ਸੁਣਾਂਵਦਾ ਮੈਂ।*

ਲੋਕ ਕਹਿੰਦੇ,''ਭਾਈ ਕੋਟਲੇ ਸਿੱਖ ਕਿਉਂ ਗਏ ?'' ਉਹਨਾ ਦਾ ਭਰਮ ਮਿਟਾਉਣ ਵਾਸਤੇ ਕਾਲਾ ਸਿੰਘ ਜੀ ਕਹਿੰਦੇ ਹਨ,''ਮੈਂ ਇਹ ਗੱਲ ਦੱਸਦਾ ਹਾਂ''–

*ਲੁਧਿਆਣੇ ਦੇ ਸ਼ਹਿਰ ਤੋਂ ਬੀਸ ਕੋਹਾਂ,*
*ਨਾਮ ਕੋਟਲਾ ਸ਼ਹਿਰ ਮਲੇਰ ਭਾਈ।*

ਮਲੇਰਕੋਟਲਾ ਜੀਹਦਾ ਨਾਉਂ ਹੈ ਔਰ ਇੱਕ ਗੱਲ ਸੀ–ਇਹਦੇ ਵਿੱਚ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵਕਤ ਜਿਸ ਵਕਤ ਸਾਹਿਬਜ਼ਾਦੇ ਸ਼ਹੀਦ ਹੁੰਦੇ ਹਨ, ਉਸ ਵਕਤ ਮਲੇਰਕੋਟਲੇ ਵਾਲੇ ਪਠਾਣ ਨੇ ਹਾਅ[੧੪]! ਦਾ ਨਾਹਰਾ ਮਾਰਿਆ ਸੀ ਕਿ ਬੱਚੇ ਕਿਉਂ ਮਾਰੇ ਜਾਂਦੇ ਹਨ। ਤਾਂ ਗੁਰੂ ਸਾਹਿਬ ਨੇ ਉਸ ਵਕਤ ਇਹਨਾਂ ਦੀ ਜੜ੍ਹ ਰੱਖ ਲਈ ਸੀ।

ਸਿੱਖਾਂ ਆਖਿਆ,''ਸੱਚੇ ਪਾਤਸ਼ਾਹ, ਹੁਣ ਇਹ ਜੜ੍ਹ ਰੱਖ ਲਈ ਹੈ।''

ਕਹਿਣ ਲੱਗੇ,''ਅੱਛਾ ਭਾਈ, ਅੱਸੀ ਸਿਰ ਦੇ ਕੇ ਲਵਾਂਗੇ।'' ਇਹ ਵਡਤੀਰਥ ਦੀ ਸਾਖੀ ਵਿੱਚ ਲਿਖਿਆ ਹੈ–

*ਅੱਸੀ ਸੀਸ ਖਾਲਸੇ ਦੀਨੇ, ਧਰਮ ਛੀਨ ਤੁਰਕਨ ਕੇ ਕੀਨੇ।*

ਤਾਂ ਹੁਣ ਉਸ ਗੱਲ ਦੇ ਵਾਸਤੇ ਸਿੰਘ ਤਿਆਰ ਹੁੰਦੇ ਹਨ–

*ਮੁਢੋਂ ਰਾਜ ਪਠਾਣਾਂ ਦਾ ਖਾਸ ਇਥੇ,*
*ਇਸ ਬਾਤ ਵਿੱਚ ਹੋਰ ਨਾ ਫੇਰ ਭਾਈ।*

ਪਠਾਣਾਂ ਦਾ ਰਾਜ ਸੀ, ਉੱਥੇ ਗਊ ਕਸ਼ੀ ਜ਼ੋਰਾਂ ਉੱਤੇ ਹੁੰਦੀ ਸੀ, ਬਲਕਿ ਰਾਮ ਗਊਆਂ ਜਿਹੜੀਆਂ ਲੋਕਾਂ ਦੀਆਂ ਬਾਹਰ ਛੱਡੀਆਂ ਸਨ —ਉਹ ਮਾਰੀਆਂ ਜਾਂਦੀਆਂ ਸਨ।

ਤਾਂ, ਹੁਣ ਭਾਈ ਗੁਰਮੁਖ ਸਿੰਘ ਜੀ ਤੁਰੇ ਆ ਰਹੇ ਹਨ-ਬਾਹਰ ਤੋਂ। ਉਨ੍ਹਾਂ ਤੁਰੇ ਆਉਂਦਿਆਂ ਨੇ ਰਸਤੇ ਦੇ ਵਿੱਚ ਦੇਖਿਆ ਬੈਲ ਦੇ ਉੱਤੇ ਮੂਲੀਆਂ ਲੈ ਕੇ ਇੱਕ ਪਠਾਣ ਚੜ੍ਹਿਆ ਹੋਇਆ ਸੀ, ਮੂਲੀਆਂ ਦੇ ਭਾਰ ਨਾਲ ਹੀ ਬੈਲ ਤੰਗ ਸੀ। ਇਹ ਭਾਈ ਹੁਰੀਂ ਨੰਬਰਦਾਰ ਸਨ, ਇਹਨਾਂ ਨੇ ਆਖਿਆ, ''ਭਾਈ, ਓਇ ਮੀਆਂ ! ਬੈਲ ਅੱਗੇ ਹੀ ਤੰਗ ਹੈ, ਤੂੰ ਬੈਲ ਉੱਤੇ ਕਿਉਂ ਚੜ੍ਹਿਆ ਹੈਂ ?''

ਉਸਨੇ ਕਿਹਾ,''ਓ ਸਿਖੜਿਆ, ਤੇਰਾ ਇਸ ਨਾਲ ਕੀ ਤਅੱਲਕ। ਗਾਲ੍ਹਾਂ ਦੇਣ ਲੱਗ ਗਿਆ। ਸਿੱਖ ਵੀ ਅੱਗੋਂ ਬੋਲ ਪਿਆ। ਇਹ ਦੋਵੇਂ ਲੜੇ, ਅਖੀਰ ਨੂੰ ਕੋਤਵਾਲੀ ਦੇ ਸਾਹਮਣੇ ਆਏ। ਕੋਤਵਾਲ ਨੇ ਕਿਹਾ,''ਤੂੰ ਸਿੱਖਾ, ਲਗਦਾ ਇਸ ਗੱਲ ਦਾ ਕੀ ਹੈਂ ?'' ਨਾਲੇ ਤੇ ਬਹੁਤ ਮਾਰਿਆ ਸਿੱਖ ਨੂੰ ਪੁਲਿਸ ਨੇ ਨਾਲੇ ਕਹਿਣ ਲੱਗੇ,''ਅਸੀਂ ਤੇਰੇ ਸਾਹਮਣੇ ਬੈਲ ਨੂੰ ਜ਼ਿਬ੍ਹਾ ਕਰਾਂਗੇ।'' ਉਹਦੇ ਸਾਹਮਣੇ ਬੈਲ ਦੇ ਗਲ ਉੱਤੇ ਛੁਰੀ ਫੇਰੀ ਗਈ।

ਉਹਦੀ ਉੱਥੇ ਕੋਈ ਪੇਸ਼ ਨਹੀਂ ਸੀ ਜਾਂਦੀ। ਉਹ ਇਸ ਦੁੱਖ ਦਾ ਮਾਰਿਆ ਓਥੋਂ ਤੁਰਿਆ, ਆ ਕੇ ਹੀਰਾ ਸਿੰਘ ਨੂੰ ਕਿਹਾ,''ਸਾਡੇ ਜਿਊਣ ਕਾ ਕੋਈ ਧਰਮ ਨਹੀਂ, ਜਦੋਂ ਬਿਲਕਬੁਲ ਬੇਜ਼ੁਬਾਨ ਪਸ਼ੂਆਂ ਉੱਤੇ ਔਰ ਨਿਹੱਕਿਆਂ ਉੱਤੇ ਇਹ ਗੱਲ ਹੁੰਦੀ ਹੈ।'' ਇਹ ਇਹਦਾ ਮੁੱਢ ਹੈ।

ਅੰਗਰੇਜ਼ਾਂ ਨੇ ਇਹਦੇ ਵਿੱਚ ਬੜਾ ਕੁਝ ਲਿਖਿਆ। ਅੰਗਰੇਜ਼ ਨੇ ਜੋ ਕੁਝ ਕੀਤਾ ਹੈ ਹੁਣ ਤਕ ਸਿੱਖਾਂ ਵਾਸਤੇ ਬੜਾ ਕੁਝ ਕੀਤਾ ਹੈ। ਜੇ ਅਕਾਲੀ ਲਹਿਰ ਉੱਠੀ ਤਾਂ ਉਹਦੇ ਖਿਲਾਫ ਵੀ ਜਿਹੜੀ ਉਹਨਾਂ ਤੋਂ ਸਰੀ—ਕੀਤੀ। ਜੋ ਕੋਈ ਵੀ ਲਹਿਰ ਧਾਰਮਿਕ ਉੱਠੀ—ਜੇ ਚੌਦਹ ਦੇ ਗਦਰ ਵਿੱਚ ਹਿੰਦੂ ਉੱਠੇ ਉਨ੍ਹਾਂ ਵਾਸਤੇ ਵੀ ਇਹੋ ਕੁਝ। ਜਿਹਨਾਂ ਨੇ ਜਰਾ ਕੁ ਵੀ ਸਿਰ ਚੁੱਕਿਆ, ਜਦੋਂ ਦੇਖਿਆ ਕਿ ਇਤਫਾਕ ਹੁੰਦਾ ਹੈ ਤਾਂ ਉਸ ਵੇਲੇ ਕੋਈ ਨਾ ਕੋਈ ਗੱਲ ਉਨ੍ਹਾਂ ਨੇ ਉਹ ਕੀਤੀ—ਮੁਸਲਮਾਨਾਂ ਨੂੰ ਚੁੱਕਕੇ ਅੱਗੇ ਲਾ ਲਿਆ ਔਰ ਕਿਹਾ ਕਿ ਸਿੱਖ ਬਗਾਵਤ ਕਰਦੇ ਹਨ—ਸਿੱਖਾਂ ਵਿੱਚ ਕੋਈ ਬਗਾਵਤ ਦੀ ਚੀਜ਼ ਨਹੀਂ ਮਿਲ ਸਕੀ।

ਸੰਤ ਨਿਧਾਨ ਸਿੰਘ ਜੀ ਨੇ ਲਿਖਿਆ ਹੈ—ਜੁਗ ਪਲਟਾਊ ਸਤਿਗੁਰੂ—ਜੇ ਉਹ ਇੱਥੇ ਆ ਗਿਆ, ਤੁਸੀਂ ਪੜ੍ਹੋ ਤਾਂ ਤੁਹਾਨੂੰ ਪਤਾ ਲਗੇਗਾ, ਇਸ ਪੁਸਤਕ ਵਿੱਚ ਅੰਗਰੇਜ਼ਾਂ ਦੀਆਂ ਮਿਸਾਲਾਂ ਦਿੱਤੀਆਂ ਹਨ, ਉਹਨਾਂ ਦੀਆਂ ਚਿੱਠੀਆਂ ਦੇ ਹਵਾਲੇ ਦਿੱਤੇ ਹਨ-ਕਿ ਸਤਿਗੁਰਾਂ ਉੱਤੇ ਕੋਈ ਦੋਸ਼ ਲਾ ਨਹੀਂ ਸਨ ਸਕੇ, ਸਿਰਫ ਇਹੋ ਉਨ੍ਹਾਂ ਨੂੰ ਦੁੱਖ ਸੀ ਕਿ ਇੱਕ ਆਦਮੀ ਦੇ ਹੁਕਮ ਵਿੱਚ ਲੱਖਾਂ ਆਦਮੀ ਚਲਦੇ ਹਨ। ਉਹ ਇਹ ਨਹੀਂ ਸਨ ਦੇਖ ਸਕਦੇ—ਇਨ੍ਹਾਂ ਦਾ ਰਾਜ ਕਾਇਮ ਹੋ ਜਾਵੇਗਾ। ਇਹ ਗੱਲ ਸੱਚੀ ਸੀ। ਸਤਿਗੁਰਾਂ ਦੇ ਹੁਕਮ ਵਿੱਚ ਜੋ ਕੁਝ ਸੀ, ਲੋਕ ਸੱਚੇ ਸਨ, ਸੁੱਚੇ ਸਨ, ਧਰਮ ਉੱਤੇ ਚਲਦੇ ਸਨ ਤਾਂ ਉੱਥੇ ਇਨ੍ਹਾਂ (ਅੰਗਰੇਜ਼ਾਂ) ਨੂੰ (ਇਸ ਗੱਲ ਦੀ) ਤਕਲੀਫ ਹੋਈ।

(ਸੂ: ਗੁਰਮੁਖ ਸਿੰਘ ਨੇ) ਹੀਰਾ ਸਿੰਘ ਹੁਰਾਂ ਨੂੰ ਅਰਜ਼ ਕਰੀ। ਹੀਰਾ ਸਿੰਘ ਹੁਰੀਂ ਇਨ੍ਹਾਂ (ਗੁਰਮੁਖ ਸਿੰਘ) ਦੇ ਨਾਲ ਤਿਆਰ ਹੋ ਕੇ ਮਲੇਰਕੋਟਲੇ ਨੂੰ ਤੁਰੇ, ਰਸਤੇ ਵਿੱਚ ਮਲੌਦ ਆਏ। ਮਲੌਦ ਆ ਕੇ, ਸਰਦਾਰ ਬਦਨ ਸਿੰਘ ਮਲੌਦ ਵਾਲਾ ਜਿਹੜਾ ਸੀ—ਉਹ ਸਤਿਗੁਰਾਂ ਕੋਲੋਂ ਭਜਨ ਪੁੱਛ ਆਇਆ ਸੀ। ਉਸ ਵੇਲੇ ਉਹਨਾਂ ਨੇ ਆਖਿਆ,''ਸੱਚੇ ਪਾਤਸ਼ਾਹ ਕੋਈ ਸੇਵਾ ਹੋਵੇ।''

ਸਤਿਗੁਰਾਂ ਕੁਝ ਨਹੀਂ ਆਖਿਆ। ਹੀਰਾ ਸਿੰਘ ਹੁਰਾਂ ਕਿਹਾ,''ਜੇ ਕੋਈ ਵਕਤ ਆਇਆ ਤਾਂ ਦੱਸਾਂਗੇ।''

ਇਹ (ਹੀਰਾ ਸਿੰਘ ਜੀ) ਉੱਥੇ (ਮਲੌਦ) ਆਏ, ਜਿਸ ਵੇਲੇ ਉਹਦੇ ਕਿਲ੍ਹੇ ਵਿੱਚ ਗਏ, ਉਹਨੂੰ (ਬਦਨ ਸਿੰਘ) ਨੂੰ ਜਾ ਕੇ ਆਖਿਆ,''ਤੂੰ ਘੋੜੇ ਤੇ ਹਥਿਆਰ ਦੇ।''

ਉਸ ਆਖਿਆ,''ਮਹਾਰਾਜ ਮੈਂ ਨਹੀਂ ਦੇ ਸਕਦਾ।''

ਉਹ (ਬਦਨ ਸਿੰਘ) ਬੜੀ ਜਾਗੀਰ ਦਾ ਮਾਲਕ ਸੀ, ਉਹਨੂੰ ਅੰਗਰੇਜ਼ਾਂ ਦਾ ਡਰ ਸੀ, ਉਹਨੇ ਨਾ ਦਿੱਤੇ। ਸਿੱਖਾਂ ਨੇ ਉਸ ਤੋਂ ਜ਼ਬਰਨ ਘੋੜੇ ਖੋਹ ਲਏ। ਉੱਥੇ ਦੋ ਸਿੰਘ ਝਗੜੇ ਵਿੱਚ ਚੜ੍ਹ ਗਏ। ਉਹਨਾਂ ਨੇ ਰੌਲਾ ਪਾ ਦਿੱਤਾ, ਬੰਦੂਕਾਂ ਚੱਲੀਆਂ ਲੇਕਿਨ ਸਿੰਘ ਘੋੜੇ ਲੈ ਕੇ ਉੱਥੋਂ —ਅੰਦਰੋਂ, ਪਿਛਲੇ ਪਾਸੇ ਬਾਰੀ ਜਿਹੜੀ ਸੀ—ਕੁਹਾੜੀ ਨਾਲ ਉਹਦਾ ਜਿੰਦਰਾ ਵੱਢ ਕੇ, ਬਾਰੀ ਖ੍ਹੋਲਕੇ ਨਿਕਲੇ।

ਇਹ ਉਸ ਆਦਮੀ ਦਾ ਬਿਆਨ ਹੈ ਜਿਹੜਾ ਆਦਮੀ ਮੈਨੂੰ ਮਿਲਿਆ —ਹਜ਼ਾਰਾ ਸਿੰਘ ਹਿੰਮਤਪੁਰੇ ਦੇ ਰਹਿਣ ਵਾਲਾ ਔਰ ਉਹ ਭਾਈ ਲਹਿਣਾ ਸਿੰਘ ਹੁਰਾਂ ਦੇ ਨਾਲ ਸੀ। ਸਿੰਘ ਜਿਸ ਵੇਲੇ ਨਿਕਲੇ ਹਜ਼ਾਰਾ ਸਿੰਘ ਦੱਸਦਾ ਸੀ,''ਮੇਰਾ ਪਿਤਾ ਮੈਨੂੰ ਲੈਣ ਭੈਣੀ ਸਾਹਿਬ ਆਇਆ—ਅਰਜ਼ ਕੀਤੀ।

ਮੈਂ ਆਖਿਆ, 'ਜੀ ! ਮੈਂ ਤੇ ਹੀਰਾ ਸਿੰਘ ਹੁਰਾਂ ਦੇ ਨਾਲ ਜਾਣਾ ਹੈ।''

ਹੀਰਾ ਸਿੰਘ ਜੀ ਆਖਣ ਲਗੇ,''ਹੱਛਾ ਭਾਈ, ਤੂੰ ਮਲੇਰਕੋਟਲਿਓਂ ਮਗਰੋਂ ਫਿਰ ਚਲਾ ਜਾਈ।''

ਪਿਤਾ—ਹਜ਼ਾਰਾ ਸਿੰਘ ਕਹਿੰਦਾ—ਮਮਤਾ ਦਾ ਮਾਰਿਆ ਮੇਰੇ ਨਾਲ ਹੀ ਰਿਹਾ।

ਮਲੇਰਕੋਟਲੇ ਦਾ ਸਾਕਾ ਸਾਰਾ ਉਨ੍ਹਾਂ ਨੇ ਅੱਖੀਂ ਵੇਖਿਆ। ਜਿਸ ਵੇਲੇ ਰੜ੍ਹ ਜਾ ਕੇ ਮਲੇਰਕੋਟਲੇ ਤੋਂ—ਜਿੱਥੇ ਇਨ੍ਹਾਂ ਦੇ ਭਾਈ ਹੀਰਾ ਸਿੰਘ ਹੁਰਾਂ ਦੇ ਨਾਨਕੇ ਸਨ—ਚੌਹਾਂ ਕੋਹਾਂ ਤੇ ਜਾ ਕੇ ਹਥਿਆਰ ਇਨ੍ਹਾਂ ਨੇ ਧਰ ਦਿੱਤੇ,''ਸਾਨੂੰ ਤੇ ਐਨਾ ਹੀ ਹੁਕਮ ਸੀ।'' ਉਹਦੇ ਪਿਤਾ ਨੇ ਫੇਰ ਹਜ਼ਾਰਾ ਸਿੰਘ ਹੁਰਾਂ ਦੇ ਬਾਬਤ ਅਰਜ਼ ਕਰੀ,''ਮਹਾਰਾਜ ! ਹੁਣ ਤੇ ਇਹਨੂੰ ਛੁੱਟੀ ਦਿਉ।''

ਉਹਨਾ ਉਸੇ ਵੇਲੇ ਛੁੱਟੀ ਦੇ ਦਿੱਤੀ ਕਿਉਂਕਿ, ਨਾਂ ਲਿਖੇ ਹੋਏ ਅੰਗਰੇਜ਼ਾਂ ਕੋਲ ਕੋਈ ਨਹੀਂ ਸਨ, ਉਹ ਫੇਰ ਨੰਬਰਦਾਰੀ ਭੋਗਦਾ ਰਿਹਾ—ਬਹਾਵਲਪੁਰ ਦੇ ਰਾਜ ਵਿੱਚ। ਉਹ ਸਾਰੀਆਂ ਗੱਲਾਂ ਬਾਤਾਂ—ਮੈਂ ਉਹਨਾਂ ਕੋਲੋਂ ਚੰਗੀ ਤਰ੍ਹਾਂ ਜ਼ੁਬਾਨੀ ਸੁਣੀਆਂ ਹਨ। ਉਹ (ਹਜ਼ਾਰਾ ਸਿੰਘ) ਨਾਲ ਰਹੇ, ਸਾਰਾ ਕੁਝ ਉਹਨਾ ਵੇਖਿਆ।

ਹੀਰਾ ਸਿੰਘ ਜੀ ਗਏ—ਮਲੇਰਕੋਟਲੇ, ਜਾ ਕੇ ਇਹਨਾਂ ਕੋਈ ਚੀਜ਼ ਨੂੰ ਨਹੀਂ ਛੇੜਿਆ, ਲੇਕਿਨ ਸਾਡੇ ਮੁਲਕ ਦੀ ਬਦਕਿਸਮਤੀ ਹੈ ਕਿ ਅਸੀਂ ਆਪਣੇ ਹੀ ਆਪਣਿਆਂ ਤੇ ਵਰ੍ਹਦੇ ਹਾਂ। ਜਿਹੜੇ ਉੱਥੋਂ ਦੇ ਹਿੰਦੂ ਸਨ, ਉਹ ਵੀ ਨਵਾਬ ਤੋਂ ਡਰਦੇ ਮੁਸਲਮਾਨਾਂ ਦੀ ਮਦਦ ਕਰਦੇ ਸਿੱਖਾਂ ਦੇ ਮਗਰ ਪਏ। ਦੋ ਤਿੰਨ ਵੇਰ ਇਨ੍ਹਾਂ ਨੇ ਫੇਰ ਵੀ ਭਜਾ ਦਿੱਤੇ—ਸ਼ਹਿਰ ਦੇ ਮੁਸਲਮਾਨ। ਉੱਥੇ ਲਿਖਿਆ ਭਾਈ ਕਾਲਾ ਸਿੰਘ ਹੁਰਾਂ ਨੇ-

*ਜੇਕਰ ਹਿੰਦੂ ਨਾ ਉਹਨਾਂ ਦੀ ਮਦਦ ਕਰਦੇ,*
*ਤਾਂ ਤੁਰਕਾਂ ਦਾ ਬੀਜ ਦਿੰਦੇ ਪੁਟਕੇ ਜੀ।*

ਲਿਆਕੇ ਮਲੇਰਕੋਟਲੇ ਇਨ੍ਹਾਂ ਨੂੰ—ਬਗੈਰ ਬੰਨ੍ਹਣ ਤੋਂ—ਤੋਪਾਂ ਦੇ ਅੱਗੇ ਖੜੇ ਕਰ ਕਰ ਕੇ ਚਾਰ-ਚਾਰ ਸਰੀਰ ਉਡਾਏ ਔਰ, ਤੋਪਾਂ ਕਿਹਦੀਆਂ ਸਨ—ਨਾਭਾ, ਪਟਿਆਲਾ ਤੇ ਸੰਗਰੂਰ ਦੀਆਂ। ਸਿੱਖਾਂ ਮਹਾਰਾਜਿਆਂ ਦੀਆਂ—ਸਿੱਖਾਂ ਨੂੰ ਉਡਾਉਣ ਵਾਸਤੇ, ਕਿਉਂਕਿ ਅੰਗਰੇਜ਼ ਨੇ ਇਹੋ ਚੀਜ਼ ਸਿੱਖੀ ਸੀ—ਜਿਸ ਤਰ੍ਹਾਂ ਉਹ ਸੰਸਕ੍ਰਿਤ ਦਾ ਇੱਕ ਲਫਜ਼ ਹੈ 'ਉਸਟ ਲਸਟਿਕਾ ਨਿਆਏ' ਕਿ ਊਠ ਦੇ ਪਲਾਣੇ ਵਿੱਚੋਂ ਡੰਡਾ ਕੱਢ ਕੇ ਊਠ ਨੂੰ ਮਾਰਨਾ—ਉਹਨਾ ਇਹੋ ਕੁਝ ਸਿੱਖਿਆ ਸੀ, ਜੇ ਹਿਦੂੰ ਤਕੜੇ ਹੋਏ ਤਾਂ ਮੁਸਲਮਾਨ ਚੁੱਕ ਦਿੱਤੇ, ਜੇ ਮੁਸਲਮਾਨ ਤਕੜੇ ਹੋਏ, ਸਿੱਖ ਚੁੱਕ ਦਿੱਤੇ, ਜੇ ਸਿੱਖ ਤਕੜੇ ਹੋਏ ਤਾਂ ਹਿੰਦੂ ਚੁੱਕ ਦਿੱਤੇ, ਬਈ ਆਪਸ ਵਿੱਚ ਫਟੇ ਰਹਿਣ, ਸਾਡਾ ਕੰਮ ਚਲਦਾ ਰ੍ਹਵੇ—ਪਾੜੋ ਤੇ ਰਾਜ ਕਰੋ (Divide & Rule)।

ਸਿੰਘ, ਜਦੋਂ ਤੋਪਾਂ ਦੇ ਅੱਗੇ ਖੜੇ ਹੋਏ ਤਾਂ ਅੰਗਰੇਜ਼ ਕਹਿਣ ਲੱਗੇ,"ਪਿੱਠ ਕਰਕੇ ਖਲੋਵੋ।"ਉਹ ਕਹਿੰਦੇ ਨੇ,"ਬਈ ਸਿੰਘ ਪਿੱਠ ਕਰਕੇ ਨਹੀਂ ਖਲੋ ਸਕਦਾ।" ਸਾਹਮਣੇ ਮੱਥੇ, ਸਿਰ ਦੇ ਉੱਤੇ ਤਕਲੀਫ ਝੱਲੀ। ਇਨ੍ਹਾਂ ਨੂੰ

ਪਤਾ ਨਹੀਂ ਲਗਾ ਔਰ ਤੋਪ ਚਲਦੀ ਸੀ—ਜੈਕਾਰਾ ਬੁਲਾਉਂਦੇ ਸਨ। ਭਾਈ ਵਰਿਆਮ ਸਿੰਘ ਜੀ—ਮਰਾਜ ਦੇ, ਜਿਹੜੇ ਮਹਾਰਾਜੇ ਦੇ ਖਾਨਦਾਨ ਪਟਿਆਲੇ ਦੇ ਸਨ, ਉਨ੍ਹਾਂ ਨੂੰ ਕਿਸੇ ਤਰ੍ਹਾਂ ਬਚਾਉਣ ਲੱਗੇ। ਵਰਿਆਮ ਸਿੰਘ ਦਾ ਕੱਦ ਮਧਰਾ ਸੀ। ਉਹਨਾ ਨੂੰ ਕਿਹਾ ਗਿਆ,''ਤੇਰੀ ਤੋਪ ਦੇ ਸਾਹਮਣੇ ਛਾਤੀ ਮੇਚ ਨਹੀਂ ਆਉਂਦੀ, ਤੂੰ ਲਾਂਭੇ ਹੋ ਜਾ।''

ਵਰਿਆਮ ਸਿੰਘ ਵਾਹਣ ਵਿੱਚ ਗਏ, ਢੇਮਾਂ ਫੜੀਆਂ ਵਾਹਣ ਦੀਆਂ, ਚੁੱਕ ਕੇ—ਲਿਆ ਕੇ ਢੇਰੀ ਲਾ ਕੇ ਤੇ ਉੱਤੇ ਖਲੋ ਕੇ ਕਹਿੰਦੇ,''ਮੇਰੀ ਹੁਣ ਤੇ ਛਾਤੀ ਮੇਚ ਹੈ।''

ਕੀ ਤੁਹਾਨੂੰ ਆਖਾਂ ? ਮੈਨੂੰ ਇਹ ਗੱਲ ਕਹਿਣ ਤੇ ਸੰਕੋਚ ਆਉਂਦਾ ਹੈ, ਅੰਗਰੇਜ਼ ਬੜਾ ਨਾਜ਼ ਕਰਦੇ ਹਨ ਯਸੂ ਤੇ ਕਿ ਉਹਨੇ ਬੜਾ ਚੰਗਾ ਕੰਮ ਕੀਤਾ, ਇਨ੍ਹਾਂ ਦਾ ਉਹ ਬਜ਼ੁਰਗ ਹੋਇਆ ਪਰ, ਜਿਸ ਵੇਲੇ ਉਸਨੂੰ ਸੂਲੀ ਚੜ੍ਹਾਉਣ ਲੱਗੇ, ਉਹ ਕਹਿੰਦਾ,''ਮੈਨੂੰ ਡਰ ਲਗਦਾ ਹੈ, ਮੈਨੂੰ ਸ਼ਰਾਬ ਪਿਲਾਓ।''★

ਹਜ਼ਰਤ ਮੁਹੰਮਦ ਸਾਹਿਬ ਕਹਿੰਦੇ ਹਨ, ਇਜ਼ਰਾਇਲ ਨੂੰ,''ਤੂੰ ਸਾਨੂੰ ਆਪਣੀ ਉਹ ਸੂਰਤ ਦਿਖਲਾ ਜਿਹਦੇ ਨਾਲ ਤੂੰ ਲੋਕਾਂ ਨੂੰ ਮਾਰਦਾ ਹੈਂ।''

ਉਹ ਕਹਿੰਦਾ,''ਹਜ਼ਰਤ, ਕੀ ਤੁਸੀਂ ਇਸ ਗੱਲ ਤੋ ਲੈਣਾ ਹੈ ?''

ਇਹ ਕਿਤਾਬੀ ਗੱਲਾਂ ਨੇ—ਲਿਖੀਆਂ ਹੋਈਆਂ, ਕੋਈ ਮੈਂ ਨਹੀਂ ਬਣਾ ਕੇ ਕਿਸੇ ਦੇ ਮਜ਼ਹਬ ਉੱਤੇ ਅਟੈਕ ਕਰਦਾ। ਜਿਸ ਵੇਲੇ ਉਸਨੇ ਸੂਰਤ ਦਿਖਾਈ ਤੇ ਕਹਿੰਦੇ ਹਨ, ਹਜ਼ਰਤ ਨੇ ਜਿਉਂ ਸਿਰ ਧਰਿਆ ਜ਼ਮੀਨ ਉੱਤੇ, ਬਾਰ੍ਹਾਂ ਦਿਨ ਸਿਰ ਨਹੀਂ ਚੁੱਕਿਆ—ਬਾਰ੍ਹਾਂ ਬਫਾਤਾਂ ਉਸ ਤੋਂ ਬਣੀਆਂ ਹਨ।

ਸਤਿਗੁਰੂ ਜੀ ਦੀ ਕਿਰਪਾ ਦਾ ਫਲ, ਜਦੋਂ ਇੱਕ ਸਿੰਘ ਤੋਪ ਨਾਲ ਉੱਡ ਜਾਂਦਾ ਤਾਂ ਉਹ ਦੂਜਾ ਕਹਿੰਦੈ,''ਓਏ ਬਿੱਲਿਆ, ਛੇਤੀ ਕਰ, ਮੇ ਰਾ ਸਾਥ ਜਾਂਦਾ ਹੈ''—ਬਗੈਰ ਫੜਨ ਦੇ, ਬਗੈਰ ਬੰਨ੍ਹਣ ਦੇ। ਇਹ ਮਲੇਰਕੋਟਲੇ ਦਾ ਸਾਕਾ ਹੈ—ਇਹ ਐਨਾ ਹੀ ਪ੍ਰਸੰਗ ਹੈ।

ਇੱਥੇ ਹੁਣ ਛੱਡ ਕੇ ਮੈਂ ਕੁਝ ਥੋੜੀ ਜਿਹੀ ਅਰਜ਼ ਬੇਨਤੀ ਤੁਹਾਡੇ ਕੋਲ

ਕਰਨੀ ਹੈ। ਉਹ ਇਹ ਹੈ, ਮੁਲਕ ਦੀ ਜਿਹੜੀ ਹਾਲਤ ਹੈ, ਉਹ ਬੜੀ ਖਰਾਬ ਹੈ। ਪਹਿਲੀ ਚੀਜ਼ ਸਭ ਤੋਂ ਵੱਡੀ ਇਹ ਹੈ ਕਿ ਜਿਤਨਾ ਚਿਰ ਪੁਰਸ਼ ਦੇ ਵਿੱਚ ਆਤਮਕ ਤਾਕਤ ਨਹੀਂ ਹੁੰਦੀ, ਜਿੰਨਾਂ ਚਿਰ ਇਹਦੀ ਆਤਮਾ ਪ੍ਰਬਲ ਨਹੀਂ ਹੁੰਦੀ, ਤਾਕਤ ਵਾਲਾ ਨਹੀਂ ਹੁੰਦਾ, ਓਨਾ ਚਿਰ ਭਾਵੇਂ ਇਹਦੇ ਕੋਲ ਹਥਿਆਰ ਪਏ ਹੋਣ, ਕੁਝ ਹੋਵੇ, ਓਨਾ ਚਿਰ ਉਹ ਕੁਝ ਨਹੀਂ ਕਰ ਸਕਦਾ। ਉਹੀ ਅਰਜਨ ਸੀ—ਜਿਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਸਰੀਰ ਦਾ ਉਹਲਾ ਕਰ ਲਿਆ, ਉਸ ਨੂੰ ਸੱਟ ਵੱਜ ਗਈ—ਭੀਲ ਉਹਦੇ ਕੋਲੋਂ ਗੋਪੀਆਂ ਖੋਹ ਕੇ ਲੈ ਗਏ।

*ਸਮਾਂ ਕਰੇ ਨਰ ਕਿਆ ਕਰੇ ਸਮਾਂ ਸਮਾਂ ਸਮਰੱਥ।*
*ਵਹੀ ਅਰਜਨ, ਵਹੀ ਧਨੁਸ਼ਬਾਨ ਤੇ ਵਹੀ ਅਰਜਨ ਕੇ ਰੱਥ।*

ਆਤਮਾ ਕਮਜ਼ੋਰ ਹੋ ਗਿਆ—ਪਹਿਲੇ ਵੀ ਹੋਇਆ, ਕ੍ਰਿਸ਼ਨ ਮਹਾਰਾਜ ਨੇ ਗੀਤਾ ਦਾ ਉਪਦੇਸ਼ ਦਿੱਤਾ ਤਾਂ ਅਰਜਨ ਨੂੰ ਖੜਾ ਕੀਤਾ।

ਤੁਹਾਡੇ ਵਾਸਤੇ ਸਭ ਤੋਂ ਵੱਡੀ ਚੀਜ਼ ਇਹ ਹੈ, ਇੱਥੇ ਜਿਹੜੇ ਸੱਜਣ ਆਏ ਹਨ, ਸਾਰਿਆਂ ਅੱਗੇ ਬੇਨਤੀ ਹੈ। ਕਈ ਚਲੇ ਗਏ ਹਨ, ਮੌਜ ਦੇ ਮਾਲਕ ਹਨ। ਕੋਈ ਚੀਜ਼ ਕਿਸੇ ਨੂੰ ਪਸੰਦ ਆਉਂਦੀ ਹੈ, ਕਿਉਂਕਿ ਕੋਈ ਆਦਮੀ ਜਦੋਂ ਦੁਕਾਨ ਤੇ ਜਾਂਦਾ ਹੈ ਖਾਣ ਨੂੰ—ਕਿਸੇ ਨੂੰ ਮਿੱਠੀ ਚੀਜ਼, ਕਿਸੇ ਨੂੰ ਲੂਣ ਵਾਲੀ, ਕਿਸੇ ਨੂੰ ਖੱਟੀ—ਜੋ ਕਿਸੇ ਨੂੰ ਚੰਗੀ ਲਗਦੀ ਹੈ ਖਾਂਦਾ ਹੈ। ਪਰ, ਇੱਕ ਚੀਜ਼ ਦੀ ਬੜੀ ਜ਼ਰੂਰਤ ਹੈ, ਸਾਡਾ ਨਾਤਾ—ਪੰਜਾਬੀ ਹੋਣ ਕਰਕੇ, ਸਿੱਖ ਹੋਣ ਕਰਕੇ, ਫਿਰ ਓਦੂੰ ਅੱਗੇ ਹਿੰਦੁਸਤਾਨੀ ਹੋਣ ਕਰਕੇ—ਬੜਾ ਵੱਡਾ ਹੈ ਔਰ ਸਾਨੂੰ ਐਥੇ ਆ ਕੇ ਦੂਸਰੇ ਮੁਲਕ ਵਿੱਚ, ਜਿਹੜੇ ਲੋਕ ਇਹ ਖਿਆਲ ਕਰਦੇ ਹਨ, ਇਹ ਅਕਾਲੀ ਹੈ, ਇਹ ਕੂਕਾ ਹੈ, ਇਹ ਸਹਿਜਧਾਰੀ ਹੈ, ਇਹ ਮੋਨਾ ਹੈ, ਇਹ ਕੇਸਾਂ ਵਾਲਾ ਹੈ, ਇਹਦੀ ਪੱਗ ਕਾਲੀ ਹੈ, ਇਹਦੀ ਚਿੱਟੀ ਹੈ, ਇਸ ਗੱਲ ਵੱਲ ਧਿਆਨ ਨਹੀਂ ਕਰਨਾ ਚਾਹੀਦਾ। ਇਹ ਬੜਾ ਇੱਕ ਜ਼ਰੂਰੀ ਮਾਮਲਾ ਹੈ, ਪਰ ਇਹਦੇ ਵਾਸਤੇ ਲੋੜ ਏਹੋ ਹੀ ਹੈ ਸਭ ਤੋਂ ਵੱਡੀ—ਸਿੱਖ ਜੋ ਹੈ, ਉਹ ਰੋਜ਼ ਬਾਣੀ ਪੜ੍ਹਦਾ ਹੈ ਔਰ ਬਾਣੀ ਵਿੱਚ ਉਹ ਪੜ੍ਹਦਾ ਹੈ ਜਪੁ ਸਾਹਿਬ, ਜ਼ਰੂਰ। ਫਿਰ

ਕੀ ਪੜ੍ਹਦਾ ਹੈ ਉੱਥੇ-

**ਭਰੀਐ[੧੫] ਹਥੁ ਪੈਰੁ ਤਨੁ ਦੇਹ॥**
**ਪਾਣੀ ਧੋਤੈ ਉਤਰਸੁ ਖੇਹ[੧੬]॥**
**ਮੂਤ ਪਲੀਤੀ[੧੭] ਕਪੜੁ ਹੋਇ॥**
**ਦੇ[੧੮] ਸਾਬੂਣੁ ਲਈਐ ਓਹੁ ਧੋਇ॥**

*-ਪੰਨਾ-੪*

ਕੋਈ ਇਹਨਾਂ ਦੇ ਅਰਥ ਕਰਨ ਦੀ ਲੋੜ ਨਹੀਂ, ਗੁਰਬਾਣੀ ਦੇ ਅਰਥ ਨਹੀਂ ਹੋ ਸਕਦੇ ਪਰ ਸਮਝੋ ਤੇ ਸਮਝ ਵਿੱਚ ਆ ਜਾਂਦੀ ਹੈ-

**ਭਰੀਐ ਮਤਿ ਪਾਪਾ ਕੈ ਸੰਗਿ॥**
**ਓਹੁ ਧੋਪੈ ਨਾਵੈ ਕੈ ਰੰਗਿ[੧੯]॥**

## ਮਰਯਾਦਾ

ਜਿਤਨਾ ਚਿਰ ਤੁਹਾਡੀ ਆਤਮਾ ਨਾਮ ਜਪ ਕੇ ਤਾਕਤ ਵਾਲੀ ਨਹੀਂ ਬਣ ਜਾਂਦੀ, ਤੁਸੀਂ ਕੋਈ ਮੁਲਕ ਦਾ ਕੰਮ, ਕੋਈ ਕੁਰਬਾਨੀ ਦਾ ਕੰਮ, ਕੋਈ ਪਰਉਪਕਾਰ ਦਾ ਕੰਮ ਨਹੀਂ ਕਰ ਸਕਦੇ। ਸਭ ਤੋਂ ਵੱਡੀ ਚੀਜ਼ ਇਹ ਜ਼ਰੂਰੀ ਹੈ—ਕਿ ਨਿਤਨੇਮ—ਹੁਕਮ ਤੇ ਇਹ ਹੈ ਕਿ ਕੋਈ ਦਮ ਨਾ ਵਿਹਲਾ ਜਾਵੇ। ਛੋਟ ਕਰਦਿਆਂ, ਸਤਿਗੁਰਾਂ ਦੇ ਵਕਤ, ਇਹ ਨਾਮਧਾਰੀ ਦੀ ਰੋਜ਼ ਦੀ ਵੇਲੇ ਦੀ ਵੰਡ ਸੀ ਕਿ ਜਿਹੜਾ ਬਿਹੰਗਮ ਸਾਧ ਹੋਵੇ, ਉਹ ਪੰਜ ਪਾਠ ਜਪੁ ਜਾਪੁ ਦੇ ਕਰੇ, ਪੰਜ ਗ੍ਰੰਥੀ ਬਾਣੀ ਪੜ੍ਹੇ, ਪੰਜ ਮਾਲਾ ਪੱਕੀਆਂ ਭਜਨ ਦੀਆਂ ਫੇਰੇ, ਇੱਕ ਮਾਲਾ ਭਗੌਤੀਆਂ ਦੀ ਫੇਰੇ, ਚੰਡੀ ਦੀ ਵਾਰ ਦਾ ਪਾਠ ਕਰੇ, ਪ੍ਰਸ਼ਾਦਾ ਆਪ ਪਕਾ ਕੇ ਛਕੇ, ਸੌ (੧੦੦) ਪੱਤਰਾ ਗ੍ਰੰਥ ਸਾਹਿਬ ਦਾ ਪੜ੍ਹੇ। ਗ੍ਰਿਹਸਤੀ ਦੀ ਮਰਯਾਦਾ ਭੀ ਇਹ ਹੈ—ਬਈ ਘੱਟ ਤੋਂ ਘੱਟ ਜਪੁ ਜਾਪੁ, ਸ਼ਬਦ ਹਜ਼ਾਰੇ—ਸਤਿਗੁਰਾਂ ਨੇ ਇਉਂ ਲਿਖਿਐ ਹੁਕਮਨਾਮੇ ਵਿੱਚ,"ਭਾਈ ਬਣ ਆਵੇ ਤਾਂ ਪੰਜ ਗ੍ਰੰਥ ਕੰਠ ਕਰਨੇ ਜ਼ਰੂਰ।"

ਇਵੇਂ ਨਹੀਂ—ਜਿਵੇਂ ਮੈਨੂੰ ਮਗਰੋਂ ਪਤਾ ਲੱਗਾ ਹੈ, ਮੈਂ ਅੱਜ ਆਖਾਂ ਬਈ ਸਾਡੀ ਆਸਾ ਦੀ ਵਾਰ ਵਾਲੇ ਤੁਕਾਂ ਕਿਉਂ ਭੁੱਲਦੇ ਹਨ—ਉਹ ਬੱਤੀਆਂ

ਬੁਝਾ ਦਿੱਤੀਆਂ, ਉਹ ਪੋਥੀ ਰੱਖ ਕੇ ਰੋਜ਼ ਆਸਾ ਦੀ ਵਾਰ ਪੜ੍ਹਦੇ ਹਨ।''ਭਾਈ ਬਣ ਆਵੇ ਤਾਂ ਪੰਜ ਗ੍ਰੰਥ ਕੰਠ ਕਰਨੇ ਜ਼ਰੂਰੀ ਨਹੀਂ ਤਾਂ ਰਹਿਰਾਸ, ਜਪੁ, ਜਾਪੁ, ਆਰਤੀ ਸੋਹਿਲਾ, ਸੁਖਮਨੀ, ਆਸਾ ਦੀ ਵਾਰ, ਫੇਰੇ ਜੇ ਇਹ ਵੀ ਨਹੀਂ ਤੇ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਚੰਡੀ ਦੀ ਵਾਰ—ਇਹ ਪੰਜ ਜ਼ਰੂਰ ਪੜ੍ਹਨੀਆਂ ਘੱਟ ਤੋ ਘੱਟ।'' ਹਰ ਇੱਕ ਨਾਮਧਾਰੀ ਦਾ ਇਹ ਫਰਜ਼ ਹੈ ਔਰ ਇਹ ਬਾਣੀ ਕੰਠ ਹੋਣੀ ਚਾਹੀਦੀ ਹੈ। ਸਤਿਗੁਰਾਂ ਦਾ ਕੰਠ ਕਰਨ ਵਾਸਤੇ ਹੁਕਮ ਹੈ—ਸਭ ਨੂੰ,''ਸਭ ਨੇ ਬਾਣੀ ਕੰਠ ਕਰਨੀ ਬੁਢੇ-ਬਾਲੇ ਨੇ, ਮਾਈ-ਬੀਬੀ ਨੇ।

ਹੁਣ ਤੁਸੀਂ ਵੀ ਆਪਣਾ ਖ਼ਿਆਲ ਕਰ ਲਓ। ਅਸੀਂ ਉੱਥੇ ਪੰਜਾਬ ਵਿੱਚ ਇਹ ਪ੍ਰਚੱਲਤ ਕਰ ਆਏ ਹਾਂ—ਏਥੋਂ ਦਾ ਹੁਣ ਮੈਨੂੰ ਪਤਾ ਨਹੀਂ, ਕੀ ਸਾਨੂੰ ਕਰਨਾ ਪਵੇਗਾ—ਕਿ ਕੋਈ ਲੜਕੀ ਲੜਕਾ ਕਮ-ਸੇ-ਕਮ ਪੰਜ ਗ੍ਰੰਥ ਨਾ ਪੜ੍ਹਿਆ ਹੋਵੇ—ਜਿੱਥੋਂ ਸਾਡੀ ਮਰਜ਼ੀ ਹੈ ਅਸੀਂ ਸੁਣੀਏ—ਅਸੀਂ ਉਹਦਾ ਅਨੰਦ ਨਹੀਂ ਕਰਦੇ ਉੱਥੇ। ਜੇ ਆਤਮਾ ਬਲੀ ਹੋ ਜਾਵੇ, ਫਿਰ ਜੇ ਤੁਹਾਡੀ ਆਤਮਾ ਸ਼ੁੱਧ ਹੋ ਜਾਵੇ, ਤੁਹਾਡਾ ਸ਼ੀਸ਼ਾ ਸਾਫ ਹੋ ਜਾਵੇ, ਤੁਹਾਨੂੰ ਬੁਰਾ ਕੌਣ ਕੋਈ ਲੱਗੇ? ਫਿਰ ਤੁਸੀਂ ਕਿਸੇ ਨਾਲ ਬੁਰਿਆਈ ਕਰ ਨਹੀਂ ਸਕਦੇ। ਤੁਹਾਡਾ ਮਨ ਹੀ ਇਹ ਗੱਲ ਮੰਨ ਲਏਗਾ—ਜਦੋਂ ਅੰਦਰ ਚਾਨਣ ਹੋਵੇਗਾ—ਕਿ ਮੇਰੇ ਵਰਗਾ ਤੇ ਬੁਰਾ ਕੋਈ ਨਹੀਂ। ਭਾਈ ਰਾਜਸੀ ਮਾਮਲੇ ਅਜੇ ਕੋਈ ਖਲੋ ਨਹੀਂ ਗਏ, ਅਜੇ ਕੋਈ ਸੁੱਖ ਨਹੀਂ ਹੋ ਗਈ, ਅਜੇ ਪਤਾ ਨਹੀਂ ਕਿਹੜੀ ਚੱਕੀ ਜਿਹੜੀ ਉਨ੍ਹਾਂ ਨੇ ਹੁਕਮ ਦਿੱਤਾ ਹੈ, ਗੁਰੂ ਗੋਬਿੰਦ ਸਿੰਘ ਦਾ ਲਿਖਿਆ—ਸਤਿਗੁਰੂ ਰਾਮ ਸਿੰਘ ਨੇ ਸੁਣਾਇਆ ਹੈ-

*ਖਲਕ ਖਾਲਕ ਖੀਸ ਈਸ ਮੂਸ,*
*ਹਿੰਦੂ ਖਲਕ ਪੀਸ ਦਿਖਾਊ ਦੀਪ।*

ਹੋਊ ਆਟਾ—ਸਣੇ ਰਾਜਾ ਪਰਜਾ, ਨਹੀਂ ਦਲੀਆ ਜ਼ਰੂਰ ਹੋਊ। ਪਤਾ ਕਰ ਲਓ, ਧਿਆਨ ਦਿਓ, ਜਿਹੜੇ ਸਰੀਰ ਉੱਥੋਂ ਆਏ ਹਨ, ਜਿਹੜੇ ਪੱਛਮੀ ਪੰਜਾਬ ਵਿੱਚੋਂ ਆਏ, ਉਨ੍ਹਾਂ ਲੋਕਾਂ ਨੂੰ ਪੁੱਛੋ ? ਸਤਿਗੁਰਾਂ ਹੁਕਮ ਦਿੱਤਾ ਸੀ, ਕੱਛ ਨਹੀਂ ਚੁੱਕਣੀ ਮਿਲੇਗੀ। ਜਿਹੜੇ ਉੱਥੋਂ ਆਏ ਹਨ, ਉਨ੍ਹਾਂ

ਨੂੰ ਪਤਾ ਹੈ ਜਿਸ ਤਰ੍ਹਾਂ ਉਹ ਆਏ—ਕਿਸੇ ਦਾ ਭਰਾ ਨਹੀਂ ਨਾਲ, ਕਿਸੇ ਦੀ ਭੈਣ ਨਹੀਂ ਨਾਲ, ਕਿਸੇ ਦੀ ਲੜਕੀ ਰਹਿ ਗਈ ਹੈ। ਅਜੇ ਹਜ਼ਾਰਾਂ ਲੜਕੀਆਂ ਸਾਡੀਆਂ ਜਿਹੜੀਆਂ ਉੱਥੇ ਤੁਹਾਡੇ ਵੱਲ ਤੱਕ-ਤੱਕ ਕੇ ਰੋ ਰਹੀਆਂ ਹਨ, ਜਿਨ੍ਹਾਂ ਨੂੰ ਜ਼ਬਰਨ ਰੋਕ ਕੇ ਅੰਦਰੀਂ ਰੱਖਿਆ ਹੋਇਆ ਹੈ, ਉਹਨਾਂ ਨੂੰ ਇਹ ਗੱਲ ਦੱਸੀ ਜਾਂਦੀ ਹੈ, ਕਿ ਜੇ ਤੁਸੀਂ ਉੱਥੇ ਗਈਆਂ ਤੁਹਾਨੂੰ ਕਿਸੇ ਨੇ ਵਿੱਚ ਨਹੀਂ ਵਾੜਨਾ। ਉਹਨਾ ਦੇ ਮਨ ਨਹੀਂ ਮੰਨਦੇ, ਉਹ ਨਹੀਂ ਉੱਥੇ ਰਹਿਣਾ ਚਾਹੁੰਦੀਆਂ। ਇੱਕ ਹਿੰਦੂ ਥਾਣੇਦਾਰ —ਜਿਹੜਾ ਓਧਰੋਂ ਕੱਢਣ ਵਾਸਤੇ ਲੱਗਿਆ ਹੋਇਆ ਸੀ-ਮੈਨੂੰ ਥੋੜੇ ਦਿਨ ਹੋਏ ਉਹ ਮਿਲਿਆ, ਉਹਨੇ ਮੈਨੂੰ ਸਾਰੀ ਹਾਲਤ ਦੱਸੀ ਹੈ ਔਰ ਇਸ ਗੱਲ ਨੇ ਲੜਕੀਆਂ ਦੇ ਦਿਲਾਂ ਤੇ ਅਸਰ ਬੁਰਾ ਵੀ ਬਹੁਤੀਆਂ ਤੇ ਪਾ ਦਿੱਤਾ ਹੈ ਕਿ ਭਾਈ ਸਾਨੂੰ ਤੇ ਹਿੰਦੂਆਂ ਨੇ, ਸਿੱਖਾਂ ਨੇ ਵਿੱਚ ਰਲਾਉਣਾ ਹੀ ਨਹੀਂ। ਤੁਹਾਨੂੰ ਇਹ ਗੱਲ ਚਾਹੀਦੀ ਹੈ, ਜੇ ਕਿਤੇ ਤੁਹਾਨੂੰ ਪਤਾ ਲੱਗੇ, ਤੁਸੀਂ ਆਪਣੀਆਂ ਚਿੱਠੀਆਂ ਲਿਖ ਕੇ ਉਹਨਾਂ ਨੂੰ ਕਹੋ ਕਿ ਤੁਸੀਂ ਆ ਜਾਓ, ਤੁਹਾਨੂੰ ਆਪਣੇ ਵਿੱਚ ਰਲਾ ਲਵਾਂਗੇ ਕਿਉਂਕਿ ਤੁਸੀਂ ਕੁਝ ਨਹੀਂ ਕੀਤਾ —ਆਪਣੇ ਆਪ। ਗੁਰੂ ਗੋਬਿੰਦ ਸਿੰਘ ਜੀ ਦੇ ਵਕਤ 'ਚ, ਫੌਜ ਵਿੱਚੋਂ ਪਕੜ ਕੇ ਇੱਕ ਸਿੱਖ ਨੂੰ ਜ਼ਬਰਨ ਮੁਸਲਮਾਨ ਬਣਾਇਆ ਗਿਆ ਸੀ। ਗੁਰੂ ਸਾਹਿਬ ਨੇ ਉਹਨੂੰ ਅੰਮ੍ਰਿਤ ਛਕਾਇਆ ਸੀ ਕਿ ਤੇਰਾ ਕੋਈ ਕਸੂਰ ਨਹੀਂ, ਤੂੰ ਆਪਣੇ ਆਪ ਨਹੀਂ ਬਣਿਆ।

ਇੱਕ ਲੜਕਾ ਹੈ—ਬਾਰ੍ਹਾਂ ਤੇਰਾਂ ਸਾਲਾਂ ਦਾ, ਉਹਨੂੰ ਚੇਤਰ ਦੇ ਦਿਨਾਂ ਵਿੱਚ ਸੱਚੇ ਪਾਤਸ਼ਾਹ (ਸਤਿਗੁਰੂ ਰਾਮ ਸਿੰਘ) ਜੀ ਨੇ ਕ੍ਰਿਪਾ ਕਰਕੇ ਦਰਸ਼ਨ ਦਿੱਤਾ ਹੈ। ਉਸਨੂੰ ਇਹ ਹੁਕਮ ਮਿਲਿਆ ਹੈ। ਉਸਨੇ ਦਰਸ਼ਨ ਜਿਸ ਤਰ੍ਹਾਂ ਕੀਤਾ ਹੈ—ਉਹ ਕਹਿੰਦਾ ਹੈ, ਕਿ ਸੱਤ ਕੋਠੜੀਆਂ ਹਨ, ਸੱਤਵੇਂ ਦਰਵਾਜੇ ਤੋਂ ਅੰਦਰ ਬੈਠੇ ਹਨ ਔਰ ਕਮਰ ਵਿੱਚ ਵਲ ਨਹੀਂ, ਸੱਤ ਸਿੱਖ ਕੋਲ ਬੈਠੇ ਹਨ, ਸੱਤ ਸਿੰਘ ਹਵਨ ਕਰਨ, ਜਪੁ, ਜਾਪੁ, ਚੌਪਈ, ਅਕਾਲ-ਉਸਤਤ, ਚੰਡੀ ਚਰਿੱਤਰ, ਇਹ ਪੰਜ ਬਾਣੀਆਂ ਪੰਜ ਪੋਥੀਆਂ ਤੋਂ ਪੜ੍ਹਨ, ਛੇਵਾਂ ਆਦਮੀ ਅਹੂਤੀ ਪਾਵੇ, ਸਤਵਾਂ ਮਗਰੋਂ ਜਲ ਦਾ ਛਿੱਟਾ ਦੇਵੇ, ਇਹ ਹਵਨ

ਦੀ ਮਰਯਾਦਾ ਦੱਸੀ ਹੈ।

ਸਤਿਗੁਰ ਬੈਠੇ ਹਨ—ਜਿਸ ਵੇਲੇ ਗਿਆ ਲੜਕਾ, ਕਹਿੰਦੇ ਹਨ,''ਬਖਸ਼ ਲਈਂ ਸੱਚੇ ਪਾਤਸ਼ਾਹ, ਬਖਸ਼ ਲਈਂ।''

ਇਹ ਲੜਕਾ ਜਾ ਕੇ ਕਹਿੰਦਾ,''ਸੱਚੇ ਪਾਤਸ਼ਾਹ, ਤੁਸੀਂ ਕਿਹਦੇ ਅੱਗੇ ਅਰਜ਼ ਕਰਦੇ ਓ।'' ਉਹਨੂੰ ਕਹਿੰਦੇ ਹਨ,''ਭਾਈ ਇਹ ਗੱਲ ਫੇਰ ਤੈਨੂੰ ਦੱਸਾਂਗੇ, ਅਜੇ ਨਹੀਂ ਦੱਸਣ ਦਾ ਵੇਲਾ।''

ਉਸਨੂੰ (ਲੜਕੇ ਨੂੰ) ਪਕੜਿਆ ਹੈ, ਪਕੜ ਕੇ ਕੋਠੇ ਉੱਤੇ ਲੈ ਗਏ, ਉੱਥੇ ਲਿਜਾਕੇ ਕੀ ਦਿਖਾਉਂਦੇ ਹਨ ਕਿ ਸਾਰੀ ਦੁਨੀਆਂ ਵਿੱਚ ਅੱਗ ਲੱਗੀ ਹੋਈ ਹੈ, ਕੋਈ-ਕੋਈ ਸਿੱਖ ਵਿੱਚੋਂ ਜਿਸ ਤਰ੍ਹਾਂ ਜਾਨਵਰ ਉਡਦੇ ਹਨ—ਉੱਡ-ਉੱਡ ਕੇ ਸਤਿਗੁਰਾਂ ਦੇ ਪਾਸ ਪਹੁੰਚ ਰਹੇ ਹਨ। ਸਤਿਗੁਰਾਂ ਫੇਰ ਉਸਨੂੰ ਕਿਹਾ,''**ਬਈ ਸਾਰਿਆਂ ਨੂੰ ਜਾਕੇ, ਹੁਕਮ ਸਾਡਾ ਸੁਣਾ ਦਈਂ ਕਿ ਇਹ ਇੱਕ ਘੰਟੇ ਦਾ ਨਿਤਨੇਮ ਅਸਾਂ ਹੀ ਬਣਾਇਆ ਹੈ**।''

ਅਸੀਂ ਹੁਣ ਉਹ ਨਹੀਂ ਰਹਿ ਗਏ—ਕਿ ਪੰਜ ਗ੍ਰੰਥੀ ਬਾਣੀ ਵੀ ਪੜ੍ਹ ਲਈਏ, ਨਹੀਂ ਤੇ ਅਸੀਂ ਗ੍ਰਹਿਸਤੀ ਸਿੰਘ ਦੇਖੇ ਹਨ—ਸਾਡੇ ਗੁਰਦੁਆਰੇ ਗੱਡਿਆਂ ਵਾਲੇ, ਪੋਹ ਦੇ ਦਿਨਾਂ ਵਿੱਚ ਐਸ (ਸੂਰਜ ਛਿਪੇ ਤੋਂ ਬਾਅਦ) ਵੇਲੇ ਗੱਡੇ ਲੈ ਕੇ ਆਉਣਾ, ਆ ਕੇ ਇਸ਼ਨਾਨ ਕਰਨਾ, ਇਸ਼ਨਾਨ ਕਰਕੇ ਜਿੰਨਾ ਚਿਰ ਬਾਣੀ ਨਾ ਪੜ੍ਹ ਲੈਣ, ਪ੍ਰਸ਼ਾਦਾ ਨਹੀਂ ਛਕਣਾ ਭਾਵੇਂ ਰਾਤ ਦੇ ਗਿਆਰ੍ਹਾਂ ਵੱਜ ਜਾਣ। ਹੁਣ ਸਾਡੀ ਇਹ ਗੱਲ ਹੈ, ਕਹਿੰਦੇ ਚਲੋ--ਨ੍ਹਾ ਲਏ ਤੇ ਨ੍ਹਾ ਲਏ—ਕੀ ਹੋ ਗਿਆ ਨਹੀਂ ਨ੍ਹਾਤੇ ਤੇ ਨਾ ਸਹੀ, ਮੂੰਹ ਹੀ ਧੋ ਲਿਐ—ਅੱਜ ਨਹੀਂ ਬਾਣੀ ਪੜ੍ਹੀ ਤੇ ਕੀ ਹੋ ਗਿਆ। ਭਾਈ ਉਹਨਾ ਨੇ ਹੁਕਮ ਦਿੱਤਾ ਹੈ, ਜਿਹੜੇ ਇੱਕ ਘੰਟਾ ਨਿਤਨੇਮ ਨਾ ਕਰਨਗੇ, ਉਹ ਦੁੱਖ ਪਾਉਣਗੇ, ਅਗੋਂ ਹੁਣ ਤੁਹਾਡੀ ਮਰਜ਼ੀ ਹੈ। ਜਿੰਨਾਂ ਜ਼ਿਆਦਾ ਕਰੋ, ਤੁਹਾਡਾ ਫਾਇਦਾ ਜ਼ਿਆਦਾ ਹੈ।

ਜਿਸ ਤਰ੍ਹਾਂ ਦੇਖੋ—ਤੁਸੀਂ ਆਏ ਹੋ, ਮੈਂ ਭੀ ਇਥੇ ਆਇਆ ਹਾਂ, ਮੁਲਕ ਛੱਡਿਆ ਹੈ, ਸਮੁੰਦਰ ਲੰਘੇ ਓ, ਤਕਲੀਫਾਂ ਝੱਲੀਆਂ ਨੇ, ਕਿਸੇ ਦਾ ਭਰਾ ਉੱਥੇ ਹੈ, ਜਿਹੜਾ ਹੁਣ ਅਗਲਾ ਲਾਹਾ ਖੱਟਣਾ ਹੈ, ਅਗਲੇ ਜਿਸ ਲੋਕ ਵਿੱਚ

ਜਾਣਾ ਹੈ, ਸਰੀਰ ਨੇ ਛੁੱਟਣਾ ਹੈ, ਜੇ ਉਹਦੇ ਵਾਸਤੇ ਕੁਝ ਕਰਨਾ ਹੈ ਤੇ ਇਹ ਹੈ—ਭਾਈ ਇੱਕ ਤੋਂ ਜ਼ਿਆਦਾ ਜਿੰਨ੍ਹਾਂ ਕਰੋ ਉਹ ਤੁਹਾਡੀ ਹਿੰਮਤ ਹੈ, ਪਰ ਜਿਹੜੇ ਘੱਟ ਤੋਂ ਘੱਟ ਇੱਕ (ਘੰਟਾ) ਨਾ ਭਜਨ ਕਰਨਗੇ, ਉਹ ਦੁੱਖ ਪਾਉਣਗੇ। ਮੈਂ ਅੱਗੇ ਵੀ ਤੁਹਾਡੇ ਕੋਲ ਹੋਲੇ 'ਚ ਅਰਜ਼ ਕੀਤੀ ਸੀ, ਹੁਕਮ ਸਤਿਗੁਰਾਂ ਦਾ ਹੈ, ਚੌਕੀਦਾਰ ਦਾ ਤਾਂ ਕੰਮ ਹੈ ਰੌਲਾ ਪਾਉਣਾ, ਭਾਈ ਲੋਕੋ ਜਾਗੋ, ਜਿਹੜੇ ਜਾਗਦੇ ਨੇ, ਉਹ ਬਚੇ ਰਹਿੰਦੇ ਹਨ, ਜਿਹੜੇ ਸੁੱਤੇ ਰਹਿੰਦੇ ਹਨ ਉਨ੍ਹਾਂ ਨੂੰ ਚੋਰ ਲੱਗ ਜਾਂਦੇ ਨੇ। ਮੇਰਾ ਕੰਮ ਨਹੀਂ, ਮੇਰਾ ਹੁਕਮ ਨਹੀਂ—ਹੁਕਮ ਸਤਿਗੁਰਾਂ ਦਾ ਹੈ,''ਜਿਹੜੇ ਭਜਨ ਬਾਣੀ ਨਾ ਕਰਨਗੇ, ਜਿਹੜੇ ਇੱਕ ਘੰਟਾ ਨਿਤਨੇਮ ਨਾ ਕਰਨਗੇ, ਉਹ ਦੁੱਖ ਪਾਉਣਗੇ।''

ਹੁਣ ਮੈਨੂੰ ਖੁਸ਼ੀ ਹੈ ਕਿ ਮੈਂ ਜਿਸ ਵੇਲੇ ਅੱਗੇ ਆਇਆ ਸਾਂ, ਬਹੁਤ ਗੱਲਾਂ ਵਿੱਚ ਉਦੋਂ ਨਾਲੋਂ ਫਰਕ ਹੋ ਗਿਆ ਹੈ ਪਰ ਅਜੇ ਮੈਂ ਥੋੜੀ-ਥੋੜੀ ਅਰਜ਼ ਕਰਾਂਗਾ, ਉਹ ਮਾਈਆਂ—ਜਿਹੜੀਆਂ ਮੁੜਕੇ ਪੰਜਾਬੋਂ ਆਈਆਂ ਹਨ—ਉਹਨਾਂ ਨੇ ਆਪ ਏਥੇ ਫੈਸਲਾ ਕੀਤਾ ਹੈ ਕਿ ਘੁੰਡ ਨਹੀਂ ਕੱਢਣਾ। ਅਜੇ ਕਈ ਮਾਈਆਂ ਦੀਵਾਨ ਵਿੱਚ ਜਿਹੜੀਆਂ ਆਉਂਦੀਆਂ ਹਨ, ਉਹ ਅੱਧਾ-ਅੱਧਾ ਕਾਣਾ ਜਿਹਾ ਘੁੰਡ ਕੱਢ ਲੈਂਦੀਆਂ ਹਨ। ਕਮ-ਸੇ-ਕਮ, ਮਾਈਆਂ ਨੂੰ ਆਪਣੀ ਗੱਲ ਕੀਤੀ ਉੱਤੇ ਪੂਰੀਆਂ ਹੋਣਾ ਚਾਹੀਦਾ ਹੈ। ਜੇ ਸਾਡੀਆਂ ਭੈਣਾਂ, ਧੀਆਂ, ਪੰਜਾਬੋਂ ਮੁੜ ਕੇ ਆ ਕੇ ਉਹਨਾ ਨੂੰ ਘੁੰਡ ਕੱਢਣ ਲਈ ਕਹਿੰਦੀਆਂ ਹਨ ਤਾਂ ਉਹਨਾਂ ਨੂੰ ਇਹ ਨਹੀਂ ਚਾਹੀਦਾ, ਸਗੋਂ ਉਹ ਹਟਾਉਣ—ਇਹਨਾਂ ਦੇ ਆਖੇ ਔਰ ਉਹਨਾਂ ਦੇ ਵਿੱਚ ਨਹੀਂ ਬਹਿਣਾ ਚਾਹੀਦਾ, ਪਰ ਜੇ ਹੁਣ ਕਿਰਪਾ ਕਰਨ ਤਾਂ (ਘੁੰਡ ਕੱਢਣਾ) ਛੱਡ ਦੇਣ, ਨਹੀਂ ਤੇ ਇਹ ਅਰਜ਼ ਹੈ ਕਿ ਜਿਸ ਦਿਨ ਮੈਂ ਚੰਗਮਈ ਤੋਂ ਮੁੜ ਕੇ ਆਇਆ, ਜਿਨ੍ਹਾਂ ਨਾਮਧਾਰਨਾਂ ਨੇ ਘੁੰਡ ਕੱਢਣੇ ਹਨ—ਦੂਜੀਆਂ ਨੂੰ ਨਹੀਂ ਮੈਂ ਕੁਛ ਕਹਿਣਾ ਕਿਸੇ ਨੂੰ-ਤੇ ਦੀਵਾਨ ਵਿੱਚ ਆਉਣ ਦੀ ਖੇਚਲ ਨਾ ਕਰਨ—ਆਪਣੇ ਘਰੀਂ ਬੈਠਿਆਂ ਕਰਨ।

ਦੂਸਰੀ ਅਰਜ਼ ਇਹ ਹੈ, ਮੈਂ ਉਦੋਂ ਅਰਜ਼ ਕਰ ਗਿਆ ਸਾਂ—ਭਾਈ ਮਾਸ ਨਹੀਂ ਖਾਣਾ, ਸ਼ਰਾਬ ਨਹੀਂ ਪੀਣੀ। ਜਿਹੜੇ ਪੰਜ ਸੱਤ ਸਰੀਰ ਕੁਛ ਕਰ ਬੈਠੇ

ਸਨ, ਉਹਨਾ ਸਾਧ-ਸੰਗਤ ਤੋਂ ਭੁੱਲ ਬਖਸ਼ਾਈ ਸੀ। ਸਿਨਮੇ ਵਿੱਚ ਨਹੀਂ ਕਿਸੇ ਨੇ ਜਾਣਾ, ਮੈਨੂੰ ਰਾਤ ਸੇਠ ਮੋਹਰ ਸਿੰਘ ਹੁਰਾਂ ਨੇ ਦੱਸਿਆ ਤੇ ਨਾਂ ਕਿਸੇ ਦਾ ਲਿਆ ਨਹੀਂ ਪਰ ਉਹਨਾ ਦੀ ਗੱਲ ਵਿੱਚੋਂ ਇਹ ਪਤਾ ਲੱਗਾ ਹੈ ਕਿ ਥੋੜੀ ਬਹੁਤੀ ਕਸਰ ਅਜੇ ਹੈ। ਸੋ ਮੈਂ ਹੁਣ ਅਰਜ਼ ਕਰਦਾ ਹਾਂ ਕਿ ਜਿਨ੍ਹਾਂ 'ਚ ਕਸਰ ਹੋਵੇ ਉਹਨਾਂ ਨੂੰ ਚਾਹੀਦਾ ਹੈ ਸਵੇਰੇ ਆਸਾ ਦੀ ਵਾਰ ਦੇ ਭੋਗ ਵੇਲੇ ਆ ਕੇ—ਅੱਗੇ ਤੋਂ ਛੱਡ ਦੇਣ ਜਾਣਾ ਸਿਨੇਮੇ 'ਚ; ਜਾਂ ਜਿਹਨਾਂ ਕਿਸੇ ਨੇ ਮਾਸ ਸ਼ਰਾਬ ਖਾ ਲਿਆ ਹੋਵੇ, ਉਹ ਛੱਡ ਦੇਣ। ਜੇ ਨਾ ਕਿਸੇ ਨੇ ਗੱਲ ਕੀਤੀ—ਪਤਾ ਤੇ ਸਾਨੂੰ ਲੱਗ ਵੀ ਗਿਆ ਹੈ ਥੋੜ੍ਹਾ ਬਹੁਤਾ, ਹੋਰ ਪਤਾ ਲੱਗ ਜਾਏਗਾ। ਸਾਧ-ਸੰਗਤ ਵਿੱਚ ਫਿਰ ਇਉਂ ਨਾ ਔਖੇ ਹੋਣ ਜੇ ਉਨ੍ਹਾਂ ਨੂੰ ਜ਼ਰਾ ਜ਼ਿਆਦਾ ਰਗੜਾ ਲੱਗਣ ਲੱਗਾ। ਸਵੇਰੇ ਖਲੋ ਜਾਣ, ਸਾਧ-ਸੰਗਤ ਵਿੱਚੇ—ਬਖਸ਼ਾ ਲੈਣ, ਅਗੋਂ ਵਾਸਤੇ ਛੱਡ ਦੇਣ।

ਸਤਿਗੁਰਾਂ ਨੇ ਆਖਿਆ ਸੀ,''ਭਾਈ ਜੇ ਤੁਸੀਂ ਚੰਗੇ ਹੋਵੋਗੇ ਤਾਂ ਮੈਨੂੰ ਬੁਰਾ ਕਿਸੇ ਨੇ ਨਹੀਂ ਆਖਣਾ, ਮੇਰੀ ਲੱਜਿਆ ਤੁਸੀਂ ਸਾਧ-ਸੰਗਤ ਨੇ ਰੱਖਣੀ''। ਇਹ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਹੁਕਮਨਾਮੇ ਵਿੱਚ ਲਿਖਿਆ ਹੈ ਕਿ ਤੁਹਾਡਾ ਕੰਮ ਹੈ ਸਾਧ ਸੰਗਤ ਦਾ। ਸਾਧ ਸੰਗਤ ਚਿੱਟੀ ਚਾਦਰ ਹੈ, ਜ਼ਰਾ ਕੁ ਵੀ ਦਾਗ ਲੱਗ ਜਾਏ, ਕੋਈ ਚੀਜ਼ ਪੈ ਜਾਏ, ਨਿਸ਼ਾਨ ਪੈ ਜਾਂਦਾ ਹੈ। ਤੁਹਾਨੂੰ ਚਾਹੀਦਾ ਹੈ, ਇੱਕ ਘੰਟੇ ਦਾ ਨਿਤਨੇਮ ਭਾਵੇਂ ਕੁਛ ਹੋ ਜਾਏ ਜ਼ਰੂਰ ਹੋਵੇ। ਵਿਹਾਰ ਵਾਲੇ ਜੇ ਸ਼ਾਮ ਨੂੰ ਨਹੀਂ ਬੈਠ ਸਕਦੇ ਤੜਕੇ ਬੈਠ ਕੇ ਵੀ ਬੇਸ਼ਕ ਕਰ ਲੈਣ, ਪਰ ਸਭ ਤੋਂ ਚੰਗੀ ਚੀਜ਼ ਇਹ ਹੈ, ਜਦੋਂ ਸਾਧ-ਸੰਗਤ ਵਿੱਚ ਰਲਕੇ ਬਹੀਏ ਫਿਰ ਬਹੁਤ ਵੱਡੀ ਚੀਜ਼ ਹੋ ਜਾਂਦੀ ਹੈ। ਏਥੇ ਬੈਠ ਕੇ ਬਹੁਤ ਫਲ ਮਿਲਦਾ ਹੈ। ਇਕੱਲਿਆਂ ਨੂੰ ਉਹ ਚੀਜ਼ ਨਹੀਂ ਮਿਲਦੀ, ਜਿਹੜੀ ਸਾਧ-ਸੰਗਤ ਵਿੱਚ ਮਿਲਦੀ ਹੈ।

ਸਿਆਮ ਨਿਵਾਸੀ ਨਾਮਧਾਰੀ ਸਾਧ-ਸੰਗਤ ਅੱਗੇ ਖਾਸ ਕਰਕੇ, ਦੂਜਿਆਂ ਅੱਗੇ ਵੀ, ਅਰਜ਼ ਬੇਨਤੀ ਹੈ, ਬਈ ਜਿਹੜੇ ਇੱਥੇ ਸੱਜਣ ਰਹਿੰਦੇ ਹਨ—ਸਾਰੇ ਇੱਕ ਖੁਰਲੀ ਦੇ ਵੱਛੇ ਹਨ। ਆਪਸ ਵਿੱਚ ਦੀ ਪਿਆਰ ਨਾਲ ਸਾਂਝੇ ਗੁਰਪੁਰਬ ਮਨਾਓ ਤਾਂ ਬਹੁਤਾ ਹੀ ਸਵਾਦ ਆਵੇ। ਜੇ ਅਕਾਲੀ ਸਿੰਘਾਂ ਨੇ

ਕਰਨਾ ਹੈ, ਨਾਮਧਾਰੀ ਉਹਨਾਂ ਕੋਲ ਜਾਣ, ਜੇ ਨਾਮਧਾਰੀਆਂ ਨੇ ਕਰਨਾ ਹੈ ਤਾਂ ਉਹ ਵੀ ਆਉਣ, ਇਕੱਠੇ ਬਹਿਣ, ਇਕੱਠੇ ਕਰਨ, ਲੋਕਾਂ ਨੂੰ ਪਤਾ ਲੱਗੇ ਕਿ ਕਿਤੇ ਤੇ ਇਤਫਾਕ ਹੈ। ਸਭ ਤੋਂ ਵੱਡੀ ਅਰਜ਼ ਇਹ ਹੈ—ਭਾਈ ਭਜਨ ਕਰੋਗੇ, ਬਾਣੀ ਪੜ੍ਹੋਗੇ, ਤਾਂ ਮਨ ਸ਼ੁੱਧ ਹੋਣਗੇ। ਜਿੰਨਾਂ ਚਿਰ ਇਹ ਚੀਜ਼ ਨਹੀਂ ਕਰੋਗੇ, ਉਤਲੀਆਂ ਗੱਲਾਂ ਨਾਲ ਨਹੀਂ ਸਰਨਾ। ਬਾਹਰੋਂ ਵਰਮੀ ਨੂੰ ਮਾਰੀਏ ਤੇ ਸੱਪ ਨਹੀਂ ਮਰਦਾ, ਅੰਦਰਲੇ ਪਾਸਿਉਂ ਸਤਿਗੁਰਾਂ ਅੱਗੇ ਅਰਦਾਸ ਕਰਿਆ ਕਰੋ। ਕਮ-ਸੇ-ਕਮ, ਅੱਠੀਂ ਪਹਿਰੀਂ ਸਣੇ ਕੇਸੀ ਇਸ਼ਨਾਨ ਜ਼ਰੂਰ ਕਰਿਆ ਕਰੋ। ਸਤਿਗੁਰੂ ਬਾਲਕ ਸਿੰਘ ਜੀ ਨੇ ਹੁਕਮ ਦਿੱਤਾ ਹੈ ਕਿ ਜਿਹੜੇ ਆਦਮੀ ਆਸਾ ਦੀ ਵਾਰ ਸਣੇ ਕੇਸੀ ਇਸ਼ਨਾਨ ਕਰੇ ਬਿਨਾਂ ਕਰਦੇ, ਪੜ੍ਹਦੇ ਜਾਂ ਸੁਣਦੇ ਹਨ, ਉਨ੍ਹਾਂ ਨੂੰ ਫਲ ਦੇ ਥਾਂ ਪਾਪ ਲਗਦਾ ਹੈ।

ਨੌਜਵਾਨ ਨਾਮਧਾਰੀਆਂ ਨੇ ਅੱਗੇ ਬੜਾ ਕੁਛ ਮੰਨਿਆ ਹੈ। ਮੈਨੂੰ ਬੜੀ ਖੁਸ਼ੀ ਹੁੰਦੀ ਹੈ ਤੇ ਹੁਣ ਇਹ ਅਰਜ਼ ਹੈ, ਜਿਨ੍ਹਾਂ ਦੇ ਦਸਤਾਰੇ ਸਿੱਧੇ ਹਨ —ਉਨ੍ਹਾਂ ਦੀ ਜੇ ਦਾੜ੍ਹੀ ਬੱਧੀ ਹੋਵੇ ਤੇ ਬੜੀ ਬੁਰੀ ਲਗਦੀ ਹੈ।ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਦਾੜ੍ਹੇ ਨਾ ਬੰਨ੍ਹਿਆ ਕਰਨ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਦਾੜ੍ਹੀ ਬੰਨ੍ਹਣ ਦਾ ਨਹੀਂ ਹੈ, ਅਸੀਂ ਗੁਨਾਹੀ ਹਾਂ ਜਿੰਨੇ ਵੀ ਦਾੜ੍ਹੀ ਬੰਨ੍ਹਦੇ ਹਾਂ। ਰਹਿਤਨਾਮਿਆਂ ਦੇ ਵਿੱਚ ਇਹ ਗੱਲ ਲਿਖੀ ਹੋਈ ਹੈ ਕਿ-

*ਸਿੱਖ ਹੋਇ ਕੇ ਦਾੜ੍ਹੀ ਬੰਨੇ ਐਥੇ ਉੱਥੇ ਲੱਗੇ ਨਾ ਬੰਨੇ।*

ਫੇਰ, ਨਾਮਧਾਰੀਆਂ ਵਿੱਚ ਤਾਂ ਖਾਸ ਤੌਰ ਤੇ - - - -। ਕੋਈ ਸਿੱਖ ਜਿਹਦਾ ਚਿਤ ਕਰੇ, ਉਹ ਗੁਰੂ ਨਾਨਕ ਤੋਂ ਲੈ ਕੇ ਦਸਾਂ ਗੁਰੂਆਂ ਦੀਆਂ ਤਸਵੀਰਾਂ ਦੇਖੇ, ਪੰਜਾਂ ਪਿਆਰਿਆਂ ਦੀ ਤਸਵੀਰ ਦੇਖੇ, ਸਾਨੂੰ ਮਿਲੇ ਤੇ ਭਾਵੇਂ ਕੁਛ ਨਾ, ਅਸੀਂ ਲਾਇਕ ਤੇ ਕਿਸੇ ਦੇ ਨਹੀਂ, ਪਰ ਵਰਦੀ ਤਾਂ ਅਸੀਂ ਉਨ੍ਹਾਂ ਦੀ ਪਾ ਹੀ ਲਈ ਹੈ, ਖਵਰੇ ਇਸੇ ਲਈ ਅਸੀਂ ਬਖਸ਼ੇ ਜਾਈਏ ਕਿ ਸਾਡੀਆਂ ਪੱਗਾਂ ਸਿੱਧੀਆਂ ਹਨ। ਪੰਜਾ ਪਿਅਰਿਆਂ ਦੀਆਂ ਦਸਤਾਰਾਂ, ਦਸਾਂ ਗੁਰੂਆਂ ਦੇ ਦਸਤਾਰੇ, ਕਿਸੇ ਦਾ ਦਾੜ੍ਹਾ ਬੱਧਾ ਹੋਇਆ ਨਹੀਂ।

ਮਹਾਰਾਜਾ ਰਣਜੀਤ ਸਿੰਘ ਤੱਕ, ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ-

*ਮਹਾਰਾਜਾ ਲਓ ਰੁਹਾਨਾ ਪੰਥ ਕਾ ਪੁਰਾਨਾ ਢੰਗ,*
*ਫਿਰ ਬਦਲਾਨਾ ਰੰਗ ਕੂਪ ਭੰਗ ਜਿਓ ਪਰੇ।*

ਮਹਾਰਾਜਾ ਰਣਜੀਤ ਸਿੰਘ ਤੱਕ ਪੰਥ ਦਾ ਪੁਰਾਣਾ ਢੰਗ ਰਿਹਾ—ਦਸਤਾਰੇ ਸਿੱਧੇ ਸੀ, ਦਾੜ੍ਹੇ ਸਿੱਧੇ ਸਨ। ਫਿਰ ਅੱਗੇ ਬਦਲਿਆ ਰੰਗ, ਜਿਸ ਤਰ੍ਹਾਂ ਖੂਹ ਵਿੱਚ ਭੰਗ ਪੈ ਜਾਏ ਤਾਂ ਉਹਦੇ ਵਿੱਚੋਂ ਬੋ ਵੀ ਆਉਂਦੀ ਹੈ ਤੇ ਪਾਣੀ ਦਾ ਰੰਗ ਵੀ ਵਿਗੜ ਜਾਂਦਾ ਹੈ, ਉਸ ਤੋਂ ਪਿਛੋਂ ਦਾੜ੍ਹੀਆਂ ਚਾੜ੍ਹ ਲਈਆਂ।

ਇਤਿਹਾਸ ਪੜ੍ਹ ਕੇ ਦੇਖੋ—ਭਾਈ ਬਿਧੀ ਚੰਦ ਜੀ—ਅਜੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਭੀ ਨਹੀਂ ਸੀ ਛਕਾਇਆ—ਦਾੜ੍ਹਾ ਵੱਡਾ ਸੀ। ਪਹਿਲਾ ਘੋੜਾ ਤੇ ਲੈ ਆਏ, ਦੂਸਰਾ ਘੋੜਾ ਜਿਸ ਵੇਲੇ ਲੈਣ ਗਏ, ਰੂਪ ਵਟਾਉਣਾ ਸੀ। ਦਾੜ੍ਹੀ ਲੱਗੇ ਪਾੜ ਕੇ ਬੰਨ੍ਹਣ, ਅਰਦਾਸਾ ਕੀਤਾ,''ਹੇ ਸੱਚੇ ਪਾਤਸ਼ਾਹ ਮੈਂ ਪੰਜ ਰੁਪੱਈਏ ਤਨਖਾਹ ਦੇ ਦਿਆਂਗਾ, ਤੇਰੇ ਕੰਮ ਵਾਸਤੇ ਦਾੜ੍ਹੀ ਬੰਨ੍ਹਣ ਲਗਾ ਹਾਂ।''ਦਾੜ੍ਹਾ ਬੱਧਾ ਔਰ ਗੁਰੂ ਹਰਿਗੋਬਿੰਦ ਜੀ ਪਾਸ ਜਾ ਕੇ ਤਨਖਾਹ ਬਖਸ਼ਾਈ। ਉਸ ਵੇਲੇ ਵੀ ਸਿੱਖ ਦਾੜ੍ਹੀ ਨਹੀਂ ਸਨ ਬੰਨ੍ਹਦੇ।

*ਦੇਉਂਗਾ ਪਾਂਚ ਰੁਪੱਈਏ ਕਾ ਕੜਾਹ।*

–ਤਾਂ ਇਸ ਤਰ੍ਹਾਂ ਅਸੀਂ ਗੁਰੂ ਦੇ ਸਿੱਖ ਹਾਂ—ਬਣਾਉਣਾ ਤਾਂ ਉਹਨੇ ਹੈ ਸਾਨੂੰ, ਪਰ ਸਾਡਾ ਨਾਉਂ ਪਿਆ ਹੋਇਆ ਹੈ—ਗੁਰੂ ਕੇ ਸਿੱਖ।

**ਨਾਮੁ ਪਰਿਓ ਭਗਤੁ ਗੋਵਿੰਦ ਕਾ**
**ਇਹ ਰਾਖਹੁ ਪੈਜ ਤੁਮਾਰੀ।।**

*–ਸੋਰਠ ਮ:੫, ਪੰਨਾ–੬੨੪*

ਸਤਿਗੁਰਾਂ ਅੱਗੇ ਅਰਦਾਸ ਕਰੋ ਔਰ ਅਰਦਾਸ ਕਰਕੇ ਸਤਿਗੁਰਾਂ ਕੋਲੋਂ ਸਿੱਖੀ–ਦਾਨ, ਨਾਮ–ਦਾਨ, ਸਿਦਕ–ਦਾਨ ਮੰਗੋ, ਅਸੀਂ ਰਲਕੇ ਇੱਕ ਗੁਰੂ ਦੇ ਹੋ ਕੇ ਰਹੀਏ।

ਅਗਰ ਐਸ ਵਕਤ ਹਿੰਦੂ ਸਿੱਖ ਨਾ ਰਲਣਗੇ ਤਾਂ ਮਾਰੇ ਜਾਣਗੇ। ਮੈਨੂੰ ਸੱਤ ਅੱਠ ਸਾਲ ਹੋ ਗਏ ਹਨ—ਇਸ ਕੰਮ ਨੂੰ ਲੱਗਿਆਂ। ਮੈਂ ਇਹ ਅਰਜ਼ ਬੇਨਤੀ ਕਰੀ ਗਿਆ ਹੁਣ ਤੱਕ, ਸਿੱਖਾਂ ਅੱਗੇ ਵੀ ਕੀਤੀ, ਹਿੰਦੂਆਂ ਅੱਗੇ ਵੀ ਕੀਤੀ, ਪਰ ਬਦ-ਕਿਸਮਤੀ ਮੁਲਕ ਦੀ, ਲੋਕਾਂ ਦੇ ਦਿਲ—ਖਬਰ ਨਹੀਂ ਕਿਹੜੀ ਚੀਜ਼ ਹੈ ਜਿਹੜੀ ਪਾੜਦੀ ਹੈ, ਕੁਝ ਉਹ ਆਦਮੀ ਹਨ, ਜਿਨ੍ਹਾਂ ਨੂੰ ਇਸੇ ਗੱਲ ਵਿੱਚ ਫਾਇਦਾ ਪਹੁੰਚਦਾ ਹੈ। ਸੱਤ ਸਾਲ ਹੋਏ ਹਨ, ਕਾਨਫਰੰਸ[੨੦] ਭੈਣੀ ਸਾਹਿਬ ਕੀਤੀ—ਹਿੰਦੂ ਸਿੱਖ ਮਿਲਾਪ, ਜਿਹਦੇ ਵਿੱਚ ਦੱਬ ਕੇ ਅਰਜ਼ ਬੇਨਤੀ ਕੀਤੀ, ਪਰ ਕੁਦਰਤ.......। ਕਈਆਂ ਸਰੀਰਾਂ ਨੇ ਅਖਬਾਰਾਂ ਵਿੱਚ ਲਿਖਿਆ ਹੈ—ਜਿਹੜੇ ਅਖਬਾਰ ਅੱਗੇ ਭੈਣੀ ਸਾਹਿਬ ਲਿਖਦੇ ਸੀ—ਉਹਨਾ ਨੇ ਲਿਖਿਆ ਕੂਕਿਆਂ ਦੀ ਭੈਣੀ ਇੱਕ ਕਾਨਫਰੰਸ ਹੋ ਰਹੀ ਹੈ, ਉਹ ਪੰਥ ਦੀ ਪ੍ਰਤਿਨਿਧ ਨਹੀਂ। ਅੱਛਾ ! ਜੋ ਉਹਨਾ ਦੀ ਰਜ਼ਾ।

ਹੁਣ ਸਾਨੂੰ ਬੜੀ ਖੁਸ਼ੀ ਹੈ ਇਸ ਗੱਲ ਦੀ—ਮਾਸਟਰ ਤਾਰਾ ਸਿੰਘ ਜੀ ਵੀ ਇਹੋ ਗੱਲ ਕਹਿੰਦੇ ਨੇ ਕਿ ਹਿੰਦੂ ਤੇ ਸਿੱਖ ਵੱਖੋ ਵੱਖਰੇ ਨਹੀਂ ਹੋ ਸਕਦੇ। ਉਹ ਹੁਣ ਸਾਡੇ ਸਾਥੀ ਬਣੇ ਹਨ। ਸਾਨੂੰ ਹੁਣ ਖੁਸ਼ੀ ਹੈ ਕਿ ਜੇ ਗੁਰੂ ਕਿਰਪਾ ਕਰੇਗਾ, ਜੁੜ ਕੇ ਬਹਿ ਜਾਣਗੇ ਤੇ ਦਿਨ ਕੱਟ ਲੈਣਗੇ ਨਹੀਂ ਤੇ, ਨੁਕਸਾਨ ਦੋਹਾਂ ਧਿਰਾਂ ਨੂੰ ਪਹੁੰਚ ਸਕਦਾ ਹੈ, ਕਿਸੇ ਨੂੰ ਥੋੜਾ ਪਹੁੰਚੇ ਕਿਸੇ ਨੂੰ ਬਹੁਤਾ ਪਹੁੰਚੇ। ਐਥੇ ਜਿਹੜੇ ਤੁਸੀਂ ਸਰੀਰ ਬੈਠੇ ਹੋ, ਇਉਂ ਨ ਦੇਖਿਆ ਕਰੋ ਕਿ ਇਹ ਹਿੰਦੂ ਹੈ, ਸਿੱਖ ਹੈ, ਮੋਨਾ ਹੈ, ਦਾੜ੍ਹੀ ਵਾਲਾ ਹੈ, ਕੇਸਾਂ ਵਾਲਾ ਹੈ, ਇਹ ਕਾਲੀ ਪੱਗ ਵਾਲਾ ਹੈ, ਚਿੱਟੀ ਵਾਲਾ ਹੈ, ਇਹ ਕਿਰਪਾਨ ਵਾਲਾ ਹੈ, ਮਾਲਾ ਵਾਲਾ ਹੈ। ਤੁਸੀਂ ਹਿੰਦੁਸਤਾਨੀ ਇੱਥੇ ਆਏ ਹੋਏ ਹੋ—ਤੁਸੀਂ ਰਲ ਕੇ ਬਹਿ ਕੇ, ਸਭ ਆਪੋ ਆਪਣੇ ਇਸ਼ਟ ਨੂੰ ਅਰਾਧੋ।

ਮੈਂ ਜਿਹੜੀਆਂ ਗੱਲਾਂ ਕੀਤੀਆਂ ਹਨ—ਨੌਜਵਾਨਾਂ ਦੇ ਕੰਨਾਂ ਵਿੱਚ ਪਈਆਂ ਹੋਣਗੀਆਂ ਔਰ ਉਹ ਮੇਰੀ ਗੱਲ ਵੱਲ ਧਿਆਨ ਦੇਣਗੇ। ਇਹ ਗੱਲ ਮੈਨੂੰ ਇਸ ਕਰਕੇ ਕਹਿਣੀ ਪੈਂਦੀ ਹੈ ਕਿ

ਭਵਿੱਖ ਜਿਹੜਾ ਅੱਗੋਂ ਆ ਰਿਹਾ ਹੈ—ਉਹ ਖਰਾਬ ਹੈ; ਅਗਰ ਸਿੱਧੇ ਤੁਰੋਗੇ, ਸਤਿਗੁਰੂ ਦੇ ਹੁਕਮ ਤੇ ਚਲੋਗੇ ਤੇ ਬਚੇ ਰਹੋਗੇ—ਇਹ ਦਾਅਵੇ ਦੀ ਗੱਲ ਹੈ।

## ਕੇਵਲ ਨਾਮ ਅਧਾਰ

ਮੈਂ ਤੁਹਾਨੂੰ ਦੱਸਦਾ ਹਾਂ, ਸੰਤ ਗੋਪਾਲ ਸਿੰਘ ਹੁਰੀਂ ਲਾਲੇ ਪੁਰ ਦੇ, ਲੋਕਾਂ ਨੂੰ ਨਹੀਂ ਉਨ੍ਹਾਂ ਦਾ ਪਤਾ ਉਹ ਕਿਹੋ ਜਿਹੇ ਸਾਧੂ ਮਹਾਤਮਾ ਸਨ (ਸੰਤ ਕੇਸਰ ਸਿੰਘ) ਚਵਿੰਡੇ ਵਾਲੇ ਉਹਨਾਂ ਤੇ ਕਿਰਪਾ ਕਰ ਗਏ ਹਨ। ਗੁਜਰਾਂਵਾਲੇ ਦੇ ਜ਼ਿਲ੍ਹੇ ਵਿੱਚ, ਲਾਲੇ ਪੁਰ ਤੇ ਬੋਰੇ, ਦੋਵੇਂ ਪਿੰਡ ਇਕੱਠੇ ਹਨ। ਸੰਤ ਜ਼ਿਮੀਂਦਾਰ ਹਨ, ਭਰਾ ਵਿਆਹੇ ਹੋਏ ਹਨ, ਪਰ ਸੰਤ ਬਿਹੰਗਮ ਹਨ, ਕੰਮ ਉਨ੍ਹਾਂ ਦੇ ਨਾਲ ਕਰਦੇ ਨੇ, ਹੁਣ ਸਾਡੇ ਪਾਸ ਉੱਥੇ (ਸ੍ਰੀ ਜੀਵਨ ਨਗਰ) ਆਏ ਹੋਏ ਨੇ। ਸੰਤ ਜੀ ਦੇ ਨਾਲ ਚੌਦਾਂ ਪੰਦਰਾਂ ਸਰੀਰ ਰੇਲ ਦੀ ਲਾਈਨ ਉੱਤੇ ਚੂਹੜਕਾਣੇ ਬੈਠੇ ਸਨ। ਜਿਹੜੀ ਟ੍ਰੇਨ ਲੰਘੀ—ਉਹਦੇ ਵਿੱਚ ਮੁਸਲਮਾਨ ਫੌਜੀ ਸਨ, ਉਹਨਾ ਨੇ ਮਸ਼ੀਨ ਜਾਂ ਬਰੇਣ ਜਾਂ ਸਟੇਨਗੰਨ ਕੋਈ ਬੀੜੀ ਹੋਈ ਸੀ, ਉਹ ਜਿਉਂ-ਜਿਉਂ ਧਾਰ ਬੰਨੀ ਚਲਾਉਂਦੇ ਤੁਰੇ ਗਏ ਨੇ, ਜਿੰਨੇ ਬੰਦੇ ਰੇਲ ਲਾਈਨ ਤੇ ਗੱਡੀ ਚੜ੍ਹਨ ਵਾਸਤੇ ਬੈਠੇ ਹੋਏ, ਉਹ ਮਰਦੇ ਗਏ ਹਨ। ਉਹ ਸੰਤ ਜਿੱਥੇ ਬੈਠੇ ਸਨ--ਚੌਦ੍ਹਾਂ ਪੰਦਰਾਂ ਸਰੀਰ—ਕਿਸੇ ਇੱਕ ਨੂੰ ਗੋਲੀ ਨਹੀਂ ਲੱਗੀ—ਨਾਮ ਦੇ ਪਰਤਾਪ ਕਰਕੇ। ਇੱਕ ਪ੍ਰਹਿਲਾਦ ਬੱਚਾ ਸੀ—ਜਿਹੜਾ ਨਾਮ ਜਪਦਾ ਸੀ, ਹਰਨਾਖਸ਼ 'ਚ ਸਾਰੀ ਦੁਨੀਆਂ ਜਿਤਨੀ ਤਾਕਤ ਸੀ ਭਾਈ। ਗੁਰੂ ਗੋਬਿੰਦ ਸਿੰਘ ਜੀ ਵੀ ਕਹਿੰਦੇ ਹਨ–

**ਇਕ ਨਾਮ ਬਿਨਾ ਨਹੀ ਕੋਟ ਬ੍ਰਿਤੀ**[੨੧]**।।**
**ਇਮ ਬੇਦ ਉਚਾਰਤ ਸਾਰਸੁਤੀ।।**

*–ਦਸਮ ਗ੍ਰੰਥ, ਪੰਨਾ–੨੬*

ਇੱਕ ਨਾਮ ਤੋਂ ਬਿਨਾਂ ਕਰੋੜਾਂ ਬ੍ਰਤ ਕੀਤੇ ਵੀ ਕੰਮ ਨਹੀਂ ਕਰਦੇ ਔਰ ਫਿਰ ਕਲਯੁਗ ਦੇ ਵਾਸਤੇ ਗੁਰੂ ਜੀ ਕਹਿੰਦੇ ਹਨ–

**ਸਤਿਜੁਗਿ ਸਤੁ[੨੨] ਤੇਤਾ[੨੩] ਜਗੀ[੨੪]**
**ਦੁਆਪਰਿ ਪੂਜਾ ਚਾਰ।।**
**ਤੀਨੌ ਜੁਗ ਤੀਨੌ ਦਿੜੇ[੨੫]**
**ਕਲਿ[੨੬] ਕੇਵਲ[੨੭] ਨਾਮ ਅਧਾਰ[੨੮]।।**

*-ਪੰਨਾ-੩੪੬*

– **ਅਬ ਕਲੂ[੨੯] ਆਇਓ ਰੇ।।**
**ਇਕੁ ਨਾਮੁ ਬੋਵਹੁ[੩੦] ਬੋਵਹੁ।।**
**ਅਨ[੩੧] ਰੂਤਿ[੩੨] ਨਾਹੀ ਨਾਹੀ।।**
**ਮਤੁ ਭਰਮਿ ਭੂਲਹੁ ਭੂਲਹੁ।।**
**ਗੁਰ ਮਿਲੇ ਹਰਿ ਪਾਏ।।**
**ਜਿਸੁ ਮਸਤਕਿ ਹੈ ਲੇਖਾ।।**
**ਮਨ ਰੁਤਿ[੩੩] ਨਾਮ ਰੇ।।**

*-ਬਸੰਤ ਮਹਲਾ ੫, ਪੰਨਾ ੧੧੮੫*

-ਬਸੰਤ ਰਾਗ ਵਿੱਚ ਗੁਰੂ ਸਾਹਿਬ ਜੀ ਕਹਿੰਦੇ ਹਨ। ਭਾਈ, 'ਨਾਮ' —ਗੁਰੂ ਜੀ ਕਹਿੰਦੇ-

**ਨਾਮੁ ਨ ਜਪਹਿ ਤੇ ਆਤਮਘਾਤੀ[੩੪]।।**

*-ਗਉੜੀ ਮਹਲਾ ੫, ਪੰਨਾ ੧੮੮*

-ਜਿਹੜੇ ਨਾਮ ਨਹੀਂ ਜਪਦੇ ਉਹ ਆਤਮੇ ਦਾ ਘਾਤ ਕਰਦੇ ਹਨ-

**ਆਤਮ ਘਾਤੀ ਹੈ ਜਗਤ ਕਸਾਈ।।**

*-ਮਾਝ ਮਹਲਾ ੩, ਪੰਨਾ ੧੧੮*

ਸਾਥੋਂ ਸਾਰਾ ਨਹੀਂ ਜਪਿਆ ਜਾਂਦਾ, ਪੂਰੇ ਜੋਗੇ ਨਹੀਂ, ਪਰ ਘੱਟ ਤੋਂ ਘੱਟ ਇਹ ਅਰਜ਼ ਹੈ, ਸਤਿਗੁਰਾਂ ਦਾ ਹੁਕਮ ਹੈ, ਮੇਰੀ ਅਰਜ਼ ਹੈ, ਚੌਕੀਦਾਰ ਦਾ ਕੰਮ ਹੈ ਕਿ ਉਹਨੇ ਹੁਕਮ ਸੁਣਾਉਣਾ ਹੈ ਜਿਹੜਾ ਹੁਕਮ ਮਿਲਿਆ ਹੈ—ਉਹ ਸਿੰਘ ਨੂੰ ਕਿਹਾ ਹੈ ਕਿ ਤੂੰ ਜਾ ਕੇ ਕਹਿ ਦਈਂ ਕਿ ਕੋਈ ਨਾਮਧਾਰੀ ਇੱਕ ਘੰਟਾ ਬਹਿਣ ਤੋਂ ਬਗੈਰ ਨਾਮ ਜਪਣ ਤੋਂ ਨਾ ਰਹੇ, ਜਿਹੜਾ ਬਹੁਤਾ ਜਪੇ ਉਹ ਜਪੇ—ਇਹ ਸਾਡਾ ਹੁਕਮ ਹੈ, ਜਿਹੜਾ

ਨਾ ਜਪੇਗਾ, ਉਹ ਦੁਖੀ ਹੋਵੇਗਾ।

ਹੁਣ ਆਪਣਾ ਵੇਲਾ ਹੋ ਗਿਆ ਹੈ, ਸਾਧ-ਸੰਗਤ ਦਾ ਹੁਕਮ ਮੰਨ ਲਿਆ।

**ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ।।**

*-ਪੰਨਾ-੨੯੨*

ਸਾਧ-ਸੰਗਤ ਦੀ ਕਿਰਪਾ ਨਾਲ ਐਨੀ ਅਰਜ਼ ਬੇਨਤੀ ਕੀਤੀ ਹੈ। ਚਿਤ ਬੜਾ ਖੁਸ਼ ਹੋਇਆ ਹੈ। ਚੌਦ੍ਹਾਂ ਸਾਲਾਂ ਬਾਅਦ, ਮੈਂ ਆਇਆ ਹਾਂ ਦੇਖਿਐ ਤੁਸੀਂ ਕੁਝ ਨ ਕੁਝ ਸ਼ੁਰੂ ਕੀਤਾ ਹੈ—ਹੁਣ ਮਾਈਆਂ ਬੀਬੀਆਂ ਘੱਟੋ ਘੱਟ ਦੀਵਾਨ ਵਿੱਚ ਜਦੋਂ ਆਉਂਦੀਆਂ ਹਨ ਚਿੱਟੇ ਕਪੜੇ ਪਾ ਕੇ ਆਉਂਦੀਆਂ ਹਨ। ਮੈਂ ਇੱਕ ਅਰਜ਼ ਕਰਾਂਗਾ ਹੁਣ ਮਾਈਆਂ ਅੱਗੇ ਵੀ। ਸਾਡੀਆਂ ਮਾਈਆਂ ਦੇ ਹਾਲ ਅਸੀਂ ਇਤਿਹਾਸ ਵਿੱਚ ਪੜ੍ਹੀਏ ਤੇ ਬੀਬੀ ਅਮਰੋ ਜੀ, ਗੁਰੂ ਅੰਗਦ ਦੀ ਲੜਕੀ.........। ਅਮਰਦਾਸ ਜੀ ਅਜੇ ਉਦੋਂ ਨਿਗੁਰੇ ਸਨ। ਇਹ ਉਨ੍ਹੀਂ ਵੇਰਾਂ ਗੰਗਾ ਗਏ, ਗੰਗਾ ਤੋਂ ਮੁੜੇ, ਅੰਬਾਲੇ ਦੇ ਨੇੜੇ ਜਾਂ ਅੰਬਾਲੇ ਆ ਕੇ ਇੱਕ ਬ੍ਰਹਮਚਾਰੀ ਦੀ ਇਨ੍ਹਾਂ ਨੇ ਬੜੀ ਸੇਵਾ ਕੀਤੀ। ਉਹਨੂੰ ਜਲ ਪ੍ਰਸ਼ਾਦ ਛਕਾਇਆ।

ਉਹ ਕਹਿੰਦਾ, ''ਉਹ ਸਾਧੂਆਂ, ਤੂੰ ਬੜਾ ਮਹਾਤਮਾ ਹੈਂ, ਤੇਰਾ ਗੁਰੂ ਕੌਣ ਹੈ ?''

ਕਹਿੰਦੇ,''ਜੀ ਗੁਰੂ ਤੇ ਮੈਂ ਨਹੀਂ ਅਜੇ ਧਾਰਿਆ।''

(ਬ੍ਰਹਮਚਾਰੀ) ਕਹਿੰਦਾ,''ਜਾ ਓਏ ਪਾਪੀਆ ਮੇਰਾ ਤੇ ਪਿਛਲਾ ਕੀਤਾ ਕਰਾਇਆ ਕਰਮ ਤੂੰ ਨਿਸ਼ਫਲ ਕਰ ਦਿੱਤਾ ਹੈ।''

ਸਾਨੂੰ ਤੇ ਹੁਣ ਪਤਾ ਨਹੀਂ ਲਗਦਾ, ਐਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ–

*ਜਾ ਕੀ ਰਹਿਤ ਨ ਜਾਣੀਐ ਗੁਰ ਮੰਤਰ ਨਹੀਂ ਚੀਤ।*
*ਉਨਕਾ ਭੋਜਨ ਖਾਇਕੇ ਬਿਸਰੇ ਹਰਿ ਸਿਉ ਪ੍ਰੀਤ।*
– *ਜਹਾ ਕਹਾਂ ਕਾ ਛਕੇ ਪ੍ਰਸਾਦਿ।*
*ਸਿਖ ਨਹੀਂ ਮੇਰਾ ਆਦਿ ਜੁਗਾਦਿ।*

ਭਾਈ ਨਾਮਧਾਰੀਓ, ਸਤਿਗੁਰਾਂ ਨੇ ਹੁਕਮਨਾਮੇ ਵਿੱਚ ਲਿਖਿਆ,''ਭਾਈ

ਜਲ ਪ੍ਰਸ਼ਾਦ ਸੁੱਚ ਸੋਧ ਦਾ ਵਰਤਣਾ, ਇਉਂ ਨਾ ਸਮਝਣਾ ਬੈਠਾ ਕਾਲੇ ਪਾਣੀ ਦੀਆਂ ਲੀਕਾਂ ਕੱਢੀ ਜਾਂਦਾ ਹੈ।'' ਭਾਈ, ਜਿਹੜੇ ਸੱਜਣ ਅਜੇ ਵੀ ਜਾ ਕੇ ਮਾਸ ਵਾਲੀਆਂ ਦੁਕਾਨਾਂ ਤੋਂ, ਸ਼ਰਾਬ ਵਾਲੀਆਂ ਤੋਂ ਚਾਹ ਪੀ ਲੈਂਦੇ ਹਨ, ਚੀਨੀਆਂ ਦੇ ਹੱਥੋਂ ਜਿਹੜੇ ਮਾਸ ਸ਼ਰਾਬ ਖਾਣ ਵਾਲੇ ਹਨ, ਮੈਂ ਹੁਣ ਉਹਨਾਂ ਨੂੰ ਕੁਛ ਨਹੀਂ ਕਹਿ ਸਕਦਾ, ਉਹ ਆਪਣੇ ਆਪ ਨੂੰ ਸਮਝ ਲੈਣ। ਮੰਨ ਲਿਆ, ਏਥੇ ਖੂਹ ਦਾ ਪਾਣੀ ਨਹੀਂ ਪੀ ਸਕਦੇ, ਨਲਕੇ ਦਾ ਪੀਂਦੇ ਨੇ ਪਰ ਜਦੋਂ ਜਾਕੇ ਹੋਟਲਾਂ ਵਿੱਚ ਬਹਿ ਕੇ ਖਾਂਦੇ ਹਨ, ਫਿਰ ਇਹਨਾਂ ਦਾ ਮਾਸ ਸ਼ਰਾਬ ਦਾ ਕਿਆ ਪ੍ਰਹੇਜ਼ ਰਹਿ ਸਕਦਾ ਹੈ। ਜ਼ਰਾ ਧਿਆਨ ਦਿਓ ਆਪਣੇ ਵੱਲ, ਵਕਤ ਬਹੁਤ ਨੇੜੇ ਆ ਗਿਆ ਹੈ। ਮੈਂ ਕਹਿ ਨਹੀਂ ਸਕਦਾ ਟਾਈਮ ਕਿੰਨਾ ਲੱਗੇ। ਜਿਸ ਦਿਨ ਸਤਿਗੁਰਾਂ ਨੇ ਦਰਸ਼ਨ ਦਿੱਤੇ ਅਸੀਂ ਪੇਸ਼ ਹੋਏ, ਵਿੱਚੇ ਮੈਂ ਭੀ ਤੁਹਾਡੇ ਨਾਲ ਰਗੜੀਂਦੇ ਜਾਣਾ ਹੈ ਕਿਉਂਕਿ ਅਸੀਂ ਹੁਕਮਾਂ ਉੱਤੇ ਨਹੀਂ ਚਲ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ–

*ਅਬ ਤੁਮ ਮੇਰੇ ਬਚਨ ਕੀ ਨਹਿ ਮਾਨੋ ਪ੍ਰਤੀਤ,*
*ਤਬ ਹੀ ਤੁਮਸੋ ਹੋਇਗੀ ਅਨਿਕ ਭਾਂਤ ਯਹਿ ਰੀਤ।*
*ਸੇਰ ਸੇਰ ਆਟੇ ਕੇ ਪਾਗੇ ਭਾਗੇ ਫਿਰੋ ਤੁਰਕਨ ਕੇ ਆਗੈ।*

–ਹੁਣ ਤੁਸੀਂ ਮੇਰਾ ਬਚਨ ਨਹੀਂ ਮੰਨਦੇ।

## ਅਸੀਂ ਸਾਰੇ ਰਲਕੇ ਰਹੀਏ

ਅੰਗਰੇਜ਼ਾਂ ਕੋਲ ਗਏ—'ਜੁਗ ਜੁਗ ਰਾਜ ਸਵਾਯਾ ਟੋਪੀ ਵਾਲੇ ਦਾ'।

ਨਾ ਕੁਝ ਲੈਣਾ ਨਾ ਦੇਣਾ, ਨਾ ਗੱਲ ਨਾ ਬਾਤ, ਸਿੱਖ ਗੁਰੂ ਦੇ—ਉਹਦੇ ਅੱਗੇ ਲੱਗ ਕੇ, ਮੁਲਕ ਉਹਨੂੰ ਫਤਹਿ ਕਰਕੇ ਦਿੰਦੇ ਗਏ। ਆਪਣੇ ਭਰਾਵਾਂ ਨਾਲ ਲੜੇ, ਆਪਣਿਆਂ ਨੂੰ ਮਾਰਿਆ, ਆਪਣੇ ਤਾਂ ਮਰੇ ਔਰ ਮਗਰੋਂ ਦੇਣ ਵੇਲੇ ਦਾ ਪਤਾ—ਮੈਨੂੰ ਪੁੱਛੋ, ਤੁਸੀਂ ? ਜਿਸ ਵੇਲੇ ਇਹ ਰੌਲਾ ਪਿਆ ਹੈ, ਅਰਜ਼ ਬੇਨਤੀ ਕੀਤੀ, ਮਾਸਟਰ ਜੀ ਨੇ ਵੀ ਕਿਰਪਾ ਕੀਤੀ। ਸਾਰਿਆਂ ਰਲਕੇ ਸਿੱਖਾਂ ਨੇ ਉਸ ਵੇਲੇ ਉਹ ਪੰਥ ਪ੍ਰਤੀਨਿਧ ਬੋਰਡ ਨਾ ਬਣਾਉਂਦੇ

—ਅੰਗਰੇਜ਼ਾਂ ਨੇ ਸਾਡੇ ਬਾਲ ਬੱਚੇ ਕੁਹਾ ਕੇ, ਸੱਤੀਂ-ਸੱਤੀਂ ਰੁਪਏ ਸਾਡੇ ਸਿੱਖਾਂ ਦੇ ਸਿਰ ਲੈ ਕੇ, ਠੋਕ ਕੇ ਉਸ ਵੇਲੇ ਜਵਾਬ ਵੀ ਦੇ ਦਿੱਤਾ ਸੀ, ਬਈ ਇਹ ਕੋਈ ਗਿਣਤੀ ਦੀ ਕੌਮ ਨਹੀਂ। ਉਹ ਤੇ ਚਾਰ ਦਿਹਾੜੀਆਂ ਵਾਸਤੇ ਸਾਨੂੰ ਅਕਲ ਆ ਗਈ, ਇਕੱਠੇ ਹੋ ਗਏ, ਉਹਦਾ ਨਤੀਜਾ ਇਹ ਹੋਇਆ—ਕਾਂਗਰਸ ਨੇ ਵੀ ਇਹ ਗੱਲ ਮੰਨੀ। ਮੈਂ ਵੀ ਨਾਲ ਗਿਆ, ਪੰਡਤ ਜੀ ਨੂੰ ਵੀ ਅਰਜ਼ ਕੀਤੀ। ਉਸ ਵੇਲੇ ਪੰਡਿਤ ਜੀ ਨੂੰ ਵੀ ਕਾਂਗਰਸ ਵਾਲਿਆਂ ਨੇ ਅਖਿਆ,''ਤੂੰ ਇਹ ਕੀ ਗੱਲ ਕਰਦਾ ਹੈਂ, ਇਹਨਾਂ ਕਾਂਗਰਸੀਆਂ ਨੂੰ ਕਿਉਂ ਇਜਾਜ਼ਤ ਦਿੰਦਾ ਹੈਂ ਕਿ ਮਿਲਵਰਤਣ ਕਰਨ।'' ਉਹਨਾ ਨੇ ਕਾਂਗਰਸ ਵਿੱਚ ਪਾਸ ਕਰ ਦਿੱਤਾ ਸੀ,''ਅਸਾਂ ਨਾਲ ਰਹਿਣਾ ਹੈ।'' ਪਰ ਉਹਦਾ ਨਤੀਜਾ ਇਹ ਹੋਇਆ ਕਿ ਸਿੱਖ ਇਕੱਠੇ ਹੋਏ, ਉਹਨਾ ਨੂੰ ਚਾਰ ਸੀਟਾਂ ਵੀ ਮਿਲੀਆਂ, ਉਹਨਾਂ ਦਾ ਨਾਂ ਵੀ ਹੋਇਆ।

ਪਰ ਬਦਕਿਸਮਤੀ ਥੋੜੇ ਚਿਰ ਬਾਅਦ, ਜਿਸ ਵੇਲੇ ਗੁਰਦੁਆਰਾ ਇਲੈਕਸ਼ਨ ਆਇਆ, ਮੈਂ ਮਾਸਟਰ ਜੀ ਨੂੰ ਅਰਜ਼ ਕਰੀ,''ਮਾਸਟਰ ਜੀ, ਸਾਰਿਆਂ ਨੂੰ ਇਕੱਠੇ ਕਰਕੇ ਬਹਾ ਲਓ, ਜਿਹੜੇ ਸਿੱਖ ਨੈਸ਼ਨਲਿਸਟ ਖਿਆਲ ਰਖਦੇ ਹਨ, ਉਹਨਾ ਨੂੰ ਵੀ ਨਾਲ ਰਲਾ ਲਓ, ਜਿੰਨੀਆਂ ਸੀਟਾਂ ਉਹ ਮੰਗਦੇ ਹਨ, ਉਹਨਾਂ ਨੂੰ ਦੇ ਦਿਓ। ਦੂਜੀਆਂ ਸਾਰੀਆਂ ਸੀਟਾਂ ਸ਼ਰੋਮਣੀ ਕਮੇਟੀ ਦੀਆਂ ਅਨਅਪੋਜ਼ਡ ਆਉਣ—ਲੋਕਾਂ ਨੂੰ ਪਤਾ ਲੱਗ ਜਾਏ ਕਿ ਸਿੱਖ ਸਾਰੇ ਇਕੱਠੇ ਹਨ, ਇਤਫਾਕ ਦੀ ਗੱਲ ਹੈ। ਅਗਲੀ ਗੱਲ ਮੈਂ ਲੰਬੀ ਨਹੀਂ ਛੇੜਦਾ। ਮੇਰੀ ਇਹ ਅਰਜ਼ ਨਾ ਮੰਨੀ ਗਈ। ਉਹ ਨੈਸ਼ਨਲਿਸਟ ਤੀਹ ਸੀਟਾਂ ਮੰਗ ਰਹੇ ਸਨ, ਤੀਹਾਂ ਦੀ ਥਾਂ ਉਹ ਤੇਤੀ ਲੈ ਗਏ, ਜਿਨ੍ਹਾਂ ਵਿੱਚ ਇੱਕ ਕਮਿਊਨਿਸਟ ਚਲਾ ਗਿਆ, ਜਿਹੜਾ ਦੋਹਾਂ ਪਾਸਿਆਂ ਨੂੰ ਚੰਗਾ ਨਹੀਂ ਸੀ ਲਗਦਾ ਔਰ ਆਪਸ ਵਿੱਚ ਫੁੱਟ ਪੈ ਗਈ, ਧੜੇ ਦੋ ਥਾਈਂ ਹੋ ਗਏ। ਭਾਵੇਂ ਉੱਤੋਂ ਕੁਝ ਅਸੀਂ ਕਰੀ ਜਾਈਏ ਪਰ ਨੇੜੇ ਹੋਣ ਦੀ ਥਾਂ ਖਰਾਬ ਹੋ ਗਈ। ਹੁਣ ਵੀ ਅਗਰ ਨਾ ਰਲਾਂਗੇ, ਨਾ ਬੈਠਾਂਗੇ, ਨਾ ਭਜਨ ਬਾਣੀ ਕਰਾਂਗੇ ਗੁਰੂ ਸਾਹਿਬ ਦਾ ਹੁਕਮ ਹੈ–

**ਹਰਿ ਬਿਸਰਤ ਸਦਾ ਖੁਆਰੀ॥**

*-ਟੋਡੀ ਮ:੫, ਪੰਨਾ-੭੧੧*

**- ਹਰਿ ਬਿਸਰਤ ਸਭ ਕਾ ਮੁਹਤਾਜ॥**

*-ਬਿਲਾਵਲ ਮ:੫, ਪੰਨਾ-੮੦੨*

ਜਿਹੜਾ ਹਰੀ ਨੂੰ ਭੁਲਾ ਦਿੰਦਾ ਹੈ, ਉਹ ਸਭ ਦਾ ਮੁਹਤਾਜ ਹੁੰਦਾ ਹੈ, ਹਰੇਕ ਅੱਗੇ ਉਹਨੂੰ ਹੱਥ ਅੱਡਣੇ ਪੈਂਦੇ ਹਨ। ਤੁਸੀਂ ਸਤਿਗੁਰ ਦੇ ਸਿੱਖ ਹੋ, ਭਾਈ ਹਿੰਦੁਸਤਾਨੀਓ ! ਜਿੱਥੇ-ਜਿੱਥੇ ਕੋਈ ਆਪਣਾ ਮੰਨਦੇ ਹੋ, ਜਿਸ ਨੂੰ ਮੰਨਦੇ ਹੋ—ਇਸ਼ਟ ਨੂੰ—ਉਹ ਸਭ ਧਿਆਓ, ਇਸ਼ਨਾਨ ਕਰੋ, ਨਾਮ ਜਪੋ, ਬੁਰੇ ਕੰਮ ਛਡੋ ਔਰ ਇਤਫਾਕ ਕਰੋ, ਜੇ ਤੁਸੀਂ ਇਸ ਤਰ੍ਹਾਂ ਰਹੋਗੇ ਤਾਂ ਸੁਖੀ ਰਹੋਗੇ। ਜੇ ਸਾਡੀ ਇੱਕ ਮੁੱਠ ਹੋਊ, ਅਸੀਂ ਸਿੱਧੇ ਚਲਾਂਗੇ, ਗੌਰਮਿੰਟ ਦੇ ਨਾਲ ਰਹਾਂਗੇ, ਗੌਰਮਿੰਟ ਦੀ ਮਦਦ ਕਰਾਂਗੇ, ਗੌਰਮਿੰਟ ਸਾਡੀ ਮਦਦ ਕਰੇਗੀ। ਹੁਣ ਤਾਂ ਸਾਨੂੰ ਇਹ ਕਹਿਣ ਨੂੰ ਥਾਂ ਨਹੀਂ ਕਿ ਗੌਰਮਿੰਟ ਬੇਗਾਨੀ ਹੈ। ਪਰ ਜੇ ਸਾਡੀ ਆਤਮਾ ਸ਼ੁੱਧ ਨਹੀਂ ਹੋਵੇਗੀ, ਅਸੀਂ ਉੱਤੋਂ-ਉੱਤੋਂ ਹੀ ਉਹਨਾ ਨਾਲ ਗੱਲਾਂ ਕਰਾਂਗੇ, ਉਹ ਗੌਰਮਿੰਟ ਵੀ ਸਾਡੇ ਤੇ ਵਿਸ਼ਵਾਸ ਨਹੀਂ ਰੱਖੇਗੀ ਔਰ ਅਸੀਂ ਇੱਕ ਦੂਜੇ ਦੇ ਭਰਾ ਵੀ ਵਿਸ਼ਵਾਸ ਦੇ ਪਾਤਰ ਨਹੀਂ ਬਣ ਸਕਦੇ। ਸਾਡਾ ਵਕਤ ਹੈ—ਸਾਨੂੰ ਸੋਚਣਾ ਵਿਚਾਰਨਾ ਚਾਹੀਦਾ ਹੈ। ਪਹਿਲੇ ਹਰ ਕੌਮ ਨੂੰ ਆਪਣਿਆਂ ਭਰਾਵਾਂ ਨਾਲ, ਫੇਰ ਉਸਨੂੰ ਦੂਸਰੀ ਕੌਮ ਨਾਲ ਜਿਥੋਂ ਤੱਕ ਹੋ ਸਕਦਾ ਹੈ—ਏਥੇ ਭਾਵੇਂ ਕੋਈ ਹੈ ਜੋ ਹਿੰਦੁਸਤਾਨੀ ਆਇਆ ਹੋਇਆ ਹੈ। ਇਹ ਖੁਸ਼ੀ ਦੀ ਗੱਲ ਹੈ, ਕਿ ਕੱਲ ਦੋ ਮੁਸਲਮਾਨ ਭਰਾ ਉਥੋਂ—ਤੁਹਾਡੇ ਨਾਮਧਾਰੀਆਂ ਨਾਲ—ਮੈਨੂੰ ਜਹਾਜ਼ ਤੋਂ ਲੈਣ ਵਾਸਤੇ ਗਏ ਸਨ। ਅਸੀਂ ਹੁਣ ਉਹਨਾ ਨੂੰ ਕਹੀਏ ਭਾਈ ਉਹ ਬਾਹਰ ਨਿਕਲ ਜਾਣ—ਸਾਡੇ ਵਿੱਚੋਂ। ਏਥੇ ਤੁਸੀਂ ਹਿੰਦੁਸਤਾਨੀ ਬੈਠੇ ਹੋ ਸਾਰੇ ਇੱਕ ਰਲੋ। ਓਥੇ (ਪਾਕਿਸਤਾਨ) ਵੀ ਕਈ ਮੁਸਲਮਾਨਾਂ ਨੇ ਮਤੇ ਪਾਸ ਕਰਕੇ ਕਿਹਾ ਹੈ ਕਿ ਇਹ ਕੰਮ ਚੰਗਾ ਨਹੀਂ ਹੋ ਰਿਹਾ ਜੋ ਕਸ਼ਮੀਰ ਵਿੱਚ ਹੋ ਰਿਹਾ ਹੈ, ਅਸੀਂ ਸਾਥੀ ਹਾਂ ਹਿੰਦੁਸਤਾਨ ਦੇ, ਔਰ ਹਿੰਦੁਸਤਾਨ ਵਿੱਚ ਬਚਣ ਦਾ ਢੰਗ ਤਾਂ ਹੀ ਹੈ ਜੇ ਅਸੀਂ ਸਾਰੇ ਰਲਕੇ ਰਹੀਏ।

ਹਿੰਦੁਸਤਾਨ ਦੀ ਗੌਰਮਿੰਟ ਨੇ ਬੜੀ ਖੁਲ੍ਹਦਿਲੀ ਕੀਤੀ ਹੈ, ਕਿਸੇ ਮੁਸਲਮਾਨ ਨੂੰ ਤਕਲੀਫ ਨਹੀਂ ਦਿੱਤੀ—ਪਰ ਦੂਜੇ ਪਾਸੇ ਅਫਸੋਸ ਨਾਲ ਕਹਿਣਾ ਪੈਂਦਾ ਹੈ—ਮੈਂ ਪਰਸੋਂ ਚੌਥੇ ਅਖਬਾਰ ਵਿੱਚ ਇੱਕ ਆਦਮੀ ਦੀ ਚਿੱਠੀ ਪੜ੍ਹੀ ਹੈ—ਉਹ ਕਹਿੰਦਾ ਹੈ,"ਲਾਹੌਰ ਤੋਂ ਲੈ ਕੇ ਪਸ਼ੌਰ ਤੱਕ ਜਾਂ ਕਰਾਚੀ ਤੱਕ, ਕਿਤੇ ਵੀ ਹਿੰਦੂ ਨਹੀਂ ਲੱਭ ਸਕਦਾ, ਕੋਈ ਕੈਦੀ ਹੋਵੇ ਤੇ ਬੇਸ਼ਕ ਹੋਵੇ, ਸਿੱਖ ਜਾਂ ਹਿੰਦੂ ਕੋਈ ਨਹੀਂ ਮਿਲ ਸਕਦਾ।" ਹੁਣ ਜਿੰਨੀ ਕੁ ਉਹਨਾ ਨੇ ਖੁਲ੍ਹਦਿਲੀ ਕੀਤੀ—ਪੰਜਾਹ ਸਿੱਖਾਂ ਨੂੰ ਨਨਕਾਣੇ ਸਾਹਿਬ ਜਾਣ ਦੀ ਇਜਾਜ਼ਤ ਦਿੱਤੀ, ਪਰ ਸਾਡਾ ਚਿਤ ਇਸ ਤਰ੍ਹਾਂ ਨਹੀਂ ਠੰਡਾ ਹੁੰਦਾ ਕਿ ਸਾਡੇ ਆਦਮੀ ਕੈਦ ਵਿੱਚ ਓਧਰ ਜਾਣ। ਅਸੀਂ ਉੱਥੇ ਜਾ ਕੇ ਮੱਥਾ ਟੇਕ ਆਏ ਤਾਂ ਕੀ ਬਣਿਆ, ਸਾਡਾ ਵੀ ਕਾਅਬਾ ਹੈ—ਸਾਡਾ ਸਭ ਕੁਛ ਨਨਕਾਣਾ ਸਾਹਿਬ ਹੈ, ਗੁਰਦੁਆਰੇ ਹੈਣ ਸਾਡੇ—ਕਿਸੇ ਨੂੰ ਕਹਿਣ ਦੀ ਲੋੜ ਨਹੀਂ। ਅਗਰ ਸਾਡੇ ਵਿੱਚ ਇਹ ਤਾਕਤ ਹੋਵੇ, ਅਸੀਂ ਮਾਰੀਏ ਨਾ ਕਿਸੇ ਨੂੰ, ਘੂਰੀਏ ਨਾ, ਅਸੀਂ ਕਿਸੇ ਨਾਲ ਲੜੀਏ ਨਾ, ਅਸੀਂ ਆਪਣਾ ਇਤਫਾਕ ਤੇ ਆਪਣਾ ਦ੍ਰਿੜ ਨਿਸਚਾ ਬਣਾ ਲਈਏ, ਅਸੀਂ ਸਭ ਕੁਛ ਕਰ ਸਕਦੇ ਹਾਂ।

## ਪਹਿਰਾਵਾ ਆਪਣਾ ਰੱਖੋ

ਹੁਣ ਨਾਮਧਾਰੀ ਮਾਈਆਂ ਨੂੰ ਅਰਜ਼ ਕਰਨ ਲੱਗਾ ਹਾਂ। ਮੇਰਾ ਚਿਤ ਨਹੀਂ ਕਰਦਾ ਇਹ ਗੱਲ ਕਹਿਣ ਨੂੰ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਜੇ ਸਾਡੇ ਦੇਸ਼ ਵਿੱਚ ਹਿੰਦੂਆਂ ਸਿੱਖਾਂ ਕੋਲ ਵੀ, ਅਜੇ ਕਈ ਲੜਕੀਆਂ ਮੁਸਲਮਾਨਾਂ ਦੀਆਂ ਹੋਣਗੀਆਂ, ਪਰ ਇਹ ਕੋਈ ਆਦਮੀਅਤ ਨਹੀਂ ਹੈ। ਜਿਨ੍ਹਾਂ ਨੂੰ ਜਬਰਨ ਫੜ ਕੇ ਕਿਸੇ ਨੇ ਰੱਖਿਆ ਹੈ, ਇਹ ਕੋਈ ਆਦਮੀਪੁਣੇ ਦਾ ਕੰਮ ਨਹੀਂ, ਭਾਵੇਂ ਕਿਸੇ ਨੇ ਕੀਤਾ ਹੈ। ਸਾਡੀਆਂ ਹਜ਼ਾਰਾਂ ਲੜਕੀਆਂ ਪਾਕਿਸਤਾਨ 'ਚ ਹਨ। ਤੁਸੀਂ ਕਿਸੇ ਮੁਸਲਮਾਨ ਲੜਕੀ ਨੂੰ ਪਹਿਰਾਵਾ ਬਦਲਿਆ ਨਹੀਂ ਦੇਖੋਗੇ, ਪਰ ਮੈਂ ਨਾਮਧਾਰਨਾਂ ਨੂੰ ਖਾਸ ਕਰਕੇ ਕਹਾਂਗਾ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ—ਇਹਨਾਂ ਨੂੰ ਮੁਸਲਮਾਨਾਂ

ਦੀ ਵਰਦੀ ਅਜੇ ਬੜੀ ਪਿਆਰੀ ਲਗਦੀ ਹੈ। ਸਲਵਾਰਾਂ ਭਾਵੇਂ ਘੱਟ ਗਈਆਂ ਹਨ, ਭਾਵੇਂ ਅੰਦਰੀਂ ਰੱਖੀਆਂ ਹੋਈਆਂ ਹਨ, ਚਾਹੀਦਾ ਹੈ ਕਿ ਕੱਟ ਕੇ ਉਹਨਾਂ ਦੇ ਵੀ ਪਜਾਮੇ ਬਣਾ ਲੈਣ। ਸਾਨੂੰ ਖੁਸ਼ੀ ਹੈ, ਉਹ ਏਥੇ ਆਪਣੇ ਪਹਿਰਾਵੇ 'ਚ ਆਉਂਦੀਆਂ ਹਨ, ਮੇਰਾ ਚਿਤ ਬੜਾ ਪ੍ਰਸੰਨ ਹੋਇਆ ਔਰ ਹੁਣ ਮੈਂ ਵੀ ਅਰਜ਼ ਕਰਾਂਗਾ—ਮੇਰਾ ਜ਼ੋਰ ਵੀ ਹੈ, ਮੇਰਾ ਦਾਅਵਾ ਵੀ ਹੈ—ਆਪਣਾ ਪਹਿਰਾਵਾ ਛੱਡ ਕੇ, ਇਹ ਪਹਿਰਾਵਾ ਨਹੀ ਪਹਿਨਣਾ ਚਾਹੀਦਾ—ਦੂਸਰਾ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਕਛਹਿਰਾ ਪੁਆਇਆ ਜਿਨ੍ਹਾਂ ਨੂੰ ਸਿੰਘ ਸਜਾਇਆ, ਸਹਿਜਧਾਰੀਆਂ ਦੇ ਭਾਵੇਂ ਕਛਹਿਰੇ ਨਹੀਂ ਸਨ। ਇਹੋ ਜਿਹੇ ਵੀ ਨਾਲ ਸਨ ਗੁਰੂ ਸਾਹਿਬ ਦੇ—ਸਾਹਿਬ ਰਾਮ ਕੋਇਰ ਜੀ ਜੈਸੇ, ਇਤਿਹਾਸ ਦੱਸਦਾ ਹੈ, ਕਿ ਸਿਰ ਮੁੰਨਿਆ ਹੋਇਆ ਪਾਸ ਬੈਠੇ ਹਨ—ਬਰਾਬਰ।

ਸਿੱਖਾਂ ਕਿਹਾ,''ਮਹਾਰਾਜ ! ਇੰਨ੍ਹਾਂ ਦੇ ਸਿਰ ਤੇ ਕੇਸ ਨਹੀਂ।''

ਕਹਿੰਦੇ ਹਨ,''ਭਾਈ ਇੰਨ੍ਹਾਂ ਦੇ ਅੰਦਰ ਨੂੰ ਵਧੇ ਹੋਏ ਹਨ।''

ਇਹ ਤੇ ਉਹ ਜਾਣਦੈ, ਪਰ ਜਿੰਨ੍ਹਾਂ ਨੂੰ ਸਾਨੂੰ ਅੰਮ੍ਰਿਤ ਛਕਾਇਆ, ਕਛਹਿਰੇ ਪੁਆਏ, ਸਿੰਘ ਬਣਾਇਆ ਬਈ ਦੇਖੋ—ਦਾੜ੍ਹੇ ਕੇਸ.........। ਸ਼ਰਾਬ, ਮਾਸ ਤਮਾਕੂ ਵਾਲਿਆਂ ਕੋਲੋਂ ਤੁਸੀਂ ਜਾ ਕੇ ਖਾਂਦੇ ਹੋ, ਉਹਨਾਂ ਦਾ ਧੂਆਂ ਲੈਂਦੇ ਹੋ, ਉਹਨਾਂ ਦੁਕਾਨਾਂ ਤੇ ਖਾਂਦੇ ਹੋ। ਭਾਈ ਮੈਂ ਤੇ ਅਰਜ਼ ਕਰ ਦਿੱਤੀ ਹੈ, ਸਤਿਗੁਰੂ ਜਿਸ ਵੇਲੇ ਆਉਣਗੇ, ਮੈਂ ਤੇ ਕਹਿ ਦਿਆਂਗਾ ਕਿ ਮੈਂ ਅਰਜ਼ ਕਰ ਦਿੱਤੀ ਸੀ, ਜੇ ਨਾ ਮੰਨੋਗੇ, ਜੇ ਕੋਈ ਗੱਲ ਹੋਵੇਗੀ--ਮੇਰੀ ਹੁਣ ਜ਼ੁੰਮੇਵਾਰੀ ਨਹੀਂ।

ਮਾਈਆਂ ਬੀਬੀਆਂ ਅੱਗੇ ਅਰਜ਼ ਹੈ—ਤੁਹਾਨੂੰ ਬੜਾ ਵਕਤ ਮਿਲਦਾ ਹੈ, ਚੱਕੀਆਂ ਨਹੀਂ ਤੁਸੀਂ ਪੀਂਹਦੀਆਂ, ਚਰਖੇ ਨਹੀਂ ਕੱਤਦੀਆਂ—ਤੁਸੀਂ ਓਨੀ ਮਾਲਾ ਹੋਰ ਫੇਰਿਆ ਕਰੋ। ਤੁਹਾਡੇ ਬੱਚੇ ਤੁਹਾਡੀ ਸੰਤਾਨ ਜਿਹੜੀ ਹੈ, ਉਹ ਇਹੋ ਜਿਹੀ ਪੈਦਾ ਹੋਵੇ ਕਿ ਭਗਤ ਜੰਮਣ, ਸੂਰਮੇ ਜੰਮਣ, ਦਾਤੇ ਜੰਮਣ, ਸਿੱਖ ਪੈਦਾ ਹੋਣ, ਆਦਮੀ ਪੈਦਾ ਹੋਣ, ਤੁਹਾਡੇ ਵਿੱਚੋਂ।

ਮੈਨੂੰ ਏਨੀ ਖੁਸ਼ੀ ਹੈ, ਬਈ ਜੋ ਕੁਛ ਮੈਂ ਅਖਿਆ ਸੀ ਉਹਦੇ ਉੱਤੇ

ਬਹੁਤ ਸਾਰਾ ਅਸਰ ਹੋ ਗਿਆ ਹੈ। ਜਿਹੜੇ-ਜਿਹੜੇ ਸੱਜਣਾਂ ਨੇ ਕੋਈ ਗਲਤੀ ਕੀਤੀ ਹੋਵੇ, ਅੱਗੇ ਵਾਸਤੇ ਉਹ ਆਪਣੀ ਗੱਲ ਮੁਕਾ ਲੈਣ—ਕ੍ਰਿਪਾ ਕਰਕੇ ਸਵੇਰੇ ਆਸਾ ਦੀ ਵਾਰ ਵਿੱਚ ਆ ਕੇ। ਅਸੀਂ ਫਖਰ ਨਾਲ ਕਹਿੰਦੇ ਹਾਂ ਜਾ ਕੇ, ਬਈ ਸਾਡੇ ਸਿਆਮ ਵਿੱਚ ਕੋਈ ਸਿਨੇਮਾ ਨਹੀਂ ਵੇਖਦਾ, ਮਾਈਆਂ ਨੇ ਘੁੰਡ ਲਾਹ ਦਿੱਤੇ ਹਨ। ਮੈਂ ਓਥੇ ਜਾ ਕੇ ਦੇਸ਼ ਵਿੱਚ ਆਖਿਆ ਬਈ ਸਾਡੇ ਸਿਆਮ ਵਾਲੀਆਂ ਨੇ ਲਾਹ ਦਿੱਤੈ। ਉੱਥੇ ਵੀ ਜਿਹੜੀਆਂ ਸਾਡੇ ਆਖੇ ਲੱਗੀਆਂ ਨੇ, ਲਾਹ ਦਿੱਤੇ ਹਨ। ਪਰ, ਮੈਨੂੰ ਐਸਾ ਮਾਲੂਮ ਹੋਇਆ ਹੈ ਬਈ, ਜਿਸ ਦਿਨ ਮੈਂ ਐਥੋਂ ਗਿਆ, ਜਿਹੜੀਆਂ ਉਸ ਤੋਂ ਬਾਅਦ ਸਾਡੀਆਂ ਮਾਈਆਂ ਬੀਬੀਆਂ ਨੇ, ਉਹ ਅਜੇ ਲਗ ਕਾਣੇ ਘੁੰਡ ਕੱਢਦੀਆਂ ਨੇ। ਏਦੂੰ ਵੀ ਡਰਦੀਆਂ ਨੇ ਕਿ ਸਾਨੂੰ ਆਖੇ ਵੀ ਨਾ—ਛੱਡਦੀਆਂ ਵੀ ਅਜੇ ਨਹੀਂ ਤੇ ਉਹਨਾ ਸੱਜਣਾਂ ਅੱਗੇ ਵੀ ਅਰਜ਼ ਹੈ ਜਿਨ੍ਹਾਂ ਦੀਆਂ ਘਰ ਵਾਲੀਆਂ ਹਨ—ਉਹ ਕਿਰਪਾ ਕਰਨ। ਇਹ ਸਾਧ-ਸੰਗਤ ਹੈ, ਜੇ ਤੁਹਾਡੇ ਨੇਤਰਾਂ ਵਿੱਚ ਸ਼ਰਮ ਹੈ—ਤੇ ਸਭੋ ਕੁਛ ਹੈ, ਜੇ ਨੇਤਰਾਂ ਵਿੱਚ ਸ਼ਰਮ ਨਹੀਂ, ਫੇਰ ਕੁਝ ਨਹੀਂ ਬਣਦਾ। ਮੈਨੂੰ ਗੱਲ ਯਾਦ ਆ ਗਈ ਹੈ, ਗੁਰੂ ਅਮਰਦਾਸ ਜੀ ਦਾ ਹੁਕਮ ਕਿ ਕੋਈ ਮਾਈ ਬੀਬੀ ਦੀਵਾਨ ਵਿੱਚ ਕਦੇ ਘੁੰਡ ਕੱਢ ਕੇ ਨਾ ਆਵੇ—ਇਹ ਸਾਡੀ ਗੁਰਮਤਿ ਹੈ। ਸੂਰਜ ਪ੍ਰਕਾਸ਼ ਵਿੱਚ ਪ੍ਰਸੰਗ ਲਿਖਿਆ ਹੈ, ਮੰਡੀ ਵਾਲਾ ਰਾਜਾ ਆਇਆ, ਉਹਦੀਆਂ ਦੋ ਤਿੰਨ ਰਾਣੀਆਂ ਸਨ, ਜਿਹੜੀਆਂ ਦੋ ਆਈਆਂ ਉਹ ਤੇ ਨੰਗੇ ਮੂੰਹ ਆ ਗਈਆਂ ਸਨ, ਇੱਕ ਸੀ ਜਿਹੜੀ ਨਵੀਂ ਵਿਆਹੀ ਉਹ ਮੂੰਹ ਢੱਕ ਕੇ ਆਈ।

ਕਹਿੰਦੇ ਹਨ,''ਝੱਲੀ ਨੂੰ ਏਥੇ ਕਿਉਂ ਲਿਆਂਦਾ ਹੈ ?''

-ਉਹ ਪਾਗਲ ਹੋ ਗਈ। ਉਹ ਪਾਗਲ ਹੋ ਕੇ ਲੀੜੇ ਪਾੜ ਕੇ ਨਿਕਲ ਗਈ-ਬਾਹਰ। ਉਹ ਜੰਗਲਾਂ ਵਿੱਚ ਭੌਂਦੀ ਰਹੀ- ਇਹ ਸਾਡੀ ਗੁਰਮਤਿ ਹੈ (ਘੁੰਡ ਨਾ ਕੱਢਣਾ) ਸਤਿਗੁਰਾਂ ਦਾ ਹੁਕਮ ਹੈ- ਬੁਰਾ ਹਾਲ ਉਹਦਾ ਹੋਇਆ।

ਫੇਰ, ਇੱਕ ਸਿੱਖ ਦੇ ਉਹ ਗਲ ਪਈ, ਸੱਚਨ ਸੱਚ ਉਹਨਾ ਦਾ ਨਾਂ ਸੀ—ਉਹ ਰੋਜ਼ ਬਾਲਣ ਲੈਣ ਜਾਂਦਾ ਸੀ। ਉਸ ਆਖਿਆ,''ਮਹਾਰਾਜ, ਮੈਨੂੰ

ਬਲਾ ਪੈਂਦੀ ਹੈ।''

ਸਤਿਗੁਰਾਂ ਹੁਕਮ ਦਿੱਤਾ,''ਇਹ ਜੋੜਾ ਲੈ ਜਾ–ਸਾਡਾ।'' ਗੁਰੂ ਅਮਰਦਾਸ ਜੀ ਨੇ ਕਿਹਾ,''ਜਦੋਂ ਆਵੇ ਉਹਦੇ ਸਿਰ ਵਿੱਚ ਮਾਰੀਂ।''

ਸਿੱਖ ਨੇ ਇਸੇ ਤਰ੍ਹਾਂ ਕੀਤਾ, ਰਾਣੀ ਨੂੰ ਹੋਸ਼ ਆ ਗਈ। ਸਿੱਖ ਨੇ ਆਪਣੀ ਚਾਦਰ ਦਿੱਤੀ, ਤੇ ਆਪਣੇ ਨਾਲ ਲਿਆਂਦੀ। ਉਸ ਸਰਾਫ ਲਿਆ—ਗੁਰੂ ਕੋਲੋਂ। ਰਾਜੇ ਦੀ ਰਾਣੀ ਤੋਂ ਹਟ ਕੇ, ਉਹ ਸਿੱਖ ਗਰੀਬ ਦੇ ਘਰ ਗਈ।

ਸਾਧ-ਸੰਗਤ ਹੈ, ਸਾਧ-ਸੰਗਤ ਵਿੱਚ ਬਚਨ ਕਰਕੇ, ਮੰਨਣਾ ਚਾਹੀਦਾ ਹੈ ਔਰ ਇਹ ਕੋਈ ਗੱਲ ਨਹੀਂ, ਤੁਹਾਡਾ ਪਰਦਾ ਤੁਹਾਡੇ ਨੇਤਰ ਹਨ। ਜੇ ਅੱਖੀਆਂ ਵਿੱਚ ਪਰਦਾ ਨਹੀਂ, ਫੇਰ ਕੋਈ ਚੀਜ਼ ਨਹੀਂ। ਬਥੇਰਾ ਕੁਝ ਹੁੰਦਾ ਹੈ, ਸਾਧ-ਸੰਗਤ ਅੱਗੇ ਅਰਜ਼ ਹੈ, ਸਤਿਗੁਰਾਂ ਦਾ ਹੁਕਮ ਹੈ, ਮੈਂ ਚੌਕੀਦਾਰ ਹਾਂ, ਰੌਲਾ ਪਾਉਣਾ ਹੈ—ਪਾਇਆ ਹੈ। ਇਹ, ਗੱਲ ਯਾਦ ਕਰ ਲਓ, ਬਈ ਜਿਹਨਾਂ ਦੀ ਕੋਈ ਗਲਤੀ ਹੋਵੇ ਉਹ ਸਵੇਰੇ ਆਸਾ ਦੀ ਵਾਰ ਦੇ ਭੋਗ ਪਏ ਤੋਂ ਬਾਅਦ ਖਲੋ ਕੇ ਸਾਧ-ਸੰਗਤ ਤੋਂ ਬਖਸ਼ਾ ਲੈਣ—ਅਸੀਂ ਅੱਗੇ ਨੂੰ ਨਹੀਂ ਇਹ ਕੰਮ ਕਰਦੇ। ਜਿਸ ਕਿਸੇ ਨੇ ਅਨੰਦ ਕਰਨਾ ਹੋਵੇ ਉਹ ਜਿਸ ਦਿਨ ਮੁੜਕੇ ਆਈਏ—ਚੰਗਮਈ ਤੋਂ, ਉਦੋਂ ਆਪਣੀ ਤਿਆਰੀ ਕਰ ਛੱਡਣ, ਫੇਰ ਮੁੜਕੇ ਪਤਾ ਨਹੀਂ ਕਿਸ ਵੇਲੇ ਆਈਏ।

ਭਜਨ ਬਾਣੀ ਦੀ ਗੱਲ ਹੈ, ਰੋਜ਼ ਨਿਤਨੇਮ ਕਰਿਆ ਕਰੋ। ਮੈਂ ਤੇ ਇਹ ਚਾਹੁੰਦਾ ਹਾਂ ਕਿ ਮਾਈਆਂ ਇੱਕ ਵਕਤ ਧਰਮਸ਼ਾਲਾ ਜਾ ਕੇ ਨਿਤਨੇਮ ਕਰਿਆ ਕਰਨ, ਸਿੰਘ ਇੱਕ ਵਕਤ ਕਰਨ, ਮਾਈਆਂ ਵੱਖਰੀਆਂ ਬੈਠਣ। ਜਗ੍ਹਾ ਛੋਟੀ ਹੈ ਸਾਰੇ ਸਰੀਰ ਇਕੱਠੇ ਨਹੀਂ ਹੋ ਸਕਦੇ, ਨਾਲੇ ਮਾਈਆਂ—ਦਿਨੇ ਉਹਨਾ ਨੂੰ ਵਿਹਾਰ ਨਹੀਂ ਹੁੰਦਾ-ਉਹ ਓਦੂੰ ਪਹਿਲਾਂ ਘੰਟਾ ਕਰ ਲੈਣ, ਜਾਂ ਸਵੇਰੇ ਮਾਈਆਂ ਕਰ ਲੈਣ, ਸ਼ਾਮ ਨੂੰ ਸਿੰਘ, ਜਾਂ ਸਿੰਘ ਸਵੇਰੇ ਕਰ ਲੈਣ, ਮਾਈਆਂ ਸ਼ਾਮ ਨੂੰ ਕਰ ਲੈਣ। ਭਜਨ ਬਾਣੀ ਕਰੋਗੇ —ਸਤਿਗੁਰਾਂ ਨੇ ਉਹ ਜਿਹੜਾ ਆਖਿਆ ਹੈ ਨ—ਬਈ ਹੋਊ ਆਟਾ ਸਣੇ ਰਾਜਾ ਪਰਜਾ, ਨਹੀਂ ਦਲੀਆ ਜਰੂਰ ਹੋਊ—ਉੱਥੇ ਇਹ ਵੀ ਹੁਕਮ ਦਿੱਤਾ

ਕਿ ਜਿਸ ਤਰ੍ਹਾਂ ਕਿੱਲੀ ਦੇ ਕੋਲ ਦਾਣੇ ਰਹਿ ਜਾਂਦੇ ਹਨ ਚੱਕੀ ਦੇ ਪੀਸੀਂਦੇ ਨਹੀਂ, ਇਸੇ ਤਰ੍ਹਾਂ ਜਿਹੜੇ ਨਾਮ ਜਪਣਗੇ, ਉਹ ਬਚ ਰਹਿਣਗੇ।

**ਹੇ ਅਚੁਤ[੩੫] ਹੇ ਪਾਰਬ੍ਰਹਮ ਅਬਿਨਾਸੀ[੩੬] ਅਘਨਾਸ[੩੭]।।**
**ਹੇ ਪੂਰਨ ਹੇ ਸਰਬ ਮੈ[੩੮] ਦੂਖ ਭੰਜਨ[੩੯] ਗੁਣਤਾਸ[੪੦]।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੪੧] ਸਭ ਟੇਕ[੪੨]।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ[੪੩] ਕੈ ਸਦਾ ਬਿਬੇਕ[੪੪]।।**
**ਹੇ ਅਪਰੰਪਰ[੪੫] ਹਰਿ ਹਰੇ ਹਹਿ[੪੬] ਭੀ ਹੋਵਨਹਾਰ[੪੭]।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੪੮] ਆਧਾਰ।।**
**ਹੇ ਠਾਕੁਰ ਹਉ ਦਾਸਰੋ[੪੯] ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੬੬।।**

*-ਮ:੫, ਪੰਨਾ-੨੬੧*

– **ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*-ਗੁਰਿੰਡਨਾਮਾ, ਪਾ:੧੦*

## ਟਿੱਪਣੀਆਂ

★A LIFE OF JESUS,

By : Bassil. Mathews Second Edition, Revised London Oxford University Press,

Humphrey Milford 1934.

A. Page : 405

The Great tragedy of Man's Life: his rejection of the love of God, shutting his eyes to the light of the Father and refusing obedience to his will which Jesus had come to reveal; this was breaking the heart of Jesus; and was even now about to crucify him. He was in dire distress, torn with grief. He gasped to his three intimate comrades such word as had never been wrung from him. My heart is in anguish he whispered; sad to death. Stay here and watch.

He set them to keep watch so that he might have warning of the coming of his enemies. He was at a stone's throw from them. There, quivering with suffering as the whole terror of the power of Darkness burst upon him, he threw himself on the ground upon his face. Again and again words were wrung from his lips praying that, if it could be, he should be prapred the drinking of this most bitter cup. As a wounded soldier on the battlefield will cry out like a child for his mother, so the baby word that Jesus had used as a child broke from him.

B. Some of the good wives of Jerusalem although they could not prevent the Romans from crucifying criminals, wished in some way to make the horror fo their suffering less. So they used to mix what they called 'the wine of heaviness', the vinum languidum-a brew made of the fermanted juice of grapes into which some grains of the gum called balsamodendron myrrha had been thrown. They gave this drugged wine to the victims to deaden the pain. They found a

sanction for doing this in the Scroll of the Proverbs, where it says: "Give heavy drink unto him that is ready to perish."

## ਸ਼ਬਦਾਰਥ

੧. ਕੋਈ ਚੀਜ਼ ਨਾ ਮਿਲਣ ਦਾ ਦੁੱਖ
੨. ਪੰਥ ਪ੍ਰਕਾਸ਼
੩. ਪਾਤਾਲ
੪. ਸਰਕਾਰੀ ਨੌਕਰਾਂ, ਆਹੁਦੇਦਾਰਾਂ
੫. ਇੱਕ ਬਾਰੀਕ ਕਿਸਮ ਦਾ ਮੱਛਰ
੬. ਗਨੀ ਖਾਂ ਤੇ ਨਬੀ ਖਾਂ ਦੋਵੇਂ ਭਰਾ ਮਾਛੀਵਾੜੇ ਦੇ ਵਸਨੀਕ ਸਨ। ਇਹ ਦੋਵੇਂ ਭਾਈ ਦਸ਼ਮੇਸ਼ ਪਾਸ ਕੁਝ ਕਾਲ ਨੌਕਰ ਰਹੇ ਸਨ। ਜਦੋਂ ਸੱਚੇ ਪਾਤਸ਼ਾਹ ਜੀ ਮਾਛੀਵਾੜੇ ਤੋਂ ਉੱਚ ਦੇ ਪੀਰ ਬਣਕੇ ਨਿਕਲੇ, ਇਹ ਸਤਿਗੁਰਾਂ ਦਾ ਪਲੰਘ ਉਠਾ ਕੇ ਹੇਹਰ ਪਿੰਡ ਤੀਕ ਸਾਥ ਰਹੇ।
੭. ਸ੍ਰੀ ਗੁਰੂ ਪੰਥ ਪ੍ਰਕਾਸ਼—ਪੰਨਾ ੧੬੪੮-ਖਾਣਾ ਤੁਰਕਾਨ ਵਾਰਾ ਲਯਾਏ ਥੇ ਜੁ ਸਿੱਖ ਬਾਂਧਿ ਸਿੱਖਨ ਕੇ ਸੰਸੇ ਖੋਣ ਹੇਤ, ਗੁਰੂ ਤਾਮ ਹੈ। ਹੇਰਯੋ ਜਬਿ, ਹਲੂਆ ਸੋ ਭਲੂਆ ਭਯੋ ਹੈ ਅਤਿ ਅਜ਼ਮਤ ਹੇਰਿ ਗੁਰੁ ਕੇਰ ਪੇਖਿ ਆਮ ਹੈ। ਹੋਇ ਅਚਰਜ ਗਨੀ ਖਾਨ ਆਦਿ ਸੰਗੀਓ ਨੇ, ਗੁਰੂ ਕੋ ਪ੍ਰਤੱਖ ਪ੍ਰਮੇਸ਼ਰ ਪਛਾਨਯੋ।
੮. ਏਸ ਪ੍ਰੇਮ ਦੇ
੯. ਸ਼ਰਮ
੧੦. ਸਾਰੇ ਹੀ
੧੧. ਝੂਠੇ
੧੨. ਤੇਰੇ
੧੩. ਸਾਰੇ
੧੪. ਇੱਕ ਹਾਹਿ ਨਾਰਾ ਮਾਰ ਕੈ, ਜਰ ਲਈ ਰਾਖ ਮਲੇ—ਰੀਏ-ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੧੬੫੧
੧੫. ਜੇ ਲਿਬੜ ਜਾਏ
੧੬. ਮਿੱਟੀ, ਮੈਲਾਪਨ
੧੭. ਅਪਵਿਤ੍ਰ
੧੮. ਲਾ ਕੇ
੧੯. ਨਾਮ ਦੇ ਰੰਗ (ਪ੍ਰੇਮ) ਨਾਲ
੨੦. ਹਿੰਦੂ ਸਿੱਖ ਮਿਲਾਪ ਕਾਨਫਰੰਸ, ੧੦, ੧੧, ੧੨ ਚੇਤਰ ਬਿਕ੍ਰਮੀ ੧੯੯੯ ਤਦਾਨੁਸਾਰ ਸੰਨ ੧੯੪੩
੨੧. ਬਰਤ ਰੱਖਣ ਵਾਲਾ
੨੨. ਸੱਚ ਪ੍ਰਧਾਨ ਸੀ
੨੩. ਤਰੇਤਾ ਜੁਗ

੨੪. ਜੱਗ ਕਰਕੇ ਪ੍ਰਧਾਨ
੨੫. ਦ੍ਰਿੜ (ਪਰਚਲਤ) ਸਨ
੨੬. ਕਲਜੁਗ ਵਿੱਚ
੨੭. ਸਿਰਫ
੨੮. ਆਸਰਾ
੨੯. ਕਲਜੁਗ
੩੦. ਬੀਜੋ
੩੧. ਅਨ-ਹੋਰ ਕਰਮਾਂ ਦੇ ਕਰਨ ਦੀ
੩੨. ਵੇਲਾ
੩੩. ਰੁਤਿ ਰਾਮ-ਨਾਮ ਜਪਣ ਦਾ ਸਮਾਂ ਹੈ
੩੪. ਆਪਣੇ ਆਪ ਨੂੰ ਮਾਰਨਵਾਲਾ, ਖੁਦਕਸ਼ੀ।
੩੫. ਅਟੱਲ ਨਾ ਡੋਲਣ ਵਾਲਾ
੩੬. ਨਾ ਨਾਸ ਹੋਣ ਵਾਲਾ
੩੭. ਪਾਪਾਂ ਨੂੰ ਨਾਸ ਕਰਨ ਵਾਲਾ
੩੮. ਸਾਰਿਆਂ ਕੰਮਾਂ ਵਿੱਚ
੩੯. ਦੁੱਖਾਂ ਦਾ ਨਾਸ ਕਰਨ ਵਾਲਾ
੪੦. ਗੁਣਾਂ ਦੇ ਭੰਡਾਰ
੪੧. ਤਿੰਨ੍ਹਾਂ ਗੁਣਾਂ ਤੋਂ ਨਿਰਲੇਪ
੪੨. ਆਸਰੇ
੪੩. ਜਿਸ ਦੇ (ਅੰਦਰ ਸਦਾ ਹੀ)
੪੪. ਗਿਆਨ ਪ੍ਰਕਾਸ਼
੪੫. ਪਾਰਾਵਾਰ ਤੋਂ ਪਰੇ
੪੬. ਹੈਂ ਹੁਣ
੪੭. ਅਗੇ ਨੂੰ ਵੀ ਹੋਣ ਵਾਲਾ ਹੈ
੪੮. ਨਿਰਆਸਰਾ
੪੯. ਦਾਸ।

# ਬੈਂਕੋਕ ੧-੧੨-੧੯੪੮

**ਭਾਈ ਰੇ ਗੁਰ ਬਿਨੁ ਗਿਆਨੁ ਨਾ ਹੋਇ।।**
**ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।।**

*-ਸਿਰੀ ਰਾਗ ਮ: ੧, ਪੰਨਾ ੫੯*

ਸੁਕਦੇਵ ਜੀ ਮਹਾਰਾਜ—ਜਿਨ੍ਹਾਂ ਦਾ ਜਨਮ, ਭਾਈ ਗੁਰਦਾਸ ਜੀ ਕਹਿੰਦੇ ਹਨ-

*ਜੈਸੇ ਸੁਕਦੇਵ ਕੇ ਜਨਮ ਸਮੈ ਜਾਕੋ ਜਾਕੋ*
*ਜਨਮੁ ਭਇਓ ਤੇ ਸਕਲ ਸਿਧ ਜਾਨੀਏ।*
*ਸਵਾਂਤਿ ਬੂੰਦ ਜੋਈ ਜੋਈ ਪਰਤ ਸਮੁੰਦ੍ਰ ਬਿਖੈ*
*ਸੀਪ ਕੇ ਸੰਜੋਗ ਮੁਕਤਾਹਲ ਬਖਾਨੀਏ।।*
*ਬਾਵਨ ਸੁਗੰਧ ਸਨਬੰਧ ਪਉਨ ਗਉਨ ਕਰੇ*
*ਲਾਗੇ ਜਾਹੀ ਜਾਹੀ ਦ੍ਰਮ ਚੰਦਨ ਸਮਾਨੀਏ।*
*ਤੈਸੇ ਗੁਰ ਸਿਖ ਸੰਗ ਜੋ-ਜੋ ਜਾਗਤ ਅੰਮ੍ਰਿਤ ਜੋਗ*
*ਸ਼ਬਦ ਪ੍ਰਸਾਦਿ ਮੋਖਿ ਪਦ ਪਰਵਾਨੀਐ।*

*-ਭਾਈ ਗੁਰਦਾਸ ਕਬਿੱਤ ਸਵੈਯੇ ੩੯੧*

## ਨਿਗੁਰਾ ਸੁਕਦੇਵ

-ਉਹ ਸਾਰੇ ਸਿੱਧ ਹਨ, ਸੁਕਦੇਵ ਜੀ ਦਾ ਜਨਮ ਜਿੱਥੇ ਹੋਇਆ, ਉੱਥੇ ਮਹਾਰਾਜ ਨੇ ਮਾਇਆ ਸੰਕੋਚੀ। ਜਨਮ ਤੋਂ ਲੈ ਕੇ ਉਹਨਾਂ ਦੇ ਦਿਲ ਵਿੱਚ

ਇਹ ਬੜਾ ਖਿਆਲ ਸੀ,''ਮੈਂ ਬ੍ਰਾਹਮਣ ਦਾ ਪੁੱਤਰ ਹਾਂ ਤੇ ਮੈਂ ਰਿਖੀ ਹਾਂ, ਮੈਨੂੰ ਜਨਮਦਿਆਂ ਹੀ ਗਿਆਨ ਹੈ, ਮੈਨੂੰ ਹੋਰ ਕਿਸੇ ਚੀਜ਼ ਦੀ ਕੀ ਲੋੜ ਹੈ।'' ਜਗਨਨਾਥ ਪੁਰੀ ਜਾਂਦੇ ਹੋਏ ਜਿੱਥੇ ਆਪ ਬੈਠਦੇ ਜਿਸ ਤਰ੍ਹਾਂ ਕੱਲ੍ਹ ਨਾਰਦ ਜੀ ਦਾ ਪ੍ਰਸੰਗ ਸੀ—ਉਸੇ ਤਰ੍ਹਾਂ ਇਹਨਾਂ ਦੇ ਵਾਸਤੇ ਵੀ ਸਵਾ ਗਜ਼ ਜ਼ਮੀਨ ਪੁੱਟੀ ਜਾਂਦੀ, ਰੋਜ਼ ਉੱਥੇ ਨਵੀ ਮਿੱਟੀ ਪੈਂਦੀ।

ਇੱਕ ਦਿਨ ਸੁਕਦੇਵ ਜੀ ਨੇ ਪੁੱਛਿਆ,''ਬਈ ਤੁਸੀਂ ਰੋਜ਼ ਮਿੱਟੀ ਚੁਕਦੇ ਹੋ, ਪੁੱਟਦੇ ਹੋ ?''

ਨਾ ਉਹਨਾਂ ਨੂੰ ਇਹ ਪਤਾ ਸੀ, ਇਹ ਸੁਕਦੇਵ ਜੀ ਹਨ, ਨਾ ਸੁਕਦੇਵ ਜੀ ਨੂੰ ਪਤਾ ਸੀ ਕਿ ਕੀ ਕਾਰਨ ਹੈ।

ਸੇਵਕਾਂ ਨੇ ਕਿਹਾ,''ਭਾਈ ਕੀ ਦੱਸੀਏ, ਇੱਕ ਸੁਕਦੇਵ ਨਿਗੁਰਾ ਉੱਥੇ ਆਉਂਦਾ ਹੈ, ਮਹਾਰਾਜ ਦੇ ਕੋਲ ਬੈਠਦਾ ਹੈ—ਆ ਕੇ, ਸਵਾ ਗਜ਼ ਜ਼ਮੀਨ ਅਪਵਿੱਤ੍ਰ ਹੋ ਜਾਂਦੀ ਹੈ, ਉਹ ਰੋਜ਼ ਸਾਨੂੰ ਮਿੱਟੀ ਪੁੱਟਣੀ ਪੈਂਦੀ ਹੈ, ਉੱਥੇ ਨਵੀਂ ਮਿੱਟੀ ਲਿਆ ਕੇ ਪਾਉਂਦੇ ਹਾਂ।''

ਸੁਕਦੇਵ ਜੀ ਨੂੰ ਸੁਣਕੇ ਦੁੱਖ ਲੱਗਿਆ, ਜਾ ਕੇ ਪੁੱਛਿਆ—ਪਤਾ ਲੱਗਾ।

ਗੁਰੂ ਰਾਮਦਾਸ ਸਾਹਿਬ ਸੱਚੇ ਪਾਤਸ਼ਾਹ ਕਾਨੜੇ ਰਾਗ ਦੀਆਂ ਅਸ਼ਟਪਦੀਆਂ ਵਿੱਚ ਇਹ ਗੱਲ ਦੱਸਦੇ ਹਨ:

**– ਜਨਕ[੧] ਜਨਕ ਬੈਠੇ ਸਿੰਘਾਸਨਿ**
**ਨਉ[੨] ਮੁਨੀ ਧੂਰਿ ਲੈ ਲਾਵੈਗੋ।।**
**– ਜਾਤ[੩] ਨਜਾਤਿ ਦੇਖਿ ਮਤ ਭਰਮਹੁ**
**ਸੁਕ[੪] ਜਨਕ ਪਗੀ[੫] ਲਗਿ ਧਿਆਵੈਗੋ।।**
**ਜੂਠਨ[੬] ਜੂਠਿ ਪਈ ਸਿਰ ਊਪਰਿ**
**ਖਿਨੁ ਮਨੂਆ ਤਿਲੁ ਨ ਡੁਲਾਵੈਗੋ[੭]।।**

*-ਮ: ੪, ਪੰਨਾ ੧੩੦੯*

ਸੁਕਦੇਵ ਬ੍ਰਾਹਮਣ ਸੀ, ਜਨਕ ਜੀ ਖੱਤਰੀ ਸਨ ਪਰ ਏਥੇ ਜਾਤ ਦਾ ਖਿਆਲ ਨਾ ਕਰੋ। ਸੁਕਦੇਵ ਵੱਡੀ ਜਾਤ ਵਾਲਾ ਸੀ, ਜਿਤਨਾ ਚਿਰ ਸੁਕਦੇਵ ਜੀ ਜਨਕ ਜੀ ਦੇ ਚਰਨੀਂ ਨਹੀਂ ਲੱਗੇ, ਉਸ ਵੇਲੇ ਤਕ ਗਿਆਨ

ਨਹੀਂ ਹੋਇਆ। ਜਿਸ ਵੇਲੇ ਜਨਕ ਜੀ ਨੇ ਮੰਤਰ ਦੱਸਿਆ, ਉਹ ਮੰਤਰ ਲੱਗੇ ਜਪਣ, ਜਪਦਿਆਂ ਜਪਦਿਆਂ, ਕਹਿੰਦੇ ਨੇ,''**ਜੂਠਨ ਜੂਠਿ ਪਈ ਸਿਰ ਊਪਰਿ ਖਿਨੂ ਮਨੂਆ ਤਿਲੁ ਨ ਡੁਲਾਵੈਗੋ**''—ਜਾ ਕੇ ਲਗੇ ਖਲੋ ਕੇ ਜਪਣ, ਸਮਾਧੀ ਲੱਗ ਗਈ। ਜਨਕ ਮਹਾਰਾਜ ਜੀ ਦੇ ਜੱਗ ਸੀ, ਜਿਉਂ ਲੋਕ ਪੱਤਲਾਂ ਲਗੇ ਹਨ ਸੁੱਟਣ, ਸੁਕਦੇਵ ਜੀ ਪੱਤਲਾਂ ਦੇ ਵਿੱਚ ਹੀ ਦੱਬੇ ਗਏ।

ਇੱਕ ਦਿਨ ਜਨਕ ਜੀ ਦੇ ਪਾਸ ਜਾ ਕੇ, ਖਿਆਲ ਆਇਆ—ਉਹ ਰਾਜ ਸਿੰਘਾਸਨ ਉੱਤੇ ਬੈਠੇ ਹਨ ਤੇ ਰਾਜ ਕਰਦੇ ਹਨ—ਉਹਨਾ ਦੀ ਬਿਰਤੀ ਕਿਸ ਤਰ੍ਹਾਂ ਅਟੱਲ ਰਹਿੰਦੀ ਹੈ, ਪਰ ਉਹ (ਸੁਕਦੇਵ ਜੀ) ਸਮਝ ਨਹੀਂ ਸਕਦੇ।

**ਰਾਜ ਮਹਿ ਰਾਜੁ ਜੋਗ ਮਹਿ ਜੋਗੀ।।**
**ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ।।**

*-ਮ: ੫, ਪੰਨਾ ੨੮੪*

– **ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ[੮] ਮਹਿ ਭੂਮਾ[੯]।।**
**ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ[੧੦]।।**

*-ਮ: ੫, ਪੰਨਾ ੫੦੭*

ਸਤਿਗੁਰੂ ਦੀ ਗਤੀ ਬਿਅੰਤ ਹੈ, ਇਹ ਅਲਪੱਗ ਜੀਵ ਨਹੀਂ ਸਮਝ ਸਕਦਾ। ਜਨਕ ਜੀ ਮਹਾਰਾਜ ਨੂੰ ਸੁਕਦੇਵ ਜੀ ਕਹਿੰਦੇ ਹਨ,''ਤੁਹਾਡੀ ਬਿਰਤੀ ਕਿਸ ਤਰ੍ਹਾਂ ਅਟੱਲ ਰਹਿੰਦੀ ਹੈ ?''

ਜਨਕ ਜੀ ਕਹਿੰਦੇ ਹਨ,''ਦੱਸਦੇ ਹਾਂ।'' ਸੁਕਦੇਵ ਜੀ ਨੂੰ ਇੱਕ ਥਾਲੀ ਤੇਲ ਦੀ ਭਰਕੇ ਦੇ ਦਿੱਤੀ-ਸ਼ਹਿਰ ਵਿੱਚ ਕਿਤੇ ਨਾਚ, ਕਿਤੇ ਗਾਉਣੇ, ਕਿਤੇ ਵਾਜੇ, ਕਿਤੇ ਤਮਾਸ਼ੇ ਸ਼ੁਰੂ ਕਰਾ ਦਿੱਤੇ ਔਰ ਕਿਹਾ,''ਇਹ ਥਾਲੀ ਤੇਲ ਦੀ ਲੈ ਕੇ ਸ਼ਹਿਰ ਵਿੱਚ ਫੇਰਾ ਲਾ ਆਉ ਪਰ ਤੇਲ ਨਾ ਡੁਲ੍ਹੇ।''

ਸੁਕਦੇਵ ਜੀ ਥਾਲੀ ਲੈ ਕੇ ਜਿਸ ਵੇਲੇ ਸ਼ਹਿਰ ਵਿੱਚ ਗਏ, ਇਤਨਾ ਖਿਆਲ ਰੱਖਿਆ ਕਿ ਪੈਰ ਨਾ ਉੱਚੇ ਨੀਵੇਂ ਥਾਂ ਆ ਜਾਵੇ, ਥਾਲੀ ਵਿੱਚ ਖਿਆਲ ਰਿਹਾ। ਜਦੋਂ ਲੈ ਕੇ ਮੁੜ ਆਏ, ਜਨਕ ਜੀ ਕਹਿੰਦੇ ਹਨ,''ਕਿਉਂ

ਜੀ ਸ਼ਹਿਰ ਵਿੱਚ ਕੀ ਕੁਝ ਹੋ ਰਿਹਾ ਹੈ ?''

ਸੁਕਦੇਵ ਜੀ ਬੋਲੇ,''ਮਹਾਰਾਜ, ਥਾਲੀ ਦੇ ਤੇਲ ਡੁਲ੍ਹਣ ਦਾ ਹੀ ਫਿਕਰ ਰਿਹਾ ਹੈ, ਮੈਨੂੰ ਕੋਈ ਪਤਾ ਨਹੀਂ ਸ਼ਹਿਰ ਵਿੱਚ ਕੀ ਹੁੰਦਾ ਹੈ।''

ਜਨਕ ਜੀ ਕਹਿੰਦੇ,''ਸਾਨੂੰ ਵੀ ਥਾਲੀ ਦੇ ਤੇਲ ਦਾ ਹੀ ਫਿਕਰ ਰਹਿੰਦਾ ਹੈ।''

## ਗੁਰੂ ਦੀ ਪਰਖ

ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਦੀ ਬਾਈ ਸਾਲ ਉਮਰ ਹੈ, ਸਵਾ ਗਿੱਠ ਗਰਦਨ, ਮੋਢਿਆਂ ਤੋਂ ਉੱਚੀ ਹੈ, ਜਿਹਨਾਂ ਦੀਆਂ ਛਾਤੀਆਂ ਤੇ ਚੂਚੀਆਂ ਦੀਆ ਨਿਸ਼ਾਨੀਆਂ ਨਹੀਂ, ਗੋਡਿਆਂ ਵਿੱਚ ਚੱਪਣੀਆਂ ਨਹੀਂ, ਬਾਹਵਾਂ ਵਿੱਚ ਅਰਕਾਂ ਨਹੀਂ, ਉਂਗਲਾਂ ਵਿੱਚ ਗੰਢਾਂ ਨਹੀਂ, ਐਸੇ ਗੁਰੂ ਹਰਿਗੋਬਿੰਦ ਸਾਹਿਬ ਨਰ-ਅਵਤਾਰ, ਜਿਹੜੇ ਖਲੋਣ ਤੇ ਸਹਿਜੇ, ਆਜਾਨ ਬਾਹੁ, ਸਾਹਨਸਾਹੁ ਸਨ, ਜਿਹਦੀਆਂ ਗੋਡਿਆਂ ਤਕ ਬਾਹਵਾਂ ਆਉਂਦੀਆਂ ਹਨ।

ਹੁਣ ਲੋਕ ਤਸਵੀਰਾਂ ਬਣਾਉਂਦੇ ਹਨ, ਕੀ ਆਖੀਏ ਇਹਨਾਂ ਵਿਚਾਰਿਆਂ ਨੂੰ—ਨਾ ਕੁਛ ਪਤਾ ਹੈ, ਨਾ ਉਹਨਾਂ ਨੂੰ ਕਦੀ ਝਲਕ ਪਈ, ਨਾ ਉਹਨਾਂ ਨੇ ਕੁਛ ਦੇਖਿਆ। ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਬਣਾ ਦਿੱਤੀ, ਹੋਰ ਹੀ ਤਰ੍ਹਾਂ ਦਾ ਦਾੜ੍ਹਾ ਬਣਾ ਦਿੱਤਾ, ਪਰ ਉਹਨਾਂ ਦੇ ਵੀ ਕੁਝ ਅਖਤਿਆਰ ਨਹੀਂ, ਜਿਹਨੇ ਕੋਈ ਚੀਜ਼ ਦੇਖੀ ਨਹੀਂ, ਉਹ ਕੀ ਬਣਾਏ। ਕਿਸੇ ਦੀ ਮਾਂ ਬੱਚੇ ਨੂੰ ਆਟਾ ਹੀ ਘੋਲ ਕੇ ਪਿਆ ਦਿੰਦੀ ਸੀ, ਉਹ ਉਸੇ ਨੂੰ ਦੁੱਧ ਸਮਝਦਾ ਸੀ, ਜਦੋਂ ਦੁੱਧ ਮੂੰਹ ਲੱਗਿਆ ਤਾਂ ਪਤਾ ਲੱਗਿਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਿੱਲੀ ਹਨ—ਮੁੜਦਿਆਂ ਹੋਇਆਂ ਲਾਹੌਰ ਨੂੰ। ਜਹਾਂਗੀਰ ਦੇ ਚਿਤ ਵਿੱਚ ਖਿਆਲ ਆਇਆ,''ਮੈਂ ਇੱਕ ਰਾਤ ਨਹੀਂ ਬੇਗਮਾਂ ਬਿਨਾਂ ਕੱਢ ਸਕਦਾ ਤੇ ਗੁਰੂ ਸਾਹਿਬ ਨੂੰ ਐਨਾ ਚਿਰ ਹੋਇਆ ਆਇਆਂ ਨੂੰ ਤੇ ੪੦ ਦਿਨ ਗਵਾਲੀਅਰ ਦੇ ਕਿਲ੍ਹੇ ਵਿੱਚ ਵੀ ਰਹਿ ਆਏ ਹਨ, ਇਹ ਕਿਸ ਤਰ੍ਹਾਂ ਬਚਦੇ ਹਨ।''

ਨੂਰਜਹਾਂ ਨਾਲ ਗੱਲ ਕੀਤੀ—ਉਹ ਵੀ ਆਪਣੇ ਆਪ ਵਿੱਚ ਜਹਾਨ ਦਾ ਨੂਰ ਬਣੀ ਹੋਈ ਸੀ, ਉਸਦੇ ਚਿਤ ਵਿੱਚ ਵੀ ਬੜਾ ਮਾਣ ਸੀ। ਉਹਨਾਂ ਆਖਿਆ,''ਇਹ ਤਾਂ ਬਾਦਸ਼ਾਹ ਗੱਲ ਕੁਛ ਨਹੀਂ, ਅਸੀਂ ਤੈਨੂੰ ਅੱਜ ਪਰਖ ਦਿੰਦੀਆਂ ਹਾਂ—ਗੁਰੂ ਨੂੰ।'' ਗੁਰੂ (ਨੂੰ) ਕੌਣ ਪਰਖ ਸਕਦਾ ਹੈ ?

**ਸਭ ਹੀ ਛਲਤ ਨ ਆਪ ਛਲਾਯਾ।।**
**ਤਾ ਤੇ ਛਲੀਆ ਆਪ ਕਹਾਯਾ।।**

*–ਦਸਮ ਗ੍ਰੰਥ, ਪੰਨਾਂ–੧੫੬*

ਸਾਰਿਆਂ ਨੂੰ ਛਲ ਸਕਦਾ ਹੈ, ਉਹਨੂੰ ਕੋਈ ਨਹੀਂ ਛਲ ਸਕਦਾ। ਗੁਰੂ ਨੂੰ ਪਰਖਣ ਵਾਸਤੇ–ਕੱਲ ਭਾਈ ਸਾਹਿਬ ਨੇ ਪੜ੍ਹਿਆ ਸੀ,''**ਕਵਣੁ ਸਰਾਫੁ ਬੁਲਾਵਾ।**''

ਇਸ ਤਰ੍ਹਾਂ ਉਹਨੂੰ ਕੋਈ ਪਰਖ ਹੀ ਨਹੀਂ ਸਕਦਾ। ਉਹ–

**ਆਪੇ[੧੧] ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ।।**
**ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ[੧੨]।।**

*–ਸੂਹੀ ਮ:੧, –ਪੰਨਾ ੭੩੧*

–ਸਭ ਕੁਝ ਉਹ ਆਪੇ ਹੀ ਆਪ ਹੈ, ਹੋਰ ਕੋਈ ਦੂਸਰੀ ਚੀਜ਼ ਉਹਦੇ ਮੁਕਾਬਲੇ 'ਚ ਨਹੀਂ, ਜਿਹੜੀ ਉਹਦੀ ਪਰਖ ਕਰੇ।

ਬੇਗਮਾਂ ਸ਼ਿੰਗਾਰ ਕਰਕੇ, ਹੀਰਿਆਂ ਦੇ ਥਾਲ ਭਰਕੇ ਗੁਰੂ ਸਾਹਿਬ ਦੇ ਦਰਸ਼ਨ ਵਾਸਤੇ ਆਈਆਂ। ਸੱਚੇ ਪਾਤਸ਼ਾਹ ਨੇ ਬਿਧੀ ਚੰਦ ਨੂੰ ਆਪਣੇ ਨਾਲ ਰੱਖਿਆ—ਉਹਨਾਂ ਨੂੰ ਕੁਛ ਨਹੀਂ ਕੋਈ ਕਰ ਸਕਦਾ, ਪਰ ਮਰਯਾਦਾ ਦੇ ਪੱਖੋਂ ਕਿ ਇੱਕ ਸਰੀਰ ਨਾਲ ਹੈ। ਇਹ ਸਾਡੇ ਦੱਸਣ ਵਾਸਤੇ ਗੱਲ ਹੈ ਕਿ ਭਾਈ, ਇਕੱਲੇ ਨਾ ਕਦੇ ਮਾਈਆਂ ਬੀਬੀਆਂ ਵਿੱਚ ਜਾ ਕੇ ਬੈਠਿਆ ਕਰੋ—ਸਾਨੂੰ ਦੱਸਦੇ ਹਨ। ਇਹ ਓਨ੍ਹਾਂ ਦੀ ਮਰਯਾਦਾ ਹੈ–ਬੜੀ ਉੱਚੀ ਚੀਜ਼ ਹੈ।

ਬੇਗਮਾਂ ਨੂੰ ਸਾਹਿਬ ਕਹਿੰਦੇ ਹਨ,''ਆਉ ਬਈ, ਪੁਤ੍ਰੀ ਕਿਸ ਤਰ੍ਹਾਂ ਤੁਸੀਂ ਆਈਆਂ, ਕੀ ਗੱਲ ਹੈ ?''

ਟੁੱਟ ਗਿਆ ਲੱਕ, ਹੰਕਾਰ ਟੁੱਟ ਗਿਆ ਨੂਰਜਹਾਂ ਦਾ—ਜਿਹੜੀ ਇਹ

ਸਮਝਦੀ ਸੀ ਕਿ ਮੈਂ ਆਪਣੀ ਇੱਕ ਨਿਗਾਹ ਨਾਲ ਹੀ ਦੁਨੀਆਂ ਨੂੰ ਛਲ ਲਵਾਂ, ਸਤਿਗੁਰੂ ਦਾ ਦਰਸ਼ਨ ਕਰਕੇ ਲੱਕ ਟੁੱਟ ਗਿਆ, ਨਾ ਬੋਲ ਸਕੀ। ਸਤਿਗੁਰੂ ਐਸੀ ਚੀਜ਼ ਹੈ ਕਿ ਜਿਸਨੂੰ ਕੋਈ ਛਲ ਨਹੀਂ ਸਕਦਾ, ਜਿਸ ਨੂੰ ਕੋਈ ਦਬਾ ਨਹੀਂ ਸਕਦਾ—ਖੇਡ ਹੈ ਕੁਦਰਤ ਦੀ।

ਜਨਕ ਜੀ ਨੇ ਦੱਸਿਆ ਜਿਸ ਵੇਲੇ, ਸੁਕਦੇਵ ਜੀ ਨੂੰ ਪਤਾ ਲੱਗਾ ਤਾਂ ਗੁਰੂ ਦੇ ਮਿਲਣ ਦੀ ਜ਼ਰੂਰਤ ਜਾਪੀ।

## ਗੁਰੂ ਦੀ ਲੋੜ

ਗੁਰੂ ਅਮਰਦਾਸ ਸੱਚੇ ਪਾਤਸ਼ਾਹ—ਅਜੇ ਉਹਨਾਂ ਦਿਨਾਂ ਵਿੱਚ ਅਮਰੂ ਨਾਂ ਸੀ, ਜਨਮ ਦਾ ਨਗਰ ਬਾਸਰਕੇ—ਅੰਮ੍ਰਿਤਸਰ ਜੀ ਦੇ ਤਿੰਨ-ਚਾਰ ਕੋਹ ਤੇ ਹੈ—ਲਹਿੰਦੇ ਦੀ ਤੇ ਦੱਖਣ ਦੀ ਗੁੱਠ ਵਿੱਚ। ਉਨੀਵੀਂ ਵੇਰ ਗੰਗਾ ਤੋਂ ਮੁੜੇ ਹਨ, ਅੰਬਾਲੇ ਦੇ ਪਾਸ ਆਏ ਹੋਏ ਹਨ, ਇੱਕ ਬ੍ਰਹਮਚਾਰੀ ਕਹਿੰਦਾ ਹੈ,''ਤੇਰਾ ਗੁਰੂ ਕੌਣ ਹੈ ?''

ਉਹ ਕਹਿੰਦੇ ਨੇ,''ਮੈਂ ਗਾਇਤ੍ਰੀ ਦਾ ਪਾਠ ਤਾਂ ਰੋਜ਼ ਕਰਦਾ ਹਾਂ।''

ਕਹਿੰਦਾ,''ਨਹੀਂ, ਮੈਂ ਤੇ ਗੁਰੂ ਪੁੱਛਦਾ ਹਾਂ ?''

ਕਹਿੰਦੈ,''ਮੈਂ ਉਨ੍ਹੀਂ ਵੇਰ ਗੰਗਾ ਜਾ ਆਇਆਂ, ਗੁਰੂ ਤੇ ਮੈਂ ਨਹੀਂ ਕੋਈ ਧਾਰਿਆ।''

ਸੂਰਜ ਪ੍ਰਕਾਸ਼* ਵਿੱਚ ਦੇਖੋ, ਪ੍ਰਸੰਗ, ਪੜ੍ਹੋ, ਗੁਰੂ ਸਾਹਿਬ ਦੀ ਕਥਾ, ਬ੍ਰਹਮਚਾਰੀ ਕਹਿੰਦਾ,''ਜਾ ਪਾਪੀਆ ਮੇਰਾ ਤਾਂ ਪਿਛਲਾ ਜਪ-ਤਪ ਕੀਤਾ ਤੂੰ ਸਾਰਾ ਗੁਆ ਦਿੱਤਾ, ਮੈਂ ਨਿਗੁਰੇ ਦੇ ਹੱਥੋਂ ਪਾਣੀ ਪੀ ਲਿਆ।''

ਮੈਂ ਹੁਣ ਗੱਲ ਕਰਦਾ ਹਾਂ ਆਪਣੇ ਨਾਮਧਾਰੀ ਭਰਾਵਾਂ ਅੱਗੇ, ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ-

*ਜਹਾਂ ਕਹਾਂ ਕਾ ਛਕੈ ਪ੍ਰਸਾਦਿ*

ਬਈ ਜਿਹੜੇ ਨਿਗੁਰੇ ਦੇ ਹੱਥ ਦਾ ਤੁਸੀਂ ਖਾਂਦੇ ਹੋ, ਫਿਰ ਤੁਹਾਡਾ ਕੀ ਹਾਲ ? ਧਿਆਨ ਦਿਓ ਜ਼ਰਾ ਬ੍ਰਹਮਚਾਰੀ ਕਹਿਣ ਲੱਗਾ,''ਮੇਰਾ ਪਿਛਲਾ ਸਾਰਾ ਰੁੜ੍ਹ ਗਿਆ।''

ਫਿਕਰ ਪਿਆ, ਉ-ਹੋ ! ਗੰਗਾ ਤੇ ਜਾ ਕੇ, ਗਾਇਤਰੀ ਪੜ੍ਹ ਕੇ ਤੇ ਕੁਛ ਨਹੀਂ ਬਣਿਆ ! ਪਿੰਡ ਆਏ, ਪਰ ਪਿੰਡ ਅੱਗੇ ਇੱਕ ਖੇਡ ਐਸੀ ਵਰਤਾਈ ਸੀ—ਗੁਰੂ ਅੰਗਦ ਸਾਹਿਬ ਦੀ ਪੁਤ੍ਰੀ ਵਿਆਹੀ ਹੋਈ ਸੀ ਗੁਰੂ ਅਮਰਦਾਸ ਦੇ ਘਰਾਂ ਵਿੱਚ ਔਰ ਭਰਾ-ਭਾਈਆਂ ਵਿੱਚ ਨੂੰਹ ਲਗਦੀ ਸੀ। ਹੁਣ ਤੇ ਸਾਡੀਆਂ ਮਾਈਆਂ ਨੂੰ ਉੱਠਣਾ ਔਖਾ ਹੈ, ਬੜੀ ਕ੍ਰਿਪਾ ਹੈ ਗੁਰੂ ਦੀ ਅਜੇ ਵੀ, ਕਈ ਮਾਲਾ ਲੈ ਕੇ ਦੀਵਾਨ ਵਿੱਚ ਆਉਂਦੀਆਂ ਹਨ, ਬੜਾ ਚਿਤ ਖੁਸ਼ ਹੁੰਦਾ ਹੈ, ਇਸ਼ਨਾਨ ਕਰਦੀਆਂ ਹਨ ਪਰ ਬੜਾ ਮੁਸ਼ਕਲ ਹੋ ਗਿਆ ਹੈ ਕੰਮ ਕਰਨਾ। ਬੇਬੇ ਜੀ ਉੱਠੇ, ਇਸ਼ਨਾਨ ਕੀਤਾ, ਇਸ਼ਨਾਨ ਕਰਕੇ ਰਿੜਕਣਾ ਪਾਇਆ। ਜਿਸ ਵੇਲੇ ਰਿੜਕਣਾ ਪਾਇਆ, ਰਿੜਕਣੇ ਦੇ ਨਾਲ ਆਸਾ ਦੀ ਵਾਰ ਸ਼ੁਰੂ ਕਰ ਦਿਤੀ-

**ਬਲਿਹਾਰੀ ਗੁਰ ਆਪਣੇ ਦਿਉਹਾੜੀ[੧੩] ਸਦ ਵਾਰ[੧੪]।।**
**ਜਿਨਿ ਮਾਣਸ[੧੫] ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ[੧੬]।।**

*-ਮ: ੧, ਪੰਨਾ ੪੬੨*

– **ਜੇ ਸਉ ਚੰਦਾ ਉਗਵਹਿ[੧੭] ਸੂਰਜ ਚੜਹਿ ਹਜਾਰ।।**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ[੧੮] ਅੰਧਾਰ।।**

*-ਮਹਲਾ ੨, ਪੰਨਾ ੪੬੩*

ਕੰਨ ਵਿੱਚ ਆਵਾਜ਼ ਪਈ—ਮਾਰੂ ਦਾ ਸ਼ਬਦ ਬੇਬੇ ਜੀ ਪੜ੍ਹਦੇ ਹਨ ਜਿਹਦੇ ਪਿੱਛੇ ਜਾ ਕੇ ਲਿਖਿਆ ਹੈ-

**ਭਇਆ ਮਨੂਰੁ[੧੯] ਕੰਚਨੁ[੨੦] ਫਿਰਿ ਹੋਵੈ**
**ਜੇ ਗੁਰੁ ਮਿਲੈ ਤਿਨੇਹਾ।।**

*-ਮ: ੧, ਪੰਨਾ ੯੯੦*

ਸੱਤਾਂ[੨੧] ਧਾਤਾਂ ਨੂੰ ਸੋਨਾ ਬਣਾ ਦਿੰਦਾ ਹੈ—ਪਾਰਸ, ਮਗਰ ਮਨੂਰ ਨੂੰ ਨਹੀਂ ਕਰ ਸਕਦਾ। ਦਰਵਾਜ਼ੇ ਅੱਗੇ ਗਏ, ਗੁਰੂ ਦੀ ਬਾਣੀ ਸੁਣਦਿਆਂ ਸ਼ਾਂਤੀ ਆਈ। ਦਰਵਾਜ਼ੇ ਨੂੰ ਜਾ ਕੇ ਧੱਕਾ ਮਾਰਿਆ। ਬੇਬੇ ਜੀ ਨੇ ਜਿਸ ਵੇਲੇ ਦੇਖਿਆ—ਕਿਉਂਕਿ ਸਾਡੀ ਪੁਰਾਤਨ ਮਰਯਾਦਾ ਸੀ ਸਾਡੇ ਹਿੰਦੁਸਤਾਨ ਦੀ ਕਿ ਬੀਬੀਆਂ ਮਾਈਆਂ—ਜੇ ਕੋਈ ਘਰ ਵਿੱਚ ਵੱਡਾ ਆਦਮੀ ਆ ਜਾਏ

ਤਾਂ ਪੀੜ੍ਹੀ ਤੋਂ, ਉੱਚੇ ਥਾਂ ਬੈਠੀਆਂ ਹੋਣ ਤਾਂ ਭੁੰਜੇ ਹੋ ਕੇ ਬਹਿ ਜਾਂਦੀਆਂ ਸਨ—ਬੇਬੇ ਜੀ ਬਹਿ ਗਏ।

ਬੇਬੇ ਜੀ ਕਹਿਣ ਲੱਗੇ,''ਆਓ ਜੀ ਕਿਸ ਤਰ੍ਹਾਂ ਆਏ ਹੋ ਐਸ ਵੇਲੇ ?''

*੨ ਗੁਰੂ ਅਮਰਦਾਸ ਜੀ ਕਹਿਣ ਲੱਗੇ,''ਬੀਬੀ ! ਤੂੰ ਇਹ ਬਾਣੀ ਕਿਹਦੀ ਪੜ੍ਹਦੀ ਹੈਂ ?''

ਬੇਬੇ ਜੀ ਕਹਿਣ ਲੱਗੇ,''ਇਹ ਬਾਣੀ ਗੁਰੂ ਨਾਨਕ ਦੀ।''

''ਗੁਰੂ ਨਾਨਕ ਕਿੱਥੇ ਹੈ ?''

ਕਹਿਣ ਲੱਗੀ, ਦੇਹ ਕਰਕੇ ਐਸ ਵੇਲੇ ਉਹਨਾਂ ਨੇ ਉਹਲਾ ਕੀਤਾ ਹੈ ਪਰ ਮੇਰੇ ਪਿਤਾ ਜੀ ਐਸ ਵੇਲੇ ਉਹਨਾਂ ਦੀ ਜਗ੍ਹਾ ਹਨ।''

ਬੇਬੇ ਜੀ ਨੂੰ (ਗੁਰੂ ਅੰਗਦ ਦੇਵ ਜੀ ਦਾ) ਹੁਕਮ ਸੀ ਕਿ ਜਿੰਨਾ ਚਿਰ ਨਾ ਬੁਲਾਈਏ ਨਾ ਆਉਣਾ। ਅੱਜ ਕੱਲ੍ਹ ਵਰਗੀ ਛੁੱਟੀ ਨਹੀਂ ਸੀ—ਬੀਬੀਆਂ ਦੀ—ਜੋ ਮਰਜ਼ੀ ਹੋਵੇ ਕਰਨ, ਇਹ ਚੰਗੀ ਗੱਲ ਨਹੀਂ। ਲੋਕ ਕਹਿੰਦੇ ਹਨ, 'ਆਜ਼ਾਦੀ' ਪਰ ਇਸ ਗੱਲ ਦਾ ਨਾਂ ਆਜ਼ਾਦੀ ਨਹੀਂ। ਆਜ਼ਾਦੀ ਹੈ—ਭਜਨ ਕਰੋ, ਬਾਣੀ ਪੜ੍ਹੋ, ਕੰਮ ਕਰੋ—ਘਰ ਦਾ। ਸਾਡੀਆਂ ਮਾਵਾਂ, ਭੈਣਾਂ ਜੇ ਕੁਛ ਹਿੰਮਤ ਰੱਖਣਗੀਆਂ ਤਾਂ ਬੱਚੇ ਵੀ ਤਕੜੇ ਪੈਦਾ ਹੋਣਗੇ, ਨਹੀਂ ਜਿਹੜੀ ਗੱਲ ਲੋਕਾਂ ਵਿੱਚ ਸੁਣੀ ਹੋਈ ਹੈ—ਕਲਜੁਗ ਇਹੋ ਜਿਹਾ ਆਵੇਗਾ ਲੋਕ ਬਤਾਊਂ ਢਾਂਗਿਆ ਨਾ ਤੋੜਨਗੇ ਉੱਤੋਂ। ਤੁਰ ਪਏ, ਕੋਈ ਦਿਲ ਵਿੱਚ ਖਿਆਲ ਆ ਗਿਆ,''ਬਈ ਮੈਂ ਵੈਸ਼ਨੋ ਹਾਂ, ਖਬਰੇ ਗੁਰੂ ਕੇ ਲੰਗਰ ਦੀ ਕੀ ਹਾਲਤ ਹੈ।''

ਇਹ ਗੱਲ ਗਲਤ ਹੈ ਜੋ ਕੋਈ ਕਹੇ ਗੁਰੂ ਅੰਗਦ ਦੇ ਲੰਗਰ ਵਿੱਚ ਮਾਸ ਪੈਂਦਾ ਸੀ ਕਿਉਂਕਿ ਇਹ ਪ੍ਰਸੰਗ ਉਸੇ ਗ੍ਰੰਥ ਵਿੱਚ ਲਿਖਿਆ ਹੈ ਕਿ ਸੀਹਾਂ ਉੱਪਲ *੩ ਸੀ-ਜਿਹੜਾ, ਉਹ ਬੱਕਰੇ ਲਿਆਇਆ ਆਪਣੇ ਪੁੱਤਰਾਂ ਦੀਆਂ ਰੀਤਾਂ ਕਰਨ ਨੂੰ। ਉਸ ਜਿਸ ਵੇਲੇ ਆ ਕੇ ਗੁਰੂ ਅੰਗਦ ਦੇਵ ਜੀ ਨੂੰ ਅਰਜ਼ ਕੀਤੀ, ਮਹਾਰਾਜ ਨੇ ਅਖਿਆ,''ਇਹ ਕਾਹਦੇ ਵਾਸਤੇ ਲਿਆਇਆ ਹੈਂ।'' ਕਹਿੰਦਾ,''ਜੀ ਪੁੱਤਰਾਂ ਦੀਆਂ ਰੀਤਾਂ ਕਰਨੀਆਂ ਹਨ।''

ਮਹਾਰਾਜ ਸਤਿਗੁਰੂ ਕਹਿਣ ਲਗੇ,''ਇਹ ਕੰਮ ਨਹੀਂ ਕਰਨਾ, ਬੱਕਰੇ ਨਹੀਂ ਮਾਰਨੇ।''

''ਮਹਾਰਾਜ, ਮੈਨੂੰ ਲੋਕਾਂ ਨੇ ਨਹੀਂ ਬਹਿਣ ਦੇਣਾ।''

ਕਹਿੰਦੇ ਹਨ,''ਤੂੰ ਸਾਡਾ ਨਾਂ ਲੈ ਦਈਂ।''

ਗੁਰੂ ਦਾ ਕੰਮ ਹੀ ਇਹੋ ਹੈ ਕਿ ਜਿਹੜੀ ਦੁਨੀਆਂ ਦੀ ਰੀਤ ਹੋਵੇ—ਉਸਤੋਂ ਉਲਟ ਚਲਾਉਣੀ। ਜਿਹੜੇ ਤਾਂ ਉਹਦੇ ਮਗਰ ਲੱਗਦੇ ਹਨ—ਉਹ ਉਲਟ ਚਲਾ ਲੈਂਦੇ ਹਨ, ਜਿਹੜੇ ਚੁਫੇਰ ਗੜੀਏ ਹੁੰਦੇ ਹਨ—ਉਹ ਸਾਰੇ ਹੀ ਕੰਮ ਕਰਨਾ ਚਾਹੁੰਦੇ ਹਨ।

ਇੱਕ ਜੱਟ ਸੀ। ਉਸਨੇ ਛੇ ਸੱਤ ਟਿੰਡਾਂ ਲੈ ਕੇ ਇੱਕ ਡਾਂਗ ਨੂੰ ਬੰਨ ਲਈਆਂ। ਮੰਗਣ ਜਾਵੇ, ਜੇ ਕੋਈ ਆਖੇ,''ਮੈਂ ਦੇਵੀ ਦਾ ਭਗਤ ਹਾਂ''—ਆਖੇ,''ਇਹ ਟਿੰਡ ਦੇਵੀ ਦੀ ਹੈ।'' ਜੇ ਕੋਈ ਆਖੇ,''ਮੈਂ ਗੁੱਗੇ ਦਾ ਸੇਵਕ ਹੈ'', ਤਾਂ ਆਖੇ,''ਇਹ ਟਿੰਡ ਗੁੱਗੇ ਦੀ ਹੈ।'' ਇਸ ਤਰ੍ਹਾਂ ਵੀ ਕਈ ਆਦਮੀ ਕਰਦੇ ਹਨ। ਗੁਰੂ ਸਾਹਿਬ ਨੇ ਸੀਹੇਂ ਨੂੰ ਆਖਿਆ,''ਜਾ ਸਾਡਾ ਨਾਂ ਲੈਂ ਜਾ ਕੇ ਕਿ ਉਹਨਾਂ ਮੈਨੂੰ ਰੋਕ ਦਿੱਤਾ ਹੈ—ਰੀਤਾਂ ਤੋਂ।'' ਗੁਰੂ ਸਾਹਿਬ ਬੱਕਰੇ ਨਹੀਂ ਸਨ ਮਾਰਨ ਦਿੱਤੇ, ਲੰਗਰ ਵਿੱਚ ਮਾਸ ਕਿਵੇ ਪਾ ਲੈਂਦੇ ਸਨ ?

ਗੁਰੂ ਸਾਹਿਬ ਕਹਿਣ ਲਗੇ,''ਜਿਹਨੂੰ ਬਹਾ ਆਈਏ ਬੀਬੀ, ਬਾਹਰ—ਉਹਨੂੰ ਵੀ ਲਿਆ ਅੰਦਰ।''

ਗੁਰੂ ਅਮਰਦਾਸ ਜੀ ਆਏ। ਗੁਰੂ ਅੰਗਦ ਦੇਵ ਜੀ ਨੇ ਕਿਹਾ,''ਭਾਈ ਇਹ ਵੈਸ਼ਨੋ ਹਨ, ਪ੍ਰਸ਼ਾਦਿ ਆਪਣਾ ਛਕਣਗੇ।'' ਸ਼ੰਕਾ ਟੁੱਟ ਗਈ, ਚਰਨਾਂ ਤੇ ਡਿੱਗ ਪਏ, ਬਹੱਤਰ ਸਾਲ ਦੀ ਉਮਰ ਹੈ—ਮਿਲਿਆ ਗੁਰੂ ਅੰਗਦ—**ਪੂਰਾ ਗੁਰੂ ਮਿਲੇ ਦੂਖ ਕਾਟੇ**।

ਦਿੱਤਾ ਕੰਨ ਵਿੱਚ ਭਜਨ। ਫਿਰ ਕੀ ਕੀਤਾ—ਬਾਰ੍ਹਾਂ ਸਾਲ ਜਲ ਢੋਇਆ, ਪਿੱਠ ਨਹੀਂ ਕੀਤੀ ਗੁਰੂ ਵੱਲ। ਤਿੰਨ ਕੋਹ ਜਾਣਾ—ਪਿਛਲੇ ਪੈਰੀਂ, ਉਥੋਂ ਜਲ ਦੀ ਗਾਗਰ ਭਰ ਲੈਣੀ, ਜਿਹੜੇ ਪਰਨੇ ਸੀਸ ਉੱਤੇ ਸਜੇ ਹੋਣ, ਜਿਹੜਾ ਮਿਲੇ—ਹਰ ਸਾਲ ਇੱਕ ਪਰਨਾ ਮਿਲਣਾ—ਉਸ ਤੇ ਸਜਾ ਲੈਣਾ,

ਤੜਕੇ ਲਿਆ ਕੇ ਜਲ, ਇਸ਼ਨਾਨ ਸਵਾ ਪਹਿਰ ਤੇ ਕਰਾਉਣਾ, ਖਵਰੇ ਸਾਰੀ ਰਾਤ ਤੁਰੇ ਰਹਿੰਦੇ ਹੋਣਗੇ। ਪਰ ਗੱਲ ਇਹ ਹੈ—ਜਿਹਨੂੰ ਲੱਗੀ ਹੋਵੇ ਪਤਾ ਉਹਨੂੰ ਲਗਦਾ ਹੈ ਦੂਸਰੇ ਦੁਨੀਆਂ ਦੇ ਲੋਕ ਨਹੀਂ ਇਹ ਗੱਲ ਸਮਝ ਸਕਦੇ ਕਿ ਕਿਆ ਇਹਦੇ ਵਿੱਚ ਸੁਆਦ ਹੈ। ਜਿਸਨੂੰ ਦੀਵਾਨ ਨੰਦ ਲਾਲ ਜੀ ਕਹਿੰਦੇ ਹਨ–

*ਮੰਜ਼ਲਿ ਇਸ਼ਕ ਦਰਾਜ਼ ਅਸਤ, ਬ-ਪਾ ਨਾ-ਤਵਾਂ ਰਫ਼ੂ।*

–ਇਸ਼ਕ ਦੀ ਮੰਜ਼ਲ ਬੜੀ ਔਖੀ ਹੈ, ਪੈਰਾਂ ਨਾਲ ਨਹੀਂ ਤੁਰ ਕੇ ਜਾਇਆ ਜਾਂਦਾ। ਕਹਿੰਦੇ ਹਨ–

*ਸਰ ਰਾ ਕਦਮ ਸਾਜ਼, ਕਿ ਤਾ ਦਰ ਰਹਿ ਆਂ ਯਾਰ ਸ਼ਵੀ।।*

*–ਗ਼ਜ਼ਲ ੬੩*

–ਤੇ ਜੇ ਤੂੰ ਸਿਰ ਦੇ ਪੈਰ ਬਣਾਵੇਂ ਤਾਂ ਉਸ ਯਾਰ ਦੇ ਰਾਹ ਵਿੱਚ ਜਾ ਸਕਦਾ ਹੈਂ। ਇੱਕ ਕਵੀ ਬਿਹਾਰੀ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ਕ ਕਹਿੰਦੇ ਹਨ–

*ਸਿਰ ਕਾਟ ਰਸਾਲ ਬਣਾਈਏ, ਪੇਸ਼ ਸਜਣਾਂ ਦੀ ਕਰੀਏ।*
*ਜੇ ਸਿਰ ਦਿਤਿਆਂ ਰਾਜੀ ਥੀਵਨ, ਸਿਰ ਦੇਂਦੇ ਢਿਲ ਨ ਕਰੀਏ।*
*ਸਿਰ ਸਦਕੇ ਕੁਰਬਾਨ ਬਿਹਾਰੀ ਜੇ ਵਿੱਚ ਨਿਗਾਹ ਦੇ ਮਰੀਏ।*

–ਢੋਇਆ ਪਾਣੀ, ਫਿਰ ਕੀ ਹੋਇਆ ? ਗੁਰੂ ਅਮਰਦਾਸ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਨਿਥਾਂਵਿਆਂ ਦਾ ਥਾਂਵ—ਗੁਰੂ ਮਿਲਿਆ। ਬਾਣੀ ਸਾਨੂੰ ਇਹੋ ਹੀ ਉਪਦੇਸ਼ ਦਿੰਦੀ ਹੈ ਕਿ ਸਤਿਗੁਰੂ ਨੂੰ ਮਿਲੇ ਬਿਨਾਂ—ਗੁਰੂ ਤੋਂ, ਗਤੀ ਨਹੀਂ ਹੋ ਸਕਦੀ।

ਸੰਤ ਜੀ ਕਹਿੰਦੇ ਹਨ,''ਮਹਾਰਾਜ, ਮੈਂ ਬਾਣੀ ਪੜ੍ਹੀ ਹੈ, ਬਾਣੀ ਵਿੱਚੋਂ ਮੈਨੂੰ ਇਹ ਚੀਜ਼ ਮਿਲੀ ਹੈ ਕਿ ਮੈਨੂੰ ਪੂਰਾ ਗੁਰੂ ਮਿਲੇ—ਤਾਂ ਮੇਰੇ ਦੁੱਖ ਕੱਟੇ ਜਾਣ।''

## ਭਾਈ ਰਾਇ ਸਿੰਘ ਨੂੰ ਦਰਸ਼ਨ

*੪ *ਤਬ ਬੋਲੇ ਮੁਸਕਾਇ ਗੁਸਾਈ।*

ਸਤਿਗੁਰੂ ਜੀ ਥੋੜਾ ਜਿਹਾ ਮੁਸਕਰਾਏ ਕਹਿੰਦੇ ਹਨ–

*ਗ੍ਰਾਮ ਨਾਮ ਭੈਣੀ ਇੱਕ ਭਾਈ।*

ਇਹ ਨਹੀਂ ਆਖਿਆ,''ਆ ਅਸੀਂ ਤੈਨੂੰ ਭਜਨ ਦੱਸੀਏ।'' ਜਿਸ ਤਰ੍ਹਾਂ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਦਾ ਦਰਸ਼ਨ ਕਰਨ ਵਾਸਤੇ ਗੁਰੂ ਅੰਗਦ ਦੇਵ ਜੀ ਗਏ ਤੇ ਅੱਗੇ ਖਲੋਤੇ ਸੀ।

ਕਹਿੰਦੇ,''ਮਹਾਰਾਜ ਮੈਂ ਦਰਸ਼ਨ ਕਰਨ ਆਇਆ ਹਾਂ—ਸੰਤਾਂ ਦਾ।''

ਉਨ੍ਹਾਂ ਕਿਹਾ,''ਭਾਈ ਦੂਸਰੇ ਦਰਵਾਜ਼ੇ ਆ।'' ਜਾਂਦਿਆਂ ਨੂੰ ਅੱਗੇ ਆਪ ਬੈਠ ਗਏ। ਜਾ ਕੇ ਗੁਰੂ ਅੰਗਦ ਨੇ ਮੱਥਾ ਟੇਕਿਆ।

ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਨੇ, ਭਾਈ ਇੱਕ ਪਿੰਡ ਹੈ, ਉਹਦਾ ਨਾਂ ਹੈ ਭੈਣੀ।

ਲੁਦ ਪੁਰ ਸੇ ਪੂਰਬ ਨੌਂ ਕੋਸ।

ਲੁਧਿਆਣੇ ਤੋਂ ਚੜ੍ਹਦੇ ਪਾਸੇ ਨੌਂ ਕੋਹ ਹੈ।

ਬਾਢੀ ਸੁਤ ਜਾ ਮਿਲ ਤੂੰ ਓਸ। *।੩੨।।*

–ਉਹ ਬਾਢੀਆਂ ਦਾ ਪੁੱਤਰ ਹੈ—ਜਿਹੜਾ ਗੁਰੂ ਗੋਬਿੰਦ ਸਿੰਘ ਨੇ ਲਿਖਿਆ ਸੀ–

*ਰਾਮ ਸਿੰਘ ਮੇਰੋ ਹੋਇ ਨਾਮਾ, ਬਾਢੀ ਸੁਤ ਭੈਣੀ ਕੋ ਧਾਮਾ।*

*–ਗੁਰਿੰਡਨਾਮਾ ਪ:੧੦*

*ਬਾਢੀ ਸੁਤ ਕਹੀਏ ਗੁਰ ਜੋਈ।*
*ਮਮ ਕਲਾ ਤੇ ਅਵਤਾਰ ਹੋਈ।*

*–ਸਾਖੀ ਵਡਤੀਰਥ*

ਉਹ ਕਹਿਣ ਲੱਗੇ, ਉੱਥੇ ਜਾ ਕੇ ਮਿਲ ਭਾਈ।

*ਆਹਿ ਨਿਮਾਨਾ ਸਿਖ ਗਰੀਬ।*

ਉਹ ਗਰੀਬ ਸਿਖ ਹੈ,

*ਉਸ ਕੋ ਮਿਲ ਗਏ ਗੁਰੂ ਅਜੀਬ।*

–ਉਸਨੂੰ ਸਤਿਗੁਰੂ ਮਿਲ ਗਏ ਹਨ, ਉਹ ਪੂਰਨ ਹੋ ਗਿਆ—ਗੁਰੂ ਨੂੰ ਮਿਲ ਕੇ,

*ਰਾਮ ਸਿੰਘ ਹਈ ਤਾਕੋ ਨਾਮ।*

–ਭਾਈ ਉਸਦਾ ਨਾਮ ਰਾਮ ਸਿੰਘ ਹੈ।

*ਅਹੇ ਭਾਗ ਪਹੁਚੋ ਤਿਸ ਧਾਮ।।੩੩।।*

–ਜੇ ਤੇਰੇ ਭਾਗ ਚੰਗੇ ਹਨ, ਜਾ ਉਸਦੇ ਕੋਲ ਜਾ ਕੇ ਨਾਮ ਲੈ।

*ਇਤਨੀ ਕਹਿ ਪ੍ਰਭ ਆਗੇ ਗਏ।*

ਇਤਨੀ ਕਹਿ ਕੇ ਉਸ ਤੋਂ ਅੱਗੇ ਤੁਰ ਗਏ।

*ਸਿਖ ਕੇ ਭਾਗ ਭਲੇ ਉਦ ਭਏ।*

ਸਿੱਖ ਦੇ ਭਾਗ ਜਾਗੇ।

*ਰਾਇ ਸਿੰਘ ਆਗੇ ਪਗ ਕੀਨਾ।*

ਜਦੋਂ ਰਾਇ ਸਿੰਘ ਨੇ ਅੱਗੇ ਪੈਰ ਧਰਿਆ,

*ਤੜਫੇ ਨੀਰ ਬਿਨਾ ਜਿਵ ਮੀਨਾ।।੩੪।।*

ਬਸ ਦਰਸ਼ਨ ਓਹਲੇ ਹੋ ਗਿਆ। ਦੀਵਾਨ ਜੀ ਕਹਿੰਦੇ ਹਨ–

*ਅਜ਼ ਪੇਸ਼ਿ ਚਸ਼ਮ, ਆਂ ਬੁਤਿ ਨਾ–ਮਿਹਰਬਾਂ ਗੁਜ਼ੱਸ਼ਤ।*
*ਜਾਨਾਂ ਗੁਜ਼ੱਸ਼ਤ ਤਾਂ ਜ਼ਿ ਰਹਿ ਦੀਦਹ ਜਾਂ ਗੁਜ਼ੱਸ਼ਤ।*

*–ਗਜ਼ਲ ੯*

ਮੇਰੀਆਂ ਅੱਖਾਂ ਤੋਂ ਓਹਲੇ ਹੋ ਗਿਆ, ਗੁਰੂ ਗੋਬਿੰਦ ਸਿੰਘ ਮੇਰੀ ਜਾਨ ਵੀ ਨਾਲ ਖਿੱਚ ਕੇ ਲੈ ਗਿਆ।

*ਬਾਲਕ ਖੀਰ ਬਿਨਾ ਜਿਵ ਰੋਵੈ।*

ਜਿਸ ਤਰ੍ਹਾਂ ਬਾਲਕ ਦੁੱਧ ਤੋਂ ਬਿਨਾਂ ਰੋਂਦਾ ਹੈ–

*ਮਾਨਸ ਜਨਮ ਅਰਥ ਬਿਨ ਖੋਵੈ।*

ਬਿਨਾਂ ਅਰਥ ਤੋਂ ਬੇ–ਅਰਥ, ਮਨੁੱਖਾ ਜਨਮ ਜਾ ਰਿਹਾ ਹੈ। ਇਸ ਤਰ੍ਹਾਂ ਭਾਈ ਸਾਹਿਬ ਕਹਿੰਦੇ ਹਨ–

*ਦੇਹੀ ਪ੍ਰਾਨ ਬਿਨਾ ਜਿਵ ਢੇਰੀ।*

ਜਿਸ ਤਰ੍ਹਾਂ ਦੇਹੀ ਪ੍ਰਾਣਾਂ ਤੋਂ ਬਿਨਾਂ ਹੋ ਜਾਂਦੀ ਹੈ।

*ਇਵ ਭਈ ਦਸਾ ਰਾਇ ਸਿੰਘ ਕੇਰੀ।।੩੫।।*

ਰਾਇ ਸਿੰਘ ਦੀ ਦਸ਼ਾ ਇਸ ਤਰ੍ਹਾਂ ਦੀ ਹੋਈ। ਦਸਮ ਪਾਤਸ਼ਾਹ,

ਦਸਮ ਗ੍ਰੰਥ ਵਿੱਚ ਸ੍ਰੀ ਕ੍ਰਿਸ਼ਨ ਮਹਾਰਾਜ ਦੇ ਚਰਿੱਤਰ ਵਿੱਚ ਲਿਖਦੇ ਹਨ, ਕੀ ਕਹਿੰਦੀ ਹੈ—ਰਾਧਕਾ–

**ਬੈਠੀ ਹੁਤੀ ਸ੍ਰੱਜ[੨੨] ਹੌਂ ਸ਼ਿੰਗਾਰ ਸਭ ਸਖਿਨ ਮੋ**
**ਏਹੀ ਬੀਚ ਕਾਨ ਜੂ ਦਿਖਾਈ ਮੁਹਿ ਦੈ ਗਯੋ।।**
**ਤਬਹੀ ਤੇ ਸਭਨ ਕੀ ਸੁੱਧਿ ਮੈ ਬਿਸਾਰ ਦਈ**
**ਚੇਟਕ[੨੩] ਚਲਾਇ ਮਾਨੋ ਚੇਰੀ ਮੋਹਿ ਕੈ ਗਯੋ।।**
**ਕਹਾਂ[੨੪] ਕਰੋ ਕਾ ਪੈ ਜਾਊ[੨੫] ਜਰੋ[੨੬] ਕਿਧੋ ਬਿਖ ਖਾਊ**
**ਜਾਨਤ ਹੋ ਬੀਸ ਬਿੱਸਵੈ ਬਿਛੂ ਸੋ ਡਸੈ ਗਯੋ।।**
**ਚਖਨ[੨੭] ਚਿਤੌਨ[੨੮] ਸੋ ਚੁਰਾਇ ਚਿਤ ਮੇਰੋ ਲੀਨੋ**
**ਲਟਪਟੀ ਪਾਗ[੨੯] ਸੋ ਲਪੇਟ ਮਨੁ ਲੈ ਗਯੋ।।**

*–ਦਸਮ ਗ੍ਰੰਥ ਅਸਫੋਟਕ ੩੩-੧*

*ਪੀਛੇ ਹਟ ਫਿਰ ਦੇਖਨ ਲਾਗਾ*
ਜਿਸ ਵੇਲੇ ਪਿੱਛੇ ਮੁੜ ਕੇ ਦੇਖਣ ਲੱਗਾ।
*ਛਪਿਓ ਕਹਾਂ ਰੂਪ ਵਡਭਾਗਾ।*
–ਕਹਿੰਦਾ ਉਹ ਵੱਡੇ ਭਾਗਾਂ ਵਾਲਾ ਰੂਪ ਕਿੱਧਰ ਛਿਪ ਗਿਆ ?
*ਢੂੰਢ ਥਕਾ ਪਾਇਓ ਗੁਰ ਨਾਹੀ।*
ਭਾਲ ਥੱਕਿਆ ਦਰਸ਼ਨ ਨ ਹੋਇਆ।
*ਸਤਿਗੁਰ ਆ ਗਏ ਭੈਣੀ ਮਾਹੀ।।੩੬।।*
–ਸਤਿਗੁਰ ਭੈਣੀ ਸਾਹਿਬ ਆ ਗਏ।
*ਮੁਰਝਯੋ ਰਾਇ ਸਿੰਘ ਇਤ ਹਾਲ।*
ਰਾਇ ਸਿੰਘ ਇੱਧਰ ਪੂਰੀ ਤਰ੍ਹਾਂ ਮੁਰਝਾਇਆ, ਹਾਲ ਖਰਾਬ ਹੋਇਆ।
*ਮਨੋ ਧਨੀ ਜਿਵ ਹੋਇ ਕੰਗਾਲ।*
ਜਿਸ ਤਰ੍ਹਾਂ ਧਨੀ ਕੰਗਾਲ ਹੋ ਜਾਂਦਾ ਹੈ। ਕਿਸੇ ਕਵੀ ਨੇ ਲਿਖਿਆ ਹੈ–
*ਸੇ ਸਾਬਤ ਸ਼ਮਸ਼ੀਰ ਇਸ਼ਕ ਦੀ*
*ਸਾਫ ਜਿਨ੍ਹਾਂ ਪਰ ਵਹਿੰਦੀ ਹੋਸ਼ ਨ ਰਹਿੰਦੀ।*
*ਉਥੇ ਤੋਪਾਂ ਮਲ੍ਹਮ ਟਾਂਕ ਨ ਚਲਦੇ*

*ਬੂਟੀ ਰਾਸ ਨ ਪੈਂਦੀ ਜਾਂਦੀ ਲਹਿੰਦੀ।*
*ਧੂਣੀ, ਧੂਪ, ਤਬੀਤ ਨ ਜਾਦੂ,*
*ਅਕਲ ਤਬੀਬ ਨ ਡਹਿੰਦੀ ਹਟਕੇ ਬਹਿੰਦੀ।*
*ਲਖਸ਼ਾਹ ਦਰਦ ਪਛਾਨਣ ਸੇਈ*
*ਜਾਨ ਜਿਨ੍ਹਾਂ ਦੀ ਸਹਿੰਦੀ ਖਲਕਤ ਕਹਿੰਦੀ।*

ਇਹ ਹੈ ਇਸ਼ਕ ਦੀ ਗੱਲ, ਪਰ ਇਸ਼ਕ-ਇਸ਼ਕ ਵਿੱਚ ਬੜਾ ਫਰਕ ਹੈ। ਦੁਨੀਆਂ ਦੇ ਇਸ਼ਕ ਲੱਗਦੇ ਹਨ ਤੇ ਝੂਠੇ ਇਸ਼ਕ ਹਨ, ਕਿਸੇ ਨੂੰ ਰੂਪ ਦਾ ਇਸ਼ਕ ਹੈ, ਕਿਸੇ ਨੂੰ ਧਨ ਦਾ ਇਸ਼ਕ ਹੈ, ਇਹ ਸਭ ਚੱਲ ਜਾਣ ਵਾਲੇ ਇਸ਼ਕ ਹਨ—ਇਹ ਰਹਿਣ ਵਾਲੇ ਨਹੀਂ। ਗੁਰੂ ਸਾਹਿਬ ਕਹਿੰਦੇ ਹਨ-

**ਗੁਰਮੁਖਿ ਸਚੀ ਆਸਕੀ [30] ਜਿਤੁ ਪ੍ਰੀਤਮੁ ਸਚਾ ਪਾਈਐ॥**
**ਅਨਦਿਨੁ [31] ਰਹਿਹ ਅਨੰਦਿ ਨਾਨਕ ਸਹਿਜ ਸਮਾਈਐ॥**

*-ਪੰਨਾ ੧੪੨੨*

-ਫਿਰ ਆਨੰਦ ਹੀ ਆਨੰਦ ਰਹਿੰਦਾ ਹੈ-

**ਨ ਹੋਵੀ ਪਛੋਤਾਉ ਤੁਧ ਨੋ ਜਪਤਿਆ॥**

*-ਪੰਨਾ ੫੧੯*

ਜੇ ਆਦਮੀ ਨੇ ਧਨ ਇਕੱਠਾ ਕੀਤਾ, ਜਦੋਂ ਚਲਾ ਜਾਂਦਾ ਹੈ ਫਿਰ ਰੋਂਦਾ ਹੈ। ਹੁਣ ਉਧਰਲੇ ਪਾਸੇ ਜਿਹੜੇ ਲੋਕ ਪੱਛਮੀ ਪੰਜਾਬ ਵਿੱਚ—ਜਿਹਨਾਂ ਦਾ ਸਾਮਾਨ ਰਿਹਾ, ਉਹਨਾ ਨੂੰ ਬੜੀ ਤਕਲੀਫ ਹੋਈ, ਉਹਨਾ ਦਾ ਧਨ ਗਿਆ, ਕਿਸੇ ਦੀ ਔਰਤ ਗਈ, ਕਿਸੇ ਦੀ ਜ਼ਮੀਨ ਗਈ। ਜਿਹੜੇ ਮੁਰੱਬਿਆਂ ਵਾਲੇ ਸੀ, ਜਿਨ੍ਹਾਂ ਨੂੰ ਚਾਰ-ਚਾਰ, ਪੰਜ-ਪੰਜ ਹਜ਼ਾਰ ਰੁਪਇਆ ਇੱਕ-ਇੱਕ ਮੁਰੱਬਾ ਦਿੰਦਾ ਸੀ, ਦਸ-ਦਸ, ਵੀਹ-ਵੀਹ ਮੁਰੱਬੇ ਛੱਡ ਕੇ ਆਏ, ਉਹ ਹੌਕੇ ਲੈਂਦੇ ਸੀ। ਜੇ ਕਿਸੇ ਨੂੰ ਇਸਤਰੀ ਮਿਲੀ-ਅੱਛੀ, ਉਹ ਮਰ ਗਈ-ਰੋਇਆ, ਪੁੱਤਰ ਮਿਲ ਗਿਆ, ਮਰ ਗਿਆ—ਉਹ ਰੋਇਆ, ਘੋੜਾ ਚੰਗਾ ਮਿਲ ਗਿਆ, ਉਹ ਮਰ ਗਿਆ-ਰੋਇਆ, ਕੋਈ ਜਾਇਦਾਦ ਮਿਲ ਗਈ, ਖੁਸ ਗਈ—ਤੇ ਰੋਇਆ। ਹੁਣ ਰਾਜੇ ਵਿਚਾਰੇ ਇਸ ਤਰ੍ਹਾਂ

ਦੇ ਹੋ ਗਏ ਹਨ, ਮੈਂ ਰਾਜਾ ਸੁਕੇਤ ਨੂੰ ਮਿਲਿਆ—ਉਹ ਕਹਿਣ ਲੱਗਾ, "ਉਹਦਾ ਕਝ ਨਹੀਂ ਰਿਹਾ।" ਪਰ ਇੱਕੋ ਚੀਜ਼ ਹੈ ਜਿਹਦਾ ਪਛਤਾਵਾ ਨਹੀਂ ਹੁੰਦਾ।

**ਨ ਹੋਵੀ ਪਛੋਤਾਉ ਤੁਧ ਨੋ ਜਪਤਿਆ॥**

*-ਪੰਨਾ ੫੧੯*

ਜੇ ਸਤਿਗੁਰੂ ਦਾ ਨਾਮ ਜਪੀਏ—ਪਛਤਾਵਾ ਕਦੀ ਹੁੰਦਾ ਹੀ ਨਹੀਂ ਕਿਉਂਕਿ ਨਾਮ ਜਪਿਆਂ ਫਾਇਦਾ ਹੀ ਫਾਇਦਾ ਹੈ।

**ਕੋਟਿ[੩੨] ਲਾਖ ਸਰਬ ਕੋ ਰਾਜਾ**
**ਜਿਸੁ ਹਿਰਦੈ ਨਾਮੁ ਤੁਮਾਰਾ[੩੩]॥**
**ਜਾ ਕਉ ਨਾਮੁ ਨ ਦੀਆ ਮੇਰੇ ਸਤਿਗੁਰਿ**
**ਸੇ ਮਰਿ ਜਨਮਹਿ ਗਾਵਾਰਾ॥**

*-ਮਾਰੂ ਮ:੫, ਪੰਨਾ ੧੦੦੩*

## ਵਿਛੋੜਾ

*ਸਖੀਓਂ ਬਿਛਰੇ ਕਾਨ੍ਹ ਗੁਪਾਲ।*

-ਜਿਸ ਤਰ੍ਹਾਂ ਸਖੀਆਂ ਤੋਂ ਕ੍ਰਿਸ਼ਨ ਮਹਾਰਾਜ ਦਾ ਵਿਛੋੜਾ—ਸਾਹਿਬ ਦਸਮ ਗ੍ਰੰਥ ਵਿੱਚ ਲਿਖਦੇ ਹਨ-

**ਊਧਵ ਮੋ ਸੁਨ ਲੈ ਬਤੀਯਾ**
**ਜਦੁਬੀਰ ਕੋ ਧਯਾਨ ਜਬੈ ਕਰਿਹੋ॥**
**ਬਿਰਹਾ[੩੪] ਤਬ ਆਇ ਕੈ ਮੋਹਿ ਗ੍ਰਸੈ[੩੫]**
**ਤਿਹ ਕੇ ਗ੍ਰਸਏ ਨ ਜੀਯੋ[੩੬] ਮਰਿ ਹੋਂ॥**

*-ਦਸਮ ਗ੍ਰੰਥ, ਪੰਨਾ ੩੭੯*

ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਵਡਹੰਸ ਰਾਗ ਵਿੱਚ ਕਹਿੰਦੇ ਹਨ-

**ਮੈ ਰੋਵੰਦੀ ਸਭੁ ਜਗੁ ਰੁਨਾ ਰੁਨੜੇ ਵਣਹੁ ਪੰਖੇਰੂ॥**
**ਇਕ ਨ ਰੁਨਾ ਮੇਰੇ ਤਨ ਕਾ ਬਿਰਹਾ**
**ਜਿਨਿ ਹਉ ਪਿਰਹੁ ਵਿਛੋੜੀ॥**

*-ਪੰਨਾ ੫੫੮*

-ਦਿਵਾਨ ਨੰਦ ਲਾਲ ਜੀ ਕਹਿੰਦੇ ਹਨ-

*ਦਿਲਿ ਮਨ[੩੭] ਦਰ ਫ਼ਰਾਕਿ ਯਾਰ[੩੮], ਬ-ਸੋਖ਼੍ਤ।*

*ਜਾਨਿ ਮਨ, ਬਹਰਿ ਆਂ ਨਗਾਰ[੪੦], ਬ-ਸੋਖ਼੍ਤ।*

*-ਗ਼ਜ਼ਲ ੧੪*

-ਕਬੀਰ ਜੀ ਕਹਿੰਦੇ ਹਨ-

**ਕਬੀਰ ਬਿਰਹੁ ਭੁਯੰਗਮੁ ਮਨਿ ਬਸੈ**

**ਮੰਤੁ ਨ ਮਾਨੈ ਕੋਇ॥**

*-ਪੰਨਾ ੧੩੬੮*

ਵਿਛੋੜੇ ਰੂਪੀ ਸੱਪ ਮੇਰੇ ਅੰਦਰ ਵੱਸਦਾ ਹੈ, ਪਰ ਕਿਹੋ ਜਿਹਾ ਸੱਪ ਹੈ-**ਮੰਤੁ ਨ ਮਾਨੈ ਕੋਇ**-ਉਹ ਕੋਈ ਮੰਤਰ ਨਹੀਂ ਮੰਨਦਾ। ਉਹ ਨਹੀਂ ਮੰਨਦਾ-ਫਿਰ,

**ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥**

*-ਪੰਨਾ ੧੩੬੮*

ਕਹਿੰਦੇ ਹਨ-

**ਬਿਰਹਾ ਤਬ ਆਇ ਕੈ ਮੋਹਿ ਗ੍ਰਸੈ**

**ਤਿਹ ਕੇ ਗ੍ਰਸਏ ਨ ਜੀਯੋ ਮਰਿ ਹੋਂ॥**

ਨਾ ਮੈਂ ਜਿਉਂਦੀ ਹਾਂ, ਨਾ ਮਰਦੀ ਹਾਂ-ਵਿਛੋੜੇ ਵਿੱਚ।

ਹਨੂਮਾਨ ਜੀ ਲੰਕਾ ਗਏ, ਸੀਤਾ ਜੀ ਦੀ ਖਬਰ ਲੈ ਕੇ ਆਏ। ਰਾਮ ਚੰਦਰ ਜੀ ਮਹਾਰਾਜ ਕਹਿੰਦੇ ਹਨ, ਇਹ ਸਵੈਯਾ-ਪ੍ਰਸ਼ਨ ਉੱਤਰ ਹੈ- -ਵਿੱਚ ਪ੍ਰਸ਼ਨ ਵੀ ਹਨ, ਉੱਤਰ ਵੀ ਹਨ-

*''ਐ ਹੋ ਹਨੂੰ'' ਕਹਿਯੋ ਸ੍ਰੀ ਰਘੁਬੀਰ*

*ਕਛੂ ਸੁਧਿ ਹੈ ਸੀਯ ਕੀ ਛਿਤ ਮਾਹੀ*

-ਦੇਖੀ ? ਕਿਤੇ ਸੀਤਾ ਮਿਲੀ ?'

ਅਗੋਂ ਹਨੂਮਾਨ ਉੱਤਰ ਦਿੰਦਾ ਹੈ-

*ਹੈ, ਪ੍ਰਭੁ ਲੰਕ ਕਲੰਕ ਬਿਨਾ,*

-ਬਿਨਾ ਕਲੰਕ ਦੇ ਹੈ, ਉਹ ਸਤੀ ਹੈ, ਉਹ ਤੇਰੇ ਉੱਤੇ ਹੈ, ਉਹ ਪਤੀ

ਵਰਤਾ ਹੈ, ਉਹ ਕਿਸੇ ਹੋਰ ਵੱਲ ਨਹੀਂ ਝਾਕਦੀ। ਗੁਰੂ ਜੀ ਕਹਿੰਦੇ ਹਨ–

**ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ।।**

*–ਕਾਨੜਾ ਮ:੪, ਪੰਨਾ ੧੩੧੮*

ਜਿਹੜਾ ਸਿੱਖ ਹੋ ਕੇ ਕਿਸੇ ਹੋਰ ਪਾਸੇ ਝਾਕਦਾ ਹੈ, ਫਿਰ ਕੱਢ ਦਿੱਤੀਆਂ ਜਾਣ ਅੱਖਾਂ—ਜੇ ਉਹਨੂੰ ਹੋਰ ਕਿਸੇ ਤੇ ਨਿਸਚੈ ਹੁੰਦੈ—ਬਿਨਾਂ ਗੁਰੂ ਤੋਂ।

*ਗੁਰਸਿਖ ਹੋਇ ਆਨ ਦੇਵ ਸੇਵ ਟੇਵ ਗਹੈ,*
*ਸਹੈ ਜਮ ਡੰਡ ਧ੍ਰਿਗ ਜੀਵਨ ਸੰਸਾਰਿ ਹੈ।*

*–ਭਾਈ ਗੁਰਦਾਸ, ਕਬਿਤ ੪੬੭*

*ਹੈ, ਪ੍ਰਭੁ ਲੰਕ ਕਲੰਕ ਬਿਨਾ,*
*ਸੁ ਬਸੈ ਤਹ ਰਾਵਨ ਬਾਗ ਕੀ ਛਾਹੀ।*

ਮਹਾਰਾਜ ਕਹਿੰਦੇ ਹਨ,''*ਜੀਵਤ ਹੈ ?*''

ਕਹਿੰਦਾ ਹੈ, 'ਹਾਂ ਜੀ'–

*ਕਹਿਬੇ ਈ ਕੋ ਨਾਥ*

ਕਹਿਣ ਮਾਤਰ ਜਿਉਂਦੀ ਹੈ।

ਮਹਾਰਾਜ ਕਹਿੰਦੇ ਹਨ–

*ਸੁ ਕਯੋ ਨ ਮੁਈ ਹਮ ਤੇ ਬਿਛੁਰਾਹੀ ?*

–ਉਹ ਕਿਉਂ ਨਹੀਂ ਮਰੀ ਸਾਥੋਂ ਵਿਛੜ ਕੇ।

ਹਨੂਮਾਨ ਜੀ ਕਹਿੰਦੇ ਹਨ–

*ਪ੍ਰਾਨ ਬਸੈ ਪਦ ਪੰਕਜ ਮੈਂ,*

–ਸੀਤਾ ਦਾ ਸਰੀਰ ਲੰਕਾ ਵਿੱਚ ਹੈ—ਉਹਦੇ ਪ੍ਰਾਣ ਤੇਰਿਆਂ ਚਰਨਾਂ ਵਿੱਚ ਰਹਿੰਦੇ ਹਨ, ਜਮ ਜਾਂਦਾ ਹੈ-ਸਰੀਰ ਦੇ ਪਾਸ–

*ਜਮ ਆਵਤ ਹੈ ਪਰ ਪਾਵਤ ਨਾਂਹੀ।*

–ਜਮ ਉੱਥੇ ਜਾਂਦਾ ਹੈ, ਉੱਥੇ ਪ੍ਰਾਣ ਨਹੀਂ—ਏਥੇ ਦੇਹ ਨਹੀਂ।

***ਤਿਹਕੇ ਗ੍ਰਸਏ ਨ ਜੀਯੋ ਮਰਿ ਹੌਂ।***

–ਗੋਪੀਆਂ ਕਹਿੰਦੀਆਂ ਹਨ ਬਿਰਹੋਂ ਦੀਆਂ ਗ੍ਰਸੀਆਂ ਹੋਈਆਂ, ਨਾ ਜਿਊਂਦੀਆਂ—ਨਾ ਮੋਈਆਂ ਹਨ।

**ਨ ਕਛੂ ਸੁਧਿ ਮੋ ਤਨ ਮੈ ਰਹਿ ਹੈ**
**ਧਰਨੀ ਪਰ ਹ੍ਵੈ ਬਿਸੁਧੀ ਝਰਿਹੌਂ।।**

– **ਤਿਹ ਤੇ ਹਮਕੋ ਬਿਰਥਾ ਕਹੀਯੈ,**

ਊਧੋ ਕੁਝ ਨਾ ਕਹੁ—ਸਾਨੂੰ, ਜਾ ਤੂੰ ਤੁਰ ਜਾ।

**ਕਿਹ ਭਾਂਤ ਸੌ ਧੀਰਜ ਹਉ ਧਰਿਹੌਂ।।**

*–ਦਸਮ ਗ੍ਰੰਥ, ਪੰਨਾ ੩੭੯*

–ਅਸੀਂ ਕਿਸ ਤਰ੍ਹਾਂ ਧੀਰਜ ਧਰੀਏ। ਕੋਈ ਹੋਰ ਕਵੀ—ਜਿਸਨੇ ਇਹਦੇ ਉੱਤੇ ਕਿਹੈ।

ਊਧੋ ਕਹਿੰਦਾ ਹੈ,''ਜੋਗ ਧਾਰੋ।''

ਗੋਪੀਆਂ ਕਹਿੰਦੀਆਂ ਹਨ—*ਜੋਗੀ ਤਜੇ ਜਗਤਿ*

–ਜੋਗੀ ਜਗਤ ਛੱਡਦੇ ਹਨ।

*ਹਮ ਜਗਤਿ ਜੋਗ ਦੋਨੋ ਤਜੇ।*

–ਜਗਤ ਵੀ ਛੁੱਟ ਗਿਆ—ਸਾਥੋਂ, ਅਸੀਂ ਜੋਗ ਵੀ ਛੱਡ ਦਿੱਤਾ ਕਿਉਂਕਿ ਜੁੜੀਆਂ ਨਾ ਰਹਿ ਗਈਆਂ।

*ਜੋਗੀ ਲਾਵੇ ਛਾਰ,*

–ਜੋਗੀ ਲਾਉਂਦੇ ਹਨ ਸਵਾਹ–

*ਹਮ ਛਾਰ ਹੂੰ ਕੇ ਮੱਠ ਹੈਂ*

–ਸਾਡਾ ਸਰੀਰ ਹੀ ਸੁਆਾਹ ਹੋ ਗਿਆ ਹੈ।

*ਜੋਗੀ ਕੰਨੀ ਮੁੰਦਰਾਂ*

–ਜੋਗੀਆਂ ਦੇ ਕੰਨਾ ਵਿੱਚ ਮੁੰਦਰਾਂ–

*ਹਮ ਭੂਸ਼ਨ ਬਨਾਏ ਰਾਖੈ।*

–ਸਾਡੇ ਗਹਿਣੇ ਪਾਏ ਹੋਏ ਹਨ।

*ਹਮਾਰੇ ਸਿਰ ਕੇਸ ਔਰ ਜੋਗੀ ਸਿਰ ਜਟ ਹੈ।*

*ਜੋਗੀ ਬੇਧੇ ਕਾਨ,*

–ਜੋਗੀਆਂ ਦੇ ਕੰਨ ਵਿੱਧੇ ਹੁੰਦੇ ਹਨ।

*ਹਮ ਹੀਏ ਬੇਧੇ ਕਾਨ੍ਹ।*

ਸਾਡਾ ਦਿਲ ਵਿੰਨ੍ਹਿਆ ਹੋਇਆ ਹੈ ਕ੍ਰਿਸ਼ਨ ਨੇ।

*ਜੋਗੀ ਰਟੈ ਨਾਥ ਹਮ ਕ੍ਰਿਸ਼ਨ ਨਾਮ ਰਟ ਹੈ।*

ਜੋਗੀ ਨਾਥ ਨਾਥ ਕਹਿੰਦੇ ਹਨ, ਅਸੀਂ ਕ੍ਰਿਸ਼ਨ-ਕ੍ਰਿਸ਼ਨ ਕਹਿੰਦੀਆਂ ਹਾਂ।

*ਜਾਨਕੇ ਅਜਾਨ ਊਧੋ ਸਯਾਮ ਹੂੰ ਸੋ ਕਹਿਓ ਜਾਇ,*
*ਜੋਗ ਕੀ ਜੁਗਤਿ ਸੇ ਵਿਯੋਗੀ ਕਿਆ ਘਟ ਹੈ।*

ਇਹ ਵਿਯੋਗੀ, ਵਿਸ਼ੇਸ਼ ਕਰਕੇ ਜੋਗੀ—ਜਿਹੜੇ ਵਿਯੋਗੀ ਹੋ ਗਏ, ਜਿਹੜੇ ਵਿੱਛੜ ਗਏ। ਤਾਂ ਭਾਈ ਸਾਹਿਬ ਕਹਿੰਦੇ ਹਨ-

*ਸਖੀਓ ਬਿਛਰੈ ਕਾਨ੍ਹ ਗੁਪਾਲ।*

ਭਾਈ ਰਾਇ ਸਿੰਘ ਦੀ ਇਹ ਹਾਲਤ ਹੈ, ਜਿਸ ਤਰ੍ਹਾਂ ਕ੍ਰਿਸ਼ਨ ਮਹਾਰਾਜ ਤੋਂ ਵਿੱਛੜ ਕੇ ਗੋਪੀਆਂ ਦੀ ਹੋਈ।

*ਕਰ ਗਿਆ ਠਗੀ ਮੇਰੇ ਨਾਲ।।੩੭।।*

ਕਹਿੰਦੇ ਹਨ, ਠੱਗੀ ਹੋ ਗਈ।

ਭਾਈ ਸਾਹਿਬ ਕਹਿੰਦੇ ਹਨ-

*ਮੇਰੇ ਹਥੋਂ ਛੁਟ ਗਿਆ ਲਾਲ।*

ਮੇਰੇ ਹੱਥੋਂ ਲਾਲ ਛੁਟ ਗਿਆ।

*ਅਬ ਜਾ ਪਰਸੋਂ ਭੈਣੀ ਸਾਲ।*

ਹੁਣ ਮੈਂ ਭੈਣੀ ਸਾਹਿਬ ਜਾਵਾਂ-ਜਾ ਕੇ ਦਰਸ਼ਨ ਕਰਾਂ।

*ਕਿਵ ਮੇਟੋਂ ਜਨਮਾਵਰ ਕਾਲ।*

## ਜੀਵਨ-ਮੁਕਤ

**ਦਰ ਦਰਸਨ ਕਾ ਪ੍ਰੀਤਮੁ ਹੋਵੈ**
**ਮੁਕਤਿ ਬੈਕੁੰਠੈ ਕਰੈ ਕਿਆ।।**

*-ਆਸਾ ਮ:੧, ਪੰਨਾ-੩੬੦*

ਉਹ ਕੀ ਕਹਿੰਦੇ ਹਨ—ਉਹ ਜੀਵਨ ਮੁਕਤ ਹਨ।

ਹਨੂਮਾਨ ਜੀ ਨੂੰ ਕਿਹਾ—ਰਾਮਚੰਦਰ ਜੀ ਨੇ,''ਮੰਗ ਕੀ ਮੰਗਦਾ ਹੈਂ ?''

ਹਨੂਮਾਨ ਜੀ ਨੇ ਕਿਹਾ,''ਜਦੋਂ ਤੂੰ ਆਵੈਂ—ਤੇਰੇ ਨਾਲ ਆਈਏ, ਜਦੋਂ ਜਾਵੇਂ, ਤੇਰੇ ਨਾਲ ਜਾਈਏ।''

**ਜੇ ਤੂ ਤੁਠਾ ਕਿਰਪਾ ਨਿਧਾਨ ਨਾ ਦੂਜਾ ਵੇਖਾਲਿ।।**
**ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ।।**

*-ਸੂਹੀ ਮ:੫, ਪੰਨਾ-੭੬੧*

ਬਸ, ਗੁਰੂ ਕੇ ਸਿੱਖ ਜੀਵਨ ਮੁਕਤ ਹੋ ਜਾਂਦੇ ਹਨ, ਜਿਹਨਾਂ ਉੱਤੇ ਕਿਰਪਾ ਹੁੰਦੀ ਹੈ। ਉਹਨਾਂ ਨੂੰ ਮਰਨ ਦਾ ਫਿਕਰ ਨਹੀਂ ਰਹਿੰਦਾ।

ਇੱਕ ਮਹਾਂਪੁਰਖ ਜੈਮਲ ਸਿੰਘ ਹੋਇਆ ਹੈ। ਉਸ ਦਾ ਵੱਡਾ ਪੁੱਤਰ ਸੋਭਾ ਸਿੰਘ ਸੀ ਜਿਸਨੇ ਕਦੇ ਵੀ ਆਪਣੇ ਪਿਤਾ ਦਾ ਬਚਨ ਨਾ ਮੰਨਿਆ। ਛੋਟਾ ਪੁੱਤਰ ਭੈਰਓ ਸਿੰਘ ਜਿਹਦੇ ਉੱਤੇ ਇਹ ਕਿਰਪਾ ਸੀ ਕਿ ਉਹ ਕਦੇ ਬਚਨ ਮੋੜਦਾ ਹੀ ਨਹੀਂ ਸੀ। ਬਾਹਰ ਖੇਤ, ਮਾਲਵੇ 'ਚ ੨-੨, ੩-੩ ਮੀਲ ਉੱਤੇ ਹਨ। (ਸੰਤ ਜੈਮਲ ਸਿੰਘ) ਫਿਰ ਕੇ ਆਏ—ਸਿਆਲ ਦੇ ਦਿਨ ਹਨ —ਆ ਕੇ ਕਹਿੰਦੇ ਹਨ,''ਓਏ ਭੈਰਉ ਸਿੰਘਾ, ਖਬਰ ਕਰ ਦਿਓ ਜਿਸ ਨੂੰ ਕਰਨੀ ਹੈ, ਅਸੀਂ ਤੜਕੇ ਦੇਹ ਛੱਡ ਦੇਣੀ ਹੈ।'' ਰਾਜ਼ੀ ਖੁਸ਼ੀ ਉਹ ਅੱਗੇ ਕੜ੍ਹਾਹ ਪ੍ਰਸ਼ਾਦਿ ਨਹੀਂ ਸਨ ਛਕਦੇ,''ਅੱਜ ਭਾਈ ਕੜਾਹ ਪ੍ਰਸ਼ਾਦ ਕਰਕੇ ਛਕਾ।'' ਕਦੇ ਕੜਾਹ ਪ੍ਰਸ਼ਾਦਿ ਨਾ ਛਕਣਾ-ਵੈਸੇ ਮਾਲਵੇ ਵਿੱਚ ਲੋਕਾਂ ਨੂੰ ਸ਼ੌਕ ਹੈ—ਉਹ ਨਹੀਂ ਸਨ ਛਕਦੇ। ਉਹਨੂੰ (ਸੰਤ ਜੈਮਲ ਸਿੰਘ ਹੁਰੀਂ ਭੈਰਉ ਸਿੰਘ ਨੂੰ) ਕਹਿੰਦੇ,''ਭਾਈ ਕੜਾਹ ਪ੍ਰਸ਼ਾਦਿ ਛਕਾ, ਖਬਰ ਕਰਦੇ ਸੰਬੰਧੀਆਂ ਨੂੰ—ਮੇਰੇ।'' ਨੇੜੇ ਚੌਹਾਂ ਮੀਲਾਂ ਤੇ ਲੜਕੀ ਸੀ ਵਿਆਹੀ—ਬਾਬਾ ਜੀ ਦੀ, ਖਬਰ ਕੀਤੀ, ਰਾਤ ਨੂੰ ਕੋਈ ਨਾ ਅਇਆ। ਤੜਕੇ ਇਸ਼ਨਾਨ ਕਰਕੇ ਇੱਕ ਵਜੇ, ਬਚਨ ਬਿਲਾਸ ਲੱਗ ਪਏ ਸਤਿਗੁਰਾਂ ਦੇ ਕਰਨ। ਸਤਿਸੰਗ ਕਰਦਿਆਂ-ਕਰਦਿਆਂ ਵਕਤ ਲੰਘ ਗਿਆ, ਕਹਿੰਦੇ ਹਨ,''ਦੇਖ ਭੈਰਉ ਸਿੰਘਾ, ਕਿਹੜਾ ਵਕਤ ਹੈ ?''

ਬਾਹਰ ਨਿਕਲ ਕੇ ਕਹਿੰਦਾ ਹੈ,''ਮਹਾਰਾਜ—ਬਾਪੂ ਜੀ, ਪਹੁ ਫਟ ਗਈ ਹੈ।''

ਕਹਿੰਦੇ ਹਨ,''ਅੱਜ ਨਹੀਂ ਫਿਰ ਸਰੀਰ ਛੱਡਦੇ।''

ਕਹਿੰਦਾ,''ਬਾਪੂ ਜੀ, ਇਹ ਤੁਹਾਡੇ ਹੱਥ ਵਿੱਚ ਹੈ?''

ਕਹਿੰਦੇ,''ਓਏ ਸਤਿਗੁਰੂ ਰਾਮ ਸਿੰਘ ਨੂੰ ਮਿਲਕੇ ਐਨੀ ਚੀਜ਼ ਵੀ ਸਾਨੂੰ ਨਹੀਂ ਮਿਲੀ ਫਿਰ ਅਸੀਂ ਹੋਏ ਕੀ।''

ਸਰੀਰ ਨਹੀਂ ਛੱਡਿਆ। ਦਿਨੇ ਜਵਾਈ ਆ ਗਿਆ, ਲੜਕੀ ਆ ਗਈ, ਦੋਹਤਰੇ ਆ ਗਏ। ਬੈਠੇ ਹਨ ਧੁੱਪੇ, ਕੇਸ ਹਰੇ ਕਰਕੇ—ਕੰਘਾ ਕਰ ਰਹੇ ਹਨ। ਗੱਲਾਂ ਬਾਤਾਂ ਕੀਤੀਆਂ।

ਸੰਬੰਧੀ ਕਹਿੰਦੇ,''ਭੈਰਉ ਸਿੰਘਾ, ਇਹ ਤਾਂ ਬੁੱਢਾ ਸੱਤਰਿਆ-ਬਹੱਤਰਿਆ ਗਿਐ, ਤੇਰੀ ਵੀ ਮੱਤ ਮਾਰੀ ਗਈ।''

ਕਹਿੰਦੇ,''ਅੱਛਾ ਭਾਈ, ਸਵੇਰੇ ਅਸੀਂ ਸਰੀਰ ਛੱਡਣਾ ਹੈ, ਤੁਸੀਂ ਪਛਤਾਓਗੇ।''

ਉਸੇ ਤਰ੍ਹਾਂ ਰਾਤ ਬਰਾਜੇ, ਤੜਕੇ ਇਸ਼ਨਾਨ ਕਰਕੇ ਸਵਾ ਪਹਿਰ ਰਹਿੰਦੇ, ਕਹਿੰਦੇ,''ਭੈਰਉ ਸਿੰਘ, ਸਤਿ ਸ੍ਰੀ ਅਕਾਲ !'' ਗੁਰੂ ਜੀ ਨੇ ਲਿਖਿਐ-

**ਜੰਮਣੁ ਮਰਣੁ ਨ ਤਿਨ੍ਹ ਕਉ ਜੋ ਹਰਿ ਲੜਿ ਲਾਗੈ।।**
**ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੈ।।**

*-ਮ:੫, ਪੰਨਾ-੩੨੨*

ਤਾਂ, ਉਹ ਪੁਰਸ਼ ਜੀਵਨ ਮੁਕਤ ਹੋ ਜਾਂਦੇ ਹਨ—ਜਿਹੜੇ ਸਤਿਗੁਰੂ ਨੂੰ ਮਿਲਕੇ ਹੁਕਮ ਵਿੱਚ ਚਲਦੇ ਹਨ।

**ਸੋ ਸਿਖੁ ਸਖਾ ਬੰਧਪੁ[੪੧] ਹੈ ਭਾਈ**
**ਜਿ ਗੁਰ ਕੇ ਭਾਣੇ ਵਿਚਿ ਆਵੈ।।**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।।**

*-ਸੋਰਠ ਮ:੩, ਪੰਨਾ-੬੦੧*

ਜਿਹੜੇ ਗੁਰੂ ਦੇ ਹੁਕਮ ਵਿੱਚ ਚਲਦੇ ਹਨ—ਉਹ ਸੁਖ ਲੈਂਦੇ ਹਨ ਕਿਉਂ —ਜੋ ਉਹਨਾਂ ਦਾ ਆਪਣਾ ਰਹਿੰਦਾ ਹੀ ਕੁਛ ਨਹੀਂ, ਜੋ ਹੁਕਮ ਹੋਇਆ— ਕੀਤਾ, ਤੇ, ਜੇ ਆਪਣਾ ਹੋਵੇ—ਫਿਰ ਆਖੀਦਾ ਹੈ, ਆਹ ਗੱਲ ਜਿਹੜੀ ਇਉਂ ਚਾਹੀਦੀ ਹੈ। ਜਦੋਂ ਇਉਂ ਵਿੱਚ ਆ ਜਾਵੇ, ਦੀਵਾਨ ਨੰਦ ਲਾਲ ਜੀ ਕਹਿੰਦੇ ਹਨ-

*ਫਿਦਾਇ ਓ ਸ਼ੌ, ਵ ਉਜ਼ਰੇ ਮਖ਼ਾਹ, ਐ ਗੋਯਾ।*
*ਕਿ ਦਰ ਤਰੀਕਤਿ ਮਾ, ਜਾਏ ਉਜ਼ਰ ਖਾਹੀ ਨੇਸਤ ?*

–ਗਜ਼ਲ ੯

–ਵਿੱਚ ਅਸਾਡੇ ਮਤ ਦੇ ਗੋਯਾ, ਉਜਰ ਕਰਨ ਪ੍ਰਵਾਨ ਨਹੀਂ—ਉਜਰ ਕਰਨਾ ਨਹੀਂ ਸਾਡੇ ਵਿੱਚ ਮਨਜ਼ੂਰ। ਤਾਂ ਭਾਈ ਸਾਹਿਬ ਰਾਇ ਸਿੰਘ ਜੀ ਕਹਿੰਦੇ ਹਨ,''ਮੇਰੇ ਉੱਤੇ ਕਿਰਪਾ ਹੋ ਜਾਏ, ਮੇਰਾ ਜਨਮਾਵਰ ਕਾਲ ਮਿਟ ਜਾਏ, ਕਾਲ ਦਾ ਭੈ ਮੁੱਕ ਜਾਏ ਮੇਰਾ।''

*ਸੁਨੋ ਗੁਰੂ ਕਾ ਸਬਦ ਰਸਾਲ ।।੩੮।।*

ਰਸ ਦਾ ਭਰਿਆ ਗੁਰੂ ਦਾ ਸ਼ਬਦ ਮੇਰੇ ਕੰਨ ਵਿੱਚ ਮਿਲ ਜਾਏ, ਮੇਰਾ ਜੰਮਣ ਮਰਣ ਕਟਿਆ ਜਾਵੇ।

*ਪੂਰੇ ਸਤਿਗੁਰ ਦੀਨ ਦਯਾਲ।*

ਸਤਿਗੁਰੂ ਪੂਰੇ ਹਨ, ਦੀਨਾਂ ਉੱਤੇ ਦਇਆ ਕਰਦੇ ਹਨ–

*ਕਾਟੇ ਮੋਹ ਮਾਇਆ ਕੇ ਜਾਲ।*

ਮੋਹ ਮਾਇਆ ਦੇ ਜਾਲ ਕਟ ਦਿੰਦੇ ਹਨ।

**ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ [੪੨]।।**
**ਹਰਖ [੪੩] ਸੋਗ ਦਾਝੈ [੪੪] ਨਹੀਂ ਤਬ ਹਰਿ ਆਪਹਿ ਆਪ।।**

*–ਪੰਨਾ ੧੩੭੪*

*ਮੇਟੇ ਝੂਠ ਜੂਠ ਤਮਾਲ।*
*ਦੁਹ ਲੋਕਨ ਕੇ ਦਾਰਿਦ ਦਾਲ।।੩੯।।*

ਝੂਠ ਨਹੀਂ ਬੋਲਦਾ ਫਿਰ ਸਿੱਖ। ਮੇਟ ਦੇਂਦੇ ਹਨ ਗੁਰੂ ਝੂਠ।

ਹੁਣ ਮੈਂ ਨਹੀਂ ਕੁਛ ਕਹਿੰਦਾ, ਸਾਡੀ ਦਸ਼ਾ ਨਹੀਂ ਉਹ ਰਹੀ, ਅੰਗਰੇਜ਼ ਜਿਹੜੇ ਨਾਮਧਾਰੀ ਨੂੰ ਪੱਕਾ ਦੁਸ਼ਮਣ ਜਾਣਦੇ ਸਨ, ਉਹ ਤਿੰਨ ਗੱਲਾਂ ਕਹਿੰਦੇ ਸੀ—ਉਹਨਾਂ ਨੂੰ ਇਹ ਪਤਾ ਨਹੀਂ ਸੀ ਮਾਸ ਖਾਣਾ ਵੀ ਬੁਰਾ ਹੈ, ਤਾਂ ਕਹਿੰਦਾ ਸੀ,''**ਕੂਕਾ ਸ਼ਰਾਬ ਨਹੀਂ ਪੀਂਦਾ, ਕੂਕਾ ਝੂਠ ਨਹੀਂ ਬੋਲਦਾ, ਕੂਕਾ ਅੰਗਰੇਜ਼ ਦਾ ਲਾਇਲ ਨਹੀਂ ਹੋ ਸਕਦਾ––ਵਫਾਦਾਰ ਨਹੀਂ ਹੋ ਸਕਦਾ।**'' ਜਿਹਦੇ ਵਿੱਚ ਇਹ ਤਿੰਨ ਗੱਲਾਂ

ਨਹੀਂ, ਉਹ ਕੂਕਾ ਨਹੀਂ। ਹੁਣ ਅਸੀਂ ਆਪਣੇ ਅੰਦਰ ਝਾਤੀ ਮਾਰ ਲਈਏ —ਕਿ ਅਸੀਂ ਝੂਠ ਬੋਲਦੇ ਹਾਂ—ਫਿਰ ਸਾਨੂੰ ਜਵਾਬ ਹੈ ? ਜੇ ਅਸੀਂ ਜੂਠ ਖਾਂਦੇ ਹਾਂ—ਫਿਰ ਵੀ ਜਵਾਬ ਹੈ। ਅੰਗਰੇਜ਼ ਦਾ ਤਾਂ ਹੁਣ ਕੰਮ ਹੀ ਮੁਕ ਗਿਆ, ਪਰ ਜੇ ਉਹਨਾਂ ਦੇ ਵੀ ਜੀ ਹਜ਼ੂਰੀਏ ਬਣਦੇ ਹਾਂ—ਫਿਰ ਸਾਨੂੰ ਕੂਕੇਪਣ ਤੋਂ ਜਵਾਬ ਹੈ। ਅੰਗਰੇਜ਼ਾਂ ਨੇ—ਸਾਧ ਸੰਗਤ ਨਾਲ, ਸਤਿਗੁਰਾਂ ਨਾਲ ਜੋ ਕੁਛ ਕੀਤਾ, ਪੁਰਾਣੇ ਇਤਿਹਾਸ—ਸਾਡੇ ਕੋਲ ਮਹਾਰਾਜ ਦੀ ਬੀੜ ਜਿਡਾ—ਜਿਡਾ ਛੇ ਸੌ ਚਾਲੀ ਤੋਂ ਸੱਤਰ ਤਕ, ਮੈਨੂੰ ਯਾਦ ਹੈ—ਏਨੇ ਪੱਤਰੇ ਲਿਖੇ, ਜਿਸ ਵਿੱਚ ਸਾਰਾ ਹਾਲ ਲਿਖਿਆ ਕਿ ਕੀ-ਕੀ ਕਰਦੇ ਰਹੇ।

ਹੁਣ ਆਲਮ ਜੀ ਨੇ ਇੱਕ ਪੁਸਤਕ ਲਿਖੀ ਹੈ 'ਜੁਗ ਪਲਟਾਊ ਸਤਿਗੁਰੂ'। ਉਹਦੇ ਵਿੱਚ ਅੰਗਰੇਜ਼ਾਂ ਦੀਆਂ ਆਪਣੀਆਂ ਤਾਰੀਖਾਂ, ਆਪਣੇ ਹਾਲ ਦੱਸੇ ਹਨ—ਜੋ ਕੁਛ ਉਹਨਾਂ ਨੇ ਕੀਤਾ। ਉਹ ਛਪ ਚੁਕਾ ਹੈ, ਸ਼ਾਇਦ ਇੱਥੇ ਵੀ ਕੋਈ ਪੁਸਤਕ ਆ ਗਈ ਹੋਵੇ। ਤਾਂ, **ਕੂਕਾ ਜੇ ਅੰਗਰੇਜ਼ ਦਾ ਵਫਾਦਾਰ ਹੈ—ਤਾਂ ਉਹ ਆਪਣੇ ਪਿਉ ਦਾ ਪੁੱਤਰ ਨਹੀਂ, ਗੁਰੂ ਰਾਮ ਸਿੰਘ ਦਾ ਸਿੱਖ ਨਹੀਂ**।

*ਕਰਮ ਨ ਧਰਮ ਨ ਸੇਵਾ ਘਾਲ।*

ਮੈਂ ਕਿਸੇ ਲਾਇਕ ਨਹੀਂ, ਨਾ ਮੈਂ ਕੋਈ ਕਰਮ ਕੀਤਾ ਹੈ, ਨਾ ਕੋਈ ਧਰਮ ਕੀਤਾ ਹੈ, ਨਾ ਮੈਂ ਸੇਵਾ ਕੀਤੀ, ਨਾ ਮੇਰੀ ਕੋਈ ਘਾਲ ਹੈ।

*ਗੁਰ ਪ੍ਰਭ ਕੋ ਹੈ ਬਿਰਦ ਕ੍ਰਿਪਾਲ।*

ਪਰ ਸਤਿਗੁਰ ਦਾ ਬਿਰਦ ਕਿਰਪਾਲ ਹੈ। ਰਵਿਦਾਸ ਜੀ ਕਹਿੰਦੇ ਹਨ-

**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ।।**

*-ਪੰਨਾ-੩੪੫*

-ਤੁਸੀਂ ਆਪਣਾ ਸੁਭਾਓ ਵਰਤੋ।

*ਦੀਨ ਹੋਇ ਜਾ ਸਰਨੀ ਪਰਿਹੋ।*

ਮੈਂ ਦੀਨ ਹੋ ਕਰਕੇ ਸਤਿਗੁਰਾਂ ਦੇ ਚਰਨੀਂ ਪਵਾਂਗਾ—ਜਾ ਕੇ।

*ਤਾ ਪਗ ਪਰਸ ਦੁਰਮਤੀ ਹਰਿਹੋ।।੪੦।।*

ਉਨ੍ਹਾਂ ਦੇ ਚਰਨ ਪਰਸ ਕੇ ਮੈਂ ਆਪਣੀ ਮਤ—ਜਿਹੜੀ ਖੋਟੀ ਹੈ, ਉਹ

ਦੂਰ ਕਰ ਦਿਆਂ।

*ਸੰਥਾਂ ਭੂਲ ਵਿਸਰਿਓ ਪੜਨਾ।।*

ਬਸ ਫਿਰ ਕਿਥੇ ਪੜ੍ਹਿਆ ਜਾਏ, ਕਿਸ ਤਰ੍ਹਾਂ ਪੜ੍ਹ ਸਕੇ, ਸੰਥਾ ਭੁੱਲ ਗਈ ਪੜ੍ਹਨਾ ਵਿਸਰ ਗਿਆ। ਇਸ਼ਕ ਇੱਕ ਐਸੀ ਚੀਜ਼ ਹੈ, ਫਿਰ ਨਾ ਪੜ੍ਹਨਾ, ਨਾ ਸੁਣਨਾ, ਕੋਈ ਚੀਜ਼ ਨਹੀਂ ਰਹਿੰਦੀ, ਯਾਦ ਰਹਿੰਦੀ ਹੈ--ਇੱਕੋ ਹੀ। ਇਸ਼ਕ ਐਸੀ ਚੀਜ਼ ਹੈ, ਜਿੱਥੇ ਲੱਗ ਜਾਏ ਨ—ਉਹਨਾਂ ਨੂੰ ਪਤਾ ਹੈ ਜਿਨ੍ਹਾਂ ਨੂੰ ਲਗਦਾ ਹੈ।

*ਯਾਦਿਕ ਗੁਰ ਜਹਾਜ ਪਰ ਚੜਨਾ।*

ਇੱਕੋ ਮੰਗ ਰਹਿ ਗਈ ਕਿ ਗੁਰੂ ਦੇ ਜਹਾਜ਼ ਉੱਤੇ ਚੜ੍ਹਨੈ।

*ਆਦਿ ਗ੍ਰੰਥ ਸਾਹਿਬ ਕੀ ਬਾਣੀ।*

ਗੁਰੂ ਤੇਗ ਬਹਾਦਰ ਜੀ ਸਣੇ, ਛਿਆਂ ਪਾਤਸ਼ਾਹੀਆਂ ਦੀ ਬਾਣੀ, ਪਹਿਲੀ, ਦੂਸਰੀ, ਤੀਸਰੀ, ਚੌਥੀ, ਪੰਜਵੀਂ ਤੇ ਨੌਵੀਂ ਦੀ—ਜਿਹੜੀ ਆਦਿ ਬੀੜ ਵਿੱਚ ਲਿਖੀ ਹੋਈ ਹੈ:

*ਨਿਤ ਉਪਦੇਸੈ ਗੁਰ ਕਰ ਪ੍ਰਾਣੀ ।।੪੧।।*

ਰੋਜ਼ ਉਪਦੇਸ਼ ਕਰਦੀ ਹੈ—ਭਾਈ ਗੁਰੂ ਨੂੰ ਮਿਲ, ਜੇ ਗੁਰੂ ਨਹੀਂ ਮਿਲਿਆ ਤਾਂ–

- **ਨਿਗੁਰੇ ਕਾ ਹੈ ਨਾਉ ਬੁਰਾ।।**

*–ਆਸਾ ਮ:੩, ਪੰਨਾ–੪੩੫*

- **ਜਿਉ ਨਿਗੁਰਾ ਬਹੁ ਬਾਤਾ ਜਾਣੈ**
  **ਓਹੁ ਹਰਿ ਦਰਗਹ ਹੈ ਭ੍ਰਸਟੀ**[੪੫]**।।**

*–ਪੰਨਾ–੫੨੮*

- **ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ**
  **ਤਿਸੁ ਨਾਮੁ ਪਰਿਓ ਹੈ ਧ੍ਰਕਟੀ**[੪੬]**।।**

*–ਪੰਨਾ ੫੨੮*

ਨਿਗੁਰੇ ਨੂੰ ਕੰਜਰੀ ਦਾ ਪੁੱਤਰ ਦੱਸਿਆ ਹੈ, ਭਾਈ ਕਿਆ ਕਹੀਏ ਸਾਨੂੰ ਪਤਾ ਨਹੀਂ ਲਗਦਾ, ਸਤਿਗੁਰੂ ਸਾਡੇ ਤੇ ਕਿਰਪਾ ਕਰਨ ਤਾਂ ਇਹ ਨਿਗੁਰੇ

ਪੁਰਖ ਦੀ ਬਾਬਤ ਬਹੁਤ ਕੁਝ ਲਿਖਿਆ ਹੈ।

## ਗੁਰ ਮੂਰਤ ਭਗਵਾਨ

*ਇਤਆਦਿਕ ਮਨ ਗਿਣ ਵਿਦਵਾਨ।*

ਵਿਦਵਾਨ ਪੁਰਸ਼—ਪੜ੍ਹਿਆ ਲਿਖਿਆ ਸੀ, ਇਹ ਗਿਣ ਕੇ ਦਿਲ ਵਿੱਚ,

*ਗੁਰ ਪੁਰ ਕੌ ਤਬ ਕਿਯੋ ਪਿਯਾਨ।*

ਗੁਰਪੁਰੀ ਨੂੰ ਤੁਰ ਪਿਆ।

*ਪਹੁੰਚਿਓ ਰਾਇ ਸਿੰਘ ਸੁਜਾਨ।*

ਰਾਇ ਸਿੰਘ ਜੀ ਪਹੁੰਚ ਗਏ।

*ਭੈਣੀ ਸਾਹਿਬ ਗੁਰ ਅਸਥਾਨ।।੪੨।।*

ਗੁਰੂ ਕੇ ਅਸਥਾਨ ਭੈਣੀ ਸਾਹਿਬ ਵਿੱਚ ਪਹੁੰਚ ਗਏ ਭਾਈ ਰਾਇ ਸਿੰਘ ਜੀ।

*ਦਰਸੇ ਗੁਰ ਮੂਰਤਿ ਭਗਵਾਨ।*

ਜਾ ਦਰਸ਼ਨ ਕੀਤਾ ਗੁਰੂ ਦਾ, ਜਿਹੜੀ ਭਗਵਾਨ ਦੀ ਮੂਰਤ ਹੈ। ਸਤਿਗੁਰੂ ਦੀ ਮੂਰਤ—ਭਗਵਾਨ ਦੀ ਹੈ—ਦੀਵਾਨ ਨੰਦ ਲਾਲ ਜੀ ਕਹਿੰਦੇ ਹਨ,''ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਇਹ ਜਿਹੜਾ ਤੇਰਾ ਚਿਹਰਾ ਹੈ, ਇਹ ਖੁਦਾ ਦੇ ਦਰਸ਼ਨ ਦਾ ਸ਼ੀਸ਼ਾ ਹੈ, ਇਹਦੇ ਵਿੱਚ ਦੀ ਰੱਬ ਦਿਸਦਾ ਹੈ, ਹੋਰ ਕੋਈ ਸ਼ੀਸ਼ਾ ਨਹੀਂ ਜਿੱਥੋਂ ਦਿਸੇ,'' ਕਿਉਂਕਿ ਰੱਬ ਨੂੰ ਨਿਰਾਕਾਰ ਮੰਨਿਆ ਹੈ, ਨਿਰਗੁਣ ਮੰਨਿਆ ਹੈ, ਜਿਸਦੇ ਵਿੱਚ ਗੁਣ ਕੋਈ ਨਹੀਂ। ਜਦੋਂ ਉਹ–

**ਨਿਰਗੁਨ ਆਪਿ ਸਰਗੁਨ ਭੀ ਓਹੀ।।**

ਜਦ ਸਰਗੁਣ ਸਰੂਪ ਧਾਰਕੇ ਆਉਂਦਾ ਹੈ—ਭੱਟਾਂ ਨੇ ਗੁਰੂ ਨਾਨਕ ਨੂੰ ਲਿਖਿਆ ਹੈ–

**ਆਪਿ ਨਰਾਇਣੁ ਕਲਾ[੪੭] ਧਾਰਿ ਜਗ ਮਹਿ ਪਰਵਰਿਯਉ[੪੮]।।**

*–ਪੰਨਾ ੧੩੯੫*

–ਜਿਸਦੇ ਵਿੱਚੋਂ ਖੁਦਾ ਦਿੱਸਦਾ ਹੈ, ਰੱਬ ਦਿਸਦਾ ਹੈ।

*ਦਿਖੈ ਤੇਜ ਜਾਕੋ ਸਮ ਭਾਨ।*

ਸੂਰਜ ਜੈਸਾ ਤੇਜ ਹੈ। ਭਗਤ ਨਾਮਦੇਵ ਜੀ ਕਹਿੰਦੇ ਹਨ-

**ਕੋਟਿ[੪੯] ਸੂਰ[੫੦] ਜਾ ਕੈ ਪਰਗਾਸ।**
**ਕੋਟਿ ਮਹਾਦੇਵ ਅਰੁ ਕਬਿਲਾਸ[੫੧]।।**

-ਪੰਨਾ-੧੧੬੨

*ਦੋ ਕਰ ਜੋਰਤ ਬੰਦਨ ਠਾਨ*

ਦੋਨੋਂ ਹੱਥ ਜੋੜ ਕਰਕੇ ਨਮਸਕਾਰ ਕੀਤੀ ਭਾਈ ਜੀ ਨੇ।

*ਮਿਲ ਸੁਧਾ ਸਰ ਕਰੀ ਸਿੰਵਾਣ ।।੪੩।।*

ਪਛਾਣ ਲਿਆ ਕਿ ਮੈਨੂੰ ਦਰਸ਼ਨ ਤੇ ਇਹੋ ਹੀ ਹੋਇਆ ਸੀ—ਜਿਹੜਾ ਦਰਸ਼ਨ ਉੱਥੇ ਦਿੱਤਾ ਸੀ—ਸ੍ਰੀ ਅੰਮ੍ਰਿਤਸਰ ਜੀ।

*ਦੇ ਦਰਸ਼ਨ ਮੁਝ ਈਹਾਂ ਆਏ।*

ਕਹਿੰਦੇ—ਦਰਸ਼ਨ ਦੇ ਕੇ ਇੱਥੇ ਆ ਗਏ-

*ਆਏ ਬਿਰਹੋਂ ਬਾਨ ਲਗਾਏ।*

ਵਿਛੋੜੇ ਦੇ ਬਾਣ ਲਗਾਕੇ।

ਇਸ ਤਰ੍ਹਾਂ ਹੀ ਜਿਨ੍ਹਾਂ ਉੱਤੇ ਕਿਰਪਾ ਕਰਨੀ ਸੀ-

ਇੱਕ ਸੰਤ ਗਿਆਨ ਦਾਸ ਜੀ ਉਦਾਸੀ ਮਹਾਤਮਾ ਸਨ, ਗੁਰਦੁਆਰੇ ਭੈਣੀ ਸਾਹਿਬ ਤੋਂ ਉਹਨਾਂ ਦਾ ਪਿੰਡ ਢਾਈ ਕੋਹ ਹੈ। ਉਹਨਾਂ ਦੇ ਪਿੰਡ ਤੋਂ ਚਾਰ ਕੋਹ ਤੇ ਦਰਿਆ ਵਗਦਾ ਸੀ—ਸਤਿਲੁਜ। ਰੋਜ਼ ਉਹ ਅੱਧੀ ਰਾਤੋਂ ਉੱਠ ਕੇ, ਉੱਥੇ ਜਾ ਕੇ ਇਸ਼ਨਾਨ ਕਰਕੇ—ਆ ਕੇ ਚੌਕੀ ਤੇ ਬੈਠਦੇ। ਮੈਂ ਉਹਨਾਂ ਦਾ ਦਰਸ਼ਨ ਕੀਤੈ। ਉਹਨਾਂ ਨੇ ਦੱਸਿਆ,"ਮੈਂ ਸਤਾਹਠ ਪਾਠ ਰੋਜ਼ ਜਪੁ ਸਾਹਿਬ ਦੇ ਕਰਦਾ ਸਾਂ—ਇੱਕ ਥਾਂ ਬੈਠਕੇ।" ਕਰਦੇ ਕੀ ਸੀ—ਓਅੰ-ਸੋਹੰ ਦਾ ਜਾਪ ਕਰਦੇ ਸਨ।

ਸਤਿਗੁਰਾਂ ਨੇ ਦਰਸ਼ਨ ਦਿੱਤਾ—ਚੀਨੀ ਘੋੜੀ ਉੱਤੇ ਚੜ੍ਹਕੇ, ਕਿਹਾ,"ਭਾਈ ਹੁਣ ਇਹਨਾਂ ਅੱਖਰਾਂ ਦਾ ਵੇਲਾ ਨਹੀ, ਹੁਣ ਇਹਨਾਂ ਚਹੁੰ ਅੱਖਰਾਂ ਦਾ ਵੇਲਾ ਹੈ, ਜਿਹੜੇ ਗੁਰੂ ਨਾਨਕ ਨੇ ਦੱਸੇ ਹਨ, ਭਾਈ ਐਸ ਵਕਤ ਇਹਦੀ ਜ਼ਰੂਰਤ ਹੈ।"

**ਜੁਗਿ ਜੁਗਿ ਆਪੋ ਆਪਣਾ ਧਰਮੁ ਹੈ**
**ਸੋਧਿ ਦੇਖਹੁ ਬੇਦ ਪੁਰਾਣਾ।।**

*–ਬਿਲਾਵਲ ਮ:੩, ਪੰਨਾ–੭੯੭*

ਭਜਨ ਦੱਸਿਆ, ਘੋੜੀ ਚੜ੍ਹਕੇ ਆ ਗਏ, ਕਹਿੰਦੇ,''ਆ ਭੈਣੀ ਸਾਹਿਬ।'' ਆਏ, ਵੈਰਾਗੀ ਹੋਏ-ਹੋਏ। ਜਿਸ ਵੇਲੇ ਆਏ—ਕਹਿੰਦੇ ਹਨ,''ਭਾਈ ਪਹਿਲੇ ਮੈਨੂੰ ਤਬੇਲੇ ਲੈ ਚਲੋ, ਮੈਂ ਦੇਖ ਕੇ ਪਛਾਣਾ।'' ਦੂਸਰੀਆਂ—ਸੁਰਖੀ ਦੇਖੀ, ਚੰਬੀ ਵੇਖੀ, ਕਹਿਣ ਲੱਗਾ,''ਕੋਈ ਹੋਰ ਭੀ ਹੈ।'' ਜਦ ਚੀਨੀ ਘੋੜੀ ਦੇਖੀ—ਜਿਸਦੇ ਨਾਲ ਸਤਿਗੁਰਾਂ ਦਾ ਖਾਸ ਪਿਆਰ ਸੀ, ਜਾ ਕੇ ਮੱਥਾ ਟੇਕਿਆ ਔਰ ਲੱਗਾ ਵੈਰਾਗੀ ਹੋਣ। ਫਿਰ, ਸਤਿਗੁਰਾਂ ਦੇ ਜਾ ਕੇ ਚਰਨੀਂ ਲੱਗਿਆ।

ਭਾਈ ਦੀਵਾਨ ਸਿੰਘ ਜੀ ਇੱਕ ਮਹਿਰੇ ਸਿੰਘ ਸਨ, ਉਨ੍ਹਾਂ ਦਾ ਇੱਕ ਨੇਤਰ ਸੀ, ਖੰਨੇ ਦੇ ਰਹਿਣ ਵਾਲੇ ਸਨ। ਖੰਨੇ ਮੈਂ ਗਿਆ, ਨਾਲ ਸਾਧ-ਸੰਗਤ ਗਈ। ਉਨ੍ਹਾਂ ਦੇ ਘਰ ਇੱਕ ਗਊ—ਬੈਲਾਂ ਨਾਲੋਂ ਉੱਚੀ, ਬੜੇ ਕੱਦ ਦੀ ਸੀ, ਪਹਿਲੇ ਸੂਏ ਸੂਈ ਤੇ ਸੋਲ੍ਹਾਂ ਸੇਰ ਦੁੱਧ ਹੋਇਗਾ ਹੇਠ। ਸਿੱਖਾਂ ਦੇ ਚਿੱਤ ਵਿੱਚ ਆਇਆ, ਬਈ ਇਹ ਗੁਰਦੁਆਰੇ ਚਾਹੀਦੀ ਹੈ, ਪਰ ਸਿੱਖਾਂ ਨੇ ਉਹਨਾਂ ਨੂੰ ਆਖਿਆ ਨਾ। ਗਊ ਦਾ ਮਗਰੋਂ ਮਰ ਗਿਆ—ਵੱਛਾ। ਉਹਨਾਂ ਨੂੰ ਲੱਗਿਆ ਪਤਾ, ਗਊ ਲੈ ਕੇ ਭੈਣੀ ਸਾਹਿਬ ਆਏ—ਐਡੇ-ਐਡੇ ਮੋਟੇ ਹੰਝੂ ਅੱਖ ਵਿੱਚੋਂ ਡਿੱਗੇ—'ਭਾਈ ਤੁਸੀਂ ਮੈਨੂੰ ਉਦੋਂ ਕਿਉਂ ਨਾ ਦੱਸਿਆ, ਓਏ ਮੈਨੂੰ ਤਾਂ ਹੁੱਕਾ ਪੀਂਦੇ ਨੂੰ ਆ ਕੇ ਆਖਿਆ ਸੀ, 'ਓਏ ਮੇਰਾ ਨਾਂ ਰਾਮ ਸਿੰਘ ਹੈ—ਭੈਣੀ ਆ ਕੇ ਮੈਨੂੰ ਮਿਲ; ਮੈਨੂੰ ਤਾਂ ਚੀਨੀ ਤੇ ਚੜ੍ਹ ਕੇ ਦਰਸ਼ਨ ਦੇ ਕੇ, ਮੈਨੂੰ ਆਪ ਬੁਲਾਇਆ ਸੀ ਤੇ ਮੈਨੂੰ ਭਜਨ ਦੱਸਿਆ ਸੀ; ਉਹ ਤੁਸੀਂ, ਇਹ ਗਊ ਕੀ—ਮੇਰਾ ਤਾਂ ਸਭ ਕੁਛ ਹੈ ਹੀ ਗੁਰੂ ਦਾ, ਤੁਸੀਂ ਉਸ ਵੇਲੇ ਕਿਉਂ ਨਾ ਦੱਸਿਆ।''

–ਕਿਰਪਾ ਕੀਤੀ ਇਸ ਤਰ੍ਹਾਂ, ਜਿਨ੍ਹਾਂ ਉੱਤੇ ਕੀਤੀ। ਤਾਂ ਭਾਈ ਸਾਹਿਬ ਕਹਿੰਦੇ ਹਨ,''ਮੈਨੂੰ ਉੱਥੇ ਦਰਸ਼ਨ ਦੇ ਕੇ ਇੱਥੇ ਆ ਗਏ।''

*ਗੋਕਲ ਗੋਪੀ ਦਿਯੋ ਦਿਖਾਲੀ।*

ਜਿਸ ਤਰ੍ਹਾਂ ਗੋਕਲ ਵਿੱਚ ਗੋਪੀਆਂ ਨੂੰ ਦਿਖਾਈ ਦੇ ਕੇ-

*ਆਏ ਜਿਵ ਮਥਰਾ ਬਨਵਾਲੀ।।੪੪।।*

ਗੋਪੀਆਂ ਨੂੰ ਦਿਖਾਲੀ ਦੇ ਕੇ, ਉਹਨਾ ਨਾਲ ਕੁਝ ਚਿਰ ਖੇਡ-ਮਲ ਕਰ ਕੇ, ਚਲੇ ਗਏ ਮਥੁਰਾ ਵਿੱਚ।

*ਭੇਟ ਧਰੀ ਤਬ ਬਿਨਤੀ ਠਾਨੀ।*

ਭੇਟਾ ਧਰੀ ਅੱਗੇ ਬਿਨਤੀ ਕੀਤੀ। ਭੇਟਾ ਦਾ ਵੀ ਇੱਕ ਕੰਮ ਹੈ, ਕਿਸੇ ਆਦਮੀ ਦੇ ਦਿਲ ਵਿੱਚ ਇਹ ਖਿਆਲ ਨਾ ਹੋਵੇ—ਬਹੁਤੇ ਥੋੜੇ ਦੀ ਗੱਲ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ-

*ਭਾਵਨੀ ਭਗਤਿ ਭਾਇ ਕਉਡੀ ਅਗ੍ਰ ਭਾਗਿ ਰਾਖੈ*
*ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।*

*-ਕਬਿਤ ਸਵੱਯੇ-੧੧੧*

ਕ੍ਰਿਸ਼ਨ ਮਹਾਰਾਜ ਦੁਰਯੋਧਨ ਨੂੰ ਮਿਲਣ ਵਾਸਤੇ ਜਾਂਦੇ ਹਨ। ਦੁਰਯੋਧਨ ਨੇ ਤੱਕਿਆ—ਬਈ, ਜੇ ਮੈਂ ਉਠ ਕੇ ਮਿਲਿਆ ਤਾਂ ਲੋਕ ਮੈਨੂੰ ਕਹਿਣਗੇ ਇਹਨੂੰ ਗੁੱਜਰ ਨੂੰ ਉੱਠਕੇ ਮਿਲਿਆ ਹੈ; ਉੱਥੇ ਫਿਰ ਜਾਤੀ ਅਭਿਮਾਨ ਆਇਆ—ਜੇ ਨਾ ਮਿਲਿਆ ਤਾਂ ਮਾਰਿਆ ਨਾ ਜਾਵਾਂ। ਮਹਾਰਾਜ ਜਿਸ ਵੇਲੇ ਗਏ ਤੇ ਦੁਰਯੋਧਨ ਹਾਥੀਆਂ ਦੇ ਤਬੇਲੇ ਜਾ ਵੜੇ। ਮਹਾਰਾਜ ਨੇ ਆਖਿਆ ਚਲੋ ਜੇ ਹਾਥੀਆਂ ਦੇ ਤਬੇਲੇ ਗਿਆ—ਉੱਥੇ ਕੋਈ ਪਰਵਾਹ ਸੀ--ਬਿਦਰ ਦੀ ਝੁੱਗੀ ਨੂੰ ਤੁਰ ਪਏ। ਅੱਗੇ, ਬਿਦਰ ਘਰ ਨਹੀਂ ਹੈ, ਮਾਈ ਘਰ ਹੈ—ਬਿਦਰ ਦੇ ਘਰੋਂ। ਕੋਈ ਹੋਸ਼ ਨਹੀਂ ਰਹਿ ਗਈ, ਇੱਕੋ ਲੀੜਾ ਉੱਤੇ ਸੀ—ਇਹ ਤਾਂ ਸਤਿਗੁਰੂ ਰਾਮ ਸਿੰਘ ਦਾ ਪ੍ਰਤਾਪ ਹੈ, ਮਾਈਆਂ ਨੂੰ ਕਛਹਿਰੇ ਪੁਆਏ—ਕੋਈ ਲੀੜਾ ਗੱਲ ਨਹੀਂ, ਉਲਟ ਕੇ ਚਰਨਾਂ ਉੱਤੇ ਆ ਕੇ ਡਿੱਗਦੀ ਹੈ, ਨੰਗੀ, ਇਸ਼ਨਾਨ ਕਰਦੀ-ਕਰਦੀ। ਮਹਾਰਾਜ ਨੇ ਆਪਣਾ ਪੀਤਾਂਬਰ ਉੱਤੇ ਦਿੱਤਾ। ਜਾ ਕੇ ਘਰ ਬੈਠਦੇ ਹਨ। ਜਿਸ ਵੇਲੇ ਬੈਠਦੇ ਹਨ, ਲਿਆਉਂਦੀ ਹੈ ਛੱਲੀਆ ਖਵਾਉਣ ਨੂੰ। ਹੋਸ਼ ਨਹੀਂ ਟਿਕਾਣੇ ਰਹਿੰਦੀ। ਜੇ ਹੋਸ਼ ਰ੍ਹਵੇ ਤਾਂ ਆਸ਼ਿਕ ਨਹੀਂ ਹੁੰਦਾ। ਛੱਲੀਆਂ—ਗੁਲ੍ਹੀਆਂ ਸੁੱਟੀ ਜਾਂਦੀ ਹੈ ਕੱਢ-ਕੱਢ, ਕੇਲੇ ਦੀ ਛਿਲ ਖਵਾਉਂਦੀ ਹੈ—ਮਹਾਰਾਜ ਛਕੀ

ਜਾਂਦੇ ਹਨ। ਇਤਨੇ ਨੂੰ ਬਿਦਰ ਜੀ ਆ ਗਏ। ਬਿਦਰ ਜੀ ਆ ਕੇ ਕਹਿੰਦੇ ਹਨ,''ਓ ਕਮਲੀਏ, ਤੂੰ ਤੇ ਛਿੱਲਾਂ ਖਵਾਉਂਦੀ ਹੈ।''

ਸਮਝ ਨਹੀਂ ਪੈਂਦੀ, ਜੇ ਅੱਜ ਵਰਗੀ ਹੁੰਦੀ ਤੇ ਕਹਿੰਦੀ,''ਨੋ ਐਡਮੀਸ਼ਨ, ਦਰਵਾਜਿਉਂ ਬਾਹਰ ਨਿਕਲ ਜਾ।'' ਖ਼ਿਮਾਂ ਕਰਨਾ, ਇਹ ਹੱਸਣ ਵਾਲੀਆਂ ਗੱਲਾਂ ਨਹੀਂ, ਅੱਜ ਹਾਲਾਤ ਸਾਡੇ ਵਿਗੜ ਗਏ ਹਨ। ਸਾਨੂੰ ਚਾਹੀਦਾ ਹੈ, ਮਾਈਆਂ ਬੀਬੀਆਂ ਦਾ ਕੰਮ ਹੈ ਕਿ ਇਹਦਾ ਪਤੀ ਪਰਮੇਸ਼ਰ ਹੈ, ਜੇ ਇਹਦੇ ਹੁਕਮ ਤੋਂ ਲਾਂਭੇ ਜਾਂਦੀ ਹੈ—ਤੇ ਫਿਰ ਗੁਰੂ ਜੀ ਕਹਿੰਦੇ ਹਨ–

– **ਦੂਹਚਾਰਣੀ[੫੨] ਕਹੀਐ ਨਿਤ ਹੋਇ ਖੁਆਰੁ॥**

*–ਮਲਾਰ ਮ:੩, ਪੰਨਾ–੧੨੭੭*

– **ਖਸਮੁ ਵਿਸਾਰਹਿ ਤੇ ਕਮਜਾਤਿ[੫੩]॥**

*–ਆਸਾ ਮ:੧, ਪੰਨਾ–੩੪੯*

– **ਦੋਹਾਗਣੀ[੫੪] ਕਿਆ ਨਿਸਾਣੀਆ[੫੫]॥**
**ਖਸਮਹੁ ਘੁਥੀਆ ਫਿਰਹਿ ਨਿਮਾਣੀਆ॥**

*–ਸਿਰੀ ਰਾਗ ਮ:੧, ਪੰਨਾ–੭੨*

–ਓਹ ਕਹਿੰਦੀ,''ਭੁੱਲ ਗਈ ਮਹਾਰਾਜ।''ਬਿਦਰ ਜੀ ਨੇ ਫੜੇ ਕੇਲੇ —ਲੱਗੇ ਛਕਾਉਣ ਜਿਸ ਵੇਲੇ ਵਿੱਚੋਂ ਕੱਢ ਕੇ, ਕ੍ਰਿਸ਼ਨ ਮਹਾਰਾਜ ਕਹਿੰਦੇ ਹਨ,''ਬਿਦਰ, ਉਹ ਸੁਆਦ ਨਹੀਂ ਆਉਂਦਾ।''

ਬੈਠੇ, ਅੱਗੇ ਫਿਰ ਕੀ—ਪਲੰਘ ਡਾਹੇ ਹੋਏ ਸੀ, ਆਹ ਸਿਆਮ ਵਾਂਗੂੰ ਗਦੇਲੇ ਬਣੇ ਹੋਏ ਸੀ, ਗਲੀਚੇ ਵਿਛੇ ਹੋਏ ਸੀ—ਨਹੀਂ, ਕੱਖਾਂ ਦੀ ਝੁੱਗੀ ਸੀ, ਵਿੱਚ ਥੱਲੇ ਕੇਲੇ ਦੇ ਪੱਤਰਾਂ ਦੀ ਸੇਜਾ ਬਣਾਈ ਹੋਈ ਸੀ। ਉਹਨਾਂ ਗਰੀਬਾਂ ਕੋਲ ਉਪਰ ਲੈਣ ਨੂੰ ਕੁਛ ਨਹੀਂ, ਪਰ ਉਹ ਇਹ ਕਿਰਪਾ ਕਰਦਾ ਹੈ, ਜੇ ਧਨਵਾਨਾਂ ਨੂੰ ਆਪਣਾ ਆਪ ਵੀ ਦੇ ਛੱਡੇ ਤਾਂ ਗਰੀਬਾਂ ਕੋਲ ਕੁਝ ਨਾ ਰਹੇ। ਇਸੇ ਕਰਕੇ ਉਹਦਾ ਨਾਂ ਗਰੀਬ ਨਿਵਾਜ ਹੈ, ਦੀਨ ਦਿਆਲ ਹੈ। ਕਿਤੇ ਬਖਤਾਵਰ ਨਿਵਾਜ, ਜਾਂ ਜੋਰਾਵਰ ਨਿਵਾਜ ਨਹੀਂ ਨਾਂ–ਉਹਦਾ। ਉਹ ਗਰੀਬਾਂ ਦਾ ਸਾਥੀ ਹੈ ਔਰ, ਇਹ ਕੁਦਰਤ ਹੈ ਜਦੋਂ ਮਾਇਆ ਕੋਲ ਆਉਂਦੀ ਹੈ ਜਿਹੜੀ ਐਸੀ ਚੀਜ਼ ਪ੍ਰਮੇਸ਼ਰ ਨੇ ਬਣਾਈ ਹੈ ਕਿ ਇਹ ਆਦਮੀ

ਦੀ ਮੱਤ ਭੁਆਂ ਦਿੰਦੀ ਹੈ। ਮਾਇਆ ਵਿੱਚ ਪੈ ਕੇ ਆਦਮੀ ਆਪਣੀ ਮਰਯਾਦਾ ਭੁੱਲ ਜਾਂਦਾ ਹੈ, ਫਿਰ ਇਹਦੇ ਚਿਤ ਵਿੱਚ ਇੱਜ਼ਤ ਆ ਜਾਂਦੀ ਹੈ। ਉਹ ਕਵੀ ਨੇ ਲਿਖਿਐ–

*ਇੱਜਤ ਹੁਰਮਤ ਲੋਕ ਲੱਜਿਆ ਪ੍ਰੇਮੀ ਸਭੋ ਤਜਦੇ,*
*ਉਹਨਾਂ ਪ੍ਰੇਮੀ ਕੀ ਅਖਵਾਉਣਾ ਜੋ ਇੱਜ਼ਤ ਵਲ ਭਜਦੇ,*
*ਪ੍ਰੇਮ ਅਤੇ ਇਜ਼ਤ ਇਹ ਦੋਵੇਂ ਰਹਿਣ ਨਾ ਇੱਕ ਥਾਂ ਕੱਠੇ,*
*ਜੇਕਰ ਥਾਂ ਇੱਕ ਦੀ ਇੱਕ ਮੱਲੇ ਤਾਂ ਦੂਜਾ ਉਥੋਂ ਨੱਠੇ।*

ਮੈਨੂੰ ਯਾਦ ਆ ਗਈ ਹੈ ਇੱਕ ਗੱਲ ਹੁਣ, ਮੇਰੇ ਸਾਹਮਣੇ ਬੈਠੇ ਹਨ—ਭਾਈ ਜਿਊਣ ਸਿੰਘ ਹੁਰੀਂ। ਇਹ ਕੋਈ ਮੈਂ ਝੂਠ ਨਹੀਂ ਕਹਿੰਦਾ, ਫਿਲੋਕੀ ਗਏ ਹੋਏ ਹਾਂ—ਗੁਜਰਾਂਵਾਲੇ ਦਾ ਜ਼ਿਲ੍ਹਾ ਹੈ। ਉੱਥੇ ਇਹਨਾਂ ਦਾ ਵਿਆਹ ਹੋਇਆ ਹੋਇਆ ਸੀ—ਸੇਠ ਗੁਰਮੁਖ ਸਿੰਘ ਹੁਰਾਂ ਦੀ ਭੈਣ ਸੀ। ਇਹ ਮਸਤ ਹੋਏ ਦੀਵਾਨ ਵਿੱਚ ਇੱਕ ਚੱਕਰ ਲਿਆ ਕੇ ਆਹੰਦੇ ਹਨ,''ਮੈਨੂੰ ਹੁਕਮ ਮਿਲਦੈ ਤੂੰ ਆਪਣਾ ਗੁਨਾਹ ਦੱਸ।'' ਦੂਏ ਚੱਕਰ ਆ ਕੇ ਫਿਰ ਹਾਲਤ ਉੱਤਰ ਜਾਂਦੀ ਹੈ ਕਿਉਂਕਿ ਇਹ ਕੋਈ ਅਖ਼ਤਿਆਰ ਨਹੀਂ ਆਪਣੇ, ਫਿਰ ਆਹੰਦੇ ਹਨ,''ਹੁਣ ਲੋਕ ਲੱਜਿਆ ਨਹੀਂ ਛੱਡਦੀ।'' ਦੋ ਤਿੰਨ ਗੇੜੇ ਦੇ ਕੇ ਉੱਥੇ—ਖਲੋਕੇ ਪਿੰਡ ਵਿੱਚ, ਉਨ੍ਹਾਂ ਨੇ ਆਪਣਾ ਗੁਨਾਹ ਸਾਧ-ਸੰਗਤ ਵਿੱਚ ਬਖਸ਼ਾਇਆ, ਹੁਣ ਸਾਧ-ਸੰਗਤ ਵਿੱਚ ਬਖਸ਼ਾਉਣ ਤੇ ਸਾਡੀ ਇੱਜ਼ਤ ਲਹਿ ਜਾਂਦੀ ਹੈ।

## ਭਾਈ ਗੁਰਦਾਸ ਗੁਰੂ ਦਾ ਚੋਰ

ਭਾਈ ਗੁਰਦਾਸ ਨੂੰ ਹੁਕਮ ਮਿਲਦਾ ਹੈ ਗੁਰੂ ਸਾਹਿਬ ਦਾ—ਭਾਈ ਜੇਠਾ ਤੇ ਬਿਧੀ ਚੰਦ ਲੈਣ ਜਾਂਦੇ ਹਨ—ਜਾ ਕੇ ਕਾਸ਼ੀ ਵਾਲੇ ਰਾਜੇ ਨੂੰ ਕਹਿੰਦੇ ਹਨ,''ਤੇਰੀ ਕਚਹਿਰੀ ਵਿੱਚ ਸਾਡਾ ਚੋਰ ਹੈ।''

ਉਹ ਕਹਿੰਦਾ,''ਕੌਣ ?''

ਭਾਈ ਗੁਰਦਾਸ ਜੀ—ਗੁਰੂ ਸਨ—ਕਾਸ਼ੀ ਵਾਲੇ ਰਾਜੇ ਦੇ। ਰਾਜਾ ਕਹਿੰਦਾ,''ਇਹ ਮਹਾਤਮਾ, ਸੰਤ !''

ਉਹ (ਭਾਈ ਗੁਰਦਾਸ) ਕਹਿੰਦਾ,''ਨਹੀਂ ਜੀ।'' ਉੱਤਰ ਕੇ ਆਪ ਖੜੇ ਹੋਕੇ ਕਹਿੰਦੇ ਹਨ,''ਮੈਂ ਗੁਰੂ ਕਾ ਚੋਰ ਹਾਂ।''

ਭਾਈ ਗੁਰਦਾਸ ਲਈ ਕੀ ਹੁਕਮ ਮਿਲਿਆ ਸੀ ਗੁਰੂ ਹਰਿਗੋਬਿੰਦ ਦਾ ਕਿ ਇਹਦੀਆਂ ਮੁਸ਼ਕਾਂ ਬੰਨ੍ਹ ਲੈਣੀਆਂ ਔਰ ਦਾੜ੍ਹੀ ਦੋ ਪਾਸਿਆਂ ਤੋਂ ਫੜਕੇ ਤੁਰਨਾ। ਭਾਈ ਗੁਰਦਾਸ ਜੀ ਖੜੇ ਹੋ ਕੇ, ਗੁਰੂ ਦੇ ਹੁਕਮ ਅਨੁਸਾਰ ਸਾਧ-ਸੰਗਤ ਦੇ ਵਿੱਚ ਖਲੋ ਕੇ, ਮੁਸ਼ਕਾਂ ਬਨ੍ਹਵਾਉਂਦੇ ਹਨ ਔਰ ਦੋਹਾਂ ਪਾਸਿਆਂ ਤੋਂ ਦਾੜ੍ਹੀ ਫੜਾ ਕੇ ਸਿੱਖਾਂ ਨਾਲ ਤੁਰਦੇ ਹਨ। ਜਿਸ ਰਾਜੇ ਦੇ ਗੁਰੂ ਬਣੇ ਹੁੰਦੇ ਹਨ—ਅੱਗੇ ਆ ਕੇ ਦੋ ਮੀਲ ਡੇਢ ਮੀਲ ਆਏ, ਤਾਂ ਸਾਧ-ਸੰਗਤ ਨੇ ਅਰਜ਼ ਕਰੀ ਸਿੱਖਾਂ ਨੂੰ ਕਿ ਮਹਾਰਾਜ, ਉੱਥੇ ਜਾ ਕੇ ਬੰਨ੍ਹ ਲੈਣੀਆਂ—ਮੁਸ਼ਕਾਂ। ਤਾਂ ਭਾਈ ਗੁਰਦਾਸ ਜੀ ਦੀਆਂ ਮੁਸ਼ਕਾਂ ਖੋਲ੍ਹੀਆਂ। ਫਿਰ ਗੁਰੂ ਕੇ ਹਜ਼ੂਰ ਜਿਸ ਵੇਲੇ ਆਉਣਾ, ਦੋ ਸਿੱਖ ਦਾੜ੍ਹੀ ਫੜ ਕੇ ਲਿਆਉਂਦੇ ਨੇ ਉਸ ਭਾਈ ਗੁਰਦਾਸ ਨੂੰ ਜਿਹਦੀ ਬਾਣੀ ਸੁਣਿਆਂ ਸਿੱਖੀ ਪ੍ਰਾਪਤ ਹੁੰਦੀ ਹੈ। ਸਾਨੂੰ ਹੁਣ ਲੱਜਿਆ ਨਹੀਂ ਛੱਡਦੀ, ਅਸੀਂ ਸਾਧ-ਸੰਗਤ ਵਿੱਚ ਖਲੋਣਾ ਬੜਾ ਪਾਪ ਸਮਝਦੇ ਹਾਂ ਔਰ ਇੱਕ ਦੂਜੇ ਨਾਲ ਜ਼ਿਦਾਂ ਪੈਂਦੀਆਂ ਹਨ—ਮੇਰੇ ਤੇ ਫਲਾਣਾ ਚੁਗਲੀ ਕਰਦੈ; ਮੇਰਾ ਫਲਾਣਾ ਦੁਸ਼ਮਣ ਹੈ; ਉਹ ਮੇਰੇ ਨਾਲ ਲਗਦਾ ਹੈ। ਭਾਈ ਜੇ ਆਪਣਾ ਗੁਨਾਹ ਹੋਵੇ ਤਾਂ ਸਾਧ-ਸੰਗਤ ਬਖਸ਼ਿੰਦ ਹੈ, ਆਪਣਾ ਗੁਨਾਹ ਆਪ ਬਖਸ਼ਾਉਣ, ਕਿਸੇ ਦਾ ਕੀ ਤੱਅਲਕ ਹੈ। ਅੱਗੇ ਇਹ ਗੱਲ ਸੀ ਕਿ ਜੇ ਕਿਸੇ ਨੇ ਆਖਣਾ—ਭਾਈ ਤੇਰੇ ਤੋਂ ਕਸੂਰ ਹੋ ਗਿਆ ਹੋਵੇ ਤਾਂ ਸਾਧ-ਸੰਗਤ ਤੋਂ ਬਖਸ਼ਾ ਲੈ—ਉਹਦਾ ਪਰਉਪਕਾਰ ਸਮਝਦੇ ਸੀ। ਹੁਣ ਜੇ ਕੋਈ ਨਾਂ ਲੈ ਦੇਵੇ ਤਾਂ ਉਮਰਾਂ ਦੀਆਂ ਜ਼ਿਦਾਂ ਬੱਝ ਜਾਂਦੀਆਂ ਨੇ, ਇਸ ਮੈਨੂੰ ਫਲਾਣੇ ਵੇਲੇ ਖੜਾ ਕਰਾਇਆ ਸੀ ਸਾਧ ਸੰਗਤ ਵਿੱਚ। ਭਾਈ ਗੁਰਦਾਸ ਜੀ ਫਿਰ ਮੁਸ਼ਕਾਂ ਬੰਨ੍ਹਾਂ ਕੇ ਗੁਰੂ ਹਰਿਗੋਬਿੰਦ ਦੇ ਸਾਹਮਣੇ ਆਉਂਦੇ ਹਨ। ਅੱਗੇ ਚੋਜੀ ਹੈ–

**ਚੋਜੀ[੫੬] ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ**
**ਹਰਿ ਪ੍ਰਭੁ ਮੇਰਾ ਚੋਜੀ ਜੀਉ॥**

*–ਗਉੜੀ ਮ:੪, ਪੰਨਾ–੧੭੪*

ਤਮਾਸ਼ਾ ਕਰਦੇ ਹਨ ਪਰ ਕਾਹਦੇ ਵਾਸਤੇ—ਭਾਈ ਗੁਰਦਾਸ ਨੂੰ ਸਿੱਖੀ ਦੇਣ ਵਾਸਤੇ। ਕਹਿੰਦੇ ਹਨ, ਭਾਈ ਗੁਰਦਾਸ ਪੜ੍ਹ ਜ਼ਰਾ ਉਹ ਤੁਕ-

*ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ।*

*-ਵਾਰ ੩੫ ੨੦*

ਭਾਈ ਗੁਰਦਾਸ ਦੇ ਨੇਤਰਾਂ ਵਿੱਚ ਜਲ ਆਇਆ, ਹੱਥ ਜੋੜਕੇ ਕਹਿੰਦੇ-

*ਜੇ ਮਾਉ ਪੁਤੈ ਵਿਸੁ[੫੭] ਦੇ ਤਿਸ ਤੇ ਕਿਸੁ ਪਿਆਰਾ।*
*ਜੇ ਘਰੁ ਭੰਨੈ ਪਾਹਰੂ[੫੮] ਕਉਣ ਰਖਣਹਾਰਾ।*
*ਬੇੜਾ ਡੋਬੈ ਪਾਤਣੀ[੫੯] ਕਿਉ ਪਾਰਿ ਉਤਾਰਾ।*
*ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।*
*ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।*
*ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ।।*

*-ਵਾਰ, ੩੫-੨੨*

ਆਕੜ ਟੁੱਟ ਗਈ—ਜਿਹੜਾ ਕਹਿੰਦਾ ਸੀ,''ਜੇ ਗੁਰ ਸਾਂਗ ਵਰਤਦਾ ਸਿੱਖ ਸਿਦਕ ਨ ਹਾਰੇ।'' ਸਤਿਗੁਰਾਂ ਨੇ ਛਾਤੀ ਨਾਲ ਲਾਇਆ, ਹੁਕਮ ਦਿੱਤਾ ਕਿ ਜਿਹੜਾ ਇਹਦੀ ਬਾਣੀ ਪੜ੍ਹੇ ਉਹਨੂੰ ਸਿੱਖੀ ਪ੍ਰਾਪਤ ਹੋਵੇ।

## ਬਿਦਰ ਦੇ ਘਰ ਕ੍ਰਿਸ਼ਨ ਜੀ

ਹੁਣ ਬਿਦਰ ਜੀ ਦੇ ਘਰ ਕ੍ਰਿਸ਼ਨ ਮਹਾਰਾਜ ਬੈਠੇ ਹਨ, ਰਾਤ ਨੂੰ ਉਨ੍ਹਾਂ ਨੂੰ ਚਾਅ ਚੜ੍ਹਿਆ ਹੋਇਆ ਹੈ। ਕ੍ਰਿਸ਼ਨ ਮਹਾਰਾਜ ਨੂੰ ਵੀ ਉਹਨਾਂ ਦੇ ਬਚਨਾਂ ਵਿੱਚ ਸੁਆਦ ਆਉਂਦਾ ਹੈ, ਅੱਗੋਂ ਐਡਾ ਅਮੀਰ ਹੈ ਬਿਦਰ— ਜਿਹਦੇ ਘਰ ਲੂਣ ਨਹੀਂ ਸਾਗ ਵਿੱਚ ਪਾਉਣ ਵਾਸਤੇ। ਬਿਦਰ ਜੀ ਰਿੰਨ੍ਹਦੇ ਹਨ ਬਾਥੂ ਦਾ ਸਾਗ—ਕੋਈ ਸਰ੍ਹੋਂ ਵੀ ਨਹੀਂ ਬੀਜੀ ਹੋਈ, ਕੋਈ ਪੈਲੀ ਵੀ ਕੋਲ ਨਹੀਂ—ਲਿਆ ਕੇ, ਵੱਟਾਂ ਉੱਤੋਂ ਸਾਗ ਤੋੜ ਕੇ—ਬਾਥੂ ਦਾ ਸਾਗ —ਰਿੱਧਾ, ਛਕਿਆ ਕ੍ਰਿਸ਼ਨ ਮਹਾਰਾਜ ਨੇ। ਫਿਰ ਰਾਤ ਕਿਸ ਤਰ੍ਹਾਂ ਬੀਤੀ? ਸਵੇਰੇ ਜਿਸ ਵੇਲੇ ਗਏ, ਦੁਰਯੋਧਨ ਨੂੰ ਮਿਲਦੇ ਹਨ, ਦੁਰਯੋਧਨ ਕਹਿੰਦਾ

ਹੈ,''ਮਹਾਰਾਜ, ਤੁਸੀਂ ਮੇਰੇ ਘਰ ਨਹੀਂ ਆਏ।'' ਕਬੀਰ ਜੀ ਦੀ ਜ਼ਬਾਨੀ ਮਹਾਰਾਜ ਕਹਿੰਦੇ ਹਨ–

**ਰਾਜਨ[੬੦] ਕਉਨੁ ਤੁਮਾਰੈ ਆਵੈ।।**
**ਐਸੋ ਭਾਉ[੬੧] ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ।।**
**ਹਸਤੀ ਦੇਖਿ[੬੨] ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ।।**

*–ਪੰਨਾ–੧੧੦੫*

ਤੂੰ ਮੈਨੂੰ ਭਗਵਾਨ ਨਹੀਂ ਜਾਣਿਆ, ਤੂੰ ਹਾਥੀਆਂ ਦੀ ਆਕੜ ਵਿੱਚ ਪੈ ਗਿਆ। ਫਿਰ ਕਹਿੰਦੇ ਹਨ–

– **ਤੁਮਰੋ ਦੂਧੁ ਬਿਦਰ ਕੋ ਪਾਨੋ[੬੩]**
**ਅੰਮ੍ਰਿਤੁ ਕਰਿ ਮੈ ਮਾਨਿਆ।।**
– **ਖੀਰ ਸਮਾਨਿ[੬੪] ਸਾਗੁ ਮੈ ਪਾਇਆ**—ਲੂਣ ਜੁ ਨਹੀਂ ਸੀ ਵਿੱਚ।
**ਗੁਨ ਗਾਵਤ ਰੈਨਿ[੬੫] ਬਿਹਾਨੀ[੬੬]।।**

*–ਪੰਨਾ–੧੧੦੫*

ਰਾਤ ਕਿਹੋ ਜਿਹੀ ਲੰਘੀ ? ਇੱਕ ਫਕੀਰ ਇੱਕ ਰਾਜੇ ਦੇ ਮਹਿਲ ਦੇ ਹੇਠ ਰਾਤ ਨੂੰ ਭੱਠੀ ਅੱਗੇ ਸੇਕਦਾ ਰਿਹਾ। ਉਹ ਭੱਠਾਂ ਲੰਮੀਆਂ-ਲੰਮੀਆਂ ਹੁੰਦੀਆਂ ਸਨ—ਮੈਂ ਬੈਂਕਿਆਂ ਵਿੱਚ ਵੀ ਦੇਖੀ ਹੈ ਉਹ ਧਾਨ ਭੁੰਨਣ ਵਾਲੀ ਭੱਠ ਲੰਮੀ, ਜਿਉਂ-ਜਿਉਂ ਭੱਠ ਠੰਡੀ ਹੁੰਦੀ ਗਈ—ਸਿਆਲ ਦੇ ਦਿਨ ਸਨ —ਵਿੱਚ ਵੜੀ ਗਿਆ—ਸੁਵਾਹ ਨਾਲ ਲਿਬੜ ਗਿਆ। ਸਵੇਰੇ ਜਦੋਂ ਸਵਾਹ ਵਿੱਚੋਂ ਨਿਕਲ ਕੇ ਬੋਰੀਆਂ ਝਾੜੀਆਂ ਤੇ ਰਾਜਾ ਦੇਖ ਕੇ ਆਂਹਦਾ,''ਸੰਤ ਜੀ ਕਿਹੋ ਜਿਹੀ ਰਾਤ ਗੁਜ਼ਰੀ''—ਮਖੌਲ ਕੀਤਾ।

ਅੱਗੋਂ ਫਕੀਰ ਕਹਿੰਦਾ,''ਕੁਛ ਤੇਰੇ ਵਰਗੀ, ਕੁਛ ਤੇਰੇ ਨਾਲੋਂ ਚੰਗੀ।''

–ਹੈਰਾਨ ਹੁੰਦਾ ਹੈ, ਕਹਿੰਦਾ,''ਕਿਸ ਤਰ੍ਹਾਂ।''

ਸੰਤ ਜੀ ਕਹਿੰਦੇ ਹਨ,''ਗੱਲ ਇਹ ਹੈ ਬਈ ਜਿੰਨਾਂ ਚਿਰ ਜਾਗਦੇ ਰਹੇ, ਤੂੰ ਵਿਸ਼ੇ ਵਿਕਾਰ ਭੋਗਦਾ ਰਿਹਾ, ਮੈਂ ਰੱਬ ਦਾ ਨਾਂ ਲੈਂਦਾ ਰਿਹਾ—ਉਹ ਤੇਰੇ ਨਾਲੋਂ ਚੰਗੀ, ਜੇ ਸੌਂ ਗਿਆ, ਜਿਹੋ ਜਿਹਾ ਸੇਜਾਂ ਉੱਤੇ ਤੇਹੋ ਜਿਹਾ.....''

ਮਹਾਰਾਜ ਕਹਿੰਦੇ ਹਨ–

**ਕਬੀਰ ਕੋ ਠਕੁਰੁ ਅਨਦ ਬਿਨੋਦੀ**[੬੭]
**ਜਾਤਿ ਨ ਕਾਹੂ ਕੀ ਮਾਨੀ।।**

*-ਪੰਨਾ-੧੧੦੫*

ਇੱਥੇ ਮੰਨੀ ਨਹੀਂ ਕਿਸੇ ਦੀ ਜਾਂਦੀ। ਫਿਰ, ਭਾਈ ਗੁਰਦਾਸ ਜੀ ਇਸੇ ਨੂੰ ਕਹਿੰਦੇ ਹਨ-

*ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।*
*ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।*

-ਕੀ ਸੁਖ ਸੀ ਉੱਥੇ-

*ਭੀਖਮੁ ਦੋ੍ਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।*
*ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।*
*ਹਸਿ ਬੋਲੈ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।*

ਅਗੋਂ ਹੱਸ ਬੋਲੇ ਭਗਵਾਨ ਜੀ-ਮਖੌਲ ਕਰਦੇ ਹਨ ਅਤੇ ਕਹਿੰਦੇ ਹਨ-

*ਸੁਣਿਹੋ ਰਾਜਾ ਹੋਇ ਸਨਮੁਖਾ।*
*ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।*
*ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨਾ ਚੁਖਾ।*

*-ਵਾਰ ੧੦-੭*

ਤੇਰੇ ਵਿੱਚ ਪ੍ਰੇਮ ਨਹੀਂ ਹੈ, ਤੂੰ ਖੁਸ਼ਕ ਹੈਂ, ਸੁੱਕਾ ਹੈਂ। *ਮੇਰੇ ਨਾਹੀਂ ਅਪਦਾ ਦੁਖਾ*-ਮੈਨੂੰ ਕੋਈ ਤਕਲੀਫ ਨਹੀਂ-ਭੁੰਜੇ ਸੌਣ ਦੀ, ਨਾ ਬੇਹਾ ਖਾਣ ਦੀ, ਨਾ ਅਲੂਣਾ ਖਾਣ ਦੀ, ਵਾਹ !

*ਗੋਬਿੰਦ ਭਾਉ ਭਗਤ ਦਾ ਭੁਖਾ-*

ਪ੍ਰੇਮਾ ਭਗਤੀ ਨਾਲ ਤੱਅਲਕ ਹੈ।

ਤਾਂ, ਭਾਈ ਜੀ ਸਤਿਗੁਰਾਂ ਦੇ ਚਰਨੀਂ ਲਗਦੇ ਹਨ।

## ਪੱਤਰਾ ਪਾਠ

ਹੁਣ ਅਗਲੀ ਕਥਾ ਕੱਲ ਕਰਾਂਗੇ। ਇੱਥੇ ਭੋਗ ਪਾ ਕੇ ਸਮਾਪਤੀ ਕਰਦੇ ਹਾਂ। ਕੁਝ ਇੱਕ ਦੋ ਅਰਜ਼ਾਂ ਹਨ ਸਾਧ-ਸੰਗਤ ਅੱਗੇ ਕਰਨ

ਵਾਲੀਆਂ—ਉਹ ਮੇਰਾ ਫਰਜ਼ ਹੈ ਮੈਂ ਕਰ ਦਿਆਂ। ਇੱਕ ਇਹ ਚੀਜ਼ ਹੈ ਕਿ ਜਿਹੜਾ ਪਹਿਲੇ ਪਾਠ ਹੋਇਆ—ਜਿਸ ਤੋਂ ਰੌਲਾ ਪਿਆ ਸੀ ਪੱਤਰਾ ਪਾਠ ਤੋਂ, ਉਸ ਤੋਂ ਬਾਅਦ ਸ਼ਬਦਾਂ ਨਾਲ ਪਾਠ ਹੋਏ ਸੀ। ਜੇ ਕਿਸੇ ਸਰੀਰ ਦਾ ਪਾਠ ਰਹਿੰਦਾ ਹੋਵੇ, ਸਤਿਗੁਰਾਂ ਵੱਲੋਂ ਹੁਕਮ ਮਿਲਦੇ ਹਨ, ਸਿੱਖਾਂ ਨੂੰ ਦਰਸ਼ਨ ਹੁੰਦੇ ਹਨ ਕਿ ਅਜੇ ਪਾਠ ਪੂਰੇ ਨਹੀਂ ਹੋਏ ਔਰ ਸਾਨੂੰ ਮਿਲੇ ਹਨ ਇੱਕ ਦੋ ਸਰੀਰਾਂ ਕੋਲੋਂ ਪਾਠ—ਇਸ ਇਲਾਕੇ ਵਿੱਚੋਂ ਵੀ। ਸੋ-

*ਢਾਈ ਲੱਖ ਪੂਰਾ ਜਬ ਹੋਈ*

-ਗੁਰੂ ਗੋਬਿੰਦ ਸਿੰਘ ਨੇ ਲਿਖਿਆ, ਉਹਦੀ ਕਲਮ ਨਹੀਂ ਉਲਟ ਸਕਦੀ-

*ਸਤਿਗੁਰੂ ਅਪਨੇ ਦੇਸ਼ ਮੈਂ ਆਵੇ ਸੋਈ।*

-ਸਤਿਗੁਰੂ ਰਾਮ ਸਿੰਘ ਨੇ ਆਉਣਾ ਹੈ, ਹਰ ਹਾਲਤ ਵਿੱਚ। ਸੰਤ ਕੇਸਰ ਸਿੰਘ ਚਵਿੰਡੇ ਵਾਲੇ, (ਤੇ) ਗੁਰੂ ਹਰੀ ਸਿੰਘ ਜੀ ਕਹਿੰਦੇ ਸੀ, ਜਿਹੜਾ ਆਖੇਗਾ 'ਨਹੀਂ' ਉਹਦਾ ਸੌ ਵਾਰੀ ਫਿੱਟੇ ਮੂੰਹ। ਭਾਈ ਕੋਈ ਗਿਲਾ ਨਹੀਂ, ਕੋਈ ਤਕਲੀਫ ਨਹੀਂ, ਅਸੀਂ ਉਹਨੂੰ ਕੁਝ ਨਹੀਂ ਕਹਿੰਦੇ, ਮਿਹਰਬਾਨੀ ਕਰਕੇ ਦੱਸ ਦਿਉ ਅਸੀਂ ਉਹ ਪਾਠ ਕਰ ਲਈਏ। ਧਿਆਨ ਦਿਓ—ਜੇ ਕਿਸੇ ਦਾ ਪਾਠ ਰਹਿੰਦਾ ਹੋਵੇ, ਕੋਈ ਗੁੱਸਾ ਨਹੀਂ। ਤੇ ਜੇ ਉਹ ਨਾ ਦੱਸਣਗੇ ਜਿੰਨੀ ਦੇਰ ਲਗੇਗੀ—ਸਤਿਗੁਰਾਂ ਦੇ ਆਉਣ ਵਿੱਚ, ਇਹਦੀ ਜ਼ੁੰਮੇਵਾਰੀ ਉਹਨਾ ਦੇ ਸਿਰ ਉੱਤੇ। ਕੋਈ ਡਰ ਨਹੀਂ, ਸਾਧ-ਸੰਗਤ ਵਿੱਚ ਨਹੀਂ ਸ਼ਰਮ ਕਰਨੀ ਚਾਹੀਦੀ। ਸ਼ਰਮ ਕਰਨੀ ਹੋਵੇ ਤੇ ਕਿਤੇ ਕਚਹਿਰੀ ਵਿੱਚ ਜਾ ਕੇ ਕਰੋ, ਕਿਤੇ ਰਾਜ ਦਰਬਾਰ ਵਿੱਚ ਕਰੋ। ਇੱਥੇ ਸ਼ਰਮ ਤਾਂ ਕਰੋ ਜੇ ਤੁਹਾਡਾ ਘਰ ਨਾ ਹੋਵੇ। ਇੱਥੇ ਤੇ ਭਾਈ ਤੁਹਾਡੇ ਪੁੱਠੇ ਅੱਖਰ ਸਿੱਧੇ ਹੁੰਦੇ ਹਨ, ਜਿਹੜਾ ਸਾਧ-ਸੰਗਤ ਵਿੱਚ ਆਉਂਦਾ ਹੈ ਔਰ ਦੇਖੋ, ਜੇ ਕਿਸੇ ਕੋਲ ਰਹਿੰਦਾ ਹੋਵੇ ਮਿਹਰਬਾਨੀ ਕਰੇ ਤੇ ਦੱਸ ਦੇਵੇ, ਅਸੀਂ ਉਹ ਪਾਠ ਹੋਰ ਕਿਸੇ ਕੋਲੋਂ ਪੂਰਾ ਕਰਾ ਲਈਏ—ਇੱਕ ਅਰਜ਼ ਹੈ—ਇਹ।

## ਸੇਠ ਨਰੈਣ ਸਿੰਘ

ਦੂਸਰੀ ਅਰਜ਼ ਮੇਰੀ ਇਹ ਹੈ, ਅੱਜ ਸੇਠ ਜੀ ਮੇਰੇ ਕੋਲ ਗਏ ਸੀ —ਦਿਆਲ ਸਿੰਘ ਹੁਰੀਂ, ਬਹੁਤ ਸਾਰੇ ਸੱਜਣ ਗਏ ਹਨ—ਨਰੈਣ ਸਿੰਘ ਹੁਰਾਂ

ਦੀ ਬਾਬਤ। ਮੈਂ ਇਹਨਾਂ ਨੂੰ ਏਨੀ ਇਜਾਜ਼ਤ ਦੇ ਦਿੱਤੀ ਹੈ ਬਈ ਇਹਨਾਂ ਦੀ ਲੜਕੀ ਦਾ ਆਨੰਦ ਤੁਸੀਂ ਇੱਥੇ ਕਰ ਸਕਦੇ ਹੋ, ਇਹਦੇ ਵਿੱਚ ਕੋਈ ਰੌਲਾ ਨਹੀਂ ਔਰ ਇਹਦੀ, ਮੈਂ ਸਾਧ-ਸੰਗਤ ਕੋਲੋਂ ਮਾਫੀ ਮੰਗਦਾ ਹਾਂ, ਜਿਹੜੀ ਮੈਂ ਇਜਾਜ਼ਤ ਦਿੱਤੀ ਹੈ-ਕਿਉਂਕਿ ਮੈਂ ਕਾਨੂੰਨ ਭੰਨਿਆ। ਉਹ ਨਰੈਣ ਸਿੰਘ ਹੁਰਾਂ ਦਾ ਚਿਤ ਨਹੀਂ ਕਰਦਾ ਸਾਧ-ਸੰਗਤ ਵਿੱਚ ਆ ਕੇ ਮਾਫੀ ਮੰਗਣ ਨੂੰ, ਨਾ ਉਹ ਵਿੱਚ ਆਉਂਦੇ ਹਨ—ਨਾ ਮਾਫੀ ਮੰਗਣੀ ਚਾਹੁੰਦੇ ਹਨ; ਨਾ ਮੰਗਣ, ਉਹ ਆਪਣੇ ਘਰ ਆਨੰਦ ਲੈਣ, ਬੁੱਲੇ ਵੱਢਣ। ਮੈਂ ਇਹਨਾਂ ਦੇ ਆਖੇ ਤੋਂ, ਸਾਧ-ਸੰਗਤ ਦੇ ਏਨੇ ਸਰੀਰਾਂ ਦੇ ਗਿਆਂ ਤੋਂ, ਬਹੁਤ ਸਾਰੇ ਸੱਜਣ ਗਏ ਹਨ—ਇਕੱਲੇ ਸੇਠ ਹੁਰੀਂ ਨਹੀਂ—ਸਵੇਰ ਤੋਂ ਲੈ ਕੇ। ਮੈਂ ਇਹ ਇਜਾਜ਼ਤ ਦੇ ਦਿੱਤੀ ਹੈ ਕਿ ਉਹ ਲੜਕੀ ਦਾ ਜੇ ਚਾਹੁਣ ਤੇ ਆਨੰਦ ਕਰ ਸਕਦੇ ਹਨ। ਤੇ ਇਸ ਗੱਲ ਦੀ ਮੈਂ ਸਾਧ-ਸੰਗਤ ਤੋਂ ਖਿਮਾਂ ਮੰਗਦਾਂ। ਜੇ ਆਖੋ ਤੇ ਮੈਂ ਉਠ ਕੇ ਵੀ ਮੰਗ ਲੈਂਦਾ ਹਾਂ, ਮੈਨੂੰ ਤੇ ਇਸ ਗੱਲ ਦੀ ਸੰਗ ਕੋਈ ਨਹੀਂ ਲਗਦੀ—ਕਿਉਂਕਿ ਉਹਨਾਂ ਨੇ ਤੇ ਮੰਗਣੀ ਨਹੀਂ। ਮੈਂ ਕਾਨੂੰਨ ਭੰਨਿਆ, ਇਸ ਦੀ ਮੈਨੂੰ ਵੀ ਸਜ਼ਾ ਕੋਈ ਚਾਹੀਦੀ ਹੈ, ਜਿਹੜੀ ਮੈਂ ਇਜਾਜ਼ਤ ਇਸ ਗੱਲ ਦੀ ਦਿੱਤੀ ਹੈ।

ਇੱਕ ਮੈਂ ਅਰਜ਼ ਹੋਰ ਸਾਧ-ਸੰਗਤ ਅੱਗੇ ਕਰਨੀ ਹੈ—ਨਾਮਧਾਰੀਆਂ ਅੱਗੇ। ਉਹ ਇਹ ਅਰਜ਼ ਹੈ ਕਿ ਜਿਸ ਵੇਲੇ ਇੱਥੇ ਹੋ ਜਾਂਦਾ ਹੈ ਅਰਦਾਸਾ। ਮੈਨੂੰ ਤੁਸੀਂ ਕਹਿੰਦੇ ਹੋ ਦਸ ਦਿਨ ਰਹੋ, ਅੱਠ ਦਿਨ ਰਹੋ, ਹੋਰ ਏਨੇ ਦਿਨ ਰਹੋ। ਹੁਣ ਕਥਾ ਸੁਣਦੇ ਰਹੇ ਹਾਂ—ਖਵਰੇ ਕਈ ਇਸ ਗੱਲ ਵਾਸਤੇ ਬੈਠੇ ਹੋਣ ਕਿ ਨਰੈਣ ਸਿੰਘ ਨੂੰ ਕੱਢਣ ਦਾ ਐਲਾਨ ਅਸੀਂ ਸੁਣ ਲਈਏ।

ਉਹ ਆਉਂਦਾ ਹੈ ਜਾਂ ਉਹਦੇ ਨਾਲ ਕੀ ਹੁੰਦਾ ਹੈ। ਸਾਡੇ ਵਿੱਚ ਬਹੁਤੀ ਅੱਜ ਇਹ ਬੀਮਾਰੀ ਹੈ—ਬਈ, ਕਿਸੇ ਨੂੰ ਉਹਦੀ ਸਜ਼ਾ ਲਗਦੀ ਦੇਖਕੇ ਅਸੀਂ ਬੜੇ ਰਾਜ਼ੀ ਹੁੰਦੇ ਹਾਂ, ਪਰ ਕਿਸੇ ਦੇ ਨਾਲ ਹੋ ਕੇ ਉਸ ਨੂੰ ਬਖਸ਼ਾਉਣ ਵਲ ਘੱਟ ਸਮਾਂ ਹੈ, ਔਰ ਦੁਫੇੜ ਪਉਣ ਵਿੱਚ ਬੜਾ ਫਾਇਦਾ ਹੈ। ਮੈਂ ਸਾਰਿਆਂ ਅੱਗੇ ਅਰਜ਼ ਕਰਦਾਂ, ਜਿਨ੍ਹਾਂ ਦੇ ਆਪਸ ਵਿੱਚ ਦੀ ਕੋਈ ਇੱਕ ਦੂਏ ਨਾਲ ਕੋਈ ਝਗੜਾ ਹੈ ਉਹਨਾਂ ਨੂੰ ਕਚਹਿਰੀ ਵਿੱਚ ਨਹੀਂ ਜਾਣਾ

ਚਾਹੀਦਾ, ਦੋ-ਚਹੁੰ ਦਿਨਾਂ ਵਿੱਚ ਸਭ ਆਪੋ ਆਪਣੇ ਦੱਸਣ ਤਾਂ ਕਿ ਜਿੰਨੀ ਕੁ ਸਾਡੀ ਵਾਹ ਲੱਗੇ ਅਸੀਂ ਉਹ ਸਾਰੇ ਨਬੇੜ ਜਾਈਏ, ਕੋਈ ਰੌਲਾ ਨਾ ਕਿਸੇ ਦਾ ਰਹਿ ਜਾਏ। ਇਹ ਰੌਲਾ ਹੁਣ ਨਰੈਣ ਸਿੰਘ ਦੀ ਮਰਜ਼ੀ ਤੇ ਹੈ, ਉਹ ਦੀਵਾਨ 'ਚ ਆਉਂਦਾ ਨਹੀਂ, ਐਵੇਂ ਬਖਸ਼ਿਆ ਉਨ੍ਹੇ ਜਾਣਾ ਨਹੀਂ। ਵੱਖਰਿਆਂ ਹੋ ਕੇ—ਮੈਂ ਕੋਈ ਗੱਲ ਲੁਕਾਉਣੀ ਨਹੀਂ ਚਾਹੁੰਦਾ—ਪਤਾ ਸਾਰਿਆਂ ਨੂੰ ਹੈ। ਕਈ ਸਰੀਰਾਂ ਨੇ ਮੈਨੂੰ ਆਖਿਆ—ਬਈ, ਉਹ ਬੰਗਲੇ ਆ ਕੇ ਬਖਸ਼ਾਉਣਾ ਚਾਹੁੰਦੈ। ਇਹ ਮੈਂ ਗੁਰੂ ਰਾਮ ਸਿੰਘ ਦੇ ਮਿਸ਼ਨ ਨੂੰ ਨੀਵਾਂ ਨਹੀਂ ਕਰਨਾ ਚਾਹੁੰਦਾ। ਮੈਂ ਆਪ ਤੁਹਾਡੇ ਅੱਗੇ ਮਾਫੀ ਅੱਜ ਮੰਗ ਲਈ ਹੈ—ਕਿ ਜੇ ਬਖਸ਼ਾਵੇ ਤੇ ਇੱਥੇ ਸਾਧ-ਸੰਗਤਾਂ 'ਚ ਬਖਸ਼ਾਵੇ, ਚੋਰੀ ਨਹੀਂ ਬਖਸ਼ਿਆ ਜਾ ਸਕਦਾ, ਨਹੀਂ ਉਹਦੀ ਮਰਜ਼ੀ ਹੈ—ਅਨੰਦ ਲਵੇ। ਬਖਸ਼ਿਆ ਉਹ ਹੀ ਜਾਏਗਾ ਜਿਹੜਾ ਸਾਧ-ਸੰਗਤ ਵਿੱਚ ਖਲੋਵੇਗਾ।

ਅਰਜ਼ ਇਹ ਹੈ ਜਿਸ ਵੇਲੇ ਅਰਦਾਸ ਹੋ ਜਾਂਦੀ ਹੈ, ਜੇ ਤੁਸੀਂ ਇੱਕ ਘੰਟਾ ਬਹਿ ਕੇ ਮੇਰੇ ਹੁੰਦਿਆਂ ਵੀ ਨਹੀਂ ਨਾਮ ਜਪਦੇ, ਫਿਰ ਭਜਨ ਕੀ ਕਰਦੇ ਹੋ, ਅੱਗੋਂ ਪਿੱਛੋਂ ਤੁਸੀਂ ਇੱਕ ਘੰਟਾ ਬਹਿ ਕੇ ਕਿੱਥੇ ਕਰਦੇ ਹੋਵੋਗੇ ? ਔਰ ਮੈਂ ਅੱਗੇ ਓਦਣ ਅਰਜ਼ ਕਰੀ ਸੀ ਬਈ ਸਤਿਗੁਰਾਂ ਦਾ ਹੁਕਮ ਮਿਲਿਐ, ਕਿ ਜਿਹੜੇ ਨਾ ਜਪਣਗੇ ਉਹ ਦੁੱਖ ਪਾਉਣਗੇ। ਤੁਸੀਂ ਜਾਣੋ—ਤੁਹਾਡੀ ਮਰਜ਼ੀ ਹੈ, ਮੈਂ ਅਰਜ਼ ਕਰਨੀ ਸੀ ਕਰ ਦਿੱਤੀ ਹੈ, ਬੈਠੋਗੇ ਤਾਂ, ਨਾ ਬੈਠੋਗੇ ਤਾਂ, ਕਿਸੇ ਨੇ ਕਿਸੇ ਦੀ ਥਾਂ ਲੈਣਾ ਦੇਣਾ ਨਹੀਂ।

ਬਾਲਮੀਕ ਨੂੰ ਜਿਸ ਵੇਲੇ ਘਰ ਭੇਜਿਆ ਸੀ—ਸੰਤਾਂ ਨੇ ਕਿ ਜਾ ਪੁੱਛ ਆ ਕੋੜਮੇ ਤੋਂ ਕਿ ਕੋਈ ਤੇਰਾ ਅੰਤ ਕਾਲ ਨੂੰ ਵੀ ਬੇਲੀ ਹੋਵੇਗਾ। ਉੱਥੇ ਭਾਈ ਗੁਰਦਾਸ ਜੀ ਕਹਿੰਦੇ ਹਨ-

*ਕੋੜਮੜਾ ਚਉ ਖੰਨੀਐ ਕੋਇ ਨ ਬੇਲੀ ਕਰਦੇ ਝਾੜਾ।*

*-ਵਾਰ ੧੦, ਪਾ: ੧੯*

ਕਿਸੇ ਦੇ ਥਾਂ ਦਾ ਕਿਸੇ ਨੇ ਨਹੀਂ ਹੋਣਾ।

**ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ।।**

*-ਪੰਨਾ-੭੨੫*

ਇਹ ਮਨੁੱਖਾ ਦੇਹ ਹੈ। ਮਨੁੱਖਾ ਜਨਮ ਮਿਲਿਆ ਹੋਇਆ ਹੈ। ਤੁਸੀਂ ਵੀ ਇਸਨੂੰ ਸਫਲਾ ਕਰੋ, ਨਾਮ ਜਪੋ। ਨਾਮਧਾਰੀ ਬਣਨ ਦਾ ਸਵਾਦ ਤਾਂ ਹੀ ਹੈ, ਜੇ ਨਾਮਧਾਰੀ ਮਰਯਾਦਾ ਵਿੱਚ ਰਹੋ, ਜੇ ਨਾਮਧਾਰੀ ਮਰਯਾਦਾ ਛੱਡ ਦਿਓਗੇ, ਉੱਥੇ ਗੁਰੂ ਗੋਬਿੰਦ ਸਿੰਘ ਨੇ ਕਿਹਾ–

*ਰਹਿਤ ਪਿਆਰੀ ਮੁਝ ਕਉ, ਸਿਖ ਪਿਆਰਾ ਨਾਹਿ।*

ਜਿਹੜਾ ਰਹਿਤ ਮਰਯਾਦਾ ਵਿੱਚ ਉਹਦਾ ਬਚਨ ਮੰਨੇਗਾ, ਜਿਹੜਾ ਉਹਦੇ ਹੁਕਮ ਵਿੱਚ ਚਲੇਗਾ, ਉਹਦੇ ਨਾਲ ਉਹਦਾ ਤੱਅਲਕ ਹੈ—ਦੂਸਰੇ ਦਾ ਕੋਈ ਤੱਅਲਕ ਨਹੀਂ। ਇਹ ਆਪੋ ਆਪਣੀ ਮਰਜ਼ੀ ਹੈ, ਆਪੋ ਆਪਣਾ ਪੜ੍ਹਿਆ ਸਭ ਨੇ ਵਿਚਾਰਨਾ ਹੈ, ਜਿਹਨੂੰ ਸਾਧ-ਸੰਗਤ ਚੰਗੀ ਲਗਦੀ ਹੈ, ਉਹ ਸਾਧ-ਸੰਗਤ ਨੂੰ ਪਸੰਦ ਕਰ ਲਵੇ, ਜਿਹਨੂੰ ਆਪਣਾ ਆਪ ਚੰਗਾ ਲਗਦਾ ਹੈ—ਉਹ ਆਪਣਾ ਆਪ ਰੱਖੇ। ਜਿਹਨਾਂ ਦਾ ਸਾਧ-ਸੰਗਤ ਨਾਲ ਰਹਿਣ ਨੂੰ ਚਿਤ ਕਰੇ—ਉਹ ਸਾਧ-ਸੰਗਤ ਨਾਲ ਰਹਿਣ, ਨਾਮ ਜਪਿਆ ਕਰੋ। ਜਪੋ ਨਾਮ, ਨਾਮ ਹੀ ਲਾਹ ਸਕਦਾ ਹੈ ਮੈਲ, ਹੋਰ ਕੋਈ ਚੀਜ਼ ਨਹੀਂ ਲਾਹੁਣ ਵਾਲੀ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।।**
**ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ।।**
**ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ।।**
**ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੬੬।।**

*–ਮ:੫, ਪੰਨਾ–੨੬੧*

– **ਜਾਂਹੀ ਕੁਲ ਤੇ ਪਰਗਟ ਹੋਏ ਤਾਂਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*–ਗੁਰਿੰਡਨਾਮਾ, ਪਾ:੧੦*

## ਟਿੱਪਣੀਆਂ

★੧ ਸ੍ਰੀ ਗੁਰੂ ਸੂਰਜ ਪ੍ਰਤਾਪ, ਪੰਨਾ ੧੩੭੦

ਕਿਸ ਪ੍ਰਸੰਗ ਪਰ ਬਾਰਤਾ ਬੋਲਯੋ ਬ੍ਰਹਮਚਾਰੀ।
'ਗੁਰੂ ਤੁਮਾਰੇ ਕਵਨ ਹੈ ਕਿਮ ਦੀਖਯਾ ਧਾਰੀ ?'
ਸੁਨਿ ਸ੍ਰੀ ਅਮਰ ਬਖਾਨਿਓ, ਗੁਰੁ ਮੋਹਿ ਨ ਪਾਯੋ।
ਖੋਜ ਰਹਯੋ ਅਭਿਲਾਖ ਸੌਂ ਕੋ ਦ੍ਰਿਸ਼ਟਿ ਨ ਆਯੋ।।੨੮।।
ਨਹਿੰ ਦੀਖਯਾ ਕਿਸ ਕੀ ਲਈ, ਮੈਂ ਕਰੀ ਨ ਸੇਵਾ।
ਅਬਿ ਲਗ ਬਾਂਛਤ ਹੋਂ ਰਿਦੈ ਕਰਿਹੌਂ ਗੁਰ ਦੇਵਾ।'
ਸੁਨਤਿ ਦੁਖਯੋ ਅਤਿ ਚਿਤ ਬਿਖੈ ਬੋਲਯੋ ਬ੍ਰਹਮਚਾਰੀ।
ਤਪ ਤੀਰਥ ਬ੍ਰਤਿ ਘਾਲ ਬਡ ਭੀ ਬਿਫਲ ਹਮਾਰੀ।।੨੯।।
ਮਹਾਂ ਸ੍ਰਮਤਿ ਹੁਇ ਮੈਂ ਕਰੇ ਸਭਿ ਬਾਦਿ ਗਵਾਏ।
ਭਯੋ ਅਚਾਨਕ ਸਾਥ ਤੁਮ ਇਮਿ ਕਹਿ ਪਛੁਤਾਏ।
'ਨਿਗੁਰੇ ਕੋ ਸੰਗੀ ਭਯੋ ਕਿਸ ਖਾਨ ਰੁ ਪਾਨਾ।
ਪੁੰਨ ਅਕਾਰਥ ਸਭਿ ਭਏ, ਮੁਝ ਚਿੰਤ ਮਹਾਂਨਾ।।੩੦।।
ਬ੍ਰਿੱਧ ਹੋਤਿ ਲੌ ਇਮ ਰਹੇ ਨਹਿੰ ਗੁਰੂ ਬਨਾਯੋ'।
ਚਿਤ ਮਹਿੰ ਅਤਿ ਰਿਸ ਕਰਤਿ ਹੀ ਉਠਿ ਮਾਰਗ ਲੀਨਾ।
ਅਮਰਦਾਸ ਪਸ਼ਚਾਤਿ ਤਿਸੁ ਪਛੁਤਾਵਨਿ ਕੀਨਾ।।੩੧।।
ਅਪਰ ਸਰਬ ਹੀ ਸੁਧ ਗਈ ਇੱਕ ਹੀ ਲਿਵਲਾਗੀ।
ਗੁਰੂ ਮਿਲਹਿੰ ਕਰਿ ਲੇਇ ਹੌਂ-ਇੱਛਾ ਬਹੁ ਜਾਗੀ।
ਪ੍ਰਭੂ ਆਗੈ ਬਿਨਤੀ ਕਰੀ ਪੂਰਹੁ ਮਮ ਆਸਾ।
ਦੀਨਬੰਧੁ ਹਰਿ ਦਯਾਨਿਧਿ ਲਖਿ ਦਾਸਨ ਦਾਸਾ।।੩੨।।
ਰਾਵਰ ਕੇ ਪਦ ਪਦਮ ਤੇ ਨਿਕਸੀ ਸ਼ੁਭ ਗੰਗਾ।
ਸੇਵੀ ਮੈਂ ਬਹੁ ਕਾਲ ਲਗ ਨਿਸ਼ਕਾਮ ਉਮੰਗਾ।
ਅਬਿ ਸਤਿਗੁਰੂ ਮੁਝ ਕੋ ਮਿਲੈ ਸਭਿ ਹੂੰ ਫਲ ਪਾਊਂ।
ਅੰਤਰਜਾਮੀ ਸਰਬ ਕੇ, ਕਹਿ ਕਿਸਹਿ ਸੁਨਾਊਂ।।੩੩।।

..........................................................................

.............................................................

ਦੀਰਘ ਸ੍ਵਾਸ ਉਸਾਰਿਤੋ ਇੱਕ ਤੋ ਬ੍ਰਿਧ ਦੇਹੀ।
ਗੰਗਾ ਆਵਤ ਜਾਤ ਮਗ ਬਲ ਬਿਨਾ ਅਛੇਹੀ।
ਪ੍ਰੇਮ ਅਧਿਕ ਚਿੰਤਾ ਬਹੁਤ ਉਹ ਮਹਿਦ ਬਿਸੂਰਾ।
ਕੈ ਮਰਿਹੋਂ ਕੈ ਮਿਲਹਿ ਅਬਿ ਸ੍ਰੀ ਸਤਿਗੁਰ ਪੂਰਾ।।੪੦।।
ਧਿਕ ਜੀਵਨਿ ਸਤਿਗੁਰੂ ਬਿਨਾ ਕੁਛ ਸਰੈ ਨ ਕਾਜੂ।
ਗੁਰ ਬਿਨ ਛਿਤਿ ਕੋ ਰਾਜ ਕਯਾ, ਧਿਕ ਸੁਰਪੁਰਿ ਰਾਜੂ।
ਤਪ, ਤੀਰਥ, ਬਰਤ ਰੁ ਧਰਮ ਬਿਨ ਗੁਰ ਨਿਫਲਾਵੈਂ।।
ਗੁਰ ਬਿਨ ਲੋਕ ਪ੍ਰਲੋਕ ਕੇ ਸੁਖ ਸਕਲ ਨਸਾਵੈਂ।।੪੧।।
ਸਤਿਗੁਰ ਪੂਰਾ ਜੇ ਮਿਲਹਿ ਦੇ ਨਿਜ ਉਪਦੇਸ਼ੂ।
ਸਫਲ ਤਪਾਦਿਕ ਹੋਤਿ ਹੈ ਮਿਟੇ ਜਾਤਿ ਕਲੇਸ਼ੂ।
ਕਰਮ ਹੀਨ ਇਮ ਮੈਂ ਰਹਯੋ ਅਬਿ ਸਤਿਗੁਰ ਪਾਊਂ।
ਨਾਤੁਰ ਤਜਿ ਕੈ ਅੰਨ ਜਲ ਨਿਜ ਤਨ ਬਿਨਸਾਊਂ।।੪੨।।

★ ੨ ਸ੍ਰੀ ਗੁਰੂ ਸੂਰਜ ਪ੍ਰਤਾਪ (ਪੰਨਾ ੧੩੭੩)
'ਸ਼ਬਦ ਕਰਯੋ ਕਿਸਕੋ ਅਹੈ ਕਿਤ ਤੇ ਤੁਮ ਪਾਵਾ।।
ਕਰਨਹਾਰਿ ਅਬਿ ਹੈ ਕਿ ਨਹਿਂ ਜਿਨ ਸ਼ੁਭ ਪਦ ਗਾਵਾ।
ਸੁਨਤਿ ਰੋਮ ਹਰਖਨ ਭਯੋ, ਮਨ ਪ੍ਰੇਮ ਬੰਧਾਯੋ।
ਮੇਰੇ ਹੇਤ ਉਧਾਰਿਬੇ ਇਹ ਰੁਚਿਰ ਬਨਾਯੋ।।੧੧।।
ਸਨਿ ਬੀਬੀ ਅਮਰੋ ਕਹਯੋ 'ਸ੍ਰੀ ਨਾਨਕ ਪੁਰੇ।
ਤਿਨਹੁ ਬਨਾਯੋ ਸ਼ਬਦ ਕੋ ਜਿਸ ਮਹਿਂ ਫਲ ਰੂਰੇ।
ਅਪਰ ਬਹੁਤ ਬਾਨੀ ਬਨੀ ਤਿਨ ਕੇ ਮੁਖ ਦ੍ਵਾਰਾ।
ਜਿਸਕੇ ਪਠਿਬੇ ਪ੍ਰੇਮ ਤੇ ਭਉਜਲ ਨਿਸਤਾਰਾ।।੧੨।।
ਸੁਨਹਿਂ ਪਠਹਿਂ ਮੇਰੋ ਪਿਤਾ ਮਨ ਪ੍ਰੇਮ ਬਿਸਾਲਾ।
ਗਾਇਂ ਰਬਾਬੀ ਤਿਨਹੁ ਢਿਗ ਥਿਤ ਦੋਨਹੁ ਕਾਲਾ।
ਸ੍ਰੀ ਸਤਿਗੁਰੁ ਨਾਨਕ ਅਬੈ ਬੈਕੁੰਠ ਪਧਾਰੇ।
ਨਿਜ ਸਥਾਨ ਨਿਜ ਜੋਤਿ ਦੇ ਮਮ ਪਿਤਾ ਬਿਠਾਰੇ।।੧੩।।

ਤਿਨਹੁੰ ਨਿਕਟ ਤੇ ਕੰਠ ਕਰਿ ਬਹੁ ਸੁਨਤਿ ਰਹੰਤੀ।
ਸਤਿਗੁਰ ਗਿਰਾ ਪ੍ਰਚਾਰ ਤਹਿੰ ਗਨ ਕਿਲਵਿਖ ਹੰਤੀ।
ਸੇਵਤਿ ਸਿੱਖ ਅਨੇਕ ਹੈਂ ਜਿਨਕੇ ਵਡਭਾਗਾ।
ਸਰਬ ਬਿਕਾਰਨਿ ਤਯਾਗਿ ਕੈ ਮਨ ਸਿਮਰਨ ਜਾਗਾ।।੧੪।।
ਸੁਨਤਿ ਅਮਰ ਬੋਲੇ ਬਹੁਰ ਦੁਹਿਤਾ ਸੁਨਿ ਲੀਜੈ।
ਮੇਰੇ ਪਰ ਉਪਕਾਰ ਇਹੁ ਕਰਨਾ ਕਰਿ ਕੀਜੈ।
ਲੇਹੁ ਸੰਗ ਤਹਿੰ ਕੋ ਚਲਹੁ ਦਿਹੁ ਮੋਹਿ ਮਿਲਾਈ।
ਦਰਸ਼ਨ ਕੀ ਪਯਾਸਾ ਲਗੀ ਅਬ ਰਹਯੋ ਨ ਜਾਈ।।੧੫।।

..............................................................

..............................................................

ਗ੍ਰਾਮ ਨਿਕਟਿ ਤੁਮ ਬੈਠੀਏ ਮੈਂ ਜਾਉਂ ਅਗਾਰੀ।
ਪਿਖਿ ਸੁਭਾਵ ਸਤਿਗੁਰੂ ਕੋ ਪੁਨ ਲੇਹੁੰ ਹਕਾਰੀ।
ਆਗਯਾ ਕਰਹਿੰ ਪ੍ਰਸੰਨ ਹੁਇ ਪੂਛੌਂ ਜਬਿ ਜਾਈਂ।
ਮਿਲਹੁ ਬਹੁਰ, ਢਿਗ ਰਹਹੁ ਤਿਨ, ਲਖਿ ਚਲਹੁ ਰਜਾਈ।।੨੧।।
ਇਮਿ ਧੀਰਜ, ਦੇ ਕਰਿ ਭਲੇ ਚਲਿ ਗਈ ਅਗਾਰੇ।
ਪਿਤਾ ਸਾਥ ਹਿਤ ਕਰਿ ਮਿਲੀ ਬਡ ਸ਼ਰਧਾ ਧਾਰੇ।
ਘਰ ਅੰਤਰ ਬੈਠੀ ਨਿਕਟ ਗੁਰੁ ਅੰਤਰਜਾਮੀ।
ਕਹਯੋ ਬੁਲਾਯੋ ਤੁਝ ਨਹੀਂ ਆਈ ਕਿਸ ਕਾਮੀ।।੨੨।।
ਬਨਹਿ ਨ ਆਵਨਿ ਬਿਨ ਭਨੇ ਕਯੋਂ ਚਲਿ ਕਰਿ ਆਏ।
'ਜਿਨਹੁ ਸੰਗ ਆਨਯੋ ਹੁਤੋ ਤਿਸ ਕਯੋਂ ਨਹਿੰ ਲਯਾਏ'।
ਕਹਯੋ ਜੋਰਿ ਕਰ ਜਾਇ ਮੈਂ ਆਨਹੁ, ਅਬਿ ਪਾਸਾ।
ਆਇਸੁ ਬਿਨੁ ਨਹਿੰ ਮਿਲਿ ਸਕਹਿੰ ਬਹੁ ਧਰੇ ਹੁਲਾਸਾ।।੨੨।।

*੩ ਪ੍ਰਸੰਗ ਸੀਹਾਂ ਉੱਪਲ

ਦੋਹਰਾ।।
ਇੱਕ ਦਿਨ ਸ੍ਰੀ ਅੰਗਦ ਗੁਰੂ ਗਮਨੇ ਗੋਇੰਦ ਵਾਲ।
ਸੇਵਕ ਕੋ ਦਰਸ਼ਨ ਦਿਯੋ ਕਹਿ ਸੁਨਿ ਬਚਨ ਰਸਾਲ।।੧।।

ਚੌਪਈ।।
ਸਹਿਜ ਸੁਭਾਇੱਕ ਆਵਤਿ ਚਲੇ।ਮਗ ਮਹਿਂ ਸੀਹਾਂ ਉੱਪਲ ਮਿਲੇ।
ਦੇਖਤਿ ਹੀ ਪਗਬੰਦਨ ਕਰੀ।ਭਯੋ ਨੰਮ੍ਰਿ ਉਰ ਸ਼ਰਧਾ ਧਰੀ।।੨।।
ਇੱਕ ਸੌ ਛਾਂਗ ਸੰਗ ਤਹਿਂ ਅਹੇ।ਤਿਨ ਕਹੁ ਦੇਖਿ ਗੁਰੂ ਬਚ ਕਹੇ।
ਭੋ ਸ਼ੀਹਾਂ, ਇਹੁ ਕਿਤਤੇ ਲਯਾਇ? ਕਿਉਂ ਕੀਨਸਿ ਇਨ ਕੋ ਸਮੁਦਾਇ।।੩।।
ਸੁਨਿ ਕਰ ਜੋਰੇ ਕਹਯੋ ਬ੍ਰਿਤੰਤ।ਹੇ ਸ੍ਰੀ ਸਤਿਗੁਰ ਜੀ ਭਗਵੰਤ।
ਮੋਹਿ ਪੁੱਤ੍ਰ ਕੋ ਮੁੰਡਨ ਅਹੈ।ਬਡ ਉਤਸਾਹ ਕਰਯੋ ਹਮ ਚਹੈ।।੪।।
ਹਮਰੀ ਕੁਲ ਸਭਿ ਇਕਠੀ ਹੋਇ।ਬਡੇ ਹਮਾਰਿਨਿ ਕੀ ਬਿਧਿ ਸੋਇ।
ਇਸ ਬਿਧਿ ਕਰਨ ਅਹੈ ਬਿਵਹਾਰ।ਆਵਹਿਂ ਆਮਿਖ ਕਰਹਿਂ ਅਹਾਰ।।੫।।
ਸਦਾ ਜਠੇਰਨ ਰੀਤਿ ਹਮਾਰੇ।ਓਦਨ ਆਮਿਖ ਦੇਹਿਂ ਅਹਾਰੇ
ਖੁਸ਼ੀ ਅਨੇਕ ਪ੍ਰਕਾਰਨ ਹੋਇ।ਹੋਹਿਂ ਮੇਲ ਕੁਲ ਕੇ ਸਭਿ ਕੋਇ।।੬।।
ਸੁਨਿ ਕਰਿ ਬਿਕਸੇ ਗੁਰੂ ਕ੍ਰਿਪਾਲ।ਭਲੋ ਕਰਨ ਹਿਤ ਕਹਿ ਤਿਸ ਕਾਲ।
ਇਤਨੇ ਜੀਵਨ ਹਿੰਸਾ ਕਰੈਂ।ਪਾਪ ਬਿਸਾਲ ਅਪਨ ਸਿਰ ਧਰੈਂ।।੭।।
ਅਬਿ ਤੋਂ ਸੁਗਮ ਜਾਨੀਅਹਿ ਕਰਿਬੋ।ਅੰਤ ਮਹਾਂ ਦੁਖ ਨਰਕਨ ਪਰਬੋ।
ਦੇਹਿਂ ਸ਼ਾਸਨਾ ਜਮ ਕੇ ਦੂਤ।ਤਹਾਂ ਨ ਪਹੁਚੇ ਬੰਧਪ ਪੂਤ।।੮।।
ਜਿਨਕੇ ਹਿਤ ਅਘ ਕਰਮ ਕਮਾਇ।ਤਹਾਂ ਨ ਰੰਚਕ ਹੋਇਂ ਸਹਾਇ।
ਸੁਖ ਭੋਗੈਂਗੇ ਸਗਰੇ ਲੋਕ।ਅਪਦਾ ਪਰਹਿ ਤੋਹਿ ਬਡ ਸ਼ੋਕ।।੯।।
ਧਰਮਰਾਇ ਜਬ ਕਰਿਹੈ ਲੇਖਾ।ਲਹੈ ਮਹਾਂ ਦੁਖ ਰਹੈ ਨ ਸ਼ੇਖਾ।
ਸੁਨਿ ਸ਼ੀਹੇ ਭੈ ਧਾਰਿ ਬਡੇਰੇ।ਕਹਯੋ ਕਰੋ ਜਸ ਆਇਸੁ ਤੇਰੇ।।੧੦।।
ਸ੍ਰੀ ਗੁਰ ! ਕਹਾਂ ਕਰੌਂ ਉਪਚਾਰ।ਜਿਸ ਤੇ ਹੋਇ ਨ ਜੀਵ ਸੰਘਾਰ।
ਨੀਕੀ ਬਾਤ ਆਪ ਮੁਝ ਕਹੋ।ਬਚ ਜਿਮ ਰਹੌ ਸੁ ਮੈਂ ਭੀ ਚਹੌਂ।।੧੧।।
ਹੋਹਿਂ ਨ ਪਾਪ ਨਰਕ ਨਹਿਂ ਪਰਿਉਂ।ਜੀਵਘਾਤ ਤੇ ਚਿਤ ਮਹਿਂ ਡਰਿਊ।
ਆਪ ਸ਼ਕਤਿ ਘਰ ਹੋ ਸਮਰੱਥੁ।ਰਾਖਹੁ ਮੋਹਿ ਪ੍ਰਭੂ ਦਿਹੁ ਹੱਥੁ।।੧੨।।
ਤੁਮ ਤੇ ਬਡੋ ਕਹਾਂ ਮੈਂ ਪਾਵੋਂ।ਪਰਯੋ ਸ਼ਰਨ ਮੈਂ ਨਿਤ ਗੁਨਗਾਵੋਂ।
ਜਿਮਿ ਇਹੁ ਜੀਵ ਘਾਤ ਨਹਿਂ ਹੋਵੈਂ।ਨਹੀਂ ਜਠੇਰਨ ਕੋ ਦੁਖ ਜੋਵੈਂ।।੧੩।।

*(ਸ੍ਰੀ ਗੁਰੂ ਸੂਰਜ ਪ੍ਰਕਾਸ਼, ਪੰਨਾ-੧੪੨੨)*

★ ੪ ਭਾਈ ਰਾਇ ਸਿੰਘ ਦੀ ਚੌਪਈ ੨੫ ਤੋਂ ੩੧ ਤਕ ਦੀ ਕਥਾ ਟੇਪਾਂ ਵਿੱਚ ਉਪਲਬਧ ਨਹੀਂ ਹੋ ਸਕੀ। ਪਾਠਕਾਂ ਦੀ ਜਾਣਕਾਰੀ ਅਤੇ ਲੜੀ ਜੋੜਨ ਲਈ ਇਹ ਹਿੱਸਾ ਸਤਿਗੁਰੂ ਬਿਲਾਸ ਪਾ: ੧੨ ਵਿੱਚੋਂ ਜਿਉਂ ਦਾ ਤਿਉਂ ਹੇਠਾਂ ਦਿੱਤਾ ਜਾ ਰਿਹਾ ਹੈ–

ਦੇਖ ਦਰਸ ਸੀਤਲ ਭਈ ਛਾਤੀ।ਮਾਨੋ ਮਿਲੀ ਰੰਕਹਿ ਨਿਧਿ ਥਾਤੀ।
ਪੱਲ ਪਲ ਦਰਸਯੋ ਹੀਯਾ ਸਿਰਾਯੋ।ਨਿਮ੍ਰ ਹੋਇ ਪਗ ਸੀਸ ਨਿਵਾਯੋ।।੨੫।।
ਪੂਛਿਓ ਰਾਇ ਸਿੰਘ ਕੇ ਤਾਈ।ਪੜੇ ਗਰੰਥ ਕੇਤੇ ਅਰਥਾਈ।
ਕਰ ਜੋੜੇ ਰਾਇ ਸਿੰਘ ਬਖਾਨੀ।ਅਬ ਭੀ ਪੜਤਾ ਹੋ ਗੁਰਬਾਨੀ।।੨੬।।
ਬਹੁਤ ਗਰੰਥ ਮੈਂ ਆਗੇ ਜੋਏ।ਪਰ ਨਹੀਂ ਸ਼ਾਂਤ ਰਿਦੇ ਮੁਝ ਹੋਏ।
ਗੁਰ ਕੋ ਬੇਦ ਪੜੋ ਜਿਸ ਦਿਨਕਾ।ਆਸਾ ਕਿਣਕਾ ਸਮਝਿਓ ਤਿਨਕਾ।।੨੭।।
ਗੁਰ ਬਿਨ ਮੋਖ ਮੁਕਤਿ ਨਹਿ ਪਾਵੈ।ਬਾਰ ਬਾਰ ਗੁਰਬਾਣੀ ਗਾਵੈ।।
ਗੁਰ ਪ੍ਰਮੇਸਰ ਸੰਤਨ ਕੇ ਗੁਨ।ਕਰ ਤਾਗੀਦ ਲਿਖੇ ਗੁਰ ਪੁਨ ਪੁਨ।।੨੮।।
ਅਸ ਮੋਹਿ ਲਗੀ ਲਗਨ ਪੁਨ ਐਸੀ।ਪੂਰਾ ਗੁਰੂ ਮਿਲੇ ਬਿਧਿ ਕੈਸੀ।।
ਪ੍ਰਭ ਆਗੈ ਮੇਰੀ ਨਿਤ ਬਿਨੈ।ਪੂਰਾ ਗੁਰੂ ਮਿਲੇ ਦੁਖ ਹਨੇ।।੨੯।।
ਦੀਨਦਾਸ ਕੀ ਸੁਣ ਅਰਦਾਸਾ।ਕਬਹੂੰ ਮੇਲੇ ਗੁਰ ਗੁਣ ਤਾਸਾ।।
ਸਬਦ ਸੁਣੈ ਤਿਸ ਗੁਰ ਕਾ ਕਾਨ।ਛੂਟ ਜਾਇ ਜਿਵ ਜਮ ਕੀ ਕਾਨ।।੩੦।।
ਸਾਸ ਸਾਸ ਅਬ ਏਹੀ ਚਿਤਾਰੋਂ।ਬਿਖਿਆ ਬਨ ਤੇ ਆਪ ਉਧਾਰੋਂ।।
ਦਰਸਨ ਜਬੈ ਆਪ ਕਾ ਭਇਆ।
ਉਰ ਸੀਤਲ ਕਰ ਤੁਮਰੀ ਦਇਆ।।੩੧।।

–ਇਸ ਤੋਂ ਪਹਿਲੀ ਕਥਾ ੬–੩–੫੦ ਦੇ ਉਪਦੇਸ਼ ਵਿੱਚ ਪੰਨਾ ੪੮੨ ਤੇ ਹੈ।

## ਸ਼ਬਦਾਰਥ

੧. ਰਾਜਾ ਜਨਕ ਜੀ ਜਦ ਜਨਕ ਰਾਜ ਦੀ ਗੱਦੀ ਤੇ ਬੈਠੇ ਹੋਏ ਸਨ।
੨. ਨੌਂ ਮੁਨੀਆਂ (ਮਾਰੀਚ, ਅਤ੍ਰਿ, ਅੰਗਿਰਾ, ਪੁਲਸਤਯ, ਪੁਲਹ, ਕ੍ਰਤੂ, ਭ੍ਰਿੰਗ, ਵਸ਼ਿਸ਼ਟ, ਅਥਣਿ) ਦੀ ਚਰਨ ਧੂੜੀ ਲੈ ਕੇ ਆਪਣੇ ਮੱਥੇ ਤੇ ਲਾਈ ਭਾਵ ਰਾਜੇ ਨੇ ਸਿੰਘਾਸਨ ਤੋਂ ਉਠਕੇ ਉਨ੍ਹਾਂ ਦੇ ਪੈਰਾਂ ਉੱਤੇ ਮੱਥਾ ਟੇਕਿਆ।
੩. ਉੱਚੀ ਤੇ ਨੀਵੀਂ ਜਾਤ ਨੂੰ।
੪. ਸੁਖਦੇਵ ਮੁਨੀ ਬਿਆਸ ਰਿਸ਼ੀ ਦੇ ਪੁੱਤ੍ਰ।
੫. ਪੈਰੀਂ ਪਏ ਭਾਵ ਗੂਰੂ ਮੰਨਿਆ
੬. ਜੂਠੇ ਭੋਜਨ ਦੀ ਜੂਠ।
੭. ਛਿਨ ਮਾਤਰ ਵਾਸਤੇ ਵੀ ਮਨ ਨੂੰ ਤਿਲ ਜਿੰਨਾ ਵੀ ਨਾ ਡੁਲਾਇਆ (ਕਿ ਮੇਰੇ ਸਿਰ ਇਹ ਜੂਠ ਪਈ ਹੈ ਤੇ ਮੇਰੀ ਹਾਨੀ ਹੋਈ ਹੈ)।
੮. ਪ੍ਰਿਥਵੀ ਪਤੀਆਂ ਵਿੱਚ।
੯. ਪ੍ਰਿਥਵੀ ਪਤੀ।
੧੦. ਜਾਤਾਂ ਵਿੱਚੋਂ ਉੱਚੀ ਜਾਤ ਵਾਲਾ।
੧੧. ਪ੍ਰਮਾਤਮਾ ਆਪ ਹੀ ਪ੍ਰੇਮ ਰੂਪ ਕੰਡਾ, ਬੁਧੀ ਰੂਪੀ ਤਕੜੀ ਅਤੇ ਤੋਲ (ਵੀਚਾਰ ਰੂਪ ਵੱਟਾ)।
੧੨. ਖਰੀਦਣ ਵਾਲਾ।
੧੩. ਦਿਨ ਵਿੱਚ।
੧੪. ਸੌ ਵਾਰੀ।
੧੫. ਮਨੁੱਖ।
੧੬. ਦੇਰ।
੧੭. ਚੜ੍ਹਨ।
੧੮. ਬਹੁਤ ਹੀ।
੧੯. ਲੋਹੇ ਦੀ ਮੈਲ।
੨੦. ਸੋਨਾ।
੨੧. ਚਾਂਦੀ, ਪਾਰਾ, ਤਾਂਬਾ, ਜਿਸਤ, ਸਿੱਕਾ, ਕਲੀ, ਲੋਹਾ।
੨੨. ਸਿਰਜ ਕੇ, ਸਾਜ ਕੇ, ਸ਼ਿੰਗਾਰ ਲਾ ਕੇ, ਸਜਵਜ ਕੇ।
੨੩. ਜਾਦੂ, ਟੂਣਾ ਤਿਲਸਿਮ।
੨੪. ਕੀ ਕਰਾਂ।
੨੫. ਕਿਸ ਪਾਸ ਜਾਵਾਂ।
੨੬. ਸੜਿ ਮਰਾਂ, ਯਾ.........।
੨੭. ਨੈਣਾਂ ਦੀ ਕੱਨਖੀ (ਨਾਲ ਦੇਖਾਂ)।
੨੮. ਅੱਖ ਮਟੱਕਾ ਮਾਰ ਕੇ।
੨੯. ਟੇਢੀ-ਮੇਢੀ ਪਗੜੀ ਨਾਲ.....।
੩੦. ਪ੍ਰੀਤੀ।
੩੧. ਰਾਤ ਦਿਨ।
੩੨. ਕਰੋੜਾਂ, ਕ੍ਰੋੜਾਂ।
੩੩. ਪ੍ਰਮਾਤਮਾ ਦਾ।

੩੪. ਪ੍ਰੀਤਮ ਦੇ ਵਿਛੋੜੇ ਦਾ ਦੁਖ।
੩੫. ਮੈਨੂੰ ਆ ਚੰਬੜਦਾ ਹੈ।
੩੬. ਨਾ ਜੀਉਂਦੀ ਹਾਂ ਤੇ ਨਾ ਹੀ ਮਰ ਸਕਦੀ ਹਾਂ।
੩੭. ਮੇਰਾ ਦਿਲ।
੩੮. ਮਿੱਤਰ ਦਾ ਵਿਜੋਗ, ਵਿਛੋੜਾ।
੩੯. ਸੜ ਗਿਆ।
੪੦. ਉਸ ਪ੍ਰੀਤਮ ਲਈ।
੪੧. ਸੰਬੰਧੀ।
੪੨. ਸਰੀਰ ਦਾ ਰੋਗ, ਤਿੰਨ ਕਿਸਮ ਦੇ ਤਾਪ ਹਨ-ਆਧਿ-ਬਿਆਧਿ, ਉਪਾਧਿ।
੪੩. ਖੁਸ਼ੀ।
੪੪. ਸਾੜਦੇ।
੪੫. ਫਿਟਕਾਰਿਆ ਹੋਇਆ।
੪੬. ਧਰੇਲ ਦਾ ਪੁੱਤਰ ਵ ਧਿਤਕਾਰ ਜੋਗ।
੪੭. ਸ਼ਕਤੀ ਧਾਰ ਕੇ।
੪੮. ਪਰਵਿਰਤ (ਏਸ ਰੂਪ ਵਿੱਚ ਪ੍ਰਵੇਸ਼) ਹੋਇਆ ਹੈ।
੪੯. ਕੂੜ੍ਹਾਂ।
੫੦. ਸੂਰਜ।
੫੧. ਕੈਲਾਸ਼ ਪਰਬਤ।
੫੨. ਬੁਰੇ ਲੱਛਣਾਂ ਵਾਲੀ।
੫੩. ਨੀਚ ਜਾਤਿ।
੫੪. ਪਤੀ ਤੋਂ ਛੁੱਟੜ।
੫੫. ਨਿਸ਼ਾਨੀ।
੫੬. ਕੌਤਕੀ।
੫੭. ਜ਼ਹਿਰ।
੫੮. ਪਹਿਰੇ ਵਾਲਾ, ਰਾਖਾ।
੫੯. ਪੱਤਣ ਵਾਲਾ, ਬੇੜੀ ਚਲਾਉਣ ਵਾਲਾ, ਮਲਾਹ।
੬੦. ਹੇ ਰਾਜਾ।
੬੧. ਪ੍ਰੇਮ।
੬੨. ਹਾਥੀਆਂ ਭਾਵ ਰਾਜ ਭਾਗ ਨੂੰ ਵੇਖਕੇ (ਦੁਰਯੋਧਨ)।
੬੩. ਪਾਣੀ।
੬੪. ਦੁੱਧ ਦੇ ਤੁਲ।
੬੫. ਰਾਤ।
੬੬. ਬੀਤ ਗਈ।
੬੭. ਕੌਤਕੀ।

ਬੈਂਕੋਕ ੧-੧੨-੧੯੪੮

## ਬੰਕੋਕ ੫-੧੨-੧੯੪੮

*ਸਵੈਯਾ- ਦੇਵਤ ਹੈ ਸੁਖ ਕਾਟਤ ਹੈ ਦੁਖ ਭੂਖ ਮਿਟੇ ਜਨ ਜੋ ਦਰਸਾਵੈ।*
*ਪਾਲਤ ਹੈ, ਰਿਪ ਗਾਲਤ ਹੈ, ਦਿਪ ਮਾਲਤ ਹੈ ਨਰ ਜੋ ਸਰਣਾਵੈ।*
*ਕ੍ਰੀੜਤ ਹੈ ਜਗ ਦੈ ਸੁਖ ਕੋ ਮਗ ਪਾਂਚਨ ਕੋ ਠਗ ਕੈ ਹੁਲਸਾਵੈ॥*
*ਚਾਹਿ ਨਹੀਂ ਪਰਵਾਹਿ ਨਹੀਂ ਨਰ ਨਾਹਿ ਜੋ ਦੀਨ ਸਦਾ ਜਸ ਗਾਵੈ।੧।*
*ਸਵੈਯਾ-*
*ਤ੍ਰੈ ਸੁਰ ਤ੍ਰੈ ਪੁਰ ਤ੍ਰੈ ਗੁਰ ਕੋ ਜਸ ਵੈ ਜੁਰ ਕੇ ਗੁਰ ਨੇਤਿ ਕਹੈ ਹੈ।*
*ਗਾਇ ਰਹੇ ਨਿਤ ਧਿਆਇ ਰਹੇ ਖਿਤ ਲਾਇ ਸੋ ਬ੍ਰਿਤ ਨ ਭੇਤ ਲਹੈ ਹੈ।*
*ਸਭ ਸੰਤ ਅਨੰਤ ਕਹੇਂ ਜਹਿ ਕੋ ਮਮ ਜੰਤ ਬਿਅੰਤ ਸੋ ਦੇਤ ਰਹੈ ਹੈ।*
*ਦੀਨ ਦਇਆਲ ਅਮੱਰ ਗੁਰੂ ਪਗ ਧਿਆਨ ਮ੍ਰਿਗਿੰਦ ਸੋ ਹੇਤ ਗਹੈ ਹੈ।੨।*

ਅਧਿਆਇ ਚੌਥਾ ਸ਼ੁਰੂ ਹੁੰਦਾ ਹੈ, ਤੀਸਰੀ ਪਾਤਸ਼ਾਹੀ ਦਾ ਮੰਗਲ ਸੰਤ (ਧਿਆਨ ਸਿੰਘ) ਜੀ ਕਰਦੇ ਹਨ, ਕਿਉਂਕਿ ਪਹਿਲੇ ਅਧਿਆਇ ਤੇ ਅਕਾਲ ਪੁਰਖ ਦਾ ਮੰਗਲ, ਦੂਸਰੇ ਉੱਤੇ ਗੁਰੂ ਨਾਨਕ ਦੇਵ ਦਾ, ਤੀਸਰੇ ਤੇ ਗੁਰੂ ਅੰਗਦ ਦਾ, ਹੁਣ ਚੌਥੇ ਤੇ ਗੁਰੂ ਅਮਰਦਾਸ ਦਾ ਮੰਗਲ ਆਇਆ ਹੈ।

### ਬਿਅੰਤ ਹੀ ਬਿਅੰਤ ਹੈ

*ਦੇਵਤ ਹੈ ਸੁਖ ਕਾਟਤ ਹੈ ਦੁਖ,*

ਸਤਿਗੁਰੂ ਕੈਸੇ ਹਨ, ਸੁਖਾਂ ਦੇ ਦੇਣ ਵਾਲੇ ਹਨ, ਦੁੱਖਾਂ ਨੂੰ ਦੂਰ ਕਰਨੇ ਵਾਲੇ ਹਨ।

*ਭੂਖ ਮਿਟੇ ਜਨ ਜੋ ਦਰਸਾਵੈ।*

ਜੋ ਪੁਰਖ ਦਰਸ਼ਨ ਕਰਦਾ ਹੈ, ਉਹਦੀਆਂ ਭੁੱਖਾਂ ਮਿਟਾ ਦਿੰਦੇ ਹਨ।

*ਪਾਲਤ ਹੈ, ਰਿਪ ਗਾਲਤ ਹੈ,*

ਸੇਵਕਾਂ ਦੀ ਪਾਲਣਾ ਕਰਦੇ ਹਨ, ਸੰਤਾਂ ਦੀ ਪਾਲਣਾ ਕਰਦੇ ਹਨ, ਵੈਰੀ ਜਿਹੜੇ ਹਨ ਉਹਨਾਂ ਨੂੰ ਗਾਲਦੇ ਹਨ। ਜਿਹੜਾ ਉਹਨ੍ਹਾਂ ਦੀ ਸ਼ਰਨ ਆਉਂਦਾ ਹੈ, ਉਹਦੀ ਪਾਲਣਾ ਕਰਦੇ ਹਨ, ਉਹਦੇ ਅੰਦਰ ਸਤਿ, ਸੰਤੋਖ, ਦਇਆ, ਧਰਮ ਆਉਂਦਾ ਹੈ ਔਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਰਿਪੂ ਜਿਹੜੇ ਹਨ ਇਹਨਾਂ ਨੂੰ ਗਾਲਦੇ ਹਨ—ਗੁਰੂ ਜੀ।

*ਦਿਪ ਮਾਲਤ ਹੈ ਨਰ ਜੋ ਸਰਣਾਵੈ।*

ਜੋ ਸਤਿਗੁਰੂ ਦੇ, ਗੁਰੂ ਅਮਰਦਾਸ ਦੇ ਦਰਸ਼ਨ ਕਰਦਾ ਹੈ, ਉਹ ਪ੍ਰਕਾਸ਼ਵਾਨ ਹੋ ਜਾਂਦਾ ਹੈ।

*ਕ੍ਰੀੜਤ ਹੈ ਜਗ ਦੈ ਸੁਖ ਕੋ*

ਕ੍ਰੀੜਾ ਕਰਦੇ ਹਨ—ਜਗਤ ਉੱਤੇ ਖੇਲ ਕਰਦੇ ਹਨ—ਜਗਤ ਨੂੰ ਸੁਖ ਦੇਣ ਦੇ ਵਾਸਤੇ।

*ਮਗ ਪਾਂਚਨ ਕੋ ਠਗ ਕੈ ਹੁਲਸਾਵੈ*

ਉਹ ਪੁਰਸ਼ ਲੈਂਦਾ ਹੈ—ਸੁਖ ਜਗਤ ਦੇ, ਗੁਰੂ ਨੂੰ ਜਿਹੜਾ ਧਿਆਉਂਦਾ ਹੈ, ਪੰਜਾਂ ਨੂੰ ਠੱਗ ਲੈਂਦਾ ਹੈ ਔਰ ਉਹ ਖੁਸ਼ ਹੋ ਜਾਂਦਾ ਹੈ; ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਨੂੰ ਉਹ ਠੱਗ ਲੈਂਦਾ ਹੈ।

*ਚਾਹਿ ਨਹੀਂ ਪਰਵਾਹਿ ਨਹੀਂ*

ਫੇਰ, ਸਤਿਗੁਰੂ ਨੂੰ ਮਿਲਕੇ ਕੋਈ ਚਾਹ ਨਹੀਂ ਰਹਿ ਜਾਂਦੀ ਕਿਸੇ ਚੀਜ਼ ਦੀ, ਕੋਈ ਪ੍ਰਵਾਹ ਨਹੀਂ ਰਹਿ ਜਾਂਦੀ ਕਿਸੇ ਦੀ—ਨਹੀਂ ਕਿਸੇ ਤੋਂ ਡਰਦਾ ਗੁਰੂ ਦਾ ਸਿੱਖ।

**ਤੇਰੋ ਜਨੁ ਹੋਇ ਸੋਇ ਕਤ ਡੋਲੈ,**
**ਤੀਨਿ ਭਵਨ[1] ਪਰ[2] ਛਾਜਾ[3]।।**
**ਹਾਥੁ ਪਸਾਰਿ[4] ਸਕੈ ਕੋ ਜਨ ਕਉ,**
**ਬੋਲਿ ਸਕੈ ਨ ਅੰਦਾਜਾ[5]।।੧।।**

*–ਬਿਲਾਵਲ ਕਬੀਰ ਜੀ, ਪੰਨਾ–੮੫੬*

*ਚਾਹਿ ਨਹੀਂ ਪਰਵਾਹਿ ਨਹੀਂ ਨਰ ਨਾਹਿ ਜੋ ਦੀਨ ਸਦਾ ਜਸ ਗਾਵੈ।੧।*

ਉਹ ਜੋ ਨਰਾਂ ਦਾ ਨਾਹ ਹੈ—ਸਤਿਗੁਰੂ, ਜਿਹੜੇ ਉਹਨੂੰ ਮਿਲਦੇ ਹਨ, ਧਿਆਨ ਸਿੰਘ ਜੀ ਕਹਿੰਦੇ ਹਨ,''ਮੈਂ ਦੀਨ ਉਸਦਾ ਸਦਾ ਜੱਸ ਗਾਉਂਦਾ ਹਾਂ।''

*ਤ੍ਰੈ ਸੁਰ, ਤ੍ਰੈ ਪੁਰ, ਤ੍ਰੈ ਗੁਰ ਕੋ ਜਸ*
*ਵੈ ਜੁਰ ਕੇ ਗੁਰ ਨੇਤਿ ਕਹੈ ਹੈ।*

(ਸੰਤ ਜੀ) ਕਹਿੰਦੇ ਹਨ, ਤਿੰਨੇ ਹੀ ਸੁਰ—ਦੇਵਤੇ, ਬ੍ਰਹਮਾ, ਵਿਸ਼ਨੂੰ, ਸ਼ਿਵ, ਤਿੰਨੇ ਹੀ ਲੋਕ—ਧਰਤੀ, ਅਕਾਸ਼, ਪਤਾਲ; ਤ੍ਰੈ ਗੁਰ—ਤੀਸਰੇ ਗੁਰੂ ਅਮਰਦਾਸ ਦਾ ਜੱਸ—'*ਵੈ ਜੁਰ ਕੇ ਗੁਰ ਨੇਤ ਕਹੈ ਹੈ*'- ਉਹ ਜੁੜ ਕਰਕੇ ਤਿੰਨੇ ਲੋਕ, ਤਿੰਨੇ ਦੇਵਤੇ, ਸਤਿਗੁਰੂ ਗੁਰੂ ਅਮਰਦਾਸ ਨੂੰ ਕਹਿੰਦੇ ਹਨ—ਨੇਤ।

**ਨੇਤ ਨੇਤ ਕਥੰਤਿ ਬੇਦਾ।।**

*-ਮ:੫, ਪੰਨਾ-੧੩੫੯*

ਨੇਤ ਦਾ ਅਰਥ ਹੈ—ਨਹਿ ਇਤਿ, ਨਹਿ ਇਤਿ, ਇਤਨਾ ਨਹੀਂ, ਇਤਨਾ ਬੀ ਨਹੀਂ, ਉਹ ਵੱਡੇ ਤੋਂ ਵੱਡਾ ਹੈ। ਬੇਦਾਂ ਵਿੱਚ ਕੀ ਲਿਖਿਆ ਹੈ,'ਅਣੂ—ਅਨੀਆਣ,'ਕਿ ਅਣੂ—ਜਿਹੜੇ ਮੱਘ ਵਿੱਚੋਂ ਦੀ ਕਿਸੇ ਵੇਲੇ ਧੁੱਪ ਦੇ ਨਾਲ—ਬਰੀਕ ਦਿਸਦੇ ਹਨ, ਉਹਨਾਂ ਸੇ ਬਰੀਕ ਸੇ ਬਰੀਕ ਹੈ।

'ਮਹਤਉ ਮਹੀਆਨ'—ਵਡੇ ਸੇ ਵਡਾ ਹੈ।

ਗੁਰੂ ਗੋਬਿੰਦ ਸਿੰਘ ਇਸੇ ਦਾ ਉਲਥਾ ਕਰਕੇ ਜਾਪੁ ਸਾਹਿਬ ਦੇ ਪਿੱਛੇ ਜਿਹੜੇ ਹਜਾਰੇ ਹਨ, ਉਨ੍ਹਾਂ ਦੀ ਬਿਲਾਵਲ 'ਚ ਕਹਿੰਦੇ ਨੇ-

**ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ।।**

*ਦਸਮ ਗ੍ਰੰਥ ਪੰਨਾ-੭੧੧*

'ਸੂਛਮ ਤੇ ਸੂਛਮ ਕਰ ਚੀਨੇ'—ਅਣੂ ਅਣੀਆਣ; 'ਬ੍ਰਿਧਨ ਬ੍ਰਿਧ ਬਤਾਏ'—ਵਡੇ ਸੇ ਉਹ ਵਡਾ ਹੈ,'ਮਹਤਉ ਮਹੀਆਨ।'

*ਗਾਇ ਰਹੇ ਨਿਤ ਧਿਆਇ ਰਹੇ*

ਤਿੰਨੇ ਦੇ ਤਿੰਨੇ ਦੇਵਤੇ ਗਾਉਂਦੇ ਹਨ ਸਤਿਗੁਰੂ ਦਾ ਜੱਸ, ਨਿਤ ਧਿਆਉਂਦੇ ਹਨ, ਉਸਨੂੰ ਯਾਦ ਕਰਦੇ ਹਨ।

*ਥਿਤ ਲਾਇ ਸੋ ਬ੍ਰਿਤ ਨ ਭੇਤ ਲਹੈ ਹੈ।*

ਬ੍ਰਿਤੀਆਂ ਲਾ ਕੈ—ਜੁੜ ਕੇ, ਸ਼ਿਵਜੀ ਆਦਿਕ ਨੇ ਧਿਆਨ ਲਗਾਇਆ, ਪਰ—'ਨ ਭੇਤ ਲਹੈ ਹੈ'—ਗੁਰੂ ਦੇ ਭੇਦ ਨੂੰ ਨਹੀਂ ਜਾਣ ਸਕੇ, ਕੋਈ ਸਮਝ ਨਹੀਂ ਸਕਦਾ, ਕਿ ਉਹ ਕਿਆ ਚੀਜ਼ ਹੈ। ਉਹ ਬਿਅੰਤ ਤੋਂ ਬਿਅੰਤ ਹੀ ਬਿਅੰਤ ਹੈ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ।

**ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ**

*–ਅਕਾਲ ਉਸਤੱਤ, ਦਸਮ ਗ੍ਰੰਥ ਪੰਨਾ-੨੭*

ਬਿਅੰਤ ਲੋਕ ਹੀ ਉਸ ਬਿਅੰਤ ਦਾ ਪਾਠ ਕਰਦੇ ਦੀਖੀਦੇ ਹਨ ਕਿ ਤੂੰ ਬਿਅੰਤ ਹੈਂ, ਬਿਅੰਤ ਹੈਂ—ਕੋਈ ਜਾਣ ਹੀ ਨਹੀਂ ਸਕਦਾ।

*ਸਭ ਸੰਤ ਅਨੰਤ ਕਹੇਂ ਜਹਿ ਕੋ,*

ਸਭ ਸੰਤ ਜਿਹੜੇ ਹਨ—ਮਹਾਂਪੁਰਖ, ਉਹ ਕਹਿੰਦੇ ਹਨ, ਅਨ-ਅੰਤ —ਉਸਦਾ ਅੰਤ ਨਹੀਂ ਕੋਈ ਜਾਣ ਸਕਦਾ।

*ਮਮ ਜੰਤ ਬਿਅੰਤ ਸੋ ਦੇਤ ਰਹੈ ਹੈ,*

ਮੇਰੇ ਜੈਸੇ ਬਿਅੰਤ ਜੰਤਾਂ ਨੂੰ ਸਤਿਗੁਰੂ ਦੇਣ ਵਾਲਾ ਹੈ, ਕੋਈ ਗਿਣਤੀ ਨਹੀਂ ਜਿੰਨਿਆਂ ਨੂੰ ਦਾਨ ਦੇਂਦਾ ਹੈ।

*ਦੀਨ ਦਇਆਲ ਅਮਰ ਗੁਰੂ,*

ਦੀਨਾ ਦੇ ਦਿਆਲ ਹਨ ਸਤਿਗੁਰੂ, ਅ-ਮਰ ਹਨ, ਉਹ ਮਰਨੇ ਵਾਲੇ ਨਹੀਂ, ਸਤਿਗੁਰੂ ਅਮਰ ਹੈ।

**ਨਾ ਓਹੁ ਮਰੈ ਨ ਹੋਵੈ ਸੋਗੁ॥**

*–ਆਸਾ ਮ:੧, ਪੰਨਾ-੩੪੯*

–ਉਹ ਮਰਨ ਵਾਲੀ ਚੀਜ਼ ਨਹੀਂ—ਤੀਸਰੇ ਪਾਤਸ਼ਾਹ ਗੁਰੂ ਅਮਰਦਾਸ, ਜੋ ਹਨ।

*ਪਗ ਧਿਆਨ ਮ੍ਰਿਗਿੰਦ ਸੋ ਹੇਤ ਗਹੈ ਹੈ*

ਧਿਆਨ ਸਿੰਘ ਜੀ ਕਹਿੰਦੇ ਹਨ—ਮੈਂ ਗੁਰੂ ਅਮਰਦਾਸ ਦੇ ਚਰਨਾਂ ਨੂੰ ਪ੍ਰੇਮ ਦੇ ਨਾਲ ਗ੍ਰਹਿਣ ਕਰਦਾਂ, ਪਕੜਦਾਂ, ਕਿਉਂਕਿ ਗੁਰੂ ਦੇ ਚਰਨ ਫੜਿਆਂ–

**ਗੁਰ ਚਰਣ ਸਰੇਵਤ ਦੂਖੁ ਗਇਆ।।**

*-ਪੰਨਾ-੧੧੯੩*

-ਗੁਰੂ ਦੇ ਚਰਨ ਜਦੋਂ ਮਿਲੇ ਕੋਈ ਚੀਜ਼ ਨਹੀਂ ਜਿਹੜੀ ਫਿਰ ਅੜੇ। ਦਿਵਾਨ ਨੰਦ ਲਾਲ ਜੀ ਤਾਂ ਇਸ ਤੋਂ ਵੀ ਅੱਗੇ ਕਹਿੰਦੇ ਹਨ-

*ਖਾਕ ਰਾਹਸ਼ ਤੂਤੀਯਾਇ ਚਸ਼ਮਿ ਮਾਸਤ*

ਮੇਰੀਆਂ ਅੱਖਾਂ ਦਾ ਹੋਵੇ ਸੁਰਮਾਂ—ਉਨ੍ਹਾਂ ਦੇ ਚਰਨਾਂ ਦੀ ਧੂੜ। ਕਿਉਂ ਬਈ, ਕਹਿੰਦੇ ਹਨ

*ਆਬਰੂ ਅਫ਼ਜ਼ਾਇ ਹਰ ਸ਼ਾਹੋ ਗਦਾ ਸਤ।*

*-ਜ਼ਿੰਦਗੀ ਨਾਮਾ-੨*

ਉਹ ਚਰਨਾਂ ਦੀ ਧੂੜ ਹਰ ਇੱਕ ਦੀ ਇੱਜ਼ਤ ਵਧਾਉਣ ਵਾਲੀ ਹੈ, ਜੇ ਬਾਦਸ਼ਾਹ ਸਤਿਗੁਰਾਂ ਦੇ ਚਰਨਾਂ ਦੀ ਧੂੜ ਲੈਂਦਾ ਹੈ ਉਹਦੀ ਵੀ ਇੱਜ਼ਤ ਵੱਧਦੀ ਹੈ ਕਿ ਬਾਦਸ਼ਾਹ ਸਤਿਗੁਰਾਂ ਦੇ ਚਰਨੀਂ ਲੱਗਿਆ—ਅਗਲਾ ਲੋਕ ਸਾਫ ਕਰ ਲਿਆ, ਏਥੇ ਜੇ ਕੋਈ ਪਾਪ ਕਰ ਬੈਠੈ, ਜੇ ਕਿਸੇ ਨਾਲ ਧੱਕਾ ਕਰ ਬੈਠੈ, ਤੇ ਸਤਿਗੁਰੂ ਦੇ ਜੇ ਚਰਨੀਂ ਲੱਗਿਆ ਤਾਂ ਦੂਰ ਹੋ ਗਏ ਉਸ ਦੇ ਦੁੱਖ, ਉਸਦੇ ਪਾਪ ਦੂਰ ਹੋ ਗਏ। ਗਦਾ ਸਤ—ਗਰੀਬਾਂ ਨੂੰ ਜਿਹਨਾਂ ਨੂੰ ਧੂੜ ਮਿਲਦੀ ਹੈ, ਜਿਹਨਾਂ ਨੂੰ ਮਿਲੀ, ਜਿਹਨਾਂ ਦੇ ਮੱਥੇ ਲੱਗੀ, ਉਨ੍ਹਾਂ ਨੂੰ ਪਾਤਸ਼ਾਹ ਬਣਾ ਦੇਂਦੀ ਹੈ ਸਤਿਗੁਰਾਂ ਦੇ ਚਰਨਾਂ ਦੀ ਧੂੜ। ਨਾਮਦੇਵ ਜੀ ਕਹਿੰਦੇ ਹਨ-

**ਮੇਰੈ ਮਾਥੇ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ।।**
**ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ।।੧।।**

*-ਪੰਨਾ-੯੭੪*

*ਕਬਿਤ। ਬੇਨਤੀ ਹੈ ਮੋਰੀ ਸਭ ਸਿੰਘ ਸੁਨੋ ਸੋਰੀ,*

ਸੰਤ ਜੀ ਕਹਿੰਦੇ ਹਨ ਮੇਰੀ ਬੇਨਤੀ ਹੈ ਸਾਧ-ਸੰਗਤ, ਸਾਰੇ ਸਿੰਘ ਸੁਣੋ।

*ਜਨ ਦੀਨ ਕਰ ਜੋਰੀ ਨਿਮ੍ਰ ਭਾਵ ਸੋ ਸੁਨਾਇ ਹੈ।*

ਦੀਨ ਗਰੀਬ ਹੋ ਕਰ ਕੇ ਜਨ ਨਿਮਰ ਭਾਵ ਨਾਲ ਅਰਜ਼ ਕਰਦਾ ਹੈ,

*ਸੁਨੋ ਮਨ ਲਾਇ ਆਦਿ ਬੰਦੇ ਦਾਸ ਪਾਇ ਤੁਵ ਬਿਘਨਾ ਨਸਾਇ,*

ਮਨ ਲਾ ਕੇ ਸੁਣੋ—ਪਹਿਲੇ ਦਾਸ ਨਮਸਕਾਰ ਕਰਦਾ ਹੈ—ਚਰਨਾਂ ਉੱਤੇ।

*ਪੁਨਾ ਗੁਨ ਪ੍ਰਭ ਗਾਇ ਹੈ।*

ਮੈਂ ਚਰਨਾਂ ਤੇ ਨਮਸ਼ਕਾਰ ਕਰਾਂ, ਮੇਰੇ ਸਾਰੇ ਬਿਘਨ ਦੂਰ ਹੋਣ, ਗੁਰੂ ਅਮਰਦਾਸ ਦੇ ਚਰਨੀਂ ਲੱਗਿਆਂ, ਤਾਂ ਮੈਂ ਦਾਸ, ਜੱਸ ਗਾਵਨ ਕਰਾਂ ਗੁਰੂ ਕਾ—ਕਥਾ ਕਵ੍ਹਾਂ।

*ਕੀਜੀਏ ਸਹਾਇ ਸਭ ਸੰਤ ਸੁਖ ਦਾਇ,*

ਹੇ ਸੰਤ ਮਹਾਂਪੁਰਖੋ, ਮੇਰੀ ਸਹਾਇਤਾ ਕਰੋ-ਸਾਰੇ ਰਲਕੇ।

*ਜਸ ਰਾਮ ਮ੍ਰਿਗ ਰਾਇ ਜਥਾ ਮਤ ਸੁ ਅਲਾਇ ਹੈ।*

ਸਤਿਗੁਰੂ ਰਾਮ ਸਿੰਘ ਦਾ ਮੈਂ ਜੱਸ ਕਹਿਣ ਲੱਗਾ ਹਾਂ, ਸੰਤ ਮਹਾਤਮਾਂ, ਮਹਾਂਪੁਰਖ ਮੇਰੇ ਤੇ ਕਿਰਪਾ ਕਰਨ ਮੇਰੀ ਜੋ ਮੱਤ ਹੈ, ਮੇਰੀ ਮਾੜੀ ਮੋਟੀ ਬੁੱਧੀ ਹੈ, ਮੈਂ ਉਸ ਅਨੁਸਾਰ ਸਤਿਗੁਰਾਂ ਦਾ ਜੱਸ ਕਹਾਂ।

*ਦੀਜੀਏ ਸੁਮਤਿ ਔ ਬਿਨਾਸੀਏ ਕੁਮਤਿ ਮੁਹਿ,*

ਮੇਰੇ ਤੇ ਕ੍ਰਿਪਾ ਕਰੋ ਮੈਨੂੰ ਸ੍ਰੇਸ਼ਟ ਮੱਤ ਦਿਓ–

**ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ॥**
**ਸਾ ਮਤਿ ਦੀਜੈ ਜਿਤੁ ਤੁਧੁ ਧਿਆਈ॥**

*-ਮਾਝ ਮ: ੫, ਪੰਨਾ ੧੦੦*

*ਚਿਤ ਹਿਤ ਨਿਤ ਤਨ ਨਰ ਸੁਫਲਾਇ ਹੈ।੩।*

ਚਿੱਤ ਵਿੱਚ ਹਿੱਤ ਪੈਦਾ ਹੋਵੇ, ਪ੍ਰੇਮ ਜਾਗੇ, ਔਰ ਮੇਰੀ ਮਨੁੱਖਾ ਦੇਹ ਜਿਹੜੀ ਹੈ ਸੁਫਲੀ ਹੋ ਜਾਏ, ਗੁਰੂ ਦਾ ਜੱਸ ਕਹਿਣ ਕਰਕੇ।

*ਮੋਰ ਬੁਧ ਤੁਛ ਆਹਿ ਜਾਨਤ ਨ ਕਛੁ ਆਹਿ,*

ਮੇਰੀ ਬੁੱਧੀ ਤੁੱਛ ਹੈ, ਜਾਣਦੀ ਕੁਛ ਵੀ ਨਹੀਂ। ਜਿਹਨਾਂ ਤੇ ਕ੍ਰਿਪਾ ਹੁੰਦੀ ਹੈ, ਜਿਨ੍ਹਾਂ ਨੂੰ ਬਖ਼ਸ਼ਿਸ਼ ਕਰਦਾ ਹੈ, ਜਿਨ੍ਹਾਂ ਨੂੰ ਗੁਣ ਬਖ਼ਸ਼ਦਾ ਹੈ, ਜਿਨ੍ਹਾਂ ਨੂੰ ਕੁਛ ਦਾਨ ਦਿੰਦਾ ਹੈ, ਉਹ ਕਹਿੰਦੇ ਹਨ—ਮੇਰੀ ਬੁੱਧੀ ਕਿਸੇ ਕੰਮ ਦੀ ਨਹੀਂ—ਤੇ ਅਸੀਂ ਐਵੇਂ ਹੀ....। ਕਬੀਰ ਜੀ ਕਹਿੰਦੇ ਹਨ–

**ਕਹਾ ਨਰ[੬] ਗਰਬਸਿ[੭] ਥੋਰੀ ਬਾਤ।।**
**ਮਨ ਦਸ[੮] ਨਾਜੁ ਟਕਾ ਚਾਰਿ ਗਾਂਠੀ[੯]**
**ਐਡੌ[੧੦] ਟੇਢੌ ਜਾਤੁ।।੧।।ਰਹਾਉ।।**
**ਬਹੁਤੁ ਪ੍ਰਤਾਪੁ ਗਾਂਉ ਸਉ[੧੧] ਪਾਏ**
**ਦੋਇ ਲਖ ਟਕਾ ਬਰਾਤ[੧੨]।।**
**ਦਿਵਸ ਚਾਰਿ ਕੀ ਕਰਹੁ ਸਾਹਿਬੀ**
**ਜੈਸੇ ਬਨ ਹਰ ਪਾਤ।।੧।।**
**ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ।।**
**ਰਾਵਨ ਹੂੰ ਤੇ ਅਧਿਕ[੧੩] ਛਤ੍ਰਪਤਿ[੧੪]**
**ਖਿਨ ਮਹਿ ਗਏ ਬਿਲਾਤ[੧੫]।।੨।।**
**ਹਰਿ ਕੇ ਸੰਤ ਸਦਾ ਥਿਰੁ ਪੂਜਹੁ**
**ਜੋ ਹਰਿ ਨਾਮੁ ਜਪਾਤ[੧੬]।।**
**ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ**
**ਤੇ ਸਤਸੰਗਿ ਮਿਲਾਤ[੧੭]।।੩।।**
**ਮਾਤ ਪਿਤਾ ਬਨਿਤਾ[੧੮] ਸੁਤ[੧੯] ਸੰਪਤਿ**
**ਅੰਤਿ ਨ ਚਲਤ ਸੰਗਾਤ[੨੦]।।**
**ਕਹਤ ਕਬੀਰੁ ਰਾਮ ਭਜੁ ਬਉਰੇ**
**ਜਨਮੁ ਅਕਾਰਥ ਜਾਤ।।੪।।**

*–ਰਾਗ ਸਾਰੰਗ, ਪੰਨਾ–੧੨੫੧*

ਇੱਕ ਕਵੀ ਨੇ ਕਿਹਾ ਕਿ–

*ਬੱਢੇ ਬੱਢੇ ਰਾਜਾ ਜਾ ਕੇ ਲਾਖ ਨਉ ਨਗਾਰਾ ਬਾਜੇ,*
*ਜਾਂਕੇ ਰਥ ਪਹੀਅਣ ਸੋ ਸਾਤੋ ਸਿੰਧੂ ਖਾਟੇ ਹੈਂ।*

ਏਡੇ–ਏਡੇ ਰਾਜਾ ਜਿਹਨਾਂ ਦੇ ਨੌ–ਨੌ ਲੱਖ ਨਗਾਰੇ ਇਕੱਠੇ ਵੱਜਣ ਔਰ ਜਿਹਨਾਂ ਦੇ ਰੱਥਾਂ ਦੇ ਪਹੀਆਂ ਨਾਲ ਸਮੁੰਦਰ ਬਣ ਗਏ, ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ–

**ਬਲੀ ਪ੍ਰਿਥੀਅੰ ਮਾਨਧਾਤਾ ਮਹੀਪੰ।।**

**ਜਿਨੈ ਰੱਥ ਚੱਕ੍ਰੰ ਕੀਏ ਸਾਤ ਦੀਪੰ।।**

*–ਦਸਮ ਗ੍ਰੰਥ, ਪੰਨਾ ੪੩*

ਜਿਹਨਾਂ ਦੇ ਰੱਥਾਂ ਦੇ ਪਹੀਆਂ ਨਾਲ ਸੱਤ ਸਮੁੰਦਰ ਬਣੇ, ਸੱਤ ਦੀਪ ਬਣੇ।

**ਸਭੈ ਬਾਂਧਿ ਕੈ ਕਾਲ ਜੇਲੈ ਚਲਾਏ।।**

*ਦਸਮ ਗ੍ਰੰਥ ਪੰਨਾ-੪੧*

ਕਾਲ ਨੇ ਬੰਨ੍ਹ ਕੇ ਉਹ ਵੀ ਚਲਾ ਦਿੱਤੇ। ਸੰਤ ਗੁਲਾਬ ਸਿੰਘ ਜੀ ਮਹਾਤਮਾ ਭਾਵਰ ਸਾਮ੍ਰਿਤ ਵਿੱਚ ਕਹਿੰਦੇ ਹਨ–

*ਜਿਨਕੇ ਰਥ ਨੇਮ ਦਰਾਰਨ ਨੇ ਸਤ ਸਾਗਰ ਹੈ ਅਬਲੋ ਜਗ ਮਾਹੀਂ।*
*ਜਿਨ ਚਾਂਪ ਕੇ ਗੋਸ਼ਨ ਕੇ ਬਲ ਤੇ ਸਭ ਸੈਲ ਬਟੋਰ ਧਰੇ ਧਰ ਮਾਂਹੀਂ।*
*ਸੁਰ ਰਾਜ ਡਰੇ ਜਿਨਕੇ ਬਲ ਤੇ ਜਮ ਰਾਜ ਜਿਤੇ ਜਿਹਨੇ ਜਗ ਮਾਹੀਂ।*
*ਮਨ ਤੇ ਜਗ ਭੀਤਰ ਨਾਂਹਿ ਰਹੇ ਅਰ ਔਰ ਰਹੈ ਕਹੁ ਕੋ ਜਗ ਮਾਹੀਂ।*

ਕਹਿੰਦੇ ਨੇ, ਜਿਨ੍ਹਾਂ ਦੇ ਰੱਥਾਂ ਦੇ ਪਹੀਆਂ ਦੇ ਨਾਲ ਅੱਜ ਤੱਕ ਸੱਤ ਸਮੁੰਦਰ ਬਣੇ ਹੋਏ ਨੇ, ਜਿਨ੍ਹਾਂ ਨੇ ਧਨੁਸ਼ ਦੇ ਗੋਸ਼ੇ ਨਾਲ ਇੱਕ ਪਾਸਿਓਂ ਇਉਂ ਚੁੱਕ-ਚੁੱਕ ਕੇ ਪਹਾੜ ਇਕੱਠੇ ਕਰ ਦਿੱਤੇ, ਔਰ ਸੁਰ ਰਾਜ-ਇੰਦਰ, ਡਰਦਾ ਹੈ ਜਿਸ ਦੇ ਬਲ ਤੋਂ, ਰਾਵਣ ਦੇ ਤੋਂ ਯਮਰਾਜ ਨੂੰ ਜਿਸਨੇ—ਆਪਣੇ ਕਾਲ ਨੂੰ—ਪਾਵੇ ਨਾਲ ਬੱਧਾ ਹੋਇਆ ਹੈ, ਉਹ—*ਮਨ ਤੇ ਜਗ ਭੀਤਰ ਨਾਹਿ ਰਹੇ ਅਬ ਔਰ ਰਹੇ ਕਹੋ ਕੋ ਜਗ ਮਾਹੀ।* ਉਹ–

*ਬੱਢੇ-ਬੱਢੇ ਰਾਜਾ ਜਾ ਕੇ ਲਾਖ ਲੌਂ ਨਗਾਰਾ ਬਾਜੇ,*
*ਜਾ ਕੇ ਰੱਥ ਪਹੀਅਨ ਸੇ ਸਾਤੋਂ ਸਿੰਧੂ ਖਾਟੇ ਹੈਂ।*
*ਕੋਟ ਜੁਗ ਆਰਜਾ,*

ਕਰੋੜ ਜੁਗ ਆਰਜਾ—ਅਸੀਂ ਸੌ ਵਰ੍ਹਾ ਵੀ ਕੋਈ ਨਹੀਂ ਸਿਰੇ ਚੜ੍ਹਾਉਂਦੇ, ਪੰਜਾਹ ਸੱਠਾਂ ਵਰ੍ਹਿਆਂ ਵਿੱਚ ਹੀ ਆਕੜਦੇ ਮਰ ਜਾਂਦੇ ਹਾਂ —*ਕੋਟ ਗਜ ਬਲ*—ਕਰੋੜਾਂ-ਕਰੋੜਾਂ ਹਾਥੀਆਂ ਦਾ ਬਲ—*ਜਾ ਕੇ ਏਕ ਹੀ ਧਨੁਸ਼ ਸੌ ਵੈਰੀ ਸਭ ਡਾਂਟੇ ਹੈ,*

ਇੱਕੋ ਹੀ ਤੀਰ ਨਾਲ ਸਾਰੇ ਵੈਰੀ ਦੂਰ ਕੀਤੇ—*ਤੇਊ ਮਿਰਤਕ ਭਏ*

—ਵੋਹ ਭੀ ਮਰ ਗਏ।

*ਵਾਕਾ ਨਾਮ ਹੂੰ ਨ ਲੇਤ ਕੋਊ*
*ਕਹੂੰ ਕਹੂੰ ਸਿੰਮ੍ਰਤੀ ਅਰ ਪੁਰਾਨਨ ਮੇਂ ਆਤੇ ਹੈਂ*

ਉਹ ਮਰ ਗਏ, ਕੋਈ ਨਾਂ ਨਹੀਂ ਲੈਂਦਾ, ਕਿਤੇ-ਕਿਤੇ ਵੇਦਾਂ ਪੁਰਾਣਾਂ ਵਿੱਚ ਉਹਨਾਂ ਦੀਆਂ ਸਾਖੀਆਂ ਲਿਖੀਆਂ ਨੇਂ।

*ਤੁਮ ਜੋ ਕਹਤ ਹਉ ਮਹੀਪਤ, ਮਹੀਪਤ*
*ਤੇਰੇ ਜੈਸੀ ਗੀਪੀ ਬਾਵਾ ਕੇਤੇ ਕਾਲ ਕਾਟੇ ਹੈ।*

ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ-

**ਏਕ ਸਿਵ ਭਏ ਏਕ ਗਏ ਏਕ ਫੇਰ ਭਏ**
**ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।**
**ਮੌਨਦੀ[੨੧] ਮੁਦਾਰ[੨੨] ਕੇਤੇ ਅਸੁਨੀ ਕੁਮਾਰ[੨੩] ਕੇਤੇ**
**ਅੰਸਾ ਅਵਿਤਾਰ[੨੪] ਕੇਤੇ ਕਾਲ ਬਸ ਭਏ ਹੈਂ।।**
**ਪੀਰ[੨੫] ਔ ਪਿਕਾਂਬਰ[੨੬] ਕੇਤੇ ਗਨੇ ਨ ਪਰਤ ਏਤੇ**
**ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ।।**

*-ਦਸਮ-ਗ੍ਰੰਥ, ਪੰਨਾ-੧੮*

-ਇਹ ਚੀਜ਼ ਹੈ ਜਿਹੜੇ ਗਰਵ ਕਰਨ ਵਾਲੇ ਹਨ—ਮੇਰੀ ਬੁੱਧੀ ਤੁੱਛ ਹੈ—ਜਿਹੜੇ ਗਰਵ ਕਰਦੇ ਹਨ, ਉਹਨਾਂ ਦਾ ਕੁਝ ਨਹੀਂ ਰਹਿੰਦਾ। ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਸ਼ਾਹ ਅਨੰਦਪੁਰ ਸਾਹਿਬ 'ਚ ਇੱਕ ਦਿਨ ਬੈਠੇ ਹਨ। ਬੈਠੇ-ਬੈਠੇ ਹੁਕਮ ਦਿੰਦੇ ਹਨ ਕਿ ਭਾਈ ਕੋਈ ਆਦਮੀ ਐਸ ਵਕਤ ਦੱਸ ਸਕਦਾ ਹੈ ਕਿ ਕਬੀਰ ਜੀ ਦੇ ਵਕਤ ਰਾਜਾ ਕੌਣ ਸੀ ?

ਕੋਈ ਕੁਛ ਕਹਿੰਦਾ ਹੈ—ਕੋਈ ਕੁਛ ਕਹਿੰਦਾ ਹੈ। ਗੁਰੂ ਸਾਹਿਬ ਜੀ ਕਹਿੰਦੇ ਹਨ,"ਵੇਖੋ ਕਬੀਰ ਜੁਲਾਹਾ, ਤੁਸੀਂ ਕਿਸੇ ਨੂੰ ਜਾ ਕੇ ਪੁੱਛੋ, ਲੋਕ ਕਹਿਣਗੇ, ਭਗਤ ਕਬੀਰ ਹੋਇਐ, ਨਾਮ ਦਾ ਪ੍ਰਤਾਪ ਹੈ—ਉਸ ਵੇਲੇ ਦੇ ਰਾਜੇ ਦਾ ਨਾਂ ਨਹੀਂ ਕਿਸੇ ਨੂੰ ਆਇਆ।

**ਕੋਟਿ ਲਾਖ ਸਰਬ ਕੋ ਰਾਜਾ**
**ਜਿਸੁ ਹਿਰਦੈ ਨਾਮੁ ਤੁਮਾਰਾ।।**

**ਜਾ ਕਉ ਨਾਮੁ ਨ ਦੀਆ ਮੇਰੈ ਸਤਿਗੁਰਿ**
**ਸੋ ਮਰਿ ਜਨਮਹਿ ਗਾਵਾਰਾ।।**

*-ਪੰਨਾ ੧੦੦੩*

ਸੰਤ ਜੀ ਕਹਿੰਦੇ ਨੇ ਮੇਰੀ ਬੁੱਧ ਤੁੱਛ ਹੈ। ਸੰਤ ਜੀ ਇਤਨੇ ਗੁਣੀ ਤੇ ਵਿਦਵਾਨ ਸਨ ਮੈਂ ਇਹਨਾਂ ਦਾ ਦਰਸ਼ਨ ਕੀਤਾ ਹੈ, ਮੈਂ ਆਦਿ ਦਾ ਪਾਠ, ਤੇ ਦਸਮ ਦਾ ਵੀ ਇਹਨਾਂ ਮਹਾਤਮਾ ਕੋਲੋਂ ਕੀਤਾ ਹੈ, ਬੜੇ ਵਿਦਵਾਨ ਥੇ, ਬੜੇ ਸਿਆਣੇ ਥੇ, ਲੇਕਿਨ ਨਿਰਮਾਣ ਵੀ ਉਤਨੇ ਹੀ ਥੇ —ਜਿਤਨੇ ਵਿਦਵਾਨ ਥੇ।

*ਤਊ ਲਾਗੇ ਪ੍ਰੇਮ ਹੇਮ ਪਾਰਸ ਬਣਾਏ ਹੈ।*

ਪਰ ਗੱਲ ਇਹ ਹੈ, ਮੇਰੀ ਬੁੱਧ ਤਾਂ ਕਿਸੇ ਕੰਮ ਦੀ ਨਹੀਂ ਪਰ ਜੇ ਲੱਗ ਜਾਏ ਪਾਰਸ ਰੂਪ ਪ੍ਰੇਮ ਤਾਂ ਫੇਰ ਮਨੂਰ ਨੂੰ ਵੀ ਸੋਨਾ ਬਣਾ ਸਕਦਾ ਹੈ। ਮੈਨੂੰ ਪ੍ਰੇਮ ਸਤਿਗੁਰੂ ਦਾ ਲੱਗਾ ਹੈ, ਤੁਹਾਡੀ ਕਿਰਪਾ ਹੋਵੇ ਸੰਤਾਂ-ਮਹਾਂਪੁਰਖਾਂ ਦੀ, ਤਾਂ ਪਾਰਸ ਜਿਹੜਾ ਹੈ ਉਹ ਹੇਮ ਬਣਾ ਦੇਵੇ ਮੈਨੂੰ।

*ਮੇਰੋ ਮਨ ਊਰ ਜਿ ਮਨੂਰ ਸਮ ਆਹਿ ਛੋਹਿ।*
*ਗੁਰੂ ਜਸ ਸੰਗਤਿ ਸੇ ਰੰਗ ਕੋ ਫਿਰਾਏ ਹੈ।*

ਮੇਰਾ ਜੋ ਮਨ ਹੈ ਉਹ ਊਰਾ ਹੈ ਔਰ ਉਹ ਮਨੂਰ ਜੈਸਾ ਹੈ ਪਰ ਸਤਿਗੁਰੂ ਦਾ ਜੱਸ ਜੇਕਰ ਮੈਨੂੰ ਛੋਹ ਜਾਵੇ ਤਾਂ ਮੇਰਾ ਰੰਗ ਪਲਟਾ ਦੇਵੇ, ਸੋਨਾ ਬਣਾ ਦੇਵੇ।

*ਕ੍ਰਿਪਾ ਨਿਧਾਨ ਗੁਰ ਸੁਖ ਹੂੰ ਕੀ ਖਾਨ ਸੰਤ।*

ਸਤਿਗੁਰੂ ਕਿਰਪਾ ਦੇ ਨਿਧਿ ਹਨ, ਸੰਤ ਸੁਖਾਂ ਦੀ ਖਾਨ ਹਨ।

*ਧਿਆਨ ਸਿੰਘ ਜੰਤ ਕੋਟ ਬਾਰ ਬੰਦੇ ਘਾਇ ਹੈ।*

ਧਿਆਨ ਸਿੰਘ ਜੀ ਜੰਤ ਬਣਕੇ, ਧਿਆਨ ਸਿੰਘ ਜੀ ਕਹਿੰਦੇ ਨੇ,"ਮੈਂ ਜੰਤ ਕਰੋੜਾਂ ਵੇਰ ਸੰਤਾਂ ਦੇ ਔਰ ਸਤਿਗੁਰਾਂ ਦੇ ਚਰਨਾਂ ਨੂੰ ਬੰਦਨਾ ਕਰਦਾ ਹਾਂ।'' ਤੁਲਸੀ ਦਾਸ ਕੀ ਕਹਿੰਦੇ ਹਨ-

*ਬਰਨਓ ਸੰਤ ਅਸੱਜਨ ਚਰਨਾਂ।*

ਕਹਿੰਦੇ ਨੇ ਮੈਂ ਦੋਹਾਂ ਨੂੰ ਨਮਸਕਾਰ ਕਰਦਾ ਹਾਂ। ਕਹਿੰਦੇ ਨੇ-

*ਇਕ ਮਿਲਤ ਦਾਰਨ ਦੁੱਖ ਦੇਹੀ,*

ਇੱਕ ਤਾਂ ਮਿਲਦੇ ਹਨ ਤੇ ਦੁੱਖ ਦਿੰਦੇ ਹਨ।

*ਇੱਕ ਬਿਛਰਤ ਪ੍ਰਾਨ ਹਰ ਲੇਹੀ,*

ਜਿਹੜੇ ਅਸੱਜਨ ਪੁਰਸ਼ ਹਨ ਮਿਲਦੇ ਨੇ ਤੇ ਦੁੱਖ ਦਿੰਦੇ ਨੇ ਕਿਉਂਕਿ ਉਹਦੇ ਮਿਲਨੇ ਸੇ ਦੁੱਖ ਪ੍ਰਾਪਤ ਹੁੰਦਾ ਹੈ। ਦੁੱਖ ਤੇ ਦੋਵੇਂ ਦਿੰਦੇ ਨੇ, ਇਸ ਕਰਕੇ ਮੈਂ ਦੋਹਾਂ ਦੇ ਚਰਨਾਂ ਨੂੰ ਬੰਦਨਾ ਕਰਦਾ ਹਾਂ। ਜਿਹੜੇ ਸੰਤ ਹਨ ਵਿੱਛੜਦੇ ਨੇ ਤੇ ਪ੍ਰਾਣ ਖਿੱਚ ਲੈਂਦੇ ਨੇ, ਉਹਨਾਂ ਦੇ ਵਿਛੜਨੇ ਦਾ ਦੁੱਖ ਹੁੰਦਾ ਹੈ।

*ਗੁਰੂ ਰਾਮ ਸਿੰਘ ਹਰਿ ਸੰਗਤ ਸਮੂਹ ਵਰ,*

ਸਤਿਗੁਰੂ ਰਾਮ ਸਿੰਘ ਹਰੀ ਰੂਪ ਹੈ, ਅਕਾਲ ਪੁਰਖ ਹੈ, ਸੰਗਤ ਸਾਰੀ ਉਸਦੀ ਵਰ ਸਰੇਸ਼ਠ ਹੈ।

*ਤਾਕੋ ਜਸ ਸੁਨੋ ਨਰ ਨਾਰੀ ਸਮੁਦਾਇ ਹੈ।।੪।।*

ਭਾਈ ਇਸਤਰੀਆਂ-ਪੁਰਸ਼, ਸਿੱਖ-ਸਿੱਖਣੀ, ਸਾਧ-ਸੰਗਤ ਸਤਿਗੁਰੂ ਦਾ ਜਸ ਸੁਣੋ-ਭਾਈ ਸਾਰੇ ਮਿਲਕੇ।

*ਚੌਪਈ। ਇਸ ਬਿਧਿ ਭੈਣੀ ਸਾਹਿਬ ਮਾਹਿ,*

ਇਸ ਤਰ੍ਹਾਂ ਭਾਈ ਰਾਇ ਸਿੰਘ ਜੀ ਆਏ, ਨਾਮ ਪੁੱਛਿਆ, ਸਤਿਗੁਰਾਂ ਨੂੰ ਮਿਲੇ ਤੇ ਕਹਿੰਦੇ ਨੇ, ਭੈਣੀ ਸਾਹਿਬ ਦੇ ਵਿੱਚ ਉਸ ਵਕਤ-

*ਲਗੈ ਰਹਿਨ ਸਿੱਖ ਗੁਰ ਕੈ ਪਾਹਿ।*

ਗੁਰੂ ਜੀ ਦੇ ਪਾਸ ਸਿੱਖ ਲਗੇ ਰਹਿਣ।

*ਤ੍ਰਯੋਦਸ ਸਿੱਖ, ਰਾਏ ਸਿੰਘ ਸਮੇਤ।*

ਉਦੋਂ ਕੁਲ ਤੇਰ੍ਹਾਂ ਸਿੱਖ ਸਨ ਸਤਿਗੁਰਾਂ ਦੇ ਪਾਸ ਸਾਰੇ।

*ਥੇ ਤਬ ਗੁਰ ਢਿਗ ਮੁਕਤੀ ਹੇਤ।।੫।।*

ਸਤਿਗੁਰਾਂ ਦੇ ਕੋਲ—ਕਾਹਦੇ ਵਾਸਤੇ—ਆਪਣੀ ਮੁਕਤੀ ਵਾਸਤੇ ਕਿ ਸਾਡਾ ਦੁਨੀਆਂ ਚੋਂ ਇਹ ਜੰਮਣ ਮਰਨ ਦਾ ਜੰਦਰਾ, ਇਹ ਜਿਹੜੀ ਜੰਮਣ ਮਰਨ ਦੀ ਫਾਂਸੀ ਹੈ, ਇਹ ਮੇਰੀ ਸਤਿਗੁਰੂ ਦੇ ਚਰਨਾਂ ਨਾਂਲ ਲੱਗਕੇ ਕੱਟੀ ਜਾਵੇ।

## ਹਜ਼ੂਰ ਸਾਹਿਬ ਦੀ ਮਰਯਾਦਾ

*ਇਕ ਦਿਨ ਸਤਿਗੁਰ ਵਾਕ ਅਲਾਇਓ।*

ਸਤਿਗੁਰਾਂ ਨੇ ਇਕ ਦਿਨ ਬਚਨ ਕੀਤਾ-

*ਰਾਇ ਸਿੰਘ ਕੋ ਪਾਸ ਬੁਲਾਇਓ।*

ਰਾਏ ਸਿੰਘ ਨੂੰ ਬੁਲਾਇਆ ਪਾਸ।

*ਕਹਿਓ ਜਾਹੁ ਸ੍ਰੀ ਅਬਿਚਲ ਨਗਰੀ।*

ਹੁਕਮ ਦਿੱਤਾ ਕਿ ਭਾਈ ਜਾ ਹਜ਼ੂਰ ਸਾਹਿਬ—ਨਦੇੜ ਦੱਖਣ ਵਿੱਚ।

*ਦਸਮੇਸ਼ਵਰ ਕੀ ਰੀਤੀ ਸਗਰੀ।।੬।।*

ਜੋ ਗੁਰੂ ਗੋਬਿੰਦ ਸਿੰਘ ਸਹਿਬ ਦੀ ਰੀਤੀ ਹੈ।

ਮੈਂ ਅਰਜ਼ ਕਰਾਂ, ਸੇਠ ਜੀ ਮੇਰੇ ਨਾਲ ਸਨ, ਅਸੀਂ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ ਹਨ, ਕੋਈ ਸੱਜਣ, ਜੇ ਕਿਸੇ ਨੇ ਕੀਤੇ ਹੋਣ, ਉਸਨੂੰ ਇਹ ਪਤਾ ਹੋ ਸਕਦਾ ਹੈ, ਉਥੋਂ ਦੀ ਮਰਯਾਦਾ ਇਹ ਹੈ ਕਿ ਜਿਸ ਵਕਤ ਰਹਿਰਾਸ ਦਾ ਭੋਗ ਪੈ ਜਾਏ, ਅਰਦਾਸ ਹੋ ਜਾਏ, ਤਖ਼ਤ ਸਾਹਿਬ ਦੇ ਹਜ਼ੂਰ ਜਿਤਨੇ ਵੀ ਸਿੰਘ ਹੁੰਦੇ ਹਨ ਸਭ ਇੱਕ ਦੂਜੇ ਦੇ ਚਰਨੀਂ ਹੱਥ ਉੱਥੇ ਲਾਉਂਦੇ ਨੇ। ਹਜ਼ੂਰ ਸਾਹਿਬ ਰਹਿਰਾਸ ਦੇ ਭੋਗ ਤੋਂ ਬਾਅਦ ਅਸੀਂ ਉੱਥੇ ਰਹੇ, ਲੰਗਰ ਕੀਤਾ, ਸਾਧ ਸੰਗਤ ਦੀ ਸੇਵਾ ਅਸੀਂ ਕੀ ਕਰਨੀ ਹੈ, ਗੁਰੂ ਦੀ ਚੀਜ਼ ਹੈ—ਉਹੀ ਦੇਣ ਵਾਲਾ, ਉਹੀ ਲੈਣ ਵਾਲਾ, ਉੱਥੇ ਇੱਕ ਦਿਨ ਰਹੇ ਹਾਂ। ਦਰਸ਼ਨ ਦੋ ਵਾਰ ਮੈਂ ਕਰ ਆਇਆ ਹਾਂ। ਉੱਥੇ ਗਏ ਹਾਂ, ਜਾ ਕੇ ਰਾਤ ਰਹੇ। ਸ਼ਾਮ ਦੇ ਵਕਤ ਰਹਿਰਾਸ ਦਾ ਪਾਠ ਜਿਸ ਵਕਤ ਸੁਣਿਆ, ਗ੍ਰੰਥੀ ਸਿੰਘ ਨੇ ਪਾਠ ਕੀਤਾ, ਅਰਦਾਸਾ ਹੋਇਆ ਤੇ ਪਰਕਰਮਾ ਲੱਗੇ ਕਰਨ। ਜਿਹੜੇ ਸੱਜਣ ਆਏ ਹਨ ਉਨ੍ਹਾਂ ਨੂੰ ਪਤਾ ਹੈ ਅੰਦਰਲਾ ਦਰਬਾਰ ਗੁਰੂ ਸਾਹਿਬ ਦਾ, ਬਾਹਰ ਇੱਕ ਜਗ੍ਹਾ ਸਾਹਮਣੇ ਬਣੀ ਹੈ ਜਿਹਦੇ ਵਿੱਚ ਪੰਜ ਦਰਬਾਰ ਪ੍ਰਕਾਸ਼ ਹੁੰਦੇ ਹਨ—ਬੀੜਾਂ ਮਹਾਰਾਜ ਦੀਆਂ, ਜਿਨ੍ਹਾਂ ਵਿੱਚ ਤਿੰਨ ਆਦਿ ਦੀਆਂ, ਦੋ ਦਸਮ ਗ੍ਰੰਥ ਦੀਆਂ—ਇਹ ਪੰਜ ਬੀੜਾਂ ਦਾ ਪ੍ਰਕਾਸ਼ ਬਾਹਰ ਹੁੰਦਾ ਹੈ ਔਰ ਪਰਕਰਮਾ ਅਲਹਿਦੀ ਬਣਾਈ ਹੋਈ ਹੈ।

ਇਹ ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਜਗ੍ਹਾ ਬਣਾਈ ਹੈ। ਜਾ ਕੇ ਤਖ਼ਤ ਸਾਹਿਬ ਦਾ ਦਰਸ਼ਨ ਕਰੀਏ, ਅਠਾਰ੍ਹਾਂ ਪੌੜੀਆਂ ਉੱਚਾ ਹੈ ਜ਼ਮੀਨੋਂ, ਜਿੱਥੋਂ ਤੱਕ ਮੈਨੂੰ ਯਾਦ ਹੈ। ਅੰਮ੍ਰਿਤਸਰ ਦਾ ਦਰਬਾਰ ਸਾਹਿਬ ਗੁਰੂ ਸਾਹਿਬ ਨੇ ਬਣਾਇਆ ਹੈ, ਉਹੋ ਜਿਹੀ ਜਗ੍ਹਾ ਦੁਨੀਆਂ 'ਚ ਕਿਤੇ ਨਹੀਂ। ਉੱਥੇ ਇੱਕ ਤੰਗੀ ਮਾਲੂਮ ਹੁੰਦੀ ਹੈ ਜਿਸ ਵੇਲੇ ਪਾਠੀ ਸਿੰਘ ਬੈਠਾ ਹੋਵੇ, ਰਾਗੀ ਸਿੰਘ ਬੈਠੇ ਹੋਣ, ਮਹਾਰਾਜ ਦੀ ਬੀੜ ਪ੍ਰਕਾਸ਼ ਕੀਤੀ ਹੋਵੇ, ਪਰਕਰਮਾਂ ਕਰਨ ਵਾਲੇ ਨੂੰ ਤੰਗੀ ਹੁੰਦੀ ਹੈ। ਪਰ ਉੱਥੇ (ਹਜ਼ੂਰ ਸਾਹਿਬ) ਜਾ ਕੇ ਜੇ ਦੇਖੀਏ ਅਸੀਂ ਤਾਂ ਐਸੇ ਕਾਇਦੇ ਨਾਲ ਉਹਨਾਂ ਜਗ੍ਹਾ ਬਣਾਈ ਕਿਉਂਕਿ ਸ੍ਰ. ਲਹਿਣਾ ਸਿੰਘ ਜੀ ਅੰਮ੍ਰਿਤਸਰ ਦਾ ਦਰਸ਼ਨ ਕਰ ਆਏ ਹੋਏ ਸਨ ਤੇ ਸਤਿਗੁਰੂ ਜੀ ਨੇ ਉਹਨਾਂ ਨੂੰ ਆਪਣੀ ਬੁੱਧ ਦਿੱਤੀ, ਸ. ਲਹਿਣਾ ਸਿੰਘ ਨੂੰ। ਦਰਬਾਰ ਦਾ ਇੱਕ ਪਾਸਾ ਸੱਜਾ ਬਣਾਇਆ ਹੈ, ਬਾਰਾਂਦਰੀ ਖੱਬੇ ਅਜੇ ਰਹਿੰਦੀ ਸੀ, ਮਹਾਰਾਜਾ ਰਣਜੀਤ ਸਿੰਘ ਗੁਜ਼ਰ ਗਏ ਤੇ ਸਰਦਾਰ ਜੀ ਵਿੱਚੇ ਛੱਡਕੇ ਆ ਗਏ।

ਜਿਸ ਵਕਤ ਅਰਦਾਸ ਹੋ ਜਾਏ, ਸਿੰਘ ਪਰਕਰਮਾਂ ਕਰਦੇ ਹਨ ਜਿੰਨੀ ਸਾਧ-ਸੰਗਤ ਉੱਥੇ ਹੁੰਦੀ ਹੈ, ਸਭ ਇੱਕ ਦੂਸਰੇ ਦੇ ਚਰਨੀਂ ਹੱਥ—ਉੱਥੇ ਸਾਹਮਣੇ ਮਹਾਰਾਜ ਦੇ ਤਖ਼ਤ ਤੇ ਲਾਉਂਦੇ ਨੇ, ਕੋਈ ਇਹ ਨਹੀਂ ਕਿ ਹੇਠ ਉਤਰ ਕੇ ਕੋਈ ਜਾ ਕੇ ਲਾਉਂਦੈ, ਇਹ ਉੱਥੋਂ ਦੀ ਮਰਯਾਦਾ ਹੈ।

*ਕੁਛਕੁ ਰੋਜ ਰਹਿ ਕਰ ਤਹਿ ਭਾਈ।*

'ਭਾਈ ਰਾਇ ਸਿੰਘ' ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਹਨ ਕਿ ਭਾਈ, ਕੁਛ ਕੁ ਦਿਨ ਉੱਥੇ ਰਹਿ ਕੇ-

*ਲਿਖ ਲਿਆਵੋ ਰੀਤੀ ਸਮੁਦਾਈ।*

ਉੱਥੇ ਰਹੋ ਕੁਛ ਦਿਨ। ਇਹ ਇਉਂ ਨਹੀਂ, ਇੱਕ ਦੋ ਦਿਨਾਂ 'ਚ ਨਹੀਂ ਪਤਾ ਲੱਗਦਾ—ਸਾਰੀ ਮਰਯਾਦਾ ਦਾ, ਅਸੀਂ ਅੱਠ ਪਹਿਰ ਰਹੇ ਹਾਂ, ਪੂਰੀ ਗੱਲ ਨਹੀਂ ਸਮਝ ਸਕੇ। ਗੁਰਪੁਰਬਾਂ ਉੱਤੇ ਕੀ ਕੁਛ ਬਣਦਾ ਹੈ, ਕਿਸ ਤਰ੍ਹਾਂ ਬਾਹਰ ਜਿਸ ਵੇਲੇ ਨਿਕਲਦਾ ਹੈ ਮਹਾਰਾਜ ਦਾ ਸਵਾਰਾ—ਉਹ ਕਿਸ ਤਰ੍ਹਾਂ ਨਿਕਲਦਾ ਹੈ, ਘੋੜੇ ਕਿਸ ਤਰ੍ਹਾਂ ਸ਼ਿੰਗਾਰੇ ਜਾਂਦੇ ਹਨ, ਸਿੰਘ ਕਿਸ

ਤਰ੍ਹਾਂ ਬਾਹਰ ਜਾਂਦੇ ਹਨ, ਕੀ ਕੁਛ ਹੁੰਦਾ ਹੈ। ਭਾਈ ਤੂੰ ਉੱਥੇ ਕੁਛ ਦਿਨ ਰਹੋ ਔਰ ਸਾਰੀ ਰੀਤੀ ਲਿਖ ਕੇ ਲਿਆ ਕਿਉਂਕਿ ਪੰਜਾਬ ਵਿੱਚ ਉਸ ਵੇਲੇ ਗੁਰੂ ਗੋਬਿੰਦ ਸਿੰਘ ਦੀ ਰੀਤੀ ਖਤਮ ਹੋ ਚੁੱਕੀ ਸੀ। ਲੋਕ ਉਸ ਵੇਲੇ ਜਿਹੜੇ ਸਿੱਖਾਂ ਦੇ ਅਸੂਲ ਸਨ—ਛੱਡ ਬੈਠੇ ਸੀ।

## ਸਿੱਖੀ ਦੀ ਨਿੱਘਰਦੀ ਦਸ਼ਾ

ਗਿਆਨ ਸਿੰਘ ਜੀ ਗਿਆਨੀ ਨੇ ਲਿਖਿਆ ਹੈ, ਮੈਂ ਅਰਜ਼ ਕੀਤੀ ਸੀ–

*ਜਾਗਾ ਜਿਨਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ,*
*ਤਿਨਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਬਖਿਆਤੀ।*

ਫਿਰ–

*ਕੇਈ ਬਾਰ ਪਾਰੈ,*

–ਕਈ ਵਾਲ ਪਾੜਦੇ ਹਨ, ਕਈ–

*ਓਚੈ,*

ਕਈ ਵਿੱਚੋਂ ਚੁਗਦੇ ਹਨ—ਕਾਲੇ ਵਾਲ, ਰਹਿ ਜਾਣ—ਧੌਲੇ।

*ਓਚੈ ਨਾਕ ਨੋਚੈ ਮੋਚਨੇ ਲੈ*
*ਕੋਈ ਖੋਚੈ ਲਤਨ ਕੋ ਸੋਚੈਂ ਨ ਲਖਾਇ ਹੈਂ।*

ਕਈ ਮੋਚਨਿਆਂ ਨਾਲ ਨੱਕ ਦੇ ਵਾਲ ਪੁੱਟਦੇ ਹਨ–

*ਕੋਊ ਦਾੜ੍ਹੇ ਹੀ ਉਖਾੜੈ,*

ਕਈ ਇੱਥੋਂ ਠੋਢੀ ਤੋਂ ਸਫਾਈ ਕਰਦੇ ਹਨ–

*ਹਾਥ ਮਾਥ ਪੈ ਚਲਾਇ ਹੈਂ।*

ਕਈ ਇੱਥੋਂ ਮੱਥੇ ਦੀਆਂ ਚੁੰਡਾਂ ਕੱਢਦੇ ਹਨ। ਭਾਈ ਸਾਹਿਬ ਜੀ ਕਹਿੰਦੇ ਨੇ–

*ਸਿਖਨ ਕੈ ਪੂਤ ਮਜਬੂਤ ਸਿੰਘ ਨਾਮ ਵਾਰੇ*
*ਹਾਇ ਵੇ ਕਸਾਈ ਰਹੇ ਸਿਖੀ ਗਊ ਘਾਇ ਹੈ।*

ਸਿੱਖਾਂ ਦੇ ਪੁੱਤਰ, ਜਿਨ੍ਹਾਂ ਦੇ ਸਿੰਘ ਨਾਮ ਸੇ—ਉਹ ਸਿੰਘ ਨਾਮ ਵਾਲੇ ਮਜ਼ਬੂਤ, ਸਹਿਜਧਾਰੀਆਂ ਦੀ ਗੱਲ ਨਹੀਂ ਸੀ, ਸਿੱਖਾਂ ਦੀ ਗੱਲ ਨਹੀਂ ਸੀ,

ਸਿੰਘ ਨਾਮ ਮਜ਼ਬੂਤ ਵਾਲੇ—ਉਹ ਸਿੱਖੀ ਰੂਪ ਗਊ ਨੂੰ ਕਸਾਈ ਬਣ ਕੇ ਕਤਲ ਕਰ ਰਹੇ ਨੇ।

*ਨਿਜ ਤਿਯ ਤਜ ਕੁਲਟਾ ਬਿਭਚਾਰਨ ਮੁੰਡਿਓ ਸੰਗ ਰਮੈਂ ਹੈਂ ਜੇ।*
*ਤਿਨ ਕੇ ਸੰਗੀ ਬਾਦ ਫਰੰਗੀ ਬਹੁਤ ਨਮਰਦ ਥਵੈ ਹੈਂ ਜੇ।*
*ਸਿੰਘ ਸੁਨਹਿਰੀ ਕਬਜੇ ਵਾਰੇ ਤਿਨੈ ਮਸਖਰੀ ਲੋਗ ਕਰੈ।*

ਸਿੱਖਾਂ ਦੀ ਹਾਲਤ, ਮੁੰਡੇ ਸਿੱਖਾਂ ਰੱਖੇ, ਕੰਜਰੀਆਂ ਸਿੱਖਾਂ ਨੇ ਰੱਖੀਆਂ, ਆਪਣੇ ਘਰ ਛੱਡੇ ਔਰ ਫਿਰ ਬਿਮਾਰ ਹੋਏ ਤੁਰਿਆ ਨਹੀਂ ਜਾਂਦਾ ਤੇ ਲੋਕ ਮਖੌਲ ਕਰਦੇ ਨੇ, ਸਿੰਘਾਂ ਦਾ ਬਈ ਸੁਨਹਿਰੀ ਕਬਜ਼ਾ—ਤਲਵਾਰਾਂ ਦੇ ਕਬਜ਼ੇ ਹੁੰਦੇ ਸਨ ਸਿੰਘਾਂ ਦੇ ਸੁਨਹਿਰੀ ਪਾਏ ਹੋਏ। ਇਹ ਮਖੌਲ ਬਣ ਗਿਆ ਸਿੱਖਾਂ ਵਾਸਤੇ। ਭਾਈ ਜੀ ਕਹਿੰਦੇ ਹਨ–

*ਤਿਨਕੇ ਸੰਗੀ ਬਾਦ ਫਰੰਗੀ ਬਹੁਤ ਨਮਰਦ ਥਵੈ ਹੈ ਜੇ।*
*ਸਿੰਘ ਸੁਨਹਿਰੀ ਕਬਜੇ ਵਾਰੇ ਤਿਨੈ ਮਸਖਰੀ ਲੋਕ ਕਰੈ।*

ਤੁਰਿਆ ਨਹੀਂ ਜਾਂਦਾ, ਜਦੋਂ ਚੌੜੀਆਂ ਲੱਤਾਂ ਕਰਕੇ ਤੁਰਦਾ ਐ ਤਾਂ ਮਖੌਲ ਹੁੰਦਾ ਹੈ, ਕਿਉਂਕਿ–

*ਸਰਮ ਹਿਆਉ ਸੁਕਰਮ ਧਰਮ ਤਜ ਪੈ ਕੁਕਰਮ ਮੈ ਸੋਉ ਮਰੈਂ।*

ਉਹ ਕੁਕਰਮ ਵਿੱਚ ਪੈ ਗਏ।

*ਕਬਿੱਤ।।ਔਰੇ ਰੀਤ ਔਰੇਂ ਮੀਤ ਔਰੇਂ ਪ੍ਰਤੀਤ ਪ੍ਰੀਤ*
*ਖਾਨ ਪਹਿਰਾਨ ਗਯਾਨ ਮਾਨ ਔਰੈਂ ਜਨ ਕੈ।*
*ਡਾਰੇ ਦਸਤਾਰੇ ਸਾਫੇ ਭਾਰੇ ਹੈ ਸੰਭਾਰੈਂ ਅੱਛੇ*
*ਕਛੈ ਤਜ ਗਏ ਧੋਤੀ ਸੁਥੁ ਤੰਗ ਤਨਕੈ।*

ਭਾਈ ਸਾਹਿਬ ਕਹਿੰਦੇ ਨੇ ਇਹੋ ਜਿਹੀ ਕੁਛ ਹਾਲਤ ਬਣੀ, ਛੱਡ ਦਿੱਤੇ ਦਸਤਾਰੇ ਸਿੱਧੇ, ਬੰਨ੍ਹ ਲਏ ਸਾਫੇ—ਪਿੱਛੇ ਰੱਖੇ ਲੜ, ਮੈਂ ਅਰਜ਼ ਕਰਾਂ ਕੋਈ ਹਿੰਦੂ ਹੋਵੇ, ਚਾਹੇ ਕੋਈ ਸਿੱਖ ਹੋਵੇ, ਇਸ ਗੱਲ ਦਾ ਕਿਸੇ ਨੂੰ ਗੁੱਸਾ ਨਹੀਂ ਕਰਨਾ ਚਾਹੀਦਾ ਜਿਹੜਾ ਪਿੱਛੇ ਸ਼ਮਲਾ ਰੱਖਣੈ—ਇਹ ਮੁਸਲਮਾਨੀ ਕਾਇਦਾ ਹੈ।

*ਧਾਰੇ ਹੈ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ,*

*ਜਿਨੇ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੈ।*

ਭਾਈ ਸਾਹਿਬ ਕਹਿੰਦੇ ਨੇ ਫਿਰ ਹਿੰਦੂ ਧੋਤੀਆਂ ਟੰਗਦੇ ਸੀ, ਸਿੱਖਾਂ ਨੇ ਉਹ ਚਾਦਰਾਂ ਬੰਨੀਆਂ ਜਿੰਨ੍ਹਾਂ ਨਾਲ ਗਲੀਆਂ ਦਾ ਕੂੜਾ ਸੰਭਰੀਦਾ ਜਾਵੇ।

*ਜਿਨੈ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੈ।*

ਕਿ ਤੁਰਕਾਂ ਦੇ ਤੰਬੇ ਬੰਨੇ ਤੇੜ—ਜਿੰਨਾਂ ਨੂੰ ਦੇਖ ਕੇ ਸਿੱਖੀ ਰੂਪ ਗਊ ਕੰਬਦੀ ਹੈ। ਕਿਉਂ—ਸਿੱਖੀ ਤੇ ਰਹੀ ਨਹੀਂ, ਭਜਨ ਛੁੱਟ ਗਿਆ, ਬਾਣੀ ਛੁੱਟ ਗਈ, ਕੋਈ ਬੋਲਦਾ ਨਹੀਂ, ਕੋਈ ਪੜ੍ਹਦਾ ਨਹੀਂ, ਕੋਈ ਕੁਛ ਕਰਦਾ ਨਹੀਂ, ਜੇ ਕੋਈ ਪੜ੍ਹਦਾ ਹੈ ਤਾਂ ਉਹਨੂੰ ਮਖੌਲ ਕਰਦੇ ਨੇ।

*ਜਪੁਜੀ ਨ ਰਹਿਰਾਸ, ਪਢੈ ਸੁਣੈ ਕਭੀ ਖਾਸ,*
*ਔਰ ਜੋ ਪੜਤ ਪਾਸ, ਹਾਸ ਤਿਨ ਯੋ ਰਰੈ।*

ਉਹਨੂੰ ਮਖ਼ੌਲ ਕਰਦੇ ਨੇ ਉਹ।

*ਕਹਾ ਰੱਬ ਬਹਿਰਾ ਹੈ, ਗਹਿਰਾ ਪੁਕਾਰੈ ਜੋ ਤੂੰ,*

ਰੱਬ ਬੋਲਾ ਹੈ ਤੂੰ ਉਹਨੂੰ ਪੜ੍ਹਕੇ ਸੁਣਾਉਂਦਾ ਹੈਂ। ਇਹ ਹਾਲਤ ਹੋਈ, ਤੇ ਇੱਥੇ ਪੰਜਾਬ ਵਿੱਚ ਖੇਲ ਖਤਮ ਹੋ ਗਈ—ਗੁਰੂ ਗੋਬਿੰਦ ਸਿੰਘ ਦੀ ਸਿੱਖੀ।

## ਭਾਈ ਰਾਇ ਸਿੰਘ ਨੂੰ ਹੁਕਮ

ਜਿਹੜੇ ਉੱਥੇ ਨਦੇੜ ਵਿੱਚ ਸਿੱਖ ਬੈਠੇ ਥੇ—ਸਤਿਗੁਰਾਂ ਨੇ ਭਾਈ ਰਾਇ ਸਿੰਘ ਨੂੰ (ਓਥੇ) ਭੇਜਿਆ। ਉਹ ਜਾਣਦੇ ਤੇ ਸਭ ਕੁਛ ਹਨ—ਅੰਤਰਜਾਮੀ, ਉਹ ਜੋ ਚਾਹੁਣ ਸੋ ਕਰ ਸਕਦੇ ਹਨ, ਪਰ ਉਨ੍ਹਾਂ ਨੇ ਕਿਹਾ,"ਜਾਹ ਹਜ਼ੂਰ ਸਾਹਿਬ, ਜਾ ਕੇ ਮਰਯਾਦਾ ਲਿਖ ਕੇ ਲਿਆ, ਕੁਝ ਦਿਨ ਉੱਥੇ ਰਹੁ ਜਾ ਕੈ।

*ਗੁਰੂ ਗ੍ਰੰਥ ਕੋ ਸਹਿ ਅਰਥਾਉ।*

ਗੁਰੂ ਗ੍ਰੰਥ ਸਾਹਿਬ ਦਾ ਅਰਥਾਂ ਦੇ ਸਹਿਤ ਕਿਉਂਕਿ ਭਾਈ ਸਾਹਿਬ ਗਿਆਨੀ ਥੇ, ਉਹ ਪੜ੍ਹਕੇ ਆਏ ਸੀ ਅੰਮ੍ਰਿਤਸਰ ਤੋਂ, ਉਨ੍ਹਾਂ ਨੂੰ ਉੱਥੇ ਹੁਕਮ ਦਿੱਤਾ, ਉਸ ਤੋਂ ਬਾਅਦ ਹੁਕਮ ਬੰਦ ਕੀਤਾ ਕਿ ਕੋਈ ਗੁਰਬਾਣੀ ਦੇ ਅਰਥ ਨਾ ਕਰੇ। ਮੈਂ ਅੱਗੇ ਅਰਜ਼ ਕੀਤੀ ਸੀ ਕਿ ਨਾਮਧਾਰੀਆਂ ਨੂੰ ਗੁਰਬਾਣੀ

ਦੇ ਅਰਥ ਕਰਨ ਦਾ ਹੁਕਮ ਨਹੀਂ ਤਾਂ ਉਸ ਵਕਤ ਉਹਨਾਂ ਨੂੰ ਕਿਹਾ,''ਤੂੰ ਉੱਥੇ ਚਲਿਆ ਹੈਂ, ਤੂੰ ਸਹਿਤ ਅਰਥਾਂ ਦੇ ਸਾਰਾ ਪਾਠ ਕਰੀਂ।''

*ਊਹਾਂ ਰਹੋ ਭੋਗ ਸਭ ਪਾਉ।।੭।।*

ਭੋਗ ਪਾ ਦੇਣਾ ਉੱਥੇ ਪਾਠ ਕਰਕੇ। ਪਰ–

*ਸਿੰਘਨ ਰੀਤੀ ਨਿਤਪ੍ਰਤਿ ਜੇਤੀ।*

ਸਿੰਘਾਂ ਦੀ ਜੋ ਰੀਤੀ ਹੋਵੇ ਉੱਥੋਂ ਦੀ ਕਿ ਸਿੰਘ ਇਸ਼ਨਾਨ ਕਿਸ ਤਰ੍ਹਾਂ ਕਰਦੇ ਹਨ....।

ਮੈਂ ਅਰਜ਼ ਕਰਾਂ ਕਿ ਜਿਹੜਾ ਲੰਗਰ ਹੈ ਹਜ਼ੂਰ ਸਾਹਿਬ ਦਾ—ਮੈਂ ਹੁਣ ਛੇ ਮਹੀਨੇ ਸਾਲ ਦੀ ਗੱਲ ਨਹੀਂ ਕਰ ਸਕਦਾ—ਉਹਦੇ ਵਿੱਚ ਮਾਸ ਨਹੀਂ ਪੈ ਸਕਦਾ। ਜਿਹੜਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਗੁਰਦੁਆਰੇ ਲੰਗਰ ਹੈ, ਉਹਦੇ ਵਿੱਚ ਮਾਸ ਨਹੀਂ ਰਿੱਝ ਸਕਦਾ। ਬਾਹਰ ਬੇਸ਼ਕ ਕੋਈ ਛਕੇ, ਕੁਛ ਕਰੇ, ਲੇਕਿਨ ਲੰਗਰ ਵਿੱਚ ਮਾਸ ਨਹੀਂ ਜਾਂਦਾ ਔਰ ਜਿਹੜਾ ਅੰਦਰਲਾ ਪੁਜਾਰੀ ਹੈ ਕਿਉਂਕਿ ਲੰਗਰ ਵਿੱਚ ਕੋਈ-ਕੋਈ ਸਿੰਘ ਲਾਂਗਰੀ ਬਾਹਰ ਛਕ ਲੈਂਦੇ ਹਨ ਤੇ ਜਾ ਕੇ ਲੰਗਰ ਵਿੱਚ ਲੱਗ ਜਾਂਦੇ ਹਨ, ਜਿਹੜਾ ਅੰਦਰਲਾ ਪੁਜਾਰੀ ਹੈ ਗੁਰੂ ਸਾਹਿਬ ਦੇ ਤਖ਼ਤ ਦਾ, ਉਹ ਉਹਨਾਂ ਦੇ ਹੱਥ ਦਾ ਪ੍ਰਸ਼ਾਦਾ ਭੀ ਨਹੀਂ ਛਕਦਾ। ਉਹਦਾ ਵੱਖਰਾ ਲਾਂਗਰੀ ਇੱਕ ਰੱਖਿਆ ਹੋਇਆ ਹੈ, ਭੁੰਜੇ ਉਹ ਬਰਾਜਦਾ ਹੈ ਔਰ ਸਣੇ ਕੇਸੀਂ ਰੋਜ਼ ਇਸ਼ਨਾਨ ਕਰਦਾ ਹੈ।

ਸੇਠ (ਦਿਆਲ ਸਿੰਘ) ਜੀ ਤੇ ਮੈਂ ਗਏ, ਅਸੀਂ ਜਾ ਕੇ ਕੋਲ ਬੈਠੇ, ਇਸ ਤਰ੍ਹਾਂ ਭੁੰਜੇ ਥੜ੍ਹੇ ਜਿਹੇ ਉੱਤੇ ਬੈਠੇ ਬਚਨ ਬਿਲਾਸ ਕਰਨ ਲੱਗੇ, ਪੁਜਾਰੀ ਕਹਿਣ ਲਗੇ,''ਇੱਕ ਦਿਨ ਮੈਨੂੰ ਆਲਸ ਹੋ ਗਿਆ, ਮੇਰੀ ਅੱਖ ਲੱਗ ਗਈ ਤੇ ਮੈਂ ਇਸ਼ਨਾਨ ਨਾ ਕੀਤਾ, ਮੈਂ ਆਖਿਆ ਮੈਂ ਕਿਹੜਾ ਸੁੱਤਾਂ? ਉਹ ਜਿਹੜੇ ਹਥਿਆਰ, ਸ਼ਸਤਰ ਗੁਰੂ ਸਾਹਿਬ ਦੇ ਜਿਨ੍ਹਾਂ ਨੂੰ ਮੈਂ ਰੋਜ਼ ਸਾਂਭ ਕੇ ਰੱਖਦਾ ਸਾਂ, ਜਿਸ ਵੇਲੇ ਮੈਂ ਰੱਖਣ ਲੱਗਾ, ਮੇਰੀ ਉਂਗਲ ਕੱਟੀ ਗਈ,''ਇਹ ਉਨ੍ਹਾਂ ਨੇ ਆਪ ਸਾਨੂੰ ਦੱਸਿਆ।

*ਸਿੰਘਨ ਰੀਤੀ ਨਿਤਪ੍ਰਤਿ ਜੇਤੀ।*

*ਲਿਖ ਕਰ ਲਿਆਓ ਦਿਖੋ ਜੋ ਤੇਤੀ।*

ਜੋ ਕੁਝ ਉੱਥੇ ਦੇਖੋ ਉਹ ਰੀਤੀ ਲਿਖੋ।

*ਤੁਮਕੋ ਜੇ ਕੋ ਭੇਟ ਚਢਾਇ।*

ਪਰ ਇੱਕ ਗੱਲ ਕਰਨੀ, ਤੁਸਾਂ ਕਰਨਾ ਹੈ ਪਾਠ, ਕਰਨੀ ਹੈ ਕਥਾ, ਜੇ ਕੋਈ ਭੇਟਾ ਚੜ੍ਹੇ–

*ਊਹਾਂ ਕੀ ਊਹਾਂ ਦਿਹੁ ਲਾਇ।।੮।।*

–ਉਥੋਂ ਦੀ ਲੈ ਕੇ ਨਹੀਂ ਆਉਣੀ, ਭੇਟਾ ਨਹੀਂ ਲੈਣੀ, ਤੁਸੀਂ ਪੂਜਾ ਨਹੀਂ ਲੈਣੀ।

*ਕੌਡੀ ਏਕ ਲਵੋ ਤੁਮ ਨਾਹੀ।*

ਇੱਕ ਕਉਡੀ ਲੈਣੀ ਨਹੀਂ—ਉੱਥੋਂ।

*ਸ਼ਾਦੀ ਭੀ ਕਰਵਾਇਓ ਨਾ ਹੀ।*

ਉੱਥੇ ਜਾਵੇਂਗਾ, ਸ਼ਾਦੀਆਂ ਵੀ ਉੱਧਰ ਦੱਖਣ ਵਿੱਚ ਜ਼ਿਆਦਾ ਹੋ ਜਾਂਦੀਆਂ ਹਨ, ਦੇਖੀਂ ਜਾ ਕੇ ਕਿਤੇ ਫਸ ਨ ਜਾਈਂ—ਨਾ ਜੜ੍ਹ ਮਾਇਆ ਵਿੱਚ, ਨਾ ਚੇਤੰਨ ਮਾਇਆ ਵਿੱਚ।

*ਸਭ ਸੁਧ ਜਲਦ ਲਿਆਇ ਦਿਹੁ ਮੋਕੋ।*

ਖਬਰ ਸਾਰੀ ਸਾਨੂੰ ਲਿਆਕੇ ਛੇਤੀ ਦੇ ਭਾਈ।

*ਕਹੀ ਮੋਹਿ ਭੂਲੇ ਮਤ ਤੋਕੋ।।੯।।*

ਮੇਰਾ ਕਹਿਣਾ ਨਾ ਭੁਲ ਜਾਈਂ।

*ਸੁਨ ਕਰ ਰਾਇ ਸਿੰਘ ਸਤਿ ਮਾਨੀ।*

ਰਾਇ ਸਿੰਘ ਨੇ ਸਤਿ ਬਚਨ ਮੰਨ ਲਿਆ। ਧੰਨ ਸਤਿਗੁਰੂ ! ਧੰਨ ਸਤਿਗੁਰੂ ਦੇ ਸਿੱਖ ! ਜਿਹੜੇ ਸਤਿ ਬਚਨ ਮੰਨਦੇ ਹਨ ਕਿਉਂਕਿ ਗੁਰੂ ਨੇ ਜੋ ਹੁਕਮ ਦਿੱਤਾ, ਸਿੱਖ ਨੇ ਮੰਨਿਆ ਤਾਂ ਗੁਰਮੁਖ ਜੇ ਗੁਰੂ ਦਾ ਹੁਕਮ ਨਹੀਂ ਮੰਨਿਆ, ਮਨ ਦੇ ਆਖੇ ਲੱਗਿਆ ਤਾਂ ਮਨਮੁਖ।

*ਹਾਥ ਜੋਰ ਇਵ ਬਿਨਤੀ ਠਾਨੀ।*

ਇਸ ਤਰ੍ਹਾਂ ਹੱਥ ਜੋੜ ਕਰਕੇ ਬੇਨਤੀ ਕਰਦਾ ਹੈ–

*ਪ੍ਰਭ ਜੀ ਜਾਉਂ ਅਬੀ ਸੁਰ ਸਾਰਾ।*

ਹੇ ਮਹਾਰਾਜ, ਮੈਂ ਜਾਵਾਂਗਾ ਸਾਰੀ ਖਬਰ ਲਿਆਵਾਂਗਾ।

*ਦੇਖ ਅਵੌਂ ਦਸਵੇਂ ਗੁਰਦੁਆਰਾ।।੧੦।।*

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦੁਆਰਾ ਮੈਂ ਦਰਸ਼ਨ ਕਰੀਂ ਆਵਾਂਗਾ।

*ਮੋ ਪੈ ਕ੍ਰਿਪਾ ਦ੍ਰਿਸ਼ਟ ਪ੍ਰਭ ਕਰੀਏ।*

ਕਿਰਪਾ ਮੇਰੇ ਉੱਤੇ ਕਰਨੀ।

*ਦੀਨ ਦਾਸ ਕੇ ਸਿਰ ਕਰ ਧਰੀਏ।*

ਗਰੀਬ ਦਾਸ ਦੇ ਸਿਰ ਉੱਤੇ ਹੱਥ ਧਰ ਦਿਓ, ਕਿਉਂਕਿ–

**ਤਾਹਿ ਕਹਾ ਪਰਵਾਹ ਕਾਹੂ ਕੀ**
**ਜਾ ਕੇ ਬਸੀਸਿ ਧਰਿਓ ਗੁਰਿ ਹਥੁ।।**

*–ਪੰਨਾ ੧੪੦੫*

*ਸੀਸ ਹਾਥ ਧਰ ਕਹਿਓ ਗੁਸਾਈ।*

ਸਤਿਗੁਰਾਂ ਨੇ ਸਿਰ ਉੱਤੇ ਹੱਥ ਰੱਖਿਆ ਔਰ ਆਖਿਆ–

*ਊਹਾਂ ਵਿਆਹ ਕਰਾਣਾ ਨਾਹੀ।।੧੧।।*

ਉੱਥੇ ਦੇਖੀ ਵਿਆਹ ਨਾ ਕਰਾ ਲਈਂ।

*ਅੰਤਰਿ ਨਾ ਭੂਲੋ ਬਚ ਮੇਰੇ।*

ਮੇਰੇ ਬਚਨ ਅੰਦਰੋਂ ਨ ਭੁੱਲ ਜਾਈਂ।

*ਜਾਹੁ ਗੁਰੂ ਰੱਖਵਾਲੇ ਤੇਰੇ।*

ਜੇ ਬਚਨ ਨਾ ਭੁੱਲੇਂਗਾ, ਜਾਹ ਗੁਰੂ ਰਾਖੇ ਹਨ।

*ਕੋ ਭੇਟਾ ਵਾਕੀ ਨਹੀਂ ਲੈਣੀ।।*

ਭੇਟਾ ਨਹੀਂ ਲੈਣੀ ਉਥੋਂ।

*ਪੂਜਾ ਊਹਾਂ ਚਾਹੀਏ ਦੇਣੀ ।।੧੨।।*

ਭਾਈ ਉੱਥੇ ਜਾ ਕੇ ਤਾਂ ਮੱਥਾ ਟੇਕਣਾ—ਗੁਰਦੁਆਰੇ ਚਾਹੀਦਾ ਹੈ, ਉੱਥੋਂ ਭੇਟਾ ਨਹੀਂ ਲੈਣੀ।

*ਸਤਿ ਬਚਨ ਕਹਿ ਰਾ ਸਿੰਘ ਚਲੇ।*

ਰਾਇ ਸਿੰਘ ਨੇ ਸਤ ਬਚਨ ਮੰਨਿਆ ਔਰ ਤੁਰ ਪਿਆ।

*ਸਿਦਕਵਾਨ ਗੁਰ ਕੇ ਸਿੱਖ ਭਲੇ।*

ਗੁਰੂ ਕੇ ਸਿੱਖ ਸਿਦਕੀ।

*ਗਾਡੀ ਰੇਲ ਨ ਯੱਕਾ ਕੋਈ।*

ਉਹਨਾਂ ਦਿਨਾਂ ਵਿੱਚ ਨਾ ਕੋਈ ਗੱਡੀ ਚਲਦੀ ਸੀ, ਨਾ ਰੇਲ ਸੀ, ਨਾ ਯੱਕਾ ਸੀ।

*ਤਾ ਦਿਨ ਨਾ ਚਾਲੈ ਥੇ ਜੋਈ।।੧੩।।*

ਅਜੇ ਕੋਈ ਨਹੀਂ ਸੀ ਚਲਦੇ।

*ਪੰਥ ਕਠਿਨ ਭੀਲਕ ਕੋ ਵਾਸਾ।*

ਬਣਾਂ ਵਿੱਚ ਭੀਲ ਰਹਿੰਦੇ ਹਨ, ਰਸਤਾ ਬੜਾ ਕਠਨ ਹੈ।

*ਸ਼ੇਰ ਬਘੇਲੇ ਕਰਤ ਬਿਨਾਸਾ।*

ਸ਼ੇਰ, ਬਘਿਆੜ ਰਸਤੇ ਵਿੱਚ ਮਾਰ ਦਿੰਦੇ ਸਨ।

*ਬੰਦੋਬਸਤ ਨ ਹੋਤਾ ਐਸ।*

ਜਿਹੋ ਜਿਹਾ ਹੁਣ ਬੰਦੋਬਸਤ ਹੈ, ਸੰਤ ਜੀ ਕਹਿੰਦੇ ਹਨ, ਇਹ ਬੰਦੋਬਸਤ ਉਸ ਵਕਤ ਨਹੀਂ ਸੀ—ਅਜੇ।

*ਕਮ ਜਾਤੇ ਥੇ ਦਖਨ ਦੇਸ।।੧੪।।*

ਦੱਖਣ ਦੇਸ਼, ਕੋਈ—ਗੁਰੂ ਕਾ ਸਿੱਖ ਉਸ ਵਕਤ ਜਾਂਦਾ ਸੀ, ਜਾਂ ਕੋਈ ਰਲੇ, ਵੀਹ ਪੰਜਾਹ ਦਾ ਜੱਥਾ ਸਿੰਘਾਂ ਦਾ—ਜਿਵੇਂ ਨਿਹੰਗ ਸਿੰਘਾਂ ਦਾ ਡੇਰਾ ਸੀ। ਕਿਸੇ ਵੇਲੇ ਚਲੇ ਸੌ—ਪੰਜਾਹ ਇਕੱਠੇ ਚਲੇ ਗਏ, ਪਰ ਇਕੱਲਾ ਦੁਕੱਲਾ ਨਹੀਂ ਸੀ ਜਾ ਸਕਦਾ। ਇਹ ਸਤਿਗੁਰੂ ਦਾ ਸਿੱਖ ਹੁਕਮ ਮੰਨ ਕੇ ਤੁਰ ਪਿਆ।

*ਮਿਲ ਕਰ ਜਾਤੇ ਬੀਸ ਪਚੀਸ।*

ਵੀਹ ਪੰਝੀ ਤੋਂ ਘੱਟ ਕੋਈ ਨਹੀਂ ਸਨ ਜਾਂਦੇ।

*ਜਾ ਦਿਨ ਗਏ ਰਾਏ ਮ੍ਰਿਗ ਈਸ।*

ਜਿੰਨਾਂ ਦਿਨਾਂ ਵਿੱਚ ਭਾਈ ਰਾਇ ਸਿੰਘ ਜੀ ਗਏ ਹਨ, ਉਹਨਾਂ ਦਿਨਾਂ ਦੀ ਗੱਲ ਹੈ।

*ਏਕ ਭਰੋਸਾ ਗੁਰੂ ਚਰਨ ਕੋ।*

ਇੱਕ ਸਤਿਗੁਰੂ ਦੇ ਚਰਨਾਂ ਦਾ ਭਰੋਸਾ ਹੈ। ਉਹ ਭਾਈ ਸਤਿਗੁਰੂ ਦੇ ਚਰਨਾਂ ਦਾ ਭਰੋਸਾ ਜੇ ਹੋਵੇ, ਜੇ ਸਤਿਗੁਰੂ ਵੱਲ ਧਿਆਨ ਹੋਵੇ, ਹਨੂਮਾਨ ਜੀ ਜਿਸ ਵੇਲੇ ਗਏ ਲੰਕਾ ਵਿੱਚ ਤਾਂ ਸੀਤਾ ਜੀ ਪੁੱਛਦੇ ਹਨ,''ਤੂੰ ਕਿਸ ਤਰ੍ਹਾਂ ਆਇਆ ?'' ਕਹਿੰਦਾ,''ਜਿਸ ਵਕਤ ਮੈਂ ਰਾਮ ਦਾ ਨਾਉਂ ਲਿਆ–

*ਮੁਹਿ ਬਾਰਿਧ ਨਾਖਤ ਬਾਰ ਨਾ ਲਾਗੀ।*

*–ਹਨੂਮਾਨ ਨਾਟਕ*

ਮੈਂ ਰਾਮ ਦਾ ਨਾਉਂ ਲੈ ਕੇ ਛਾਲ ਮਾਰੀ ਹੈ, ਮੈਨੂੰ ਸਮੁੰਦਰ ਟੱਪਦੇ ਨੂੰ ਪਤਾ ਹੀ ਨਹੀਂ ਲੱਗਿਆ, ਛਪੜੀ ਜਿੰਨੀ ਦੇਰ ਨਹੀਂ ਲੱਗੀ। ਜਿਹੜੇ ਗੁਰੂ ਦੇ ਚਰਨਾਂ ਦਾ ਭਰੋਸਾ ਰੱਖਦੇ ਹਨ ਉਹਨਾਂ ਨੂੰ ਨਹੀਂ ਕਦੇ ਤਕਲੀਫ ਹੁੰਦੀ।

*ਮੂਰਤ ਗੁਰ ਉਰ ਮੇਂ ਧਰ ਕਰਕੇ।*

ਸਤਿਗੁਰੂ ਦੀ ਮੂਰਤ ਰਿਦੇ ਵਿੱਚ ਧਾਰਨ ਕੀਤੀ–

**ਗੁਰ ਕੀ ਮੂਰਤਿ ਮਨ ਮਹਿ ਧਿਆਨੁ।।**

*–ਗੌਂਡ ਮ:੫, ਪੰਨਾ–੮੬੪*

ਜਿਹੜੇ ਗੁਰੂ ਦੀ ਮੂਰਤ ਦਾ ਧਿਆਨ ਕਰਦੇ ਹਨ, ਮਨ ਵਿੱਚ–

*ਸੁੰਦਰ ਚਲਾ ਜਾਤ ਭੈ ਹਰਕੇ।*

ਗੁਰੂ ਕਾ ਸੁੰਦਰ ਸਿੱਖ ਜਾ ਰਿਹਾ ਹੈ, ਭੈ ਦੂਰ ਕਰਕੇ।

*ਏਕ ਪੁਰਖ ਮਿਲਿਓ ਸੰਗ ਆਨ।*

ਇੱਕ ਆਦਮੀ ਰਸਤੇ ਵਿੱਚ ਮਿਲ ਗਿਆ, ਹੋਰ ਕੋਈ—ਨਾਲ।

*ਦੋਊ ਬਾਤੇਂ ਕਰਤ ਬਖਾਨ।।੧੬।।*

ਗੱਲਾਂ ਕਰਦੇ ਦੋਏ ਜਣੈ ਟੁਰੇ ਜਾਂਦੇ ਹਨ।

ਸਤਿਗੁਰੂ ਰਾਮ ਸਿੰਘ ਦੇ ਵਕਤ ਜਿਹੜੇ ਉਸ ਵੇਲੇ ਦੇ ਸਿੱਖ ਥੇ, ਉਹਨ੍ਹਾਂ ਨੇ ਇਹ ਗੱਲ ਦੱਸੀ ਹੈ ਕਿ ਸਤਿਗੁਰੂ ਜੀ ਜਦੋਂ ਦੌਰੇ ਜਾਂਦੇ ਸੀ, ਜਿਹੜੇ ਸਿੱਖ ਨਾਲ ਜਾਂਦੇ ਸਨ, ਜੇ ਕੋਈ ਇਕੱਲਾ ਤੁਰਦਾ ਸੀ ਤਾਂ ਭਜਨ ਕਰਦਾ ਸੀ ਜਾਂ ਬਾਣੀ ਪੜ੍ਹਦਾ ਸੀ, ਜੇ ਦੋ ਤੁਰਦੇ ਸਨ ਤੇ ਸ਼ਬਦ ਪੜ੍ਹਦੇ ਸਨ, ਗੱਲਾਂ ਨਹੀਂ ਸਨ ਰਾਹ ਵਿੱਚ ਕਰਦੇ—ਕਿਤੇ। ਹੁਣ ਸਾਡੀਆਂ ਰਾਤ ਦਿਨ ਗੱਲਾਂ ਨਹੀਂ ਮੁਕਦੀਆਂ। ਸਾਡਾ ਟਾਈਮ ਨਹੀਂ ਮੁਕਦਾ।

ਮੈਂ ਤੁਹਾਨੂੰ ਮਰਯਾਦਾ ਦੱਸਾਂ, ਜਿਹੜੀ ਸਤਿਗੁਰਾਂ ਨੇ ਸਿੱਖ ਦੀ ਕਹੀ ਸੀ। ਬਿਹੰਗਮ ਵਾਸਤੇ ਕੀ ਹੁਕਮ ਸੀ, ਕਿ ਪੰਜ ਪਾਠ ਜਪੁ ਜਾਪੁ ਦੇ ਕਰੇ, ਪੰਜ ਗ੍ਰੰਥੀ ਬਾਣੀ ਪੜ੍ਹੇ, ਪੰਜ ਮਾਲਾ ਪੱਕੀਆਂ ਭਜਨ ਦੀਆਂ ਫੇਰੇ, ਇੱਕ ਮਾਲਾ ਭਗੌਤੀਆਂ ਦੀ ਫੇਰੇ, ਚੰਡੀ ਦੀ ਵਾਰ ਦਾ, ਜਪੁ ਸਾਹਿਬ ਦਾ ਪਾਠ ਕਰੇ, ਸੌ ਪੱਤਰਾ ਮਹਾਰਾਜ ਦਾ ਪਾਠ ਕਰੇ—ਗ੍ਰੰਥ ਸਾਹਬਿ ਦਾ ਔਰ ਆਪਣਾ ਪ੍ਰਸ਼ਾਦਾ ਬਿਹੰਗਮ ਆਪ ਪਕਾ ਕੇ ਛਕੇ, ਕਿਸੇ ਦੇ ਘਰੋਂ ਨਾ ਖਾਵੇ। ਹੁਣ ਜਿਹੜਾ ਇਸ ਤਰ੍ਹਾਂ ਕਰਦਾ ਸੀ, ਉਹਦੇ ਅੱਠ ਪਹਿਰ ਇਸੇ ਵਿੱਚ ਗੁਜ਼ਰ ਜਾਂਦੇ ਸਨ। ਜਿਹੜਾ ਗ੍ਰਿਹਸਤੀ ਹੈ, ਉਹ ਢਾਈ ਮਾਲਾ ਪੱਕੀਆਂ ਫੇਰੇ, ਘੱਟ ਤੋਂ ਘੱਟ ਜਪੁ-ਜਾਪੁ, ਰਹਿਰਾਸ, ਆਰਤੀ, ਸੋਹਿਲਾ ਔਰ ਚੰਡੀ ਦੀ ਵਾਰ, ਇਹਨਾਂ ਪੰਜਾਂ ਬਾਣੀਆਂ ਤੋਂ ਘੱਟ ਨਾ ਪੜ੍ਹੇ।

## ਗੁਰੂ ਤੇ ਨਿਸਚਾ

ਹੁਣ ਅਸੀਂ ਜਦੋਂ ਵੇਖਦੇ ਹਾਂ, ਜੇ ਕਿਸੇ ਨੂੰ ਪੁੱਛੀਏ, ਅੰਮ੍ਰਿਤ ਬਣਾਉਣਾ ਹੋਵੇ ਤਾਂ ਕੁਛ ਨਹੀਂ ਮਿਲਦਾ। ਹੁਣ ਸਾਡਾ ਅੰਮ੍ਰਿਤ ਕਾਟ ਵੀ ਉਹੋ ਜਿਹੀ ਕਰਦੈ। ਸਿੱਖ ਜਿਹਨੂੰ ਅੰਮ੍ਰਿਤ ਛਕਾ ਦਿੰਦੇ ਸੀ, ਤਾਰੂ ਸਿੰਘ ਨੂੰ ਨਿਸਚਾ ਸੀ, ''ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਮੇਰੇ ਕੇਸਾਂ ਵਿੱਚ ਪਿਆ ਹੈ ਇਹਨੂੰ ਕੋਈ ਚੀਜ਼ ਨਹੀਂ ਕੱਟ ਸਕਦੀ।'' ਉਹ ਕੈਂਚੀ ਨੇ ਨਾ ਕੱਟੇ—ਕੇਸ, ਉਸਤਰੇ ਨੇ ਨਾ ਕੱਟੇ—ਕੇਸ, ਉਹ ਖੋਪਰੀ ਕੱਟੀ ਗਈ ਤੇ ਕੇਸ ਨਾਲ ਕੱਟੇ ਗਏ। ਹੁਣ ਜੇ ਅਸੀਂ ਆਪ ਦਾੜ੍ਹੀਆਂ ਕਿਸੇ ਦੇ ਅੱਗੇ ਧਰ ਦਈਏ, ਜਾਂ ਆਪ ਖਸਖਾਸੀਆਂ ਕਰ ਲਈਏ, ਕੋਈ ਹੇਠੋਂ ਮੁੰਨ ਲਈ, ਕਿਸੇ ਨੇ ਉੱਤੋਂ ਕੱਟ ਲਈ ਫਿਰ ਅਸੀਂ ਅੰਮ੍ਰਿਤ ਤੇ ਨਿਸਚਾ ਰੱਖੀਏ, ਤਾਂ ਕਿਉਂ ਕੱਟੀਏ ?

ਅੰਮ੍ਰਿਤ ਬਣਦਾ ਸੀ, ਅੰਮ੍ਰਿਤ ਵਿੱਚ ਗੁਰੂ ਗੋਬਿੰਦ ਸਿੰਘ ਨੇ ਤਿੰਨੇ ਚੀਜ਼ਾਂ ਪਾਈਆਂ—ਮੰਤਰ, ਜੰਤਰ ਤੇ ਤੰਤਰ। ਜੰਤਰ ਉਹ ਹੈ ਜਿਹੜਾ ਲਿਖਿਆ ਜਾਏ ਜਾਂ ਘਸਾਇਆ ਜਾਏ, ਜਿਹੜਾ ਖੰਡਾ ਬਾਟੇ ਵਿੱਚ ਘਸਾਇਆ—ਇਹ ਜੰਤਰ ਸੀ। ਜਿਹੜੀ ਬਾਣੀ ਪੜ੍ਹੀ ਨਿਗਾਹ ਬਾਟੇ ਵਿੱਚ ਰੱਖ ਕੇ, ਇਹ ਮੰਤਰ ਹੈ। ਲੋਕ ਸੱਪ ਦਾ ਮੰਤਰ ਪੜ੍ਹਕੇ ਪਾਣੀ ਦੇ ਦਿੰਦੇ

ਹਨ ਉਹ ਪੀਤਿਆਂ ਜ਼ਹਿਰ ਦਾ ਅਸਰ ਕਿਉਂ ਘਟ ਜਾਂਦੈ—ਉਹ ਧਿਆਨ ਨਾਲ ਕਰਦੇ ਨੇ। ਅਸੀਂ ਧਿਆਨ ਕੋਈ ਨਹੀਂ ਕਰਦੇ, ਅਸੀਂ ਸ਼ਰਬਤ ਸਮਝ ਕੇ ਪੀਨੇ ਹਾਂ ਔਰ ਸ਼ਰਬਤ ਬਣਾ ਕੇ ਪਿਆਉਂਦੇ ਹਾਂ। ਸਾਡੇ ਚਿਤ ਵਿੱਚ ਗੁਰੂ ਤੇ ਨਿਸਚਾ ਇਹੋ ਜਿਹਾ ਹੀ ਬਣਿਐ। ਜੋ ਕੁਛ ਅਸੀਂ ਹੋ ਗਏ ਹਾਂ, ਸਤਿਗੁਰੂ ਸਾਡੇ ਤੇ ਬਖ਼ਸ਼ਿਸ਼ ਕਰੇ ਤੇ ਰੱਖਿਆ ਕਰ ਲਵੇ। ਨਹੀਂ ਭਾਈ, ਸਾਡੇ ਹਿਸਾਬ ਨਾਲ ਅਸੀਂ ਕਿਸੇ ਲਾਇਕ ਨਹੀਂ ਰਹੇ, ਭਾਵੇਂ ਅਸੀਂ ਕੁਝ ਆਖੀਏ, ਕੋਈ ਵੀ ਹੈ ਭਾਵੇਂ, ਪਰ ਇੱਕ ਅਸੀਂ ਬੀਜ ਨਾਸ ਨਹੀਂ ਕਹਿ ਸਕਦੇ। ਕੋਈ ਹਨ—ਮਹਾਂ ਪੁਰਖ ਜਿਨ੍ਹਾਂ ਉੱਤੇ ਕਿਰਪਾ ਹੈ, ਸਤਿਗੁਰੂ ਤੇ ਭਰੋਸਾ ਹੈ ਉਹਨਾਂ ਦਾ ਕੋਈ ਵਾਲ ਵੀ ਵਿੰਗਾ ਨਹੀ ਕਰ ਸਕਦਾ।

ਮੈਂ ਹੁਣ ਵੀ ਅਰਜ਼ ਕਰਦਾਂ ਤੁਹਾਨੂੰ—ਲਾਲੇਪੁਰ ਪਿੰਡ ਹੈ, ਗੁਜਰਾਂਵਾਲੇ ਦਾ ਜ਼ਿਲ੍ਹਾ ਹੈ, ਬੌਰਿਆਂ ਦੇ ਪਾਸ ਹੈ, ਸੜਕ ਦੇ ਉੱਤੇ। ਉੱਥੋਂ ਦੇ ਸਾਡੇ ਸੰਤ ਗੋਪਾਲ ਸਿੰਘ ਜੀ ਹਨ, ਜ਼ਿਮੀਦਾਰਾਂ ਦੇ ਘਰ ਦਾ ਜਨਮ ਹੇ, ਛੋਟੇ ਦੋ ਭਰਾ ਹਨ, ਉਹਨਾਂ ਦੇ ਨਾਲ ਵਿਹਾਰ ਕਰਦੇ ਰਹੇ, ਆਪ ਦੀ ਸ਼ਾਦੀ ਨਹੀਂ ਹੋਈ, ਛੋਟੇ ਭਰਾ ਵਿਆਹੇ ਹੋਏ ਹਨ। ਇਸ ਰੌਲੇ (੧੯੪੭) ਦੇ ਵਿੱਚੋਂ ਨਿਕਲੇ, ਚੂਹੜਕਾਣੇ ਦੇ ਕੈਂਪ ਵਿੱਚ ਗੱਡੀ ਚੜ੍ਹਨ ਵਾਸਤੇ ਆਪ ਆਉਂਦੇ ਹਨ, ੧੪-੧੫ ਸਿੰਘ ਨਾਲ ਹਨ, ਰੇਲ ਦੀ ਲਾਈਨ ਉੱਤੇ ਬੈਠੇ ਹਨ। ਮੁਸਲਮਾਨਾਂ ਦੀ ਫੌਜ ਗੱਡੀ ਵਿੱਚ ਬੈਠੀ ਹੈ, ਕੋਲੋਂ ਦੀ ਗੱਡੀ ਲੰਘ ਰਹੀ ਹੈ ਔਰ ਗੋਲੀਆਂ ਨਾਲ ਭੁੰਨਦੇ ਤੁਰੇ ਜਾਂਦੇ ਹਨ। ਪਿਛਲੇ ਪਾਸੇ ਦੇ ਸਾਰੇ ਮਰ ਗਏ ਹਨ, ਜਿਹੜੇ ਨੇੜੇ ਬੈਠੇ ਸੀ ਅਗਲੇ ਦੇ ਵੀ ਮਰ ਗਏ ਹਨ, ਉਹਨਾ ੧੪-੧੫ ਨੂੰ ਸੇਕ ਨਹੀਂ ਲੱਗਾ—ਉਹਨਾਂ ਮਹਾਂਪੁਰਖਾਂ ਦੀ ਕਿਰਪਾ ਨਾਲ। ਇਹ ਕੋਈ ਪਿਛਲੀਆਂ ਗੱਲਾਂ ਨਹੀਂ ਮੈਂ ਕਰਦਾ, ਨਾਮ ਨੂੰ ਤਾਂ ਕਦੇ ਵੀ ਕੋਈ ਜਪੇ, ਜਦੋਂ ਵੀ ਚਾਹੇ, ਸਤਿਗੁਰਾਂ ਨੇ ਅਖਿਐ-

**ਸਰਬ ਰੋਗ ਕਾ ਅਉਖਦੁ ਨਾਮੁ॥**

*-ਗਉੜੀ ਮ:੫, ਪੰਨਾ-੨੭੪*

ਅਸੀਂ ਗੁਰਬਾਣੀ ਦਾ ਨਾਂ ਲੈ ਲੈਨੇ ਹਾਂ, ਕਹਿੰਦੇ ਹਾਂ ਸਾਡੇ ਗੁਰੂ ਦੀ ਬਾਣੀ ਹੈ, ਪਰ ਸਾਥੋਂ ਮੰਨੀ—ਇੱਕ ਇੰਨੀ ਗੱਲ ਵੀ ਨਹੀਂ ਜਾਂਦੀ, ਜਿੰਨੀ

ਅਸੀਂ ਆਪਣੇ ਮੁੰਡੇ ਦੀ ਗੱਲ ਤੇ ਪ੍ਰਤੀਤ ਕਰਦੇ ਹਾਂ। ਸਵਾਹ ਕਿਸੇ ਨੂੰ ਦੇ ਦਈਏ ਤੇ ਬੜਾ ਰਾਜ਼ੀ ਹੋ ਕੇ ਲੈਂਦਾ ਹੈ।

ਜੇ ਕੋਈ ਆਂਹਦਾ ਹੈ,''ਮੈਂ ਬੀਮਾਰ ਹਾਂ।''

ਮੈਂ ਕਹਿਨਾਂ ? ''ਭਾਈ ਤੂੰ ਭਜਨ ਕਰਿਆ ਕਰ, ਮਾਲਾ ਫੇਰ।''

''ਜੀ ਮੇਰੇ ਦਰਦਾਂ ਹੁੰਦੀਆਂ।''

ਉਂਜ ਭਾਵੇਂ ਐਂਵੇਂ ਹੀ ਕਹਿ ਦਈਏ ਬਈ ਜਾਹ ਉੱਥੋਂ ਲੈ ਕੇ ਕਤੂ ਖਾ ਲੈ, ਤਾਂ ਉਹ ਲੈ ਕੇ ਰਾਜੀ ਹੋ ਜਾਂਦੈ, ਲੇਕਿਨ ਨਾਮ ਤੇ ਸਾਨੂੰ ਯਕੀਨ ਨਹੀਂ ਆਉਂਦਾ, ਬਾਣੀ ਤੇ ਯਕੀਨ ਨਹੀਂ ਆਉਂਦਾ ਔਰ ਇਹ ਐਸੀ ਚੀਜ਼ ਹੈ–

**ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ।।**
**ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ।।**

*–ਵਾਰ ਮਲਾਰ ਮ:੩, ਪੰਨਾ–੧੨੮੧*

–ਕੋਈ ਇਲਾਜ ਨਹੀਂ ਓਹਦਾ। ਫਿਰ ਕਹੀਏ, ਭਜਨ ਕਰੋ, ਅਖੰਡ ਪਾਠ ਕਰੋ, ਬਾਣੀ ਪੜ੍ਹੋ ਜੇ ਪਹਿਲਾਂ ਹੀ ਅਸੀਂ ਕਰ ਲਈਏ—ਕਬੀਰ ਜੀ ਕਹਿੰਦੇ ਹਨ।

**ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ।।**
**ਅਮਰਾ ਪੁਰ[੨੭] ਬਾਸਾ ਕਰਹੁ ਹਰਿ ਗਇਆ ਬਹੋਰੈ[੨੮] ਬਿਤ[੨੯]।।**

*–ਪੰਨਾ ੧੩੭੩*

ਸਾਥੋਂ ਹੁੰਦਾ ਨਹੀਂ, ਭਜਨ ਕਰਨ ਵਾਲੇ, ਨਾਮ ਜਪਣ ਵਾਲੇ, ਜਿਹਨਾਂ ਦਾ ਗੁਰੂ ਤੇ ਸਿਦਕ ਹੈ, ਉਹਨਾਂ ਦਾ ਕੋਈ ਵਾਲ ਨਹੀਂ ਵਿੰਗਾ ਕਰ ਸਕਦਾ।

ਭਾਈ ਸਾਹਿਬ ਜੀ ਦੇ ਨਾਲ ਇੱਕ ਆਦਮੀ ਰਲ ਗਿਆ ਹੈ—ਉਹ ਕੁਸੰਗੀ ਹੈ ਕਿਉਂਕਿ ਸਤਸੰਗੀ ਉਹਨੂੰ ਕਿਹਾ ਜਾਂਦਾ ਹੈ,

**ਸਤਸੰਗਤਿ ਕੈਸੀ ਜਾਣੀਐ।।**
**ਜਿਥੈ ਏਕੋ ਨਾਮੁ ਵਖਾਣੀਐ।।**
**ਏਕੋ ਨਾਮੁ ਹੁਕਮੁ ਹੈ ਨਾਨਕ**
**ਸਤਿਗੁਰਿ ਦੀਆ ਬੁਝਾਇ ਜੀਉ।।੫।।**

*–ਸਿਰੀ ਰਾਗ ਮ:੩, ਪੰਨਾ–੭੨*

*ਦੋ ਸੈ ਜੋਜਨ ਪੈਂਡਾ ਚੂਰਨ।*

ਅੱਠ ਸੌ ਕੋਹ ਪੈਂਡਾ ਗੁਰਦਾਵਾਰੇ ਤੋਂ-ਭੈਣੀ ਸਾਹਿਬ ਤੋਂ ਹਜ਼ੂਰ ਸਾਹਿਬ, ਕਰੀਬ ੧੪-੧੫ ਸੌ ਮੀਲ ਹੋਵੇਗਾ-

*ਥੋੜੇ ਦਿਨ ਮੈਂ ਕੀਨਾ ਤੂਰਨ।*

ਸਿੱਖ ਨੇ ਬੜੀ ਛੇਤੀ ਪੂਰਾ ਕੀਤਾ ਕਿਉਂਕਿ ਗੁਰੂ ਦੀ ਕਿਰਪਾ ਸੀ। ਮੈਂ ਕੱਲ੍ਹ ਪਰਸੋਂ ਗੱਲ ਸੁਣਾਈ ਸੀ ਉਹਨਾਂ ਆਖਿਆ,''ਜੇ ਗੁਰੂ ਕਿਰਪਾ ਕਰੇ ਤੇ ਮੈਂ ਐਨੇ ਚਿਰ ਵਿੱਚ ਪਹੁੰਚ ਸਕਦਾ ਹਾਂ, ਜਿੱਥੇ ਜਮ ਮਾਰਗ ਦਾ ਰਸਤਾ ਸਾਲ ਭਰ ਦਾ ਲਿਖਿਆ ਹੈ, ਸਤਿਗੁਰੂ ਦੀ ਬਖ਼ਸ਼ਸ਼ ਬੜੀ ਚੀਜ਼ ਹੈ।''

*ਜੰਗਲ ਰਾਹਿ ਮਾਹਿ ਤਹਿ ਆਯੋ।*

ਰਸਤੇ ਵਿੱਚ ਇੱਕ ਬੜਾ ਭਾਰੀ ਜੰਗਲ ਆਇਆ।

*ਕੋਇ ਮਿਲ ਤਿਸ ਇਨੈ ਸੁਨਾਇਓ।।੧੭।।*

ਕੋਈ ਆਦਮੀ ਰਸਤੇ ਵਿੱਚ ਮਿਲਿਆ, ਉਸਨੇ ਰਸਤੇ ਤੁਰੇ ਜਾਂਦੇ ਨੂੰ ਕੀ ਆਖਿਆ ਭਾਈ ਸੁਣੋ ਗੱਲ—ਇਸ ਵਣ ਵਿੱਚ ਬੜਾ ਭਾਰੀ ਸ਼ੇਰ ਹੈ।

*ਇਸ ਬਨ ਮੇਂ ਹੈ ਕੇਹਰ ਭਾਰੀ।*

ਇਸ ਵਣ ਵਿੱਚ ਬੜਾ ਭਾਰੀ ਸ਼ੇਰ ਹੈ।

*ਗੋਰੇ ਤਹਿ ਕਰੇਂ ਰਖਵਾਰੀ।*

ਗੋਰੇ—ਅੰਗਰੇਜ਼ ਉਸਦੀ ਰਾਖੀ ਕਰਦੇ ਹਨ, ਚੌਕੀਆਂ ਬਣਾਈਆਂ ਹੋਈਆਂ ਹਨ ਰਸਤੇ ਵਿੱਚ ਕਿ ਜਿਸ ਆਦਮੀ ਨੇ ਠਹਿਰਨਾ ਹੋਵੇ ਉੱਥੇ ਜਾ ਕੇ ਠਹਿਰੇ ਅਤੇ ਬਾਹਰ ਨਾ ਠਹਿਰਨ ਕਿਤੇ।

*ਆਈ ਤੁਮ ਕੋ ਰਾਤ ਨਜੀਕੇ।*

ਰਾਤ ਨੇੜੇ ਆਈ ਹੋਈ ਹੈ।

*ਚੌਕੀ ਪਰ ਰਹਿਨਾ ਤੁਮ ਨੀਕੇ।।੧੮।।*

ਉੱਥੇ ਰਹਿਣਾ, ਜਿੱਥੇ ਸਿਪਾਹੀ ਰਹਿੰਦੇ ਹਨ। ਤੁਹਾਨੂੰ ਰਾਤ ਨੇੜੇ ਆਈ ਹੈ—ਇਸ ਜੰਗਲ ਵਿੱਚ ਸ਼ੇਰ ਬੜਾ ਭਾਰੀ ਹੈ, ਵੇਖਣਾ ਬਾਹਰ ਨਹੀਂ ਰਹਿਣਾ—ਕਿਤੇ।

*ਦੋਨੋਂ ਜਬ ਐਸੀ ਸੁਣ ਪਾਈ।*

ਜਦੋਂ ਦੋਵਾਂ ਨੇ ਇਹ ਗੱਲ ਸੁਣੀ

*ਸਾਥੀ ਸਿਉਂ ਭਾਖਿਓ ਮ੍ਰਿਗ ਰਾਈ।*

ਭਾਈ ਰਾਇ ਸਿੰਘ ਆਪਣੇ ਸਾਥੀ ਨੂੰ ਕਹਿੰਦਾ ਹੈ,''ਭਾਈ ਚਲੀਏ।''

*ਅਬ ਭਈ ਰਾਤ ਪੜੀ ਸੋ ਰਹੀਏ।*

ਹੁਣ ਭਾਈ ਰਾਤ ਪੈ ਗਈ ਹੈ ਸੌਂ ਰਹੀਏ।

*ਚੌਕੀ ਬੀਚ ਤਬੈ ਸੁਖ ਪਈਏ।।੧੯।।*

ਚੌਕੀ ਵਿੱਚ ਰਹੀਏ ਸੁਖੀ ਰਹਾਂਗੇ ਰਾਤ ਨੂੰ।

*ਕੇਹਰ ਭਾਰੀ ਹੈ ਇਸ ਜਾਇ।*

ਏਥੇ ਬੜਾ ਭਰੀ ਸ਼ੇਰ ਰਹਿੰਦਾ ਹੈ।

*ਸੋਇ ਪਰੇ ਲੈਹੈ ਮਤ ਘਾਇ।*

ਮਤੇ ਸੁੱਤਿਆਂ ਪਿਆਂ ਨੂੰ ਆਕੇ ਮਾਰ ਦੇਵੇ।

*ਸਾਥੀ ਕਹਾ ਸੁਣੋ ਮ੍ਰਿਗ ਰਾਈ।*

ਸਾਥੀ ਕਹਿੰਦਾ,''ਸੁਣ ਭਾਈ ਮ੍ਰਿਗ ਰਾਇ—ਸਿੰਘਾ, ਖਾਲਸਿਆ।''

*ਮੈਂ ਏਹ ਲਖੀ ਠੀਕ ਮਨ ਭਾਈ।।੨੦।।*

ਮੈਂ ਭਾਈ ਇਹ ਗੱਲ ਚੰਗੀ ਤਰ੍ਹਾਂ ਜਾਣ ਲਈ ਹੈ।

*ਕੱਛਾਂ ਵਾਲੇ ਹੋਣ ਡਰਾਕੁਲ।*

ਕੱਛਾਂ ਵਾਲੇ ਡਰਾਕੁਲ ਹੁੰਦੇ ਹਨ। ਮੈਂ ਇਹ ਸਮਝ ਲਿਆ, ਭਾਈ, ਇਹ ਕੱਛ ਤੂੰ ਪਾਈ ਹੋਈ ਹੈ ਪਰ ਤੂੰ ਬੜਾ ਡਰਾਕਲ ਹੈਂ।

*ਸੁਣ ਦਿਖਕੇ ਭੈ ਹੋਣ ਵਿਆਕੁਲ।*

ਸੁਣ ਕਰਕੇ ਔਰ ਦੇਖ ਕੇ ਡਰ ਤੋਂ ਵਿਆਕੁਲ ਹੋ ਜਾਂਦੇ ਹਨ, ਡਰ ਜਾਂਦੇ ਹਨ।

*ਐਸੇ ਸੁਖਨ ਕਹੈ ਮਤ ਮੂੜਾ।*

ਉਹ ਮੂਰਖ ਮਤ ਵਾਲਾ ਆਦਮੀ ਗੁਰੂ ਕੇ ਸਿੱਖ ਨੂੰ ਐਸੇ ਬਚਨ ਕਹਿੰਦਾ ਹੈ।

*ਸ੍ਰੀ ਪ੍ਰਭ ਕੀ ਗਤਿ ਜਾਨਤ ਕੂੜਾ।।੨੧।।*

ਗੁਰੂ ਕੀ ਗਤੀ ਨਹੀਂ ਜਾਣਦਾ ਕੂੜਾ।

*ਸਿੰਘਹਿ ਓਜ ਸਿੰਘ ਸੇ ਜ਼ਿਆਦਾ।*

ਭਾਈ ਜੀ ਕਹਿੰਦੇ ਹਨ ਗੁਰੂ ਗੋਬਿੰਦ ਸਿੰਘ ਨੇ ਜਿਹੜਾ ਹੁਕਮ ਦਿੱਤਾ ਹੈ, ਸਿੰਘ ਦੇ ਵਿੱਚ ਜੋਰ ਸ਼ੇਰ ਨਾਲੋਂ ਵੀ ਬਹੁਤ ਹੈ–

*ਚਲੇ ਜੋ ਦਸਮ ਗੁਰੂ ਮ੍ਰਯਾਦਾ।*

ਪਰ ਜਿਹੜਾ ਮਰਯਾਦਾ ਉੱਤੇ ਚਲੇ। ਅੱਜ ਜਿਸ ਤਰ੍ਹਾਂ ਆਪਾਂ ਬਚਨ ਕਰਦੇ ਸਾਂ–

**ਪੂਰਣ ਜੋਤ ਜਗੈ ਘਟ ਮੈਂ ਤਬ**
**ਖਾਲਸ ਤਾਹਿ ਨਖਾਲਸ ਜਾਨੈ।।**

*–ਸਰਬ ਲੋਹ ਗ੍ਰੰਥ*

ਨਾਉਂ ਤੇ ਸਾਰਿਆਂ ਧਰਾਇਆ ਹੈ, ਅਸੀਂ ਵੀ ਪੱਗਾਂ ਸਿੱਧੀਆਂ, ਮਾਲਾ ਗਲ ਵਿੱਚ ਪਾਈਆਂ ਹੋਈਆਂ ਪਰ ਜਿਹੜਾ ਪੂਰਨ ਬਣੇ, ਜਿਹੜਾ ਸਿੱਖ ਹੋਵੇ ਉਹਨੂੰ ਕੋਈ ਡਰ ਨਹੀਂ, ਉਹਦਾ ਕੁਛ ਕੋਈ ਵਿਗਾੜ ਨਹੀਂ ਸਕਦਾ।

*ਮੂਰਖੁ ਹੂੰ ਕੋ ਸਾਰ ਨ ਸਿੱਖੀ।*

ਮੂਰਖ ਨੂੰ ਪਤਾ ਨਹੀਂ ਕਿ ਸਿੱਖੀ ਕਿਆ ਚੀਜ਼ ਹੈ ?

*ਸਿਖੀ ਆਹਿ ਤੇਗ ਬਡ ਤਿਖੀ।।੨੨।।*

ਸਿਖੀ ਤਿੱਖੀ ਤਲਵਾਰ ਹੈ।

ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿੱਚ ਕਹਿੰਦੇ ਹਨ–

**ਖੰਨਿਅਹੁ[30] ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।।**

*–ਪੰਨਾ ੯੧੮*

*ਤਿੱਖੀ ਜੇ ਨੈਨਨ ਸੇ ਪਿੱਖੀ।*

ਤਿੱਖੀ ਹੈ—ਜਿਹੜੀ ਨੇਤਰਾਂ ਨਾਲ ਦੇਖੀ ਹੈ ਉਸ ਧਾਰ ਨੂੰ ਹੱਥ ਨਾਲ ਨਹੀਂ ਮੈਂ ਦੱਸ ਸਕਦਾ, ਕਿਤਨੀ ਬਰੀਕ ਹੈ। ਭਾਈ ਗੁਰਦਾਸ ਕਹਿੰਦਾ ਹੈ–

*ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।*
*ਉਥੈ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ।*

*–ਵਾਰ ੧੧, ਪਉੜੀ ੫*

## ਰੇਖ ਵਿੱਚ ਮੇਖ

*ਖਿਖੀ ਮੇਟੇ ਬਿਧ ਕਰ ਲਿੱਖੀ।*

ਕਹਿੰਦੇ ਹਨ ਮੈਂ ਦੇਖੀ ਹੈ ਇਹ ਗੱਲ, ਬਿਧਿ ਦੀ ਲਿਖੀ ਹੋਈ, ਬ੍ਰਹਮਾ ਦੀ ਲਿਖੀ ਹੋਈ ਸਿੱਖ ਮੇਟ ਸਕਦਾ ਹੈ।

*ਜੰਬਰ ਗੋਤ ਸੁਬੇਗ ਸਿੰਘ ਸਿਦਕੀ ਹੁਤੋਂ ਮਹਾਨੇ।*

*–ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ–੨੨੫੧*

ਜੰਬਰ ਪਿੰਡ, ਜੰਬਰ ਜਿਹਨਾਂ ਦਾ ਗੋਤ, ਮਾਝੇ ਦੇ ਰਹਿਣ ਵਾਲੇ ਲਾਹੌਰ ਦੇ ਜ਼ਿਲ੍ਹੇ ਦੇ ਖ਼ਾਨ ਨਵਾਬ ਕੋਲ ਨੌਕਰ ਸਨ—ਲਾਹੌਰ ਵਿੱਚ। ਉਹਨਾਂ ਦਾ ਲੜਕਾ ਸਾਬਾਜ ਸਿੰਘ ਮਦਰੱਸੇ ਵਿੱਚ ਪੜ੍ਹਦਾ ਸੀ। ਮਦਰੱਸੇ ਵਿੱਚ ਪੜ੍ਹਦਿਆਂ ਮੌਲਵੀਆਂ ਨਾਲ ਝੜਪ ਹੋ ਗਈ। ਹੁੰਦਿਆਂ–ਹੁੰਦਿਆਂ ਲੜਕਾ ਬੜਾ ਤਿਆਰ ਬਰ ਤਿਆਰ ਸੀ, ਬੜਾ ਹੁਸ਼ਿਆਰ ਸੀ।

ਉਹਨਾਂ ਮੁਸਲਮਾਨਾਂ ਨੇ ਆਖਿਆ,''ਸਿੱਖ ਬੁੱਤ ਪੂਜ।''

ਉਹ (ਸਾਬਾਜ ਸਿੰਘ) ਕਹਿੰਦਾ,''ਬੁੱਤ ਪੂਜ ਤੁਸੀਂ, ਮੱਕਾ ਕੀ ਚੀਜ਼ ਹੈ, ਕਬਰਾਂ ਕੀ ਚੀਜ਼ ਹਨ ਤੁਹਾਡੀਆਂ ਜਿਹਨਾਂ ਨੂੰ ਤੁਸੀਂ ਪੂਜਦੇ ਹੋ ?''

ਗੱਲ ਕੋਈ ਆਈ ਨਾ। ਕਾਜ਼ੀ ਨੇ ਆ ਕੇ ਆਖਿਆ—ਖਾਨ ਬਹਾਦੁਰ ਨੂੰ—''ਮੁੰਡਾ ਬੜਾ ਜ਼ਬਾਨ ਤਰਾਸ਼ ਹੈ, ਇਹਨੂੰ ਮੁਸਲਮਾਨ ਬਣਾਉਣਾ ਚਾਹੀਦਾ ਹੈ।''

ਭਾਈ ਸਾਹਿਬ ਨੂੰ ਵੀ ਸੱਦ ਲਿਆ। ਭਾਈ ਸਾਹਿਬ ਨੇ ਆਖਿਆ,''ਮੈਂ ਤੁਹਾਡੇ ਕੋਲ ਕੰਮ ਕਰਦਾ ਹਾਂ, ਗੁਰੂ ਕੇ ਸਿੱਖਾਂ ਵਿੱਚ ਜਾ ਕੇ ਵਕਾਲਤ ਕਰਦਾਂ, ਉਹਨਾਂ ਦੀ ਕੋਈ ਗੱਲ ਤੁਹਾਨੂੰ ਦੱਸਦਾਂ। ਨਵਾਬ ਤੂੰ ਜਾਣਦਾ ਹੈਂ, ਸਿੱਖਾਂ ਦੇ ਮੁੰਡੇ ਵੀ ਕਦੇ ਮੁਸਲਮਾਨ ਹੋ ਸਕਦੇ ਹਨ।''

ਨਾ ਨਵਾਬ ਹਟਿਆ ਪਰ ਮੁੰਡੇ ਦੇ ਮੱਥੇ ਵਿੱਚ ਕਿਤੇ ਲਿਖਿਆ ਹੋਇਆ ਸੀ—ਮੁਸਲਮਾਨ ਹੋਣਾ। ਜਿਸ ਵੇਲੇ ਲੜਕੇ ਦੇ ਬੰਨ੍ਹ ਕੇ ਕੇਸ ਛੱਤ ਦੇ ਨਾਲ ਉਹਨੂੰ ਮਾਰਿਆ, ਉਹ ਕਹਿੰਦਾ,''ਮੈਂ ਮੁਸਲਮਾਨ ਹੋ ਜਾਨਾਂ ਹਾਂ।''

ਮੁਸਲਮਾਨਾਂ ਦੇ ਘਰ ਤੇ ਸ਼ਾਦੀਆਂ ਹੋ ਗਈਆਂ–ਬਈ ਅੱਜ ਤਕ ਇੱਕ

ਸਿੱਖ ਨੇ ਵੀ ਨਹੀਂ ਸੀ ਆਖਿਆ,''ਮੈਂ ਮੁਸਲਮਾਨ ਹੋ ਜਾਨਾਂ ਹਾਂ।'' ਕਿਧਰੇ ਕਤਲ ਹੋ ਗਏ, ਮਾਈਆਂ ਦੀਆਂ ਝੋਲੀਆਂ ਵਿੱਚ ਬੱਚੇ ਕਤਲ ਕਰ-ਕਰ ਕੇ ਪਾ ਦਿੱਤੇ ਪਰ ਉਹਨਾਂ ਨੇ ਇਹ (ਮੁਸਲਮਾਨ ਹੋਣਾ) ਮੰਨੀ ਨਹੀਂ ਸੀ ਗੱਲ।

ਭਾਈ ਸੁਬੇਗ ਸਿੰਘ ਨੂੰ ਬੁਲਾਇਆ ਹਾਵਾਲਾਤ ਚੋਂ ਸੱਦ ਕੇ, ਸਾਹਮਣੇ ਲੜਕੇ ਨੂੰ ਬੁਲਾ ਕੇ ਕਹਿੰਦੇ ਹਨ,''ਤੇਰਾ ਮੁੰਡਾ ਤੇ ਮੰਨ ਗਿਆ।''

ਉਹ (ਭਾਈ ਸੁਬੇਗ ਸਿੰਘ) ਕਹਿੰਦਾ,''ਮੇਰੇ ਸਾਹਮਣੇ ਲਿਆਓ।''

ਜਿਸ ਵੇਲੇ ਸਾਹਮਣੇ ਲਿਆਂਦਾ, ਲੜਕੇ ਨੇ ਆਖਿਆ,''ਮੈਂ ਮੁਸਲਮਾਨ ਹੋ ਜਾਨਾਂ ਹਾਂ।''

ਪਰ ਇਹ ਸਿੱਖ ਦਾ ਦਿਲ ਜਾਣਦਾ ਹੈ, ਜਿੰਨੀ ਉਹਦੇ ਦਿਲ ਨੂੰ ਸੱਟ ਵੱਜੀ। ਨੇੜੇ ਹੋ ਕੇ ਦੇਖਿਆ—ਸੁਬੇਗ ਸਿੰਘ ਗੁਰੂ ਦਾ ਸਿੱਖ ਸੀ—ਭਾਈ, ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ-

*ਤੁਰਕ ਹੋਨ ਕੀ ਰੇਖ, ਤਾਹਿ ਕੇ ਮਾਥੇ ਦੇਖੀ।*

ਲਿਖਿਆ ਹੈ ਸੀ—ਇਹਦੇ ਮੱਥੇ ਵਿੱਚ—ਤੁਰਕ ਹੋਣਾ, ਸਿੱਖ ਨੂੰ ਦਿਸ ਗਿਆ ਕਿਉਂਕਿ ਸਿੱਖ ਦੇ ਗੁਰੂ ਨੇ ਨੇਤਰ ਬਣਾਏ ਹੋਏ ਸੀ, ਸਾਡੇ ਵਰਗੀਆਂ ਅੰਨ੍ਹੀਆਂ ਅੱਖਾਂ ਵਾਲਾ ਸਿੱਖ ਨਹੀਂ ਸੀ।

*ਧਰਿ ਸਤਿਗੁਰੂ ਕਾ ਧਯਾਨ, ਕਾਮ ਯਹਿ ਕੀਨ ਵਿਸੇਖੀ।*

ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨਾਲ ਜੁੜਿਆ, ਧਿਆਨ ਲਗਾਇਆ—ਕੀ ਕੰਮ ਕੀਤਾ।

*ਸਤਿਨਾਮੁ ਕਹਿ ਰੇਤ ਜਰਾ ਮੁਖਿ ਤਾਂ ਕੋ ਪਾਯੋ।*

ਇਕ ਚੂੰਡੀ ਰੇਤ ਦੀ ਚੁੱਕੀ, ਭਜਨ ਦਾ ਲਿਆ ਨਾਉਂ ਉਹਦੇ ਮੂੰਹ ਵਿੱਚ ਪਾਈ ਔਰ ਆਪਣੇ ਚਰਨ—ਸੱਜੇ ਦਾ, ਅੰਗੂਠਾ ਉਹਦੇ ਮੱਥੇ ਤੇ ਲਾ ਦਿੱਤਾ।

*ਮੇਖ ਰੇਖ ਮੈਂ ਮਾਰਿ ਬਾਲ ਕੀ ਬੁੱਧਿ ਫਿਰਾਈ।*
*ਗੁਰਸਿੱਖਨ ਮੈਂ ਸਭਿ ਸ਼ਕਤਿ ਹੈ, ਜਾਨੌਂ ਭਾਈ।*
*ਰੇਖ ਲੇਖ ਕੀ ਮਿਟੀ ਭੁਜੰਗੀ ਦਈ ਦੁਹਾਈ।*
*ਮੈਂ ਨਹਿ ਬਨਹੋਂ ਤੁਰਕ, ਜਾਨ ਬੇਸ਼ਕ ਮਮ ਜਾਈ।*

*-ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ-੨੨੫੩*

ਉਥੇ ਹੀ ਲੜਕਾ ਮੁੱਕਰ ਗਿਆ।

ਖਾਨ ਬਹਾਦੁਰ ਕਹਿੰਦਾ,''ਓਏ ਕੀ ਕੀਤਾ ਉਏ ਸੁਬੇਗ ਸਿਹਾਂ ?''

ਸੁਬੇਗ ਸਿੰਘ ਕਹਿੰਦਾ,''ਇਹਦੇ ਮੱਥੇ ਵਿੱਚ ਲਿਖਿਆ ਸੀ—ਤੁਰਕ ਹੋਣਾ।''

ਖਾਨ ਕਹਿੰਦਾ,''ਤੂੰ ਝੂਠ ਬੋਲਦੈ।''

ਸੁਬੇਗ ਸਿੰਘ ਕਹਿੰਦਾ,''ਨਹੀਂ, ਮੈਂ ਝੂਠ ਨਹੀਂ ਬੋਲਦਾ, ਦੇਖ ਲੈ।''

ਮੁੜ ਕੇ ਲੜਕੇ, ਨੂੰ ਲਿਜਾ ਕੇ, ਕੇਸ ਬੰਨ੍ਹ ਕੇ ਛੱਤ ਨਾਲ, ਤੱਤੀਆਂ ਸੀਖਾਂ ਕਰ-ਕਰਕੇ ਸਰੀਰ ਨੂੰ ਲਾਈਆਂ, ਲੜਕਾ ਨਹੀਂ ਮੰਨਿਆ—ਮੁਸਲਮਾਨ ਬਣਨਾ। ਗੁਰੂ ਕੇ ਸਿੱਖ ਲਿਖੀ ਹੋਈ ਮੇਟ ਸਕਦੇ ਹਨ। ਨਵਾਬ ਦੇ ਚਿਤ ਵਿੱਚ ਆਇਆ,''ਮੈਂ ਤੈਨੂੰ ਅਜਮਾਉਣੈ ?''

*ਪੁਨ ਨਵਾਬ ਨੇ ਕਹਯੋ, ਲੈਂਹ ਹਮ ਅਬਿ ਅਜ਼ਮਾਈ।*
*ਘੋੜੀ ਗੱਭਣ ਏਕ, ਤੁਰਤ ਨਾਜ਼ਮ ਮੰਗਵਾਈ।*

ਕਹਿੰਦਾ ਹੈ-

*ਇਸ ਘੋੜੀ ਕੇ ਕਹੋ ਵਛੇਰਾ ਹੈ ਕੇ ਵਿਛੇਰੀ।*

ਭਾਈ ਸੁਬੇਗ ਸਿੰਘ ਕਹਿੰਦਾ ਹੈ—ਨਾ ਵਛੇਰਾ ਹੈ, ਨਾ ਵਿਛੇਰੀ।

*ਧਰਿ ਸਤਿਗੁਰੂ ਕਾ ਧਯਾਨ ਕਹਯੋ ਸਿੰਘ ਯੋ ਬਿਨ ਢੇਰੀ।*
*ਨਰ ਖਚਰਾ ਹੈ ਪੇਟ ਮਾਹਿਂ ਇਸ ਕੇ ਰੰਗ ਕਾਲਾ।*
*ਮਾਥਾ ਪਾਉਂ ਸੁਫੈਦ, ਪੇਟ ਪਰ ਲਸਨ ਬਿਸਾਲਾ।*

*-ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ-੨੨੫੪*

ਇਹਦੇ ਪੇਟ ਵਿੱਚ ਖ਼ਚਰਾ ਹੈ ਔਰ ਉਹ ਨਰ ਹੈ, ਉਹਦੇ ਚਾਰੇ ਪੈਰ ਚਿੱਟੇ ਹਨ, ਮੱਥਾ ਚਿੱਟਾ ਹੈ ਔਰ ਉਹਦੇ ਪੇਟ ਉੱਤੇ ਇਕ ਲਸਣ ਹੈ।

*ਸੁਨਿ ਨਵਾਬ ਨੇ ਤੁਰਤ ਪੇਟ ਘੋੜੀ ਚਰਵਾਯੋ।*
*ਨਿਕਸਯੋ ਖੱਚਰ ਵੈਸ ਜੈਸ ਬਿਧਿ ਸਿੰਘ ਅਲਾਯੋ।*

ਸਿੱਖ ਨੂੰ ਗੁਰੂ ਗੋਬਿੰਦ ਸਿੰਘ ਜੀ ਉੱਤੇ ਇਮਾਨ ਸੀ। ਸਾਡੇ ਇਮਾਨ ਖਰਾਬ ਹੋ ਗਏ ਹਨ। ਜੇ ਅਸੀਂ ਕਹੀਏ ਕਿਸੇ ਨੂੰ ਬੇਈਮਾਨ ਤਾਂ ਮੰਨਦਾ

ਨਹੀਂ ਪਰ ਆਪਣੇ ਆਪਣੇ ਅੰਦਰ ਅਸੀਂ ਝਾਤੀਆਂ ਮਾਰੀਏ, ਸਾਡਾ ਹੈ —ਇਮਾਨ ਗੁਰੂ ਉੱਤੇ। ਸਤਿਗੁਰੂ ਸਾਡੇ ਤੇ ਬਖਸ਼ਿਸ਼ ਕਰੇ, ਸਾਨੂੰ ਇਮਾਨ ਬਖਸ਼ੇ, ਸਾਨੂੰ ਸਿਦਕ ਬਖਸ਼ੇ—ਇਹ ਉਹਦੀ ਬਖ਼ਸ਼ਿਸ਼ ਹੈ, ਜੇ ਬਖਸ਼ੇ, ਸਾਡੀ ਕੋਈ ਵਾਹ ਨਹੀਂ, ਅਸੀਂ ਕੁਛ ਨਹੀਂ ਕਰ ਸਕਦੇ। ਸਾਡਾ ਕੋਈ ਤਾਣ ਨਹੀਂ, ਅਸੀਂ ਜਾਪ, ਨਾ ਤਾਪ-ਕੁਛ ਕਰ ਨਹੀਂ ਸਕਦੇ, ਜੇ ਉਹ ਨਾ ਕਰਾਵੇ।

ਫਿਰ ਨਵਾਬ ਕਹਿੰਦਾ ਹੈ,''ਅੱਛਾ ਭਾਈ, ਇਹਦੇ ਤਾਂ ਪੇਟ ਵਿੱਚ ਖਚਰਾ ਨਿਕਲਿਆ, ਤੂੰ ਮੈਨੂੰ ਦੱਸ ਮੈਂ ਕਦੋਂ ਮਰਨਾ ਹੈ ?''

*ਦਿਨ ਪੈਂਤੀ ਕੇ ਬੀਚ ਲੇਹੁ ਕਰਿ ਜੋ ਕੁਛ ਕਰਨਾ।*
*ਸਿੰਘ ਜੀ ਕਹਯੋ ਸੁਨਾਇ ਸੂਲ ਸੋਂ ਹੈ ਤੈਂ ਮਰਨਾ।*

ਸਿੰਘ ਕਹਿੰਦਾ,''ਅੱਜ ਕਰ ਲੈ ਜੋ ਕੁਝ ਕਰਦੈ, ਤੇਰਾ ਪਿਸ਼ਾਬ ਬੰਦ ਹੋ ਜਾਣੈ, ਤੂੰ ਪੈਂਤੀਆਂ ਦਿਨਾਂ ਨੂੰ ਮਰਨੈ।'' ਮਗਰੋਂ ਤਾਰੂ ਸਿੰਘ ਵਾਲਾ ਕੰਮ ਹੋ ਗਿਆ, ਨਵਾਬ ਦਾ ਪਿਸ਼ਾਬ ਬੰਦ ਹੋਇਆ, ਪੈਂਤੀਵੇਂ ਦਿਨ ਨਵਾਬ ਮਰ ਗਿਆ। ਗੁਰੂ ਕੇ ਸਿੱਖ ਲਿਖੀ ਹੋਈ ਮੇਟ ਦਿੰਦੇ ਹਨ।

ਭਾਈ ਸਾਹਿਬ ਕਹਿੰਦੇ ਹਨ, ਨੇਤਰਾਂ ਨਾਲ ਦੇਖੀ ਹੈ ਕਿ ਸਿੱਖ ਲਿਖੀ ਹੋਈ ਮੇਟ ਸਕਦੇ ਹਨ ਤਾਂ ਭਾਈ, ਸਤਿਗੁਰੂ ਅੱਗੇ ਅਰਦਾਸ ਕਰੋ, ਸਾਨੂੰ ਸਿਦਕ ਦਾ ਦਾਨ ਦੇਵੇ, ਸਾਡੇ ਉੱਤੇ ਬਖ਼ਸ਼ਸ਼ ਕਰੇ।

ਕੱਲ ਨੂੰ ਜੇ ਸਤਿਗੁਰੂ ਕਿਰਪਾ ਕਰਨਗੇ ਤਾਂ ਭਾਈ ਰਾਇ ਸਿੰਘ ਦਾ ਰਸਤੇ ਦਾ ਪ੍ਰਸੰਗ, ਸ਼ੇਰ ਜਿਸ ਤਰ੍ਹਾਂ ਪਵੇਗਾ, ਜਿਸ ਤਰ੍ਹਾਂ ਸਤਿਗੁਰੂ ਜੀ ਭੈਣੀ ਸਾਹਿਬ ਤੋਂ ਚੀਨੀ ਘੋੜੀ ਤੇ ਜਾਂ ਕੇ ਉਸਦੀ ੮੦੦ ਕੋਹ ਤੇ ਰੱਖਿਆ ਕਰਕੇ ਮੁੜ ਕੇ ਆਉਣਗੇ, ਘੋੜੀ ਦਾ ਮੁੜਕਾ ਵੇਖ ਕੇ, ਸਿੱਖ ਹੈਰਾਨ ਹੋਣਗੇ, ਸਤਿਗੁਰ ਕਹਿਣਗੇ,''ਰਾਇ ਸਿੰਘ ਆਵੇਗਾ ਦੱਸੇਗਾ।'' ਮੁੜਕੇ ਭਾਈ ਰਾਇ ਸਿੰਘ ਜੀ ਹਜ਼ੂਰ ਸਾਹਿਬ ਤੋਂ ਵਾਪਸ ਆਉਂਦੇ ਹਨ। ਪੈਸੇ ਉੱਥੇ ਮੱਥਾ ਟੇਕ ਆਏ, ਸਾਢੇ ਤਿੰਨ ਸੌ ਰੁਪਿਆ ਉਹਨਾ ਦਿਨਾਂ ਵਿੱਚ ਭੇਟ ਚੜ੍ਹੀ, ਅੱਜ ਤਿੰਨ ਹਜ਼ਾਰ ਕੀ ਤੀਹ ਹਜ਼ਾਰ ਵਰਗਾ ਗਿਣ ਲਓ ਬੇਸ਼ਕ ਕਿਉਂਕਿ ਇਹ ਜਿਹੜੀ ਗੱਲ ਹੈ, ਕਰੀਬ ਐਨੀ ਹੈ ਕਿ ਪੰਦਰ੍ਹਾਂ

ਸੋਲ੍ਹਾਂ ਸੰਮਤ, ਉਨੀਂ ਸੌ ਬਿਕਰਮੀ ਹੋ ਸਕਦਾ ਹੈ, ਜਿਸਨੂੰ ਅੱਜ ੯੧ ਸਾਲ ਹੋ ਗਏ ਹਨ, ਉਦੋਂ ਪੈਸੇ ਰੁਪਈਏ ਦਾ ਕੀ ਮੁੱਲ ਸੀ। ਭਾਈ ਸਾਹਿਬ ਨੇ ਪੈਸਾ ਕੋਈ ਨਹੀਂ ਲਿਆ, ਰਸਤੇ ਵਿੱਚ ਖਰਚਾ ਮੁੱਕ ਗਿਆ, ਤਿੰਨ ਦਿਨ ਦੇ ਭਾਈ ਸਾਹਿਬ ਭੁੱਖੇ ਸਨ ਪਰ ਸਤਿਗੁਰੂ ਨੂੰ ਯਾਦ ਕਰਦੇ ਹਨ ਕਹਿੰਦੇ ਹਨ,''ਸੱਚਿਆ ਪਾਤਸ਼ਾਹ, ਤੂੰ ਹੁਕਮ ਕੀਤਾ ਸੀ ਕਿ ਤੇਰੀ ਰਾਖੀ ਕਰਾਂਗੇ।'' ਸਿੱਖ ਆਉਂਦਾ ਹੈ, ਖੂਹ ਉੱਤੇ ਜਲ ਛਕਣ ਵਾਸਤੇ, ਉੱਥੇ ਇੱਕ ਥੈਲੀ ਰੁਪੱਈਆਂ ਦੀ ਪਈ, ਉੱਥੋਂ ਖੂਹ ਦੇ ਕੰਢੇ ਤੋਂ ਮਿਲਦੀ ਹੈ। ਕੁਝ ਚਿਰ ਨਹੀਂ ਜਣਾਉਂਦੇ, ਪਾਣੀ ਪੀਤਾ, ਥੈਲੀ ਹੱਥ ਵਿੱਚ ਲਮਕਾ ਕੇ ਤੁਰ ਪਿਆ, ਐਉਂ ਨਹੀਂ ਬਈ ਏਥੋਂ ਮੈਂ ਚੁੱਕ ਲਵਾਂ ਕਿਸੇ ਦੀ ਕੱਛ ਦੇ ਹੇਠ ਦੀ ਦੇ ਲਵਾਂ ਅੰਦਰ, ਕਿਸੇ ਦੀ ਜੁੱਤੀ ਚੁੱਕ ਲਵਾਂ, ਗੁਰੂ ਕਾ ਸਿੱਖ ਸੀ, ਭਾਈ ਜੇ ਕਿਸੇ ਦੀ ਹੋਵੇ ਤਾਂ ਉਹਨੂੰ ਦੇ ਦੇਣੀਂ। ਰਸਤੇ ਜਦੋਂ ਤੁਰਿਆ, ਪੰਜ ਸੱਤ ਕੋਹ ਆਇਆ ਤਾਂ ਗਿਆਨ ਸਤਿਗੁਰਾਂ ਕਰਾਇਆ,''ਮੇਰੇ ਕੋਲ ਖਰਚਾ ਨਹੀਂ ਸੀ, ਤੇਰੇ—ਗੁਰੂ ਨੇ ਆਖਿਆ ਸੀ—ਰਾਖੇ ਹਾਂ।'' ਉਹਦੇ ਚੋਂ ਵਰਤਿਆ, ਗੁਰਦੁਆਰੇ ਆਇਆ ਸਤਿਗੁਰੂ ਦੀ ਚਰਨੀਂ ਲਗਿਆ। ਨਿਤਨੇਮ ਦਾ ਵਕਤ ਹੋ ਗਿਆ ਹੈ।

**ਜੋ ਕਿਛੁ ਕਰਹਿ ਸੋਈ ਅਬਸਾਰੁ[੩੧]।।**
**ਫਿਰਿ ਪਛੁਤਾਹੁ ਨ ਪਾਵਹੁ ਪਾਰੁ।।**

*-ਭੈਰਉ ਕਬੀਰ ਜੀ, ਪੰਨਾ-੧੧੫੯*

ਇਹ ਨਾਮ ਦਾ ਵਕਤ ਹੋ ਗਿਆ ਹੈ, ਗੁਰੂ ਸਾਹਿਬ ਨੇ ਆਖਿਆ ਹੈ—

**ਅਬ ਕਲੂ[੩੨] ਆਇਓ ਰੇ।।**
**ਇਕੁ ਨਾਮੁ ਬੋਵਹੁ ਬੋਵਹੁ[੩੩]।।**
**ਅਨ[੩੪] ਰੂਤਿ[੩੫] ਨਾਹੀ ਨਾਹੀ।।**
**ਮਤੁ ਭਰਮਿ ਭੂਲਹੁ ਭੂਲਹੁ।।**
**ਗੁਰ ਮਿਲੇ ਹਰਿ ਪਾਏ।।**
**ਜਿਸੁ ਮਸਤਕਿ ਹੈ ਲੇਖਾ।।**
**ਮਨ ਰੁਤਿ ਨਾਮ[੩੬] ਰੇ।।**

**ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ।।**

*–ਬਸੰਤ ਮ:੫, ਪੰਨਾ–੧੧੯੫*

ਬਸੰਤ ਰਾਗ ਵਿਚ ਗੁਰੂ ਅਰਜਨ ਦੇਵ ਮਹਾਰਾਜ ਜੀ ਕਹਿੰਦੇ ਹਨ–

**ਸਤਜੁਗਿ ਸਤੁ ਤੇਤਾ ਜਗੀ[੩੭] ਦੁਆਪਰਿ ਪੂਜਾ[੩੮] ਚਾਰ।।**
**ਤੀਨੌ ਜੁਗ ਤੀਨੌ ਦਿੜੇ[੩੯]**
**ਕਲਿ ਕੇਵਲ[੪੦] ਨਾਮ ਅਧਾਰ[੪੧]।।੧।।**

*–ਗਉੜੀ ਰਵਿਦਾਸ ਜੀ, ਪੰਨਾ–੩੪੬*

ਨਾਮ ਜਪਣਾ, ਭਾਈ ਗੁਰਦਾਸ ਕਹਿੰਦਾ ਹੈ ਕਲਿਜੁਗ ਵਿੱਚ ਪ੍ਰਵਾਣੁ ਹੈ।

*ਭਾਉ ਭਗਤਿ ਪਰਵਾਨ ਹੈ ਜਗ ਹੋਮ ਗੁਰਪੁਰਬਿ ਕਮਾਈ।।*

*–ਵਾਰ ੧, ਪਉੜੀ ੧੬*

ਕੀਰਤਨ ਕਰਨਾ—*ਕਲਿਜੁਗ ਕੀਰਤਨ ਨਾਮ ਅਧਾਰ।*

## ਨਾਮ ਜਪਿਆ ਕਰੋ

ਸੱਚੇ ਪਾਤਸ਼ਾਹ ਹੁਕਮ ਦਿੰਦੇ ਹਨ ਕੀਰਤਨ ਕਰਿਆ ਕਰੋ, ਨਾਮ ਜਪਿਆ ਕਰੋ, ਪ੍ਰੇਮ ਕਰਿਆ ਕਰੋ। ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ ਕਿ ਇਹ ਜਿਹੜਾ ਸਮਾਂ ਕਠਿਨ ਆ ਰਿਹਾ ਹੈ, ਉਹ ਕਿਰਪਾ ਕਰੇ ਤੇਰੇ ਚਰਨਾਂ ਨਾਲ ਪ੍ਰੀਤ ਲਗੀ ਹੋਵੇ, ਤਾਂ ਫਿਰ ਸਾਨੂੰ ਇਹ ਦੁੱਖ ਨਾ ਦੇਵੇ। ਜਿਸ ਤਰ੍ਹਾਂ ਜਿਹਨਾਂ ਦੇ ਕੋਲ ਕੋਈ ਗਰੜ ਉਦਗਾਰ ਬੂਟੀ ਹੈ, ਜਿਹੜਾ ਆਦਮੀ ਉਹ ਮੂੰਹ ਵਿੱਚ ਪਾ ਲਵੇ ਕਿੱਡਾ ਕੁ ਵੀ ਜ਼ਹਿਰੀ ਸੱਪ ਉਹ ਪਿੰਡੇ ਤੇ ਲੜਾ ਲਵੇ, ਉਹਨੂੰ ਜ਼ਹਿਰ ਨਹੀਂ ਚੜ੍ਹਦਾ ਕਿਉਂਕਿ ਉਹਦੇ ਮੂੰਹ ਵਿੱਚ ਗਰੜ ਉਦਗਾਰ ਹੁੰਦੀ ਹੈ। ਸਤਿਗੁਰੂ ਸੱਚੇ ਪਾਤਸ਼ਾਹ ਨੇ ਸਾਨੂੰ ਗਰੜ ਉਦਗਾਰ ਦਿੱਤੀ ਹੈ, ਤੁਹਾਨੂੰ ਨਾਮ ਦਿੱਤਾ ਹੈ। ਜਿਹੜੇ ਨਾਮ ਜਪਣਗੇ ਉਹਨਾਂ ਨੂੰ ਫਿਰ ਮਾਇਆ ਦਾ ਜ਼ਹਿਰ ਨਹੀਂ ਚੜ੍ਹ ਸਕਦਾ। ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ, ਸਤਿਗੁਰੂ ਤੁਹਾਡੇ ਉਪਰ ਕਿਰਪਾ ਕਰਨ, ਤੁਸੀਂ ਨਾਮ ਜਪੋ ਔਰ ਇਹ ਵੇਲਾ ਇਹ ਰੋਜ਼ ਦੀਆਂ ਖੇਡਾਂ ਨਹੀਂ

**ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ**

**ਤਾਂ ਫਿਰਿ ਪਿਆਰਾ ਰਾਵੀਐ[੪੨] ਜਬ ਆਵੈਗੀ ਵਾਰੀ।।**

*-ਤਿਲੰਗ ਮ: ੧, ਪੰਨਾ-੭੨੫*

- **ਚਿਰੰਕਾਲ ਪਾਈ ਦ੍ਰੁਲਭ ਦੇਹ।।**
  **ਨਾਮ ਬਿਹੂਣੀ ਹੋਈ ਖੇਹ।।**

*-ਰਾਮਕਲੀ ਮ: ੫, ਪੰਨਾ-੮੯੦*

- **ਨਾਨਕ ਤਾ ਕੀ ਭਗਤਿ ਕਰੇਹ।।**

*-ਗਉੜੀ ਮ:੫, ਪੰਨਾ ੨੭੦*

ਇਹਦੇ ਅਰਥ ਕੀ ਕਰਨੇ ਹਨ, ਇੱਥੇ ਅਸੀਂ ਪਹੁੰਚ ਕਿੱਥੇ ਸਕਦੇ ਹਾਂ ? ਇੱਕ ਮਿਡਲ ਫੇਲ੍ਹ ਮੁੰਡਾ ਅਮਰੀਕਾ ਦੇ ਡਬਲ ਐਮ. ਏ. ਦੀ ਗੱਲ ਕਿਸ ਤਰ੍ਹਾਂ ਸਮਝ ਸਕਦਾ ਹੈ। ਜਿੰਨੀ ਉਹ ਜਣਾ ਦੇਵੇ-

**ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ।।**

*-ਆਸਾ ਮ: ੪, ਪੰਨਾ-੩੬੫*

-ਸਤਿਗੁਰੂ ਦੀ ਬਾਣੀ ਦੇ ਅਰਥ ਸਤਿਗੁਰੂ ਜਾਣਦੇ ਹਨ।

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ**
**ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।।**

*-ਮ:੪, ਪੰਨਾ-੩੦੮*

ਧਿਆਨ ਦਿਓ, ਨਾਮ ਜਪਿਆ ਕਰੋ, ਸਣੇ ਕੇਸੀ ਇਸ਼ਨਾਨ ਕਰਕੇ ਬਾਣੀ ਪੜ੍ਹਿਆ ਕਰੋ—ਨਾਮਧਾਰੀਓ ! ਸਤਿਗੁਰਾਂ ਨੇ ਹੁਕਮ ਦਿਤੈ, ''ਜਨਾਨੇ, ਮਰਦਾਨੇ, ਬੁੱਢੇ, ਬਾਲੇ ਨੇ ਸਭ ਕੇ ਬਾਣੀ ਕੰਠ ਕਰਨੀ। ਅੱਖਰ ਗੁਰਮੁਖੀ ਦੇ ਪੜ੍ਹਾਉਣੇ, ਬੱਚਿਆਂ ਨੂੰ ਹੋਸ਼ ਆਉਂਦੀ ਦੇ ਨਾਲ।''

ਦੇਖ ਲਓ ਹੁਣ ਅਗਲਿਆਂ ਪੜ੍ਹਿਆਂ ਲਿਖਿਆਂ ਦਾ ਕੋਈ ਮੁੱਲ ਨਹੀਂ ਪੈਂਦਾ। ਅੱਜ ਅੰਗਰੇਜ਼ੀ ਜਾ ਰਹੀ ਹੈ, ਮਲੇਛ ਭਾਸ਼ਾ ਖਤਮ ਹੋ ਰਹੀ ਹੈ। ਸਾਡੇ ਮੁਲਕ ਵਿੱਚ ਵੀ ਹਿੰਦੀ ਰਾਸ਼ਟਰ ਭਾਸ਼ਾ ਬਣਨ ਵਾਲੀ ਹੈ—ਕੁਛ ਦਿਨਾਂ ਵਿੱਚ। ਹੁਣ ਦਰਵਾਜ਼ੇ ਤੇ ਜਾ ਕੇ ਵੇਖਿਆ ਲਿਖਿਆ ਹੋਇਆ ਹਿੰਦੀ ਵਿੱਚ ਰਾਜਿੰਦਰ ਪ੍ਰਸ਼ਾਦ। ਬਸ, ਕੁਛ ਨਹੀਂ ਹੋਰ ਉਸਦੇ ਨਾਲ ਲਿਖਿਆ ਹੋਇਆ—ਨਾ ਅੰਗਰੇਜ਼ੀ ਹੈ, ਨਾ ਕੁਛ ਹੈ, ਹਿੰਦੀ ਆ ਗਈ।

ਤੁਹਾਡੀ ਗੁਰਮੁਖੀ ਬਾਣੀ, ਗੁਰੂ ਸਾਹਿਬ ਨੇ ਤੁਹਾਡੇ ਵਾਸਤੇ ਪੰਜਾਬੀ ਬਣਾਈ ਔਰ ਤੁਹਾਨੂੰ ਚਾਹੀਦੈ, ਤੁਸੀਂ ਇਹਦੇ ਨਾਲ ਪਿਆਰ ਕਰੋ ਔਰ ਪੜ੍ਹੋ। ਗੁਰਬਾਣੀ ਪੜ੍ਹਿਆ ਕਰੋ ਔਰ ਪੜ੍ਹ ਕੇ ਅਰਜ਼ ਕਰਿਆ ਕਰੋ ਕਿ ਇਸਦਾ ਭਾਵ ਸਾਡੇ ਹਿਰਦੇ ਤੇ ਵੱਸੇ ਤਾਂ ਸਾਡਾ ਇਹ ਮਨੁੱਖਾ ਜਾਮਾ ਸੁਫਲਾ ਹੋ ਜਾਏ।

**ਗੁਰ ਸੇਵਾ ਤੇ ਭਗਤਿ ਕਮਾਈ।।**
**ਤਬ ਇਹ ਮਾਨਸ ਦੇਹੀ ਪਾਈ।।**
**ਇਸ ਦੇਹੀ ਕਉ ਸਿਮਰਹਿ ਦੇਵ।।**
**ਸੋ ਦੇਹੀ ਭਜੁ ਹਰਿ ਕੀ ਸੇਵ।।੧।।**
**ਭਜਹੁ[੪੩] ਗੁਬਿੰਦ ਭੂਲਿ ਮਤ ਜਾਹੁ।।**
**ਮਾਨਸ ਜਨਮ ਕਾ ਏਹੀ ਲਾਹੁ।।੧।।ਰਹਾਉ।।**
**ਜਬ ਲਗੁ ਜਰਾ[੪੪] ਰੋਗੁ ਨਹੀਂ ਆਇਆ।।**
**ਜਬ ਲਗੁ ਕਾਲਿ ਗ੍ਰਸੀ[੪੫] ਨਹੀ ਕਾਇਆ।।**
**ਜਬ ਲਗੁ ਬਿਕਲ[੪੬] ਭਈ ਨਹੀਂ ਬਾਨੀ।।**
**ਭਜਿ ਲੇਹਿ ਰੇ ਮਨ ਸਾਰਿਗ ਪਾਨੀ।।**
**ਅਬ ਨ ਭਜਸਿ ਭਜਸਿ ਕਬ ਭਾਈ।।**
**ਆਵੈ ਅੰਤੁ[੪੭] ਨ ਭਜਿਆ ਜਾਈ।।**
**ਜੋ ਕਿਛੁ ਕਰਹਿ ਸੋਈ ਅਬਸਾਰੁ[੪੮]।।**
**ਫਿਰਿ ਪਛੁਤਾਹੁ ਨ ਪਾਵਹੁ ਪਾਰੁ।।**

*-ਪੰਨਾ ੧੧੫੯*

ਭਾਈ ਮਨੁੱਖਾ ਦੇਹ ਮਿਲੀ ਹੈ, ਗੁਰੂ ਸਾਹਿਬ ਨੇ ਮਨੁੱਖਾ ਦੇਹ ਦਿੱਤੀ ਹੈ, ਕਬੀਰ ਜੀ ਕਹਿੰਦੇ ਹਨ-

**ਚਾਰਿ ਪਾਵ[੪੯] ਦੁਇ ਸਿੰਗ ਗੁੰਗ[੫੦] ਮੁਖ**
**ਤਬ ਕੈਸੇ ਗੁਨ ਗਈ[੫੧] ਹੈ।।**
**ਊਠਤ ਬੈਠਤ ਠੇਗਾ[੫੨] ਪਰਿ ਹੈ**
**ਤਬ ਕਤ ਮੂਡ[੫੩] ਲੁਕਈ ਹੈ।।੧।।**

## ਹਰਿ ਬਿਨੁ ਬੈਲ ਬਿਰਾਨੇ[੫੪] ਹੁਈ ਹੈ।।

*-ਗੁਜਰੀ ਕਬੀਰ ਜੀ, ਪੰਨਾ-੫੨੪*

ਕਿਸੇ ਵੀ ਜਨਮ ਵਿੱਚ ਮਨੁੱਖਾ ਦੇਹ ਤੋਂ ਬਗੈਰ ਨਾਮ ਨਹੀਂ ਜਪਿਆ ਜਾ ਸਕਦਾ, ਭਾਈ ਨਾਮ ਜਪੋ, ਅਰਦਾਸ ਕਰੋ ਸਤਿਗੁਰੂ ਅੱਗੇ ਅਰ ਪਿਆਰ ਕਰਿਆ ਕਰੋ ਇੱਕ ਦੂਸਰੇ ਨਾਲ। ਥੋੜੀ-ਥੋੜੀ ਗੱਲ ਦੇ ਉੱਤੇ ਐਵੇਂ ਨਾ ਲੜੋ, ਦੂਰ ਦੂਰ ਨਾ ਜਾਓ। ਮੈਂ ਅੱਗੇ ਵੀ ਅਰਜ਼ ਕਰ ਆਇਆ ਹਾਂ ਤਾਂ ਫੇਰ ਹੁਣ ਅਰਜ਼ ਕਰਾਂਗਾ ਨਾਮਧਾਰੀਆਂ ਅੱਗੇ ਜੇ ਕੋਈ ਕਿਸੇ ਦਾ ਥੋੜਾ ਬਹੁਤ ਰੌਲਾ ਝਗੜਾ ਹੈ, ਉਹ ਆਪਸ ਵਿੱਚ ਬਹਿ ਕੇ ਮੁਕਾ ਲਵੋ, ਨਹੀਂ ਸੂਬਿਆਂ ਕੋਲ ਬੈਠ ਮੁਕਾ ਲਓ, ਚਾਰ ਸਰੀਰ ਬਹਿ ਕੇ ਮੁਕਾ ਲਓ, ਜਿਹੜਾ ਤੁਸੀਂ ਮੈਨੂੰ ਹੁਕਮ ਕਰੋਗੇ, ਜਿਹੜਾ ਕੁਛ ਮੈਂ ਕਰ ਸਕਦਾ ਹਾਂ, ਕੱਲ ਦਾ ਦਿਨ, ਪਰਸੋਂ ਦੁਪਹਿਰ ਤਕ ਮੈਂ ਰਹਿਣਾ ਹੈ ਤਾਂ ਕਿ ਤੁਸੀਂ ਪਿਛਲੇ ਵਿਤਕਰੇ ਛੱਡੋ, ਅੱਗੇ ਨੂੰ ਸਿੱਧੇ ਰਸਤੇ ਲੱਗੋ। ਗੁਰੂ ਅੱਗੇ ਅਰਦਾਸ ਕਰੋ ਕਿ ਸਾਡੇ ਉੱਤੇ ਕਿਰਪਾ ਕਰਨ ਸਾਥੋਂ ਬੁਰਾ ਕੰਮ ਹੋਵੇ ਹੀ ਨਾ ਕਿਉਂਕਿ ਤੇਰੇ ਸਦਾਉਨੇ ਹਾਂ, ਤੇਰੇ ਨਾਮ ਨੂੰ ਲਾਜ ਨਾ ਲੱਗੇ। ਜਿਸ ਵੇਲੇ ਭਾਈ ਜੋਗਾ ਸਿੰਘ ਹੁਸ਼ਿਆਰਪੁਰ ਜਾਂਦੈ, ਸਾਹਿਬ ਸੱਚੇ ਪਾਤਸ਼ਾਹ ਉੱਥੇ ਚੌਕੀਦਾਰ ਬਣਕੇ ਜਾ ਕੇ ਕਹਿੰਦੇ ਹਨ-

*ਉਹ ਤੇੜ ਕਛਹਿਰਾ ਤੇ ਸਿਧੀ ਪਾਗ,*
*ਸਿਖ ਹੋਏ ਕੇ ਕਰੇ ਅਪਰਾਧ,*

ਤੂੰ ਆਪਣੀ ਪੱਗ ਵੱਲ ਦੇਖ, ਆਪਣੀ ਦਾੜ੍ਹੀ ਵੱਲ ਦੇਖ ਉਏ ਸਿੱਖਾ, ਤੂੰ ਕੀ ਕਰਦਾ ਹੈਂ ਪਰ ਸਤਿਗੁਰੂ ਪਹਿਰਾ ਦੇਵੇ ਤਾਂ ਸਿੱਖ ਬਚਦਾ ਹੈ। ਜ਼ਰਾ ਕੁ ਭਾਈ ਨੂੰ ਮਾਣ ਹੋ ਗਿਆ ਸੀ, ਮੈਂ ਤਿੰਨ ਲਾਵਾਂ ਲੈ ਕੇ ਛੱਡ ਆਇਆ ਹਾਂ। ਦੇਖੋ, ਮਾਣ ਨਹੀਂ ਕਰਨਾ, ਸਤਿਗੁਰੂ ਅੱਗੇ ਅਰਦਾਸ ਕਰੋ, ਤੁਹਾਡੇ ਉੱਤੇ ਕਿਰਪਾ ਕਰੇ। ਇੱਥੇ ਆਪਣਾ ਘੜੀ—ਆਨੰਦ ਲੈ ਲੈਣ, ਪਤਾ ਨਹੀਂ-

*ਅੱਜ ਕੱਲ੍ਹ ਕਿ ਚਹੁੰ ਦਿਨੀ, ਓੜਕ ਦਿਨੀ ਦਸੀਂ,*
*ਇਸ ਸੁਹਾਵੇ ਬਾਗ ਵਿੱਚ ਹੋਵਾਂਗੇ ਕਿ ਨਾਂਹਿ ਅਸੀਂ।*

ਪਤਾ ਨਹੀ ਕੀ ਹੋਣਾ ਹੈ, ਇਹ ਮਨੁੱਖਾ ਦੇਹ ਮਿਲੀ ਹੈ, ਇਸਨੂੰ ਸਫਲ ਕਰ ਲਉ। ਇਸ ਨੂੰ ਹੋਰ ਕਿਸੇ ਕਵੀ ਜੀ ਨੇ, ਨਾਉ ਤੇ ਕਬੀਰ ਜੀ ਦਾ ਲਿਖਿਆ–

*ਬੈਸਤ ਬਾਰਾ ਚਲਤ ਅਠਾਰਾਂ,*

ਬੈਠਿਆਂ ਹੋਇਆਂ ਬਾਰਾਂ, ਸਵਾਸ, ਤੁਰਦਿਆਂ ਹੋਇਆ ਅਠ੍ਹਾਰਾਂ–

*ਸੋਵਤ ਜਾਏ ਤੀਸਾ,*

ਸੁਤਿਆਂ ਹੋਇਆਂ ਤ੍ਰੀਹ ਹੋ ਜਾਂਦੇ ਹਨ ਓਨੇ ਚਿਰ ਵਿੱਚ।

*ਮੈਥਨ ਕਰਦਿਆਂ ਚੌਸਠ ਜਾਵੇ,*

ਜੇ ਵਿਸ਼ੇ ਵਿਕਾਰ ਭੋਗਦੇ ਹੋ, ਤਾਂ ਚੌਸਠ ਜਾਂਦੇ ਹਨ–

*ਕਿਉਂ ਨ ਭਜਹਿ ਜਗਦੀਸਾ ?*
*ਚੌਵੀ ਹਜ਼ਾਰ ਰੋਜ ਦਾ ਖਰਚਾ ਆਮਦਨ ਮੂਲ ਨ ਥੀਵੈ,*
*ਜਿਸ ਬੰਦੇ ਨੂੰ ਐਨਾ ਘਾਟਾ ਸੋ ਬੰਦਾ ਕਿਉਂ ਜੀਵੇ।*

ਇਹ ਕੁਛ ਹੈ, ਤੁਸੀਂ ਆਪਣੇ ਵੱਲ ਧਿਆਨ ਦਿਓ ਤਾਂ ਹੀ ਤਾਂ ਸਾਹਿਬਾਂ ਨੇ ਨਾਮ ਜਪਣ ਵਾਸਤੇ, ਸਤਿਗੁਰਾਂ ਨੇ ਢਾਈ ਮਾਲਾ ਦਾ ਹੁਕਮ ਦਿੱਤਾ ਹੈ ਕਿ ਚਵੀ ਹਜ਼ਾਰ ਵੇਰ ਭਜਨ ਹੋ ਜਾਵੇ ਤਾਂ ਇੱਕ-ਇੱਕ ਸਵਾਸ ਨੂੰ ਤਾਂ ਇੱਕ ਵੇਰ ਆ ਜਾਏ। ਸੁਖਮਨੀ ਸਾਹਿਬ ਦੇ ਪਾਠ ਦਾ ੨੪੦੦੦ ਅੱਖਰ ਹੈ। ਜਿਹੜੇ ਪੜ੍ਹਦੇ ਹਨ ਏਸੇ ਕਰਕੇ ਉਹ ਪਾਠ ਕਰਦੇ ਹਨ ਕਿ ਇੱਕ ਇੱਕ ਅੱਖਰ ਤਾਂ ਆਵੇ ਇੱਕ-ਇੱਕ ਵੇਰਾਂ ਦੇ ਸਵਾਸ ਨੂੰ। ਭਾਈ ਕੁਛ ਨਾ ਕੁਛ ਮੇਰੇ ਉੱਤੇ ਵੀ ਕਿਰਪਾ ਕਰੋ ਕਿ ਮੈਂ ਕਹਿਣ ਵਾਲਾ ਹੀ ਨਾ ਰਵ੍ਹਾਂ, ਕੁਛ ਦਾਨ ਮਿਲੇ ਸਾਧ-ਸੰਗਤ ਕੋਲੋਂ, ਜ਼ਰਾ ਹੋਰ ਅਗਾਂਹ ਹੋਈਏ ਜਿਸ ਤਰ੍ਹਾਂ,

**ਸਹਸ ਖਟੇ ਲਖ ਕਉ ਉਠਿ ਧਾਵੈ॥**

*–ਗਉੜੀ ਮ: ੫, ਪੰਨਾ–੨੭੯*

ਜੇ ਹਜ਼ਾਰ ਹੋ ਜਾਂਦਾ ਹੈ ਤਾਂ ਲੱਖ ਦੀ ਚਾਹ ਕਰਦਾ ਹੈ, ਇਸ ਤਰ੍ਹਾਂ ਇਉਂ ਵੀ ਕਰੋ ਕਿ ਅੱਜ ਤੁਸੀਂ ਏਨੀ ਬਾਣੀ ਪੜ੍ਹੀ ਹੈ, ਇਨ੍ਹਾਂ ਨਾਮ ਜਪਿਆ ਹੈ, ਕੱਲ ਨੂੰ ਹੋਰ ਏਦੂੰ ਜ਼ਿਆਦਾ ਜਪੀਏ, ਹੋਰ ਜਪੀਏ, ਉਹੀ ਦਿਵਾਨ

ਨੰਦ ਲਾਲ ਜੀ ਕਹਿੰਦੇ ਹਨ–

*ਖੁਸ਼ ਅਸਤ ਉਮਰ ਕਿ ਦਰ ਯਾਦਿ ਬਿਗੁਜ਼ਰਦ।*

ਅੱਛੀ ਹੈ ਉਹ ਉਮਰ, ਭਲੀ ਹੈ ਉਹ ਉਮਰ ਭਾਈ—

ਜੋ-ਦਰ ਯਾਦਿ ਬਿਗੁਜ਼ਰਦ—ਯਾਦ ਵਿੱਚ ਗੁਜ਼ਰਦੀ ਹੈ

ਵਰਨਾ-*ਚਿ ਹਾਸਲ ਅਸਤ ਅਜ਼ੀਂ ਗੁੰਬਦਿ ਕਬੂਦ ਮਰਾ।*

*-ਗਜ਼ਲ-੧*

ਨਹੀਂ ਤੇ ਇੱਥੇ ਕੀ ਹਾਸਲ ਹੈ ਨੀਲੇ ਗੁੰਬਦ ਵਿੱਚ।

ਇੱਕ ਮਹਾਤਮਾ, ਸੰਤ ਇੱਕ ਪਿੰਡ ਵਿੱਚ ਜਾਂਦੇ ਹਨ, ਮੜ੍ਹੀਆਂ ਵਿੱਚ ਜਾ ਕੇ ਕਿਆ ਦੇਖਦੇ ਹਨ- ਕਿ ਕਿਸੇ ਦੀ ਉਮਰ ਤਿੰਨ ਸਾਲ ਲਿਖੀ ਹੋਈ ਹੈ, ਕਿਸੇ ਤੇ ਚਾਰ ਸਾਲ ਲਿਖੀ ਹੋਈ ਹੈ, ਪੰਜਾ ਸਾਲਾਂ ਤੋਂ ਵੱਧ ਕਿਸੇ ਦੀ ਉਮਰ ਨਹੀਂ ਲਿਖੀ। ਪਿੰਡ ਵਿੱਚ ਗਏ, ਲੋਗ ਵੱਡੇ-ਵੱਡੇ ਦੇਖੇ—ਧੌਲੀਆਂ ਦਾੜ੍ਹੀਆਂ ਵਾਲੇ ਬੈਠੇ—ਤਾਂ ਹੈਰਾਨ ਜਿਹੇ ਹੋ ਕੇ ਕਹਿੰਦੇ ਹਨ,''ਭਾਈ ਚੌਧਰੀਓ ਭਗਤੋ, ਅਸੀਂ ਆਏ ਹਾਂ, ਅਸੀਂ ਮੜ੍ਹੀਆਂ ਵਿੱਚ ਦੇਖੀ ਹੈ-ਆਹ ਚੀਜ਼। ਤੁਹਾਡੇ ਪਿੰਡ ਵਿੱਚ ਆਏ ਆਂ ਤਾਂ ਤੁਸੀਂ ਬੜੀ-ਬੜੀ ਉਮਰ ਦੇ ਬੈਠੇ ਹੋ।''

ਉਹ ਕਹਿੰਦੇ,''ਮਹਾਤਮਾ ਜੀ ਬੈਠੋ, ਆਉ, ਬਿਰਾਜੋ।'' ਉਨ੍ਹਾਂ ਨੂੰ ਬਹਾ ਕੇ ਕਹਿੰਦੇ ਹਨ,''ਮਹਾਰਾਜ, ਸਾਡੇ ਪਿੰਡ ਵਿੱਚ ਇੱਕ ਚੀਜ਼ ਬਣੀ ਹੋਈ ਹੈ, ਹਰ ਇੱਕ ਆਦਮੀ ਨੇ ਆਪਣੇ-ਆਪਣੇ ਕੋਲ ਲਿਖਤ ਰਖੀ ਹੋਈ ਹੈ ਕਿ ਉਹ ਸਤਸੰਗ ਰੋਜ਼ ਕਿਤਨਾ ਕਰਦਾ ਹੈ, ਨਾਮ ਕਿਤਨਾ ਜਪਦਾ ਹੈ, ਜਿਹੜਾ ਉਹ ਰੋਜ਼ ਕਰਦਾ ਹੈ, ਇੱਕ ਘੜੀ ਕਰੇ, ਅੱਧੀ ਕਰੇ, ਦੋ ਘੜੀਆਂ ਕਰੇ, ਉਹ ਰੋਜ਼ ਆਪਣਾ ਲਿਖਦਾ ਰਹਿੰਦਾ ਹੈ। ਮਹਾਰਾਜ, ਜਦ ਗੁਜ਼ਰ ਜਾਂਦਾ ਹੈ ਅਸੀਂ ਉਹਦੇ ਕਾਗਜ਼ ਇਕੱਠੇ ਕਰਦੇ ਹਾਂ ਤਾਂ ਪੰਜਾਂ ਸਾਲਾਂ ਤੋਂ ਵੱਧ ਕਿਸੇ ਦਾ ਨਹੀਂ ਹੁੰਦਾ। ਇਸ ਕਰਕੇ ਅਸੀਂ ਉਹ ਲਿਖੀ ਹੋਈ ਹੈ ਕਿਉਂ ਕਿ ਉਮਰ ਤੇ ਉਹੋ ਹੀ ਹੈ ਨ

*ਖੁਸ਼ ਅਸਤ ਉਮਰ ਕੇ ਦਰ ਯਾਦਿ ਬਿਗੁਜ਼ਰਦ*

ਤਾਂ ਭਾਈ ਜੋ ਕੁਛ ਹੁੰਦਾ ਹੈ ਕਰੋ, ਸਤਿਗੁਰੂ ਅੱਗੇ ਅਰਦਾਸ ਕਰੋ,

ਸਮਾਂ ਬੜਾ ਭਿਆਨਕ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੋ ਕੁਛ ਇਹਦੇ ਵਾਸਤੇ ਲਿਖਿਆ ਹੋਇਆ ਹੈ, ਉਹ ਬੜਾ—ਅਜੇ ਇਹ ਨਾ ਸਮਝੋ ਕਿ ਅੱਧੀ ਪੰਜਾਬ ਤੇ ਜਾਂ ਅੱਧੀ ਬੰਗਾਲ ਤੇ ਰੌਲਾ ਮੁਕ ਗਿਆ ਹੈ—ਸਰਿਸ਼ਟੀ ਸਾਰੀ, ਉਹਨਾਂ ਨੇ ਲਿਖਿਆ ਹੈ–

*ਰੌਲੀ ਪਵੇ ਦੇਸ ਸਭ ਰੁਲੈ।*

*–ਸੌ ਸਾਖੀ*

ਸਾਰੇ ਦੇਸ਼ ਰੁਲਣੇ ਹਨ। ਬਚਾਅ ਕਰੋ, ਦੇਖੋ ਹਾਲ ਕੀ ਹੋ ਰਿਹਾ ਹੈ, ਕਿਸ ਤਰ੍ਹਾਂ ਹਨੇਰੀਆਂ ਚਲ ਰਹੀਆਂ ਹਨ। ਉੱਤੋਂ-ਉੱਤੋਂ ਸਾਡੇ ਵਾਂਗੂੰ ਜਿਹੜੇ ਵੱਡੇ-ਵੱਡੇ ਐਸ ਵੇਲੇ ਸਾਡੇ, ਵੱਡੇ-ਵੱਡੇ ਸਾਨ੍ਹ ਹਨ, ਸੰਢੇ ਸਮਝੋ, ਕੁਝ ਸਮਝੋ, ਭਿੜਣ ਵਾਲੇ ਹਨ। ਉੱਤੋਂ-ਉੱਤੋਂ ਤਾਂ ਕਹਿੰਦੇ ਹਨ ਅਸੀਂ ਬੈਠ ਕੇ ਲੀਗ ਬਨਾਂ ਕੇ ਲੜਾਈ ਬੰਦ ਕਰੀਏ, ਕੋਈ ਐਟਮ ਤਿਆਰ ਕਰ ਰਿਹਾ ਹੈ, ਕੋਈ ਹਵਾਈ ਤਾਕਤ ਤਿਆਰ ਕਰ ਰਿਹਾ ਹੈ, ਕੋਈ ਤੋਪਾਂ ਤਿਆਰ ਕਰ ਰਿਹਾ ਹੈ, ਕੋਈ ਬਰੂਦ ਕਰ ਰਿਹਾ ਹੈ—ਤਿਆਰ, ਕੋਈ ਫੌਜਾਂ ਬਹੁਤੀਆਂ ਬਣਾ ਰਿਹਾ ਹੈ। ਹੁਣ ਇਉਂ ਤੇ ਗੱਲ ਨਹੀਂ ਨਾ ਹੁੰਦੀ, ਮੈਂ ਮੁੰਡਿਆਂ ਨੂੰ ਮਗਰ ਕਹਿ ਆਵਾਂ ਤਗੜੇ ਹੋਵੇ ਭਾਈ, ਅਸੀਂ ਨੰਦ ਸਿੰਘ ਦੀ ਇੱਜ਼ਤ ਲਾਹੁਣੀ ਹੈ ਤੇ ਉੱਥੇ ਜਾ ਕੇ ਆਖਾਂ,''ਸਰਦਾਰ ਜੀ ਜਾਣ ਦਿਓ ਆਪਾਂ ਆਪਸ ਵਿੱਚ ਰਾਜ਼ੀ—ਨਾਮਾਂ ਕਰ ਲਈਏ।'' ਅਕਸਰ ਉਹ ਜਿਹੜੇ ਮਗਰਲੇ ਖੜੇ ਹਨ ਉਹਨਾਂ ਨੇ ਆ ਕੇ ਗਲ ਪੈ ਹੀ ਜਾਣਾ ਹੈ। ਹੁਣ ਅਸੀਂ ਇੱਕ ਪਾਸੇ ਫੌਜਾਂ ਨੂੰ ਤਿਆਰ ਕਰ ਦੇਨੇ ਹਾਂ, ਜਹਾਜ਼ ਬਣਾਉਂਦੇ ਹਨ—ਅਮਰੀਕਾ ਨੇ ਐਨੇ ਬਣਾ ਲਏ, ਰੂਸ ਨੇ ਐਨੇ ਬਣਾ ਲਏ, ਅੰਗਰੇਜ਼ ਆਹ ਕੁਛ ਕਰਦੇ ਹਨ। ਹਰ ਇੱਕ ਆਦਮੀ ਲੰਗੋਟੇ ਕੱਸ ਰਿਹਾ ਹੈ ਤੇ ਇਹ ਜੋ ਕੁਛ ਹੋ ਰਿਹਾ ਹੈ ਇਹ ਬਰਸੇਗਾ, ਇਹਨੂੰ ਕੋਈ ਬੰਦ ਨਹੀਂ ਕਰ ਸਕਦਾ—ਕਰਤੇ ਪੁਰਖ ਦੀ ਲਿਖੀ ਹੋਈ ਹੈ।''

ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ—ਇਸਨੂੰ ਕੋਈ ਨਹੀਂ ਮੇਟ ਸਕਦਾ। ਸਤਿਗੁਰੂ ਰਾਮ ਸਿੰਘ ਨੇ ਦੱਸਿਆ ਹੈ,''ਭਾਈ ਸੂਰਜ ਲਹਿੰਦਿਓ ਚੜ੍ਹਿਆ ਮੰਨ ਲੈਣਾ, ਜੋ ਸੱਚੇ ਪਾਤਸ਼ਾਹ ਕਲਗੀ ਵਾਲੇ ਨੇ ਲਿਖਿਆ ਹੈ ਉਹ

ਅੱਖਰ-ਅੱਖਰ ਪੂਰਾ ਵਰਤੂ, ਉਹਨੂੰ ਕੋਈ ਨਹੀਂ ਰੋਕ ਸਕਦਾ।'' ਜਿਸ ਤਰ੍ਹਾਂ ਉਹਨਾਂ ਨੇ ਹੁਕਮ ਦਿੱਤਾ ਹੈ ਕਿ ਜਿਹੜੇ ਨਾਮ ਜਪਣਗੇ, ਜਿਸ ਤਰ੍ਹਾਂ ਕਿੱਲੀ ਦੇ ਕੋਲ ਦੇ ਦਾਣੇ ਬਚ ਰਹਿੰਦੇ ਹਨ, ਚੱਕੀ ਤੋਂ ਬਚ ਰਹਿਣਗੇ। ਨਾਮ ਜਪਿਆ ਕਰੋ, ਅਰਜ਼ ਕਰਿਆ ਕਰੋ ਕਿ ਸਾਡਾ ਮੂੰਹ ਨਾਮ ਜਪਣ ਵਾਲਾ ਬਣੇ, ਦਿਲ ਨਾਮ ਜਪਣ ਵਾਲਾ ਬਣਾ, ਸਾਡੇ ਉੱਤੇ ਬਖ਼ਸ਼ਿਸ਼ ਕਰ। ਰਹਿਮਤ-ਬਖ਼ਸ਼ਿਸ਼ ਤੋਂ ਬਗੈਰ, ਅਸੀਂ ਗਿਣਤੀ ਨਾਲ ਕਦੇ ਕੁਛ ਨਹੀਂ ਕਰ ਸਕਦੇ। ਜੇ ਕ੍ਰਿਪਾ ਕਰ ਦੇਵੇ, ਉੱਥੇ ਕਿਹੜੀ ਵੱਡੀ ਗੱਲ ਹੈ ਇੱਕ ਪਾਤਸ਼ਾਹ ਦਾ ਚਿਤ ਕਰੇ ਜਿਹੜਾ ਬਣਾ ਸਕਦਾ ਹੈ ਹੀਰੇ ਮੋਤੀ ਅਨੇਕਾਂ, ਉਹ ਅਗਰ ਖੋਲ ਦੇਵੇ ਖਜ਼ਾਨੇ ਤੇ ਭਰ-ਭਰ ਝੋਲੀਆਂ ਲੋਕ ਲਈ ਜਾਣ ਤਾਂ ਕੀ ਵਿਗੜਦਾ ਹੈ। ਇਹ ਉਹਦੀ ਬਖ਼ਸ਼ਿਸ਼ ਹੈ—ਗਿਣਤੀਆਂ ਨਹੀਂ, ਮਿਹਨਤਾਂ ਨਾਲ ਨਹੀਂ, ਸਾਡੀਆਂ ਗਿਣਤੀਆਂ ਨਾਲ ਨਹੀਂ, ਉਸਦੀ ਬਖ਼ਸ਼ਿਸ਼ ਨਾਲ ਹੈ ਤੇ ਬਖ਼ਸ਼ਿਸ਼ ਮੰਗੋ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥**
**ਹੇ ਪੂਰਨ ਹੇ ਸਰਬ ਮੈ ਦੂਖ ਭੰਜਨ ਗੁਣਤਾਸ॥**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ॥**
**ਹੇ ਗੋਬਿੰਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ॥**
**ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ॥**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ॥**
**ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥**

*-ਮ:੫, ਪੰਨਾ-੨੬੧*

– **ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ॥**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ॥**

*-ਗੁਰਿੰਡਨਾਮਾ, ਪਾ:੧੦*

## ਟਿੱਪਣੀਆਂ

★ ਹਨੂਮਾਨ ਨਾਟਕ, ਅੰਕ ੬, ਸਵੈਯਾ ੧੧੧

ਜਾਨਤ ਹੋ ਹਮ ਤੋ ਕਪਿ ਹੈ ਚਢ
ਰੂਖਨ ਕੇ ਫਲ ਕੇ ਅਨੁਰਾਗੀ।।
ਔਰ ਬਡੋ ਇਹ ਪੌਰਖ ਹੈ ਇਹ
ਡਾਰ ਤੇ ਡਾਰ ਪਰੇ ਤਰੁ ਲਾਗੀ।।
ਸ੍ਰੀ ਰਘੁਬੀਰ ਕੇ ਨਾਮਹਿ ਲੈ ਭਵ
ਪਾਰ ਪਰੈ ਜਗ ਮੈਂ ਬਡਭਾਗੀ।।
ਤਾਹਿ ਕੋ ਧਿਯਾਨ ਕਿਯੋ ਮਨ ਮੈ
ਮੁਹਿ ਬਾਰਧ ਨਾਖਤ ਬਾਰ ਨ ਲਾਗੀ।।

## ਸ਼ਬਦਾਰਥ

੧. ਲੋਕਾਂ
੨. ਉਪਰ
੩. ਛਾਇਆ ਹੈ।
੪. ਹੱਥ ਨਹੀਂ ਪਾ ਸਕਦਾ
੫. ਅਯੋਗ ਬੋਲਣਾ ਤਾਂ ਇੱਕ ਪਾਸੇ ਰਿਹਾ ਯੋਗ ਉੱਤਰ ਭੀ ਸਾਹਮਣੇ ਨਹੀਂ ਬੋਲ ਸਕਦਾ
੬. ਹੇ ਪੁਰਸ਼
੭. ਹੰਕਾਰ ਕਰਦਾ ਹੈ
੮. ਦਸ ਕੁ ਮਣ ਘਰ ਦਾਣੇ ਹੋਏ
੯. ਕੁਝ ਕੁ ਪੈਸੇ ਪੱਲੇ ਹੋ ਗਏ
੧੦. ਆਕੜ ਕੇ
੧੧. ਸੌ ਕੁ ਪਿੰਡ ਦਾ ਮਾਲਕ ਹੋ ਗਿਆ
੧੨. ਆਮਦਨੀ ਜਾਗੀਰ ਹੋ ਗਈ
੧੩. ਵੱਡੇ
੧੪. ਚੱਕ੍ਰਵ੍ਰਤੀ ਰਾਜੇ
੧੫. ਨਾਸ ਹੋ ਗਏ
੧੬. ਜਪਦੇ ਹਨ
੧੭. ਮਿਲਦੇ ਹਨ
੧੮. ਇਸਤ੍ਰੀ
੧੯. ਪੁੱਤਰ
੨੦. ਨਾਲ
੨੧. ਮੋਨਦੀ-ਮੁਆਵੱਨੁਦੀਨ ਧਰਮ ਦੀ ਰੱਖਿਆ ਕਰਨ ਵਾਲੇ
੨੨. ਮਦਾਰ– ਸੁਰ, ਲੱਠ, ਆਸਰਾ ਭਾਵ ਸਰਦਾਰ, ਸੈਨਾਪਤੀ
੨੩. ਅਸਨੀ ਕੁਮਾਰ– ਸੂਰਜ ਦੇ ਜੋੜੇ ਪੁੱਤਰ ਜੋ ਦੇਵਤਿਆਂ ਦਾ ਵੈਦ

(ਹਕੀਮ) ਮੰਨੇ ਜਾਂਦੇ ਹਨ
੨੪. ਅੰਸ਼ਾ ਅਵਤਾਰ-ਦੇਵਤਿਆਂ ਦੀ ਕੁਝ ਕੁ ਕਲਾ ਲੈ ਕੇ ਘਰ ਗਏ ਬਿਆਸ, ਬਾਲਮੀਕ ਅਤੇ ਕਾਲੀਦਾਸ ਆਦਿ
੨੫. ਪੀਰ-ਕਲਮਾ ਪੜ੍ਹਾਉਣ ਵਾਲਾ ਭਾਵ-ਮਜ਼੍ਹਬੀ ਆਗੂ, ਗੁਰੂ
੨੬. ਪਿਕਾਂਬਰ-ਰੱਬ ਦਾ ਸੁਨੇਹਾ ਲੋਕਾਂ ਤਕ ਪਹੁੰਚਾਉਣ ਵਾਲਾ ਨਬੀ, ਅਵਤਾਰ
੨੭. ਬੈਕੁੰਠਿ, ਸਵਰਗ ਪੁਰੀ ਵਿੱਚ
੨੮. ਮੋੜ ਲੈਂਦਾ (ਸਫਲ ਕਰ ਦੇਂਦਾ ਹੈ)
੨੯. ਸਵਾਸਾਂ ਰੂਪੀ ਧਨ
੩੦. ਖੰਡੇ ਨਾਲੋਂ
੩੧. ਸਰੇਸ਼ਟ ਹੈ
੩੨. ਕਲਿਜੁਗ
੩੩. ਬੀਜੋ
੩੪. ਹੋਰ
੩੫. ਵੇਲਾ
੩੬. ਨਾਮ ਜਪਣ ਦਾ ਸਮਾਂ ਹੈ
੩੭. ਜਗ ਕਰਨੇ ਪ੍ਰਧਾਨ ਸਨ
੩੮. ਸਰੇਸ਼ਟ ਪੂਜਾ ਕਰਨੀ ਪ੍ਰਧਾਨ ਸੀ
੩੯. ਦ੍ਰਿੜ (ਪਰਚਲਤ) ਸਨ
੪੦. ਸਿਰਫ਼
੪੧. ਆਸਰਾ
੪੨. ਅਰਾਧੀਏ
੪੩. ਸਿਮਰਨ ਕਰੋ, ਯਾਦ ਕਰੋ
੪੪. ਬੁਢਾਪਾ
੪੫ ਫੜੀ
੪੬. ਕਮਜ਼ੋਰ
੪੭. ਮੌਤ ਦਾ ਸਮਾਂ
੪੮. ਸਰੇਸ਼ਟ
੪੯. ਪੈਰ
੫੦. ਮੂੰਹ ਤੋਂ ਗੂੰਗਾ
੫੧. ਗਾਵੇਗਾ
੫੨. ਸੋਟਾ
੫੩. ਸਿਰ
੫੪. ਬੇਗਾਨੇ

# ਬੰਕੌਕ-੬-੧੨-੧੯੪੮

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।**
**- ਜਾਂਹੀ ਕੁਲ ਤੇ ਪ੍ਰਗਟ ਹੋਏ ਤਾਂਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*ਤਿੱਖੀ ਜੋ ਨੈਨਨ ਸੇ ਪਿੱਖੀ।*
*ਪਿਖੀ ਮੇਟੇ ਬਿਧ ਕਰ ਲਿੱਖੀ।*
*ਲਿੱਖੀ ਭਾਖੀ ਦਸਮੇ ਸਾਹੂ।*
*ਮੀਰੀ ਪੀਰੀ ਸਿੰਘਨ ਮਾਹੂ।।੨੩।।*

ਕੱਲ ਭਾਈ ਰਾਇ ਸਿੰਘ ਜੀ ਦੇ ਪ੍ਰਸੰਗ ਵਿੱਚ ਇੱਕ ਚੀਜ਼ ਆ ਗਈ ਸੀ ਕਿ ਜਿਹੜੇ ਗੁਰੂ ਦੇ ਸਿੱਖ ਹਨ, ਉਹ ਲਿਖੀ ਹੋਈ ਮੇਟ ਸਕਦੇ ਹਨ। ਉਹਦੇ ਤੇ ਮੈਂ ਅਰਜ਼ ਕੀਤੀ ਸੀ, ਭਾਈ ਸੁਬੇਗ ਸਿੰਘ ਜੀ ਨੇ ਕਿਸ ਤਰ੍ਹਾਂ ਆਪਣੇ ਲੜਕੇ ਦੇ ਮੱਥੇ ਦੇ ਲੇਖ ਮੇਟੇ ਸਨ ਔਰ ਕਿਸ ਤਰ੍ਹਾਂ ਉਹ ਬਦਲਿਆ ਸੀ ਕਿ ਉਹ ਨਹੀਂ ਮੁਸਲਮਾਨ ਬਣਦਾ। ਤਾਂ ਹੁਣ ਉਸ ਤੋਂ ਅੱਗੇ ਭਾਈ ਰਾਇ ਸਿੰਘ ਦੀ ਕਥਾ, ਹਜ਼ੂਰ ਸਾਹਿਬ ਨੂੰ ਜਾ ਰਹੇ ਹਨ, ਨਾਲ ਇੱਕ ਸਾਥੀ ਰਲਿਆ ਹੋਇਐ, ਪੁਰਸ਼-ਕੁਸੰਗੀ ਜਿਸਨੂੰ ਕਹੀਏ ਕਿਉਂਕਿ ਜਿਹੜੇ ਸਤਸੰਗੀ ਪੁਰਸ਼ ਹਨ, ਉਹ ਭਾਵੇਂ ਕਿਸੇ ਪਾਸੇ ਦੇ ਵੀ ਸਤਸੰਗੀ ਹੋਣ, ਉਹ ਕਦੇ ਬੁਰਾ ਸ਼ਬਦ ਨਹੀਂ ਬੋਲਦੇ, ਕਦੇ ਕਿਸੇ ਦੀ

ਨਿੰਦਿਆ ਨਹੀਂ ਕਰਦੇ, ਭਾਵੇਂ ਉਹਨਾਂ ਨੂੰ ਕਿਸੇ ਪਾਸੇ ਤੋਂ ਸਤਿਸੰਗ ਲੱਗਾ ਹੈ। 'ਸਤਿਸੰਗ' ਦਾ ਅਰਥ ਹੈ, ਸਤਿ ਦਾ ਸੰਗ। ਜਿਹੜੇ ਸਤਿ ਦਾ ਸੰਗ ਕਰਦੇ ਹਨ, ਉਹ ਕਿਸੇ ਨੂੰ ਬੁਰਾ ਨਹੀਂ ਕਹਿੰਦੇ।

*ਤਿੱਖੀ ਜੇ ਨੈਨਨ ਸੇ ਪਿੱਖੀ।*
*ਪਿੱਖੀ ਮੇਟੇ ਬਿਧ ਕਰ ਲਿੱਖੀ।*
*ਲਿੱਖੀ ਭਾਖੀ ਦਸਮੇ ਸਾਹੂ।*

ਕਹਿੰਦੇ ਹਨ, ਲਿਖੀ ਹੈ ਕਿਸ ਦੀ, ਹੁਕਮ ਕੀਹਦਾ ਹੈ—ਗੁਰੂ ਗੋਬਿੰਦ ਸਿੰਘ ਦਾ।

## ਸਾਕਤ ਸੰਗੁ ਨ ਕੀਜੀਐ

*ਮੀਰੀ ਪੀਰੀ ਸਿੰਘਨ ਮਾਹੂ ।।੨੩।।*

ਸਿੰਘਾਂ ਕੋਲ ਪੀਰੀ ਵੀ ਹੈ, ਮੀਰੀ ਵੀ ਹੈ।

*ਰਾਇ ਸਿੰਘ ਸੁਣ ਕੇ ਫਿਰ ਬੋਲਾ।*

ਫਿਰ ਰਾਇ ਸਿੰਘ ਉਸ ਸਿੱਖ ਨੂੰ ਲੱਗਾ ਜੁਆਬ ਦੇਣ। ਕਹਿੰਦਾ ਹੈ-

*ਜਿਸ ਮਨ ਸਿਦਕ ਜਰਾ ਨਹੀਂ ਡੋਲਾ।*

ਜਿਹੜਾ ਕਹਿੰਦਾ ਸੀ ਤੁਸੀਂ ਕੱਛਾਂ ਵਾਲੇ ਡਰਾਕਲ ਹੋ, ਸ਼ੇਰ ਤੋਂ ਡਰਦਾ ਹੈ, ਤਾਂ ਹੁਣ ਅੱਗੋਂ ਭਾਈ ਰਾਇ ਸਿੰਘ ਜੀ—ਉਹਨੂੰ ਕਹਿੰਦੇ ਹਨ—ਜਿਹਨਾਂ ਦੇ ਚਿਤ ਵਿੱਚ ਸਿਦਕ ਹੈ ਔਰ ਸਿਦਕ ਹੀ ਸਿੱਖੀ ਦਾ ਇੱਕ ਮੂਲ ਹੈ। ਪੁਰਸ਼ ਨੂੰ ਬਾਣੀ ਪੜ੍ਹਕੇ, ਭਜਨ ਕਰਕੇ ਅਗਰ ਇਸਨੂੰ ਸਿਦਕ ਨਹੀਂ ਆਉਂਦਾ, ਇਹਦੇ ਪੱਲੇ ਕੁਝ ਵੀ ਨਹੀਂ ਪੈਂਦਾ। ਜਿੰਨਾ ਚਿਰ ਇਹਨੂੰ ਸਿਦਕ ਨਹੀਂ, ਓਨਾ ਚਿਰ ਇਹਦੀ ਕੋਈ ਚੀਜ਼ ਨਹੀਂ। ਸਿਦਕ ਕਰਕੇ ਹੀ ਉਹ ਆਰੇ ਦੇ ਨਾਲ ਜਿਸ ਵੇਲੇ ਭਾਈ ਮਤੀ ਦਾਸ ਜੀ ਨੂੰ ਚੀਰਦੇ ਸਨ—ਉਹਨਾਂ ਕਿਹਾ,

*ਆਰਾ ਪਿਆਰਾ ਲਗਤ ਹੈ ਕਰ ਕਾਰਾ ਅਬ ਜਾਏ।*
*ਸੀਸ ਜਾਏ ਤੋ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ।*

ਸਿਰ ਨੇ ਤੇ ਜਾਣੈ, ਇਹ ਤੇ ਰਹਿਣ ਵਾਲੀ ਚੀਜ਼ ਨਹੀਂ ਪਰ ਜੇ ਸਿਦਕ

ਰਿਹਾ, ਜੇ ਸਿੱਧੇ ਮੂੰਹ ਗਿਆ, ਇਹੋ ਹੀ ਕੁਛ ਹੈ।

*ਤੇਰੀ ਮਰਜ਼ੀ ਜੈਸੇ ਭਾਈ।*

ਜਿਸ ਤਰ੍ਹਾਂ ਤੇਰੀ ਮਰਜ਼ੀ, ਉਹਨੂੰ ਕਹਿੰਦੇ ਹਨ-ਨਾਲ ਦੇ ਨੂੰ, ਅੱਛਾ ਭਾਈ ਤੇਰੀ ਮਰਜ਼ੀ ਜੇ ਤੂੰ ਕਹਿੰਦਾ, ਨਹੀਂ ਚਲਦੇ ਚੌਕੀ ਵਿੱਚ।

*ਚਲ ਰਹੀਏ ਹਮ ਤੁਮ ਤਿਸ ਥਾਈ।।੨੪।।*

ਚੱਲ ਜਿੱਥੇ ਤੂੰ ਕਹਿੰਦਾ ਹੈਂ, ਜੇ ਤੂੰ ਨਹੀਂ ਰਾਜ਼ੀ ਚੌਕੀ ਵਿੱਚ ਜਾਣ ਵਾਸਤੇ, ਸ਼ੇਰ ਪੈਂਦਾ ਹੈ, ਪਰ ਚੱਲ ਜਿੱਥੇ ਤੂੰ ਕਹਿੰਦਾ ਹੈਂ, ਤੂੰ ਰਾਜ਼ੀ ਰਹੁ —ਤਕੜਾ ਹੈਂ ਤੇ ਚੱਲ ਉੱਥੇ ਚਲੇ ਚਲਦੇ ਹਾਂ।

*ਵਹਿਰ ਚੋਕੀਓ ਦੇਖ ਮੈਦਾਨ।*

ਚੌਕੀ ਤੋਂ ਬਾਹਰ ਮੈਦਾਨ ਦੇਖ ਕਰਕੇ ਜਗ੍ਹਾ-

*ਉਤਰ ਪਰੇ ਸੋ ਦੋਇ ਜਵਾਨ।*

ਦੋਹਾਂ ਜਵਾਨਾਂ ਨੇ ਉੱਥੇ ਡੇਰਾ ਲਾ ਲਿਆ।

*ਕਹੈ ਰਾਇ ਮ੍ਰਿਗ ਨਾਸ ਤਿਸੀ ਕੋ।*

ਰਾਇ ਸਿੰਘ ਜੀ ਇਹ ਕਥਾ ਭਾਈ ਸਾਹਿਬ ਜੀ ਨੂੰ ਸੁਣਾ ਰਹੇ ਹਨ, ਜਿਹਨਾਂ ਨੇ ਇਹ ਕਵਿਤਾ ਵਿੱਚ ਲਿਖੀ ਹੈ। ਕਹਿੰਦੇ ਹਨ ਭਾਈ ਧਿਆਨ ਸਿੰਘ ਜੀ, ਉਹਦਾ ਨਾਸ ਹੋਣਾ ਸੀ—ਓਥੇ, ਉਸਦੀ ਮੌਤ ਆਈ ਹੋਈ ਸੀ।

*ਈਹਾਂ ਰਹਿਨ ਨਾ ਲਾਗੇ ਨੀਕੋ।।੨੫।।*

ਜਿਹਨੂੰ ਅੰਦਰ ਰਹਿਣਾ ਨਾ ਚੰਗਾ ਲੱਗਿਆ।

*ਉਤਰ ਦੀਆ ਫੇਰ ਉਸ ਸਾਥੀ।*

ਫੇਰ ਉਹ ਸਾਥੀ ਮੁੜ ਕੇ ਕਹਿੰਦਾ ਹੈ-

*ਕੱਦ ਬਿਲੰਦ ਤੋਹਿ ਸਮ ਹਾਥੀ।*

ਭਾਈ ਰਾਇ ਸਿੰਘ, ਤੇਰਾ ਕੱਦ ਕਿਤਨਾ ਬੜਾ ਹੈ—ਹਾਥੀ ਜਿਤਨੇ ਵੱਡੇ ਕੱਦ ਵਾਲਾ ਤੂੰ ਆਦਮੀ ਹੈਂ।

*ਪਰ ਕੀਰੀ ਕੋ ਧੀਰ ਨ ਤੋਸੇ।*

ਤੇਰੇ ਵਿਚ ਕੀੜੀ ਜਿੰਨਾਂ ਵੀ ਧੀਰਜ ਨਹੀਂ ਹੈ।

*ਆਹਿ ਬਹੁਤ ਸਾਚੀ ਸੁਣ ਮੋਸੇ।।੨੬।*

ਮੇਰੇ ਕੋਲੋਂ ਸੁਣ ਲੈ, ਕੀੜੀ ਵਿੱਚ ਭੀ ਧੀਰਜ ਬਹੁਤਾ ਹੋ ਸਕਦਾ ਹੈ ਪਰ ਤੇਰੇ ਵਿੱਚ ਧੀਰਜ ਕੀੜੀ ਜਿਤਨਾ ਵੀ ਨਹੀਂ।

*ਮੌਨ ਧਰੀ ਰਾਇ ਸਿੰਘ ਸਿਆਨੇ।*

ਰਾਇ ਸਿੰਘ ਜੀ ਚੁੱਪ ਕਰ ਗਏ, ਕਹਿਣ ਲਗੇ,''ਅੱਛਾ, ਜੋ ਹੁਕਮ ਗੁਰੂ ਦਾ।''

*ਏ ਮੂਰਖ ਗੁਰ ਗਤਿ ਨਹਿ ਜਾਨੇ।*

ਉਹਨਾ ਕਿਹਾ ਕਿ ਇਹ ਮੂਰਖ ਗੁਰੂ ਦੀ ਗਤੀ ਨੂੰ ਨਹੀਂ ਜਾਣ ਸਕਦਾ।

*ਸਤਿਗੁਰੂ ਇਸ ਸੇ ਕਰੇ ਜੁਦਾਈ।*

ਕਬੀਰ ਜੀ ਕਹਿੰਦੇ ਹਨ–

**ਕਬੀਰ ਸਾਕਤ[1] ਸੰਗੁ ਨ ਕੀਜੀਐ**
**ਦੂਰਹਿ ਜਾਈਐ ਭਾਗਿ।।**
**ਬਾਸਨੁ[2] ਕਾਰੋ ਪਰਸੀਐ[3] ਤਉ ਕਛੁ ਲਾਗੈ ਦਾਗੁ।।**

*–ਪੰਨਾ–੧੩੭੧*

ਤਾਂ ਸਾਕਤ ਪੁਰਸ਼ ਦਾ ਸੰਗ, ਗੁਰੂ ਰਾਮਦਾਸ ਸਾਹਿਬ ਕਹਿੰਦੇ ਹਨ–

**ਸਾਕਤ ਹਰਿ ਰਸ ਸਾਦੁ ਨ ਜਾਣਿਆ**
**ਤਿਨ ਅੰਤਰਿ ਹਉਮੈ ਕੰਡਾ ਹੇ।।**
**ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ**
**ਜਮਕਾਲੁ ਸਹਹਿ ਸਿਰਿ ਡੰਡਾ ਹੇ।।**

*–ਗਉੜੀ ਪੂਰਬੀ ਮ:੪, ਪੰਨਾ–੧੩*

– **ਕਬੀਰ ਸਾਕਤ ਤੇ ਸੂਕਰ[4] ਭਲਾ ਰਾਖੈ ਆਛਾ[5] ਗਾਉ।।**
**ਉਹੁ ਸਾਕਤੁ ਬਪੁਰਾ ਮਰਿ ਗਇਆ**
**ਕੋਇ ਨ ਲੈਹੈ ਨਾਉ।।**

*–ਪੰਨਾ–੧੩੭੨*

ਤਾਂ ਭਾਈ ਜੀ ਕਹਿੰਦੇ ਹਨ,''ਸਤਿਗੁਰੂ ਮੇਰੇ ਨਾਲ ਇਹ ਕਿਰਪਾ ਲੱਗੇ ਹਨ—ਕਰਨ, ਇਹ ਸਾਕਤ ਦਾ ਸੰਗ ਛਡਾਉਣ ਲੱਗੇ ਹਨ, ਜਿੰਨ੍ਹੇ ਕਹਿ ਕੇ ਡੇਰਾ ਬਾਹਰ ਲਵਾਅ ਲਿਆ ਚੌਕੀਓ, ਮੈਦਾਨ ਵਿੱਚ।''

*ਮੁਗਧ ਸੰਗ ਬਿਨ ਅਗਨਿ ਜਲਾਈ।।੨੭।।*

ਮੂਰਖ ਤਾਂ ਕਹਿੰਦੇ ਹਨ, ਬਿਨਾਂ ਅਗਨੀ ਤੋਂ ਜਲਾਉਂਦੈ—ਕਹਾਵਤ ਹੈ ਆਮ ਲੋਕਾਂ ਦੀ, ਕਿ ਦਾਨਾ ਦੁਸ਼ਮਣ ਵੀ ਚੰਗਾ—ਮੂਰਖ ਸੱਜਣ ਪੁਰਸ਼ ਨਾਲੋਂ।

*ਮੇਲ ਨ ਇਸ ਸੇ ਬਨੇ ਹਮਾਰਾ।*

ਸਾਡਾ ਮੇਲ ਨਹੀਂ ਇਹਦੇ ਨਾਲ ਰਹਿਣਾ।

*ਸਦਾ ਸੰਗ ਇਸ ਕੋ ਦੁਖਿਆਰਾ।*

ਕਿਉਂਕਿ ਇਸ ਦਾ ਸੰਗ ਦੁੱਖ ਵਾਲਾ ਹੈ।

*ਮੈਂ ਕਲ ਏਕਲ ਚਲੋ ਨਿਆਰਾ।*

ਕਬੀਰ ਜੀ ਇੱਕ ਜਗ੍ਹਾ ਕਹਿੰਦੇ ਹਨ–

**ਕਬੀਰ ਮਾਰੀ ਮਰਉ ਕੁਸੰਗ[੬] ਕੀ**
**ਕੇਲੇ ਨਿਕਟਿ ਜੁ ਬੇਰਿ[੭]।।**
**ਓਹ ਝੂਲੈ ਓਹ ਚੀਰੀਐ**
**ਸਾਕਤ ਸੰਗੁ ਨ ਹੇਰਿ[੮]।।**

*–ਪੰਨਾ–੧੩੬੯*

ਮੈਂ ਕੱਲ ਨੂੰ ਇਕੱਲਾ ਹੀ ਚਲਾਂਗਾ ਏਸ ਦੇ ਨਾਲੋਂ।

*ਸੁਣੀ ਕੂਕ ਕਾਰਨ ਕਰਤਾਰਾ।।੨੮।।*

ਕਰਤਾਰ ਨੇ ਕਾਰਨ ਐਸਾ ਹੀ ਬਨਾਉਣਾ ਸੀ, ਉਹ ਸਿੱਖ ਦੀ ਆਵਾਜ਼ ਸੁਣੀ ਗਈ ਜਾਂ ਉਸਦਾ ਕਾਲ ਆ ਗਿਆ।

## ਸ਼ੇਰ ਤਾਹਿ ਗਰਦਨ ਫੜ ਲਈ

*ਏਕ ਪਹਿਰ ਜਬ ਰਾਤ੍ਰ ਗਈ।*

ਏਕ ਪਹਿਰ ਜਦੋਂ ਰਾਤ ਚਲੀ ਗਈ।

*ਸ਼ੇਰ ਤਾਹਿ ਗਰਦਨ ਫੜ ਲਈ।*

ਉਹ ਜਿਹੜਾ ਆਦਮੀ ਕਹਿੰਦਾ ਸੀ,''ਤੂੰ ਸਿੰਘ ਹੈ, ਤੂੰ ਸ਼ੇਰ ਵਰਗਾ, ਤੇਰਾ ਕੱਦ ਹਾਥੀ ਜੈਸਾ, ਕੱਛਾਂ ਵਾਲੇ ਡਰਾਕੁਲ ਹੁੰਦੇ ਹਨ,'' ਉਹ ਤੇ ਬੈਠਾ ਰਹਿ ਗਿਆ, ਉਸਦੀ ਨਾਲ ਦੇ ਦੀ ਗਰਦਨ ਸ਼ੇਰ ਨੇ ਆ ਕੇ ਪਕੜ ਲਈ।

*ਸਿੰਘ ਛੋਰ ਤਹਿ ਘਾਇਲ ਕੀਆ।*

ਫੜਕੇ ਸਿੰਘ (ਸ਼ੇਰ) ਨੇ ਉਸਨੂੰ ਮਾਰਿਆ। ਸਿੰਘ ਨੂੰ ਛੱਡ ਦਿੱਤਾ, ਭਾਈ ਰਾਇ ਸਿੰਘ ਨੂੰ ਕੁਝ ਨਹੀਂ ਕਿਹਾ, ਉਸ (ਸਾਥੀ) ਨੂੰ ਘਾਇਲ ਕੀਤਾ, ਜ਼ਖਮੀ ਕੀਤਾ, ਮਾਰਿਆ।

*ਮੈਂ ਮਰਿਆ ਕਹਿ ਦੀਆ ਜੀਆ।।੨੯।।*

ਉਹਨੇ ਆਖਿਆ,''ਹਾਏ ਮੈਂ ਮਰ ਗਿਆ।'' ਇਹ ਕਹਿ ਕੇ ਪ੍ਰਾਣ ਦੇ ਦਿੱਤੇ ਕਿਉਂਕਿ ਸ਼ੇਰ ਤੇ ਆਮ ਤੌਰ ਤੇ ਮਾਸ ਖੋਰ ਜਾਨਵਰ, ਜੰਗਲ ਦੇ, ਜਿਨ੍ਹਾਂ ਨੇ ਦੇਖਿਆ ਹੈ, ਉਹਨੂੰ ਪਤਾ ਹੈ ਕਿ ਆਮ ਤੌਰ ਤੇ ਉਹ ਜਾਨਵਰ ਨੂੰ ਗਲੋਂ ਹੀ ਫੜਦੇ ਹਨ—ਪਹਿਲੋਂ। ਜਿਹੜੇ ਲੋਕ ਗੱਦੀ ਉਹਨਾਂ ਨੂੰ ਕਹਿੰਦੇ ਨੇ ਮੰਡੀ ਸਟੇਟ, ਕੁਲੂ ਵੱਲ—ਸਾਰੇ, ਉਹ ਚੰਬੇ ਵਿੱਚ ਰਹਿੰਦੇ ਹਨ, ਧਰਮਸ਼ਾਲਾ, ਕਾਂਗੜੇ ਦੇ ਜ਼ਿਲ੍ਹੇ ਵਿੱਚ। ਆਮ ਤੌਰ ਤੇ ਉਹ ਲੋਕ ਭੇਡਾਂ ਬੱਕਰੀਆਂ ਰੱਖਦੇ ਹਨ। ਉਹਨਾਂ ਦੇ ਪਾਸ ਕੁੱਤੇ ਹੁੰਦੇ ਹਨ—ਬੜੇ ਜ਼ਬਰਦਸਤ। ਚਿਤਰਾ ਆਮ ਤੌਰ ਤੇ ਕੁੱਤਿਆਂ ਨੂੰ ਭੇਡਾਂ ਬੱਕਰੀਆਂ ਨੂੰ ਪੈਂਦਾ ਹੈ। ਉਹਨਾਂ ਨੇ ਕੁੱਤਿਆਂ ਦੇ ਗੱਲ ਵਿਚ ਇੱਕ ਚਾਰ ਉਂਗਲ ਚੌੜਾ ਪੱਟਾ ਪਾਇਆ ਹੁੰਦੈ, ਜਿਹਦੇ ਉੱਤੇ ਸੂਲਾਂ ਲੱਗੀਆਂ ਹੋਈਆਂ ਹੁੰਦੀਆਂ ਹਨ। ਉਹ ਕੁੱਤਿਆਂ ਨਾਲ ਜਿਸ ਵੇਲੇ ਚਿਤਰਾ ਲੜਦਾ ਹੈ, ਚਿਤਰਾ ਗਲੋਂ ਫੜਦਾ ਹੈ ਤੇ ਉਹ ਫੜ ਨਹੀਂ ਸਕਦਾ ਤਾਂ ਉਹ ਕੁੱਤੇ ਚਿਤਰੇ ਨੂੰ ਮਾਰ ਲੈਂਦੇ ਹਨ—ਉੱਥੇ।

*ਏਕ ਬਾਰ ਸਿੰਘ ਘਨ ਸਮ ਗਰਜਾ।*

ਸ਼ੇਰ ਇੱਕ ਵਾਰ ਬੱਦਲ ਦੀ ਤਰ੍ਹਾਂ ਗਰਜਿਆ।

*ਰਾਇ ਸਿੰਘ ਕੋ ਭੀ ਮਨ ਲਰਜਾ।*

ਰਾਇ ਸਿੰਘ ਦਾ ਵੀ ਮਨ ਡਰ ਗਿਆ ਕਿ ਇਸਨੂੰ (ਸਾਥੀ ਨੂੰ) ਹੁਣ ਖਾ ਜਾਏਗਾ, ਖਬਰੇ ਮੈਨੂੰ ਵੀ ਹੁਣ ਮਾਰੇ।

*ਇਹੀ ਹਾਲ ਮੇਰੋ ਭੀ ਕਰਹੈ।*

ਮੇਰਾ ਵੀ ਇਹੋ ਹਾਲ ਕਰੇਗਾ।

*ਦਸ ਕਦਮੋਂ ਪਰ ਬੈਠਾ ਡਰ ਹੈ।।੩੦।।*

ਦਸਾਂ ਕਦਮਾਂ ਤੇ ਬੈਠਾ ਹੈ, ਸ਼ੇਰ ਉਸਨੂੰ ਖਾ ਰਿਹਾ ਹੈ, ਭਾਈ ਜੀ ਦਾ ਦਿਲ ਡਰਦਾ ਹੈ, ਨਾ ਹਿੱਲ ਸਕਦੇ ਹਨ, ਨਾ ਚੱਲ ਸਕਦੇ ਹਨ।

*ਪ੍ਰਾਨ ਨ ਨਿਕਸਨ ਸਾਂਤਿ ਨ ਆਵੈ।*

ਪ੍ਰਾਣ ਵੀ ਨਹੀਂ ਨਿਕਲਦੇ, ਮਨ ਨੂੰ ਸ਼ਾਂਤ ਵੀ ਨਹੀਂ ਆਉਂਦੀ, ਡਰਦਾ ਹੈ ਬੈਠਾ।

*ਸਾਸ ਸਾਸ ਬੈਠਾ ਗੁਰ ਧਿਆਵੈ।*

ਸਵਾਸ-ਸਵਾਸ ਦੇ ਨਾਲ ਜਪਦਾ ਹੈ—ਗੁਰੂ ਨੂੰ। ਕਬੀਰ ਜੀ ਕਹਿੰਦੇ ਹਨ-

**ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ।।**
**ਅਮਰਾਪੁਰ[੯] ਬਾਸਾ ਕਰਹੁ ਹਰਿ ਗਇਆ ਬਹੋਰੈ[੧੦] ਬਿਤ[੧੧]।।**

*-ਪੰਨਾ ੧੩੭੩*

ਜਦੋਂ ਵਕਤ ਪੈਂਦਾ ਹੈ, ਜਦੋਂ ਆਦਮੀ ਤੇ ਕੋਈ ਬਣਦੀ ਹੈ, ਫਿਰ ਉਸ ਵੇਲੇ ਯਾਦ ਕਰਦਾ ਹੈ। ਭਾਈ ਜਿਹੜੇ ਰੋਜ਼ ਯਾਦ ਕਰਦੇ ਹਨ, ਬਿਨਾਂ ਵਕਤ ਤੋਂ ਯਾਦ ਕਰਦੇ ਹਨ, ਉਹਨਾਂ ਨੂੰ ਕਦੇ ਤਕਲੀਫ ਨਹੀਂ—ਸਤਿਗੁਰ ਹੋਣ ਦਿੰਦਾ।

*ਬੈਠਾ ਸ਼ੇਰ ਤਿਸੀ ਕੋ ਖਾਵੈ।*

ਸ਼ੇਰ ਉਸਨੂੰ ਖਾ ਰਿਹਾ ਹੈ।

*ਜੋ ਮੂਰਖ ਕਟੁ ਬੈਨ ਸੁਣਾਵੈ।।੩੧।।*

ਜਿਹੜਾ ਮੂਰਖ ਕਟ ਬੈਨ ਸੁਨਾਉਂਦਾ ਸੀ, ਕਰੜੇ ਬਚਨ ਕਰਦਾ ਸੀ।

*ਕਹੇ ਸਿੰਘ ਕੋ ਬਾਕ ਨਿਰਾਦਰ।*

ਸਿੰਘ ਨੂੰ ਜਿਸਨੇ ਬਚਨ ਕੀਤੇ ਸਨ—ਨਿਰਾਦਰੀ ਵਾਲੇ।

*ਮੋਇਓ ਮੰਦੇ ਹਾਲ ਮਹਾਂ ਦੁਰ।*

ਉਹ ਦੁਰਪੁਰਸ਼ ਮੰਦੇ ਹਾਲ ਮਰ ਗਿਆ, ਬੁਰੇ ਹਾਲ ਹੋਏ।

*ਸਿੰਘ ਸੰਤ ਕੇ ਜੇ ਪਗ ਲਾਗੇ।*

ਸਿੰਘ ਦੇ, ਸੰਤਾਂ ਦੇ ਜੋ ਚਰਨੀਂ ਲਗਦੇ ਹਨ।

*ਤੀਨ ਲੋਕੁ ਮੈ ਤੇ ਬਡਭਾਗੇ।।੩੨।।*

ਉਹ ਤਿੰਨਾਂ ਲੋਕਾਂ ਵਿੱਚ ਭਾਗਾਂ ਵਾਲੇ ਪੁਰਸ਼ ਹਨ।

ਕਹਿੰਦੇ ਹਨ, ਸਿੰਘ ਦੇ, ਸਿੰਘਾਂ ਦੇ ਜਾਂ ਸੰਤਾਂ ਦੇ ਜੋ ਚਰਨੀ ਲੱਗਦੇ

ਹਨ, ਜਿਸਨੂੰ ਸੰਤਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਹੁੰਦੀ ਹੈ, ਉਹ ਵੱਡੇ ਭਾਗਾਂ ਵਾਲੇ ਹਨ। ਇਹ, ਕਿਸਮਤ ਵਾਲੇ ਦਾ ਵਕਤ ਜਦੋਂ ਆਉਂਦਾ ਹੈ ਉਹ ਕਿਸੇ ਮਹਾਂ ਪੁਰਖ ਦੇ ਚਰਨਾਂ ਤੇ ਨਮਸਕਾਰ ਕਰਦਾ ਹੈ ਤਾਂ ਕਿ ਇਹਦੇ ਜਿਹੜੇ ਪੁੱਠੇ ਅੱਖਰ ਲਿਖੇ ਹੋਣ—ਉਹ ਸਿੱਧੇ ਹੋ ਜਾਣ, ਚਰਨਾਂ ਦੇ ਨਾਲ ਲੱਗਣ ਨਾਲ। ਕੱਲ ਮੈਂ ਅਰਜ਼ ਕੀਤੀ ਸੀ, ਭਾਈ ਸੁਬੇਗ ਸਿੰਘ ਨੇ ਆਪਣੇ ਚਰਨਾਂ ਦਾ ਅੰਗੂਠਾ ਛੁਹਾ ਕੇ, ਮੱਥੇ ਉੱਤੇ ਜਿਹੜੀ ਤੁਰਕ ਹੋਣ ਦੀ ਰੇਖ ਲਿਖੀ ਸੀ, ਉਹ ਮੇਟ ਦਿੱਤੀ ਸੀ। ਸਿੰਘ ਦਾ ਚਰਨ ਲੱਗਣ ਨਾਲ ਉਹਦੇ ਮੱਥੇ ਤੋਂ ਤੁਰਕ ਹੋਣ ਦੀ ਰੇਖ ਮਿਟ ਗਈ ਸੀ। ਜਿਹੜੇ ਚਰਨੀ ਲਗਦੇ ਹਨ, ਉਹਨਾਂ ਦੀਆਂ ਰੇਖਾਂ ਮਿਟ ਜਾਂਦੀਆਂ ਹਨ—ਬੁਰੀਆਂ।

*ਦੇਖਾ ਰਾ ਸਿੰਘ ਖੇਲ ਅਚਾਨਕ।*

ਰਾਇ ਸਿੰਘ ਨੇ ਅਚਾਨਕ ਇਹ ਖੇਲ ਦੇਖਿਆ।

*ਖਾਇਓ ਤਾਕੋ ਸ਼ੇਰ ਭਯਾਨਕ।*

ਉਸਨੂੰ ਸ਼ੇਰ ਨੇ ਖਾ ਲਿਆ—ਨਾਲ ਦੇ ਸਾਥੀ ਨੂੰ, ਬੜਾ ਭੈ ਦੇਣ ਵਾਲਾ ਸ਼ੇਰ ਹੈ।

*ਲਾਲ ਨੇਤ੍ਰ ਤਿਸ ਲਾਂਬੀ ਡੀਲਾ।*

ਲਾਲ ਜਿਸਦੇ ਨੇਤਰ ਹਨ—ਸ਼ੇਰ ਦੇ, ਅਰ ਬੜਾ ਜਿਸਦਾ ਲੰਮਾ ਕੱਦ ਹੈ।

*ਸਿਰ ਭਾਰੀ ਬਡ ਦਾਂਤ ਡਰੀਲਾ।।੩੩।।*

ਬੜਾ ਸਿਰ ਜਿਸਦਾ ਭਾਰਾ ਹੈ, ਦੰਦ ਜਿਸਦੇ ਡਰਾਉਣ ਵਾਲੇ ਹਨ। ਇੱਕ ਆਦਮੀ ਅਫ਼ਰੀਕਾ ਤੋਂ ਦੰਦ ਲਿਆਇਆ ਸੀ—ਸ਼ੇਰ ਦਾ, ਜਿਹੜਾ ਨੌ ਇੰਚੀ ਲੰਮਾ ਸੀ।

*ਡਰ ਕਰ ਉਠ ਕੇ ਚਲਾ ਨਾ ਜਾਈ।*

ਡਰਦਾ ਉਠ ਕੇ ਤੁਰ ਵੀ ਨਹੀਂ ਸਕਦਾ—ਹੁਣ।

*ਬੈਠਾ ਯਾਦ ਕਰੇ ਮ੍ਰਿਗ ਰਾਈ।*

ਸਤਿਗੁਰਾਂ ਨੂੰ ਯਾਦ ਸਿੱਖ ਕਰ ਰਿਹਾ ਹੈ—ਬੈਠਾ।

*ਗੁਰੂ ਰਾਮ ਸਿੰਘ ਬਿਰਦ ਸਮ੍ਹਾਰੋ।*

ਹੇ ਸਤਿਗੁਰੂ ਰਾਮ ਸਿੰਘ, ਬਿਰਦ ਸੰਭਾਲੋ।

## ਭਾਈ ਤਿਲੋਕਾ

ਜਿਸ ਤਰ੍ਹਾਂ ਤਿਲੋਕਾ—ਗੁਰੂ ਹਰਿਗੋਬਿੰਦ ਦਾ ਸਿੱਖ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਨੂੰ ਮੰਨਣ ਵਾਲਾ—ਗਜ਼ਨੀ ਦੇ ਨਵਾਬ ਦੇ ਪਾਸ ਰਹਿੰਦਾ ਸੀ। ਇੱਕ ਦਿਨ ਸ਼ਿਕਾਰ ਗਿਆ—ਭਾਈ, ਗੁਰਮਤਿ ਕਹਿੰਦੀ ਹੈ ਕਿ ਮਾਸ ਨਹੀਂ ਖਾਣਾ-ਸ਼ਿਕਾਰ ਗਿਆ ਨਾਲ, ਰਿਵਾਜ ਪੁਰਾਣਾ ਇਹ ਸੀ, ਕਿ ਜਿਸਦੇ ਅੱਗੋਂ ਕੋਈ ਸ਼ਿਕਾਰ ਨਿਕਲੇ ਉਹੀ ਉਸਦੇ ਮਗਰ ਲੱਗੇ, ਦੂਸਰਾ ਨਾ ਜਾਵੇ। ਭਾਈ ਤਿਲੋਕੇ ਨੇ ਘੋੜਾ ਜਿਉਂ ਦੁੜਾਇਆ, ਘੋੜਾ ਭਾਈ ਤਿਲੋਕੇ ਦਾ ਜਾ ਰਲਿਆ ਨਾਲ ਹਰਨੀ ਦੇ, ਮਾਰੀ ਜਾ ਕੇ ਤਲਵਾਰ, ਹਰਨੀ ਦੋ ਧੜ ਹੋ ਗਈ, ਕੱਟੀ ਗਈ ਲੱਕੋਂ, ਦੋ ਬੱਚੇ ਵਿਚੋਂ ਨਿਕਲ ਕੇ, ਤੜਫ ਕੇ, ਡਿਗ ਕੇ ਮਰ ਗਏ। ਬੜਾ ਅਫਸੋਸ ਲੱਗਾ, ਦਿਲ ਨੂੰ ਦੁੱਖ ਹੋਇਆ। ਕਿਉਂ ਹੋਇਆ—ਸਤਿਗੁਰਾਂ ਕੁਛ ਕਿਰਪਾ ਕੀਤੀ ਸੀ। ਦਿਲ ਵਿੱਚ ਇਹ ਧਾਰ ਲਈ—ਜਾ ਕੇ ਘਰ, ਕੱਢ ਕੇ ਆਪਣੀ ਤਲਵਾਰ ਲੋਹੇ ਦੀ ਤੋੜ ਕੇ, ਉਹਦੀ ਜਗ੍ਹਾ ਕਾਠ ਦੀ ਪਾ ਲਈ—ਕਿ ਮੇਰੇ ਕੋਲੋਂ ਮੁੜਕੇ ਇਹ ਕੰਮ ਨਾ ਹੋਵੇ। ਦਿਲ ਨੇ ਬੜਾ ਪਛੋਤਾਵਾ ਕੀਤਾ।

ਕਿਸੇ ਆਦਮੀ ਨੇ ਚੁਗਲੀ ਕਰ ਦਿੱਤੀ ਨਵਾਬ ਦੇ ਪਾਸ ਕਿ ਮਹਾਰਾਜ ਇਹ ਤੁਹਾਡਾ ਵੱਡਾ ਮੁਸਾਹਿਬ ਹੈ, ਇਹਨੂੰ ਤੁਸੀਂ ਕੋਲ ਬਹਾਉਂਦੇ ਹੋ, ਕੋਈ ਵਕਤ ਪੈ ਜਾਏ, ਤੁਹਾਡੇ ਇਹ ਨਾਲ ਹੋਵੇ, ਤੁਹਾਡੇ ਉੱਤੇ ਚੜ੍ਹ ਕੇ ਆ ਜਾਏ, ਇਹਦੇ ਕੋਲ ਤੇ ਤਲਵਾਰ ਹੀ ਕਾਠ ਦੀ ਹੈ।

ਸਿਆਣਾ ਸੀ ਨਵਾਬ, ਸਿੱਧਾ ਕਿਵੇਂ ਕਹਿੰਦਾ ਕਿ ਤਿਲੋਕਿਆ ਤੂੰ ਤਲਵਾਰ ਵਿਖਾ। ਇੱਕ ਦਿਨ ਦਰਬਾਰ ਲਾ ਕੇ ਸਾਰਿਆਂ ਅਫਸਰਾਂ ਨੂੰ ਬੁਲਾਇਆ। ਪਹਿਲਾਂ ਛੋਟਿਆਂ ਨੂੰ ਕਿਹਾ ਕਿ ਭਾਈ ਸਭ ਆਪੋ ਆਪਣੀਆਂ ਤਲਵਾਰਾਂ ਵਿਖਾਓ, ਇੱਕ ਪਾਸਿਉਂ ਸ਼ੁਰੂ ਕੀਤਾ, ਤਿਲੋਕੇ ਦੇ ਪਾਸ ਆਇਆ, ਤਿਲੋਕੇ ਨੂੰ ਪਤਾ ਲੱਗ ਗਿਆ ਕਿ ਮੇਰੇ ਉੱਤੇ ਕੋਈ ਗੱਲ ਬਣ ਗਈ ਹੈ। ਉੱਥੇ ਬੈਠਾ ਗੁਰੂ ਅਰਜਨ ਦੇਵ ਨੂੰ ਧਿਆਉਂਦਾ ਹੈ—ਗੁਰੂ ਸਾਹਿਬ ਨੂੰ ਯਾਦ ਕਰਨ ਵਾਲੇ ਕਿਉਂਕਿ,''*ਜਹਿ ਸਿਮਰੈ ਤਹਿ ਹਾਜਰ*

*ਨਾਜਰ।'' ਸਤਿਗੁਰੂ ਤਾਂ–*

**ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ।।**

*–ਮਾਰੂ ਮ:੫, ਪੰਨਾ–੧੦੦੦*

ਭਾਈ ਤਿਲੋਕੇ ਦੀ ਵਾਰੀ ਆਈ,''ਤਿਲੋਕਾ, ਤੂੰ ਵੀ ਤਲਵਾਰ ਵਿਖਾ, ਤੇਰੀ ਤਲਵਾਰ ਕੈਸੀ ਹੈ।''

ਹੱਥ ਲਾ ਕੇ ਖਿੱਚ ਕੇ ਕਹਿੰਦਾ,''ਜੈਸੀ ਮੇਰਾ ਗੁਰੂ ਕਰੇ ਵੈਸੀ ਹੈ।''

ਕੀਤੀ ਗੁਰੂ ਨੇ, ਤਲਵਾਰ ਲਿਸ਼ਕਦੀ ਹੋਈ ਨਿਕਲੀ ਕਿਉਂਕਿ ਗੁਰੂ ਨੂੰ ਧਿਆਇਆ ਸੀ ਤਿਲੋਕੇ ਨੇ, ਔਰ ਕੋਈ ਤਿਲੋਕੇ ਨੇ ਬੇਈਮਾਨੀ ਨਾਲ ਲੱਕੜ ਦੀ ਤਲਵਾਰ ਨਹੀਂ ਸੀ ਬਣਾਈ, ਰਹਿਮ ਕਰਕੇ ਬਣਾਈ ਸੀ।

## ਭਾਈ ਕਟਾਰੂ

ਇਸੇ ਤਰ੍ਹਾਂ ਭਾਈ ਕਟਾਰੂ, ਜਿਹਨੂੰ ਪਤਾ ਨਹੀਂ, ਉਹਦਾ ਵੱਟਾ ਘਸ ਚੁੱਕਾ ਹੈ, ਕਾਬੁਲ ਵਿੱਚ ਰਹਿੰਦਾ ਹੈ, ਗੁਰੂ ਸਾਹਿਬ ਦਾ ਸਿੱਖ ਹੈ। ਉਸਦਾ ਪੰਜ ਪੈਸਾ ਭਰ ਵੱਟਾ ਘਸ ਗਿਆ। ਗੁਰੂ ਸਾਹਿਬ ਜੀ ਅੰਮ੍ਰਿਤਸਰ ਜੀ ਬੈਠੇ ਹਨ, ਕਿਸੇ ਰੁਪੱਏ ਨੂੰ ਹੱਥ ਨਹੀਂ ਲਾਉਂਦੇ, ਮੋਹਰ ਨੂੰ ਨਹੀਂ ਲਾਉਂਦੇ। ਇੱਕ ਸਿੱਖ ਨੇ ਲਿਆ ਕੇ ਪੰਜ ਪੈਸੇ ਅੱਗੇ ਧਰ ਦਿੱਤੇ, ਉਧਰ ਕਾਬੁਲ ਵਿੱਚ ਭਾਈ ਕਟਾਰੂ ਦਾ ਵੱਟਾ ਤੋਲੀਂਦਾ ਹੈ, ਗੁਰੂ ਸਾਹਿਬ ਕਦੇ ਐਸ ਹੱਥ ਉੱਤੇ ਪੈਸੇ ਪੰਜ ਧਰ ਲੈਂਦੇ ਹਨ, ਕਦੀ ਐਸ ਹੱਥ ਉੱਤੇ ਧਰ ਲੈਂਦੇ ਨੇ। ਸਿੱਖਾਂ ਨੇ ਪੁੱਛਿਆ ਤਾਂ ਦੱਸਿਆ ਕਿ ਭਾਈ ਕਟਾਰੂ ਦਾ ਵੱਟਾ ਬਰਾਬਰ ਕਰਦੇ ਹਾਂ। ਇਹ ਗੱਲ ਨਹੀਂ ਸੀ ਕਿ ਭਾਈ ਕਟਾਰੂ ਨੇ ਬੇਈਮਾਨੀ ਨਾਲ ਵੱਟਾ ਘਟਾਇਆ ਹੋਇਆ ਸੀ, ਬਈ ਲੋਕਾਂ ਨੂੰ ਘੱਟ ਤੋਲਣ ਵਾਸਤੇ, ਭਾਈ ਕਟਾਰੂ ਦਾ ਵੱਟਾ ਕੁਦਰਤੀ ਘਟ ਗਿਆ ਸੀ, ਘਸ ਗਿਆ ਸੀ, ਸਿੱਖ ਬੇਈਮਾਨੀ ਨਹੀਂ ਕਰਦਾ–

**ਜਹ ਅਨਭਉ ਤਹ ਭੈ ਨਹੀਂ ਜਹ ਭਉ ਤਹ ਹਰਿ ਨਾਹਿ।।**

*–ਕਬੀਰ ਜੀ, ਪੰਨਾ–੧੩੭੪*

–ਬੇਈਮਾਨੀ ਕਰਦਾ ਹੈ ਤਾਂ ਸਿੱਖ ਨਹੀਂ ਰਹਿ ਜਾਂਦਾ—ਜੇ ਸਿੱਖ ਹੈ ਤਾਂ

ਬੇਈਮਾਨੀ ਨਹੀਂ ਕਰਦਾ। ਜ਼ਰੂਰਤ ਹੈ ਇਸ ਗੱਲ ਦੀ, ਇਹ ਸੋਚਣ ਵਾਲੀ ਗੱਲ ਹੈ, ਧਿਆਨ ਦੇਣ ਦੀ ਲੋੜ ਹੈ, ਬੇਈਮਾਨੀ ਦਾ ਧਨ ਇਕੱਠਾ ਕੀਤਾ ਹੋਇਆ, ਕਦੇ ਕਿਸੇ ਦੇ ਨਾਲ ਨਹੀਂ ਜਾਣੈ–

**ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ।।**

*–ਸਾਰੰਗ ਕਬੀਰ ਜੀ, ਪੰਨਾ–੧੨੫੧*

## ਭਾਈ ਦਿਤੂ

ਧਿਆਨ ਦੇਣਾ ਚਾਹੀਦਾ ਹੈ ਧਰਮ ਦੀ ਕਿਰਤ ਕਰਨ ਵਾਲਿਆਂ ਦਾ ਥੋੜਾ ਵੀ ਬਹੁਤਾ ਹੋ ਜਾਂਦਾ ਹੈ। ਮੈਂ ਇਹਦੇ ਉੱਤੇ ਇੱਕ ਸਾਖੀ ਤੁਹਾਨੂੰ ਸੁਣਾਉਂਦਾ ਹਾਂ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਜਿਸ ਵੇਲੇ ਪੰਥ ਪਰਗਟ ਕੀਤਾ, ਤਿੰਨ ਜੋੜੀਆਂ ਰਾਗੀਆਂ ਦੀਆਂ ਸਤਿਗੁਰਾਂ ਕੋਲ ਆਈਆਂ। ਇੱਕ ਭਾਈ ਪ੍ਰੇਮ ਸਿੰਘ ਜੀ—ਮਜ਼ਬੀ ਸਿੰਘ, ਉਹਨਾਂ ਦਾ ਲੜਕਾ ਕਿਰਪਾਲ ਸਿੰਘ ਸੀ। ਕਿਰਪਾਲ ਸਿੰਘ ਹੁਰਾਂ ਨਾਲ ਮੈਨੂੰ ਬਹੁਤ ਵਕਤ ਮਿਲਿਆ ਹੈ—ਦਰਸ਼ਨ ਕਰਨ ਦਾ। ਹੁਣ ਉਨ੍ਹਾਂ ਦਾ ਲੜਕਾ ਹੈ —ਹਜੂਰਾ ਸਿੰਘ, ਹੋਰ ਵੀ ਦੋ ਤਿੰਨ ਉਹਨਾਂ ਦੇ ਪੋਤਰੇ ਹਨ ਪਰ ਕਿਰਪਾਲ ਸਿੰਘ ਜੀ ਬੜੇ ਗੁਰਮੁਖ ਸਾਧੂ ਥੇ, ਜਿਹੜੇ ਆਪਣੇ ਘਰ ਦਾ ਗਹਿਣਾ ਗੱਟਾ ਵੇਚ ਕੇ ਰੰਗੂਨ ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ਗਏ। ਇਹ ਭਾਈ—ਉਹਨਾਂ ਦਿਨਾਂ ਵਿੱਚ ਉਹਨਾਂ ਦਾ ਨਾਮ ਦਿਤੂ ਸੀ, ਫਿਰ ਅੰਮ੍ਰਿਤ ਛੱਕ ਕੇ ਉਹ ਗੁਰਦਿਤ ਸਿੰਘ ਬਣੇ, ਉਹ ਮਰਾਸੀ ਥੇ।

ਇੱਕ ਇਹਨਾਂ ਦੀ ਚੌਕੀ—ਇੱਕ ਭਾਈ ਤਾਰਾ ਤੇ ਮਾਲੀ ਅਟਾਰੀ ਦੇ ਹੁੰਦੇ ਸਨ। ਇਹ ਭਾਈ ਦਿੱਤੂ ਜੀ ਜਿਹੜੇ ਸਨ—ਇਹਨਾਂ ਦਾ ਜਨਮ ਦੁਆਬੇ ਦੇਸ ਦਾ ਸੀ, ਫਲੌਰੋਂ ੩–੪ ਕੋਹ ਬਾਟ ਹੈ-ਧੁਲੇਤਾ ਪਿੰਡ। ਸਤਿਗੁਰਾਂ ਨੇ ਤਿੰਨਾਂ ਨੂੰ ਓਸ ਵੇਲੇ ਹੁਕਮਨਾਮੇ ਲਿਖ ਕੇ ਦੇ ਦਿੱਤੇ ਕਿ ਭਾਈ ਜਿੱਧਰ ਇਹ ਸਾਧ-ਸੰਗਤ ਵਿਚ ਜਾਣ ਇੱਕ ਰੁਪਿਆ ਰੋਜ਼ ਚੌਕੀ ਨੂੰ ਮਿਲੇ। ਉਹਨਾਂ ਦਿਨਾਂ ਵਿੱਚ ਇੱਕ ਰੁਪਿਆ ਬੜੀ ਚੀਜ਼ ਸੀ। ਜਿਸ ਵੇਲੇ ਹੁਕਮ ਦੇ ਦਿੱਤਾ ਤਾਂ ਉਸ ਭਾਈ ਦਿੱਤੂ ਨੂੰ, ਉਹਦੇ ਤੇ ਖਾਸ ਕਿਰਪਾ ਸੀ—ਗੰਗਾ ਨੂੰ ਜਾਂਦਿਆਂ ਉਹਨਾਂ ਦਿਨਾਂ

ਵਿੱਚ ਮਸਤ ਰਹਿੰਦੇ ਸੀ, ਇੱਕ ਪਰਨਾ ਮੋਢਿਆਂ ਤੇ ਹੁੰਦਾ, ਤੇੜ ਵਾਲਾ ਕਛਹਿਰਾ ਤੇੜ ਤੇ ਦੂਆ ਲੱਕ ਨਾਲ, ਹੱਥ ਵਿੱਚ ਸੋਟਾ ਹੁੰਦਾ, ਭਾਵੇਂ ਕੋਈ ਹੋਵੇ ਜ਼ਰਾ ਕੁ ਬੋਲੇ ਤਾਂ ਖ਼ੂਬ ਕੁੱਟਦੇ ਮਾਰਦੇ।

ਇੱਕ ਦਿਨ ਬੈਠੇ, ਬੈਠ ਕੇ ਚੱਕਰ ਫੜਿਆ ਹੋਇਆ ਹੈ, ਅੰਬਾਂ ਦੇ ਪੱਤਰ ਪਾਏ ਹੋਏ ਹਨ ਲੋਹੇ ਦੇ ਬਾਟੇ ਵਿੱਚ, ਬਾਣੀ ਪੜ੍ਹਨ ਲੱਗ ਪਏ। ਬਾਣੀ ਪੜ੍ਹ-ਪੜ੍ਹ ਕੇ ਕਹਿੰਦੇ ਹਨ—ਉਹ ਨੂੰ ਮਰਦਾਨਾ ਕਰਕੇ ਵੀ ਕਦੇ ਬੁਲਾਉਂਦੇ ਸੀ—ਭਾਈ ਦਿਤੂ ਨੂੰ ਕਿਉਂਕਿ ਜਾਂ ਤੇ ਮਰਦਾਨੇ [੧੨] ਨੇ ਆਪਣੀ ਮਰਜ਼ੀ ਨਾਲ ਸੜਨਾ ਮੁਸਲਮਾਨਾਂ 'ਚੋਂ ਮੰਨਿਆ ਹੈ ਜਾਂ ਇਹ ਭਾਈ—ਫਿਰ ਗੁਰਦਿਤ ਸਿੰਘ ਬਣਿਆ—ਇਸ ਨੇ ਜਿਦਣ ਅੰਮ੍ਰਿਤ ਛਕਿਆ—ਆਖਿਆ,''ਸੱਚੇ ਪਾਤਸ਼ਾਹ ਇਹਦੀ—ਅੰਮ੍ਰਿਤ ਦੀ, ਲਾਜ ਤੂੰ ਰੱਖਣੀ ਹੈ; ਜੇ ਮੈਂ ਮੁਸਲਿਆਂ ਵਿੱਚ ਮਰਿਆ ਤਾਂ ਮੈਨੂੰ ਇਹ ਸਾੜਨਗੇ ਨਹੀਂ, ਦੱਬ ਦੇਣਗੇ; ਮੇਰਾ ਸਰੀਰ ਜਾਂ ਭੈਣੀ ਸਾਹਿਬ ਛੁੱਟੇ ਜਾਂ ਅੰਮ੍ਰਿਤਸਰ ਛੁੱਟੇ।'' ਉਹ, ਮੇਰੇ ਸਾਹਮਣੇ ਉਹਨਾ ਦਾ ਸਰੀਰ ਚੱਲਿਆ ਹੈ—ਅੰਮ੍ਰਿਤਸਰ ਜੀ, ਉਹਨਾਂ ਦਾ ਸਸਕਾਰ ਹੋਇਆ। ਸਤਿਗੁਰ ਕਦੇ-ਕਦੇ ਮਰਦਾਨਾ ਕਹਿ ਕੇ ਬੁਲਾਉਂਦੇ ਸੀ। ਕਹਿੰਦੇ ਭਾਈ ਮਰਦਾਨਿਆ,''ਇਹ ਹੁਣ ਡੋਲ੍ਹਣ ਵਾਲਾ ਨਹੀਂ ਰਹਿ ਗਿਆ, ਆ ਭਾਈ ਤੈਨੂੰ ਰਾਗ ਪਿਆਈਐ।'' ਭਾਈ ਨੇ ਹੱਥ ਜਾ ਕੀਤਾ ਅੱਗੇ ਔਰ ਇਹੋ ਜਿਹਾ ਆਦਮੀ ਸੀ—ਜਨਮ ਮਰਾਸੀਆਂ ਦੇ ਘਰ ਦਾ ਅਜੇ ਜਦੋਂ ਅੰਮ੍ਰਿਤ ਵੀ ਨਹੀਂ ਸੀ ਛਕਿਆ, ਆਸਣ ਵਿਛਾ ਕੇ ਵੱਖਰੇ ਬਹਿਣਾ, ਰੋਜ਼ ਲੀੜੇ ਧੋਣੇ-ਕਿਸੇ ਦੇ ਦੁਨੀਆ ਦੇ ਆਮ ਆਦਮੀਆਂ ਦੇ ਨਾਲ ਨਹੀਂ ਸਨ ਲੱਗਦੇ। ਛਕਾ ਦਿੱਤਾ, ਕਹਿਣ ਲੱਗੇ, ''ਜਾਹ ਤੇਰੀ ਸੁਰ ਨਹੀਂ ਕਦੇ ਵੀ ਬੈਠੇ ਗੀ।'' ਔਰ ਉਹ ਕਦੇ ਇਓਂ...........ਗਰਦਨ ਨਹੀਂ ਸਨ ਕਰਦੇ ਜਦੋਂ ਗਾਉਂਦੇ ਸਨ, ਜਿਸ ਤਰ੍ਹਾਂ ਮਾਈਆਂ ਦੀ ਆਵਾਜ਼ ਉੱਚੀ ਚਲੀ ਜਾਂਦੀ ਹੈ, ਸਿੱਧੇ ਐਸ ਤਰ੍ਹਾਂ ਬੈਠਿਆਂ ਦੀ ਆਵਾਜ਼ ਇੰਨੀ ਤਿੱਖੀ ਸੀ ਕਿ ਕੋਈ ਹਿਸਾਬ ਨਹੀਂ ਸੀ।

## ਧਰਮ ਦੀ ਕਿਰਤ

ਸਤਿਗੁਰੂ ਜੀ ਕਹਿੰਦੇ ਹਨ,''ਭਾਈ ਦਿੱਤੂ-ਇਹ ਇੱਕ ਰੁਪਇਆ ਨਾ

ਜਾਣੀ; ਭਾਈ, ਇਹ ਧਰਮ ਦੀ ਕਿਰਤ ਵਾਲਿਆਂ ਦਾ ਰੁਪਇਆ ਹੈ।'' ਸਾਖੀ ਸੁਣਾਉਂਦੇ ਹਨ, ਸਤਿਗੁਰੂ ਜੀ ਕਹਿੰਦੇ ਹਨ–

ਭਾਈ ਇੱਕ ਵੇਰ ਇੱਕ ਸ਼ਾਹੂਕਾਰ ਜਹਾਜ਼ ਲੈ ਕੇ ਸਮੁੰਦਰ ਵਿੱਚ ਗਿਆ। ਉਦੋਂ—ਇਹ ਜਹਾਜ਼ ਨਹੀਂ ਸਨ ਕਿ ਅਸੀਂ ਐਨਿਆਂ ਘੰਟਿਆਂ ਵਿੱਚ ਕੰਢੇ ਲੱਗ ਜਾਵਾਂਗੇ ਜੇ ਤੂਫਾਨ ਆ ਗਿਆ ਤਾਂ ੨–੩ ਘੰਟਿਆਂ ਦਾ ਫਰਕ ਪਵੇ-ਤਰਪਾਲਾਂ ਵਾਲੇ ਜਹਾਜ਼ ਥੇ, ਕਿੰਨੇ-ਕਿੰਨੇ ਮਹੀਨੇ-ਸਾਲ ਲੰਘ ਜਾਂਦੇ ਲੋਕਾਂ ਨੂੰ ਵਿੱਚੇ ਤੁਰੇ ਫਿਰਦਿਆਂ ਨੂੰ। ਹਵਾ ਤਿੰਨਾਂ ਪਾਸਿਆਂ ਦੀ ਉਹ ਲੈ ਸਕਦਾ ਹੈ, ਸਾਹਮਣੇ ਦੀ ਨਹੀਂ ਲੈ ਸਕਦਾ–ਕਦੇ ਐਸਾ ਵਕਤ ਆਵੇ। ਉਹ ਜਹਾਜ਼ ਵਿੱਚ ਭਾਈ ਜਿਹੜੇ ਆਦਮੀ ਬੈਠੇ ਸੀ—ਸਤਿਗੁਰ ਕਹਿੰਦੇ ਹਨ,''ਭਾਈ ਉਹ ਜਹਾਜ਼ ਇੱਕ ਐਸੀ ਜਗ੍ਹਾ ਜਾ ਲੱਗਿਆ ਜਿੱਥੇ ਬਹੁਤ ਹੀਰੇ ਮੋਤੀ ਸਸਤੇ ਸੀ—ਲੋਕਾਂ ਨੇ ਉੱਥੇ ਕੰਢੇ ਤੋਂ ਹੀਰੇ ਮੋਤੀ ਖਰੀਦੇ, ਜਵਾਹਰ ਲਏ।'' ਇੱਕ ਗਰੀਬ ਆਦਮੀ ਸੀ—ਵਿੱਚ, ਜਿਹੜਾ ਧਰਮ ਦੀ ਕਿਰਤ ਕਰਨ ਵਾਲਾ ਸੀ। ਉਹਨੂੰ ਲੋਕ ਕਹਿਣ ਲੱਗੇ,''ਭਾਈ ਤੂੰ ਵੀ ਲੈ-ਲੈ।''

ਉਹ ਕਹਿਣ ਲੱਗਾ,''ਭਾਈ ਮੇਰਾ ਤਾਂ ਧਰਮ ਦਾ ਇੱਕੋ ਰੁਪੱਈਆ ਮੇਰੇ ਕੋਲ ਕਿਰਤ ਕਮਾਈ ਮੇਰੀ ਦਾ ਜੋੜਿਆ ਹੋਇਆ ਹੈ, ਹੱਕ ਹਲਾਲ ਦੀ ਦਾ। ਮੈਨੂੰ ਉਹ ਚੀਜ਼ ਇੱਥੋਂ ਲੈ ਕੇ ਦਿਉ ਜਿਹੜੀ ਸਭ ਤੋਂ ਸਸਤੀ ਹੈ।'' ਉੱਥੇ ਹਰੀੜਾਂ ਬਹੁਤ ਸਸਤੀਆਂ ਸਨ। ਉਸਨੇ ਇੱਕ ਰੁਪਏ ਦੀ ਇੱਕ ਬੋਰੀ ਹਰੀੜਾਂ ਦੀ ਲੈ ਲਈ। ਉਹ ਲੈ ਕੇ ਬੋਰੀ, ਜਹਾਜ਼ ਚੱਲ ਪਿਆ।

ਸਤਿਗੁਰ ਕਹਿੰਦੇ ਹਨ,''ਭਾਈ ਜਹਾਜ਼ ਚਲਿਆ, ਜਹਾਜ਼ ਵਿੱਚ ਆ ਕੇ ਬੀਮਾਰੀ ਪੈ ਗਈ।''ਹੁਣ ਡਾਕਟਰ ਹਨ—ਉਦੋਂ ਵੈਦ ਸੀ। ਕਿਸੇ ਨੂੰ ਜ਼ਰੂਰਤ ਤੇ ਹਰ ਹਾਲਤ ਵਿੱਚ ਰਹਿੰਦੀ ਸੀ—ਨਾਲ ਰੱਖਣ ਦੀ। ਜਦੋਂ ਰਸਤੇ ਵਿੱਚ ਬੀਮਾਰੀ ਪਈ—ਲੱਗੇ ਲੋਕ ਮਰਨ ਤੇ ਉਹ ਜਹਾਜ਼ ਵਾਲਾ ਸ਼ਾਹੂਕਾਰ ਕਹਿੰਦਾ,''ਭਾਈ ਕਿਸ ਤਰ੍ਹਾਂ ਕਰੀਏ ?''

ਵੈਦ ਕਹਿੰਦਾ,''ਭਾਈ ਜੇ ਹਰੀੜਾਂ ਮਿਲਣ ਤੇ ਲੋਕ ਬਚ ਸਕਦੇ ਹਨ।''

ਤਾਂ ਭਾਈ, ਉਹਦੀ ਇੱਕ-ਇੱਕ ਹਰੀੜ ਇੱਕ-ਇੱਕ ਮੋਹਰ ਤੋਂ ਵਿਕੀ। ਤੂੰ ਇਹ ਨਾਮਧਾਰੀਆਂ ਦਾ ਇੱਕ ਰੁਪੱਈਆ ਨਾ ਸਮਝੀਂ—ਇਹ ਕਿਰਤ ਕਮਾਈ ਦਾ ਰੁਪੱਈਆ ਹੈ। ਸੋ ਭਾਈ ਹੁਣ ਵੀ ਜੇ ਕੋਈ ਧਰਮ ਕੀ ਕਿਰਤ ਕਰੇਗਾ ਤਾਂ ਧਰਮ ਦੀ ਕਿਰਤ ਦਾ ਇੱਕ ਰੁਪੱਈਆ ਵੀ ਉਹ ਲੱਖਾਂ ਵਰਗਾ ਬਣ ਜਾਂਦਾ ਹੈ, ਔਰ ਪਾਪ ਦੀ ਕਿਰਤ ਦੇ ਲੱਖਾਂ ਵੀ ਨਹੀਂ ਰਹਿੰਦੇ। ਤੁਸੀਂ ਕਿਸੇ ਵੱਲ ਵੇਖ ਲਉ—ਜੋ ਲੋਕ ਬੇਈਮਾਨੀ ਕਰਦੇ ਹਨ, ਬੜੀ ਗੱਲ ਹੈ ਕੋਈ ਇੱਕ ਪੁਸ਼ਤ ਲੈ ਜਾਏ, ਦੂਸਰੀ ਪੁਸ਼ਤ ਜਾ ਕੇ ਖਤਮ ਹੋ ਜਾਂਦੀ ਹੈ। ਤਾਂ ਮੈਂ ਅਰਜ਼ ਕਰਦਾ ਹਾਂ, ਸਤਿਗੁਰੂ ਅੱਗੇ ਅਰਜ਼ ਕਰਿਆ ਕਰੋ, ਅਰਦਾਸ ਕਰਿਆ ਕਰੋ, ਕਦੇ ਖਿਆਲ ਨਾ ਲਿਆਇਆ ਕਰੋ ਦਿਲ ਵਿੱਚ ਕਿ ਅਸੀਂ ਪਾਪ ਨਾਲ ਪੈਸੇ ਕਮਾਈਏ। ਧਰਮ ਦੀ ਕਿਰਤ ਕਰੋ, ਫਿਰ ਘਾਟਾ ਕਦੇ ਨਹੀਂ ਆਉਂਦਾ।

*ਗੁਰੂ ਰਾਮ ਸਿੰਘ ਬਿਰਦ ਸਮ੍ਹਾਰੋ।*

ਹੇ ਸੱਚੇ ਪਾਤਸ਼ਾਹ—ਸਤਿਗੁਰੂ ਰਾਮ ਸਿੰਘ ਬਿਰਧ ਦੀ ਲਾਜ ਰੱਖੋ। ਜਿਸ ਤਰ੍ਹਾਂ ਭਾਈ ਕਟਾਰੂ ਕਾਬਲ ਵਿੱਚ ਬੈਠਾ ਹੈ, ਸਤਿਗੁਰਾਂ ਦਾ ਨਾਂ ਲੈ ਰਿਹਾ ਹੈ ਤਾਂ ਉਹਦਾ ਉੱਥੇ ਵੱਟਾ ਪੂਰਾ ਕੀਤਾ ਹੈ। ਇਸੇ ਤਰ੍ਹਾਂ ਭਾਈ ਰਾਇ ਸਿੰਘ ਜੀ—ਇੱਕ ਦੀ ਕੀ ਗੱਲ ਕਰੀਏ, ਦਰੋਪਤਾਂ-

## ਦਰੋਪਤੀ

*ਅੰਦਰਿ ਸਭਾ ਦੁਸਾਸਣੈ,*

ਭਾਈ ਗੁਰਦਾਸ ਜੀ ਕਹਿੰਦੇ ਹਨ-

*ਮਥੇ ਵਾਲਿ ਦ੍ਰੋਪਤੀ ਆਂਦੀ।*

ਮਥੇ, ਕੇਸਾਂ ਤੋਂ ਫੜਕੇ ਦ੍ਰੋਪਤੀ ਨੂੰ ਲਿਆਂਦਾ—ਖਿੱਚ ਕੇ।

*ਦੂਤਾਂ ਨੋਂ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।*

ਇਹ ਪੰਜਾਂ ਦੀ ਜਿਹੜੀ ਔਰਤ ਹੈ—ਇਹਨੂੰ ਨੰਗੀ ਕਰ ਦਿਓ, ਕਿਉਂਕਿ ਇਸਨੇ ਮੈਨੂੰ ਮਖੌਲ ਕੀਤਾ ਸੀ, ਕਿਹਾ ਸੀ,''ਅੰਧ ਕੇ ਅੰਧ,'' ਤੇ ਮੈਂ ਵੀ ਆਖਿਆ ਸੀ,''ਜੇ ਤੈਨੂੰ ਨਗਨ ਨਾ ਕਰਾਂ—ਤਾਂ ਮੇਰਾ ਨਾਂ

ਦੁਰਯੋਧਨ ਕਿਸ ਨੇ ਕਹਿਣਾ—ਸਭਾ ਵਿੱਚ।''

*ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।*

*-ਵਾਰ ੧੦, ਪਉੜੀ ੮*

ਅੱਜ ਕੱਲ੍ਹ ਵਰਗੇ ਸਾਡੇ ਸਾਥੀ ਹੁੰਦੇ ਤਾਂ ਜ਼ਰੂਰ ਗਲ ਪੈ ਜਾਂਦੇ, ਭਾਵੇਂ ਕੋਈ ਬਚਨ ਦਿੱਤਾ ਸੀ, ਭਾਵੇਂ ਜੂਏ ਵਿੱਚ ਹਾਰੇ ਹੋਏ ਸਨ, ਪਰ ਕੋਈ ਨਹੀਂ। ਅੱਜ ਕੱਲ੍ਹ—ਸਤਿਗੁਰੂ ਕਿਰਪਾ ਕਰਨ ਸਾਡੀ ਜ਼ਬਾਨ ਬਣ ਜਾਏ, ਸਾਡੀ ਕੋਈ ਗੱਲ ਨਹੀਂ ਰਹਿ ਗਈ, ਅਸੀਂ ਕਿਸੇ ਨਾਲ ਪੂਰੇ ਨਹੀਂ ਉਤਰਦੇ, ਜੋ ਬਚਨ ਕਰਦੇ ਹਾਂ—ਝੱਟ ਫਿਰ ਜਾਂਦੇ ਹਾਂ, ਔਰ ਪਹਿਲਾਂ ਕਰਨ ਲੱਗੇ ਹੀ ਉਹਦੇ ਵਿੱਚ ਐਸੇ ਵਲ ਰੱਖਕੇ ਗੱਲ ਕਰਦੇ ਹਾਂ ਕਿ ਕਿਸੇ ਐਸ ਰਸਤੇ ਨਿਕਲੀਏ, ਇਧਰੋਂ ਦੀ ਨਿਕਲੀਏ, ਕੋਈ ਅਸੀਂ ਰਸਤਾ ਰੱਖਣਾ ਰੱਖੀਏ ਜਿਹਦੇ ਨਾਲ ਅਸੀਂ ਇੱਥੋਂ ਬਚ ਜਾਈਏ ਔਰ ਕਿਸੇ ਤੇ ਸਾਨੂੰ-–ਆਪਸ ਵਿੱਚ—ਇਤਬਾਰ ਨਹੀਂ ਰਹਿ ਗਿਆ। ਅੱਜ ਮੈਂ ਸੇਠ ਹੋਰਾਂ ਨਾਲ ਗੱਲਾਂ ਕਰਦਾਂ ਸਾਂ, ਭਾਈ ਤੁਸੀਂ ਲੋਕਾਂ ਦੀਆਂ ਕੀ ਗੱਲਾਂ ਕਰਦੇ ਓ, ਸਾਡਾ ਨਹੀਂ ਰਹਿ ਗਿਆ ਆਪਸ ਵਿੱਚ, ਜਦੋਂ ਗੱਲ ਕਰਨ ਲਗੀਦੀ ਹੈ ਉਦੋਂ ਦੇਖੀਦਾ ਹੈ—ਔਰ ਫਿਰ ਕਾਨੂੰਨ ਘੜੀਦੇ ਹਨ—ਉਹਦੇ ਵਿੱਚ ਜਦੋਂ ਕਿਸੇ ਤੇ ਕੋਈ ਗੱਲ ਬਣ ਜਾਂਦੀ ਹੈ, ਉਹ ਕਹਿੰਦਾ ਹੈ,''ਤੂੰ ਮੈਨੂੰ ਇਉਂ ਨਹੀਂ, ਇਓਂ ਆਖਿਆ ਸੀ।''

ਪਰ ਪਾਂਡਵਾਂ ਨੇ ਜ਼ਬਾਨ ਦਿੱਤੀ ਹੋਈ ਸੀ, ਉਹ ਹਾਰੇ ਹੋਏ ਸਨ, ਉਹ ਸਾਹਮਣੇ ਬੈਠੇ ਸਨ ਔਰ ਉਹ ਦੇਖ ਰਹੇ ਸਨ। ਉਹ ਇਤਨੀ ਤਾਕਤ ਰੱਖਣ ਵਾਲੇ ਆਦਮੀ—ਮਹਾਂਭਾਰਤ ਦੇ ਜੰਗ ਵੇਲੇ ਪੁੱਛਿਆ ਗਿਆ, ਕਿਸੇ ਨੇ ਅਖਿਆ,''ਮੈਂ ਦੋ ਦਿਨਾਂ ਵਿੱਚ ਜੰਗ ਖਤਮ ਕਰਾਂ,'' ਕਿਸੇ ਨੇ,''ਮੈਂ ਅੱਠਾਂ ਵਿੱਚ ਕਰਾਂ,'' ਕਿਸੇ ਨੇ ਆਖਿਆ,''ਚੋਹਾਂ ਦਿਨਾਂ ਵਿੱਚ ਕਰਾਂ''—ਅਰਜਨ ਨੇ ਕਿਹਾ,''ਮੈਂ ਇੱਕ ਬਾਣ ਨਾਲ ਜੰਗ ਖਤਮ ਕਰ ਸਕਦਾ ਹਾਂ, ਪਰ ਗੱਲ ਐ ਮੇਰੇ ਗੁਰੂ ਦਾ ਹੁਕਮ ਨਹੀਂ, ਫੌਜ ਥੋੜੀ ਹੈ, ਬਾਣ ਮੈਂ ਨਹੀਂ ਚਲਾ ਸਕਦਾ—ਉਹ ਵੀ ਵਿੱਚੇ ਬੈਠਾ ਸੀ। ਫਿਰ ਕਿਸੇ ਕਵੀ ਨੇ ਲਿਖਿਆ ਕਿ ਦਰੋਪਤੀ ਦੇ ਦਿਲ ਵਿੱਚ ਖਿਆਲ ਆਇਆ ਕਿ ਕਰਣ ਉਹਦੀ ਮਦਦ

ਕਰੇਗਾ। ਜਿਸ ਵੇਲੇ ਕਰਣ ਵੱਲ ਝਾਕੀ ਤੇ ਕਰਣ ਮੁਸਕਰਾਇਆ, ਲਿਖਿਆ ਹੈ-

*ਕਰਨ ਹਸਿਓ ਮੁਖ ਮੋੜ ਕੇ ਦਿਲ ਦਾ ਪਾਪੀ ਖੋਟ।*
*ਦੀਨਾ ਨਾਥ ਦਿਆਲ ਜੀ ਤੁਧ ਬਿਨ ਅਵਰ ਨਾ ਓਟ।*
*ਦਰੋਪਤੀ ਕੀਆ ਵਿਚਾਰ ਈਹਾ ਮੇਰਾ ਕੋਈ ਨਾਹੀਂ।*
*ਜਿਨ ਕੀ ਕਰਤੀ ਆਸ ਵਹੀ ਬੈਠੇ ਮੁਸਕਾਹੀ।।*

ਗੁਰੂ ਸਾਹਿਬ ਬਸੰਤ ਰਾਗ ਵਿੱਚ ਲਿਖਦੇ ਹਨ—ਕਈ ਸਾਡੇ ਭਰਾ ਕਹਿੰਦੇ ਹਨ ਭਗਤਾਂ ਦੀ ਬਾਣੀ ਹੈ, ਨਾਮਦੇਓ ਦੀ ਹੈ, ਭੱਟਾਂ ਨੇ ਦ੍ਰੋਪਤੀ ਲਿਖੀ ਹੈ—ਪਰ ਗੁਰੂ ਸਾਹਿਬ ਕਹਿੰਦੇ ਹਨ-

- **ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ।।**

*-ਪੰਨਾ-੧੧੯੨*

- **ਸਿਮਰਨ ਦ੍ਰੋਪਦ ਸੁਤ ਉਧਰੀ।।**

*-ਪੰਨਾ-੮੭੪*

ਸਿਮਰਨ ਕਰਨੇ ਕਰਕੇ ਦ੍ਰੋਪਤੀ, ਦਰੁਪਦ ਦੀ ਲੜਕੀ ਉਧਾਰ ਦਿੱਤੀ ਤਾਂ ਫਿਰ ਕੀ ਹੋਇਆ-

*ਅਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।*
*-ਵਾਰ-੧੦, ਪੰਨਾ ੮*

ਅੱਖਾਂ ਮੀਟੀਆਂ ਧਿਆਨ ਕੀਤਾ ਕ੍ਰਿਸ਼ਨ ਮਹਾਰਾਜ ਦਾ ਕਿਉਂਕਿ ਵਕਤ ਦੇ ਗੁਰੂ ਥੇ। ਫਿਰ, ਜ਼ਰਾ ਕੁ ਦੇਰ ਲੱਗੀ, ਕਹਿੰਦੀ ਹੈ-

*ਤਬ ਬਿਲੰਬ ਨਾ ਕੀਓ ਧਰਨ ਕੇ ਭਾਰ ਉਤਾਰੇ।*
*ਤਬ ਬਿਲੰਬ ਨਾ ਕੀਓ ਸੀਸ ਦਸ ਰਾਵਨ ਕਾਟੇ।*
*ਤਬ ਬਿਲੰਬ ਨਾ ਕੀਓ ਘੰਟਾ ਤਲ ਆਂਡਾ ਰਾਖੇ।*
*ਤਬ ਬਿਲੰਬ ਨਾ ਕੀਓ ਰੁਕਮਣੀ ਬਾਂਧਿਓ ਸੇਹਰਾ।*
*ਤਬ ਬਿਲੰਬ ਨਾ ਕੀਓ ਨਾਮਦੇਓ ਫੇਰਿਉ ਦੇਹੁਰਾ।*
*ਤਬ ਬਿਲੰਬ ਨਾ ਕੀਓ ਧਰਨ ਕੇ ਭਾਰ ਉਤਾਰੇ।*
*ਅਬ ਬਿਲੰਬ ਨਾ ਕਰੋ ਕਟੋ ਜੀ ਸੰਕਟ ਹਮਾਰੇ।*

ਫਿਰ ਕਿਆ ਹੋਇਆ, ਕ੍ਰਿਸ਼ਨ ਮਹਾਰਾਜ ਥੇ ਉਸ ਵਕਤ ਦਵਾਰਕਾ ਵਿੱਚ, ਕਹਿੰਦੀ ਹੈ,''ਹੇ ਦਵਾਰਕਾਧੀਸ਼।'' ਤਾਂ ਦੇਰ ਲੱਗੀ ਜ਼ਰਾ। ਮਹਾਰਾਜ ਨੇ ਦਰਸ਼ਨ ਦਿੱਤਾ, ਦ੍ਰੋਪਤੀ ਕਹਿੰਦੀ ਹੈ,''ਦੇਰ ਲੱਗੀ ਹੈ।''

''ਤੂੰ ਦੁਆਰਕਾ ਅਧੀਸ਼ ਕਹਿ ਕੇ ਯਾਦ—ਸਾਨੂੰ ਕੀਤਾ ਹੈ, ਜੇ ਤੂੰ ਘਟ-ਘਟ ਵਾਸੀ ਕਹਿਕੇ ਕਰਦੀ ਤਾਂ ਦੇਰ ਨ ਲੱਗਦੀ—ਦੁਆਰਕਾ ਤੋਂ ਆਉਣ ਵਾਸਤੇ।''

ਖੇਡ ਸੀ ਨ ਉਹਦੇ ਨਾਲ ਰਚੀ ਹੋਈ, ਉਹ ਇੱਕੋ ਹੀ ਓਤ ਪ੍ਰੋਤ ਭਾਵ ਹੈ, ਅੰਦਰ ਇੱਕ ਹੈ ਭਗਤਾਂ ਦਾ ਤੇ ਗੁਰੂ ਦਾ—ਰਲਿਆ ਮਿਲਿਆ, ਉੱਥੇ ਫਰਕ ਨਹੀਂ ਕੋਈ ਰਹਿੰਦਾ ਫਿਰ ਕੀ ਹੋਇਆ,''ਕੱਪੜ ਕੋਟ ਉਸਰਿਅਨੁ।''

ਹੁਣ ਅੱਜ ਕੱਲ੍ਹ ਮੈਂ ਕੀ ਆਖਾਂ, ਸਾਇੰਸ ਨੇ ਸਾਨੂੰ ਇੱਥੇ ਪੁਚਾ ਦਿੱਤਾ ਹੈ, ਮੈਂ ਅੱਗੇ ਵੀ ਸ਼ਾਇਦ ਅਰਜ਼ ਕੀਤੀ ਹੈ। ਇੱਕ ਮੈਂ ਕਿਤਾਬ ਦੇਖੀ —ਪੜ੍ਹ ਕੇ, ਕਿਸੇ ਨੇ ਲਿਖਿਆ ਹੋਇਆ ਇਹ ਦ੍ਰੋਪਤੀ ਦਾ ਚਰਿੱਤਰ—ਉਹਦੇ ਵਿੱਚ ਕੀ ਦਿਖਲਾਇਆ ਹੋਇਆ ਕਿ ਕੱਪੜੇ ਤੇ ਨਹੀਂ ਵਧ ਸਕਦੇ ਦੁਰਯੋਧਨ ਦੀ ਮਾਂ ਆਈ ਤੇ ਉਸਨੇ ਆ ਕੇ ਐਧਰਲੇ ਪਾਸੇ ਦੁਸਾਸਨ ਨੂੰ ਮਾਰਿਆ, ਐਧਰ ਦੁਰਯੋਧਨ ਨੂੰ ਤੇ ਦ੍ਰੋਪਤੀ ਨੂੰ ਬੁੱਕਲ ਵਿੱਚ ਲੈ ਕੇ ਜਾ ਰਹੀ ਹੈ। ਇਸਦੀ ਤਸਵੀਰ ਉਸ ਹਿੰਦੀ ਦੀ ਕਿਤਾਬ 'ਚ ਛਪੀ ਹੋਈ ਵੇਖੀ ਹੈ।

ਇੱਕ ਉੱਥੇ ਕਿਸੇ ਦੀ ਕਿਤਾਬ ਡਿਗ ਪਈ ਨਨਕਾਣੇ ਸਾਹਿਬ ਕਿ ਜਿਸ ਵੇਲੇ ਅੱਗੇ ਕੱਕਾ ਆਇਆ ਤੇ ਕ੍ਰਿਸ਼ਨ ਦਾ ਭਗਤ—ਉਹ ਰਾਮ ਕ੍ਰਿਸ਼ਨ ਨੂੰ ਦੋ ਜਾਣਦੇ ਹਨ ਜਿਹੜੇ, ਉਨ੍ਹਾਂ ਵਿੱਚ ਇਹ ਗੱਲ ਹੈ—ਲੱਗ ਗਿਆ ਕਹਿਣ, 'ਕੱਕਾ ਮੇਰਾ ਕ੍ਰਿਸ਼ਨ—ਕ੍ਰਿਪਾਲਾ', ਪ੍ਰਹਿਲਾਦ ਨੇ ਰਾਮ ਤੋਂ ਬਿਨਾਂ ਨਾਂ ਹੀ ਨਹੀਂ ਲਿਆ।

ਜਿਹਨਾਂ ਲੋਕਾਂ ਦੇ ਚਿਤ ਵਿੱਚੋਂ ਅਜੇ ਇਹ ਗੱਲ ਨਹੀਂ ਨਿਕਲੀ—ਭੇਦਵਾਦੀ ਹਨ ਕਿ ਕ੍ਰਿਸ਼ਨ ਹੋਰ ਹੈ, ਰਾਮ ਹੋਰ ਹੈ, ਨਾਨਕ ਹੋਰ ਹੈ —ਗਲਤੀ ਤੇ ਚਲਦੇ ਹਨ। ਵਕਤ ਵਕਤ ਦੇ ਨਾਉਂ ਬਦਲ ਲੈਂਦਾ ਹੈ, ਪੁਸ਼ਾਕ ਬਦਲ ਕੇ ਬਾਦਸ਼ਾਹ ਫੌਜ ਵਿੱਚ ਜਾਂਦਾ ਹੈ, ਜਰਨੈਲ ਰੂਪ ਬਣ

ਜਾਂਦਾ ਹੈ, ਕਚਹਿਰੀ ਵਿੱਚ ਜਾਂਦਾ ਹੈ ਜਿਸ ਵੇਲੇ ਉਸ ਵੇਲੇ—ਅਦਾਲਤੀ ਬਣ ਜਾਂਦਾ, ਜਦੋਂ ਸੰਤਾਂ ਮਹਾਤਮਾਂ ਕੋਲ ਜਾਂਦਾ ਹੈ, ਉਸ ਵੇਲੇ ਜਦੋਂ ਭਜਨ ਬਾਣੀ ਕਰਦਾ ਹੈ, ਉਦੋਂ ਸੰਤ ਬਣਕੇ ਬੈਠਾ ਹੈ—ਉਹਦੇ ਰੂਪ ਹਨ। ਦੀਵਾਨ ਨੰਦ ਲਾਲ ਤਾਂ ਹੀ ਤਾਂ ਗੁਰੂ ਗੋਬਿੰਦ ਸਿੰਘ ਨੂੰ ਕਹਿੰਦੇ ਹਨ–

*ਗਾਹਿ ਸੂਫੀ, ਗਾਹਿ ਜ਼ਾਹਦ, ਗਹ ਕਲੰਦਰ ਮੇ ਸ਼ਵਦ।*
*ਰੰਗ ਹਾਇ ਮੁਖਤਲਿਫ, ਦਾਰਦ ਬੁਤਿ ਅਯਾਰਿ ਮਾ।*

–ਗ਼ਜ਼ਲ ੨

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਕਤਹੂੰ ਸੁਚੇਤ ਹੁਇਕੇ ਚੇਤਨਾ[੧੩] ਕੋ ਚਾਰੁ[੧੪] ਕੀਓ**
**ਕਤਹੂੰ ਅਚਿੰਤ[੧੫] ਹੁਇਕੈ ਸੋਵਤ ਅਚੇਤ[੧੬] ਹੋ।।**
**ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ**
**ਕਹੂੰ ਮਹਾਂਦਾਨਿ[੧੭] ਹੁਇਕੈ ਮਾਂਗਿਓ ਧਨ ਦੇਤ ਹੋ।।**

*–ਦਸਮ ਗ੍ਰੰਥ, ਪੰਨਾ–੧੧*

–ਤੂੰ ਮੌਜ ਦਾ ਮਾਲਕ ਹੈਂ, ਤੇਰੀ ਮੌਜ ਤੂੰ ਹੀ ਜਾਣਦਾ ਹੈਂ—ਕਬਹੂੰ ਰਾਜਾ ਛਤ੍ਰਪਤੀ ਕਬਹੂੰ ਭਿਖਾਰੀ—ਸਭ ਕੁਝ ਤੂੰ ਹੀ ਹੈਂ, ਤੇਰੀ ਮੌਜ ਹੈ, ਸਾਰਿਆਂ ਵਿੱਚ ਤੂੰ ਹੀ ਹੈਂ, ਸਾਰੇ ਤੂੰ ਰਮਿਆਂ ਹੋਇਆ ਹੈਂ। ਤਾਂ, ਮੀਟੀਆਂ ਅੱਖਾਂ —ਦ੍ਰੋਪਤੀ ਨੇ, ਮਹਾਰਾਜ ਨੇ ਕਿਰਪਾ ਕੀਤੀ,'*ਕੱਪੜ ਕੋਟ ਉਸਾਰਿਅਨੁ।*'

ਭਾਈ ਗੁਰਦਾਸ ਕਹਿੰਦਾ ਹੈ ਕੱਪੜੇ ਦੇ ਕੋਟ ਬਣ ਗਏ, ਕਪੜੇ ਦਾ ਕਿਲ੍ਹਾ ਬਣ ਗਿਆ—ਲਾਹੁੰਦਿਆਂ ਨਹੀਂ ਮੁਕਦਾ। ਇੱਕ ਕਵੀ ਨੇ ਲਿਖਿਆ, ਸਾੜੀ ਮੱਧ ਨਾਰੀ ਹੈ ਕਿ ਨਾਰੀ ਮੱਧ ਸਾੜੀ ਹੈ—ਸਾਨੂੰ ਇਹ ਨਹੀਂ ਪਤਾ ਲਗਦਾ ਕਿ ਸਾੜੀ ਤੋਂ ਬਣੀ ਹੋਈ ਹੈ ਦ੍ਰੋਪਤੀ ਕਿ ਦ੍ਰੋਪਤੀ ਤੋਂ ਸਾੜੀ ਬਣੀ ਹੋਈ ਹੈ।

ਇੱਕ ਜਗ੍ਹਾ ਇੱਕ ਵਿਛਰੇ ਹੋਏ ਕਵੀ ਨੇ ਲਿਖਿਆ ਹੈ–

*ਘੋਰ ਘੋਰ ਘਨ ਆਏ ਛਾਇ ਰਹੇ ਚਹੂੰ ਓਰ,*
*ਕੌਨ ਹੇਤ ਪ੍ਰਾਨ ਨਾਥ ਸੂਰਤ ਬਿਸਾਰੀ ਹੈ।*
*ਦਾਮਨੀ ਦਮਕ ਜੈਸੀ ਜੁਗਨੂੰ ਚਮਕ ਤੈਸੀ,*

*ਨਭ ਮੈਂ ਵਿਸ਼ਾਲ ਬਕ ਪੰਗਤਿ ਸਵਾਰੀ ਹੈ।*
*ਐਸੇ ਸਮੇਂ ਹਰੀ ਚੰਦ ਧੀਰ ਨਾ ਧਰਤ ਨੈਕ,*
*ਬਿਰਹੇ ਵਿਥਾ ਤੇ ਹੋਤ ਵਿਆਕੁਲ ਪਿਆਰੀ ਹੈ।*
*ਪ੍ਰੀਤਮ ਪਿਆਰੇ ਨੰਦ ਲਾਲ ਬਿਨ ਹਾਇ ਯਹਿ,*
*ਸਾਵਨ ਕੀ ਰਾਤ ਕਿਧੌਂ ਦ੍ਰੋਪਤਾਂ ਕੀ ਸਾੜੀ ਹੈ।*

–ਇਹ ਮੁੱਕਣ ਵਾਲੀ ਹੀ ਨਹੀਂ ਤੇ ਉਹ ਚੀਜ਼ ਬਣੀ (ਉਨ੍ਹਾਂ ਵਾਸਤੇ) ਜਿਨ੍ਹਾਂ ਨੇ ਯਾਦ ਕੀਤਾ। ਇਸ ਤਰ੍ਹਾਂ ਭਾਈ ਰਾਇ ਸਿੰਘ ਜੀ ਅੱਠ ਸੌ ਮੀਲ ਪੈਂਡਾ ਗੁਰਦਾਵਾਰੇ ਭੈਣੀ ਸਾਹਿਬ ਤੋਂ ਪੁਲਸ ਦੀ ਚੌਂਕੀ ਤੋਂ ਬਾਹਰ, ਨਾਲ ਦੇ ਨੂੰ ਸ਼ੇਰ ਨੇ ਖਾ ਲਿਆ ਹੈ। ਸਤਿਗੁਰੂ ਰਾਮ ਸਿੰਘ ਨੂੰ ਯਾਦ ਕਰਦਾ ਹੈ,''ਤੂੰ ਮੈਨੂੰ ਆਖਿਆ ਸੀ ਕਿ ਮੈਂ ਤੇਰੀ ਸਹਾਇਤਾ ਕਰਾਂਗਾ।''

*ਮੋਕੇ ਭੀ ਜੇ ਇਸ ਨੇ ਘਾਯਾ।*

ਜੇ ਮੈਨੂੰ ਵੀ ਇਸ ਨੇ ਖਾ ਲਿਆ।

*ਕੈਸੀ ਖਬਰ ਦੇਹੁੰ ਰਘੁਰਾਇਆ।।੩੫।।*

ਹੇ 'ਰਘੁਰਾਇਆ' ਹੇ ਰਾਮ ਰੂਪ—*ਰਮੰਤੇ ਯਸ਼ ਮਨਹਿ ਯੋਗੀ, ਸਾ ਰਾਮਹ*—ਜਿਸਨੂੰ ਮਨ ਕਰਕੇ ਰਮਣ ਕਰਦੇ ਹਨ ਜੋਗੀ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਜਿਨ ਮਹਿ ਰਮਿਯਾ ਰਾਮ ਹਮਾਰਾ।।**

*–ਦਸਮ ਗ੍ਰੰਥ, ਪੰਨਾ–੧੫੬*

**ਘਟ ਘਟ ਰਮੀਆ ਰਾਮੁ ਪਿਆਰਾ।।**

*–ਮਾਰੂ ਸਲੋਕ ਮ:੧, ਪੰਨਾ–੧੦੨੮*

ਜਿਹੜਾ ਰਾਮ ਹੈ, ਉਹੋ ਹੀ ਰਾਮ ਹੈ—ਜਿਹੜਾ ਸਾਰੀਆਂ ਘਟਾਂ ਵਿੱਚ ਰਮਿਆ ਹੋਇਐ, ਕੋਈ ਥਾਂ ਨਹੀਂ ਉਸਨੇ ਛੱਡਿਆ ਹੋਇਆ।

*ਮੇਰੇ ਹੱਥੀਂ ਤੁਪਕ ਨ ਤੇਗ।*

ਮੇਰੇ ਕੋਲ ਨ ਤਲਵਾਰ ਹੈ, ਨਾ ਬੰਦੂਕ ਹੈ।

*ਕੀਜੈ ਮੇਰੀ ਰਖਿਆ ਬੇਗ।*

ਮੇਰੀ ਰਛਿਆ ਬੇਗ ਕਰੋ, ਛੇਤੀ ਕਰੋ। ਰੁਕਮਣੀ ਕਹਿ ਰਹੀ ਹੈ, ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ—ਦਸਮ ਗ੍ਰੰਥ ਵਿੱਚ–

**ਲੋਚਨ ਚਾਰ[੧੮] ਬਿਚਾਰ ਕਰੋ[੧੯] ਜਿਨ**
**ਬਾਚਤ[੨੦] ਹੀ ਪਤੀਆ[੨੧] ਉਠ ਧਾਵਹੁ[੨੨]।।**
**ਆਵਤ ਹੈ ਸ਼ਸ਼ਪਾਲ ਇਤੈ[੨੩]**
**ਮੁਹਿ ਬਯਾਹਨ ਕਉ ਪ੍ਰਭ ਢੀਲ ਨ ਲਾਵਹੁ।।**
**ਮਾਰ ਇਨੈ ਮੁਹਿ ਜੀਤ ਪ੍ਰਭੂ**
**ਚਲੋ ਦ੍ਵਾਰਵਤੀ[੨੪] ਜਗ ਮੈ ਜਸੁ ਪਾਵਹੁ।।**
**ਮੋਰੀ[੨੫] ਦਸ਼ਾ ਸੁਨਿ ਕੈ ਸਭ ਯੋ**
**ਕਬਿ ਸਯਾਮ ਕਹੈ ਕਰਿ ਪੰਖਨ[੨੬] ਆਵਹੁ।।**

*–ਦਸਮ ਗ੍ਰੰਥ, ਪੰਨਾ–੫੦੪*

## ਰਾਮ ਔਰ ਸਿਆਮ

ਏਥੇ ਕਬਿ ਸਯਾਮ ਸ਼ਬਦ ਗੁਰੂ ਗੋਬਿੰਦ ਸਿੰਘ ਦਾ ਤਖੱਲਸ ਹੈ। ਜਿਸ ਤਰ੍ਹਾਂ ਕੋਈ ਕਵੀ, ਆਪਣਾ ਤਖੱਲਸ ਕੋਈ ਰੱਖ ਲੈਂਦਾ ਹੈ, ਸਾਹਿਬਾਂ ਦੇ ਦੋ ਤਖੱਲਸ ਸਨ, ਰਾਮ ਜਾਂ ਸਯਾਮ 'ਕਬਿ ਰਾਮ ਕਹੈ', ਤੇ ਕਿਤੇ-ਕਿਤੇ 'ਕਬਿ ਸਯਾਮ ਕਹੇ', ਸ਼ਬਦ ਆਉਂਦੇ ਹਨ। ਇਹਦਾ ਮਤਲਬ ਕੀ ਹੈ ? ਇਹਦਾ ਮਤਲਬ ਇਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ, ਹਰਿ-ਗੋਬਿੰਦ ਤੇ ਗੋਬਿੰਦ-ਹਰਿ, ਜੇ ਹਰਿ ਨੂੰ ਪਹਿਲਾਂ ਲਾ ਲਈਏ, ਹਰਿ ਦੇ ਅਰਥ ਸਿੰਘ ਵੀ ਹੋ ਸਕਦੇ ਹਨ, ਸਿੰਘ ਗੋਬਿੰਦ ਤੇ ਗੋਬਿੰਦ ਸਿੰਘ। ਹਰਿ ਗੋਬਿੰਦ ਸਾਹਿਬ ਛੇਵੇਂ ਪਾਤਸ਼ਾਹ ਦਾ ਨਾਂ—ਮਾਤਾ ਗੁਜਰੀ ਜੀ ਦੇ ਉਹ ਸਹੁਰੇ ਲੱਗਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਛੇਵੇਂ ਪਾਤਸ਼ਾਹ ਦੇ ਘਰ ਪਰਗਟ ਹੋਏ। ਗੋਬਿੰਦ ਰਾਇ ਪਹਿਲੇ ਸੱਚੇ ਪਾਤਸ਼ਾਹ ਦਾ ਨਾਉਂ ਸੀ, ਅੰਮ੍ਰਿਤ ਛਕ ਕੇ ਗੋਬਿੰਦ ਸਿੰਘ ਰੱਖਿਆ। ਉਹ ਗੋਬਿੰਦ ਨਾਮ ਨਹੀਂ ਸਨ ਮਾਤਾ ਜੀ ਲੈਂਦੇ ਕਿਉਂਕਿ ਇਹ ਸਾਡੇ ਪੁਰਾਤਨ ਹਿੰਦੁਸਤਾਨ ਦੀ

ਮਰਯਾਦਾ ਹੈ ਜਾਂ ਹਿੰਦੂ ਮਤ ਦੀ ਕਹਿ ਲਓ ਕਿ ਆਪਣੇ ਸਹੁਰੇ ਦਾ ਜਾਂ ਉਸ ਤੋਂ ਵੱਡੇ ਦਾ ਕਦੇ ਨਾਉਂ ਨਹੀਂ ਮਾਈਆਂ ਲੈਂਦੀਆਂ, ਪਤੀ ਦਾ ਵੀ ਨਹੀਂ ਲੈਂਦੀਆਂ—ਤਾਂ ਮਾਤਾ ਜੀ ਗੋਬਿੰਦ ਦੀ ਜਗ੍ਹਾ, 'ਸਯਾਮ' ਜਾਂ 'ਰਾਮ' ਕਹਿਕੇ ਬੁਲਾਇਆ ਕਰਦੇ ਸੀ ਜਿਸ ਵਕਤ ਸਾਹਿਬ ਛੋਟੀ ਉਮਰ ਵਿੱਚ ਥੇ, ਤਾਂ ਸਾਹਿਬਾਂ ਨੇ ਉਹੀ ਆਪਣਾ ਤਖੱਲਸ ਬਣਾ ਲਿਆ—ਕਵਿਤਾ ਵਿੱਚ, ਜਿੱਥੇ ਆਉਂਦਾ ਏ 'ਕਬਿ ਸਯਾਮ ਕਹੇ, ਕਬਿ ਰਾਮ ਕਹੇ।' ਦਸਮ ਗ੍ਰੰਥ 'ਚ—ਜਿਸ ਵਕਤ ਅਸੀਂ ਵੇਖਦੇ ਹਾਂ ਪੜ੍ਹ ਕੇ ਤਾਂ ਬਹੁਤ ਜਗ੍ਹਾ, 'ਕਬਿ ਸਯਾਮ ਕਹੇ' ਦਾ ਸ਼ਬਦ ਆਉਂਦਾ ਹੈ, ਕ੍ਰਿਸ਼ਨਾਵਤਾਰ ਵਿੱਚ ਜਾਂ 'ਕਬਿ ਰਾਮ ਕਹੇ' ਕਿਤੇ-ਕਿਤੇ ਆ ਜਾਂਦਾ ਹੈ। ਰਾਮ ਅਰ ਸਯਾਮ ਦੋਨੋਂ ਹੀ ਤਖੱਲਸ ਗੁਰੂ ਗੋਬਿੰਦ ਸਿੰਘ ਦੇ ਹਨ—ਹੋਰ ਭਾਵੇਂ ਕਿਸੇ ਕਵੀ ਦੀ ਗੱਲ ਹੋਵੇ। ਸਾਡੇ ਵਿੱਚ ਬੜੀਆਂ ਗੱਲਾਂ ਆ ਗਈਆਂ ਹਨ—ਜੇ ਇਸ ਪਾਸੇ ਨੂੰ ਤੁਰੀਏ ਤਾਂ ਇਹਦਾ ਘਾਟਾ ਕੋਈ ਨਹੀਂ ਆਉਂਦਾ।

ਹੁਣ ਸਾਡਿਆਂ ਭਰਾਵਾਂ ਨੇ ਇਹ ਗੱਲ ਕਰ ਦਿੱਤੀ ਕਿ ਦਸਮ ਗ੍ਰੰਥ ਦੀ ਜਿਹੜੀ ਬੀੜ ਹੈ ਇਸਨੂੰ ਬਰਾਬਰਤਾ ਨਹੀਂ ਦੇਣੀ ਚਾਹੀਦੀ—ਆਦਿ ਬਾਣੀ ਦੇ ਤੁੱਲ ਨਹੀਂ ਹੋਣੀ ਚਾਹੀਦੀ। ਉੱਥੇ-ਪਾਸ ਵੀ ਹੋ ਗਿਆ—ਅੰਮ੍ਰਿਤਸਰ ਕਮੇਟੀ ਵਿੱਚ ਕਿ ਇਸਦਾ ਨਾ ਕੋਈ ਅਖੰਡ ਪਾਠ ਕਰਾਵੇ, ਨਾ ਕੋਈ ਸਾਧਾਰਨ ਪਾਠ ਕਰਾਵੇ, ਨਾ ਕੋਈ ਸਪਤਾਹ ਪਾਠ ਕਰਾਵੇ—ਉਂਝ ਰੱਖ ਛੱਡੋ।

ਮੈਂ ਆਖਿਆ,''ਜੀ, ਰੱਖ ਤਾਂ ਵਾਰਿਸ ਸ਼ਾਹ ਦੀ ਹੀਰ ਵੀ ਲਈਦੀ ਹੈ।'' ਵੇਖਣ ਦੀ ਗੱਲ ਹੈ, ਮੇਰੀ ਇੱਕ ਮਹਾਂਪੁਰਖ ਲੀਡਰ ਨਾਲ ਗੱਲਬਾਤ ਹੋਈ, ਮੈਂ ਕਿਹਾ ਜੀ,''ਤੁਸੀਂ ਇਹ ਦੱਸੋ, ਤੁਸੀਂ ਇਹ ਗੱਲ ਕਹਿ ਦਿੱਤੀ ਕਿ ਦਸਮ ਪਾਤਸ਼ਾਹ ਦੀ ਬਾਣੀ ਨੂੰ, ਇਹਦਾ ਪਾਠ ਨਹੀਂ ਹੋਣਾ ਚਾਹੀਦਾ, ਤੁਸੀਂ ਇਹ ਦੱਸੋ, ਅਰਦਾਸ ਕਿਵੇਂ ਕਰਦੇ ਹੋ—ਜੋ ਚੰਡੀ ਦੀ ਵਾਰ ਦੀ ਪਹਿਲੀ ਪੌੜੀ ਹੈ, ਜਿਸ ਤੋਂ ਸਾਰੇ ਅਰਦਾਸ ਅਸੀਂ ਵੀ ਕਰਦੇ ਹਾਂ, ਉਹ ਵੀ ਕਰਦੇ ਹਨ, ਕੋਈ ਦਸ ਕਹਿਕੇ ਕਰਦਾ ਹੈ, ਕੋਈ ਬਾਰ੍ਹਾਂ ਕਹਿ ਕੇ ਕਰਦਾ ਹੈ, ਕੋਈ ਨਾਂ ਵੀ ਨਹੀਂ ਲੈਂਦਾ, ਕੋਈ ਪਹਿਲਾਂ ਕਹਿੰਦਾ ਵੀ ਨਹੀਂ ਪਾਤਸ਼ਾਹੀ।'' ਮੈਂ ਕਿਹਾ,''ਜੀ, ਚੰਡੀ ਦੀ ਵਾਰ ਨੂੰ ਤੁਸੀਂ ਕਿਸ ਤਰ੍ਹਾਂ ਮੰਨਦੇ

ਹੋ।'' ਗੋਸਵਾਮੀ ਗਣੇਸ਼ ਦੱਤ ਜੀ ਦੇ ਕੋਲ ਬੈਠੇ ਸੀ, ਇੱਕ ਦੋ ਹੋਰ ਵਿਦਵਾਨ ਬੈਠੇ ਸਨ, ਲਾਹੌਰ ਦੀ ਗੱਲ ਹੈ।

ਕਹਿਣ ਲੱਗੇ,''ਜੀ, ਪਹਿਲੀ ਪਉੜੀ ਜਿਹੜੀ ਹੈ ਚੰਡੀ ਦੀ ਵਾਰ ਦੀ, ਇਹਨੂੰ ਤਾਂ ਮੈਂ ਗੁਰਬਾਣੀ ਮੰਨਦਾ ਹਾਂ, ਦੂਸਰੀ ਨੂੰ ਨਹੀਂ ਮੰਨਦਾ।''

ਮੇਰਾ ਜਰਾ ਸੁਭਾਅ ਇਹੋ ਜਿਹਾ ਹੀ ਹੈ, ਮੌਜ ਨਾਲ ਹੀ—ਪ੍ਰੇਮ ਸੀ, ਜਾਣਦੇ ਸਾਂ ਆਪਸ ਵਿੱਚ ਮਿਲਦੇ ਗਿਲਦੇ ਸਾਂ—ਮੈਂ ਆਖਿਆ,''ਜੀ, ਜਿਹੜੀ ਅਗਲੀ ਪਉੜੀ ਵਿੱਚ ਲਿਖਿਆ–

**ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ।।**
**ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ।।**
**ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ।।**

*ਦਸਮ ਗ੍ਰੰਥ ਪੰਨਾ-੧੧੯*

–ਇਹਨੂੰ ਤੁਸੀਂ ਕੀ ਮੰਨਦੇ ਹੋ ?''

''ਜੀ, ਇਹਨੂੰ ਵੀ ਮੈਂ ਗੁਰਬਾਣੀ ਮੰਨਦਾ ਹਾਂ।''

ਦੋ ਪੌੜੀਆਂ ਨੂੰ ਮੰਨਦਾ ਹੈ ਪਚਵੰਜਾ ਵਿਚੋਂ ਤਰਵੰਜਾ ਨੂੰ ਨਹੀਂ ਮੰਨਦਾ —ਹੈਰਾਨ ਹੋਏ, ਉਂਝ ਆਖੇ,''ਉਚਾਰੀ ਹੋਈ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਪਰ ਮੈਂ ਇਹਨੂੰ ਗੁਰਬਾਣੀ ਨਹੀਂ ਮੰਨਦਾ।'' ਬੜਾ ਸਾਡਾ ਮਖੌਲ ਮੱਚਿਆ ਆਪਸ ਵਿੱਚ। ਕੁਝ ਸਾਡੀ ਸਮਝ ਵਿੱਚ ਗਲਤੀ ਹੈ, ਅਸੀਂ ਜਿਸ ਚੀਜ਼ ਨੂੰ ਨਹੀਂ ਸਮਝ ਸਕਦੇ, ਅਸੀਂ ਉਹਦੇ ਉੱਤੇ ਆਪਣੀ ਮੱਤ ਅਨੁਸਾਰ ਉਹਨੂੰ ਵਰਤਦੇ ਹਾਂ, ਸਾਡੀ ਇਹ ਗਲਤੀ ਹੈ।

ਤਾਂ ਰਾਮ ਔਰ ਸਯਾਮ ਦਸਮ ਪਾਤਸ਼ਾਹ ਦਾ ਤਖੱਲਸ ਹੈ।

## ਭਾਈ ਰਾਇ ਸਿੰਘ ਦੀ ਅਰਜ਼

ਭਾਈ ਰਾਇ ਸਿੰਘ ਕਹਿੰਦੇ ਹਨ,''ਮੈਂ ਗੁਰੂ ਸਾਹਿਬ ਦੇ ਉੱਥੇ ਚਲਿਆਂ ਹਾਂ, ਜਾ ਕੇ ਤੁਹਾਨੂੰ ਦੱਸਣਾ ਹੈ ਮੁੜ ਕੇ ਆ ਕੇ, ਉੱਥੋਂ ਦੀ ਮਰਯਾਦਾ ਕੌਣ ਸੱਚੇ ਪਾਤਸ਼ਾਹ ਤੁਹਾਨੂੰ ਦੱਸੇਗਾ।''

*ਮੋ ਆਵਤ ਕੋ ਥਾ ਇਮ ਗਾਇਓ।*

ਮੈਨੂੰ ਆਉਂਦੇ ਹੋਇਆਂ ਨੂੰ ਤੁਸਾਂ ਇਹ ਕਿਹਾ ਸੀ–

*ਲਿਆਓ ਖਬਰ ਸਿਤਾਬੀ ਆਇਓ।।੩੬।।*

ਖਬਰ ਲੈ ਕੇ ਛੇਤੀ ਆਈਂ। ਪਰ ਉਹ ਵਕਤ ਸੀ, ਜਦੋਂ ਚੌਦਾਂ ਸੌ ਮੀਲ ਚੱਲਣ ਵਾਸਤੇ ਪੈਦਲ, ਇਕੱਲਾ ਗੁਰੂ ਦਾ ਸਿੱਖ ਸਤਿਗੁਰਾਂ ਦਾ ਹੁਕਮ ਮੰਨ ਕੇ ਤੁਰ ਪਿਆ। ਰਸਤੇ ਵਿੱਚ ਰੇਲ ਨਹੀਂ, ਯੱਕਾ ਨਹੀਂ, ਕੋਈ ਵਾਕਫ ਨਹੀਂ।

*ਗੁਰ ਰਖਵਾਲੇ ਤੇਰੇ ਭਾਈ।*

ਸੱਚੇ ਪਾਤਸ਼ਾਹ ਤੁਸਾਂ ਹੁਕਮ ਦਿੱਤਾ ਸੀ ਕਿ ਤੇਰੀ ਗੁਰੂ ਰੱਖਿਆ ਕਰਨਗੇ।

*ਵਾਕ ਨ ਝੂਠ ਤੋਹਿ ਪ੍ਰਭ ਸਾਈ।*

ਸੱਚੇ ਪਾਤਸ਼ਾਹ ਤੇਰਾ ਬਚਨ ਕਦੇ ਝੂਠਾ ਨਹੀਂ ਹੁੰਦਾ।

*ਅਬ ਕਿਉਂ ਏਤੀ ਦੇਰ ਲਗਾਈ।*

ਕਿਉਂ ਇੰਨੀ ਦੇਰ ਲਗਾਈ ਹੈ। ਉਹ ਇੱਕ ਹੋਰ ਕਵੀ ਨੇ ਲਿਖਿਆ ਹੈ ਕਿ ਰੁਕਮਣੀ ਕਹਿੰਦੀ ਹੈ–

*ਹੁਣ ਬਾਂਹ ਪਕੜ ਲੈ ਮੇਰੀ,*
*ਜੈਸੇ ਗਊ ਸਿੰਘ ਨੇ ਘੇਰੀ*
*ਆਊ ਸ਼ਿਸ਼ਪਾਲ ਵਿਆਹ ਕੇ ਲੈ ਜਾਊ,*
*ਫਿਰ ਕੀ ਪਤਿ ਰਹਿ ਜਾਊ ਤੇਰੀ ?*

–ਤਾਂ ਸਿੱਖ ਕਹਿ ਰਿਹੈ ਕਿ ਛੇਤੀ ਮੇਰੀ ਖਬਰ ਲਉ।

*ਬਿਨ ਅਵਾਰ ਹੁਇ ਦਾਸ ਸਹਾਈ।।੩੭।।*

ਬਿਨਾਂ ਦੇਰ ਤੋਂ ਦਾਸ ਦੀ ਸਹਾਇਤਾ ਕਰੋ।

*ਦਾਸ ਅਪਨ ਕੇ ਸਦ ਤੁਮ ਰਾਖੇ।*

ਤੁਸੀਂ ਆਪਣੇ ਦਾਸਾਂ ਦੀ ਸਦਾ ਹੀ ਰੱਖਦੇ ਆਏ ਹੋ।

*ਆਦਿ ਜੁਗਾਦਿ ਬੇਦ ਇਮ ਭਾਖੇ।*

ਵੇਦ ਸ਼ਾਸਤਰ ਵਿਚ ਇਹੋ ਲਿਖਿਆ ਹੈ–

**ਹਰਿ ਜੁਗੁ ਜੁਗੁ ਭਗਤ ਉਪਾਇਆ।।**

–ਰੋਜ਼ ਰਾਗੀ ਪੜ੍ਹਦੇ ਨੇ–

**ਪੈਜ ਰਖਦਾ ਆਇਆ ਰਾਮ ਰਾਜੇ।।**

*ਗਜ ਪ੍ਰਹਿਲਾਦ ਸਧਨ ਸੇ ਆਦਿਕ*

ਫਿਰ ਕੀ ਕਹਿੰਦੇ ਹਨ, ਗਜ, ਪ੍ਰਹਿਲਾਦ, ਪਹਿਲਾਂ ਕੀਹਦੀ ਰੱਖਿਆ ਕੀਤੀ–ਹਾਥੀ ਦੀ ਰੱਖਿਆ ਕੀਤੀ। ਉਹ ਹਾਥੀ ਦਸ ਹਜ਼ਾਰ ਹਾਥੀ ਦਾ ਜਿਸ ਵਿੱਚ ਬਲ ਹੈ, ਜਿਸਨੂੰ ਬੜਾ ਮਾਣ ਹੈ ਆਪਣਾ। ਜ਼ਰਾ ਕੁ ਹੰਕਾਰ ਹੋ ਗਿਆ––ਇੱਥੇ ਭਾਈ ਸਤਿਗੁਰੂ ਦਾ ਘਰ ਐਸਾ ਹੈ, ਜਿੱਥੇ ਨੀਵਾਂ ਸਿਰ ਕਰਕੇ ਚਲੋ।

**ਫਰੀਦਾ ਥੀਉ[੨੭] ਪਵਾਹੀ[੨੮] ਦਭੁ।।**
**ਜੇ ਸਾਂਈ ਲੋੜਹਿ ਸਭੁ[੨੯]।।**
**ਇਕ ਛਿਜਹਿ[੩੦] ਬਿਆ[੩੧] ਲਤਾੜੀਅਹਿ।**
**ਤਾਂ ਸਾਈ[੩੨] ਦੈ ਦਰਿ ਵਾੜੀਅਹਿ[੩੩]।।**

*–ਪੰਨਾ ੧੩੭੮*

ਕਬੀਰ ਜੀ ਪਹਿਲੇ ਕਹਿੰਦੇ ਹਨ–

**ਕਬੀਰ ਰੋੜਾ ਹੋਇ ਰਹੁ ਬਾਟ[੩੪] ਕਾ**
**ਤਜਿ ਮਨ ਕਾ ਅਭਿਮਾਨ।।**
**ਐਸਾ ਕੋਈ ਦਾਸੁ ਹੋਇ**
**ਤਾਹਿ ਮਿਲੈ ਭਗਵਾਨੁ।।**

ਫਿਰ ਕਹਿੰਦੇ ਨੇ,''ਨਹੀਂ।''

**ਕਬੀਰ ਰੋੜਾ ਹੂਆ ਤ ਕਿਆ ਭਇਆ**
**ਪੰਥੀ[੩੫] ਕਉ ਦੁਖੁ ਦੇਇ।।**
**ਐਸਾ ਤੇਰਾ ਦਾਸੁ ਹੈ**
**ਜਿਉ ਧਰਨੀ[੩੬] ਮਹਿ ਖੇਹ[੩੭]।।**

ਫਿਰ ਕਹਿੰਦੇ ਹਨ–

**ਕਬੀਰ ਖੇਹ ਹੂਈ ਤਉ ਕਿਆ ਭਇਆ**
**ਜਉ ਉਡਿ ਲਾਗੈ ਅੰਗ।**
**ਹਰਿ ਜਨੁ ਐਸਾ ਚਾਹੀਐ**

**ਜਿਉ ਪਾਨੀ ਸਰਬੰਗ[38]।।**

ਫਿਰ ਕਹਿੰਦੇ ਨੇ–

**ਕਬੀਰ ਪਾਨੀ ਹੂਆ ਤ ਕਿਆ ਭਇਆ**
**ਸੀਰਾ[39] ਤਾਤਾ[40] ਹੋਇ।।**
**ਹਰਿ ਜਨੁ ਐਸਾ ਚਾਹੀਐ**
**ਜੈਸਾ ਹਰਿ ਹੀ ਹੋਇ ।।**

*-ਪੰਨਾ ੧੩੭੨*

ਹੁਣ ਹਰਿ ਜੈਸਾ ਕਿਸ ਤਰ੍ਹਾਂ ਹੋਵੇ ? ਕਈ ਹਰਿ ਨੂੰ ਮੰਨਦੇ ਹੀ ਨਹੀਂ —ਨਾਸਤਕ, ਉਹਨਾਂ ਨੂੰ ਵੀ ਦਿੰਦਾ ਹੈ। ਕਈ ਉਹਨੂੰ ਗਾਲ੍ਹਾਂ ਕੱਢਦੇ ਹਨ, ਉਹਨਾਂ ਨੂੰ ਵੀ ਦਿੰਦਾ ਹੈ। ਮੈਂ ਉਦੋਂ ਅਰਜ਼ ਕੀਤੀ ਸੀ ਕਿ ਕ੍ਰਿਸ਼ਨ ਮਹਾਰਾਜ ਦੇ ਬੱਧਕ ਨੇ ਤੀਰ ਮਾਰਿਆ, ਉਨ੍ਹਾਂ ਨੇ ਆਏ ਨੂੰ ਗਲ ਨਾਲ ਜੱਫੀ ਪਾ ਲਈ ਕਿ ਤੇਰਾ ਕੋਈ ਕਸੂਰ ਨਹੀਂ–

*ਭਲੇ ਭਲੇ ਕਰ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।*

*-ਭਾਈ ਗੁਰਦਾਸ ਜੀ, ਵਾਰ ੧੦-੨੩*

ਹਰਿ ਜੈਸਾ ਤਾਂ ਹੀ ਹੋਵੇ ਨਾ–

*ਬੁਰੇ ਨਾਲ ਸਭ ਕਰਨ ਬੁਰਾਈ, ਮਾਫ ਕਰਨ ਕਈ ਸਿਆਣੇ,*
*ਬੁਰੇ ਨਾਲ ਜੋ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ।*

ਗੁਰੂ ਨਾਨਕ ਦੇ ਸਿੱਖ ਅਸੀਂ ਸਦਾਈਏ ਤੇ ਫਿਰ ਅਸੀਂ ਕਰੀਏ ਬੁਰਿਆਈ ! ਭਾਈ ਉੱਥੇ ਤੇ ਬੁਰੇ ਨਾਲ ਨੇਕੀ ਕਰਨੀ ਹੈ। ਲਿਖਿਆ ਹੈ ਕਿ ਬੁਰੇ ਦਾ ਭਲਾ ਕਰਿ, ਫਰੀਦ ਜੀ ਕਹਿੰਦੇ ਹਨ–

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।।**

*-ਪੰਨਾ ੧੩੮੧*

ਪਰ ਕੀ ਕਰੀਏ ਭਲੇ ਦਾ ਬੁਰਾ ਤਾਂ ਬੇਸ਼ਕ ਅਸੀਂ ਹੁਣ ਕਰ ਸਕੀਏ, ਬੁਰੇ ਦਾ ਭਲਾ ਹੋਣਾ ਬੜਾ ਮੁਸ਼ਕਲ ਹੈ। ਜਿਸਦੇ ਅੰਦਰ ਹੱਥ ਰੱਖੇ, ਜਿੱਥੇ ਉਹ ਆਪ ਨਿਵਾਸ ਕਰੇ, ਉਹ ਭਾਵੇਂ ਕੋਈ ਕੁਛ ਕਰੇ। ਕੋਈ–

ਕੋਈ ਬਚਨ ਕਿਸੇ ਵੇਲੇ ਹੋ ਜਾਣਾ ਤਾਂ ਮਾਤਾ (ਜੀਊਣ ਕੌਰ) ਜੀ ਨੇ ਆਖਣਾ,''ਭਾਈ ਨਾ, ਤੇਰਾ ਇਹ ਕੰਮ ਨਹੀਂ, ਭਾਵੇਂ ਇਹ ਕੁਝ ਕਰਦੈ ਤੂੰ ਇਹ ਗੱਲ ਨਾ ਕਰ।''

ਇਕ ਸਿੱਖ ਦਾ ਮਾਮਲਾ ਸੀ—ਬੜਾ ਤਕੜਾ। ਉਹ ਸ਼ਾਦੀ ਜਿਹੜੀ ਕਰਨ ਲੱਗਾ, ਉਹਦਾ ਬੜਾ ਤਕੜਾ ਘਰ ਸੀ। ਮੈਂ ਆਖਿਆ ਕਿ ਤੂੰ ਨਾਮਧਾਰੀ ਕਿਸੇ ਦੇ ਘਰ ਸ਼ਾਦੀ ਕਰ। ਉਹਨੇ ਦੂਸਰੇ ਪਾਸੇ ਸ਼ਾਦੀ ਅਰੰਭ ਲਈ ਔਰ ਜਿੱਥੇ ਲੜਕੀ ਦਿੱਤੀ ਉਹ ਲੜਕਾ ਮਾਸ ਖਾਂਦਾ ਸੀ, ਦੋਵੇਂ ਵਿਆਹ ਇਕੱਠੇ ਰੱਖ ਲਏ ਦੋ ਚਾਰ ਦਿਨ ਦੇ ਫਰਕ ਵਿੱਚ। ਮੈਂ ਆਖਿਆ,''ਮੈਂ ਹੁਣ ਇਹਦੇ ਨਾਲ ਵਰਤਾਂਗਾ ਜਿਵੇਂ ਵਰਤੀਦਾ ਹੈ।''

ਮਾਈ (ਮਾਤਾ ਜੀਵਨ ਕੌਰ) ਜੀ ਨੇ ਮੈਨੂੰ ਆਖਿਆ, ਹੋਰ ਦੋ ਚਾਰ ਆਦਮੀ ਆਏ, ਸੰਤ ਆਲਾ ਸਿੰਘ ਹੁਰਾਂ ਨਾਲ ਮੇਰਾ ਬੜਾ ਪਿਆਰ ਹੈ, ਉਹ ਬੜੇ ਮਹਾਂਪੁਰਖ ਨੇ ਐਸ ਵੇਲੇ। ਸਾਡੇ ਦੋ ਤਿੰਨ ਸਰੀਰ ਹੀ ਐਸੇ ਹਨ, ਜਿਨ੍ਹਾਂ ਨੂੰ ਅਸੀਂ ਸੰਤ ਕਹੀਏ, ਜਿਹੜੇ ਸਾਡੀ ਸਮਝ ਵਿੱਚ ਆਏ, ਹੋਣਗੇ ਹੋਰ ਵੀ ਕਈ। ਇਹ ਗੁਰੂ ਕਾ ਘਰ ਐਸਾ ਹੈ, ਕਈ ਐਸੇ ਗੁਪਤ ਹਨ—ਮੀਰਾ ਬਾਈ ਯਾ ਕਰਮਾ ਬਾਈ ਕਹਿੰਦੀ ਹੁੰਦੀ ਸੀ 'ਗਿਰਧਰ' ਦਾ ਨਾਂ ਲੈਂਦੀ ਸੀ। ਉਹਦਾ ਪਤੀ ਗੁਪਤ ਭਗਤ ਸੀ, ਕਿਤੇ ਸੁੱਤੇ ਪਏ ਦੇ ਮੂੰਹੋਂ ਰਾਮ ਦਾ ਨਾਮ ਨਿਕਲਿਆ। ਉਹਨੇ ਸਵੇਰੇ ਕੜਾਹੀਆਂ ਚੜ੍ਹਾ ਦਿੱਤੀਆਂ।

''ਇਹ ਕੀ ਹੋਇਆ ?''

ਕਹਿੰਦੀ ਜੀ,''ਤੁਹਾਡੇ ਮੂੰਹੋਂ ਰਾਤ ਰਾਮ ਦਾ ਨਾਂ ਨਿਕਲਿਆ।''

''ਅੱਛਾ, ਰਾਮ ਦਾ ਨਾਮ ਨਿਕਲ ਗਿਆ,'' ਉੱਥੇ ਹੀ ਪ੍ਰਾਣ ਛੱਡ ਦਿੱਤੇ।

ਕਈ ਇਹੋ ਜਿਹੇ ਹੈਗੇ ਨੇ ਜਿਨ੍ਹਾਂ ਨੂੰ ਕੋਈ ਸਮਝ ਹੀ ਨਹੀਂ ਸਕਦਾ।

ਸੰਤ ਆਲਾ ਸਿੰਘ ਜੀ ਨੂੰ ਆਖਿਆ—ਮਾਈ ਜੀ ਨੇ, ਮੈਨੂੰ ਸੰਤਾਂ ਨੇ ਮਜਬੂਰ ਕੀਤਾ ਬਈ ਉੱਥੇ ਚਲਣਾ ਹੈ, ਕੋਈ ਗੱਲ ਨਹੀਂ ਕਰਨੀ। ਉਹਨਾਂ ਦਾ ਇਹ ਮਤਲਬ ਸੀ ਬਈ ਕਿਵੇਂ ਉਹ ਬਚ ਜਾਏ। ਕਿਸੇ ਦੀ ਵੀ ਗੱਲ

ਹੋ ਜਾਏ, ਭਾਵੇਂ ਕੁਝ ਹੋਵੇ, ਇੱਕ ਵੇਰ ਗੁਰਦਵਾਰੇ ਭੈਣੀ ਸਾਹਿਬ, ਸੁਖੱਈ ਸਿੰਘ ਸਨ—ਸਾਡੇ ਰਹਿੰਦੇ—ਇੱਕ ਦੋ। ਮਾਤਾ (ਜੀਵਨ ਕੌਰ) ਜੀ ਨੂੰ ਉਹਨਾਂ ਨੇ ਕੁਛ ਬਚਨ ਬਿਲਾਸ ਵੱਧ-ਘੱਟ ਕਹੇ। ਇੱਕ ਬਾਬਾ ਨਰੈਣ ਸਿੰਘ ਜੀ ਉੱਥੇ ਸਨ, ਜਿਨ੍ਹਾਂ ਨੇ ਸਤਿਗੁਰਾਂ ਦਾ ਦਰਸ਼ਨ ਤਿੰਨ ਵੇਰ ਰੰਗੂਨ ਆ ਕੇ ਕੀਤਾ, ਮਰਗੋਈ ਵੀ ਆਖੀਰ ਦੇ ਵਕਤ ਉਹਨਾਂ ਨੇ ਦਰਸ਼ਨ ਆ ਕੇ ਕੀਤਾ ਜਿਸ ਤੋਂ ਬਾਅਦ ਫੇਰ ਸਿੰਘਾਂ ਨੂੰ ਇੱਥੇ ਦਰਸ਼ਨ ਨਹੀਂ ਕਿਸੇ ਨੂੰ ਹੋਇਆ। ਉਹ ਮਾਤਾ ਜੀ ਨਾਲ ਆਪਣੇ ਕੁਝ ਹੱਡ ਚੰਮ ਦੇ ਹਿਸਾਬ ਨਾਲ—ਉਹ ਗਿਲ ਸਨ, ਮਾਤਾ ਜੀ ਦੇ ਨਾਨਕੇ ਗਿੱਲ ਸਨ, ਉਹ ਇਸ ਗੱਲ ਦਾ ਕੁਛ ਪਿਆਰ ਵੀ ਕਰਦੇ ਸੀ। ਉਹਨਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਜਾ ਕੇ ਆਖਿਆ ਕਿ ਮਹਾਰਾਜ ਉਨ੍ਹਾਂ ਸੁਖੱਈਆਂ ਨੇ ਮਾਈ ਜੀ ਨੂੰ ਗਾਲ੍ਹਾਂ ਕੱਢੀਆਂ ਹਨ। ਉਹਨਾਂ ਸਿੱਖਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਮਹਾਰਾਜ ਮਾਈ ਜੀ ਨੂੰ ਸੱਦ ਕੇ ਕਹਿੰਦੇ ਹਨ,''ਜਿਊਣ ਕੌਰੇ, ਉਨ੍ਹਾਂ ਨੂੰ ਰਸਦ ਨਹੀਂ ਦੇਣੀ, ਸੁਖੱਈਆ ਨੂੰ।''

ਕਹਿਣ ਲੱਗੇ,''ਕੀ ਗੱਲ ਜੀ !''

ਅਖੇ,''ਆਹ ਗੱਲ।''

''ਨਹੀਂ ਮਹਾਰਾਜ, ਇਨ੍ਹਾਂ ਨੂੰ ਪਤਾ ਨਹੀਂ—ਨਰੈਣ ਸਿੰਘ ਹੁਰਾਂ ਨੂੰ ਲੱਗਿਆ, ਉਹ ਤਾਂ ਹੋਰ ਆਦਮੀ ਆਏ ਸਨ, ਜਿਹੜੇ ਉੱਥੋਂ ਦੀ ਲੰਘਦੇ ਸੀ, ਉਹਨਾਂ ਨੂੰ ਗਾਲ੍ਹਾਂ ਕੱਢਦੇ ਸੀ।''

'ਬੁਰੇ ਨਾਲ ਜੋ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ'—ਇਹ ਚੀਜ਼ ਬੜੀ ਵੱਡੀ ਹੈ ਪਰ ਜਿਹਦੇ ਉੱਤੇ ਕਿਰਪਾ ਕਰ ਦੇਵੇ ਤਾਂ ਹੋ ਸਕਦੀ ਹੈ, ਹਰ ਇੱਕ ਆਦਮੀ ਨਹੀਂ ਕਰ ਸਕਦਾ।

*ਤੁਧੁ ਬਿਨ ਕੋ ਹੈ ਇਸ ਜਾ ਮੇਰਾ।*

ਮੇਰਾ ਕੌਣ ਹੈ ਇੱਥੇ ਤੇਰੇ ਬਿਨਾਂ–

**ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ।।**

*–ਮ:੨, ਪੰਨਾ–੭੯੧*

*ਭਾਈ ਭੈਣ ਨ ਸੁਤ ਹਿਤੁ ਮੇਰਾ।*

ਨਾ ਮੇਰਾ ਭਰਾ, ਨਾ ਮੇਰੀ ਕੋਈ ਭੈਣ, ਨਾ ਮੇਰਾ ਪੁੱਤਰ, ਨਾ ਮੇਰਾ ਕੋਈ ਹਿਤੂ, ਇੱਥੇ ਮੇਰੇ ਕੋਈ ਨੇੜੇ ਨਹੀਂ ਹੈ।

*ਦੇਸ ਬਿਦੇਸੇ ਜੰਗਲ ਬੀਚ।*

ਦੇਸ ਵੀ ਬੇ-ਦੇਸ ਹੈ, ਦੂਸਰਾ ਦੇਸ ਹੈ। ਫਿਰ ਕਿੱਥੇ ਹੈ—ਕੋਈ ਪਿੰਡ ਨਹੀਂ—ਜੰਗਲ ਹੈ, ਜੰਗਲ ਦੇ ਵਿੱਚ ਫਿਰ ਰਾਤ ਹੈ, ਫਿਰ ਰਾਤ ਨੂੰ ਪਾਸ ਸ਼ੇਰ ਹੈ।

*ਮਾਰਿਓ ਪ੍ਰਭੂ ਸਿੰਘ ਕਰਿ ਮੀਚ।।੩੯।।*

ਮਹਾਰਾਜ ! ਸਿੰਘ ਨੂੰ ਸ਼ੇਰ ਮਾਰ ਦੇਵੇਗਾ ਜਾਂ ਸਿੰਘ ਮੈਨੂੰ ਮਾਰ ਦੇਵੇਗਾ।

*ਦੌੜਤ ਕੋ ਇਹ ਜਾਨ ਨ ਦੈਹੈ।*

ਦੌੜਿਆਂ ਹੋਇਆਂ ਨੂੰ ਵੀ ਇਹਨੇ ਜਾਣ ਨਹੀਂ ਦੇਣਾ।

*ਬੈਠੋ ਕੋ ਤਿਸ ਨਰ ਸਮ ਖੈਹੈ।*

ਜੇ ਬੈਠਾ ਰਿਹਾ ਤਾਂ ਉਸ ਆਦਮੀ ਦੀ ਤਰ੍ਹਾਂ ਖਾ ਜਾਏਗਾ।

*ਆਫਤ ਭਾਰੀ ਸ਼ੇਰ ਭਯਾਨਕ।*

ਬੜੀ ਆਫਤ ਹੈ ਭਾਰੀ, ਬੜਾ ਭੈ ਦੇ ਦੇਣ ਵਾਲਾ ਸ਼ੇਰ ਹੈ।

*ਮੋਕੋ ਭੀ ਖਏ ਊਠ ਅਚਾਨਕ।।੪੦।।*

ਮੈਨੂੰ ਵੀ ਅਚਾਨਕ ਹੀ ਇਹਨੇ ਉਠ ਕੇ ਹੁਣ ਖਾ ਲੈਣੈ, ਮੇਰੀ ਕੋਈ ਹੁਣ ਵਾਹ ਨਹੀਂ।

*ਬਾਰ ਬਾਰ ਬਾਣੀ ਇਮ ਭਾਖੇ।*

ਬਾਰ-ਬਾਰ ਬਾਣੀ ਵਿੱਚ ਇਹ ਲਿਖਿਆ ਹੈ।

*ਲੋਕ ਪ੍ਰਲੋਕ ਸਿਰੀ ਗੁਰ ਰਾਖੇ।*

ਸਤਿਗੁਰ ਦੋਹਾਂ ਲੋਕਾਂ ਵਿੱਚ ਰਾਖੀ ਕਰਦੇ ਹਨ, ਏਥੇ ਵੀ ਤੇ ਉੱਥੇ ਪ੍ਰਲੋਕ ਵਿੱਚ ਵੀ।

*ਤਾਂਤੇ ਬਾਣੀ ਬਿਰਦ ਬਿਚਾਰੋ।*

ਆਪਣੀ ਬਾਣੀ ਦਾ ਬਿਰਦ ਬਿਚਾਰੋ—ਤੁਹਾਡਾ ਕੰਮ ਹੈ। ਰਵਿਦਾਸ ਜੀ ਕਹਿੰਦੇ ਹਨ-

**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ।।**

*-ਪੰਨਾ ੩੮੫*

*ਲੱਜਾ ਰਾਖੋ ਦੀਨ ਦੁਖਿਆਰੋ।।੪੧।।*

ਮੈਂ ਬੜਾ ਦੀਨ ਹਾਂ, ਦੁਖੀ ਹਾਂ, ਮੇਰੀ ਕਿਰਪਾ ਕਰਕੇ ਲੱਜਾ ਰੱਖੋ।

*ਯੌਂ ਆਜਿਜ਼ ਰਾ ਸਿੰਘ ਨਿਮਾਣਾ।*

ਇਸ ਤਰ੍ਹਾਂ ਗਰੀਬ ਹੋਇਆ ਰਾਇ ਸਿੰਘ, ਕੋਈ ਮਾਣ ਨਾ ਰਿਹਾ ਜਿਸ ਵਕਤ-

*ਗੁਰ ਮੂਰਤਿ ਸੰਗ ਉਰ ਧਰ ਭਾਣਾ।*

ਗੁਰੂ ਦੀ ਮੂਰਤ ਹਿਰਦੇ ਵਿੱਚ ਧਾਰੀ ਅਰ ਭਾਣੇ ਵੱਲ ਧਿਆਨ ਦਿੱਤਾ।

*ਗੁਰੂ ਰਾਮ ਸਿੰਘ ਨਿਜ ਨਗਰੀ ਸੋ।*

ਸਤਿਗੁਰੂ ਰਾਮ ਸਿੰਘ ਜੀ ਨੇ—ਬੈਠਿਆਂ ਹੋਇਆਂ ਭੈਣੀ ਸਾਹਿਬ ਵਿੱਚ —ਉਹ ਢਾਡੀ ਕਦੇ-ਕਦੇ ਕਹਿੰਦੇ ਹੁੰਦੇ ਸੀ—ਹੁਣ ਤੇ ਕੁਦਰਤ ਸਾਡੇ ਕੋਲ ਚੀਜ਼ ਹੀ ਨਾ ਰਹੀ ਜਿੰਨਾਂ ਨਾਲ ਬੀਰ ਰਸ ਸਿੱਖਾਂ ਵਿੱਚ ਆਉਂਦਾ ਸੀ —ਜਿਹੜੇ ਰਬਾਬ ਨਾਲ ਤੇ ਢੱਡ ਨਾਲ ਵਾਰ ਲਾਉਂਦੇ ਸਨ, ਆਹ ਸਾਰੰਗੀ ਵਾਲੇ ਨਹੀਂ ਸਨ ਉਦੋਂ ਹੁੰਦੇ, ਜਿੱਥੇ ਆ ਕੇ ਰਾਗ ਦਾ ਵੀ ਜਨਾਜ਼ਾ ਪੜ੍ਹਿਆ ਗਿਆ, ਸਾਡੇ ਸਿੱਖਾਂ ਵਿੱਚ ਕੋਈ ਰਾਗ ਗਾਉਣ ਵਾਲਾ ਹੀ ਨਾ ਰਹਿ ਗਿਆ, ਪਤਾ ਹੀ ਨਾ ਰਿਹਾ ਕਿ ਰਾਗ ਕੀ ਚੀਜ਼ ਹੈ ਤੇ ਉਹਨਾਂ ਦੇ ਢਾਡੀ ਉਸ ਵੇਲੇ ਪੜ੍ਹਦੇ ਹੁੰਦੇ ਸਨ ਕਿ-

*ਜਿੱਥੇ ਖੰਡੇ ਲਸ ਲਸ ਸਾਂਗਾ ਦੀ ਹੋਵੇ ਬਹੀਰ,*
*ਸਤਿਗੁਰ ਉੱਥੇ ਚਾਹੀਦੈ ਜਿੱਥੇ ਔਖੀ ਬਣਦੀ ਭੀੜ।*

-ਸਤਿਗੁਰੂ ਜੀ ਆਪਣੀ ਨਗਰੀ ਵਿੱਚ, ਭੈਣੀ ਸਾਹਿਬ ਬੈਠਿਆਂ—ਉਹ ਢਾਡੀ ਕਹਿੰਦੇ ਸੀ ਸੱਚੇ ਪਾਤਸ਼ਾਹ ਕੋਹ ਦੇ ਤੁਰੇ ਨੂੰ ਕੋਹ ਦੀ ਖ਼ਬਰ, ਦੋ ਕੋਹਾਂ ਦੇ ਨੂੰ ਦੋ ਕੋਹਾਂ ਦੀ ਖ਼ਬਰ, ਤੈਨੂੰ ਸਮੁੰਦਰਾਂ ਤੇ ਕੰਧਾਰਾਂ ਦੀ ਸਭ ਜਗ੍ਹਾ ਦੀ ਖ਼ਬਰ ਹੈ-

*ਸੁਣੀ ਅਰਜ ਸਿੱਖ ਕੀ ਸਗਰੀ ਸੋ।।੪੨।।*

ਸਾਰੀ ਅਰਜ਼ ਸਿੱਖ ਦੀ ਸੁਣੀ ਕਿਉਂਕਿ, ਸੋ ਪ੍ਰਭੂ ਨੇਰੈ ਹੂ ਤੇ ਨੇਰੈ।

*ਚੀਨੀ ਕੀ ਕੀਨੀ ਅਸਵਾਰੀ।*

ਉਹ ਜਿਹੜੀ ਘੋੜੀ ਪਿਆਰੀ ਸੀ, ਜਿਹਦੇ ਨਾਲ ਸਾਡੇ ਨਾਮਧਾਰੀਆਂ ਵਿੱਚ ਚੀਨੀ ਵਾਲਾ ਕਰਕੇ ਸਾਰੇ ਯਾਦ ਕਰਦੇ ਸਨ, ਉਹ ਚੀਨੀ ਘੋੜੀ ਦੀ ਕੀਤੀ ਅਸਵਾਰੀ।

*ਮੂਰਤਿ ਜੇ ਸਭ ਸਿੰਘਨ ਪਿਆਰੀ।*

ਉਹ ਜਿਹੜੀ ਸਿੰਘਾਂ ਨੂੰ ਪਿਆਰੀ ਮੂਰਤ ਹੈ। ਸੰਤ ਲਾਲ ਸਿੰਘ ਜੀ ਕਦੇ-ਕਦੇ ਮੌਜ ਵਿੱਚ ਆ ਕੇ ਕਹਿੰਦੇ—ਜਦੋਂ ਸਿੱਖ ਹੋ ਗਿਆ ਫਿਰ ਸੜੇ ਸਾਕ। ਸਾਕ ਵਿੱਚ ਸੜ ਗਏ, ਇੱਕੋ ਸਾਕ ਸਿੱਖੀ ਦਾ ਰਹਿ ਗਿਆ, ਹੋਰ ਕੁਝ ਨਹੀਂ ਰਹਿ ਗਿਆ। ਜਿਹੜੀ ਸਿੰਘਾਂ ਨੂੰ ਪਿਆਰੀ ਮੂਰਤ ਸੀ।

*ਦਾਸ ਅਪਨੇ ਕੀ ਪੀਰ ਨਾ ਦੇਖੈ।।*

ਆਪਣੇ ਦਾਸ ਦੀ ਪੀੜ ਨਹੀਂ ਸਹਿ ਸਕਦੇ।

*ਐਨ ਸਿਦਕ ਪਰ ਤਾਹਿ ਪਰੇਖੈ।।੪੩।।*

ਪਰ ਸਿਦਕ ਵੀ ਦੇਖਦੇ ਹਨ ਕਿ ਇਹਦਾ ਸਿਦਕ ਵੀ ਹੈ ਕਿ ਨਹੀਂ।

*ਸੰਕਟ ਸਿੰਘਨ ਕੋ ਸਹਿ ਨਾਹੀ।।*

ਪਰ ਦੁੱਖ ਨਹੀਂ ਝੱਲ ਸਕਦੇ ਸੇਵਕ ਦਾ।

**ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ।।**

*-ਮ:੫, ਪੰਨਾ-੫੨੪*

ਕ੍ਰਿਸ਼ਨ ਮਹਾਰਾਜ ਨੇ ਕਿਹਾ ਹੈ-

*ਹਮ ਭਗਤਨ ਕੇ ਭਗਤ ਹਮਾਰੇ,*
*ਸੁਣ ਅਰਜਨ ਪ੍ਰਤਿੱਗਿਆ ਮੇਰੀ ਜਿਹ ਬ੍ਰਤ ਟਰਤ ਨ ਟਾਰੇ,*
*ਭਗਤ ਕਾਜ, ਲਾਜ ਹੀਏ ਧਰ, ਪੈਰ ਪਿਆਦਾ ਧਾਊ,*
*ਜਹਿ ਜਹਿ ਭੀੜ ਬਣੇ ਭਗਤਨ ਕੋ ਤਹਾਂ ਤਹਾਂ ਉਠ ਧਾਊ।*
*ਜੋ ਭਗਤਨ ਸੋ ਵੈਰ ਕਰਤ ਹੈ ਸੋ ਵੈਰੀ ਨਿਜ ਮੇਰੇ।*
*ਭਗਤ ਹੇਤ ਸੁਨਹੁ ਹੇ ਪਾਰਥ ਮੈ ਰਥ ਹਾਕੰਤ ਹੂੰ ਤੇਰੇ।*
*ਹੋਇ ਸਹਾਇਕ ਨਿਜ ਬਲ ਬਾਹੀ।*

ਉੱਥੇ ਇਹ ਆਪਣੇ ਬਲ ਨਾਲ ਉਹਨਾਂ ਦੀ ਸਹਾਇਤਾ ਕਰਦੇ ਹਨ

—ਸਤਿਗੁਰੂ।

*ਦੇਖੋ ਧਰਮ ਖਾਲਸੇ ਹੇਤ।*

'ਵੇਖੋ', ਕਹਿੰਦੇ ਹਨ ਕਾਹਦੇ ਵਾਸਤੇ—ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ—ਖਾਲਸੇ ਧਰਮ ਦੇ ਵਾਸਤੇ।

*ਟਾਪੂ ਗਏ ਤਿਆਗ ਨਿਕੇਤ।।੪੪।।*

ਘਰ ਛੱਡਕੇ ਕਾਹਦੇ ਵਾਸਤੇ ਗਏ—ਧਰਮ ਵਾਸਤੇ ਗਏ, ਗਊ ਦੀ ਰੱਖਿਆ ਕਰਨ ਵਾਸਤੇ।

## ਅੰਮ੍ਰਿਤਸਰ ਦੇ ਸ਼ਹੀਦ

ਅੰਮ੍ਰਿਤਸਰ ਦੇ ਵਿੱਚ ਪਹਿਲਾਂ ਲਿਖ ਕੇ ਅੰਗਰੇਜ਼ਾਂ ਨੇ ਲਾਇਆ ਸੀ ਤਾਂਬੇ ਦੇ ਪਟੇ ਉੱਤੇ ਕਿ ਇੱਥੇ ਕੋਈ ਗਊ ਬੱਧ ਨਹੀਂ ਹੋ ਸਕਦਾ। ਛਤਾਲੀ (ਸੰਨ ੧੮੪੬) ਵਿੱਚ ਇਹ ਲਿਖਿਆ ਔਰ ਸ਼ਾਇਦ ਉਨੰਜਾ (ਸੰਨ ੧੮੪੯) ਵਿੱਚ ਇਹ ਫਿਰ ਲਿਖ ਦਿੱਤਾ ਕਿ ਹਰ ਇੱਕ ਆਦਮੀ ਨੂੰ ਹੱਕ ਹੈ, ਆਪੋ ਆਪਣੇ ਧਰਮ ਵਿੱਚ ਰਹਿਣ ਦਾ। ਹਿੰਦੂ ਲੋਕ ਬੜੇ ਤੰਗ ਆਏ ਔਰ ਹਿੰਦੂਆਂ ਨੇ ਤੰਗ ਹੋ ਕੇ ਅਰਜ਼ੀਆਂ ਦਿੱਤੀਆਂ, ਕਈ ਲੜਾਈਆਂ ਵੀ ਹੋਈਆਂ। ਅਖੀਰ ਨੂੰ ਕਮਿਸ਼ਨਰ ਨੇ ਆ ਕੇ ਕਿਹਾ, ਅਗਰ ਕੋਈ ਐਸੀ ਗੱਲ ਕਰੇਗਾ ਤੇ ਗੌਰਮਿੰਟ ਨਹੀਂ ਇਹ ਜਰ ਸਕਦੀ।

ਸਿੰਘਾਂ ਨੇ ਨਾਮਧਾਰੀਆਂ ਨੇ ਕਿਆ ਦੇਖਿਆ ? ਜਿੱਥੇ ਘੰਟਾ ਘਰ ਸੀ–ਹੁਣ ਢਾਹ ਦਿੱਤਾ ਹੈ, ਘੰਟੇ ਘਰ ਵਾਲੀ ਜਗ੍ਹਾ ਦੇ ਚੜ੍ਹਦੇ ਪਾਸੇ ਇੱਥੇ ਬੁੱਚੜਖਾਨਾ ਬਣਾਇਆ ਗਿਆ। ਕਹਿੰਦੇ ਭਾਵੇਂ ਹੁਣ ਕੁਝ ਹਨ, ਮੈਨੂੰ ਉਹਨਾਂ ਆਦਮੀਆਂ ਦੇ ਦਰਸ਼ਨ ਹੋਏ ਹਨ ਜਿੰਨ੍ਹਾਂ ਨੇ ਆਪਣੀ ਅੱਖੀਂ ਉਹ ਜਗ੍ਹਾ ਵੇਖੀ, ਹੁਣ ਹੀ ਉਹਨਾਂ ਦਾ ਸਰੀਰ ਚਲਿਆ—ਕੋਈ ਛੇ ਸਾਲ ਜਾਂ ਸੱਤ ਸਾਲ ਹੋਏ ਹੋਣਗੇ, ਸੁਆਮੀ ਜੀ ਕਰਕੇ ਅਸੀਂ ਕਹਿੰਦੇ ਸਾਂ—ਤਖ਼ਤ ਸਿੰਘ ਜੀ ਉਨ੍ਹਾਂ ਦਾ ਨਾਂ ਸੀ। ਬੜੇ ਮਹਾਪੁਰਖ ਥੇ, ਨੱਬੇ ਸਾਲ ਦੀ ਉਮਰ ਤੱਕ, ਇੱਕ ਵਜੇ ਤੜਕੇ ਉਠਣਾ, ਦੋ ਵਜੇ ਪੂਰੇ ਇਸ਼ਨਾਨ ਕਰਨਾ, ਦਿਨੇ ਇੱਕ ਵਜੇ ਜੰਗਲ ਜਾਣਾ, ਦੋ ਵਜੇ ਫਿਰ ਦਿਨੇ ਇਸ਼ਨਾਨ ਕਰਨਾ, ਫਿਰ ਬੈਠਦੇ

ਨਹੀਂ ਸੀ ਕਦੇ ਜੋ ਨੀਂਦ ਆ ਜਾਏ, ਖੜੇ ਰਹਿਣਾ, ਔਰ ਭਜਨ ਕਰਦੇ ਰਹਿਣਾ। ਉਨ੍ਹਾਂ ਨੇ ਦੱਸਿਆ ਕਿ ਉੱਥੇ ਬੁਚੜਖਾਨਾ ਬਣਿਆ।

ਸਿੰਘ ਨਾਮਧਾਰੀ ਆਏ ਇਸ਼ਨਾਨ ਕਰਨ ਦਰਬਾਰ ਸਾਹਿਬ। ਕੀ ਦੇਖਦੇ ਹਨ ? ਇੱਲਾਂ, ਗਿਰਝਾਂ ਚੁੱਕ-ਚੁੱਕ ਕੇ ਉੱਥੇ ਹੱਡੀਆਂ ਸਰੋਵਰ ਵਿੱਚ ਸੁਟਦੀਆਂ ਹਨ। ਸਿੱਖ ਨਹੀਂ ਝੱਲ ਸਕੇ, ਨਹੀਂ ਸਤਿਗੁਰਾਂ ਨੂੰ ਪੁੱਛਿਆ, ਨਹੀਂ ਕਿਸੇ ਦੀ ਸਲਾਹ ਲਈ। ਰਾਤ ਨੂੰ ਸਲਾਹ ਕਰਕੇ ਪੌੜੀਆਂ ਲਿਆ ਕੇ ਸਿੱਧੀਆਂ—ਬਾਂਸ ਦੀਆਂ, ਬੰਨ੍ਹ ਕੇ ਦੋ ਤਿੰਨ ਪੌੜੀਆਂ, ਪਰਕਰਮਾਂ ਵਿੱਚ ਪੌੜੀ ਲਗਾਈ, ਪਰਕਰਮਾਂ ਚੋਂ ਪੌੜੀ ਲਾ ਕੇ ਚੜ੍ਹੇ ਬੁੱਚੜਖਾਨੇ ਦੇ ਉੱਤੇ। ਅੰਦਰ ਜਾ ਕੇ ਉੱਤਰੇ, ਪਹਿਲਾਂ ਦਰਵਾਜ਼ਾ ਖੋਲ੍ਹਿਆ, ਖੋਲ੍ਹ ਕੇ ਜੋ ਗਊ ਸੀ, ਸਭ ਬਾਹਰ ਕੱਢ ਦਿਤੀ—ਰੱਸੇ ਵੱਢ ਕੇ। ਉਦੂੰ ਬਾਅਦ ਜਿਤਨੇ ਬੁੱਚੜ ਥੇ ਮਾਰ ਦਿਤੇ।

ਹਿੰਦੂਆਂ ਨੇ ਅੱਗੇ ਅਰਜ਼ੀਆਂ ਦਿੱਤੀਆਂ ਹੋਈਆਂ ਸਨ। ਅੰਗਰੇਜ਼ਾਂ ਨੇ ਹਿੰਦੂਆਂ ਔਰ ਨਿਹੰਗਾਂ ਸਿੰਘਾਂ ਨੂੰ ਪਕੜ ਲਿਆ। ਜਿਸ ਵੇਲੇ ਹਿੰਦੂ ਤੇ ਨਿਹੰਗ ਪਕੜੇ—ਸਤਿਗੁਰ ਤੇ ਸਭ ਕੁਝ ਜਾਣਦੇ ਸੀ—ਉਹ ਨਾਮਧਾਰੀ ਸਿੰਘ ਆਏ ਸਤਿਗੁਰਾਂ ਦੇ ਦਰਸ਼ਨ ਕਰਨ। ਸਤਿਗੁਰਾਂ ਆਖਿਆ,''ਭਾਈ, ਉੱਥੇ ਅੰਮ੍ਰਿਤਸਰ ਇਸ ਤਰ੍ਹਾਂ ਜਿਹੜੀ ਗੱਲ ਹੋਈ ਹੈ—ਉਹ ਕੀ ਬਣਿਆ ?''

ਔਰ ਗੌਰਮਿੰਟ, ਐਸੀ ਬੀਬੀ ਸਾਡੀ ਗੌਰਮਿੰਟ, ਐਸੀ ਭਲੀਮਾਣਸ ਔਰ ਅਦਾਲਤ ਕਰਨ ਵਾਲੀ, ਅਕਲ ਵਾਲੀ, ਪੁਲਿਸ ਵਾਲਿਆਂ ਨੇ ਰਲ ਕੇ ਝੂਠਾ ਤਸ਼ੱਦਦ ਕਰਕੇ ਉਨ੍ਹਾਂ ਤੋਂ ਇਕਬਾਲ ਕਰਵਾ ਲਿਆ—ਹਿੰਦੂਆਂ ਔਰ ਨਿਹੰਗਾਂ ਸਿੰਘਾਂ ਤੋਂ। ਫਾਂਸੀ ਦੇ ਹੁਕਮ ਦਾ ਦਿਨ ਆ ਗਿਆ—ਨਜ਼ਦੀਕ। ਸੈਸ਼ਨ ਜੱਜ ਨੇ ਫਾਂਸੀ ਦਾ ਹੁਕਮ ਦੇ ਦਿੱਤਾ।

ਸਿੱਖ ਭੈਣੀ ਸਾਹਿਬ ਜਾਂਦੇ ਹਨ। ਸਤਿਗੁਰ ਕਹਿੰਦੇ ਹਨ,''ਭਾਈ, ਉਹ ਖੇਡ ਕਿਸ ਤਰ੍ਹਾਂ ਬਣੀ ?''

ਸਿੱਖ ਕਹਿੰਦੇ,''ਸੱਚੇ ਪਾਤਸ਼ਾਹ, ਉਹ ਕੰਮ ਤਾਂ ਸਾਡਾ ਹੈ।''

ਸਤਿਗੁਰ ਕਹਿੰਦੇ ਨੇ,''ਬੀਜੋ ਤੁਸੀਂ ਤੇ ਵੱਢੇ ਕੋਈ ਹੋਰ। ਜਾਓ, ਜਾ

ਕੇ ਕਹੋ ਆਪ ਕਿ ਅਸੀਂ ਆਹ ਕੁਛ ਕੀਤਾ ਹੈ।''

ਪੁਲਿਸ ਦਾ ਸਿਪਾਹੀ ਇੱਕ ਨਾਲ ਸੀ, ਲਾਲ ਸਿੰਘ ਉਨ੍ਹਾਂ ਦਾ ਨਾਂ ਸੀ। ਸਿੰਘਾਂ ਨੇ ਜਾ ਕੇ ਸੈਸ਼ਨ ਜੱਜ ਦੇ ਸਾਹਮਣੇ ਜਿਸ ਵੇਲੇ ਕਿਹਾ,''ਉਹ ਬੇਗੁਨਾਹ ਨੇ ਜਿਹੜੇ ਮਰਨਗੇ, ਉਹਨਾਂ ਦਾ ਪਾਪ ਤੁਹਾਨੂੰ ਲੱਗੇਗਾ।'' ਸਿੰਘਾਂ ਨੇ ਜਾ ਕੇ ਸਾਹਮਣੇ ਕਿਹਾ—ਅਸੀਂ ਕੀਤਾ ਹੈ।

ਉਹ ਮੰਨਣ ਨਾ।

ਉਹਨਾਂ ਆਖਿਆ,''ਤਲਵਾਰਾਂ ਫਲਾਣੇ ਥਾਉਂ ਅਸੀਂ ਲਈਆਂ—ਫਲਾਣੇ ਥਾਂ ਤਲਵਾਰਾਂ ਪਈਆਂ ਨੇ—ਆਹ ਕੁਝ ਹੈ।''

ਸੈਸ਼ਨ ਜੱਜ ਨੇ ਉਹ ਛੱਡੇ—ਹਿੰਦੂ ਅਰ ਕਿਸੇ ਨੇ ਇਹ ਗੱਲ ਨਹੀਂ ਕਹੀ ਮੁੜਕੇ ਕਿ ਪੁਲਿਸ ਨੇ ਇਹ ਕੀ ਕੀਤਾ ਜਾਂ ਗੌਰਮਿੰਟ ਨੇ ਝੂਠਾ ਬਣਾ ਕੇ—ਇਹ ਕੇਸ, ਕਿਉਂ ਹਿੰਦੂ ਔਰ ਬੇਗੁਨਾਹ ਸਿੱਖ ਲੱਗੇ ਸੀ ਫਾਂਸੀ ਦੇਣ—ਨਿਹੰਗ ਸਿੰਘ।

ਉਹਨਾਂ ਨੇ—ਉਦੂੰ ਪਹਿਲੇ ਤੰਦੀ ਗਲ 'ਚ ਪਾਉਂਦੇ ਸੀ—ਸਿੰਘਾਂ ਨੇ ਕਿਹਾ,''ਅਸੀਂ ਤੰਦੀ ਨਹੀਂ ਗਲ ਵਿੱਚ ਪਾਉਣੀ, ਚੂੜ੍ਹੇ ਨੂੰ ਹੱਥ ਨਹੀਂ ਲਾਉਣ ਦੇਣਾ।''

ਇਸ਼ਨਾਨ ਕੀਤਾ—ਅੰਮ੍ਰਿਤਸਰ ਵਿੱਚ ਜਾ ਕੇ। ਰਾਮ ਬਾਗ ਦੇ ਦਰਵਾਜੇ ਦੇ ਅੱਗੇ ਬੋਹੜ ਦੇ ਨਾਲ ਫਾਂਸੀ ਰੇਸ਼ਮ ਦੇ ਰੱਸੇ ਦੀ ਬੱਧੀ ਗਈ। ਸ਼ਬਦ ਪੜ੍ਹਦੇ ਹੋਏ ਸਿੱਖ ਗਏ। ਚਾਰ ਸਰੀਰ ਸਨ, ਢੋਲਕ ਇੱਕ ਦੇ ਗਲ ਵਿੱਚ ਹੈ, ਦੂਸਰੇ ਛੈਣੇ ਵਜਾਉਂਦੇ ਜਾਂਦੇ ਹਨ। ਉੱਥੇ ਜਾ ਕੇ ਇਕੱਲੇ-ਇਕੱਲੇ, ਖਲੋ ਕੇ ਆਪਣੇ ਗਲ 'ਚ ਫਾਂਸੀ ਪਾਕੇ—ਨਹੀਂ ਕੋਈ ਟੋਪ ਦਿੱਤਾ—ਨਹੀਂ ਕੋਈ ਮੂੰਹ ਢੱਕਿਆ—ਨਹੀਂ ਬਾਹਵਾਂ ਬੱਧੀਆਂ—ਉਸੇ ਤਰ੍ਹਾਂ ਖੁਸ਼ੀ ਨਾਲ ਫਾਂਸੀ ਚੜ੍ਹੇ।

ਸਤਿਗੁਰਾਂ ਨੂੰ ਪਕੜਿਆ ਬਗੈਰ ਕਿਸੇ ਗੱਲ ਤੋਂ, ਰੈਗੁਲੈਸ਼ਨ (੧੮੧੮) ਦਾ ਨੰਬਰ ੩, ਲਗਾ ਕੇ—ਜਿਸ ਤਰ੍ਹਾਂ ਹੁਣ ਵੀ ਮਹਾਤਮਾਂ ਗਾਂਧੀ ਜੀ ਨੂੰ, ਕਈਆਂ ਆਦਮੀਆਂ ਨੂੰ, ਸਾਡਿਆਂ ਲੀਡਰਾਂ ਨੂੰ—ਜਦੋਂ ਇਹਨਾਂ ਨੂੰ ਕੋਈ ਦਾਅ ਨਹੀਂ ਸੀ ਲੱਭਦਾ ਤਾਂ ਉਹ ਹੀ ਇਹ ਸਭ ਉੱਤੇ ਵਰਤਦੇ ਸਨ

ਕਿ ਇਹਦੇ 'ਚ ਨਾਂ ਉਹਦੀ ਦਾਦ, ਨਾ ਕੋਈ ਫਰਿਆਦ, ਮਰਜ਼ੀ ਐ ਛੱਡਣ, ਮਰਜ਼ੀ ਐ ਰੱਖਣ। ਸੋਲ੍ਹਾਂ ਸਤਾਰ੍ਹਾਂ ਸੂਬੇ ਸਤਿਗੁਰਾਂ ਦੇ ਤੇ ਸਤਿਗੁਰਾਂ ਨੂੰ ਪਕੜ ਕੇ ਪ੍ਰਦੇਸ ਲਿਆਂਦਾ। ਸੰਤ ਧਿਆਨ ਸਿੰਘ ਜੀ ਕਹਿੰਦੇ ਨੇ, ਸਿੱਖਾਂ ਦੇ ਵਾਸਤੇ ਸਤਿਗੁਰੂ ਜੀ ਨੇ ਆਪਣੇ ਉੱਤੇ ਪ੍ਰਦੇਸ ਝੱਲਿਆ ਔਰ ਜਿਸ ਗੱਲ ਨੂੰ ਅੱਜ ਅਸੀਂ ਗਿਣੀਏ ਤੇ ਛਿਅੱਤਰ[੪੧] ਸਾਲ ਹੋ ਗਏ।

*ਗੌ ਗਰੀਬ ਕੋ ਜੋ ਰਖਵਾਰਾ।*

ਜੋ ਗਊਆਂ ਤੇ ਗਰੀਬਾਂ ਦੀ ਰੱਖਿਆ ਕਰਨ ਵਾਲਾ ਹੈ—ਸਤਿਗੁਰੂ।

*ਕਿਉਂ ਤਿਆਗੈ ਐਸਾ ਗੁਰ ਪਿਆਰਾ।*

ਉਹ—ਭਾਈ—ਐਸੇ ਗੁਰੂ ਪਿਆਰੇ ਨੂੰ ਕਿਉਂ ਛੱਡਦਾ ਹੈਂ ?

*ਤੂਰਨ ਹੀ ਪਹੁੰਚੇ ਤਿਹ ਜਾਈ।*

ਸਤਿਗੁਰੂ ਜੀ ਉਸੇ ਵਕਤ, ਆਪਣੇ ਸਿੱਖ ਦੀ ਸਹਾਇਤਾ ਕਰਨ ਦੇ ਵਾਸਤੇ ਘੋੜੀ ਉੱਤੇ ਚੜ੍ਹੇ ਔਰ ਅੱਠ ਸੌ ਕੋਹ ਪੈਂਡੇ ਉੱਤੇ ਜਾ ਕੇ ਪਹੁੰਚ ਗਏ—ਸਿੱਖ ਦੇ ਪਾਸ।

*ਬੈਠੇ ਜਹਾਂ ਦੋਇ ਮ੍ਰਿਗਰਾਈ।।੩੫।।*

ਜਿੱਥੇ ਦੋ ਸਿੰਘ ਬੈਠੇ ਹਨ ਇਕ ਪਾਸੇ ਸ਼ੇਰ ਸਿੰਘ, ਇੱਕ ਪਾਸੇ ਰਾਇ ਸਿੰਘ—ਸਤਿਗੁਰੂ ਦਾ ਸਿੱਖ-

*ਬੀਚ ਦੁਹਨ ਕੇ ਜਾ ਕਰ ਖਰੇ।*

ਵਿਚਾਲੇ ਦੋਹਾਂ ਦੇ ਘੋੜੀ ਖੜੀ ਕਰ ਦਿੱਤੀ।

*ਬੋਲੇ ਵਾਕ ਅਮੀ ਕੇ ਭਰੇ।*

ਅੰਮ੍ਰਿਤ ਦੇ ਭਰੇ ਹੋਏ ਬਚਨ ਕਹਿੰਦੇ ਹਨ।

*ਕਿਉਂ ਭਾਈ ਰਾਇ ਸਿੰਘ ਗੁਰ ਪਿਆਰਾ।*

ਭਾਈ ਰਾਇ ਸਿੰਘ ਗੁਰੂ ਕਿਆ ਪਿਆਰਿਆ-

*ਡਰ ਕਰ ਕਿਉਂ ਆਪਨਾ ਬਲ ਹਾਰਾ।।੪੬।।*

-ਤੂੰ ਕਿਉਂ ਡਰਿਆ ਹੈਂ ? ਤੂੰ ਕਿਉਂ ਆਪਣਾ ਬਲ ਛੱਡਿਆ ਹੈ ਭਾਈ ?

*ਰਿਦੈ ਧੀਰ ਧਰ ਹੋਇ ਸੁਚੇਤ।*

ਹਿਰਦੇ 'ਚ ਧੀਰਜ ਧਰ, ਸੁਚੇਤ ਹੋ।

*ਗੁਰ ਰਖਵਾਲੈ ਹੈ ਜਿਤ ਕੇਤ।*

ਭਾਈ ਗੁਰੂ ਜਿੱਥੇ ਕਿੱਥੇ ਰਾਖੇ ਹਨ।

*ਵਾਲ ਨ ਬੀਂਗਾ ਹੋਵਨ ਦੇਤ।*

ਵਾਲ ਨਹੀਂ ਸਤਿਗੁਰੂ ਵਿੰਗਾ ਹੋਣ ਦਿੰਦੇ।

*ਜਾ ਕੋ ਰਾਖੇ ਸਾਂਵਰਾ ਮਾਰ ਨਾ ਸਕੈ ਕੋਇ,*
*ਬਾਲ ਨਾਂ ਬਾਂਕਾ ਕਰ ਸਕੈ (ਭਾਵੇਂ) ਸਭ ਜਗ ਵੈਰੀ ਹੋਇ।*

– **ਜਾਮਿ ਗੁਰੂ ਹੋਇ ਵਲਿ ਧਨਹਿ[੪੨] ਕਿਆ ਗਾਰਵੁ[੪੩] ਦਿਜਇ[੪੪]।।**
**ਜਾਮਿ ਗੁਰੂ ਹੋਇ ਵਲਿ ਲਖ ਬਾਹੇ[੪੫] ਕਿਆ ਕਿਜਇ।।**

*–ਮ:੪, ਪੰਨਾ–੧੩੯੯*

– **ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ[੪੬]।।**
**ਹਾਥੁ ਪਸਾਰਿ[੪੭] ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ।।**

*–ਬਿਲਾਵਲ ਕਬੀਰ ਜੀ, ਪੰਨਾ ੮੫੬*

*ਬੇਦ ਪੁਕਾਰੇ ਗੁਰ ਕੋ ਨੇਤਿ।।੪੭।।*

ਬੇਦ ਕਹਿੰਦੇ ਹਨ–

ਨਹਿ ਇਤਿ ਨਹਿ ਇਤਿ—ਨੇਤਿ—**ਨੇਤ ਨੇਤ ਕਥੰਤ ਬੇਦਾ**।

ਜਿੰਨਾਂ ਵੀ ਲਿਖਿਆ ਜਾਏ, ਇਤਨਾ ਵੀ ਨਹੀਂ ਇਤਨਾ ਵੀ ਨਹੀਂ, ਉਹਦਾ ਕੋਈ ਹਿਸਾਬ ਹੀ ਨਹੀਂ।

## ਸਾਵਲ ਸੁੰਦਰ ਰਾਮਈਆ

*ਏਕ ਸਬਦ ਤਬ ਰਾਗ ਬਿਲਾਵਲ।*

ਬਿਲਾਵਲ ਰਾਗ ਦਾ ਸ਼ਬਦ ਪੰਜਵੀਂ ਪਾਤਸ਼ਾਹੀ ਦਾ–

*ਗੁਰੂ ਰਾਮ ਸਿੰਘ ਸੁੰਦਰ ਸਾਵਲ।*

ਜਿਹੜਾ ਸਤਿਗੁਰੂ ਰਾਮ ਸਿੰਘ ਸੁੰਦਰ—ਸਾਂਵਲ, ਜਿਹਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ–

*ਗਾਤ ਸਾਵਰੋਂ ਧਾਰ ਕੈ ਛਿਤ ਪਰ ਬਿਚਰੈ ਆਪ।*

*ਟਰੈਂ ਅਰਿਸ਼ਟ ਸਭ ਜਗਤ ਕੈ ਧਰਮ ਵਧੈ ਖਹਿ ਪਾਪ।*

ਓਹ ਸਾਵਰਾ ਸੁੰਦਰ—ਇਹ ਉਹਦੀ ਸਿਫ਼ਤ ਹੈ, ਲੋਕ ਗੋਰੇ ਰੰਗ ਨੂੰ, ਚਿੱਟੇ ਰੰਗ ਨੂੰ ਸੁੰਦਰ ਮੰਨਦੇ ਹਨ—ਉਹ ਸਾਂਵਲਾ ਹੁੰਦਾ ਹੋਇਆ ਵੀ ਸੁੰਦਰ ਹੈ ਕਿਉਂਕਿ ਉਹ ਗਰੀਬ ਨਿਵਾਜ ਹੈ, ਜਿਹਨੂੰ ਕੋਈ ਨਹੀਂ ਪਸੰਦ ਕਰਦਾ—ਉਹਨੂੰ ਸੁੰਦਰ ਬਣਾਉਂਦਾ ਹੈ। ਉਹਨੇ ਸਾਂਵਲੇ ਰੰਗ ਨੂੰ ਸੁੰਦਰ ਬਣਾਇਆ। ਰਵਿਦਾਸ ਜੀ ਕਹਿੰਦੇ ਹਨ-

**ਸਾਵਲ ਸੁੰਦਰ ਰਾਮਈਆ।। ਮੇਰਾ ਮਨੁ ਲਾਗਾ ਤੋਹਿ।।**

*-ਪੰਨਾ ੩੩੫*

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ-

**ਬਲਿ ਬਲਿ ਜਾਉ ਸਿਆਮ ਸੁੰਦਰ ਕਉ**
**ਅਕਥ ਕਥਾ ਜਾ ਕੀ ਬਾਤ ਸੁਨੀ।।**

*-ਬਿਲਾਵਲ ਮ:੫, ਪੰਨਾ-੮੨੭*

ਓਹ ਸਿਆਮ ਹੁੰਦਾ ਹੋਇਆ ਵੀ ਸੁੰਦਰ ਹੈ, ਇਹ ਉਹਦੀ ਸਿਫ਼ਤ ਹੈ ਕਿਉਂਕਿ ਗਰੀਬ ਨਿਵਾਜ ਹੈ, ਜਿੰਨ੍ਹਾਂ ਨੂੰ, ਲੋਕਾਂ ਨੇ ਜਿਸ ਚੀਜ਼ ਨੂੰ ਨਹੀਂ ਪਸੰਦ ਕੀਤਾ—ਉਹਨੇ ਉਹਨੂੰ ਵਡਿਆਈ ਦਿੱਤੀ ਤਾਂ ਹੀ ਤਾਂ ਦੁਰਯੋਧਨ ਦੇ ਛੱਡ ਕੇ ਮੇਵੇ, ਤੇ ਬਿਦਰ ਦੇ ਘਰ ਜਾ ਕੇ-

*ਊਧੋ ਚਲੋ ਬਿਦਰ ਘਰ ਜਾਈਐ,*
*ਬਥੂਏ ਕੀ ਭਾਜੀ ਤੇ ਸਾਗ ਅਲੂਣਾ,*
*ਰੁਚ ਰੁਚ ਭੋਗ ਲਗਾਈਐ।*

ਇਸੇ ਵਾਸਤੇ ਕਿਉਂਕਿ ਉਹ ਗਰੀਬ ਨਿਵਾਜ ਹੈ, ਬਖਤਾਵਰ ਨਿਵਾਜ ਨਹੀਂ, ਜੋਰਾਵਰ ਨਿਵਾਜ ਨਹੀਂ, ਉਹਦਾ ਨਾਂ ਹੈ—ਗਰੀਬ ਨਿਵਾਜ—ਦੀਨ ਦਿਆਲ, ਗਰੀਬਾਂ ਉੱਤੇ ਕਿਰਪਾ ਕਰਨ ਵਾਲਾ।

*ਮੁਖ ਸੇ ਭਾਖਿਓ ਦੀਨ ਦਿਆਲ।*

ਸਤਿਗੁਰੂ ਰਾਮ ਸਿੰਘ ਜੀ ਨੇ ਮੁਖ ਤੋਂ ਇਹ ਸ਼ਬਦ ਉਚਾਰਿਆ—ਬਿਲਾਵਲ ਰਾਗ ਦਾ-

*ਤ੍ਰਾਸ ਮਿਟਾਇਓ ਕੀਆ ਨਿਹਾਲ।।੪੮।।*

ਉਹਦਾ ਦੁੱਖ ਦੂਰ ਕੀਤਾ, ਉਹਦਾ ਡਰ ਦੂਰ ਹੋ ਗਿਆ—ਸ਼ੇਰ ਵਾਲਾ, ਨਿਹਾਲ ਹੋ ਗਿਆ ਸਿੱਖ।

**ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥**
**ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥**
**ਸਤਿਗੁਰੁ ਪੂਰਾ ਭੇਟਿਆ[੪੮] ਜਿਨਿ ਬਣਤ[੪੯] ਬਣਾਈ॥**
**ਰਾਮ ਨਾਮੁ ਅਉਖਧੁ[੫੦] ਦੀਆ ਏਕਾ ਲਿਵ ਲਾਈ॥ਰਹਾਉ॥**
**ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ[੫੧] ਮਿਟਾਈ॥**
**ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥**

*–ਬਿਲਾਵਲ ਮ:੫, ਪੰਨਾ-੮੧੯*

ਇਹ ਸ਼ਬਦ ਸੁਣਾਇਆ।

*ਬਾਣੀ ਸਿੰਘ ਸੁਣੀ ਅਭਿਰਾਮੀ॥੪੯॥*

ਸੁੰਦਰ ਬਾਣੀ ਸਿੰਘ ਨੇ ਸੁਣੀ—ਉਸ ਵਕਤ—ਉਸ ਹਾਲਤ ਵਿੱਚ-

*ਯੌਂ ਜਬ ਦਰਸ ਰਾਇ ਸਿੰਘ ਪਾਈ।*

ਜਦੋਂ ਦਰਸ਼ਨ ਕੀਤਾ ਰਾਇ ਸਿੰਘ ਨੇ।

*ਚੀਨੀ ਪੈ ਬਾਣੀ ਗੁਰ ਗਾਈ।*

ਚੀਨੀ ਉੱਤੇ ਚੜ੍ਹੇ ਹੋਏ ਹਨ, ਉੱਤੇ ਹੀ ਬੈਠਿਆਂ ਨੇ ਇਹ ਉਚਾਰਿਆ,

*ਗੁਰੁ ਮੇਰੇ ਸੰਗ ਸਦਾ ਹੈ ਨਾਲੇ।*
*ਸਿਮਰਿ ਸਿਮਰਿ ਤਿਸ ਸਦਾ ਸਮਾਲੇ।*
*ਧੀਰ ਭਈ ਤੁਕ ਬਸੀ ਹਿਆਲੇ॥੫੦॥*

ਧੀਰਜ ਹੋ ਗਈ—ਹਿਰਦੇ ਵਿੱਚ, ਤੁੱਕ ਹਿਰਦੇ ਵਿੱਚ ਵੱਸ ਗਈ, ਸਾਡੇ ਹਿਰਦੇ ਵਿੱਚ ਨਹੀਂ ਉਪਦੇਸ਼ ਵਸਦਾ।

ਉਠਾ ਧਾਰ ਬਲ ਚਰਨੀ ਲਾਗਾ-

ਉਠਿਆ—ਉੱਠ ਕਰਕੇ ਚਰਨ ਉੱਤੇ ਸਿਰ ਰੱਖਿਆ।

*ਮਨੋ ਖ਼ਾਬ ਸੇ ਸੋਇਆ ਜਾਗਾ।*

ਐਸੇ ਮਲੂਮ ਹੋਇਆ ਜਿਸ ਤਰ੍ਹਾਂ ਸੁਫਨੇ ਵਿੱਚੋਂ ਉਠਿਆ ਹੈ।

*ਚਰਨ ਫੜੈ ਨੈਨਨ ਜਲ ਢਰਿਓ।*

ਜਿਸ ਵੇਲੇ, ਇਹ ਵਕਤ ਉਹਨਾਂ ਨੂੰ ਪਤਾ ਲੱਗਦਾ ਹੈ ਜਿਨ੍ਹਾਂ ਨਾਲ ਇਹ ਚੀਜ਼ ਬੀਤਦੀ ਹੈ, ਜਿਨ੍ਹਾਂ ਨੂੰ ਦਰਸ਼ਨ ਹੁੰਦਾ ਹੈ। ਦਰਸ਼ਨ ਦਾ ਕਿਆ ਫਲ ਹੈ ਔਰ ਐਸੇ ਦੁੱਖ ਦੇ ਸਮੇਂ ਵਿੱਚ ਜਦੋਂ ਦਰਸ਼ਨ ਹੁੰਦਾ ਹੈ। ਜਦੋਂ ਸਤਿਗੁਰ ਰੱਖਿਆ ਕਰਦਾ ਹੈ, ਉਹ ਜਦੋਂ ਵੇਲਾ ਬਣਦਾ ਹੈ, ਉਸ ਵੇਲੇ ਦਾ ਉਨ੍ਹਾਂ ਨੂੰ ਪਤਾ ਹੈ ਜਾਂ ਸਤਿਗੁਰ ਜਾਣਦਾ ਹੈ ਜਿਹਦੇ ਚਰਨ ਉੱਤੇ ਸਿਰ ਧਰ ਕੇ ਉਹ ਧੋ ਰਿਹਾ ਸੀ ਤੇ ਜਾਂ ਸਿੱਖ ਜਾਣਦਾ ਹੈ।

*ਚੀਨੀ ਕੇ ਪਾਸੇ ਲਗ ਖਰਿਓ।।੫੧।।*

ਚੀਨੀ ਦੇ ਨਾਲ ਲੱਗਕੇ—ਘੋੜੀ ਦੇ, ਖਲੋਤਾ ਏ ਭਾਈ ਰਾਇ ਸਿੰਘ।

*ਸੀਸ ਹਾਥ ਧਰ ਕੈ ਗੁਰ ਗਾਈ।*

ਸਿਰ ਉੱਤੇ ਹੱਥ ਧਰ ਕੇ ਸਤਿਗੁਰੂ ਕਹਿੰਦੇ ਹਨ-

*ਤੂੰ ਕਿਉਂ ਡਰੇਂ ਰਾਇ ਮ੍ਰਿਗ ਰਾਈ।*

ਓਏ ਰਾਇ ਸਿੰਘਾ ਭਾਈ ਤੂੰ ਕਿਉਂ ਡਰਨੈ, ਤੇਰੇ ਨਾਲ ਤਾਂ ਗੁਰੂ ਦਾ ਇਕਰਾਰ ਹੈ ਕਿ ਗੁਰੂ ਤੇਰੇ ਰਾਖੇ ਹਨ।

*ਏ ਭੀ ਕੇਹਰ ਤੂੰ ਭੀ ਕੇਹਰ।*

ਇਹ ਭੀ ਸ਼ੇਰ ਤੂੰ ਵੀ ਸ਼ੇਰ।

*ਡਰੋ ਨ ਯਾਦ ਕਰੋ ਹਰਿ ਮੇਹਰ।।੫੨।।*

ਡਰ ਨਾ ਤੂੰ ਹਰੀ ਦੀ ਬਖਸ਼ਸ਼ ਯਾਦ ਕਰ—ਜਿਹੜਾ ਤੈਨੂੰ ਹੁਕਮ ਦਿੱਤਾ ਹੈ ਕਿ ਸਤਿਗੁਰੂ ਤੇਰੇ ਰਾਖੇ ਹਨ।

*ਪ੍ਰਭ ਜੀ ਜਾਨ ਜਾਨ ਸਭ ਪਿਆਰੀ।*

ਹੇ ਸੱਚੇ ਪਾਤਸ਼ਾਹ, ਤੁਸੀਂ ਸਭ ਕਿਛ ਜਾਣਦੇ ਹੋ ਜਾਨ ਸਭ ਨੂੰ ਪਿਆਰੀ ਹੈ, ਮੈਂ ਮਨੁੱਖ ਹਾਂ, ਮੈਂ ਅਲਪੱਗ ਹਾਂ।

*ਭੈ ਦਿਖ ਸਿੰਘ ਭਿਆਨਕ ਭਾਰੀ।*

ਮੈਨੂੰ ਭੈ ਹੋਇਆ ਸ਼ੇਰ ਦੇਖ ਕਰਕੇ, ਸ਼ੇਰ ਬੜਾ ਭੈ ਦੇਣ ਵਾਲਾ ਸੀ।

*ਸਵਾਮੀ ਯਾਦ ਕਰਾ ਜਬ ਤੋਕੋ।*

ਸੱਚੇ ਪਾਤਸ਼ਾਹ ਜਦੋਂ ਤੁਹਾਨੂੰ ਯਾਦ ਕੀਤਾ-

*ਕੀਨ ਸਹਾਇ ਦਰਸ ਦੈ ਮੋਕੋ।।੫੩।।*

ਮੇਰੀ ਸਹਾਇਤਾ ਕੀਤੀ ਹੈ ਦਰਸ਼ਨ ਦੇ ਕੇ। ਸਾਥੋਂ ਯਾਦ ਹੀ ਨਹੀਂ ਹੋ ਸਕਦਾ—ਸਾਡੀ ਯਾਦ ਹੀ ਨਹੀਂ—ਸਾਡੀ ਖਿੱਚ ਹੀ ਨਹੀਂ। ਜਿਨ੍ਹਾਂ ਦੀ ਖਿੱਚ ਹੈ, ਉਨ੍ਹਾਂ ਨੂੰ ਦਰਸ਼ਨ ਹੁੰਦਾ ਹੈ। ਕੋਈ ਵਕਤ ਨਹੀਂ ਹੁੰਦਾ, ਉਹ ਕੋਈ ਥਾਂ ਨਹੀਂ ਹੁੰਦਾ ਜਿਨ੍ਹਾਂ ਨੂੰ ਦਰਸ਼ਨ ਸਤਿਗੁਰੂ ਦਿੰਦੇ ਹਨ, ਕਦੇ ਹੋ ਨਹੀਂ ਸਕਦਾ ਕਿ ਉਨ੍ਹਾਂ ਨੂੰ ਉਸ ਵਕਤ ਦਰਸ਼ਨ ਨਾ ਹੋਣ, ਜਿਹੜੇ ਯਾਦ ਕਰਦੇ ਹਨ।

## ਸੰਤ ਜਿਊਣ ਸਿੰਘ ਜੀ

ਮੈਨੂੰ ਇਹ ਗੱਲ ਯਾਦ ਹੈ, ਸੰਤ ਜਿਊਣ ਸਿੰਘ ਜੀ ਸਰਹਾਲੀ ਦੇ ਰਹਿਣ ਵਾਲੇ ਔਰ ਸਤਿਗੁਰਾਂ ਤੋਂ ਭਜਨ ਪੁੱਛ ਕੇ, ਇੱਥੋਂ ਤਕ ਗੱਲ—ਸੰਤ ਮੰਗਲ ਸਿੰਘ ਹੁਰੀਂ ਇੱਕ ਦਿਨ ਘੋੜੀ ਫੜ ਕੇ ਤੁਰੇ ਜਾਂਦੇ ਨੇ, ਬਿਰਧ ਸਰੀਰ ਹੋ ਗਿਆ—ਕਹਿੰਦੇ ਨੇ,''ਓਇ ਮੰਗਲਾ''—ਬੱਚਿਆਂ ਵਾਂਗੂੰ ਬੁਲਾਉਂਦੇ ਸੀ—''ਦੇਖੀਂ ਓਏ ਮੇਰਾ ਨਿਯਮ ਨਾ ਤੋੜ ਦੇਈਂ।''

ਸੰਤ ਜੀ,''ਕਿਆ ਨਿਯਮ ਹੈ।''

ਕਹਿੰਦੇ,''ਮੈਂ ਸਤਿਗੁਰਾਂ ਕੋਲੋਂ ਜਿਦਣ ਦਾ ਭਜਨ ਪੁੱਛਿਆ ਹੈ, ਮੈਂ ਕਿਸੇ ਦੀ ਬੀਜੀ ਹੋਈ ਪੈਲੀ 'ਚ ਪੈਰ ਨਹੀਂ ਧਰਿਆ। ਮੇਰੀ ਘੋੜੀ ਨਾ ਪੈਲੀ ਦੇ ਵਿੱਚ ਦੀ ਲੰਘਾ ਦੇਈਂ, ਭਾਵੇਂ ਨਾ ਖਾਵੇ''—ਇਸਨੂੰ ਬੇਗਾਨਾ ਹੱਕ ਸਮਝਿਆ।

ਜਿਸ ਤਰ੍ਹਾਂ ਸਾਡੇ ਪੁਰਾਣੇ ਬਜ਼ੁਰਗ ਇਹ ਗੱਲ ਕਰਦੇ ਸੀ ਕਿ ਜਿਸ ਪਿੰਡ ਵਿੱਚ ਲੜਕੀ ਮੰਗੀ ਹੋਵੇ, ਉਸ ਪਿੰਡ ਦੇ ਖੂਹਾਂ ਦਾ ਪਾਣੀ ਨਾ ਪੀਣਾ। ਉਹਦਾ ਅਰਥ ਇਹ ਨਹੀਂ ਬਈ ਖੂਹਾਂ ਦਾ ਪਾਣੀ ਚੁਭਦਾ ਹੈ, ਉਹਨਾਂ ਦਾ ਮਤਲਬ ਸੀ ਬਈ ਅਸੀਂ ਕਿਤੇ ਉਨ੍ਹਾਂ ਦੇ ਘਰ ਦਾ ਖਾਣ ਨਾ ਗਿੱਝ ਜਾਈਏ—ਲੜਕੀ ਦੇ ਪੈਸੇ ਲੈਣ ਦਾ ਮਤਲਬ ਹੈ, ਸਿਰੇ ਤੇ ਜਾ ਕੇ। ਜਿਸ ਤਰ੍ਹਾਂ ਅੱਜ ਕੱਲ੍ਹ ਲੋਕ ਮੁੱਲ ਪਾ ਕੇ ਵੇਚਣ ਲੱਗ ਪਏ, ਉਹਦਾ ਅਸਲੀ ਮਤਲਬ ਇਹੋ ਹੀ ਹੈ।

ਸੰਤਾਂ ਦਾ ਮਤਲਬ ਅਸਲੀ ਇਹੋ ਸੀ ਕਿ ਕਿਸੇ ਦੀ ਪੈਲੀ ਵਿੱਚ, ਪੈਰ ਨਾ ਧਰੀਏ। ਜਿੰਨਾਂ ਚਿਰ ਆਪਣੀ ਜ਼ਿੰਦਗੀ ਰਹੀ ਉਸੇ ਤਰ੍ਹਾਂ ਰਹੇ। ਸਤਿਗੁਰੂ

ਪ੍ਰਦੇਸ ਆ ਗਏ, ਇਧਰ ਸੰਤ ਜੀਊਣ ਸਿੰਘ ਜੀ ਇੱਕ ਦਿਨ ਤੁਰੇ ਜਾਂਦੇ ਨੇ —ਤਰਨ ਤਾਰਨ ਨੂੰ, ਨਹਿਰ ਦੇ ਕੰਢੇ ਉੱਤੇ ਜਾ ਕੇ ਖਲੋਤੇ। ਯਾਦ ਆਈ–-ਖਿੱਚ ਲੱਗੀ। ਹੌਕਾ ਲਿਆ ਸੱਚੇ ਪਾਤਸ਼ਾਹ, ਐਡੀ ਦੂਰ !

ਸਤਿਗੁਰ ਰੰਗੂਨ ਇਸ਼ਨਾਨ ਕਰਕੇ ਕਛਹਿਰਾ ਬਦਲਦੇ ਸਨ, ਇੱਕ ਪੌਂਚਾ ਲੱਤ ਵਿੱਚ ਪਾਇਆ ਸੀ ਇੱਕ ਅਜੇ ਹੱਥ 'ਚ ਫੜਿਆ ਹੋਇਆ ਸੀ, ਉਸੇ ਤਰ੍ਹਾਂ ਉੱਥੇ ਜਾ ਕੇ ਖਲੋ ਗਏ। ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਹਨ,''ਭਾਈ ਜਿਊਣ ਸਿੰਘ, ਇਸ ਤਰ੍ਹਾਂ ਨਾ ਕਰਿਆ ਕਰੋ।''

ਜੀਊਣ ਸਿੰਘ ਜੀ ਕਹਿੰਦੇ ਨੇ,''ਸੱਚੇ ਪਾਤਸ਼ਾਹ, ਸਾਡੇ ਕੋਲ ਵੀ ਹੋਰ ਕੀ ਹੈ। ਅਸੀਂ ਸਾਰੇ ਗਹਿਣੇ ਭਨਾਅ ਕੇ ਇੱਕੋ ਹੱਸ ਘੜਾਇਆ। ਅਸੀਂ ਕੀ ਕਰੀਏ ?''

ਸਤਿਗੁਰੂ ਜੀ ਕਹਿੰਦੇ ਨੇ,''ਭਾਈ, ਸਿੰਘਾਂ ਵਿਚੋਂ ਦਰਸ਼ਨ ਕਰਿਆ ਕਰ ਸਾਡਾ।''

ਜਿਸ ਦਿਨ ਪਹਿਲੇ ਸਤਿਗੁਰਾਂ ਨੇ ਪ੍ਰਚਾਰ ਕੀਤਾ, ਅੰਗਰੇਜ਼ ਨੇ ਸਤਿਗੁਰਾਂ ਨੂੰ ਰੋਕਿਆ। ਸਤਿਗੁਰਾਂ ਨੇ ਪੰਜ ਸੂਬੇ ਬਣਾਏ—ਉਹਨਾਂ ਨੂੰ ਰੋਕਿਆ, ਸਤਾਰ੍ਹਾ ਹੋਰ ਬਣਾਏ—ਉਹਨਾਂ ਨੂੰ ਰੋਕਿਆ।

ਕਮਿਸ਼ਨਰ ਜਾ ਕੇ ਹੱਸ ਕੇ ਕਹਿੰਦਾ,''ਬਾਬਾ ਸਾਹਿਬ, ਅਬ ਕਿਆ ਕਰੋਗੇ ?''

ਸਤਿਗੁਰੂ ਜੀ ਕਹਿੰਦੇ ਨੇ,''ਜਾ ਓਏ ਬਿੱਲਿਆ, ਮੈਂ ਘਰ-ਘਰ ਰਾਮ ਸਿੰਘ ਕਰ ਦਿਆਂਗਾ। ਇੱਕ ਹਲਵਾਹਾ ਜੱਟ ਕਿਸੇ ਨੂੰ ਭਜਨ ਦੱਸੇਗਾ —ਉਹਦਾ ਵੀ ਮੇਰੇ ਜੈਸਾ ਅਸਰ ਹੋਵੇਗਾ।'' ਤਦ, ਸਤਿਗੁਰੂ ਜੀ ਕਹਿੰਦੇ ਨੇ,''ਭਾਈ, ਸਿੰਘਾਂ ਵਿੱਚੋਂ ਮੈਨੂੰ ਦੇਖਿਆ ਕਰ।''

''ਅੱਛਾ ਸੱਚੇ ਪਾਤਸ਼ਾਹ, ਫਿਰ ਦੱਸੋ ਨਿਸ਼ਾਨੀ ਕੀ ਹੋਵੇਗੀ ?''

''ਅੰਮ੍ਰਿਤਸਰ ਦੀ ਪਰਕਰਮਾ ਕਰਦੇ ਹੋਵਾਂਗੇ—ਪੁੱਠੀ, ਲੋਕ ਐਉਂ ਦੀ ਜਾਂਦੇ ਹਨ ਅਸੀਂ ਐਉਂ ਦੀ ਜਾਵਾਂਗੇ ਔਰ ਇੱਕ ਪੌਂਚਾ ਹੱਥ 'ਚ ਹੋਵਗੇ, ਇੱਕ ਲੱਤ ਚ ਹੋਵੇਗਾ—ਕੱਛ ਦਾ।''

ਸੰਤ ਕਦੇ ਨਹੀਂ ਸਨ ਜਾਂਦੇ ਗੁਰਦੁਵਾਰੇ ਕਿਉਂਕਿ ਉਹਨਾਂ ਦੇ ਅੰਦਰ

ਗੁਰਦੁਆਰਾ ਬਣ ਚੁੱਕਾ ਸੀ—ਰਾਮਾਨੰਦ ਵਾਂਗੂੰ। ਉਹ ਕਹਿੰਦੇ ਸੀ-

**ਜਹਾ ਜਾਈਐ ਤਹ ਜਲ ਪਖਾਨ।।**
**ਤੂ ਪੂਰਿ ਰਹਿਓ ਹੈ ਸਭ ਸਮਾਨ।।**

*-ਪੰਨਾ-੧੧੯੫*

ਉੱਥੇ ਕੋਈ ਰੌਲਾ ਨਹੀਂ ਸੀ ਰਹਿ ਗਿਆ, ਉਹਨਾਂ ਦਾ ਇੱਕੋ ਹੀ ਗੁਰਦਾਵਾਰਾ ਸੀ, ਗੁਰਦਾਵਾਰਾ ਉਹਨਾਂ ਦੇ ਅੰਦਰ ਵਸ ਗਿਆ ਸੀ। ਉੱਥੇ ਹੀ ਉਨ੍ਹਾਂ ਦੀ ਗੱਲ ਰਹਿੰਦੀ—ਸਾਰੀ ਰਾਤ ਆਪਸ ਵਿੱਚ, ਬਚਨ ਬਿਲਾਸ ਸਤਿਗੁਰਾਂ ਨਾਲ ਹੁੰਦੇ ਰਹਿੰਦੇ, ਜਾਗਦੇ ਰਹਿੰਦੇ ਸਾਰੀ ਰਾਤ। ਕੁਝ ਸਰੀਰ ਜਿਹੜੇ ਨੇੜੇ ਹੋਣ ਤਾਂ ਉਨ੍ਹਾਂ ਨੂੰ ਪਤਾ ਲੱਗਦਾ-ਕਦੇ ਆਖਣਾ-

''ਬੱਚਾ ਜਿਊਣ।''

''ਹਾਂ, ਸੱਚੇ ਪਾਤਸ਼ਾਹ।''

ਇਸ ਤਰ੍ਹਾਂ ਬਚਨ ਰਾਤ ਭਰ ਹੁੰਦੇ ਰਹਿੰਦੇ।

ਤੁਰ ਪਏ, ਚਲੇ ਗਏ ਅੰਮ੍ਰਿਤਸਰ ਜੀ। ਜਾ ਕੇ ਲੱਗੇ ਪਰਕਰਮਾਂ 'ਚ ਘੁੰਮਣ। ਬਾਬਾ ਰਿਖੀ ਸਿੰਘ ਜੀ ਮਹਾਤਮਾ ਸਨ—ਮਦਾਰ ਦਾ ਜਨਮ ਸੀ —ਜ਼ਿਲ੍ਹਾ ਸ਼ੇਖੂਪੁਰਾ, ਗਿੱਲ ਜਿਮੀਦਾਰ ਸਨ, ਛੋਟੀ ਉਮਰ ਵਿੱਚ ਘਰੋਂ ਨਿਕਲ ਪਏ, ਸਾਧੂਆਂ ਨਾਲ ਰਲੇ। ਉਹਨਾਂ ਦਿਨਾਂ ਵਿੱਚ ਨਾਗੇ ਸਾਧਾਂ ਦੀ ਕੰਮ ਸੀ—ਲੋਕਾਂ ਦਾ ਦੁੱਧ ਲੁੱਟਦੇ ਹੁੰਦੇ ਸਨ। ਬੜਾ ਰੌਲਾ ਪੈਂਦਾ ਸੀ। ਉਹਨਾਂ ਦੇ ਨਾਲੋਂ ਖਹਿੜਾ ਛੱਡ ਕੇ ਪਿੰਡ ਖਾਨਪੁਰ ਕਲ੍ਹੇ ਦੇ ਪਾਸ, ਸ਼ੇਖੂਪੁਰੇ ਦੇ ਜ਼ਿਲ੍ਹੇ 'ਚ ਲਾਹੌਰੋਂ ਸ਼ੇਖੂਪੁਰੇ ਨੂੰ ਜਾਂਦੀ ਸੜਕ ਉੱਤੇ, ਬਾਰ੍ਹਾਂ ਚੌਦ੍ਹਾਂ ਮੀਲ ਉੱਤੇ ਜਾਂ ਪੰਦਰ੍ਹਾਂ ਮੀਲ ਉੱਤੇ, ਛੱਪੜ ਦੇ ਕੰਢੇ ਉੱਤੇ ਬਹਿ ਕੇ ਕਹਿਣ ਲੱਗੇ,''ਹੁਣ ਮਰ ਜਾਣਾ ਹੈ, ਜਾਂ ਰੱਬ ਦਾ ਦਰਸ਼ਨ ਕਰ ਲੈਣਾ ਹੈ, ਨਹੀਂ ਹੁਣ ਇੱਥੋਂ ਕੀ ਲੈਣਾ—ਦੇਣਾ।''

ਕਈ ਦਿਨ ਬੈਠਿਆਂ ਨੂੰ ਹੋ ਗਏ। ਲੜਕੇ ਆਉਂਦੇ ਨੇ, ਕੋਈ ਦੁੱਧ ਲਿਆਉਂਦੈ, ਘਰਾਂ 'ਚ ਦੱਸਿਆ,''ਬਈ ਇਸ ਤਰਾਂ ਸਾਧੂ ਬੈਠਾ ਹੈ, ਕੁਝ ਨਹੀਂ ਖਾਂਦਾ।''

ਸਤਿਗੁਰਾਂ ਦਾ ਦਰਸ਼ਨ ਹੋਇਆ, ਆਵਾਜਾ ਹੋਇਆ,''ਆ, ਹਰਦੁਆਰ

ਸਾਨੂੰ ਆ ਕੇ ਮਿਲ।''

ਉਨੀ ਸੌ ਅਠਾਰ੍ਹਾਂ ਦੀ ਅੱਧ-ਕੁੰਭੀ ਉੱਤੇ ਸਤਿਗੁਰਾਂ ਨੂੰ ਉੱਥੇ ਜਾ ਕੇ ਮਿਲੇ, ਸਿੰਘ ਸਜੇ ਅਰ ਬੜੇ ਉੱਚੇ ਮਹਾਤਮਾ ਥੇ। ਜਿਹੜੇ ਸੁੰਦਰ ਸਿੰਘ, ਖੜਕ ਸਿੰਘ ਹੁਰੀਂ ਸ਼ੇਖੂਆਂ ਵਾਲੇ ਸਾਡੇ ਨਾਲ ਰਹਿੰਦੇ ਨੇ, ਇਨ੍ਹਾਂ ਨਿਹਾਲ ਸਿੰਘ ਹੁਰਾਂ ਦੇ ਪਿਤਾ ਟਹਿਲ ਸਿੰਘ ਨੂੰ ਸਤਿਗੁਰਾਂ ਨੇ ਉਹਨਾਂ ਨੂੰ ਦਿੱਤਾ,''ਬਈ ਇਹ ਸਾਧੂ ਤੁਹਾਡੇ ਕੋਲ ਰਿਹਾ ਕਰਨਗੇ।''

ਇੱਕ ਕੁਟੀਆ 'ਚ ਬਾਹਰ ਰਹਿਣਾ, ਕੋਈ ਭਾਂਡਾ ਨਾ ਕੋਲ ਰੱਖਣਾ, ਉਹਨਾਂ ਲੋਕਾਂ ਹੌਲੀ-ਹੌਲੀ ਕਿਸੇ ਨੇ ਭਾਂਡੇ ਲਿਆ ਦਿੱਤੇ, ਕਿਸੇ ਨੇ ਕੱਪੜਾ ਲਿਆ ਦਿੱਤਾ। ਇੱਕ ਦਿਨ ਜੋ ਲੀੜਾ ਕੱਪੜਾ ਸੀ, ਰੱਖ ਕੇ ਅੰਦਰ ਅੱਗ ਲਾ ਦਿੱਤੀ, ਜੋ ਭਾਂਡਾ ਸੀ ਫੱੜ ਕੇ ਸੋਟਾ, ਸਭ ਪਿੱਤਲ ਵਗੈਰਾ ਦਾ ਵੀ ਭੰਨ ਦਿੱਤਾ। ਜਿਉਂ ਨਿਕਲੇ ਉੱਥੋਂ, ਮਦਾਰ ਚਲੇ ਗਏ-ਮੁੜਕੇ। ਜਾ ਕੇ ਦਰਸ਼ਨ ਇਨ੍ਹਾਂ ਨੇ ਕੀਤਾ, ਲੱਤਾਂ 'ਚ ਸ਼ੋਰ ਵਗਦੀ ਹੁੰਦੀ ਸੀ-ਉਹਨਾਂ ਦੇ, ਪਰ ਲੱਤਾਂ ਦੀ ਸ਼ੋਰ ਨਾਲ ਉੱਥੇ ਤਅੱਲਕ ਨਹੀਂ ਸੀ-ਉੱਥੇ ਆਤਮਾ ਨਾਲ ਤਅੱਲਕ ਸੀ ਜਿਵੇਂ ਅਸਟਾਵਕ੍ਰ ਨੂੰ ਉਹਨਾ ਨੇ ਆਖਿਆ ਸੀ,''ਇਹ ਕਿਸ ਤਰ੍ਹਾਂ ਆ ਗਿਆ ਹੈ ?''

ਅਸਟਾਵਕ੍ਰ ਕਹਿੰਦਾ,''ਇਹ ਚਮਿਆਰ ਕਿਥੋਂ ਸੱਦੇ ਨੇ''-ਜਨਕ ਰਾਜੇ ਨੂੰ ਆਖਿਆ ਸੀ-ਜਿਹੜੇ ਚੰਮ ਵੱਲ ਝਾਕਦੇ ਨੇ।

ਸੰਤ ਜੀ ਅੰਮ੍ਰਿਤਸਰ ਜੀ ਆਏ ਨੇ। ਅਗੋਂ ਸੰਤਾਂ ਨੂੰ-ਬਾਬੇ ਰਿਖੀ ਸਿੰਘ ਹੁਰਾਂ ਨੇ ਇੱਕ ਹੱਥ 'ਚ ਪੌਚਾ ਫੜਿਆ ਏ ਕਛਹਿਰੇ ਦਾ, ਤੁਰੇ ਜਾਂਦੇ ਹਨ ਪਰਕਰਮਾਂ 'ਚ-ਕਹਿੰਦੇ ਨੇ,''ਮੈਂ ਰਾਮ ਸਿੰਘ।''

ਸੰਤਾਂ ਜਾ ਕੇ ਚਰਨਾਂ ਉੱਤੇ ਮੱਥਾ ਟੇਕਿਆ।

ਯਾਦ ਕਰਨ ਵਾਲਿਆਂ ਦੀ ਗੱਲ ਹੈ, ਜਿਥੇ ਚਾਹੁਣ ਉੱਥੇ ਸੱਦ ਲੈਂਦੇ ਹਨ। ਦ੍ਰੋਪਤੀ ਦੇ ਕੋਲ ਕਿਹੜਾ ਟੈਲੀਫੋਨ ਲੱਗਿਆ ਹੋਇਆ ਸੀ ਪਰ ਜਦੋਂ ਯਾਦ ਕੀਤਾ-ਪ੍ਰਹਿਲਾਦ ਨੇ ਜਦੋਂ ਯਾਦ ਕੀਤਾ-

*ਥੰਮ ਪਾੜ ਪਰਗਟਿਆ ਨਰ ਸਿੰਘ ਰੂਪ ਅਨੂਪ ਅਨਾਦਿ।*

*-ਵਾਰ ੧੦-੨*

ਕੋਈ ਇਹ ਗੱਲ ਮੰਨ ਸਕਦੈ ਬਈ, ਲੋਹੇ ਦਾ ਥੰਮ ਤੱਤਾ ਹੋਇਆ ਪਾਟ ਜਾਂਦਾ ਹੈ, ਉਹਦੇ ਵਿਚੋਂ ਫਿਰ ਰੂਪ ਨਿਕਲ ਸਕਦਾ ਹੈ, ਜਿਹਦਾ ਮੂੰਹ ਮਨੁੱਖ ਦਾ, ਧੜ ਸ਼ੇਰ ਦਾ, ਜਾਂ ਮੂੰਹ ਸ਼ੇਰ ਦਾ, ਧੜ ਮਨੁੱਖ ਦਾ ਹੈ —ਨਰ ਸਿੰਘ, 'ਨਰ ਤੇ ਸਿੰਘ' ਜਿਹੜਾ ਰੂਪ ਹੈ, ਫਿਰ ਜੋ ਕੁਛ ਹਰਨਾਖਸ਼ ਨੇ ਆਖਿਆ ਸੀ,''ਦਿਨੇ ਨਾ ਮਰਾਂ, ਰਾਤ ਨਾ ਮਰਾਂ, ਬਾਰ੍ਹਾਂ ਮਹੀਨਿਆਂ 'ਚ ਨਾ ਮਰਾਂ, ਕਿਸੇ ਹਥਿਆਰ ਨਾਲ ਨਾ ਮਰਾਂ, ਨਾ ਅੰਦਰ ਮਰਾਂ, ਨਾ ਬਾਹਰ ਮਰਾਂ'', ਦਹਲੀਜ਼ਾਂ ਉੱਤੇ ਧਰ ਕੇ, ਨਹੁੰਆਂ ਨਾਲ ਢਿੱਡ ਪਾੜਿਆ।

ਪਰਗਟਿਆ ਕਿ ਨਹੀਂ ਪਰਗਟਿਆ ? ਥੰਮ੍ਹ ਪਾੜ ਪ੍ਰਗਟਿਆ—ਭਾਈ ਗੁਰਦਾਸ ਹੀ ਨਹੀਂ ਨਿਰਾ ਕਹਿੰਦਾ, ਸਾਹਿਬ ਵੀ ਕਹਿੰਦੇ ਹਨ, ਗੁਰੂ ਅਮਰਦਾਸ ਜੀ ਭੈਰਉ ਰਾਗ ਵਿੱਚ ਕਹਿੰਦੇ ਹਨ–

**ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥**

*–ਭੈਰਉ ਮ:੩, ਪੰਨਾ–੧੧੩੩*

ਨਾਮਦੇਉ ਜੀ ਕਹਿੰਦੇ ਹਨ–

**ਹਰਨਾਖਸੁ ਜਿਨਿ ਨਖਹ[੫੨] ਬਿਦਾਰਿਓ[੫੩]**
**ਸੁਰਿ[੫੪] ਨਰ[੫੫] ਕੀਏ ਸਨਾਥਾ[੫੬]॥**
**ਕਹਿ ਨਾਮਦੇਉ ਹਮ ਨਰਹਰਿ ਧਿਆਵਹਿ**
**ਰਾਮੁ ਅਭੈ[੫੭] ਪਦ ਦਾਤਾ॥**

*–ਭੈਰਉ ਨਾਮਦੇਓ, ਪੰਨਾ–੧੧੬੫*

ਕਬੀਰ ਜੀ ਕਹਿੰਦੇ ਨੇ–

**ਕਹਿ ਕਬੀਰ ਕੋ ਲਖੈ ਨ ਪਾਰ॥**
**ਪ੍ਰਹਲਾਦ ਉਧਾਰੇ ਅਨਿਕ ਬਾਰ॥**

*–ਬਸੰਤ ਕਬੀਰ ਜੀ, ਪੰਨਾ–੧੧੯੪*

ਜਿਵੇਂ ਜੁਗ ਹੁੰਦੇ ਆਏ ਨੇ, ਅਨੇਕਾਂ ਵੇਰ ਹਰਨਾਖਸ਼ ਬਣੇ—ਆਏ, ਅਨੇਕਾਂ ਵੇਰਾਂ ਪ੍ਰਹਿਲਾਦ ਉਧਾਰੇ।

ਜਿਸ ਤਰ੍ਹਾਂ ਤੁਲਸੀ ਦਾਸ ਨੇ ਤੁਲਸੀ ਰਾਮਾਇਣ 'ਚ ਕਿਹਾ ਸੀ, ਉਹ ਗਰੜ ਜੀ ਨੂੰ ਜਦੋਂ ਸ਼ੰਕਾ ਹੋਈ ਸੀ—ਸ੍ਰੀ ਰਾਮ ਚੰਦਰ ਮਹਾਰਾਜ, ਉਹ

ਅਕਾਲ ਪੁਰਖ—ਉਹ ਕਿਉਂ ਸੀਤਾ ਪਿਛੇ ਰੋਂਦੇ ਫਿਰੇ ?

ਸ਼ੰਕਾ–ਨਾ ਨਿਬੇੜੀ ਸ਼ਿਵਜੀ ਨੇ—ਨਾ ਨਿਬੇੜੀ ਬ੍ਰਹਮਾ ਨੇ—ਨਾ ਨਬੇੜੀ ਸ਼ੇਸ਼ਨਾਗ ਨੇ, ਕਿਹਾ,''ਕਾਗ–ਭਸੁੰਡ ਪਾਸ ਜਾ।''

ਜਿਸ ਵੇਲੇ ਕਾਗ ਭਸੁੰਡ ਕੋਲ ਗਏ, ਕਾਗ ਭਸੁੰਡ ਕਹਿੰਦਾ,''ਦੇਖੀਂ ਗਰੜ ਜੀ, ਇਸ ਭੁਲੇਖੇ 'ਚ ਨਾ ਆ ਜਾਈਂ, ਇਹ ਨਰ—ਲੀਲਾ ਕਰਦੇ ਨੇ।''

ਸਾਂਗ ਜਿਹੜਾ ਬਣਾਉਂਦੇ ਨੇ, ਉਸਨੂੰ ਪੂਰਾ ਕਰਦੇ ਨੇ। ਜੇ ਉਹ ਸਾਂਗ ਨੂੰ ਪੂਰਾ ਨਾ ਕਰਨ, ਗੁਰੂ ਅਰਜਨ ਦੇਵ ਨੂੰ ਕੌਣ ਸੀ ਤਵੀਆਂ ਤੇ ਬਹਾਉਣ ਵਾਲਾ ? ਗੁਰੂ ਤੇਗ ਬਹਾਦਰ ਦਾ ਸਿਰ ਕੱਟਣ ਵੇਲੇ ਓਦਣ ਮੇਰੀ ਗੱਲ ਵਿੱਚ ਹੀ ਰਹਿ ਗਈ ਸੀ—ਕੱਚੀ ਤੰਦ ਬੱਧੀ ਹੋਈ ਤਲਵਾਰ ਨੂੰ ਜਿਹੜੀ ਤਲਵਾਰ ਮਾਰੀ, ਸੀਸ ਅਲਹਿਦਾ ਹੋ ਗਿਆ ਤੰਦ ਨਹੀਂ ਕੱਟੀ ਗਈ। ਸਤਿਗੁਰਾਂ ਨੂੰ ਫੜਕੇ ਕੌਣ ਲਿਜਾ ਸਕਦੈ ਜੋ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ ? ਰਾਮ ਚੰਦਰ ਦੀ ਸੀਤਾ ਨੂੰ, ਕੌਣ ਹੈ—ਰਾਵਣ ਲਿਜਾਣ ਵਾਲਾ ? ਉਹ ਆਪਣੇ ਕੌਤਕ–''ਆਪਣੇ ਖੇਲ ਆਪ ਕਰ ਦੇਖੈ'', ਆਪਣੀਆਂ ਖੇਡਾਂ ਕਰਨ ਵਾਲਾ ਹੈ, ਆਪਣੀ ਮੌਜ ਦਾ ਮਾਲਕ ਹੈ।

## ਭਾਈ ਰਾਇ ਸਿੰਘ ਦੀ ਸ਼ੇਰ ਤੋਂ ਰੱਖਿਆ

ਇਸ ਤਰ੍ਹਾਂ ਭਾਈ ਰਾਇ ਸਿੰਘ ਨੇ ਯਾਦ ਕੀਤਾ, ਸਤਿਗੁਰੂ ਉਹਦੇ ਪਾਸ ਖੜੇ ਹਨ।

*ਕਹੇ ਰਾਮ ਪ੍ਰਭੁ—ਦੇਖਤ ਮੇਰੇ।*

ਸਤਿਗੁਰੂ ਜੀ ਕਹਿੰਦੇ ਨੇ ਭਾਈ ਸਾਡੇ ਦੇਖਦਿਆਂ–ਦੇਖਦਿਆਂ।

*ਚੌਕੀ ਬੀਚ ਸਿਪਾਹੀਅਨ ਡੇਰੇ।*

ਜਿੱਥੇ ਸਿਪਾਹੀਆਂ ਦਾ ਡੇਰਾ ਏ, ਸਾਡੇ ਦੇਖਦਿਆਂ ਉੱਥੇ ਪਹੁੰਚ ਜਾਉ।

*ਚਲੇ ਜਾਉ ਨਿਰਭੈ ਹੋ ਕਰਕੇ।*

ਜਾਹ ਨਿਰਭੈ ਹੋ ਕੇ ਚਲਿਆ ਜਾਹ। ਤੈਨੂੰ ਕੋਈ ਡਰ ਨਹੀਂ, ਗੁਰੂ ਤੇਰੇ ਰਾਖੇ ਹਨ।

*ਯਾਦ ਕਰੋ ਕਰਤਾ ਰੁਜ ਹਰਕੇ।।੫੪।।*

ਜੋ ਰੁਜ ਹਰਨੇ ਵਾਲਾ ਹੈ, ਜੋ ਦੁੱਖ ਹਰਣੇ ਵਾਲਾ ਕਰਤਾ ਹੈ ਉਸ ਨੂੰ ਯਾਦ ਕਰ। ਜਿਹੜੇ ਯਾਦ ਕਰਦੇ ਹਨ, ਉਹਨਾਂ ਨੂੰ ਕਦੇ ਦੁੱਖ ਨਹੀਂ ਹੁੰਦਾ।

*ਕੇਹਰ ਇਸ ਸੇ ਬਦਲਾ ਲੀਨਾ।*

ਸ਼ੇਰ ਨੇ ਇਹਦੇ ਕੋਲੋਂ ਤੇ ਬਦਲਾ ਲੈਣਾ ਸੀ—ਪਿਛਲੇ ਜਨਮ ਦਾ, ਉਹ ਇਸਨੇ ਲਿਆ ਹੈ।

*ਆਦਿ ਦੀਆ ਇਸ ਨਰ ਦੁਖ ਪੀਨਾ।*

ਇਸ ਆਦਮੀ ਨੇ ਪਹਿਲੇ ਜਨਮ 'ਚ ਉਸਨੂੰ ਦੁੱਖ ਦਿੱਤਾ ਸੀ, ਉਸਨੇ ਉਹਦੇ ਕੋਲੋਂ ਬਦਲਾ ਲਿਆ ਹੈ।

*ਅਬ ਹੋ ਸ਼ੇਰ ਇਸੇ ਇਸ ਘਾਯੋ।*

ਉਹ ਸ਼ੇਰ ਬਣ ਕੇ ਇਸਨੂੰ ਮਾਰਿਆ ਹੈ।

*ਕੀਆ ਆਪਨਾ ਆਪੇ ਪਾਯੋ।।੫੫।।*

ਆਪਣਾ ਕੀਤਾ ਆਪੇ ਪਾਇਆ ਹੈ।

*ਪੀਛੇ ਜਨਮ ਪਾਇ ਇਸ ਮਾਰਾ।*

## ਪੂਰਬ ਜਨਮ ਕੌ ਲੇਖੁ ਨ ਮਿਟਈ

ਪਿਛਲੇ ਜਨਮ 'ਚ ਇਸਨੇ ਇਸਨੂੰ ਮਾਰਿਆ ਸੀ—ਭਾਈ ਬਦਲਾ ਦੇਣਾ ਪੈਂਦਾ। ਜਿਹੜੇ ਗੱਲ ਘੁੱਟਦੇ ਹਨ, ਭਾਈ ਗੁਰਦਾਸ ਜੀ ਕਹਿੰਦੇ ਹਨ–

*ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸੀ।*

ਸ਼ੇਰ ਨੇ ਫੜੀ ਬੱਕਰੀ, ਮਰਨ ਲੱਗੀ ਤੇ ਹੱਸੀ।

*ਸੀਹੁ ਪੁਛੈ ਵਿਸਮਾਦੁ ਹੋਇ,*
*ਇਤ ਅਉਸਰਿ ਕਿਤੁ ਰਹਸਿ ਰਹਸੀ।*

ਉਹ ਕਹਿੰਦੀ–

*ਅਕ ਧਤੂਰਾ ਖਾਧਿਆਂ ਕੁਹਿ ਕੁਹਿ ਖਲ ਉਖਲਿ ਵਿਣਸੀ।*

*ਮਾਸੁ ਖਾਨਿ ਗਲ ਵਢਿ ਕੈ ਹਾਲੁ ਤਿਨਾੜਾ ਕਉਣ ਹੋਵਸੀ।*

*–ਵਾਰ ੨੫-੧੭*

–ਕਿ ਅਸੀਂ ਅੱਕ ਧਤੂਰਾ ਖਾਣ ਵਾਲਿਆਂ ਦੀ ਕੋਹ ਕੋਹ ਕਰਕੇ ਖੱਲ ਲਾਹ ਲੈਂਦੇ ਨੇ, ਸਾਡੇ ਪੁੱਤਰਾਂ ਨੂੰ ਮਾਰਦੇ ਹਨ ਤੇ ਜਿਹੜੇ ਮਾਸ ਗਲ ਵੱਢ ਕੇ ਖਾਣਗੇ ਉਹਨਾਂ ਦਾ ਫਿਰ ਕੀ ਹਾਲ ਹੋਵੇਗਾ।

*ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ।*

ਭਾਈ ਗੁਰਦਾਸ ਕਹਿੰਦੇ ਹਨ–

*ਹਸਿ ਹਸਿ ਬੋਲੈ ਕੁਹੀਂਦੀ, ਖਾਧੇ ਅਕਿ ਹਾਲੁ ਇਹ ਹੋਆ।*
*ਮਾਸ ਖਾਨਿ ਗਲਿ ਛੁਰੀ ਦੇ ਹਾਲੁ ਤਿਨਾੜਾ ਕਉਣ ਅਲੋਆ।*

*–ਭਾਈ ਗੁਰਦਾਸ, ਵਾਰ ੩੭-੨੧*

ਸਾਹਿਬ ਵੀ ਕਹਿੰਦੇ ਹਨ—ਕਬੀਰ ਜੀ ਦੀ ਜ਼ਬਾਨੀ–

**ਕਬੀਰ ਖੂਬੁ[੫੮] ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ[੫੯] ਲੋਨੁ[੬੦]।।**
**ਹੇਰਾ[੬੧] ਰੋਟੀ ਕਾਰਨੇ ਗਲਾ ਕਟਾਵੈ ਕਉਨੁ।।**

*–ਪੰਨਾ-੧੩੭੪*

**ਜੀਅ ਜੁ ਮਾਰਹਿ ਜੋਰਿ ਕਰਿ**—ਇਹ ਝਟਕੇ ਵਾਲਾ ਪਾਸਾ ਆਇਆ ਨਾ—ਸ਼ਿਕਾਰ ਦਾ। ਫਿਰ, ਦੂਏ ਪਾਸੇ ਕਹਿੰਦੇ ਨੇ–

**ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ।।**
**ਦਫਤਰੁ ਦਈ[੬੨] ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ।।**

*–ਪੰਨਾ-੧੩੭੫*

*ਪਾਯੋ ਅਬ ਇਸ ਨਰ ਦੁਖ ਭਾਰਾ।*

ਇਹਨੇ ਤੇ ਬਦਲਾ ਲੈਣਾ ਸੀ।

*ਤੋ ਸੇ ਸਿੰਘ ਨਹੀਂ ਕੁਝ ਲੈਨਾ।*

ਤੇਰੇ ਕੋਲ ਸ਼ੇਰ ਨੇ ਕੁਛ ਨਹੀਂ ਲੈਣਾ ਭਾਈ।

*ਤੇਰਾ ਭੀ ਇਸ ਨਾ ਕੁਛ ਦੇਨਾ।।੫੬।।*

ਨਾ ਇਸਨੇ ਤੇਰਾ ਕੁਛ ਦੇਣਾ ਹੈ।

*ਪੂਰਬ ਜਨਮ ਜੋਈ ਨਰ ਕਰ ਹੈ।*

ਜੋ ਪੂਰਬਲੇ ਜਨਮ ਕਰਦਾ ਹੈ

**ਪੂਰਬ ਜਨਮ ਕੋ ਲੇਖੁ ਨ ਮਿਟਈ**—ਮਹਾਰਾਜ ਨੇ ਤ੍ਰਿਲੋਚਨ ਜੀ ਦੀ ਜ਼ੁਬਾਨੀ ਲਿਖਿਆ ਹੈ–

**ਨਾਰਾਇਣ ਨਿੰਦਸਿ[੬੩] ਕਾਇ[੬੪] ਭੂਲੀ ਗਵਾਰੀ[੬੫]॥**
**ਦੁਕ੍ਰਿਤੁ[੬੬] ਸੁਕ੍ਰਿਤੁ[੬੭] ਥਾਰੋ[੬੮] ਕਰਮੁ ਰੀ॥੧॥ਰਹਾਉ॥**
**ਸੰਕਰਾ[੬੯] ਮਸਤਕਿ ਬਸਤਾ[੭੦] ਸੁਰਸਰੀ ਇਸਨਾਨ ਰੇ॥**
**ਕੁਲ[੭੧] ਜਨ ਮਧੇ ਮਿਲ੍ਹਿੳ ਸਾਰਗ ਪਾਨ ਰੇ॥**
**ਕਰਮ ਕਰਿ ਕਲੰਕੁ[੭੨] ਮਫੀਟਸਿ[੭੩] ਰੀ॥੧॥**
**ਬਿਸ੍ਵ[੭੪] ਕਾ ਦੀਪਕੁ ਸ੍ਵਾਮੀ ਤਾ ਚੇ[੭੫] ਰੇ ਸੁਆਰਥੀ**
**ਪੰਖੀ ਰਾਇ ਗਰੁੜ ਤਾ ਚੇ ਬਾਧਵਾ[੭੬]॥**
**ਕਰਮ ਕਰਿ ਅਰੁਣ ਪਿੰਗੁਲਾ ਰੀ॥**
**ਅਨਿਕ[੭੭] ਪਾਤਿਕ ਹਰਤਾ ਤ੍ਰਿਭਵਣ[੭੮] ਨਾਥੁ ਰੀ॥**
**ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥**
**ਕਰਮ ਕਰਿ ਕਪਾਲੁ ਮਫੀਟਸਿ[੭੯] ਰੀ॥**
**ਅੰਮ੍ਰਿਤ ਸਸੀਅ[੮੦] ਧੇਨ ਲਛਿਮੀ ਕਲਪਤਰ**
**ਸਿਖਰਿ ਸੁਨਾਗਰ[੮੧] ਨਦੀ ਚੇ ਨਾਥੰ॥**
**ਕਰਮ ਕਰਿ ਖਾਰੁ ਮਫੀਟਸਿ ਰੀ॥**
**ਦਾਧੀਲੇ[੮੨]ਲੰਕਾ ਗੜੁ ਉਪਾੜੀਲੇ[੮੩] ਰਾਵਣ**
**ਬਣੁ ਸਲਿ[੮੪] ਬਿਸਲਿ ਆਣਿ ਤੋਖੀਲੇ[੮੫] ਹਰੀ॥**
**ਕਰਮ ਕਰਿ ਕਛਉਟੀ ਮਫੀਟਸਿ ਰੀ॥**
**ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ[੮੬]**
**ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥**
**ਬਦਤਿ[੮੭] ਤ੍ਰਿਲੋਚਨ ਰਾਮ ਜੀ॥**

*–ਧਨਾਸਰੀ ਤ੍ਰਿਲੋਚਨ ਜੀ, ਪੰਨਾ–੬੯੫*

*ਸੋ ਪਾਵੇ ਕਰਮਨ ਅਨੁਸਾਰ।*

ਕਰਮਾਂ ਅਨੁਸਾਰ ਜੋ ਪੂਰਬਲੇ ਜਨਮ ਕਰਦਾ ਹੈ। ਇਸੇ ਕਰਕੇ ਤਾਂ

ਭਾਈ ਸੱਚ ਬੋਲੋ, ਧਰਮ ਦੀ ਕਿਰਤ ਕਰੋ, ਕਿਸੇ ਦਾ ਭਲਾ ਕਰੋ, ਨਾ ਕਿਸੇ ਨਾਲ ਬੁਰਾ ਕਰੋ, ਕਿਸੇ ਨਾਲ ਧੋਖਾ ਨਾ ਕਰੋ, ਨਾ ਕਿਸੇ ਨੂੰ ਮਾਰੋ, ਫਿਰ ਤੁਹਾਨੂੰ ਇਸ ਜਨਮ ਦਾ ਅੱਗੇ ਵੀ ਫਲ ਮਿਲੇਗਾ। ਪਿਛਲੇ ਜਨਮ ਤੋਂ ਕੋਈ ਤੁਹਾਡਾ ਕਰਮ ਚੰਗਾ ਹੈ ਜਿਸ ਕਰਕੇ ਮਨੁਖਾ ਦੇਹ ਮਿਲੀ ਹੈ ਔਰ ਮਨੁਖਾ ਦੇਹ ਨੂੰ ਲੈ ਕੇ—**ਮਾਣਸ ਜਨਮੁ ਦੁਲੰਭੁ**—ਜੋ—**ਗੁਰਮੁਖਿ ਪਾਇਆ।**

## ਮਨੁੱਖਪੁਣਾ

ਮਨੁੱਖਾ ਜਨਮ—ਦੇਹ ਜਿਹੜੀ ਹੈ, ਇਹ ਦੁਰਲੱਭ ਦੇਹ ਮਿਲੀ ਹੈ ਔਰ ਇਸ ਦਾ ਫਾਇਦਾ ਕੀ ਹੈ ? ਉਹ ਇੱਕ ਕਵੀ ਨੇ ਲਿਖਿਆ ਹੈ ਕਿ–

*ਨੈਨਨ ਕਾ ਸਵਾਦ ਜੋ ਨੈਨਨ ਮੇਂ ਲਾਜ ਹੋ,*

–ਨੇਤ੍ਰਾਂ 'ਚ ਸ਼ਰਮ ਹੋਵੇ।

*ਬੈਨਨ ਕਾ ਸੁਆਦ ਬੈਨ ਮੀਠੇ ਕਹਿ ਸੁਨਾਈਏ।*

–ਬਚਨਾਂ ਦਾ ਸੁਆਦ ਤਾਂ ਹੈ ਜੇ ਬਚਨ ਮਿੱਠੇ ਕਰੀਏ, ਕਿਸੇ ਨੂੰ ਕੌੜਾ ਨਾ ਕਹੀਏ।

*ਰਾਜ ਕਾ ਸੁਆਦ ਜੋ ਦੂਸਰਾ ਨਾ ਹੋਏ ਕੋਈ,*

–ਰਾਜ ਦਾ ਤਾਂ ਸੁਆਦ ਹੈ ਜੇ ਦੂਸਰਾ ਰਾਜਾ ਨਾ ਹੋਵੇ।

*ਹੁਕਮ ਕਾ ਸੁਆਦ ਜੋ ਗਰੀਬ ਨ ਦੁਖਾਈਏ।*

–ਹੁਕਮ ਦਾ ਤਾਂ ਸੁਆਦ ਹੈ ਜੇ ਤਾਕਤ ਹੱਥ 'ਚ ਹੋਵੇ, ਗਰੀਬਾਂ ਦੇ ਨਾ ਗਲ ਵੱਢਦੇ ਫਿਰੀਏ, ਜਿਹੜਾ ਖਰਾਬੀ ਕਰੇ, ਗਰੀਬਾਂ ਨੂੰ ਤੰਗ ਕਰੇ ਉਹਨੂੰ ਫੜੀਏ।

*ਗ੍ਰਸਤ ਕਾ ਸੁਆਦ ਜੋ ਮਾਇਆ ਭਰਪੂਰ ਹੋਵੇ,*

–ਗ੍ਰਹਿਸਤ ਦਾ ਤਾਂ ਸੁਆਦ ਹੈ ਜੇ ਘਾਟਾ ਨਾ ਹੋਵੇ। ਰੋਟੀ ਨਹੀਂ, ਕਪੜਾ ਨਹੀਂ, ਆਹ ਨਹੀਂ, ਬੱਚਾ ਦੁਖੀ ਹੈ, ਲੜਕਾ ਦੁਖੀ ਹੈ, ਮੈਨੂੰ ਨਹੀਂ ਖਾਣ ਨੂੰ ਮਿਲਦਾ। ਪਰ ਕਹਿੰਦੇ ਨੇ–

*ਮਾਇਆ ਕਾ ਸੁਆਦ ਜੋ ਉਦਾਰ ਚਿਤ ਲਾਈਏ।*

–ਮਾਇਆ ਦਾ ਇਹੋ ਸੁਆਦ ਨਾ ਹੋਵੇ। ਉਹ ਕਿਸੇ ਦੇ ਹੱਥ 'ਚ ਆ ਗਈ ਸੀ—ਮਾਇਆ, ਸ਼ੂਮ ਦੀ ਗੱਲ ਲਿਖੀ ਹੈ। ਉਹ ਕਹਿੰਦਾ ਹੈ ਕਿ–

*ਖਾਨੇ ਦਰ ਖਾਨੇ ਤੁਇ ਖਾਨੇ ਦਰਵਾਸ ਦਿਉਂ,*
*ਹੋਈਂ ਨ ਉਦਾਸ ਯੇਹ ਮਨ ਚਾਉ ਰੀ।*
*ਖਾਊਂ ਨ ਖਿਲਾਊਂ, ਮਰ ਜਾਊਂ ਤੋ ਸਿਖਾਇ ਜਾਊਂ,*
*ਪੂਤ ਅਰ ਨਾਤੀ ਹੂੰ ਕੋ ਅਪਨੋ ਸੁਭਾਉ ਰੀ।*

–ਨਾ ਮੈ ਦੇਊ ਕਿਸੇ ਨੂੰ, ਨਾ ਖਾਊਂ, ਨਾ ਖਵਾਊਂ, ਮਰਨ ਲੱਗਾ ਸਿਖਾ ਜਾਊਂ ਪੁਤ੍ਰ ਪੋਤ੍ਰਿਆਂ ਨੂੰ ਕਿ ਇਹ ਨਹੀਂ ਦੇਣੀ।

*ਦਮੜੀ ਨ ਦੇਹੂੰ ਚਾਹੇ ਚਮੜੀ ਉਤਾਰੇ ਕੋਊ,*
*ਮਾਇਆ ਕੋ ਸ਼ੂਮ ਕਹੈ ਬੈਠੀ ਗੀਤ ਗਾਊਰੀ।*

ਇਕ ਹੋਰ ਕਵੀ ਨੇ ਲਿਖਿਆ ਹੈ–

*ਪੰਦਰਾਂ ਕਰੋੜ ਸੱਤ ਲੱਖ ਤੇ ਹਜ਼ਾਰ ਬਾਰਾਂ,*
*ਏਤਾ ਧਨ ਹੋਦੇ ਸ਼ੂਮ ਆਖੇ ਕਿਥੋਂ ਖਾਵਾਂਗੇ।*
*ਦਾਣਿਆਂ ਦੇ ਪੀਹਣ ਵਿਚੋਂ ਲੈ ਗਿਆ ਇਕ ਕੀੜਾ ਦਾਣਾ,*
*ਤਿਸਦੇ ਅੰਦੇਸੇ ਨਾਲ ਰੋਟੀ ਨਾ ਪਕਾਵਾਂਗੇ।*
*ਪੁਤ੍ਰਾਂ ਨੂੰ ਆਖੇ ਲੈ ਆਓ ਮੁੰਝ ਤੇ ਵੱਟੋ ਵਾਣ,*
*ਰਾਤ ਦੇ ਗੁਜ਼ਾਰੇ ਜੋਗੇ ਪੈਸੇ ਖਟ ਲਿਆਵਾਂਗੇ।*
*ਡੁੱਲ ਗਿਆ ਤੇਲ ਸ਼ੂਮ ਦਾੜੀ ਨੂੰ ਘਸਾਵੇ ਲੋਕੋ,*
*ਇਤਨਾ ਹਰਜਾ ਅਸੀਂ ਕਿਉਂ ਕਰ ਜਰ ਜਾਵਾਂਗੇ।*

ਧਿਆਨ ਦਿਓ, ਇਹ ਮਾਇਆ ਨਾ ਕਿਸੇ ਦੀ ਹੋਈ ਹੈ, ਨਾ ਇਹਨੇ ਹੋਣਾ ਹੈ, ਨਾ ਇਹ ਕਿਸੇ ਦੇ ਕੋਲ ਰਹੀ ਹੈ।

**ਸਰਪਨੀ ਤੇ ਊਪਰਿ ਨਹੀਂ ਬਲੀਆ।।**
**ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ।।**

*–ਪੰਨਾ–੪੮੦*

ਭਾਈ ਮਾਇਆ ਤੋਂ ਬੱਚੋ, ਮਾਇਆ ਬੜੀ ਬੁਰੀ ਚੀਜ਼ ਹੈ—*ਮਾਇਆ ਕਾ ਸੁਆਦ ਜੋ ਉਦਾਰ ਚਿਤ ਲਾਈਏ।* ਜੇ ਪਾੜਛਾ ਨਾ ਲੱਗਾ ਹੋਵੇ ਤਾਂ

ਕੋਠਾ ਢਹਿ ਜਾਂਦਾ ਹੈ, ਜੇ ਪਾਣੀ ਖੜਾ ਰਹੇ ਤਾਂ ਗੰਦਾ ਹੋ ਜਾਂਦਾ ਹੈ। ਧਿਆਨ ਦਿਉ, *ਮਾਇਆ ਕਾ ਸੁਆਦ ਜੋ ਉਦਾਰ ਚਿਤ ਲਾਈਏ।*

*ਖਾਣੇ ਕਾ ਸੁਆਦ ਪਹਿਲੇ ਔਰ ਕੋ ਖੁਆਇ ਲੇਤ।*

ਭਰਥਰੀ ਜੀ ਮਹਾਰਾਜ—ਪਾਰਬਤੀ ਜੀ ਕਹਿੰਦੇ ਨੇ ਇੱਕ ਦਿਨ ਸ਼ਿਵ ਜੀ ਨੂੰ, ਮੈਨੂੰ ਭਰਥਰੀ ਆਪਣਾ ਭਗਤ ਤੇ ਦਿਖਲਾਓ।

ਕਹਿਣ ਲੱਗੇ,''ਕੀ ਲੈਣਾ ਹੈ ਤੂੰ ? ਨਾ ਉਹਨੂੰ ਕੁਛ ਕਹੋ।''

ਕਹਿੰਦੀ,''ਨਹੀਂ।''

ਭਰਥਰੀ ਜੀ ਤਿੰਨ ਦਿਨਾਂ ਦੇ ਭੁੱਖੇ ਹਨ, ਮੜ੍ਹੀਆਂ ਵਿੱਚ ਜਾ ਕੇ ਬੈਠੇ ਹਨ–ਸਿਵਿਆਂ 'ਚ। ਉੱਥੇ ਉਹ ਪਿੰਨ ਭਰਾ ਕੇ ਕਿਸੇ ਨੇ ਰੱਖੇ ਹੋਏ ਸਨ, ਉਹਨਾਂ ਨੂੰ ਲੈ ਕੇ ਤੇ ਸੇਕ ਕੇ ਖਾਣ ਲੱਗੇ ਹਨ।

ਮਾਤਾ ਪਾਰਬਤੀ ਜੀ ਪਿਛਲੇ ਪਾਸੇ ਜਾ ਕੇ ਕਹਿੰਦੇ ਨੇ,''ਭਗਤਾ।''

ਤਿੰਨ ਪਿੰਨ ਸਨ—ਇੱਕ ਪਿੰਨ ਫੜਕੇ ਕਹਿੰਦੇ ਨੇ,''ਲਉ ਸ਼ਿਵਾ ਦੇ ਨਾਂ ਤੇ, ਤੁਸੀਂ ਇੱਕ ਪਿੰਨ ਲੈ ਲਉ—ਅਸੀਂ ਦੋ ਨਾਲ ਹੀ ਗੁਜ਼ਾਰਾ ਕਰ ਲਵਾਂਗੇ।''

ਉਹ ਫਿਰ ਕਹਿੰਦੀ ਹੈ,''ਭਗਤਾ।''

ਕਹਿੰਦੇ ਨੇ,''ਅੱਛਾ ਲਉ ਸ਼ਿਵਾ ਦੇ ਨਾਂ ਪਰ ਤੁਸੀਂ ਦੋ ਲੈ ਲਉ, ਅਸੀਂ ਇੱਕ ਨਾਲ ਹੀ ਗੁਜ਼ਾਰਾ ਕਰ ਲਵਾਂਗੇ।''

ਤੀਸਰੀ ਵਾਰ ਉਹ ਫਿਰ ਕਹਿੰਦੀ ਹੈ,''ਭਗਤਾ।''

''ਲੈ ਸ਼ਿਵਾ ਦੇ ਨਾਂ ਤੇ, ਤੁਸੀਂ ਇਹ ਵੀ ਲੈ ਲਉ, ਅਸੀਂ ਕੱਲ ਨੂੰ ਛਕ ਲਵਾਂਗੇ।''

–ਤਿੰਨਾਂ ਦਿਨਾ ਦੇ ਅੱਗੇ ਭੁੱਖੇ ਹਨ।

- - - - - - - - - - - - - - - - - - -
- - - - - - - - - - - - - - - - - - -
- - - - - - - - - - - - - - - - - - -

## ਟਿੱਪਣੀਆਂ

ਭਾਈ ਰਾਇ ਸਿੰਘ ਦੀ ਕਥਾ ਚੋਪਈ ੫੭ ਤੋਂ ੮੨ ਤਕ ਦੀ ਟੇਪਾਂ ਵਿੱਚ ਉਪਲਬਧ ਨਹੀਂ ਹੋ ਸਕੀ। ਪਾਠਕਾਂ ਦੀ ਜਾਣਕਾਰੀ ਅਤੇ ਲੜੀ ਜੋੜਨ ਲਈ ਇਹ ਹਿੱਸਾ ਸਤਿਗੁਰੂ ਬਿਲਾਸ ਪਾ: ੧੨ ਵਿੱਚੋਂ ਜਿਉਂ ਦਾ ਤਿਉਂ ਹੇਠਾਂ ਦਿੱਤਾ ਜਾ ਰਿਹਾ ਹੈ।

ਤਾਂਤੇ ਸੁਭ ਕਰਮਨ ਕੋ ਕੀਜੈ।।
ਦੋ ਲੋਕਨ ਮੈਂ ਸੁਖੀ ਰਹੀਜੈ।।੫੭।।
ਏਤੀ ਬਾਣੀ ਪ੍ਰਭੂ ਸੁਣਾਈ।
ਰਾਇ ਸਿੰਘ ਬੰਦੇ ਗੁਰ ਪਾਈ।।
ਚੌਕੀ ਕੇ ਦਰ ਪਰ ਜਬ ਆਯੋ।।
ਕਾਂਪੀ ਧਰਤ ਬਡੋ ਭੁੰਚਾਯੋ।।੫੮।।
ਦੇਖ ਸਿਪਾਹੀ ਹੋਇ ਹੈਰਾਨ।।
ਸਤਿਗੁਰ ਖੈਂਚੀ ਧਰਤ ਤਨਾਨ।
ਤਿਸ ਛਿਨ ਭੈਣੀ ਸਾਹਿਬ ਆਏ।।
ਮਾਇਆ ਪਰੀ ਸਭੇ ਸੁਪਤਾਏ।।੫੯।।
ਸੈ ਕੋਸਾਂ ਤੇ ਸਿੰਘ ਛੁਡਾਇ।।
ਸਤਿਗੁਰ ਥਿਰੇ ਪਲੰਘ ਪਰ ਆਇ।।
ਚੀਨੀ ਗਰਮੀ ਜੀਨ ਨਿਸਾਨਾ।।
ਦੇਖੇ ਸਿੰਘਨ ਜਿ ਥੇ ਮਤਵਾਨਾ।।੬੦।।
ਆਪਸ ਮਾਹਿ ਸੁ ਕਰਤ ਵਿਚਾਰੀ।।
ਦੌੜਾਈ ਕਿਨ ਚੀਨੀ ਪਿਆਰੀ।।
ਛਮ ਛਮ ਸ੍ਵੇਦ ਚਲਾ ਇਸ ਕੇਰਾ।।
ਅਚਰਜ ਦੀਸੈ ਏਹੁ ਬਡੇਰਾ।।੬੧।।
ਇਨੇ ਰੈਣ ਮੈਂ ਕਿਨੈ ਨਹਾਯੋ।।
ਰਾਤੋ ਰਾਤੀ ਯਾ ਦੌੜਾਯੋ।।
ਨੈਨਨ ਮੈਂ ਹਮ ਰੈਣ ਬਿਤਾਈ।।

ਕਿਆ ਏ ਗਤਿ ਕੀਲੀ ਜਗ ਰਾਈ।।੬੨।।
ਸਤਿਗੁਰ ਸੇ ਪੂਛੇਂ ਚਲ ਬਾਤੀ।।
ਇਹੁ ਕਿਆ ਕੌਤਕ ਹੋਇਆ ਰਾਤੀ।।
ਜਾਇ ਗੁਰੂ ਢਿਗ ਕੀਨੀ ਬੰਦਨ।।
ਬਿਨਤੀ ਕਰੀ ਨਿਕਟ ਦੁਖ ਕੰਦਨ।।੬੩।।
ਹੇ ਪ੍ਰਭੂ-ਘੋੜੀ ਚੀਨੀ ਹੂੰਕੋ।।
ਦੌੜਾ ਨਿਸ ਲੈ ਗਯਾ ਕਹੂੰ ਕੋ।।
ਆਵਤ ਜਾਤ ਨ ਦੀਸਾ ਕੋਈ।।
ਥਕੀ ਸ੍ਵੇਦ ਕਾਠੀ ਚਿੰਨ੍ਹ ਹੋਈ।।੬੪।।
ਬਡੋ ਅਚੰਭ ਨਿਰੰਜਨ ਕਰਤੇ।।
ਚਿੰਤਾ ਸਹਿਤ ਪ੍ਰਭੂ ਕੇ ਡਰਤੇ।।
ਬਹੁ ਸੁਚੇਤ ਹਮ ਰਾਤ ਗੁਜਾਰੀ।।
ਏ ਪਰ ਦੇਖਾ ਅਚਰਜ ਭਾਰੀ।।੬੫।।
ਸਤਿਗੁਰ ਬੋਲੇ ਚੁਪ ਹੋ ਭਾਈ।।
ਚੀਨੀ ਕਹਾਂ ਕਿਨੈ ਦੌੜਾਈ।।
ਬੋਲੇ ਸਿੱਖ ਪ੍ਰਭੂ ਗਲ ਸਾਚੀ।।
ਕੂੜੀ ਬਾਤ ਨ ਤੁਮ ਢਿਗ ਬਾਚੀ।।੬੬।।
ਬੋਲੇ ਗੁਰ, ਸਿਖੋ ਓਹ ਜਾਣੈ।।
ਵਰਤੈ ਸਭ ਗੁਰ ਨਾਨਕ ਭਾਣੈ।।
ਡਰ ਕਰ ਸਿਖ ਚੁਪ ਸਭ ਭਏ।।
ਸੋਚ ਫਿਕਰ ਨਹਿ ਮਨ ਤੇ ਗਏ।।੬੭।।
ਹੰਸੇ ਗੁਰ ਰਾਇ ਸਿੰਘ ਜੋ ਆਵੈ।।
ਸੋ ਆਛੀ ਬਿਧਿ ਹਾਲ ਸੁਣਾਵੈ।।
ਤਾਕੋ ਸਭ ਕੁਛ ਹੋਰੁ ਮਲੂਮ।।
ਆਵੈਗੋ ਜਬ ਈਹਾਂ ਘੂਮ।।੬੮।।
ਸੰਸਾ ਕੁਛ ਸਿਖਨ ਕੋ ਚੂਰੇ।।
ਕੋ ਇਹ ਖੇਲ ਕੀਓ ਗੁਰ ਪੂਰੇ।।
ਉਧਰ ਰਾਇ ਸਿੰਘ ਪੰਥ ਉਲੰਘ।।

ਗਇਓ ਦੁਆਰੇ ਗੋਬਿੰਦ ਸਿੰਘ।।੬੯।।
ਸ੍ਰੀ ਅਬਿਚਲ ਨਗਰੀ ਜਿਹ ਨਾਮ।।
ਸੁੰਦਰ ਤਾਹਿ ਸਿਖ ਅਭਿਰਾਮ।।
ਫੂਲ ਮੂਲ ਮਗ ਮੈਂ ਗਣ ਲੀਏ।।
ਗੁਰਦ੍ਵਾਰੇ ਬਰਸਾਵਣ ਕੀਏ।।੭੦।।
ਵਾਹਿਗੁਰੂ ਕੀ ਫਤੇ ਗਜਾਈ।
ਪੰਚਾਮ੍ਰਿਤ ਅਰ ਭੇਟ ਚੜ੍ਹਾਈ।।
ਦਰਸ ਖਾਲਸੇ ਕੋ ਲੈ ਭਾਈ।।
ਦੇਗ ਕਰਾਇ ਸਰਬ ਬੰਟਵਾਈ।।੭੧।।
ਸਿੰਘਨ ਮੇਲ ਭਲੀ ਬਿਧਿ ਕੀਨ।।
ਸਿਦਕਵਾਨ ਗੁਰ ਕੋ ਸਿਖ ਚੀਨ।।
ਬਹੁ ਪ੍ਰਸੰਨ ਇਤ ਉਤ ਮਿਲ ਹੋਏ।।
ਗੁਰ ਪਿਆਰੇ ਮਿਲ ਸਭ ਦੁਖ ਖੋਏ।।੭੨।।
ਆਪਨ ਗੁਣ ਤਹਿ ਪਰਗਟ ਕੀਨੇ।
ਰਾਇ ਸਿੰਘ ਗੁਣ ਸਰਬ ਪ੍ਰਬੀਨੇ।।
ਕੀਰਤਨ ਸ਼ਬਦ ਭਜਨ ਕੋ ਰੰਗ।।
ਕਥਾ ਗ੍ਰੰਥ ਸਾਹਿਬ ਪ੍ਰਸੰਗ।।੭੩।।
ਰੋਜ ਬਰੋਜ ਕੀਓ ਬਡ ਪ੍ਰੇਮ।।
ਸੇਵਾ ਕਰੈ ਕਥਾ ਸਹਿ ਨੇਮ।।
ਸਾਢੇ ਤੀਨ ਮਾਸ ਮਹਿ ਕਥਾ।।
ਕਰੀ ਸੁ ਰਾਇ ਸਿੰਘ ਮਤ ਜਥਾ।।੭੪।।
ਗੁਰੁ ਰੀਤੀ ਨਿਤ ਪ੍ਰਤਿ ਤਹਿ ਲਿਖੇ।।
ਜੈਸੀ ਤਿਸ ਗੁਰਦੁਆਰੇ ਦਿਖੇ।।
ਚਾਰ ਤਹਾਂ ਭਾਰੇ ਤਨਖਾਹੀ।।
ਬਹੁ ਸਜਾਇ ਡੰਨ ਲੈ ਬਖਸਾਹੀ।।੭੫।।
ਕੇਸਨ ਮੂੰਡ ਤੁਰਕਣੀ ਰਵੈ।।
ਗੋ ਬਧ ਅਉਰ ਤਮਾਕੂ ਛੁਵੈ।।
ਅਉਰ ਅਘੀ ਜੇਤਕ ਕੋ ਹੋਈ।।

ਤੇਤੇ ਡੰਨ ਸਕਤਿ ਜਿਤ ਕੋਈ।।੭੬।।
ਅਉਰ ਰਹਿਤ ਦਸਮੇ ਗੁਰ ਰੀਤੀ।।
ਦੇਖੀ ਤਾਹਿ ਲਿਖੀ ਸਹਿ ਪ੍ਰੀਤੀ।।
ਇਸ ਬਿਧ ਗ੍ਰੰਥ ਸਾਹਿਬ ਕੋ ਭੋਗ।।
ਪੂਰਨ ਕੀਆ ਸੁ ਕਰਨੈ ਜੋਗ।।੭੭।।
ਤ੍ਰੈ ਸੌ ਚੜਿਆ ਭੇਟ ਰੁਪੱਯਾ।।
ਦੀਨਨ ਰਾਇ ਸਿੰਘ ਕੋ ਭੱਯਾ।।
ਕੌਡੀ ਏਕ ਲਈ ਤਿਨ ਨਾਹੀ।।
ਸਿੰਘਨ ਯਤਨ ਕੀਏ ਬਹੁ ਤਾਹੀ।।੭੮।।
ਰਾਇ ਸਿੰਘ ਜੋਰੇ ਤਬ ਹਾਥ।।
ਕਰੀ ਬੇਨਤੀ ਸਿੰਘਨ ਸਾਥ।।
ਸੁਣੋ ਮੀਤ ਗੁਰ ਭਾਈ ਮੇਰੇ।।
ਸਭ ਹਮ ਤੁਮ ਇਸ ਦ੍ਵਾਰੇ ਚੇਰੇ।।੭੯।।
ਸੇਵਾ ਜਿਤਨੀ ਹੋਇ ਸੁ ਕਰੀਏ।।
ਦੀਨ ਦੁਨੀ ਕੋ ਦੁਖ ਪਰਹਰੀਏ।।
ਇਹ ਗੁਰਦੁਆਰਾ ਗੁਰੂ ਕੋ ਆਲੀ।।
ਮਾਰਗ ਖਾਲਿਸ ਕੋ ਜੋ ਵਾਲੀ।।੮੦।।
ਸਭ ਹਿੰਦਨ ਕੀ ਰਾਖੀ ਲਾਜ।।
ਕਲਾ ਧਾਰ ਬਡ ਕੀਏ ਕਾਜ।।
ਤੁਰਕਨ ਮਾਨ ਤਾਨ ਕੋ ਤੋੜਾ।।
ਨੌਰੰਗ ਪਾਪੀ ਕੋ ਸਿਰ ਫੋੜਾ।।੮੧।।
ਬਾਂਧ ਕਮਰ ਕਰ ਧਨਖ ਵਾ ਤੇਗ।।
ਮਾਰੇ ਦੁਸ਼ਟ ਦਮਨ ਕਰਿ ਬੇਗ।।
ਸਾਹਿਬਜ਼ਾਦਿਉਂ ਕੇ ਸਹਿ ਲੜੇ।।
ਧੌਂਸਾ ਮਾਰ ਤੁਰਕਨ ਨਹਿ ਚੜੇ।।੮੨।।

## ਸ਼ਬਦਾਰਥ

੧. ਬੇਮੁਖ੍ਹ, ਪਤਿਤ, ਰੱਬ ਨਾਲੋਂ ਟੁੱਟਿਆ ਹੋਇਆ ਮਨੁੱਖ
੨. ਭਾਂਡਾ
੩. ਛੂਹੀਏ, ਹੱਥ ਲਾਈਏ
੪. ਸੂਰ
੫. ਪਿੰਡ ਨੂੰ ਸਾਫ ਰੱਖਦਾ ਹੈ ਕਿਉਂਕਿ ਇਹ ਵਿਸ਼ਟਾ ਖਾ ਜਾਂਦਾ ਹੈ
੬. ਬੁਰੀ ਸੰਗਤ
੭. ਬੇਰੀ ਦਾ ਬ੍ਰਿਛ
੮. ਵੇਖ ਭਾਵ ਮੇਲ ਕਰ
੯. ਦੇਵਤਿਆਂ ਦੀ ਪੁਰੀ
੧੦. ਮੋੜ ਲੈਂਦਾ (ਸਫਲ ਕਰ ਦੇਂਦਾ ਹੈ)
੧੧. ਸਵਾਸਾਂ ਰੂਪੀ
੧੨. ਜਨਮ ਸਾਖੀ ਭਾਈ ਬਾਲਾ ਪੰਨਾ ੪੪੨ ਸਾਖੀ ਭਾਈ ਮਰਦਾਨੇ ਦੇ ਚਲਾਣੇ ਦੀ
੧੩. ਚੇਤਨਤਾ
੧੪. ਪ੍ਰਚਾਰ, ਉਚਾਰ
੧੫. ਬੇਫਿਕਰ
੧੬. ਘੂਕ
੧੭. ਮਹਾਂਦਾਨੀ
੧੮. ਹੇ ਸੁੰਦਰ ਨੈਣਾਂ ਵਾਲਿਆ ! ਹੇ ਕ੍ਰਿਸ਼ਨ ਜੀ
੧੯. ਵਿਚਾਰ, ਝਿਝਕ ਨਾ ਕਰਨੀ
੨੦. ਚਿੱਠੀ ਪੜ੍ਹਦਿਆਂ ਸਾਰ
੨੧. ਚਿੱਠੀ
੨੨. ਛੇਤੀ ਚਲੇ ਆਉ
੨੩. ਏਧਰ
੨੪. ਦੁਆਰਕਾ
੨੫. ਮੇਰੀ ਹਾਲਤ
੨੬. ਪੰਖ ਲਾਕੇ, ਉਡ ਕੇ ਭਾਵ ਬਹੁਤ ਛੇਤੀ ਆਉ
੨੭. ਹੋ ਜਾਹ
੨੮. ਪਹੇ (ਰਸਤੇ) ਦੀ
੨੯. ਜੋ ਸਭ ਵਿਚ ਹੈ
੩੦. ਤੋੜਦਾ ਹੈ
੩੧. ਦੂਜਾ
੩੨. ਮਾਲਕ ਦੇ
੩੩. ਦਰਗਾਹ ਵਿਚ ਵਾੜਿਆ ਜਾਂਦਾ ਹੈ
੩੪. ਰਸਤੇ ਦਾ
੩੫. ਰਾਹੀ
੩੬. ਧਰਤੀ ਤੇ
੩੭. ਮਿੱਟੀ
੩੮. ਸਭ ਨਾਲ ਮਿਲ ਕੇ ਸਰਬ ਰੂਪ ਹੁੰਦਾ ਹੈ
੩੯. ਠੰਡਾ
੪੦. ਤੱਤਾ
੪੧. ਸਤਿਗੁਰੂ ਰਾਮ ਸਿੰਘ ਜੀ ਦਾ

ਪ੍ਰਦੇਸ ਗਵਨ ਕਰਨਾ ੧੮ ਜਨਵਰੀ ਸੰਨ ੧੮੭੨
੪੨. ਧਨ ਨੂੰ
੪੩. ਗੌਰਵਤਾ, ਵਡਿਆਈ
੪੪. ਦੇਣੀ ਹੈ
੪੫. ਲੱਖ ਬਾਹਾਂ
੪੬. ਛਾਇਆ ਹੈ
੪੭. ਹੱਥ ਨਹੀਂ ਪਾ ਸਕਦਾ
੪੮. ਮਿਲਿਆ
੪੯. ਪੱਤ, ਇੱਜ਼ਤ
੫੦. ਦਵਾਈ
੫੧. ਰੋਗ
੫੨. ਨਹੂੰਆਂ ਨਾਲ
੫੩. ਨਾਸ ਕਰ (ਮਾਰ) ਦਿੱਤਾ
੫੪. ਦੇਵਤੇ
੫੫. ਪੁਰਸ਼
੫੬. ਸਫਲ
੫੭. ਨਿਰਭੈ ਅਵਸਥਾ ਦੇ ਦੇਣ ਵਾਲਾ
੫੮. ਖ਼ੂਬ ਚੰਗਾ ਹੈ
੫੯. ਘਿਉ
੬੦. ਲੂਣ
੬੧. ਸ਼ਿਕਾਰ, ਮਾਸ
੬੨. ਦਯਿ-ਧਰਮਰਾਜ
੬੩. ਨਿੰਦਦੀ ਹੈ
੬੪. ਕਿਉਂ
੬੫. ਮੂਰਖੇ
੬੬. ਪਾਪ ਕਰਮ, ਦੁੱਖ
੬੭. ਪੁੰਨ ਕਰਮ, ਸੁੱਖ
੬੮. ਤੇਰੇ
੬੯. ਸ਼ਿਵ ਜੀ ਦੇ
੭੦. ਮੱਥੇ ਤੇ ਵਸਦਾ (ਚੰਦ੍ਰਮਾ)
੭੧. ਇਸ (ਚੰਦ) ਦੀ ਕੁਲ ਵਿੱਚ
੭੨. ਦੋਸ਼ ਲੱਗਾ ਹੋਇਆ ਹੈ
੭੩. ਅਮਿਟ ਹੈ
੭੪. ਸ੍ਰਿਸ਼ਟਿ
੭੫. ਤਿਸ (ਸੂਰਜ) ਦਾ
੭੬. ਭਾਈ
੭੭. ਅਨੇਕਾਂ ਪਾਪ
੭੮. ਤ੍ਰਿਲੋਕੀ ਦਾ ਨਾਥ
੭੯. ਖੋਪਰੀ ਦਾ ਕਲੰਕ ਟਲਿਆ ਨਹੀਂ ਅਮਿੱਟ ਹੋ ਗਿਆ
੮੦. ਚੰਦ੍ਰਮਾ
੮੧. ਚਤਰ ਧਨੰਤਰ ਵੈਦ
੮੨. ਸਾੜ ਦਿੱਤਾ
੮੩. ਪੁੱਟ ਸੁਟਿਆ
੮੪. ਜ਼ਖਮ ਨੂੰ ਠੀਕ ਕਰਨ ਵਾਲੀ ਸੰਜੀਵਨੀ ਬੂਟੀ
੮੫. ਪ੍ਰਮੇਸ਼ਰ ਦੇ ਅਵਤਾਰ ਰਾਮ ਚੰਦ੍ਰ ਜੀ ਨੂੰ ਪ੍ਰਸੰਨ ਕੀਤਾ
੮੬. ਹੇ ਘਰ ਵਾਲੀ ਇਸਤ੍ਰੀ
੮੭. ਕਹਿੰਦਾ ਹੈ

# ਬੰਕੋਕ-੭-੧੨-੧੯੪੮

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੈਠਿਆਂ ਹੋਇਆਂ ਨੇ, ਅਟਾਰੀ ਵਿੱਚੋਂ ਇੱਕ ਤੀਰ ਮਾਰਿਆ ਹੈ, ਜਿਸ ਤੀਰ ਨਾਲ ਦਸ ਹਜ਼ਾਰ ਮੁਸਲਮਾਨ ਮਰ ਗਿਆ, ਇੱਕ ਹੋਰ ਤੀਰ ਮਾਰਿਆ ਏ, ਉਸਦੇ ਨਾਲ ਫੇਰ ਦਸ ਹਜ਼ਾਰ ਮੁਸਲਮਾਨ ਮਰ ਗਿਆ। ਅਗਰ ਸੌ ਤੀਰ ਚਲਾ ਦਿੰਦੇ, ਦਸ ਲੱਖ ਖਤਮ ਹੋ ਜਾਂਦਾ ਪਰ ਕਹਿੰਦੇ,''ਨਹੀਂ ਭਾਈ, ਇਹ ਕੰਮ ਨਹੀਂ ਕਰਨਾ, ਭਾਣੇ ਦੇ ਅੰਦਰ ਰਹਿਣੈ ਔਰ ਇਹ ਮਰਯਾਦਾ ਨਹੀਂ।''

ਗੁਰੂ ਸਾਹਿਬ ਮਹਾਰਥੀ ਔਰ ਮਹਾਂਧਨੁਸ਼ਧਾਰੀ ਥੇ। ਇਸ ਸ਼ਬਦ ਨੂੰ ਕੋਈ ਸਮਝਦਾ ਨਹੀਂ ਕਿ ਕਿਆ ਇਹਦਾ ਮਤਲਬ ਹੈ—ਮਹਾਂਧਨੁਸ਼ਧਾਰੀ ਦਾ। ਤੀਰ-ਉਹ ਮੈਨੂੰ ਮਿਲੀਆਂ ਨੇ ਮੁਖੀਆਂ ਸਤਿਗੁਰਾਂ ਦੀ ਕਿਰਪਾ ਹੋਈ--ਜਿਹਨਾਂ ਵਿੱਚ ਸੋਨਾ ਲੱਗਾ ਹੋਇਆ ਔਰ ਚੌੜੀਆਂ ਵੀ ਮੇਰੀ ਇੱਕ ਉਂਗਲ ਤੋਂ ਜ਼ਿਆਦਾ ਹਨ, ਦੋ ਨਾਲੋਂ ਛੋਟੀਆਂ ਹਨ, ਏਡੇ ਏਡੇ ਲੰਮੇ ਫ਼ਲ ਹਨ। ਜੇ ਹੁਣ, ਉਂਝ ਤੁਸੀਂ ਤੀਰ ਦੇਖੋ-ਸਾਡੇ ਸਿੱਖਾਂ ਵੇਲੇ ਦੇ ਵੀ—ਬੜੇ ਪਤਲੇ ਹਨ, ਪਰ ਉਹਨਾਂ ਦੀਆਂ ਮੁਖੀਆਂ ਏਡੀਆਂ-ਏਡੀਆਂ ਵੱਡੀਆਂ ਹਨ। ਉਹੀ ਸਨ ਜੋ ਕੁਛ ਉਹ ਕਰਦੇ ਸਨ-ਉਹਨਾਂ ਦੀ ਖੇਡ ਉਹਨਾਂ ਨਾਲ।

ਓਦੂੰ ਬਾਅਦ, ਸਰਦਾਰ ਹਰੀ ਸਿੰਘ ਨਲੂਏ ਦਾ ਜਮਰੌਦ ਵਿੱਚ ਜਾ ਕੇ ਡੋਲ ਪਿਆ ਵੇਖਿਆ ਸੀ। ਅੱਜ ਕੱਲ੍ਹ ਦਾ ਆਦਮੀ ਖਾਲੀ ਡੋਲ ਮਸਾਂ ਚੁੱਕਦਾ । ਬਾਹਰ ਖੱਚਰਾਂ ਭੇਜੀਆਂ ਨੇ ਪਾਣੀ ਲੈਣ ਨੂੰ, ਖੱਚਰਾਂ ਵਾਲਿਆਂ ਨੂੰ ਕਤਲ ਕਰ ਦਿੱਤਾ ਗਿਆ। ਕਹਿੰਦੇ ਨੇ,''ਖਾਲਸੇ ਦਾ ਕੰਮ ਹੈ ਹੁਣ

ਜਮਰੌਦ ਦੇ ਕਿਲ੍ਹੇ 'ਚ ਕਿ ਪਾਣੀ ਕੱਢ ਕੇ ਪੀਣੈ ਖੂਹ 'ਚੋਂ।'' ਨੌ ਹੱਥ ਚੌੜਾ ਖੂਹ ਹੈ, ਪੱਥਰ ਹੈ, ਇੱਕ ਸੌ ਚਾਲੀ-ਪੰਤਾਲੀ ਹੱਥ ਉੱਤੇ ਪਾਣੀ ਨਿਕਲਿਆ। ਪਾਣੀ ਕੱਢ ਕੇ ਪੀਤਾ ਸਿੱਖਾਂ ਨੇ।

ਸਾਡਾ ਨਾਉਂ ਰਹਿ ਗਿਆ, ਅਸੀਂ ਤਸਵੀਰਾਂ ਬਣ ਗਏ ਹਾਂ, ਕਾਗਜ਼ ਦੀਆਂ ਮੂਰਤਾਂ—ਸਿੱਖ ਸਾਡੇ। ਸਤਿਗੁਰ ਬਖਸ਼ਸ਼ ਕਰਨ, ਅਰਦਾਸ ਕਰਿਆ ਕਰੋ ਸਾਡੇ ਉੱਤੇ ਬਖ਼ਸ਼ਸ਼ ਕਰਨ, ਆਪਣੀ ਬਖ਼ਸ਼ਸ਼ ਨਾਲ ਸਾਨੂੰ ਆਪਣਾ ਫੇਰ ਬਲ ਬਖ਼ਸ਼ਣ ਤਾਂ ਸਾਡਾ ਸਿੰਘ ਨਾਮ ਜਿਹੜਾ ਹੈ ਕਿਤੇ ਸਫਲ ਹੋ ਜਾਏ, ਕਿਤੇ ਅਸੀਂ ਜਿਉਂਦੇ ਜਾਗਦਿਆਂ 'ਚ ਹੋ ਜਾਈਏ।

## ਪ੍ਰਿਥਵੀ ਰਾਜ ਚੌਹਾਨ

ਕਿੱਧਰ ਗਏ ਸਾਡੇ ਹਿੰਦੁਸਤਾਨ ਦੇ ਪ੍ਰਿਥਵੀ ਰਾਜ ਚੌਹਾਨ ਵਰਗੇ, ਜਿਹਦੀ ਤਲਵਾਰ ਪਈ ਹੈ, ਜਾ ਕੇ ਅਜੇ ਵੀ ਵੇਖੋ ਤੁਸੀਂ ਦਿੱਲੀ ਦੇ ਕਿਲ੍ਹੇ ਵਿੱਚ, ਸ਼ਾਇਦ ਚੁੱਕੇ ਹਰ ਇੱਕ ਆਦਮੀ ਨਾ। ਫੇਰ ਦੇਖੋ, ਮੁਹੰਮਦ ਗੌਰੀ ਨੂੰ ਫੜ ਕੇ ਛੱਡ ਦਿੱਤਾ ਹੈ—ਜਦੋਂ ਉਹਦੀ ਸ਼ਰਨ ਪੈ ਜਾਂਦਾ ਹੈ। ਜਦੋਂ ਮੁਹੰਮਦ ਗੌਰੀ ਦੇ ਅੜਿੱਕੇ ਪ੍ਰਿਥਵੀ ਰਾਜ ਚੌਹਾਨ ਆ ਜਾਂਦਾ ਹੈ-ਏਸੇ ਸਾਡੀ ਫੁੱਟ ਨੇ ਮਾਰਿਆ ਹੈ, ਜੈ ਚੰਦਰ ਨੇ ਉਹ ਸਾਡਾ ਕੰਢਾ ਕਢਵਾਇਆ, ਉਹ ਵੀ ਹਿੰਦੂ ਤੇ ਉਹ ਵੀ ਹਿੰਦੂ—ਪ੍ਰਿਥਵੀ ਰਾਜ ਨੂੰ ਪਕੜ ਕੇ ਗਜ਼ਨੀ ਵਿੱਚ ਲੈ ਜਾਂਦਾ ਹੈ—ਮੁਹੰਮਦ ਗੌਰੀ। ਉੱਥੇ ਲਿਜਾ ਕੇ ਉਹਦੀਆਂ ਅੱਖਾਂ ਕਢਵਾ ਦਿੰਦਾ ਹੈ।

ਨਿਮਕ ਹਲਾਲਾਂ ਦੀ ਗੱਲ ਸੁਣਾਉਂਦਾ ਹਾਂ। ਭੱਟ ਇੱਕ ਉਹਦਾ ਸੇਵਕ ਸੀ। ਭੱਟ ਉੱਥੇ ਜਾਂਦਾ ਹੈ, ਮੁਹੰਮਦ ਗੌਰੀ ਦੇ ਪਾਸ ਖਵਰੇ ਕਿਸ ਤਰ੍ਹਾਂ ਮੁਸਲਮਾਨ ਬਣਕੇ ਉੱਥੇ ਪਹੁੰਚਿਆ ਹੋਊ—ਉਸ ਵਕਤ। ਜਿਹੋ ਜਿਹਾ ਹੁਣ ਹਾਲ ਹੈ ਇਹੋ ਜਿਹਾ ਉਦੋਂ ਸੀ, ਕੌਣ ਹਿੰਦੂ ਨੂੰ ਲੰਘਣ ਦਿੰਦਾ ਸੀ ?

ਜਾ ਕੇ ਉਹਦੀ ਸਭਾ 'ਚ ਕਹਿਣ ਲੱਗਾ, ਕਹਿੰਦਾ,''ਮਹਾਰਾਜ, ਮੈਂ ਪ੍ਰਿਥਵੀ ਰਾਜ ਦਾ ਭੱਟ ਹਾਂ, ਤੁਸੀਂ ਮਿਹਰਬਾਨੀ ਕਰਕੇ ਮੈਨੂੰ ਉਹਦਾ

ਦਰਸ਼ਨ ਤੇ ਕਰਾ ਦਿਓ।'' ਅੱਖਾਂ ਕੱਢੀਆਂ ਹੋਈਆਂ ਹਨ ਜੇਲ੍ਹ 'ਚ ਸੁੱਟਿਆ ਹੋਇਆ ਮੰਗਵਾਇਆ ਗਿਆ—ਦਰਬਾਰ ਵਿੱਚ। ਪ੍ਰਿਥਵੀ ਰਾਜ ਚੌਹਾਨ ਆਏ ਦਰਬਾਰ ਵਿੱਚ, ਅੰਨ੍ਹੇ ਹਨ।

ਉਹ ਕਹਿੰਦਾ,''ਮਹਾਰਾਜ, ਮੈਂ ਨਮਸ਼ਕਾਰ ਕਰਦਾਂ, ਆਸ਼ੀਰਵਾਦ ਲਈ।''

ਕਹਿੰਦਾ,''ਜੀ' ਇਹਨੂੰ ਧਨੁਸ਼ ਤੇ ਬਾਣ ਫੜਾ ਕੇ ਦੇਖੋ—ਪ੍ਰਿਥਵੀ ਰਾਜ ਨੂੰ।''

ਉਹਨਾਂ ਨੇ ਆਖਿਆ,''ਅੰਨ੍ਹਾ ਕੀ ਕਰੂਗਾ।''

ਪ੍ਰਿਥਵੀ ਰਾਜ ਦੇ ਹੱਥ ਵਿੱਚ ਤੀਰ ਕਮਾਨ ਫੜਾਇਆ ਗਿਆ। ਉਸ ਭੱਟ ਨੇ ਇੱਕ ਦੋਹਰਾ ਕਿਹਾ–

*ਚਾਰ ਬਾਂਸ ਚੌਬੀਸ ਗਜ਼ ਅਸਟ ਉਂਗਲ ਪਰਮਾਣ*
*ਤਾਂ ਉੱਪਰ ਸੁਲਤਾਨ ਹੈ, ਮਤ ਚੂਕੋ ਚੌਹਾਨ।*

–ਤੇਰੇ ਤੋਂ ਫਲਾਨੇ ਕੋਨੇ, ਇਤਨੇ ਕਰੂ ਉੱਤੇ ਬੈਠਾ ਹੈ ਸੁਲਤਾਨ, 'ਮਤ ਚੂਕੋ ਚੌਹਾਨ'

–ਉਹਨੇ ਤੀਰ ਮਾਰਿਆ, ਮੁਹੰਮਦ ਗੌਰੀ ਮਰ ਗਿਆ। ਉਹ ਭੱਟ ਉੱਥੇ ਜਾ ਕੇ ਆਪਣਾ ਨਿਮਕ ਹਲਾਲੀ ਕਰਦਾ ਹੈ, ਕਹਿੰਦਾ ਹੈ,''ਮੈਨੂੰ ਜੋ ਮਰਜ਼ੀ ਕਰ ਲਉ। ਮੈਂ ਆਪਣੇ ਬਾਦਸ਼ਾਹ ਦਾ ਨਿਮਕ ਹਲਾਲ ਕਰ ਲਿਆ ਹੈ।'' ਅੰਨੇ ਹੋਕੇ, ਮਰੇ ਹੋਏ ਆਦਮੀ ਨੇ ਫਿਰ ਤੀਰ ਮਾਰ ਦਿੱਤਾ ਕਹਿਣ ਉੱਤੇ ਕਿ ਇੱਥੇ ਹੈ।

ਭੁੱਲ ਗਏ—ਸਭ ਕੁਛ ਛੱਡ ਦਿੱਤਾ—ਹੁਣ ਇਹ ਸਿੱਖਿਆ ਹੈ ਕਿ ਬੇਈਮਾਨੀ ਕਿਸ ਤਰ੍ਹਾਂ ਚੰਗੀ ਹੋ ਸਕਦੀ ਹੈ ? ਪੈਸੇ, ਫਲਾਣੇ ਦੇ ਕਪੜੇ ਅਸੀਂ ਕਿਸ ਤਰ੍ਹਾ ਲਾਹ ਸਕਦੇ ਹਾਂ ? ਸਾਨੂੰ ਇਹੋ ਹੀ ਕੁਝ ਹੁਣ ਆਉਂਦਾ ਹੈ, ਸੋ ਜੀ ਅਸੀਂ ਬੜੇ ਨਿਪੁੰਨ ਹੋ ਗਏ ਹਾਂ। ਉਹ ਪੰਜਾਬੀ ਦੀ ਇੱਕ ਕਹਾਵਤ ਹੈ 'ਅੰਮਾ, ਜੇ ਮੈਂ ਠਾਣੇਦਾਰ ਹੋਵਾਂ ਤਾਂ ਤੇਰੇ ਹੀ ਚਿੱਤੜ ਕੁੱਟਾਂ।' ਮੈਂ ਮੰਗਲਦਾਸ ਦੇ ਲਾਹ ਲਏ, ਮੰਗਲਦਾਸ ਨੇ ਨੰਦ ਸਿੰਘ ਦੇ ਲਾਹ ਲਏ, ਨੰਦ ਸਿੰਘ ਨੇ ਫੂਲਾ ਸਿੰਘ ਦੇ ਲਾਹ ਲਏ, ਫੂਲਾ ਸਿੰਘ ਨੇ ਦਿਆਲ ਸਿੰਘ ਦੇ ਲਾਹ ਲਏ, ਹੋਰ ਸਾਥੋਂ ਹੁੰਦਾ ਕੁਝ ਨਹੀਂ, ਅਸੀਂ ਕਾਸੇ ਜੋਗੇ

ਨਹੀਂ ਰਹਿ ਗਏ।

ਸਤਿਗੁਰਾਂ ਅੱਗੇ ਅਰਦਾਸ ਕਰੋ ਕਿ ਸਾਡੇ ਉੱਤੇ ਕਿਰਪਾ ਕਰਨ। ਸਾਨੂੰ ਬਖ਼ਸ਼ਸ਼ ਹੋਵੇ, ਅਸੀਂ ਬੰਦੇ ਬਣੀਏ ਔਰ ਅਸੀਂ ਇੱਕ ਦੂਏ ਨਾਲ ਪ੍ਰੇਮ ਕਰਨ ਦੀ ਜਾਚ ਸਿੱਖੀਏ ਔਰ ਕੁਛ ਕੁਰਬਾਨੀ ਕਰੀਏ—ਆਪਣੇ ਕੋਲੋਂ। ਅਗਰ ਕਿਸੇ ਨੇ ਗਾਲ੍ਹ ਦਿੱਤੀ ਏ ਤਾਂ ਜ਼ਰਾ ਕੁ ਜਰਨ ਸ਼ਕਤੀ ਵੀ ਸਿੱਖੀਏ, ਜੇ ਉਹਦੇ ਕੋਲੋਂ ਕੁਛ ਮਾੜਾ ਹੋ ਗਿਆ ਹੈ ਤਾਂ ਉਹਦਾ ਮਾੜੇ 'ਚ ਬਦਲਾ ਨ ਦਈਏ—ਉਹਦਾ, ਉਦੂੰ ਚੰਗੇ ਹੋ ਕੇ ਬਦਲਾ ਦਈਏ। ਅੱਗੇ ਤੋਂ ਉਹ ਕਰੇ ਹੀ ਨਾ, ਉਹ ਵੀ ਚੰਗਾ ਕੰਮ ਕਰਨ ਲੱਗ ਪਏ। ਸਾਨੂੰ ਇਹ ਜਾਚ ਸਤਿਗੁਰੂ ਬਖ਼ਸ਼ੇ।

ਸਾਨੂੰ ਕਥਾ ਸੁਣਨ ਦਾ, ਸਾਨੂੰ ਬੈਠਣ ਦਾ, ਸਾਡਾ ਲਾਭ ਇਹੋ ਹੀ ਹੈ—ਜੇ ਕੁਛ ਸਾਡੇ ਮਨ ਉੱਤੇ ਇਹਦਾ ਅਸਰ, ਸਤਿਗੁਰੂ ਕਿਰਪਾ ਕਰੇ ਤੇ ਹੋਵੇ ਤਾਂ ਕਿ ਅਸੀਂ ਆਪਣੇ ਬਜ਼ੁਰਗਾਂ ਦੀਆਂ ਗੱਲਾਂ ਸੁਣਕੇ—ਉਹ ਸੁੱਚੇ ਕਿਹੋ ਜਿਹੇ ਸੀ, ਸੱਚੇ ਕਿਹੋ ਜਿਹੇ ਸੀ, ਉਹ ਕੰਮ ਕਿਸ ਤਰ੍ਹਾਂ ਦੇ ਕਰਦੇ ਸਨ, ਉਹ ਬੇਗਾਨੇ ਹੱਕ ਤੋਂ ਕਿਸ ਤਰ੍ਹਾਂ - - - - । ਮੁਸਲਮਾਨਾਂ ਨੇ ਸਿੱਖਾਂ ਨੂੰ ਫੜਨਾ ਔਰ ਸਿੱਖਾਂ ਦੀਆਂ ਔਰਤਾਂ ਨੂੰ ਕਹਿਣਾ,''ਤੁਸੀਂ ਮੁਸਲਮਾਨੀਆਂ ਹੋ ਜਾਉ,'' ਜੇ ਨਾ ਹੋਈਆਂ ਤੇ ਕਤਲ ਹੋ ਗਈਆਂ—ਪਰ ਜੇ ਮੁਸਲਮਾਨੀ ਸਿੱਖਾਂ ਦੇ ਹੱਥ ਆ ਗਈ, ਉਹਨੂੰ ਧੀ ਭੈਣ ਬਣਾ ਕੇ ਉਹਨਾ ਦੇ ਘਰ ਪੁਚਾਈ।

## ਸਾਹਿਬਜ਼ਾਦਿਆਂ ਦੇ ਸਾਹਿਬ

*ਸਾਹਿਬਜ਼ਾਦਿਅਓਂ ਕੇ ਸਹਿ ਲੜੇ।*

ਸਾਹਿਬਜ਼ਾਦਿਆਂ ਦੇ ਸਾਹਿਬ ਚਮਕੌਰ ਵਿੱਚ ਲੜੇ, ਸਾਹਿਬਜ਼ਾਦਿਆਂ ਨੂੰ ਆਪਣੇ ਹੱਥੀਂ ਸ਼ਹੀਦ ਕਰਵਾਇਆ ਔਰ ਸ਼ਹੀਦ ਕਰਵਾ ਕੇ ਕਹਿੰਦੇ ਨੇ,''ਹੇ ਅਕਾਲ ਪੁਰਖ, ਇਹ ਤੇਰੀ ਅਮਾਨਤ ਸੀ, ਅਦਾ ਹੋਈ। ਸ਼ੁਕਰ ਹੈ ਕਿ ਤੂੰ ਆਪਣੀ ਚੀਜ਼ ਆਪ ਲਈ ਹੈ।'' ਸੱਚੇ ਪਾਤਸ਼ਾਹ ਮਾਛੀਵਾੜੇ ਦੇ ਜੰਗਲ 'ਚ ਆਉਂਦੇ ਹਨ–

*ਨੰਗਾ ਚਰਨ ਨ ਧਰਤ ਤੇ ਕਦੇ ਧਰਿਆ*
*ਸੇਜਾਂ ਮਖਮਲੀ ਸੌਣ ਨੂੰ ਭਾਰੀਆਂ ਸਨ।*
*ਦਲ ਸ਼ੰਗਾਰ ਜਹੇ ਸੈਂਕੜੇ ਖੜੇ ਘੋੜੇ,*
*ਹਾਥੀ ਝੂਲਦੇ ਸਣੇ ਅੰਬਾਰੀਆਂ ਸਨ।*
*ਅੱਜ ਉਹ ਸਤਿਗੁਰੂ ਜੀ ਪਏ ਭੁੰਜੇ,*
*ਰੱਬਾ ਤੇਰੀਆਂ ਕੁਦਰਤਾਂ ਨਿਆਰੀਆਂ ਹਨ।*

ਚਰਨ ਨੰਗੇ, ਸੂਲਾਂ ਲੱਗੀਆਂ ਨੇ ਚਰਨਾਂ ਨੂੰ।

*ਮਨ ਚਲਾਣ ਸੇ ਆਲਸ ਆਇਓ।*
*ਆਕ ਫੂਲ ਕੋ ਭੋਗ ਲਗਾਇਓ।*

ਖੇਡ ਸੀ ਉਹਨਾਂ ਦੀ, ਫੀਮ ਛਕਦੇ ਸੀ, ਨਹੀਂ ਮਿਲੀ ਤੇ ਅੱਕ ਦੇ ਫੁੱਲ ਖਾਧੇ। ਆ ਕੇ ਪਏ ਹਨ, ਦੱਭ ਨੇ ਚਰਨ ਉਡਾ ਦਿੱਤੇ ਹਨ, ਤੁਰਿਆ ਨਹੀਂ ਜਾਂਦਾ, ਕੀ ਕਹਿੰਦੇ ਨੇ ਬੈਠ ਕੇ ਫਿਰ ? ਕਹਿੰਦੇ ਨੇ,''ਹਾਏ ਰੱਬਾ, ਮੈਂ ਮਰ ਗਿਆ ! ਮੇਰੇ ਪੁੱਤ ਮਰ ਗਏ ! ਹੇ ਰੱਬਾ ਤੇਰਾ ਕੁਛ ਨਾ ਰਹੇ ! ਮੇਰਾ ਤੂ ਕੁਛ ਨਹੀਂ ਛੱਡਿਆ !'' ਨਹੀਂ—ਕਹਿੰਦੇ ਕੀ ਹਨ–

**ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ।।**

ਤਿੰਨ ਤਰ੍ਹਾਂ ਇਹ ਤੁੱਕ ਲਿਖੀ ਹੋਈ ਹੈ, ਇੱਕ ਥਾਂ ਮੁਰੀਦਾਂ ਦਾ ਲਿਖਿਆ ਹੈ, ਗਰੀਬਾਂ ਦਾ ਵੀ ਲਿਖਿਆ ਹੈ। ਇਹ ਤਿੰਨੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੁੱਕ ਹੈ, ਪਰ ਸਾਡੇ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਲਿਖਿਆ ਹੈ—ਭਾਈ ਫਕੀਰਾਂ ਦਾ ਪੜ੍ਹਨਾ।

**ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਣਾ।।**
**ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,**
**ਨਾਗ ਨਿਵਾਸਾਂ[੧] ਦੇ ਰਹਣਾ।।**
**ਸੂਲ[੨] ਸੁਰਾਹੀ[੩] ਖੰਜਰ ਪਿਆਲਾ**
**ਬਿੰਗ੍ਹ ਕਸਾਈਆਂ ਦਾ ਸਹਣਾ।।**
**ਯਾਰੜੇ ਦਾ ਸਾਨੂੰ ਸੱਥਰੁ[੪] ਚੰਗਾ**
**ਭਠ ਖੇੜਿਆਂ[੫] ਦਾ ਰਹਣਾ।।**

*–ਦਸਮ ਗ੍ਰੰਥ, ਪੰਨਾ–੭੧੦*

ਬਿੰਗ ਕਿਆ ਚੀਜ਼ ਹੈ ? ਮੂੰਹ ਉੱਤੇ ਚਮੜੇ ਦਾ ਚਾੜ੍ਹਦੇ ਹਨ ਕਸਾਈ, ਜਿਹਦੇ ਨਾਲ ਦਮ ਬੰਦ ਹੋ ਕੇ ਸਾਹ ਫੁਲ ਕੇ ਡੰਗਰ ਦਾ—ਉਹਦੀ ਖੱਲ ਅਲਹਿਦਾ ਹੋ ਜਾਂਦੀ ਐ, ਬਾਹਰ ਨਹੀਂ ਸਾਹ ਨਿਕਲ ਸਕਦਾ, ਫਿਰ ਉਸਨੂੰ ਕਤਲ ਕਰਨ ਲਗਦੇ ਨੇ ਜਦੋਂ ਦੇਖਦੇ ਨੇ ਇੱਕ ਦੋ ਸਾਹ ਰਹਿ ਗਏ —ਤਾਂ ਕਹਿੰਦੇ ਨੇ–

**ਬਿੰਗੁ ਕਸਾਈਆਂ ਦਾ ਸਹਣਾ।।**

ਜਿਹੜਾ ਸਹਿਣਾ 'ਬੋਲਣਾ' ਨਹੀਂ—ਇਹ ਬਿੰਗ ਹੈ ਕਸਾਈਆਂ ਦਾ। ਫਿਰ ਕੀ ਕਹਿੰਦੇ–

**ਯਾਰੜੇ ਦਾ ਸਾਨੂੰ ਸੱਥਰੁ ਚੰਗਾ,**

ਤੇਰਾ, ਯਾਰ ਦਾ—ਹੇ ਅਕਾਲ ਪੁਰਖ, ਤੇਰਾ ਸੱਥਰ ਚੰਗਾ ਹੈ।

**ਭਠ ਖੇੜਿਆਂ ਦਾ ਰਹਣਾ।।**

–ਖੇੜਿਆਂ ਦਾ ਰਹਿਣਾ, ਮਹਿਲਾਂ ਦਾ ਰਹਿਣਾ—ਭੱਠ ਹੈ ਤੇਰੇ ਬਗੈਰ। ਸਾਹਿਬ ਸੱਚੇ ਪਾਤਸ਼ਾਹ ਉਹ ਸਭ ਕੁਛ ਕਰਨ ਕਾਰਨ, ਸਭ ਕੁਛ ਕਰ ਸਕਦੇ ਹਨ, ਉਹ ਕੌਤਕੀ, ਉਹ ਚੋਜੀ ਹੈ—ਮੇਰਾ ਹਰਿ ਪ੍ਰਭ, ਉਹ ਆਪਣੇ ਰੰਗ ਬਦਲਦਾ ਹੈ।

*ਗਾਹਿ ਸੂਫ਼ੀ ਗਾਹਿ ਜ਼ਾਹਿਦ।*

*–ਭਾਈ ਨੰਦ ਲਾਲ, ਗਜ਼ਲ–੨*

ਅਸੀਂ ਕੀ ਉਪਕਾਰ ਸਮਝਿਆ ? ਪੁੱਤਰ ਬਲੀਦਾਨ—ਪਿਤਾ ਬਲੀਦਾਨ —ਮਾਤਾ ਬਲੀਦਾਨ—ਆਪ ਬਲੀਦਾਨ ਸਾਰੀ ਉਮਰ ਭਾਵੇਂ ਸਭ ਕੁਛ ਉਹਨਾਂ ਦੇ ਪਾਸ ਸੀ—ਕਾਹਦੇ ਵਾਸਤੇ ? ਜਦੋਂ ਮਾਤਾ ਜੀ ਆ ਕੇ ਦਮਦਮੇ ਕਹਿੰਦੇ ਨੇ,''ਕਿੱਧਰ ਗਏ ਮੇਰੇ ਚਾਰ ਪੁੱਤਰ ?''

ਕਹਿੰਦੇ ਨੇ,''ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।''

ਫਿਰ, ਸਾਨੂੰ ਵਾਰਿਆ ਦਾ, ਹੁਣ ਅਸੀਂ ਨਿਮਕ ਹਰਾਮੀ ਨਹੀਂ, ਅਸੀਂ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਕਮਾਉਂਦੇ ਹਾਂ—ਅਸੀਂ ਗੁਰੂ ਦੀ ਸਿੱਖੀ ਨੂੰ ਮੰਨਦੇ ਹਾਂ ? ਜੇ ਭਾਈ ਅਸੀਂ ਉਹਦੇ ਸਿੱਖ ਬਣੀਏ ਜਿਹੜਾ ਕੁਛ ਉਹਨੇ

ਕਿਹਾ–

*ਸਿੱਖ ਹੋਏ ਕਰ ਕਰਜ ਨਾ ਲੇਵੈ, ਜੇ ਲੇਵੈ ਤਾਂ ਪੂਰਾ ਦੇਵੈ।*

ਸਤਿਗੁਰੂ ਰਾਮ ਸਿੰਘ ਨੇ ਇਸ ਗੱਲ ਉੱਤੇ ਹੁਕਮਨਾਮੇ 'ਚ ਲਿਖਿਆ—*ਭਾਈ ਕਰਜਾ ਲੈਣਾ ਲੈ ਕੇ ਨਾ ਦੇਣਾ ਚੋਰੀ ਧਾੜੇ ਥੀਂ ਵੀ ਬਡਾ ਪਾਪ ਹੈ।*

ਇਹ ਸਾਡੇ ਕੰਮ ਰਹਿ ਗਏ ਹਨ, ਅਸੀਂ ਹੁਣ ਇਹ ਚਾਹੁੰਦੇ ਹਾਂ ਭਾਈ ਮੰਗਲਦਾਸ ਕੋਲੋਂ ਕਰਜ਼ਾ ਲਿਆ ਹੈ, ਸੇਠ ਦਿਆਲ ਸਿੰਘ ਕੋਲੋਂ ਲਿਐ, ਇਹ ਛੇਤੀ ਮਰ ਜਾਏ ਤਾਂ ਕਿ ਸਾਡੇ ਕੋਲੋਂ ਮੰਗੇ ਕੋਈ ਨਾ। ਜਾਂ ਇੱਥੇ ਲਿਐ ਕਲਕੱਤੇ, ਕਲਕੱਤਿਓਂ ਬੰਬਈ—ਤੋਂ ਅੱਗੇ ਚਲੋ। ਉੱਥੇ ਵੀ ਹੁਣ ਸਾਡੀ ਹਾਲਤ ਐਸੀ ਸੀ। ਜਿਸ ਵੇਲੇ ਤਕਾਵੀ ਲੱਗੀ ਗੌਰਮਿੰਟ ਦੇਣ ਸਾਡੀ, ਸਾਡੇ ਪਾਸ ਵੀ ਉਹ ਆਏ। ਲੈਣ ਵਾਲਿਆਂ ਨੇ ਲੈਣ ਦੀ ਤਿਆਰੀ ਕੀਤੀ।

ਚਿਤ 'ਚ ਇਹ ਬੇਈਮਾਨੀ ਆ ਗਈ ਕਿ ਕਿਨ੍ਹੇ ਲੈਣਾ ਮੁੜ ਕੇ—ਸਾਡੇ ਕੋਲੋਂ, ਅਸੀਂ ਕਿਹੜਾ ਦੇਣਾ ਹੈ, ਲੈ ਤਾਂ ਲਉ। ਮੈਂ ਉਹਨਾਂ ਅੱਗੇ ਅਰਜ਼ ਕਰੀ ਕਿ ਸਤਿਗੁਰਾਂ ਦਾ ਹੁਕਮ ਇਹੋ ਜਿਹਾ ਹੈ ਕਿ ਇਸ ਨੀਯਤ ਨਾਲ ਨਾ ਕਰਜ਼ਾਂ ਲਉ, ਲਉ ਬੇਸ਼ਕ—ਨਹੀਂ ਕੋਲ ਕੁਛ। ਉਹ ਸਾਨੂੰ ਦੇ ਗਏ—ਕਾਫੀ ਰੁਪੱਈਆ। ਮੈਂ ਕਿਹਾ,"ਲਓ ਬੇਸ਼ਕ ਪਰ ਇਸ ਨੀਯਤ ਨਾਲ ਲਓ ਕਿ ਅਸੀਂ ਦੇਣੈ—ਨਹੀਂ, ਜੇ ਤੁਸੀਂ ਲਉ ਤੇ ਪਾਪੀ ਬਣਦੇ ਹੋ।" ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ–

*ਜਾਮ ਜਾਮਨੀ ਮਜੈ ਆਛੇ।*

ਪਹਿਰ ਰਾਤ ਰਹਿੰਦੀ ਨਾਲ ਨਹਾਵੇ।

*ਜਲ ਲੇਹੁ ਮੂਤਰ ਕੇ ਪਾਛੈ,*

ਜਦੋਂ ਚੀਤਾ ਛੱਡੋ ਤਾਂ ਫੇਰ ਪਾਣੀ ਲਉ, ਵਰਤੋ। ਏਵੇ ਨਾ–

**ਮੂਤ ਪਲੀਤੀ ਕਪੜੁ ਹੋਇ।।**

ਰੋਜ਼ ਜਪੁ ਸਾਹਿਬ ਪੜ੍ਹਦੇ ਹੋ–

**ਦੇ ਸਾਬੂਣ ਲਈਐ ਓਹ ਧੋਇ।।**

ਅੱਧਾ ਬਾਹਰ ਤੇ ਅੱਧਾ ਅੰਦਰ, ਹੁਣ ਤਾਂ ਕੀ ਕਹਾਂ ? ਕੀ ਦੱਸਾਂ ? ਸਾਡੇ 'ਚ ਵੀ ਇਹ ਬਿਮਾਰੀ ਆ ਪਈ।

- - - - - - - - - - - - - - - - - - - -
- - - - - - - - - - - - - - - - - - - -
- - - - - - - - - - - - - - - - - - - -

## ਟਿੱਪਣੀਆਂ

੧. ਰਿਹਾਇਸ਼ੀ ਮਹੱਲਾਂ ਵਿਚ ਵੱਸਣਾ (ਨਾਗਾਂ ਦੇ ਵਾਸ ਨਰਕ ਵਿੱਚ ਰਹਿਣ ਤੁਲ ਹੈ।)
੨. ਬਰਛੀ
੩. ਸ਼ਰਾਬ ਰੱਖਣ ਦਾ ਖਾਸ ਭਾਂਡਾ ਜੋ ਬੋਤਲਾਂ ਦੀ ਥਾਂ ਵਰਤੀਂਦਾ ਹੈ
੪. ਪਰਾਲੀ ਆਦਿ ਘਾਹ ਫੂਸ ਦਾ ਵਿਛਾਉਣਾ
੫. ਹੀਰ ਸਿਆਲ ਦੇ ਸਾਹੁਰਿਆਂ ਦਾ ਗੋਤ। ਇਹ ਸ਼ਬਦ ਆਮ ਤੌਰ ਪੁਰ ਦੁਪਿਆਰ ਦੀ ਭਾਵਨਾ ਨਾਲ ਰਕੀਬ (ਵਿਰੋਧੀ) ਵਾਸਤੇ ਵਰਤਿਆ ਜਾਂਦਾ ਹੈ।

# ਬੈਂਕੋਕ-੮-੧੨-੧੯੪੮

## ਵਾਹਿ ਵਾਹਿ ਗੋਬਿੰਦ ਮ੍ਰਿਗਿੰਦ

ਕੱਲ੍ਹ ਪ੍ਰਸੰਗ ਸੀ ਭਾਈ ਰਾਇ ਸਿੰਘ ਜੀ ਦਾ ਕਿ ਤਿੰਨ ਸੌ ਰੁਪਏ ਭੇਟਾ ਚੜ੍ਹੀ ਹੈ ਹਜ਼ੂਰ ਸਾਹਿਬ ਗਿਆ ਹੋਇਆਂ ਨੂੰ ਤੇ ਨਹੀਂ ਲਈ, ਗੁਰਦੁਆਰੇ ਦੇ ਦਿੱਤੀ ਤੇ ਫਿਰ ਉੱਥੇ ਸਿੰਘ ਕਹਿੰਦੇ ਨੇ,''ਭਾਈ ਤੁਸੀਂ ਰਹੋ।''

ਤਾਂ ਕਹਿੰਦੇ ਨੇ,''ਬਈ ਨਾ, ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦੁਆਰਾ ਹੈ।'' ਉਹ ਐਸਾ ਗੁਰੂ ਹੈ, ਜਿਸਨੇ ਦੁਸ਼ਟਾਂ ਨੂੰ ਮਾਰਿਆ ਹੈ। ਸਾਹਿਬਜ਼ਾਦਿਆਂ ਦੇ ਸਹਿਤ ਲੜੇ—੧੫-੧੬ ਸਾਲ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਜੀ, ੧੩-੧੪ ਸਾਲ ਦੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਔਰ ਜਿਹਨਾਂ ਨੂੰ ਜੰਗ ਵਿੱਚ ਭੇਜਿਆ ਔਰ ਜੋ ਜੰਗ ਵਿੱਚ ਸਿੱਧੇ ਹੋ ਕੇ ਲੜੇ ਤੇ ਫਿਰ ਜਿਸ ਵੇਲੇ ਸ਼ਹੀਦ ਹੋਏ ਤੇ ਫਿਰ ਕੀ ਆਖਿਆ-

*ਆਜ ਮੁਝ ਪੇ ਤੇਰੀ ਯਹਿ ਅਮਾਨਤ ਅਦਾ ਹੁਈ।*
*ਧਰਮ ਕੇ ਖਾਤਰ ਬੇਟੋਂ ਕੀ ਜਾਨ ਫਿਦਾ ਹੁਈ।*

''ਹੇ ਅਕਾਲ ਪੁਰਖ ! ਤੇਰੀ ਅਮਾਨਤ ਸੀ, ਇਹ ਅਦਾ ਹੋਈ ਹੈ, ਸ਼ੁਕਰ ਹੈ ਇਹ ਬੱਚਿਆਂ ਦੀ ਜਾਨ ਧਰਮ ਦੇ ਵਾਸਤੇ - - - -।'' ਗੁਰੂ ਗੋਬਿੰਦ ਸਿੰਘ ਜੀ ਦੀ ਕੋਈ ਆਪਣੀ ਜਾਗੀਰ ਨਹੀਂ ਬਣ ਰਹੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਾਸਤੇ ਕੁਝ ਨਹੀਂ ਬਣਾਇਆ ਤੇ ਸਿਰਫ ਸਿੱਖਾਂ ਦੇ ਵਾਸਤੇ, ਪੰਥ ਦੇ ਵਾਸਤੇ ਆਪਣਾ ਸਰਬੰਸ ਕੁਰਬਾਨ ਕੀਤਾ।

*ਗੁਰ ਕੇ ਮਾਰੇ ਤਾਬ ਨ ਆਏ।*

ਕਹਿੰਦੇ ਨੇ ਮੁਸਲਮਾਨ ਗੁਰੂ ਦੇ ਮਾਰੇ ਹੋਏ ਮੁੜ ਤਾਬ ਨਹੀਂ ਆਏ।

*ਲੈ ਕਰ ਬਦਲੇ ਖ਼ੂਬ ਉਡਾਏ।*

ਖ਼ੂਬ ਬਦਲੇ ਲਏ ਔਰ ਮਾਰੇ।

*ਸੂਕੇ ਪਾਤ ਬਹੇ ਜਿਵ ਪਉਨ।*

ਜਿਸ ਤਰ੍ਹਾਂ ਪੌਣ ਵਗੀ ਤੋਂ ਟੁੱਟੇ ਪੱਤਰ ਉਡਦੇ ਹਨ-

*ਪਹਿ ਪਾਟੀ ਤਾਰੇ ਸਮ ਗਉਨ।।੮੩।।*

ਜਿਸ ਤਰ੍ਹਾਂ ਪਹੁ ਫਟਦੀ ਹੈ ਤੇ ਤਾਰੇ ਬੰਦ ਹੋ ਜਾਂਦੇ ਹਨ।

*ਗੁਰ ਰਵਿ ਕੇ ਓਦ ਹੋਵਤ ਨਸੇ।*

ਗੁਰੂ ਗੋਬਿੰਦ ਸਿੰਘ ਰੂਪ ਸੂਰਜ ਚੜ੍ਹਨ ਦੇ ਨਾਲ, ਸਭ ਤੁਰਕ ਨੱਸੇ।

*ਤੇਜ ਰਾਜ ਛੂਟਾ ਚੁਪ ਬਸੇ।*

ਰਾਜ ਦਾ ਤੇਜ ਛੁੱਟ ਗਿਆ ਔਰ ਚੁੱਪ ਹੋ ਗਏ।

*ਤਗ ਤੋੜਨ ਕੀ ਤੇ ਕਹਾ ਬਾਤ।*

ਕਹਿੰਦੇ ਹਨ ਜਿਹੜੇ ਹਿੰਦੂਆਂ ਦੇ ਸਵਾ-ਸਵਾ ਮਣ ਜੰਜੂ ਲਹਿੰਦੇ ਸਨ, ਤਗ ਤੋੜਨ ਦੀ ਤੇ ਗੱਲ ਹੁਣ ਕਿਆ ਹੈ-

*ਅਬ ਬੈਠੇ ਨਿਜ ਪ੍ਰਾਨ ਬਚਾਤ।।੮੪।।*

ਹੁਣ ਬੈਠੇ ਆਪਣੇ ਪ੍ਰਾਣ ਬਚਾਉਂਦੇ ਹਨ, ਡਰਦੇ ਹਨ।

*ਛੀਨਾ ਐਸੋ ਰਾਜ ਸਮਾਜ।*

ਐਸਾ ਰਾਜ ਦਾ ਸਮਾਜ ਹੈ, ਰਾਜ ਦਾ ਸਮਾਜ ਸਭ ਖੁੱਸ ਗਿਆ।

*ਕਰੇ ਅਧੀਨ ਦੀਨ ਤੁਰਕਾਨ।*

ਅਧੀਨ ਕਰ ਦਿੱਤੇ, ਦੀਨ—ਤੁਰਕ, ਜਿਹੜੇ ਸਨ ਅੱਜ।

*ਦੇਖ ਸਿੰਘ ਕੇ ਮ੍ਰਿਗ ਸਮ ਜਾਤੇ।*

ਕਹਿੰਦੇ ਨੇ ਉਹ ਦੇਖ-ਕਰਕੇ ਜਿਸ ਤਰ੍ਹਾਂ ਸ਼ੇਰ ਨੂੰ ਦੇਖ ਕੇ ਮਿਰਗ ਦੌੜਦਾ ਹੈ—ਇਸ ਤਰ੍ਹਾਂ ਡਰਦੇ ਸਨ।

*ਗੁਰੂ ਗੋਬਿੰਦ ਸਿੰਘ ਜੀ ਕਿਰਪਾ ਤੇ।।੮੫।।*

ਪਰ ਇਉਂ, ਕਿਰਪਾ ਕੀਤੀ ਹੈ—ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ

ਪਾਤਸ਼ਾਹ ਦੀ।

*ਦੰਡੇ ਖੰਡ ਪਖੰਡੇ ਖਾਮ।*

'ਦੰਡੇ', ਦੰਡ ਦਿੱਤੇ ਔਰ ਡੰਡ ਦੇ ਨਾਲ ਦਬਾਏ, ਟੁਕੜੇ-ਟੁਕੜੇ ਕੀਤੇ ਔਰ ਪਖੰਡ—ਜਿਹੜੇ ਸਨ ਉਹਨਾਂ ਨੂੰ ਦੂਰ ਕੀਤਾ ਮਹਾਰਾਜ ਨੇ।

*ਏਕ ਅਕਾਲ ਜਪਾਯੋ ਨਾਮ।*

**ਨਰਾਜ ਛੰਦ। ਕਹਿਯੋ ਪ੍ਰਭੂ ਸੁ ਭਾਖਿ ਹੌ।।**
**ਕਿਸੂ ਨ ਕਾਨ ਰਾਖਿ ਹੌ।।ਕਿਸੂ ਨ ਭੇਖ ਭੀਜ ਹੌ।।**
**ਅਲੇਖ ਬੀਜ ਬੀਜ ਹੌ।।੩੪।।**
**ਪਖਾਣ ਪੂਜ ਹੌ ਨਹੀਂ।।ਨ ਭੇਖ ਭੀਜ ਹੌ ਕਹੀ।।**
**ਅਨੰਤ ਨਾਮੁ ਗਾਇ ਹੌ।।ਪਰੱਮ ਪੁਰਖ ਪਾਇ ਹੌ।।੩੫।।**

*-ਦਸਮ ਗ੍ਰੰਥ, ਪੰਨਾ-੫੭*

ਗੁਰੂ ਜੀ ਕਹਿੰਦੇ ਨੇ ਕਿ ਇੱਕ ਅਕਾਲ ਪੁਰਖ ਦਾ ਜਾਪ ਜਪਾਇਆ ਹੋਰ ਕਿਸੇ ਚੀਜ਼ ਉੱਤੇ ਸ਼ਰਧਾ ਨਹੀਂ ਕੀਤੀ।

*ਮੀਰੀ ਪੀਰੀ ਸਿੰਘਨ ਦਈ।*

ਸਿੰਘਾਂ ਨੂੰ ਅਮੀਰੀ ਵੀ ਦੇ ਦਿੱਤੀ, ਪੀਰੀ ਵੀ ਦੇ ਦਿੱਤੀ, ਬਚਨ ਵਿੱਚ ਸੱਤਿਆ ਵੀ ਦਿੱਤੀ।

ਜਿਹੜੇ ਭਜਨ ਬਾਣੀ ਕਰਨ, ਗੁਰੂ ਦੀ ਰੀਤ ਉੱਤੇ ਚਲਣ ਉਹ ਜੋ ਮੂੰਹੋਂ ਕਹਿ ਦੇਣ, ਉਹ ਪੂਰਾ ਹੁੰਦਾ ਹੈ।

*ਦੀਨ ਹੇਤ ਕੁਰਬਾਨੀ ਕਈ।।੮੬।।*

ਗਰੀਬਾਂ ਦੇ ਵਾਸਤੇ ਕੁਰਬਾਨੀ ਕੀਤੀ।

*ਬਾਵਨ ਬਣ ਬਲ ਛਲਿਓ ਆਦਿ।*

ਸਤਿਜੁਗ ਵਿੱਚ ਬਾਵਨ ਦਾ ਰੂਪ ਧਾਰਿਆ ਬਲ ਰਾਜੇ ਨੂੰ ਛਲਿਆ।

*ਤ੍ਰੇਤੇ ਰਾਮ ਧਰਮ ਮਰਯਾਦ।*

ਤ੍ਰੇਤੇ ਵਿੱਚ ਭੀ ਰਾਮ ਰੂਪ ਧਾਰ ਕੇ ਧਰਮ ਦੀ ਮਰਯਾਦਾ ਨੂੰ ਕਾਇਮ ਰੱਖਿਆ—ਸਤਿ ਬਚਨ।

*ਰਘੁ ਕੁਲ ਰੀਤ ਇਹੋ ਚਲੀ ਆਈ।*

*ਸੀਸ ਜਾਏ ਪਰ ਬਚਨ ਨ ਜਾਈ।*

ਜਿਹੜਾ ਪ੍ਰਣ ਹੋ ਜਾਏ, ਉਹ ਨਹੀਂ ਜਾਏ, ਸਿਰ ਚਲਿਆ ਜਾਏ, ਬਚਨ ਨਾ ਉਲਟੇ, ਪਿਤਾ ਦਾ ਬਚਨ ਨਾ ਉਲਟਾਇਆ। ਰਾਜ ਦਾ ਤਿਲਕ ਲੈਂਦਿਆਂ-ਲੈਂਦਿਆਂ ਨੇ ਬਨਵਾਸ ਲੈ ਲਿਆ।

*ਦੁਆਪਰ ਕ੍ਰਿਸ਼ਨ ਗੋਵਰਧਨ ਧਾਰੀ।*

ਦੁਆਪਰ ਵਿੱਚ ਕ੍ਰਿਸ਼ਨ ਰੂਪ ਧਾਰਿਆ। ਗੋਵਰਧਨ ਪਰਬਤ ਨੂੰ ਚੀਚੀ ਉੱਤੇ ਚੁੱਕਿਆ।

*ਕਲਿ ਖਲੁ ਦੇਖ ਦਯਾ ਕਰਿ ਭਾਰੀ।।੮੭।।*

ਹੁਣ ਕਲਜੁਗ ਹੈ ਖੱਲ-ਮੂਰਖ ਦੇਖ ਕਰਕੇ, ਸਾਡੀ ਹਾਲਤ ਦੇਖ ਕਰਕੇ, ਬੜੀ ਦਇਆ ਕੀਤੀ।

*ਸ੍ਰੀ ਗੁਰੂ ਨਾਨਕ ਨਾਮ ਧਰਾਈ।*

ਗੁਰੂ ਨਾਨਕ ਨਾਂ—ਦੇਵ ਦਾ ਰੂਪ ਧਾਰ ਕੇ ਆਏ।

*ਕਲੂ ਕਾਲ ਕੀ ਕਾਨ ਚੁਕਾਈ।*

ਪਰ ਜਿਹੜੇ ਗੁਰੂ ਨਾਨਕ ਦੇ ਹੁਕਮ ਵਿੱਚ ਚੱਲੇ ਹਨ, ਉਨ੍ਹਾਂ ਨੇ ਕਲਜੁਗ ਦੀ ਕਾਣ ਚੁਕਾ ਦਿੱਤੀ। ਕਬੀਰ ਜੀ ਕਹਿੰਦੇ ਹਨ,

**ਧਰਮ ਰਾਇ ਅਬ ਕਹਾ ਕਰੈਗੋ,**
**ਜਉ ਫਾਟਿਓ ਸਗਲੋ ਲੇਖਾ।।**

*-ਪੰਨਾ-੬੧੪*

ਜਿਹੜੇ ਗੁਰੂ ਨੂੰ ਮਿਲੇ, ਜਿਹਨਾਂ ਉੱਤੇ ਗੁਰੂ ਨੇ ਕਿਰਪਾ ਕਰੀ। ਉਹਨਾਂ ਨੇ ਕਲਜੁਗ ਦੀ ਕਾਣ ਛੱਡ ਦਿੱਤੀ, ਕਿਉਂਕਿ ਕਲਜੁਗ ਦੀ ਕਾਣ ਇਹੋ ਹੀ ਹੈ ਜਿਹੜੇ ਝੂਠ ਬੋਲਣ—ਉਹਨਾਂ ਨੂੰ ਕਲਜੁਗ ਮਾਰੇ; ਜਿਹੜੇ ਦਗਾ ਕਰਨ—ਉਨ੍ਹਾਂ ਨੂੰ ਮਾਰੇ; ਜਿਹੜੇ ਫਰੇਬ ਕਰਨ—ਉਨ੍ਹਾਂ ਨੂੰ ਮਾਰੇ। ਜਿਹੜੇ ਗੁਰੂ ਦੇ ਸਿੱਖ ਹਨ—ਉਹ ਝੂਠ ਨਹੀਂ ਬੋਲਦੇ, ਉਹ ਬੁਰਾ ਨਹੀਂ ਕਿਸੇ ਦਾ ਕਰਦੇ, ਕਿਸੇ ਦੀ ਚੀਜ਼ ਨਹੀਂ ਛੇੜਦੇ, ਸ਼ਰਾਬ ਨਹੀਂ ਪੀਂਦੇ, ਮਾਸ ਨਹੀਂ ਖਾਂਦੇ, ਧੱਕਾ ਨਹੀਂ ਕਰਦੇ, ਕਿਸੇ ਦਾ ਗਲ ਨਹੀਂ ਘੁੱਟਦੇ--ਕਲਜੁਗ 'ਚ ਉਹਨਾਂ ਨੂੰ ਕਾਣ ਹੀ ਕੀ ਹੈ। ਅੰਗਰੇਜ਼ਾਂ ਦੇ ਰਾਜ ਵਿੱਚ

ਜਾਂ ਕਿਸੇ ਰਾਜ ਵਿੱਚ ਕੋਈ ਫਕੀਰ ਸਾਧੂ ਆ ਜਾਂਦਾ ਹੈ, ਉਹ ਸੱਚ ਬੋਲਦਾ ਹੈ, ਆਪਣੀ ਮੌਜ ਨਾਲ ਬੈਠਦਾ ਹੈ, ਕਿਸੇ ਦਾ ਬੁਰਾ ਨਹੀਂ ਕਰਦਾ—ਜੇ ਕੋਈ ਵਿਹਾਰੀ ਸਰੀਰ ਅਗਰ ਆਪਣੇ ਧਰਮ ਉੱਤੇ, ਸਤਿ ਤੇ ਚਲਿਆ ਜਾਂਦਾ ਹੈ—ਉਹਨੂੰ ਉੱਥੋਂ ਦੀ ਪੁਲਿਸ ਦੀ ਕੀ ਪਰਵਾਹ ਹੈ ਕਿਉਂਕਿ ਉਹਨੂੰ ਗਮ ਹੀ ਨਹੀਂ ਕੋਈ। ਜਦ ਉਹਨੇ ਬੁਰਾ ਕਰਨਾ ਹੀ ਨਹੀਂ, ਉਹਨੂੰ ਕਿਸੇ ਨੇ ਪੁੱਛਣਾ ਨਹੀਂ। ਇਸੇ ਤਰ੍ਹਾਂ ਜਿਹੜੇ ਸਤਿਗੁਰੂ ਦੇ ਸਿੱਖ ਜਪ, ਤਪ, ਸੰਜਮ ਕਰਨ ਵਾਲੇ, ਭਜਨ ਬਾਣੀ ਕਰਨ ਵਾਲੇ—ਉਹਨਾਂ ਨੇ ਕਸ਼ਟ ਕੀ ਦੇਖਣਾ ਹੈ ?

*ਵਾਹਿ ਵਾਹਿ ਗੋਬਿੰਦ ਮ੍ਰਿਗਿੰਦ।*

ਵਾਹਿ—ਅਸਚਰਜ ਹੈ, ਦੋਹਾਂ ਲੋਕਾਂ ਵਿੱਚ, ਮਨ ਕਰਕੇ, ਤਨ ਕਰਕੇ, ਗੁਰੂ ਗੋਬਿੰਦ ਸਿੰਘ—ਧੰਨ ਹੈਂ ਤੂੰ।

*ਮਰੇ ਧਰਮ ਕੋ ਪਾਈ ਜਿੰਦ।।੯੮।।*

ਧਰਮ ਮਰੇ ਹੋਏ ਵਿੱਚ ਜਿਨ੍ਹਾਂ ਨੇ ਜਿੰਦ ਪਾਈ। ਜਦੋਂ ਕੋਈ ਆਸਰਾ ਨਹੀਂ ਸੀ ਰਹਿ ਗਿਆ, ਹਿੰਦੂਆਂ ਦੀ ਤਾਕਤ ਕੋਈ ਨਹੀਂ ਸੀ, ਮੁਸਲਮਾਨ ਜੋ ਚਾਹੁੰਦੇ ਸੀ ਜ਼ੁਲਮ ਕਰਦੇ ਸੀ। ਗੁਰੂ ਸਾਹਿਬ ਨੇ ਔਰੰਗਜ਼ੇਬ ਦੇ ਨਹੀਂ, ਜ਼ੁਲਮ ਦੇ ਬਰਖ਼ਲਾਫ ਜਹਾਦ ਖੜਾ ਕੀਤਾ ਔਰ ਇਹੋ ਜਿਹਾ ਖੜਾ ਕੀਤਾ ਜਿਹਦੇ ਨਾਲ ਉਹੀ ਲੋਕ ਜਿਹੜੇ ਡਰਦੇ ਸਨ, ਉਹਨਾਂ ਨੂੰ ਤਕੜੇ ਕੀਤਾ ਔਰ ਉਹਨਾਂ 'ਚ ਜਿੰਦ ਪਾ ਕੇ ਕਿਹਾ,''ਆਓ, ਇੱਕ ਝੰਡੇ ਹੇਠ ਖੜੇ ਹੋਵੋ ਇੱਕ ਹੋਵੋ—ਇੱਕ ਦੀ ਓਟ ਰੱਖੋ—ਅਕਾਲ ਦੀ ਔਰ ਫਿਰ ਤੁਹਾਨੂੰ ਕੋਈ ਮਾਰਨ ਵਾਲਾ ਨਹੀਂ।''

*ਦੇਵ ਧਰਾ ਗੋ ਦੀਨ ਦਨਿੰਦ।*

ਦੇਵਤੇ, ਧਰਤੀ, ਗਊਆਂ, ਗਰੀਬ ਜਿਹੜੇ ਹਨ ਇਨ੍ਹਾਂ ਨੂੰ ਤੇ—ਦੀਨ ਦਨਿੰਦ—ਇਹਨਾਂ ਨੂੰ ਤੇ ਚੜ੍ਹ ਗਿਆ ਸੂਰਜ। ਗਊਆਂ ਵਾਸਤੇ, ਦੇਵਤਿਆਂ ਵਾਸਤੇ, ਧਰਤੀ ਵਾਤੇ, ਗਰੀਬਾਂ ਵਾਸਤੇ ਤਾਂ ਚੜ੍ਹ ਗਿਆ ਸੂਰਜ।

*ਪਾਪ ਮਲੇਛੀ ਨੇਤਰ ਬੰਦ।*

ਜਿਹੜੇ ਮਲੇਸ਼ ਪਾਪ ਕਰਨ ਵਾਲੇ—ਉੱਲੂ, ਚਾਮਚੜਿੱਕਾਂ—ਉਹਨਾਂ

ਦੀਆਂ ਅੱਖਾਂ ਬੰਦ ਹੋ ਗਈਆਂ। ਸੂਰਜ ਚੜ੍ਹੇ ਉਹਨਾਂ ਨੂੰ ਦਿਸਣੋਂ ਰਹਿ ਗਿਆ। ਭਾਈ ਗੁਰਦਾਸ ਜੀ ਕਹਿੰਦੇ ਹਨ–

*ਘੁਘੂ[੧] ਚਾਮ ਚਿੜਿਕ ਨੋ ਦੇਹੁੰ[੨] ਨ ਸੁਝੇ ਚਾਨਣ ਹੋਂਦੇ।*

*–ਵਾਰ ੩੭, ਪਾਉੜੀ ੧੯*

*ਤਾਤੇ ਤਾਕੋ ਜਪੋ ਨਿਰੰਤਰ।*

ਭਾਈ ਉਸ ਗੁਰੂ ਦਾ ਜਾਪ ਕਰੋ—ਸਦਾ ਇੱਕ ਰਸ।

*ਸੇਵ ਕਰੋ ਸਿਖਨ ਦਲ ਦੰਤਰ।।੮੯।।*

ਜਿਹੜਾ ਉਸਦੀ ਸੇਵਾ ਕਰੇ ਜਾਂ ਉਸਦੇ ਸਿੱਖਾਂ ਦੀ ਸੇਵਾ ਕਰਦਾ ਹੈ, ਉਹਦੇ ਦਰਸ਼ਨ ਨਾਲ ਜਿਹੜੇ ਪੰਜੇ ਦੈਂਤ ਹਨ—ਦਲੇ ਜਾਂਦੇ ਹਨ।

*ਮੋਕੋ ਹੁਕਮ ਆਹਿ ਗੁਰ ਪੂਰੇ।*

ਮੈਨੂੰ ਪੂਰੇ ਸਤਿਗੁਰੂ ਗੁਰੂ ਰਾਮ ਸਿੰਘ ਦਾ ਹੁਕਮ ਹੈ।

*ਸੇਵਾ ਕਰੋ ਤਾਹਿ ਬਿਧ ਰੂਰੇ।*

ਭਾਈ ਉੱਥੇ ਚੰਗੀ ਤਰ੍ਹਾਂ—ਸੁੰਦਰ ਸੇਵਾ ਕਰਨੀ, ਗੁਰੂ ਦੇ ਘਰ ਵਿੱਚ ਜਾਕੇ ਮੈਲੇ ਨਹੀਂ ਹੋਣਾ, ਬਈ ਮੈਂ ਸੇਵਾ ਕਰਨ ਆਇਆ ਹਾਂ, ਪੈਸੇ ਲੈਣ ਨਹੀਂ ਆਇਆ।

*ਕੌਡੀ ਏਕ ਨਾ ਵਾ ਸੇ ਲਿਆਵੋ।*

ਇੱਕ ਕੌਡੀ ਨਹੀਂ ਅੰਗੀਕਾਰ ਕਰਨੀ।

*ਜੋ ਅਕੋਰ ਸੋ ਦੇਗ ਚਲਾਵੋ।।੯੦।।*

ਜੋ ਭੇਟਾ ਉੱਥੇ ਚੜ੍ਹੇ ਉਹ ਦੇਗ ਵਿੱਚ ਲਾਓ, ਉਹ ਗੁਰੂ ਦੀ ਦੇਗ ਵਿੱਚ ਪਾ ਦੇਣੀ–

**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।।**

*–ਪੰਨਾ ੯੬੭*

*ਸਾਚੇ ਗੁਰ ਕੀ ਆਗਿਆ ਐਸੇ।*

ਮੈਨੂੰ ਸੱਚੇ ਪਾਤਸ਼ਾਹ ਸਤਿਗੁਰ ਰਾਮ ਸਿੰਘ ਦੀ ਆਗਿਆ ਐਸੀ ਹੈ।

*ਮੈਂ ਏਹ ਦਮੜੇ ਲੈਹੋਂ ਕੈਸੇ।*

ਮੈਂ ਨਹੀਂ ਇਹ ਰੁਪਏ ਲੈ ਸਕਦਾ।

*ਸਾਚੋ ਗੁਰਦੁਆਰਾ ਦਸਮੇਸੁ।*

ਸੱਚੇ ਗੁਰੂ ਦਾ ਗੁਰਦੁਵਾਰਾ ਹੈ, ਸੱਚਾ ਗੁਰਦੁਵਾਰਾ ਹੈ—ਦਸਮ ਪਾਤਸ਼ਾਹ ਦਾ।

*ਉਤਮੁ ਏਹੁ ਬੁਲੰਦ ਵਿਸੇਸੁ।।੯੧।।*

ਜੋ ਉੱਤਮ ਹੈ ਔਰ ਵੱਡਾ ਹੈ—ਤਖਤਾਂ ਵਿਚੋਂ ਹੈ।।

*ਸਿਦਕ ਸਹਿਤ ਜੋ ਸੇਵਾ ਕਰ ਹੈ।*

ਭਾਈ ਜੋ ਸਿਦਕ ਨਾਲ ਸੇਵਾ ਕਰੇਗਾ।

*ਸੁਰ ਤਰ ਸਰ ਸਭ ਦਾਤਾ ਵਰ ਹੈ।*

ਇਹ ਕਲਪ ਬ੍ਰਿਛ ਦੀ ਤਰ੍ਹਾਂ ਸਾਰਿਆਂ ਵਰਾਂ ਦਾ ਦਾਤਾ ਹੈ-ਗੁਰੂ ਕਾ ਗੁਰਦੁਵਾਰਾ, ਜੇ ਕੋਈ ਸੇਵਾ ਕਰੇ—ਉਸਨੂੰ ਸਭ ਫਲ ਦਿੰਦਾ ਹੈ।

*ਵਰ ਦੁਆਰਾ ਤਾਤ ਤ੍ਰਿਅ ਨਰ ਹੈ।*

ਇਹ ਵਰ ਸ੍ਰੇਸ਼ਠ ਗੁਰਦੁਵਾਰਾ ਕਿਆ ਹੈ ? ਪਾਲਦਾ ਹੈ, 'ਤ੍ਰਿਆ ਨਰ' —ਇਸਤਰੀਆਂ-ਪੁਰਸ਼ਾਂ, ਸਭ ਦੀ ਪਾਲਣਾ ਕਰਨ ਵਾਲਾ ਹੈ।

*ਦੋਖ ਕਲੇਸ਼ ਸਗਲ ਪਰ ਹਰ ਹੈ।।੯੨।।*

ਸਭ ਇਸਤਰੀਆਂ ਤੇ ਪੁਰਸ਼ਾਂ ਦੇ ਦੁਖ ਕਲੇਸ਼ ਦੂਰ ਕਰਨ ਵਾਲਾ ਹੈ।

*ਸੇਵਾ ਕਰੇ ਜੋਇ ਅਨੁਰਾਗੇ।*

ਜੋ ਕੋਈ ਪ੍ਰੇਮ ਨਾਲ ਸੇਵਾ ਕਰੇ।

*ਤਾਕੇ ਉੱਤਮ ਲਖਹੋ ਭਾਗੇ।*

ਉਹਦੇ ਵੱਡੇ ਭਾਗ ਹੈਣ ਜਿਹੜਾ ਗੁਰੂ ਦੇ ਘਰ 'ਚ ਸੇਵਾ ਕਰੇ।

*ਭਾਗੇ ਦੁਇ ਲੋਕਨ ਡਰ ਤਾਕੋ।*

ਉਹਨਾਂ ਦਾ ਦੋ ਲੋਕਾਂ ਦਾ ਡਰ ਦੂਰ ਹੋ ਜਾਂਦਾ ਹੈ।

*ਦੀਦ ਕਰੇ ਇਕ ਬਾਰ ਜੋ ਯਾਕੋ।।੯੩।।*

ਜਿਹੜਾ ਉੱਥੇ ਆ ਕੇ ਦਰਸ਼ਨ ਕਰਦਾ ਹੈ—ਗੁਰੂ ਕੇ ਗੁਰਦੁਆਰੇ ਦਾ।

*ਆਗਿਆ ਹੈ ਪ੍ਰਭ ਕ੍ਰਿਪਾ ਨਿਧਾਨੇ।*

ਮਹਾਰਾਜ ਦੀ ਆਗਿਆ ਇਸ ਤਰ੍ਹਾਂ ਹੈ—ਸਤਿਗੁਰਾਂ ਦੀ।

*ਸ੍ਰੀ ਕਲਗੀਧਰ ਪੁਰਖ ਮਹਾਨੇ।*

ਕਲਗੀਧਰ ਮਹਾਨ ਪੁਰਸ਼—ਜੋ ਹੈ ਸਤਿਗੁਰੂ।

*ਤਾ ਹਿਤ ਸ੍ਰੋਤ ਕਰੋ ਗੁਰ ਭਾਈ।*

ਭਾਈ ਗੁਰੂ ਕੇ ਸਿੱਖੋ ਉਸਦੇ ਵਾਸਤੇ ਸੁਣੋ।

*ਮੈਂ ਨਹਿ ਲੇਹੁੰ ਯਹਾਂ ਸੇ ਰਾਈ।।੯੪।।*

ਮੈਂ ਇੱਕ ਰਾਈ ਦਾ ਦਾਣਾ ਨਹੀਂ ਇੱਥੋਂ ਲਵਾਂਗਾ।

*ਬੋਲੇ ਸਭ ਖੁਸ਼ ਹੋਏ ਪੁਜਾਰੀ*

ਪੁਜਾਰੀ ਬੜੇ ਖੁਸ਼ ਹੋਏ, ਸੁਣ ਕਰਕੇ।

*ਸਾਧ ਸਾਧ ਅਹਿ ਰਾਇ ਮ੍ਰਿਗਾਰੀ।*

ਭਾਈ ਧੰਨ ਹੈਂ ਤੂੰ! ਰਾਇ ਸਿੰਘ ਤੂੰ ਧੰਨ ਹੈਂ !

*ਐਸੇ ਸਰਧਾਵਾਨ ਪਿਆਰੇ*

ਐਸੇ ਸ਼ਰਧਾਵਾਨ ਜੋ ਸਿੱਖ ਹਨ ਗੁਰੂ ਕੇ।

*ਮਾਤ ਪਿਤਾ ਸਗਲੇ ਕੁਲ ਤਾਰੇ।।੯੫।।*

ਉਹ ਮਾਤਾ ਪਿਤਾ ਦੀਆਂ ਕੁਲਾਂ ਵੀ ਤਾਰ ਦਿੰਦੇ ਹਨ।

*ਦੋਹਰਾ।।ਇਸ ਪਰਕਾਰ ਗਏ ਰਾਇ ਸਿੰਘ ਕਥਾ ਸੁਨਾਈ ਮੋਹਿ।*

ਸੰਤ ਜੀ ਕਹਿੰਦੇ ਹਨ ਭਾਈ ਰਾਇ ਸਿੰਘ ਜੀ ਗਏ, ਕਿਸ ਤਰ੍ਹਾਂ ਹਜ਼ੂਰ ਸਾਹਿਬ ਪਹੁੰਚੇ, ਉੱਥੇ ਕਥਾ ਕੀਤੀ, ਉਹ ਭੇਟਾ ਚੜ੍ਹੀ, ਉਹ ਕਥਾ ਕਹਿੰਦੇ ਨੇ ਮੈਨੂੰ ਸੁਣਾਈ ਇਸ ਤਰ੍ਹਾਂ।

*ਆਵੈਗੋ ਜਿਸ ਭਾਂਤ ਅਬ ਭਾਖੋਂ ਸੁਣੀਏ ਸੋਇ।।੯੬।।*

ਜਿਸ ਤਰ੍ਹਾਂ ਹੁਣ ਭਾਈ ਰਾਇ ਸਿੰਘ ਜੀ ਆਉਣਗੇ, ਉਹ ਵੀ ਸੁਣ ਲਉ—ਕਥਾ।

*ਮੈਂ ਸਦਕੇ ਗੁਰ ਰਾਮ ਸਿੰਘ ਬੰਦੋਂ ਪਗ ਕਰ ਬੰਦ।*

ਮੈਂ ਸੌ ਵਾਰ ਬਲਿਹਾਰੇ ਜਾਨਾਂ ਸਤਿਗੁਰੂ ਰਾਮ ਸਿੰਘ ਦੇ, ਦੋਏ ਹੱਥ ਜੋੜ ਕਰਕੇ ਕਰਦਾ ਹਾਂ ਨਮਸ਼ਕਾਰ ਚਰਨਾਂ ਉੱਤੇ।

*ਲਿਆਵੈ ਮਗ ਨਿਜ ਸਿੰਘ ਜਿਵ ਕਰ ਰਖਿਆ ਸੁੱਖ ਕੰਦ।।੯੭।।*

ਜਾਂਦੇ ਹੋਏ ਵੀ ਰੱਖਿਆ ਕੀਤੀ, ਜਿਸ ਤਰ੍ਹਾਂ ਲਿਆਉਣਗੇ—ਸੁਖ ਦੇ ਸੋਮੇ—ਸਤਿਗੁਰੂ, ਸਿੱਖ ਨੂੰ ਜਿਸ ਤਰ੍ਹਾਂ ਰਸਤੇ ਵਿੱਚ, ਹੁਣ ਉਹ ਕਥਾ ਅੱਗੇ ਆਵੇਗੀ।

## ਮੰਗਲ ਗੁਰੂ ਰਾਮਦਾਸ ਜੀ

*ਦੋਹਰਾ।।ਚੌਥੇ ਗੁਰ ਚੌਥੇ ਜੁਗੀ ਚੌਥ ਪਦਾਰਥ ਦੇਵ।*

ਅਧਿਆਇ ਸ਼ੁਰੂ ਹੁੰਦੈ, ਜਿੱਥੋਂ ਅਰੰਭ ਅਧਿਆਇ ਦਾ ਹੁੰਦੈ, ਉੱਥੇ ਮੰਗਲ ਆਉਂਦਾ ਹੈ। ਹੁਣ ਪੰਜਵਾਂ ਅਧਿਆਇ, ਚੌਥੇ ਗੁਰੂ ਦਾ ਮੰਗਲ ਹੈ। ਇਹ ਕਹਿੰਦੇ ਨੇ-

*ਚੌਥੇ ਗੁਰ ਚੌਥੇ ਜੁਗੀ,*

ਚੌਥੇ ਜੁਗ ਵਿੱਚ, ਚੌਥੇ ਗੁਰੂ ਰਾਮਦਾਸ।

*ਚੌਥ ਪਦਾਰਥ ਦੇਵ।*

ਚਾਰ ਪਦਾਰਥ ਦੇਣ ਵਾਲੇ ਹਨ—ਧਰਮ, ਅਰਥ, ਅਰ ਕਾਮ, ਮੋਖ।

*ਚੌਥ ਅਸੀ ਕਾਟੇ ਜਨੌਂ ਬਿਘਨ ਬਿਨਾਸੀ ਸੇਵ।।੧।।*

'ਚੌਥ', ਚਾਰ ਤੇ ਅੱਸੀ ਚੁਰਾਸੀ ਕੱਟ ਦਿੰਦੇ ਹਨ, ਜਨਾਂ ਆਪਣਿਆਂ ਦੀ।

*ਬਿਘਨ ਬਿਨਾਸੀ ਸੇਵ*

ਜੇ ਕੋਈ ਸੇਵਾ ਕਰੇ ਗੁਰੂ ਰਾਮਦਾਸ ਦੀ, ਉਸਦੇ ਬਿਘਨ ਦੂਰ ਹੁੰਦੇ ਹਨ। ਮੈਂ ਨਮਸ਼ਕਾਰ ਕਰਦਾ ਹਾਂ, ਗੁਰੂ ਰਾਮਦਾਸ ਜੀ ਨੂੰ—ਸੰਤ ਜੀ ਕਹਿੰਦੇ ਹਨ, ਇਸ ਅਧਿਆਇ ਦੇ ਅਰੰਭ ਵਿੱਚ।

*ਸ੍ਵੈਯਾ।।ਸਾਜਨ ਸੈਣ ਸੁਣੋ ਸਭ ਹੀ ਮਨ*
*ਪ੍ਰੀਤ ਕਰੋ ਛਿਨ ਨਾਹਿ ਵਿਸਾਰੋ।*

ਏ ਭਾਈ ਸੱਜਣੋ, ਮਿੱਤਰੋ ਮੇਰਿਓ, ਸੁਣੋ ਸਾਰੇ ਮਨ ਲਾ ਕੇ-

*ਪ੍ਰੀਤ ਕਰੋ ਛਿਨ ਨਾਹਿ ਵਿਸਾਰੋ।*

ਸਤਿਗੁਰੂ ਨਾਲ ਪਿਆਰ ਕਰੋ ਔਰ ਇਹੋ ਜਿਹਾ ਪਿਆਰ ਕਰੋ ਕਿ ਇੱਕ ਛਿਨ ਵੀ ਨਾ ਬਿਸਾਰੋ। ਕੋਈ ਵਕਤ ਖਾਲੀ ਨਾ ਜਾਣ ਦੇਉ। ਸਤਿਗੁਰੂ ਨਾਲ ਇਹੋ ਜਿਹਾ ਪਿਆਰ ਕਰੋ ਕਿ ਇੱਕ ਛਿਨ ਮਾਤਰ ਭੀ ਨਾ ਭੁੱਲੇ।

*ਦੂਸਰ ਕੋ ਸਮ ਨਾਹਿ ਜਿਸੇ,*

ਦੂਸਰਾ ਜਿਸਦੇ ਸਮਾਨ ਕੋਈ ਨਹੀਂ ਦੁਨੀਆ 'ਚ।

*ਤਿਸ ਕੋ ਸਿਰ ਨਿਆਇ ਸੁ ਬੰਦਨ ਧਾਰੋ।*

ਉਸਨੂੰ ਸਿਰ ਨਿਵਾਓ ਔਰ ਨਮਸਕਾਰ ਕੋਰ—ਐਸੇ ਸਤਿਗੁਰ ਨੂੰ।

*ਰੰਗ ਬਿਰੰਗ ਰਚੀ ਰਚਨਾਂ*

ਜਿਸਨੇ ਰੰਗ ਬਿਰੰਗੀ—ਕਈਆਂ ਰੰਗਾਂ ਦੀ ਰਚਨਾ ਰਚੀ। ਕੋਈ ਉਹਦੇ ਰੰਗਾਂ ਦਾ ਹਿਸਾਬ ਗਿਣ ਨਹੀਂ ਸਕਦਾ। ਕਿਹੜੀ ਚੀਜ਼ ਨੂੰ ਅਸੀਂ ਗਿਣੀਏ ? ਇੱਕ-ਇੱਕ ਚੀਜ਼ ਨੂੰ ਗਿਣਨ ਲੱਗੀਏ, ਇੱਕ ਜਾਤੀ ਦੇ ਦਰਖ਼ਤ ਗਿਣ ਲਈਏ, ਇੱਕ ਜਾਤੀ ਦੇ ਜਾਨਵਰ ਗਿਣਨ ਲੱਗੀਏ, ਮਨੁੱਖ ਦੀਆਂ ਜਾਤੀਆਂ ਗਿਣਨ ਲੱਗੀਏ, ਕੋਈ ਪਤਾ ਨਹੀਂ ਲੱਗਦਾ ਕਿ ਉਸਦੀ ਸ੍ਰਿਸ਼ਟੀ ਕਿਆ ਰਚਨਾ ਹੈ।

*ਸਭ ਸੰਗ ਅਸੰਗ ਸੋ ਬੇਦ ਬਿਚਾਰੋ।*

'ਸਭ ਸੰਗ'—ਉਹ ਸਾਰਿਆਂ ਦੇ ਨਾਲ ਹੈ, ਪਰ ਹੈ ਉਹ 'ਅਸੰਗ'।

**ਜੈਸੇ ਜਲ ਮਹਿ ਕਮਲੁ ਨਿਰਾਲਮੁ[੩] ਮੁਰਗਾਈ ਨੈ ਸਾਣੇ[੪]**

*–ਰਾਮਕਲੀ ਮ:੧, ਪੰਨਾ–੯੩੮*

ਉਹ ਸਾਰਿਆਂ ਦੇ ਨਾਲ ਹੁੰਦਾ ਹੋਇਆ ਵੀ ਅਸੰਗ ਹੈ, ਸਭ ਦੇ ਵਿੱਚ ਹੁੰਦਾ ਹੋਇਆ ਵੀ ਅਲਹਿਦਾ ਹੈ, ਗੁਰੂ ਸਾਹਿਬ ਕਹਿੰਦੇ ਨੇ–

**ਸਭ ਕੈ ਮਧਿ ਸਭਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ।।**

*–ਸੂਹੀ ਮ:੫, ਪੰਨਾ–੭੮੫*

*ਐਸ ਗੁਰੂ ਹਰਦਾਸ ਤਨੇ,*

ਐਸੇ ਜੋ ਗੁਰੂ ਹਨ—ਹਰਦਾਸ ਦੇ ਘਰ ਜਿਹੜੇ ਬਣੇ ਹਨ—ਪੁੱਤਰ ਉਸਦਾ। ਹੈ ਗੁਰੂ ਪੁੱਤਰ ਕਿਸੇ ਦਾ ਨਹੀਂ, ਪਰ ਇਹ ਕਹਿਣ ਮਾਤਰ ਬਣਦਾ ਹੈ।

**ਕਵਿ ਕਲ੍ਯ ਠਕੁਰ ਹਰਦਾਸ ਤਨੇ,**
**ਗੁਰ ਰਾਮਦਾਸ ਸਰ ਅਭਰ ਭਰੇ।।**

*–ਪੰਨਾ ੧੩੯੭*

*ਐਸ ਗੁਰੂ ਹਰਦਾਸ ਤਨੇ ਰਾਮਦਾਸ ਧਿਆਨ ਮ੍ਰਿਗਿੰਦ ਜੁਹਾਰੋ।।੨।।*

ਐਸ ਗੁਰੂ ਹਰਦਾਸ ਤਨੇ ਰਾਮਦਾਸ, ਗੁਰੂ—ਹਰਦਾਸ ਦੇ ਜੋ ਹਨ ਪੁੱਤਰ—ਗੁਰੂ ਰਾਮਦਾਸ, ਧਿਆਨ ਸਿੰਘ ਜੀ ਕਹਿੰਦੇ ਹਨ—ਮੇਰੀ ਹੈ ਉਹਨਾਂ ਨੂੰ ਨਮਸਕਾਰ।

## ਭਾਈ ਰਾਇ ਸਿੰਘ ਦੀ ਹਜ਼ੂਰ ਸਾਹਿਬ ਤੋਂ ਵਿਦਾਇਗੀ

*ਦੋਹਰਾ।।ਏਕ ਦਿਵਸ ਗੁਰੂ ਰਾਮ ਸਿੰਘ ਭੈਣੀ ਸਾਹਿਬ ਮਾਹਿ।*

ਹੁਣ ਸੰਤ ਜੀ ਕਹਿੰਦੇ ਹਨ, ਇੱਕ ਦਿਨ ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ ਵਿੱਚ ਬੈਠੇ ਹਨ-

*ਯਾਦ ਕੀਓ ਰਾ ਸਿੰਘ ਕੋ ਸੁਪਨਾ ਆਇਓ ਤਾਹਿ।।੩।।*

ਰਾਇ ਸਿੰਘ ਨੂੰ ਯਾਦ ਕੀਤਾ ਕਿ ਬੜੀ ਦੇਰ ਹੋ ਗਈ ਹੈ ਰਾਇ ਸਿੰਘ ਗਏ ਨੂੰ ਅਬਚਲ ਨਗਰੀ, ਗੁਰੂ ਕੀ ਰੀਤੀ ਲਿਖਣ। ਉਹ ਆਇਆ ਨਹੀਂ, ਉੱਥੇ ਉਸਨੂੰ ਦਰਸ਼ਨ—ਦ੍ਰਿਸ਼ਟਾਂਤ ਵਿੱਚ ਦਿੱਤਾ।

*ਚੌਪਈ।।ਸੋਇਓ ਰਾਇ ਸਿੰਘ ਤਹਿ ਰਾਤ।*

ਜਦੋਂ ਰਾਤ ਨੂੰ ਰਇ ਸਿੰਘ ਬਿਰਾਜਿਆ।

*ਬੋਲੇ ਸਤਿਗੁਰ ਸੁਣੀਓ ਤਾਤ।*

ਉਹ ਕਹਿੰਦੇ ਨੇ,''ਹੇ ਭਾਈ ਸਿੱਖਾ ਸੁਣ—ਤਾਤ ਦੇ ਅਰਥ ਸਿੰਘ ਭੀ ਹੈ—ਪਿਤਾ ਭੀ ਹੈ—ਮਾਤਾ ਵੀ ਹੈ—ਪੁੱਤਰ ਵੀ ਹੈ।''

*ਕਾਰਜ ਤੈ ਅਬ ਸਾਰਿਓ ਸਾਰਾ।*

ਤੂੰ ਹੁਣ ਸਾਰਾ ਕਾਰਜ ਕਰ ਲਿਆ ਹੈ। ਗੁਰਦੁਆਰੇ ਜੋ ਕੁਛ ਸੇਵਾ ਵੀ ਕਰ ਲਈ, ਕਥਾ ਵੀ ਕਰ ਲਈ, ਜੋ ਕੁਛ ਲਿਖਣਾ ਸੀ, ਉਹ ਵੀ ਲਿਖ ਲਿਆ।

*ਮੋ ਢਿਗ ਆਵੋ ਬਿਨਾ ਅਵਾਰਾ।।੪।।*

ਸਾਡੇ ਪਾਸ ਆਓ ਹੁਣ ਬਿਨਾਂ ਦੇਰ ਤੋਂ।

*ਦਿਵਸ ਚੜੇ ਸਿੰਘਨ ਪ੍ਰਤਿ ਕਹੀਂ।*

ਜਦੋਂ ਦਿਨ ਚੜ੍ਹਿਆ, ਸਿੰਘਾਂ ਨੂੰ ਕਹਿੰਦਾ, ਭਾਈ ਰਾਇ ਸਿੰਘ।

*ਪੀਛੈ ਜਾਨ ਆਗਿਆ ਚਹੀ।*

ਖਾਲਸਾ ਜੀ,''ਹੁਣ ਮੈਨੂੰ ਆਗਿਆ ਦਿਓ ਮੈਂ ਪਿੱਛੇ ਨੂੰ ਜਾਵਾਂ।''

*ਸ੍ਰੀ ਗੁਰਦੁਆਰੇ ਕੇ ਸਿੰਘ ਜੇਤੇ।*

ਜਿੰਨੇ ਵੀ ਗੁਰਦੁਆਰੇ ਦੇ ਸਿੰਘ ਸਨ।

*ਚਾਹੇ ਰੱਖਿਆ ਰਾ ਸਿੰਘ ਤੇਤੇ।।੫।।*

ਸਾਰੇ ਰਾਇ ਸਿੰਘ ਨੂੰ ਰੱਖਣਾ ਚਾਹੁੰਦੇ ਨੇਂ। ਗਿਆਨੀ ਠਾਕੁਰ ਸਿੰਘ ਜੀ ਇੱਕ ਵੇਰ ਫਤਹਿਗੜ੍ਹ ਸਾਹਿਬ ਦੇ ਮੇਲੇ ਵਿੱਚ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਦਿਨ ਉੱਤੇ—ਮੈਂ ਵੀ ਉੱਥੇ ਗਿਆ ਸੀ—ਮੈਨੂੰ ਯਾਦ ਪੂਰਾ ਨਹੀਂ ੧੯੨੨-੨੩ ਸੰਨ ਹੋਵੇਗਾ—ਉੱਥੇ ਗੱਲ ਹੋਈ,''ਭਾਈ ਸਿੱਖੋ, ਤੁਸੀਂ ਮੇਲੇ ਆਏ ਹੋ ਗੁਰੂ ਕੇ, ਇਹਨੂੰ ਮੈਲਾ ਨਾ ਕਰੋ। ਅਸਾਂ ਦੇ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਸਹਿਬਜ਼ਾਦੇ—ਉਹਨਾਂ ਦੀ ਸ਼ਹੀਦੀ ਦਾ ਪੁਰਬ ਤੇ ਅਸੀਂ ਲਿਆ ਕੇ ਸ਼ਰਾਬਾਂ ਪੀਵੀਏ, ਧੱਕੇ ਮਾਰੀਏ ਤੇ ਇੱਕ ਦੂਜੇ ਨੂੰ ਗਾਲ੍ਹਾਂ ਕੱਢੀਏ, ਕਿਆ ਕੰਮ ਹੈ ?''

## ਪਰਾਇਆ ਹੱਕ

ਉਹਨਾਂ ਨੇ ਉੱਥੇ ਸਾਖੀ ਸੁਣਾਈ ਕਿ ਭਾਈ ਕਟਾਰਾ ਗੁਰੂ ਜੀ ਦਾ ਇੱਕ ਸਿੱਖ ਸੀ—ਉਹਨਾਂ ਦਿਨਾਂ 'ਚ ਇਸੇ ਤਰ੍ਹਾਂ ਹੀ ਹਾਲ ਸੀ, ਜਿਸ ਤਰ੍ਹਾਂ ਪਿਛਲੇ ਸਾਲ ਸਾਡਾ ਵੀ ਹੋਇਆ, ਕਾਫਲੇ ਤੁਰਦੇ ਸੀ, ਇਕੱਲਾ-ਦੁਕੱਲਾ ਕਿਤੇ ਜਾ ਨਹੀਂ ਸੀ ਸਕਦਾ, ਉਹ ਧੱਕੀਦੇ—ਧੱਕੀਦੇ ਆਏ ਖਡੂਰ, ਜਾਣਾ ਸੀ ਉਹਨਾਂ ਨੇ ਗੁਰੂ ਨਾਨਕ ਦੇ ਦਰਸ਼ਨ ਨੂੰ। ਇੱਥੇ ਆਏ ਤੇ ਸੌਦਾ ਲੈਣ ਗਏ—ਲਹਿਣੇ ਦੀ ਉੱਥੇ ਦੁਕਾਨ ਸੀ। ਜਿਸ ਵੇਲੇ ਜਾ ਕੇ ਸੌਦਾ ਲਿਆ, ਉਸ (ਭਾਈ ਲਹਿਣੇ) ਕਿਹਾ,''ਬਈ ਆ-ਝੂੰਗਾ ਲੈ।''

ਉਹਨਾਂ ਆਖਿਆ,''ਨਹੀਂ, ਬਈ ਸਾਡਾ ਹੱਕ ਨਹੀਂ ਇਹ ਲੈਣਾ ਕਿਉਂਕਿ ਇਹ ਬੇਗਾਨਾ ਹੱਕ ਹੈ, ਅਸਾਂ ਜੋ ਪੈਸੇ ਦਿੱਤੇ ਨੇ, ਉਹ ਚੀਜ਼ ਮੁੱਲ ਲਈ ਹੈ।''

ਮੈਂ ਤੁਹਾਨੂੰ ਕੀ ਸਿੱਖਾਂ ਦੀ ਗੱਲ ਸੁਣਾਵਾਂ, ਸਤਿਗੁਰਾਂ ਨੇ ਏਡੀ ਕਿਰਪਾ ਕੀਤੀ ਸੀ, ਸਤਿਗੁਰੂ ਰਾਮ ਸਿੰਘ ਦੇ ਵਕਤ ਸੰਤ ਮਿਰਜ਼ੇ ਵਾਲੀਏ, ਉਹਨਾਂ

ਦੀ ਲੜਕੀ ਦੂਸਰੇ ਖੇਤ ਵਿੱਚੋਂ–ਸਕੇ ਚਾਚੇ ਦਾ ਸਾਗ ਤੋੜ ਲਿਆਈ ਤੇ ਲਿਆ ਕੇ ਰਿੰਨਿਆ–ਸੰਤ ਜਿਸ ਵੇਲੇ ਬਾਹਾਰੋਂ ਆਏ ਤੇ ਆਖਣ ਲੱਗੇ,''ਬੀਬੀ, ਸਾਡੇ ਤੇ ਸਾਗ ਹੈ ਨਹੀਂ ਸੀ ਪੈਲੀ ਵਿੱਚ, ਤੂੰ ਕਿੱਥੋਂ ਲਿਆਈ ?''

ਜੀ,''ਮੈਂ ਚਾਚੇ ਦਾ ਲਿਆਈ ਹਾਂ।''

ਰਿੱਝਿਆ ਹੋਇਆ ਸਾਗ ਬੋਗਣਾ ਪਾ ਕੇ ਉਸੇ ਤਰ੍ਹਾਂ ਚਾਚੇ ਦੇ ਘਰ ਲੈ ਗਏ। ਕਹਿਣ ਲੱਗੇ,''ਬਈ ਅਸੀਂ ਨਹੀਂ ਖਾਣਾ, ਕਿਉਂਕਿ ਬੇਗਾਨਾ ਹੱਕ ਹੈ।''

ਰਾਵੀ ਕੇ ਕੰਢੇ ਉੱਤੇ ਘਣੀਏਕੇ ਨਗਰ ਹੈ। ਜਿਹੜੇ ਲੋਕ ਕੋਈ ਦਰਿਆ ਦੇ ਕੰਡੇ ਉੱਥੋਂ ਦੇ ਰਹਿਣ ਵਾਲੇ ਹੋਣ, ਉਹਨਾਂ ਨੂੰ ਪਤਾ ਲੱਗ ਸਕਦਾ ਹੈ ਕਿ ਉਹ ਲੋਕ ਜ਼ਮੀਨ ਦੀ ਵੰਡ ਇਸ ਤਰ੍ਹਾਂ ਪਾਉਂਦੇ ਸਨ ਕਿ ਦਰਿਆ ਦੇ ਕੰਡੇ ਤੋਂ ਪੈਲੀ ਕਿਸੇ ਦੀ ਮੰਜੇ ਜਿੰਨੀ ਚੌੜੀ, ਕਿਸੇ ਦੀ ਕਰੂ, ਕਿਸੇ ਦੀ ਦੋ ਕਰੂ ਤੇ ਲੰਮੀਆਂ ਮੀਲ-ਮੀਲ ਕਰ ਲੈਣੀਆਂ ਤੇ ਜੇ ਦਰਿਆ ਦੀ ਢਾਹ ਲੱਗੇ ਤੇ ਸਾਰਿਆਂ ਦੀ ਇੱਕੋ ਜਿੰਨੀ ਢਹਿੰਦੀ ਜਾਏ। ਭਾਈ ਗੁਰਦਿੱਤ ਸਿੰਘ ਇੱਕ ਸਿੰਘ ਹੈ–ਨਾਲ ਦੀ ਜ਼ਮੀਨ ਉਸਦੇ ਭਰਾ ਦੀ ਹੈ। ਉਸ ਭਰਾ ਦੀ ਜ਼ਮੀਨ ਵਿੱਚ ਖਰਬੂਜ਼ੇ ਦੀ ਵੇਲ ਉੱਗ ਪਈ। ਉਹ ਵੇਲ ਉੱਗ ਕੇ ਲੰਮੀ ਹੋ ਗਈ ਤੇ ਗੁਰਦਿੱਤ ਸਿੰਘ ਦੀ ਪੈਲੀ ਵਿੱਚ ਆ ਗਈ। ਉਹਨੂੰ ਖਰਬੂਜ਼ਾ ਲਗਦਾ ਹੈ, ਉਹ ਤੋੜ ਕੇ ਖਰਬੂਜ਼ਾ ਉਸਦੇ ਘਰ ਲਿਜਾਂਦਾ ਹੈ ਕਹਿੰਦਾ ਹੇ,''ਬਈ ਤੇਰੀ ਪੈਲੀ 'ਚ ਵੇਲ ਉੱਗੀ ਹੈ, ਇਹ ਤੇਰਾ ਹੈ।''

ਤਾਂ ਗਿਆਨੀ ਜੀ ਨੇ ਕਿਹਾ,''ਅਸੀਂ ਬਈ ਵਾਧਾ ਨਹੀਂ ਲੈਣਾ।''

ਤਾਂ ਇਸ ਗੱਲ ਦਾ ਲਹਿਣੇ ਉੱਤੇ ਅਸਰ ਹੋਇਆ ਕਿ ਇਹ ਕੌਣ ਆਦਮੀ ਹੈ। ਉਹ ਕਹਿੰਦਾ ਹੈ,''ਬਈ ਕੌਣ ਹੈਂ ਤੂੰ, ਕੀਹਦਾ ਸਿੱਖ ਹੈਂ ?''

ਕਹਿੰਦਾ ਏ,''ਮੈਂ ਗੁਰੂ ਨਾਨਕ ਦਾ ਸਿੱਖ ਹਾਂ।''

ਅਸੀਂ ਵੀ ਉਹਦੇ ਸਿੱਖ ਹਾਂ ਸਾਰੇ ਹੀ, ਇਹ ਨਹੀਂ ਗੱਲ ਨਾਮਧਾਰੀ

ਉਂਗਲਾਂ ਅਕਾਲੀਆਂ ਉੱਤੇ ਧਰਨ ਜਾਂ ਅਕਾਲੀ ਨਾਮਧਾਰੀਆਂ ਉੱਤੇ ਧਰਨ, ਸਿੱਖ ਸਾਰੇ ਹੀ ਹਾਂ। ਜੇ ਬਦਨਾਮੀ ਸਿੱਖ ਦੀ ਹੋਊ ਤਾਂ ਸਾਰਿਆਂ ਦੀ ਹੋਈ ਹੈ-ਭਾਵੇਂ ਕੋਈ ਕੁਝ ਕਹੇ, ਜਦੋਂ ਸਿੱਖ ਦਾ ਸਵਾਲ ਆਵੇਗਾ —ਸਿੱਖ ਦੀ ਹੋਊ। ਏਦੂੰ ਅੱਗੇ ਹਿੰਦੁਸਤਾਨ ਦੀ ਹੋਊ, ਭਾਵੇਂ ਹਿੰਦੂ ਦੀ ਹੋਵੇ, ਭਾਵੇਂ ਸਿੱਖ ਦੀ ਹੋਵੇ, ਫਿਰ ਸਾਰਿਆਂ ਦੀ ਹੋਊ। ਧਿਆਨ ਦੇਣ ਦੀ ਲੋੜ ਹੈ, ਭਾਈ ਸਿੱਖ ਕਿਹੋ ਜਿਹਾ ਹੋਵੇ? ਖੁਸ਼ਬੋ ਵਾਲਾ ਹੋਵੇ, ਜਿਸ ਦੇ ਵਿੱਚੋਂ ਖੁਸ਼ਬੋ ਆਵੇ—ਕੋਈ ਨੇੜੇ ਲੱਗੇ। ਲਹਿਣਾ ਜੀ ਨੂੰ ਇਹ ਉਪਦੇਸ਼ ਹੋਇਆ। ਗੁਰੂ ਨਾਨਕ ਜੀ ਦਾ ਦਰਸ਼ਨ ਕੀਤਾ ਤਾਂ ਸਿੱਖ ਬਣੇ ਤੇ ਗੁਰੂ ਬਣੇ। ਤਾਂ ਉਹਨਾਂ ਕਿਹਾ,''ਸਿੱਖ ਦਾ ਕੰਮ ਹੈ—ਖੁਸ਼ਬੋ ਖਿਡਾਵੇ।''

## ਲਾਲ ਸੱਚ ਕੋ ਮੂਰਖ ਤਿਆਗੇ

ਭਾਈ ਸਾਹਿਬ ਰਾਇ ਸਿੰਘ ਜੀ ਉੱਥੇ ਗਏ ਹਨ। ਸਾਰੇ ਸਿੰਘਾਂ ਦਾ ਪ੍ਰੇਮ ਹੈ। ਜਿਸ ਵੇਲੇ ਉਹਨਾਂ (ਭਾਈ ਰਾਇ ਸਿੰਘ) ਨੇ ਆਖਿਆ ਕਿ ਅਸੀਂ ਪਿਛਾਂਹ ਨੂੰ ਜਾਂਦੇ ਹਾਂ ਤਾਂ ਅੰਦਰ ਰੁੱਗ ਭਰੀਂਦਾ ਹੈ, ਕਲੇਜਾ ਘਿਰਦਾ ਹੈ। ਸਿੰਘ ਕਹਿੰਦੇ,''ਨਾ ਜੀ, ਤੁਸੀਂ ਨਾ ਜਾਓ।''

*ਬੁਧਵਾਨ ਸਿਦਕੀ ਗੁਣਵੰਤਾ*

ਗੁਣੀ ਵੀ, ਬੁੱਧੀਵਾਨ ਵੀ, ਸਿਦਕੀ ਵੀ, ਗੁਰੂ ਦੇ ਘਰ ਦੇ-

*ਤਾਕੋ ਕੌਣ ਨ ਚਾਹਿ ਰਖੰਤਾ।*

ਕੌਣ ਆਦਮੀ ਹੈ ਜਿਹੜਾ ਉਹਨਾਂ ਨੂੰ ਚਾਹੇ ਕਿ ਦੂਰ ਹੋਵੇ।

*ਗੁਣੀ ਗਿਆਨੀ ਜਹਿ ਜਹਿ ਜਾਵੈ।*

ਗੁਣੀ ਗਿਆਨੀ ਪੁਰਖ ਜਿੱਥੇ-ਜਿੱਥੇ ਜਾਂਦੇ ਹਨ, ਅੱਜ ਕੱਲ੍ਹ ਵਰਗੇ, ਸਾਡੇ ਵਰਗੇ ਨਹੀਂ, ਜਿਹਨਾਂ ਨੇ ਪਹਿਲਾਂ ਹੀ ਕਿਹਾ ਹੈ,''ਬਈ ਕਥਾ ਤਾਂ ਕਰਨੀ ਹੈ ਜੇ ਪੰਜ ਸੌ ਰੁਪਿਆ ਭੇਟਾ ਦਿਉ, ਪਾਠ ਤਾਂ ਕਰਦੇ ਹਾਂ ਜੇ ਪੰਝੀ ਰੁਪੱਈਏ ਦਿਓਗੇ, ਰੌਲ ਤਾਂ ਲਾਉਂਦੇ ਹਾਂ ਜੇ ਪੰਜ ਰੁਪੱਈਏ ਇੱਕ ਰੌਲ ਦੇ ਦਿਓਗੇ।'' ਅਖੰਡ ਪਾਠ 'ਚ ਨਹੀਂ ਲਗਦੇ। ਰਾਗੀ ਵੀ ਮੁੱਕਰਰ ਕਰਦੇ ਹਨ—ਅਗਲੇ ਕਹਿੰਦੇ ਨੇ ਜੀ ਗੁਰੂ ਨਾਨਕ ਦੇ ਜਨਮ ਦਿਨ ਤੇ ਸੱਦਣਾ

ਹੈ।

ਕਹਿੰਦੇ ਨੇ,''ਬਈ ਦਿਓਗੇ ਕੀ ? ਭਾਈ ਜੇ ਸਵਾ ਸੌ ਰੁਪੱਈਆ ਦਿਓਗੇ, ਨਾਲ ਕਿਰਾਇਆ ਦਿਓ ਤੇ ਆਉਨੇ ਹਾਂ।''

**ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ**

*ਮਾਰੂ ਕਬੀਰ ਜੀ -ਪੰਨਾ, -੧੧੦੩*

ਗੁਰੂ ਜੀ ਕਹਿੰਦੇ ਨੇ ਜਨਮ ਬਿਰਥਾ ਜਾਏ-ਇਹ ਗੁਣੀ ਹੈ,ਗਿਆਨੀ ਹੈ ਔਰ ਨਿਰਲਾਲਚ ਹੈ, ਸਿਦਕੀ ਹੈ।

*ਤਾਹਿ ਤਾਹਿ ਆਦਰ ਸੁਖ ਪਾਵੈ।।੬।।*

ਗੁਣੀ ਗਿਆਨੀ ਜਿੱਥੇ ਜਾਵੇ ਉਹਨੂੰ ਉੱਥੇ ਹੀ ਆਦਰ ਮਿਲਦਾ ਹੈ, ਉੱਥੇ ਹੀ ਸੁੱਖ ਪ੍ਰਾਪਤ ਹੁੰਦਾ ਹੈ।

*ਲਾਲ ਸਚ ਕੋ ਮੂਰਖ ਤਿਆਗੇ*

ਸੱਚ ਨੂੰ ਔਰ ਲਾਲ ਨੂੰ ਤਿਆਗਦਾ ਕੌਣ ਹੈ—ਮੂਰਖ। ਬਈ, ਹੁਣ ਫਿਰ ਇਉਂ ਗੱਲ ਹੈ, ਆਪਾਂ ਸਾਰੇ ਹੀ ਇਥੇ ਬੈਠੇ ਹਾਂ, ਆਪਣੇ-ਆਪਣੇ ਅੰਦਰ ਝਾਤੀਆਂ ਮਾਰ ਲਓ ਕਿ ਸਿਆਣੇ ਹਾਂ ਜਾਂ ਮੂਰਖ ਹਾਂ, ਸੱਚ ਬੋਲਦੇ ਹਾਂ ਜਾਂ ਝੂਠ ਬੋਲਦੇ ਹਾਂ। ਜੇ ਬਲੈਕ ਕਰਦੇ ਹਾਂ ਤਾਂ ਇਹ ਸੱਚ ਨਹੀਂ, ਚਾਹੇ ਕਿਸੇ ਤਰ੍ਹਾਂ ਕੋਈ ਲੈਂਦਾ ਕੋਈ ਦਿੰਦਾ ਹੈ। ਫਿਰ ਅਸੀਂ ਹੁਣ ਕੌਣ ਹੋਏ—ਜਿਹੜੇ 'ਲਾਲ ਸੱਚ ਨੂੰ'—ਮੂਰਖ ਤਿਆਗਦੇ ਨੇ ਸੱਚ ਨੂੰ ਔਰ ਲਾਲ ਨੂੰ। ਅਸੀਂ ਤੇ ਕਿੰਨ੍ਹਾਂ ਵਿੱਚੋਂ ਹੋਏ ਫਿਰ—ਸਿਆਣਿਆਂ ਵਿੱਚ ਹੋਏ—ਗੁਰੂ ਕੇ ਸਿੱਖ ਹੋਏ-ਜੋ ਕੁਝ ਹਾਂ, ਫਿਰ ਉਹੋ ਹੀ ਹਾਂ, ਸਮਝ ਲਓ.......?

*ਤੋੜਤ ਛੋੜਤ ਨਹਿ ਭਲ ਭਾਗੇ*

ਜਿਹੜੇ ਭਲੇ ਭਾਗਾਂ ਵਾਲੇ ਹਨ, ਨਾ ਉਹ ਲਾਲ ਨੂੰ ਤੋੜਦੇ ਹਨ, ਨਾ ਉਹ ਸੱਚ ਨੂੰ ਛੋੜਦੇ ਹਨ, ਜਿਹਨਾਂ ਦੇ ਭਾਗ ਭਲੇ ਹਨ।

*ਕਹੇ ਰਾਇ ਸਿੰਘ ਕੋ ਸਮਝਾਈ*

ਰਾਇ ਸਿੰਘ ਨੂੰ ਸਮਝਾਉਂਦੇ ਹਨ।

*ਬਿਆਹਿ ਕਰੋ ਰਹੀਓ ਸੁਖ ਪਾਈ।।੭।।*

ਭਾਈ ਇੱਥੇ ਤੇਰਾ ਵਿਆਹ ਕਰ ਦੇਨੇ ਹਾਂ, ਇਹ ਚੰਮ ਦੀ ਬੇੜੀ ਭੀ

ਲੱਤਾਂ 'ਚ ਪਾ ਦੇਨੇ ਹਾਂ, ਤੂੰ ਇੱਥੇ ਹੀ ਰਹੁ ਹੁਣ।

*ਗੁਰ ਕੋ ਹੁਕਮ ਉਡੀਕਤ ਪਿਆਰੇ*

ਭਾਈ ਗੁਰੂ ਦਾ ਹੁਕਮ ਹੈ—ਉਡੀਕਦੇ ਹਨ।

*ਸਾਠ ਬਰਸ ਤਕ ਇਸ ਗੁਰਦੁਆਰੇ।*

ਗੁਰਦੁਆਰੇ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ ਕਿ ਮੈਂ ਸਿੱਖ ਨੂੰ ਸੱਠਾਂ ਸਾਲਾਂ ਤੱਕ ਉਡੀਕਦਾ ਹਾਂ ਕਿ ਇੱਥੇ ਦਰਸ਼ਨ ਕਰਨ ਆਉਂਦਾ ਹੈ ਕਿ ਨਹੀਂ।

*ਆਵੈ ਸੰਕਟ ਕਟ ਸੁਖ ਪਾਵੈ*

ਜੋ ਆਉਂਦੈ, ਉਸਦੇ ਸੰਕਟ ਦੂਰ ਹੁੰਦੇ ਹਨ।

*ਸੰਸੇ ਹਾਨ ਬੈਕੁੰਠ ਸਿਧਾਵੈ।।੮।।*

ਸੰਸੇ ਉਸਦੇ ਦੂਰ ਹੁੰਦੇ ਹਨ, ਉਹ ਬੈਕੁੰਠ ਨੂੰ ਜਾਂਦਾ ਹੈ।

*ਕਿਤੀ ਦੂਰ ਹੈ ਦੇਸ਼ ਪੰਜਾਬ।*

ਭਾਈ ਕਿੰਨੀ ਦੂਰ ਹੈ ਪੰਜਾਬ ਦੇਸ਼।

*ਆਵਤ ਜਾਤੇ ਲਾਖ ਅਜਾਬ।*

ਆਉਂਦਿਆਂ ਜਾਂਦਿਆਂ ਨੂੰ ਲੱਖਾਂ ਹੀ ਤਕਲੀਫਾਂ ਆਉਂਦੀਆਂ ਹਨ।

*ਸਤਜੁਗ ਸੱਤ ਪੈਂਡਾ ਦੁੱਖ ਅਤਿ।*

ਸਤਿਜੁਗ ਸੱਤ—ਜੇ ਜੁਗ ਸੱਤ ਇਕੱਠੇ ਕਰੀਏ, ਦੋ ਸਾਤੇ—ਕੀ ਬਣਦਾ ਹੈ—ਚੌਦਾਂ ਸੌ, ਸਤਿਜੁਗ ਸੱਤ—ਚੌਦਾਂ ਸੋ ਕੋਹ ਹੈ ਪੈਂਡਾ ਬੜਾ ਦੁੱਖ ਵਾਲਾ ਪੰਜਾਬ ਤੋਂ।

*ਸੂਕੇ ਨਾਮ ਲੇਤ ਹੀ ਰੱਤ।।੯।।*

ਜੇ ਨਾਮ ਲਈਏ ਤਾਂ ਚੌਦਾਂ ਸੌ ਕੋਹ ਪੈਦਲ ਜਾਣਾ ਹੈ—ਹੁਣ ਤੇ ਸਾਨੂੰ ਚੌਦਾਂ ਹਜ਼ਾਰ ਕੋਹ ਵੀ ਨਹੀਂ ਮਾਲੂਮ ਹੁੰਦਾ, ਕਿਉਂਕਿ ਹਵਾਈ ਜਹਾਜ਼ ਤੇ ਲੱਤ ਧਰੀ ਤੇ ਗਏ ਪਰ ਉਸ ਵੇਲੇ ਪੈਦਲ ਚਲਣਾ—ਸਾਥੀ ਕੋਈ ਨਹੀਂ—ਰਸਤੇ ਇਤਨੇ ਖ਼ਰਾਬ ਨੇ—ਜਾਨਵਰ, ਸ਼ੇਰ ਪੈਂਦੇ ਹਨ ਔਰ ਭੀਲ ਪੈਂਦੇ ਹਨ—ਰਸਤੇ 'ਚ ਜਿਹੜੇ ਤੀਰਾਂ ਨਾਲ ਹੀ ਮਾਰ ਦਿੰਦੇ ਹਨ, ਪੁੱਛ ਗਿੱਛ ਹੀ ਕੋਈ ਨਹੀਂ ਸੀ ਹੁੰਦੀ ਕਿਉਂਕਿ ਉਹ ਜੰਗਲਾਂ 'ਚ ਰਹਿੰਦੇ—ਫੜੇ ਜਾਂਦੇ

ਨਹੀਂ ਸਨ, ਇੰਤਜ਼ਾਮ ਕੋਈ ਐਸਾ ਹੈ ਹੀ ਨਹੀਂ।

## ਸਾਜਨ ਵਿਦਾ ਕਰੇਂਦਿਆਂ

*ਆਪ ਕਹੋ ਮੈਂ ਜਾਵੋ ਪੀਛੇ।*

ਭਾਈ ਸਾਹਿਬ ਜੀ ਤੁਸੀਂ ਕਹਿੰਦੇ,''ਅਸੀਂ ਪਿੱਛੇ ਜਾਣਾ ਹੈ।''

*ਤੁਮਰੇ ਬੋਲ ਲਗਤ ਸਰ ਤੀਛੇ।*

ਜਿਹੜਾ ਤੁਸੀਂ ਕਹਿੰਦੇ ਓ—ਅਸੀਂ ਪਿੱਛੇ ਨੂੰ ਜਾਣਾ ਹੈ—ਸਾਨੂੰ ਭਾਈ ਤਿੱਖੇ ਤੀਰ ਮਾਲੂਮ ਹੁੰਦੇ ਹਨ। ਇੱਕ ਕਵੀ ਪੰਜਾਬ ਦੇ ਨੇ ਕਿਹਾ ਹੈ-

*ਸਾਜਨ ਵਿਦਾ ਕਰੇਂਦਿਆਂ ਮਨ ਝੋਰਾ ਤਨ ਦਾਹੁ।*
*ਜੀਬ ਮੰਢਾਹੁ ਝੜ ਪੜੇ ਜੇ ਮੈਂ ਆਖਾਂ ਜਾਹੁ।*

ਸੱਜਣ ਨੂੰ ਵਿਦਾ ਕਰਨ ਲੱਗਿਆਂ ਸਰੀਰ ਸੜਦਾ ਹੈ, ਮਨ ਨੂੰ ਝੋਰਾ ਹੁੰਦਾ ਹੈ। ਪਰ, ਮੇਰੀ ਜੀਭ ਮੁੱਢੋਂ ਪੁੱਟੀ ਜਾਵੇ ਜੇ ਮੈਂ ਆਖਾਂ ਬਈ ਜਾਹ —ਇਹ ਮੇਰੇ ਕੋਲੋਂ ਨਾ ਸ਼ਬਦ ਕਿਹਾ ਜਾਵੇ-

*ਫੇਰ ਕਹੀ ਇਮ ਰਾਇ ਮ੍ਰਿਗਿੰਦ।*

ਰਾਇ ਸਿੰਘ ਜੀ ਨੇ ਫਿਰ ਇਸ ਤਰ੍ਹਾਂ ਕਿਹਾ-

*ਵਾਕ ਤੁਮਾਰੇ ਚੰਦ ਮਨਿੰਦ।।੧੦।।*

ਤੁਹਾਡੇ ਬਚਨ ਚੰਦ੍ਰਮਾ ਜੈਸੇ ਸੀਤਲ ਹਨ—ਭਾਈ ਸਾਹਿਬ।

*ਮੋਕੋ ਪਰ ਆਗਿਆ ਗੁਰ ਮੇਰੇ।*

ਪਰ ਮੈਨੂੰ ਆਗਿਆ ਮੇਰੇ ਗੁਰੂ ਦੀ ਹੈ। ਜਿਸ ਤਰ੍ਹਾਂ ਭਾਈ ਜੋਗਾ ਸਿੰਘ ਜੀ ਨੇ ਲਾਵਾਂ ਲਈਆਂ—ਤਿੰਨ, ਕਰਤਾਰ ਸਿੰਘ ਜੀ ਗਿਆਨੀ ਕਹਿੰਦੇ ਨੇ —ਗੁਰੂ ਜੀ ਨੇ ਲਿਖ ਕੇ ਚਿੱਠੀ ਦਿੱਤੀ ਸੀ ਸਿੱਖ ਨੂੰ ਕਿ—ਜਿਹੜਾ ਕੰਮ ਕਰਦਾ ਹੋਵੇਂ ਛੱਡ ਵਿੱਚੇ। ਚੌਥੀ ਲਾਵ ਨਹੀਂ ਲਈ, ਜਦ ਚਿੱਠੀ ਦੇਖ ਲੀਤੀ, ਉੱਥੇ ਹੀ ਚਰਨ ਗੱਡ ਦਿੱਤਾ।

ਉਹ ਕਹਿੰਦੇ ਨੇ,''ਇੱਕ ਲਾਂ ਲੈਂਦਿਆਂ ਕੀ ਘਟਦਾ।''

ਕਹਿੰਦਾ ਗੁਰੂ ਦਾ ਹੁਕਮ ਮੁੜਦਾ ਹੈ,''ਜਿਹੜਾ ਕੰਮ ਕਰਦਾ ਹੋਵੇ ਛੱਡ ਵਿੱਚੇ।'' ਜੇ ਮੈਂ ਤਿੰਨ ਲਾਵਾਂ ਤੋਂ ਚੌਥੀ ਲਾਂ ਲੈ ਲਵਾਂ ਤਾਂ ਵਿੱਚੇ ਕੰਮ ਤਾਂ

ਨਾ ਛਡਿਆ, ਗੁਰੂ ਦਾ ਹੁੱਕਮ ਨਾ ਮੰਨਿਆ ਗਿਆ। ਉੱਥੇ ਹੀ ਚਰਨ ਧਰ ਦਿੱਤਾ।

ਕਹਿੰਦਾ ਹੈ,''ਮੇਰੇ ਗੁਰੂ ਦਾ ਹੁਕਮ ਹੈ ਕਿ ਤੂੰ ਆ ਭਾਈ।''

*ਮੋਕੋ ਪਰ ਆਗਿਆ ਗੁਰ ਮੇਰੇ।*
*ਕਰੈ ਪ੍ਰੀਖਿਤ ਸਾਂਝ ਸਵੇਰੇ।*

ਮੈਨੂੰ ਮੇਰੇ ਗੁਰੂ ਨੇ ਆਖਿਆ ਹੈ,''ਤੈਨੂੰ ਬਈ ਰਾਇ ਸਿੰਘ ਯਾਦ ਕਰ ਰਹੇ ਹਾਂ—ਤੂੰ ਆ।''

*ਦਾਸ ਅਨੰਦ ਕਰੋ ਅਬ ਖੁਸ਼ੀ।*

ਦਾਸ ਉੱਤੇ ਹੁਣ ਅਨੰਦ ਖੁਸ਼ੀਆਂ ਕਰੋ, ਕ੍ਰਿਪਾ ਕਰੋ, ਖੁਸ਼ੀਆਂ ਨਾਲ ਤੋਰੋ। ਸਿੱਖ ਜਦੋਂ ਸਿੱਖ ਕੋਲੋਂ ਤੁਰਦਾ ਸੀ ਤੇ ਖੁਸ਼ੀ ਲੈ ਕੇ ਤੁਰਦਾ ਸੀ––ਤੋਰਨ ਵਾਲੇ ਸਿੱਖ ਪਟੜੀ ਲੰਘਾਉਣ ਜਾਂਦੇ ਸੀ। ਹੁਣ ਤੇ ਕ੍ਰਿਪਾ ਕਰ ਦਿੱਤੀ ਹੈ—ਮਾਲਕ ਹੈ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

*ਕਲਹਿ ਕਰਾਊ ਬਾਪ ਸੁਤ, ਨਾਰ ਪੁਰਖ ਦਾ ਯੁਧ।*
*ਭੀਤਾ ਭੀਤਾ ਫਟਹਿਗੈ, ਘਣੈ ਹੋਇਗੇ ਯੁਧ।*

*–ਸੌ ਸਾਖੀ*

ਇਸਤਰੀ ਨਾਲ, ਪੁੱਤਰ ਨਾਲ, ਝਗੜਾ ਕਰਾਊਂ। ਕਲਹਿ ਕਰਾਊਂ ਬਾਪ ਸੁਤ—ਪਿਤਾ ਦੀ ਔਰ ਪੁੱਤਰ ਦੀ ਲੜਾਈ ਹੋਊ ਔਰ ਇਸਤਰੀ ਤੇ ਪਤੀ ਦੀ ਲੜਾਈ ਹੋਊ। ਭੀਤਾ ਭੀਤਾ ਫੁਟਹਿਗੇ—ਭੀਤ ਦੇ ਅੰਦਰ ਜਿਹੜੀ ਝੀਤ ਹੈ, ਕੰਧ, ਉਹ ਟੁੱਟ ਜਾਏਗੀ।

ਹੁਣ ਕਈ ਕੰਮ ਹਨ, (ਕੰਮ) ਕਰੀਦਾ ਹੈ, ਬੈਠੀ ਦਾ ਹੈ, ਦੇਖੀਦਾ ਹੈ, ਕਰਦਿਆਂ-ਕਰਦਿਆਂ ਕੰਮ, ਫੇਰ ਮਨ 'ਚ ਆਉਂਦਾ ਹੈ ਏਡੀ ਬੇ ਪਰਤੀਤੀ ਹੁੰਦੀ ਹੈ, ਭਾਵੇਂ ਕੋਈ ਸਕਾ ਹੋਵੇ, ਭਾਵੇਂ ਕੋਈ ਹੋਵੇ, ਖਵਰੇ ਬਈ ਇਹ ਮੇਰੇ ਨਾਲ ਜਿਹੜਾ ਗੱਲ ਕਰ ਰਿਹਾ ਹੈ ਇਹਦੇ 'ਚ ਕੋਈ ਵਲ ਹੋਣਾ ਹੈ। ਹਰ ਵਕਤ ਉਹ ਹੀ ਮਨ ਦੀ ਗੱਲ ਕਿਉਂਕਿ ਹੁਕਮ ਉਹਨਾਂ ਦਾ ਹੈ, ਕੋਈ ਉਹਨੂੰ ਰੋਕ ਨਹੀਂ ਸਕਦਾ।

*ਮੂਰਤਿ ਦਸਮ ਗੁਰੂ ਸਭ ਤੁਸੀ।।੧੧।।*

ਤੁਸੀਂ ਸਾਰੇ ਗੁਰੂ ਗੋਬਿੰਦ ਸਿੰਘ ਦਾ ਰੂਪ ਹੋ। ਜਿਹੜਾ ਸਿੱਖ, ਸਿੱਖ ਨੂੰ ਗੁਰੂ ਦਾ ਰੂਪ ਨਹੀਂ ਜਾਣਦਾ—ਉਸਨੂੰ ਸਿੱਖੀ ਦਾ ਪਤਾ ਨਹੀਂ ਕੁਝ ਲੱਗਿਆ ਕਿ ਸਿੱਖੀ ਕਿਆ ਚੀਜ਼ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਹਿੰਦੇ ਨੇ–

*ਰਹਿਣੀ ਰਹੇ ਸੋਈ ਸਿੱਖ ਮੇਰਾ।*
*ਓਹੁ ਸਾਹਿਬ ਮੈਂ ਉਸ ਕਾ ਚੇਰਾ।*
*ਰਹਿਤ ਪਿਆਰੀ ਮੋਹਿ ਕਉ, ਸਿਖ ਪਿਆਰਾ ਨਾਹਿ।*

*–ਰਹਿਤਨਾਮਾ, ਭਾਈ ਦੇਸਾ ਸਿੰਘ*

*ਆਦਿ ਬਿਆਹਿ ਜੇਤਕ ਹੈ ਬਾਤੀ।*

ਔਰ ਜਿਹੜੀਆਂ ਵਿਆਹ ਬਾਬਤ ਤੁਸੀਂ ਗੱਲਾਂ ਕਰਦੇ ਰਹਿੰਦੇ ਹੋ–

*ਗੁਰੂ ਹੁਕਮ ਬਿਨ ਸਭ ਦੁਖ ਦਾਤੀ।*

ਜੇ ਗੁਰੂ ਦਾ ਹੁਕਮ ਨਹੀਂ ਤੇ ਸਭ ਦੁੱਖ ਦੇਣ ਵਾਲੀਆਂ ਹਨ। ਭਾਵੇਂ ਕੁਛ ਹੈ, ਸਾਰੀ ਸ੍ਰਿਸ਼ਟੀ ਦਾ ਰਾਜ ਹੈ ਇੱਕ ਪਾਸੇ, ਇੱਕ ਪਾਸੇ ਗੁਰੂ ਦਾ ਹੁਕਮ ਹੈ, ਉਹ ਹੇਚ ਹੈ—ਉਸਦੇ ਅੱਗੇ।

*ਬੈਨ ਗੁਰੂ ਕੋ ਜੋ ਜਨ ਫੇਰੇ।*

ਜੋ ਪੁਰਸ਼ ਗੁਰੂ ਦਾ ਹੁਕਮ ਨੂੰ ਮੋੜ ਦਿੰਦਾ ਹੈ, ਗੁਰੂ ਕੇ ਹੁਕਮ ਜਿਹੜਾ ਪੁਰਸ਼ ਨਹੀਂ ਮੰਨਦਾ।

*ਸੋ ਪਾਵੈ ਦੁਖ ਦੋਖ ਬਡੇਰੇ।।੧੨।।*

ਉਹ ਸਰੀਰਕ ਦੁੱਖ ਵੀ ਪਾਉਂਦਾ ਹੈ ਆਤਿਮਕ ਦੁੱਖ ਵੀ ਪਾਉਂਦਾ ਹੈ। ਉਸ ਨੂੰ ਅੰਦਰਲੇ ਦੋਸ਼ ਵੀ ਲਗਦੇ ਨੇ, ਅਗਲੀ ਦਰਗਾਹ ਵਿੱਚ ਵੀ ਦੋਸ਼ ਲਗਦੇ ਨੇ। ਇੱਥੇ ਵੀ ਉਹ ਦੁਖੀ ਹੁੰਦਾ ਹੈ, ਦੁੱਖ ਪਾਉਂਦਾ ਹੈ।

*ਸੁਣੀ ਖਾਲਸੇ ਕੀਨੋ ਬਿਦਾ।*

ਖਾਲਸੇ ਨੇ ਸੁਣਿਆ, ਭਾਈ ਸਾਹਿਬ ਨੂੰ ਵਿਦਾ ਕਰ ਦਿਤਾ।

*ਚੱਕ੍ਰ ਕੜੇ ਕ੍ਰਿਪਾਨ ਲੈ ਤਦਾ।*

ਉੱਥੋਂ ਚੱਕਰ ਲਏ, ਕੜੇ ਲਏ, ਕਿਰਪਾਨਾਂ ਲਈਆਂ, ਇਹ ਗੱਲ ਸੀ ਪੰਜਾਬ 'ਚ ਉਦੋਂ ਕੜੇ ਬਣਾਉਣ ਵਾਲਾ ਕੋਈ ਨਹੀਂ ਸੀ ਰਹਿ ਗਿਆ

ਕਿਉਂਕਿ ਪਹਿਨਣ ਵਾਲਾ ਹੀ ਕੋਈ ਨਹੀਂ ਸੀ ਰਹਿ ਗਿਆ, ਸਮਾਂ ਹੀ ਐਸਾ ਆ ਗਿਆ ਸੀ।

*ਸੋਧ ਅਰਦਾਸਾ ਕੀਨੀ ਬੰਦਨ।*

ਅਰਦਾਸਾ ਸੋਧਿਆ ਗੁਰਦੁਆਰੇ ਦੇ ਅੱਗੇ, ਨਮਸਕਾਰ ਕੀਤੀ। ਸਿੱਖ ਦਾ ਕੰਮ ਹੈ ਜਦੋਂ ਵੀ ਕਿਸੇ ਕਾਰਜ ਨੂੰ ਤੁਰੇ—ਅਰਦਾਸਾ ਕਰਕੇ ਤੁਰੇ—ਜਦੋਂ ਵੀ ਕਿਸੇ ਪਾਸੇ ਜਾਵੇ। ਹੁਣ ਸਾਨੂੰ ਇਹ ਗੱਲਾਂ ਭੁੱਲ ਗਈਆਂ, ਬੱਚਿਆਂ ਨਾਲ, ਇਸਤਰੀਆਂ ਨਾਲ, ਸੁਨੇਹੇ ਦਿੰਦੇ ਹੋਏ ਭੱਜੇ ਜਾਂਦੇ ਹਾਂ। ਉਧਰ ਹਵਾਈ ਜਹਾਜ਼ ਆਇਆ ਹੁੰਦਾ ਹੈ, ਲੱਤਾਂ ਉਹਦੇ ਤੇ ਹੁੰਦੀਆਂ ਨੇ, ਧਿਆਨ ਪਿੱਛੇ ਹੁੰਦਾ ਹੈ, ਅਰਦਾਸ ਨਹੀਂ ਕਰਦੇ। ਗੁਰੂ ਕੇ ਸਿੱਖ ਦਾ ਕੰਮ ਹੈ ਕਿ ਕੋਈ ਵਕਤ ਹੋਵੇ-

**ਊਠਤ ਬੈਠਤ ਸੋਵਤ ਧਿਆਈਐ।।**
**ਮਾਰਗਿ ਚਲਤ ਹਰੇ ਹਰਿ ਗਾਈਐ।।**

*-ਮ:੫, ਪੰਨਾ-੩੮੬*

ਕੋਈ ਵਕਤ ਹੀ ਨਾ ਹੋਵੇ ਜਦੋਂ ਗੁਰੂ ਨੂੰ ਨਾ ਯਾਦ ਕਰੇ। ਸਿੱਖ ਪੜ੍ਹਦੇ ਸੀ-

*ਤੂੰ ਕਰਤਾ ਪੁਰਖੁ ਅਗੰਮੁ ਹੈ ਸਭ ਤੇਰੋ ਹੀ ਜਸ ਗਾਂਵਦੀ।*
*ਲਖ ਚੌਰਾਸੀਹ ਮੇਦਨੀ ਸਭ ਤੈਨੂੰ ਧਿਆਂਵਦੀ।*
*ਚੜ੍ਹਦਾ ਹੋਇਆ ਬੋਲਿਆ ਪੈਜ ਰਖੀਂ ਆਪਣੇ ਨਾਮ ਦੀ।*

ਸਤਿਗੁਰੂ ਅੱਗੇ ਅਰਦਾਸ-

*ਹਰ ਬਾਹਿਨੇ ਹਰ ਦਾਹਿਨੇ ਹਰ ਆਗੇ ਹਰ ਮੀਤ*
*ਨਾਨਕ ਧੋਖਾ ਕਿਛ ਨਹੀਂ ਚਾਲੋ ਬੀਚਾ ਬੀਚ।*

ਪੁਰਾਣਿਆਂ ਸਿੱਖਾਂ ਨੂੰ ਇਸ ਤਰ੍ਹਾਂ ਅਰਦਾਸ ਕਰਦਿਆਂ ਸੁਣਿਆ ਹੈ ਕਿ ਉਹਨਾਂ ਨੇ ਇਸ ਤਰ੍ਹਾਂ ਪੜ੍ਹਨਾ।

*ਧਾਰਿ ਧਿਆਨ ਨੌਮੇਂ ਗੁਰ ਨੰਦਨ।।੧੩।।*

ਨੌਵੇਂ ਗੁਰੂ ਦੇ ਘਰ ਕਹਿੰਦੇ ਨੇ, ਜਿਹਨਾ ਨੇ ਆਪਣਾ ਸਰੂਪ ਧਾਰਿਆ, ਉਹਨਾਂ ਦਾ ਕਰਕੇ ਧਿਆਨ ਗੁਰੂ ਗੋਬਿੰਦ ਸਿੰਘ ਦਾ।

*ਦੋਹਰਾ।।ਸਿਰੋਪਾਇ ਪਰਸਾਦ ਦੇ ਸੁਖ ਨਿਧਾਨ ਕੇ ਬੀਉ।*

ਸਿਰੋਪਾਉ ਦਿੱਤਾ ਗੁਰਦਾਵਾਰਿਓਂ, ਪ੍ਰਸ਼ਾਦਿ ਦਿੱਤਾ ਔਰ ਸੁੱਖ ਨਿਧਾਨ ਦੇ ਬੀ ਦਿੱਤੇ। ਉੱਥੇ ਦਾ ਸੁੱਖ ਨਿਧਾਨ ਮਸ਼ਹੂਰ ਸੀ, ਬੜੇ ਮੋਟੇ ਬੀ ਸਨ, ਮੈਂ ਵੀ ਤੇ ਸਿੱਖ ਲਿਆਏ, ਜਿਹੜੇ ਪਹਿਲੇ-ਪਹਿਲੇ ਉਹ ਦੇਖੇ, ਤੇ ਸੁਖੇ ਦੇ ਬੀਜ, ਸੁੱਖ ਨਿਧਾਨ ਦੇ ਬੜੇ ਸੁੰਦਰ ਉੱਥੋਂ ਦਾ ਮਹਾਰਾਜ ਦੀ ਰਜਾ ਸੀ ਨ-

**ਬਿਦਿਹ ਸਾਕੀਯਾ ਸਾਗਰੇ ਸਬਜ਼ ਰੰਗ।।**
**ਕਿ ਮਾਰਾ ਬਕਾਰ ਅਸਤ ਦਰ ਵਕਤ ਜੰਗ।।**

*-ਦਸਮ ਗ੍ਰੰਥ ਪੰਨਾ-੧੩੯੯*

'ਦੇਹ ਸਾਕੀਆ' ਮੈਨੂੰ ਪਿਆਲਾ ਸਬਜ਼ ਰੰਗ ਦਾ ਜਿਹੜਾ ਮੇਰੇ ਕੰਮ ਆਵੇ ਵਿੱਚ ਜੰਗ ਦੇ।'

*ਕੀਨੋ ਬਿਦਾ ਪੁਜਾਰੀਆਂ ਮਿਲੇ ਗਿਲੇ ਬਿਰਹੀਓ।।੧੪।।*

ਪੁਜਾਰੀਆਂ ਨੇ ਵਿਦਾ ਕੀਤਾ, ਪਰ ਜਦੋਂ, ਗਲ ਨੂੰ ਮਿਲ ਕੇ ਤੁਰੇ ਨ, ਇਸ ਤਰ੍ਹਾਂ ਹੋਇਆ—ਬਿਰਹੋਂ ਨਾਲ ਉਹਨਾ ਦੇ ਨੇਤਰਾਂ 'ਚ ਵੀ ਜਲ ਵਗਦਾ ਹੈ, ਭਾਈ ਰਾਇ ਸਿੰਘ ਦੇ ਨੇਤਰਾਂ 'ਚੋਂ ਵੀ ਜਲ ਵਗਦਾ ਹੈ।

*ਚਲਾ ਰਾਇ ਸਿੰਘ ਗੁਰੂ ਧਿਆਈ।*

ਰਾਇ ਸਿੰਘ ਜੀ ਤੁਰ ਪਏ ਗੁਰੂ ਨੂੰ ਧਿਆ ਕਰਕੇ।

*ਵਾਹਿਗੁਰੂ ਕੀ ਫਤੇ ਗਜਾਈ।*

ਬੁਲਾਈ—ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ – –ਸਿਖਾਂ ਨੂੰ ਬੁਲਾ ਕੇ ਫਤਹਿ, ਭਾਈ ਸਾਹਿਬ ਜੀ ਚਲੇ, ਸਿੰਘਾਂ ਨੇ ਵੀ ਬੁਲਾਈ।

*ਦੁਹ ਦਿਸ ਨੈਣੀ ਨੀਰ ਢਰਾਯਾ।*

ਦੋਹੀਂ ਪਾਸੀਂ ਨੇਤਰਾਂ 'ਚ ਜਲ ਵਗਦਾ ਹੈ। ਦੱਸੋ—ਕੋਈ ਭਰਾ ਸੀ —ਉਹਦੇ; ਕੋਈ ਚਾਚੇ-ਤਾਏ ਸੀ; ਕੋਈ ਨਾਨਕੇ ਸਨ; ਕੋਈ ਸਹੁਰੇ ਸਨ।

## ਗੁਰੂ ਤੇ ਸਿੱਖ ਦਾ ਨਾਤਾ

ਭਾਈ ਗੁਰਦਾਸ ਜੀ ਕਹਿੰਦੇ ਹਨ-

*ਨਹੀਂ ਦਦਸਾਰ ਪਿਤਾ ਪਿਤਾਮਾ ਪਰਪਿਤਾਮਾ,*
*ਸਜਨੁ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ।*

ਸੰਸਾਰ ਵਾਲੇ ਪਾਸੇ ਪਿਤਾ, ਦਾਦਾ, ਪੜਦਾਦਾ ਕੋਈ ਨਹੀਂ ਬਰਾਬਰ।

*ਨਹੀਂ ਨਨਸਾਰ ਮਾਤਾ ਪਰਮਾਤਮਾ ਬ੍ਰਿੱਧਮਾਤਾ,*
*ਮਾਮੂ ਮਾਮੀ ਮਾਸੀ ਮੌਸਾ ਬਿਬਿਧ ਬਿਖਿਯਾਤਾ ਹੈ।*

ਮਾਮੀਆਂ, ਮਾਮੇ, ਨਾਨੀ, ਨਾਨੇ, ਕੋਈ ਨਹੀਂ, ਫਿਰ ਕਹਿੰਦੇ ਨੇ–

*ਨਹੀਂ ਸਸੁਰਾਰ ਸਾਸੁ ਸਸੁਰਾ ਔ ਸਾਰੋ ਸਾਰੀ,*

ਨਹੀਂ ਸੱਸ, ਸਹੁਰਾ, ਸਾਲੇ ਔਰ ਸਾਲੀਆਂ।

*ਨਹੀਂ ਵਿਰਤੀਸਰ ਔ ਜਾਚਕ ਨ ਦਾਤਾ ਹੈ।*

ਅੱਗੇ ਕਹਿੰਦੇ ਹਨ–

*ਅਸਨ ਬਸਨ ਧਨ ਧਾਮ ਕਹੂੰ ਮੈਂ ਨ ਦੇਖਯੋ ਜੈਸੋ,*
*ਗੁਰਸਿੱਖ ਸਾਧ ਸੰਗਤਿ ਕੋ ਨਾਤਾ ਹੈ।*

*–ਕਬਿਤ ੧੦੦*

ਗੁਰੂ ਤੇ ਸਿੱਖ ਦਾ ਨਾਤਾ ਸਭ ਕੁਛ ਛੱਡ ਕੇ ਹੈ, ਭਰਾ ਨਹੀਂ ਉਹੋ ਜਿਹੇ। ਗੁਰੂ ਹਰਗੋਬਿੰਦ ਦੇ ਪਾਸ ਜਿਸ ਵਕਤ ਕਾਬਲ ਦੀ ਸੰਗਤ ਆਉਂਦੀ ਹੈ, ਬੀਬੀ ਵੀਰੋ ਜੀ ਦਾ ਵਿਆਹ ਰਚਿਆ ਹੋਇਆ ਹੈ, ਉਹ ਖੇਡ ਬਣਾਉਣ ਵਾਲੇ ਹਨ। ਮਾਤਾ ਜੀ ਨੂੰ ਉਸ ਪਾਸੇ ਲਾ ਛਡਿਆ ਹੈ, ਉਹ ਗਾਨੇ ਬੰਨੀ ਜਾਂਦੇ ਨੇ, ਅੰਦਰ ਮਠਿਆਈ ਪਕਾ ਕੇ।

ਸਾਹਿਬ ਕਹਿੰਦੇ ਹਨ,''ਜਾਓ, ਜਾ ਕੇ ਘਰ ਕਹੋ ਕਿ ਸੰਗਤ ਭੁੱਖੀ ਹੈ ਮਠਿਆਈ ਦਿਓ ਤਾਜ਼ੀ-ਤਾਜ਼ੀ।''

ਉਹ ਮਾਈ ਜੀ ਅੰਦਰੋਂ ਕਹਿੰਦੇ ਨੇ,''ਭਾਈ ਜੀ, ਅਜੇ ਜਵਾਈ—ਭਾਈ ਆਏਗਾ, ਅਸੀਂ ਸਗਨਾਂ ਦੇ ਗਾਨੇ ਬੱਧੇ ਨੇ, ਅਸੀਂ ਪਹਿਲਾਂ ਮਠਿਆਈ ਕਿੰਝ ਦੇ ਦਈਏ।''

ਉਹ ਕਹਿੰਦੇ ਨੇ,''ਜਾਓ, ਜਾ ਕੇ ਕਹੋ ਮੈਨੂੰ ਜਵਾਈਆਂ ਤੇ ਭਾਈਆਂ ਨਾਲੋਂ ਸਿੱਖ ਪਿਆਰੇ ਨੇ।''

ਫਿਰ, ਮਾਤਾ ਜੀ ਨੇ ਨਾ ਮੰਨਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿੰਦੇ ਨੇ,''ਜਾਓ, ਜਿਹੜੀ ਮੇਰੇ ਸਿੱਖਾਂ ਦੇ ਮੂੰਹ ਨਹੀਂ ਮਠਿਆਈ ਲੱਗੀ, ਉਹ ਪਲੋ-ਪਲੀ ਮਲੇਛ ਗੱਫੇ ਲਾਉਣਗੇ।''

ਨਾ ਵਿਆਹ ਉੱਥੇ ਹੋਣਾ ਮਿਲਿਆ, ਬੀਬੀ ਵੀਰੋ ਜੀ ਕਿਸੇ ਤਰ੍ਹਾਂ ਢੁੱਕੇ, ਲੜਾਈ ਕਿਸੇ ਤਰ੍ਹਾਂ ਹੋਈ—ਹਾਲ ਇਹੋ ਜਿਹਾ ਹੈ ਗੁਰੂ ਤੇ ਸਿੱਖ ਦਾ। ਜੇਕਰ ਘਰ ਕੋਈ ਸਿੱਖ ਆ ਜਾਏ, ਤਾਂ ਉਸ ਨੂੰ ਗੁਰੂ ਦਾ ਰੂਪ ਜਾਣਕੇ ਆਪਣੇ ਟੱਬਰ ਤੋਂ ਉਸਦੀ ਚੰਗੀ ਸੇਵਾ ਕਰੇ।

*ਸਿੰਘਨ ਸਿੰਘ ਨ ਚਾਹਿ ਜੁਦਾਯਾ।।੧੫।।*

ਸਿੰਘ ਆਪੇ ਵਿੱਚ ਜੁਦਾ ਨਹੀਂ ਹੋਣਾ ਚਾਹੁੰਦੇ ਪਿਆਰ ਵਿੱਚ। ਜੇ ਸਾਡੇ ਵਰਗੇ ਹੁੰਦੇ ਕਹਿੰਦੇ-ਕਿਵੇਂ ਗਲੋਂ ਲ੍ਹਵੇ, ਇੱਕ ਦੂਸਰੇ ਦੇ, ਤਾਂ ਫਿਰ ਇਹੋ ਗੱਲ ਹੁੰਦੀ ਪਰ ਸਤਿਗੁਰੂ ਦੀ ਕ੍ਰਿਪਾ ਸੀ, ਸਿੱਖ ਭਜਨ ਬਾਣੀ ਕਰਦੇ ਸੀ।

**ਭਰੀਐ ਮਤਿ ਪਾਪਾ ਕੈ ਸੰਗਿ।।**
**ਓਹੁ ਧੋਪੈ ਨਾਵੈ ਕੈ ਰੰਗਿ।।**

ਨਾਮ ਜਪਦੇ ਸੀ, ਬਾਣੀ ਪੜ੍ਹਦੇ ਸੀ, ਮਤ ਉੱਜਲ ਸੀ। ਹੁਣ ਤੇ ਰਤਾ-ਰਤਾ ਜਿੰਨੀ ਗੱਲ ਉੱਤੇ ਸਾਨੂੰ ਐਸਾ ਮੁਸ਼ਕਲ ਹੋ ਜਾਂਦਾ ਹੈ, ਐਡੀਆਂ-ਐਡੀਆਂ ਸਾਡੇ 'ਚ ਕੰਧਾਂ ਬਣ ਜਾਂਦੀਆਂ ਹਨ, ਕੋਟ ਬਣ ਜਾਂਦੇ ਹਨ ਕਿ ਉਸ ਪਾਸੇ ਜੇ ਮੈਂ ਲੰਘ ਗਿਆ ਤਾਂ ਮੇਰਾ ਕੁਛ ਨਹੀਂ ਰਹਿਣਾ। ਜੇ ਉਸ ਸਿੱਖ ਦੇ ਸ਼ਬਦ ਦੀ ਆਵਾਜ਼, ਮੇਰੇ ਕੰਨਾਂ ਵਿੱਚ ਪੈ ਗਈ ਤਾਂ ਖਵਰੇ ਮੇਰੇ ਕੰਨ ਕਿਸ ਤਰ੍ਹਾਂ ਦੇ ਖ਼ਰਾਬ ਹੋ ਜਾਣਗੇ। ਬਾਣੀ ਗੁਰੂ ਕੀ, ਸਿੱਖ ਗੁਰੂ ਦੇ, ਉਹ ਮਾੜੇ ਚੰਗੇ ਜਿਹੋ ਜਿਹਾ ਕੋਈ ਹੈ, ਕਿਤੇ ਵੀ ਹੈ, ਇੱਕੋ ਗੁਰੂ ਦੀ ਬਾਣੀ ਪੜ੍ਹਦਾ ਹੈ, ਜਿੱਥੇ-ਜਿੱਥੇ ਗੁਰੂ ਦਾ ਜਸ ਕਰਦਾ ਹੈ, ਜਿੱਥੇ ਵੀ ਕੋਈ ਨਾਮ ਜਪਦੈ ਗੁਰੂ ਦਾ ਸਿੱਖ ਹੈ। ਸਿੰਘਾਂ ਨੂੰ ਜੁਦਾ ਨਹੀਂ ਹੋਣਾ ਚਾਹੀਦਾ—ਇੱਕ ਦੂਸਰੇ ਤੋਂ।

*ਯੌਂ ਲੈ ਖੁਸ਼ੀ ਸੁ ਚਤੁਰ ਸੁਜਾਨ।*

ਇਸ ਤਰ੍ਹਾਂ ਖੁਸ਼ੀਆਂ ਲੈ ਕੇ ਸਿੰਘਾਂ ਕੋਲੋਂ ਭਾਈ ਰਾਇ ਸਿੰਘ ਜੀ।

*ਗੁਰੁ ਰਾਮ ਸਿੰਘ ਕੋ ਧਰ ਧਿਆਨ।*

ਸਤਿਗੁਰੂ ਰਾਮ ਸਿੰਘ ਦਾ ਧਿਆਨ ਹਿਰਦੇ ਵਿੱਚ ਧਾਰਨ ਕੀਤਾ।

*ਗੋਰਨ ਕੀ ਤਬ ਰੇਲ ਨ ਬਨੀ।*

ਉਦੋਂ ਰੇਲ ਗੋਰਿਆਂ ਦੀ ਨਹੀਂ ਸੀ ਬਣੀਂ ਅਜੇ।

*ਧਿਆਦੇ ਮਗ ਲੀਆ ਗੁਣ ਧਨੀ।।੧੯।।*

ਉਹ ਗੁਣਾਂ ਦੇ ਧਨੀ ਨੇ ਰਸਤਾ ਪੈਦਲ ਚਲ ਪਿਆ।

ਹੁਣ ਏਥੇ ਭੋਗ ਪਾ ਦਿਓ ਛੇ ਵੱਜ ਗਏ ਨੇ, ਸੱਤ ਵਜੇ ਤਕ ਨਿਤਨੇਮ ਕਰਨਾ ਹੈ। ਕੱਲ ਨੂੰ ਜੋ ਸਤਿਗੁਰੂ ਕਰਾਉਣਗੇ, ਆਪਣੇ ਹੱਥ ਦੀ ਖੇਡ ਕੋਈ ਨਹੀਂ।

**ਮਤਾ ਕਰੈ ਪਛਮ ਕੈ ਤਾਈ**
**ਪੂਰਬ ਹੀ ਲੈ ਜਾਤ।।**
**ਖਿਨ ਮਹਿ ਥਾਪਿ ਉਥਾਪਨਹਾਰਾ[੫]**
**ਆਪਨ ਹਾਥਿ ਮਤਾਤ[੬] ।।੧।।**
**ਸਿਅਨਪ ਕਾਹੂ ਕਾਮਿ ਨ ਆਤ।।**
**ਜੋ ਅਨਰੂਪਿਓ[੭] ਠਾਕੁਰਿ ਮੇਰੈ**
**ਹੋਇ ਰਹੀ ਉਹ ਬਾਤ।।੧।।ਰਹਾਉ।।**
**ਦੇਸੁ ਕਮਾਵਨ ਧਨ ਜੋਰਨ ਕੀ**
**ਮਨਸਾ[੮] ਬੀਚੇ ਨਿਕਸੇ ਸਾਸ।।**
**ਲਸਕਰ[੯] ਨੇਬ[੧੦] ਖਵਾਸ[੧੧] ਸਭ ਤਿਆਗੇ**
**ਜਮ ਪੁਰਿ ਊਠਿ ਸਿਧਾਸ[੧੨]।।੨।।**
**ਹੋਇ ਅਨੰਨਿ ਮਨਹਠ ਕੀ ਦ੍ਰਿੜਤਾ**
**ਆਪਸ ਕਉ ਜਾਨਾਤ[੧੩]।।**
**ਜੋ ਅਨਿੰਦੁ ਨਿੰਦੁ ਕਰਿ ਛੋਡਿਓ**
**ਸੋਈ ਫਿਰਿ ਫਿਰਿ ਖਾਤ।।੩।।**
**ਸਹਜ ਸੁਭਾਇ ਭਏ ਕਿਰਪਾਲਾ**
**ਤਿਸੁ ਜਨ ਕੀ ਕਾਟੀ ਫਾਸ।।**

**ਕਹੁ ਨਾਨਕ ਗੁਰੂ ਪੂਰਾ ਭੇਟਿਆ**
**ਪਰਵਾਣੁ ਗਿਰਸਤ ਉਦਾਸ।।੪।।**

*-ਗੁਜਰੀ ਮ:੫, ਪੰਨਾ-੪੯੬*

**- ਵਿਚੇ ਗ੍ਰਿਹ ਸਦਾ ਰਹੈ ਉਦਾਸੀ**
**ਜਿਉ ਕਮਲੁ ਰਹੈ ਵਿਚਿ ਪਾਣੀ ਹੇ।**

*-ਮਾਰੂ ਮ:੪, ਪੰਨਾ-੧੦੭੦*

ਸਭ ਕੁਛ ਹੁੰਦਿਆਂ-ਸੁੰਦਿਆਂ ਸਤਿਗੁਰੂ ਦੀ ਜੇ ਕਿਰਪਾ ਹੋਵੇ, ਪੁੱਤਰ ਵੀ ਹੋਣ, ਧਨ ਵੀ ਹੋਵੇ, ਧੀਆਂ ਵੀ ਹੋਣ ਪਰ ਇਉਂ ਜਾਪਣ-ਸਭ ਸਤਿਗੁਰੂ ਦਾ ਪ੍ਰਤਾਪ ਹੈ, ਸਭ ਉਸਦਾ ਹੀ ਹੈ, ਮੇਰਾ ਕੁਝ ਨਹੀਂ, ਉਹ ਕਿਰਪਾ ਕਰਦਾ ਹੈ ਤੇ ਬਸ ਜਿਹੜੀ ਪਿਛਲੀ ਤੁਕ ਹੈ—**ਪਰਵਾਣੁ ਗਿਰਸਤ ਉਦਾਸ**।

ਹੁਣ ਅੱਠ ਵਜੇ ਪੂਰੇ ਰਾਗੀ ਸਿੰਘ ਤੁਹਾਨੂੰ ਸੁਣਾਉਣਗੇ ਪ੍ਰਸੰਗ। ਮੈਨੂੰ ਕੱਲ੍ਹ ਸਰਦਾਰ ਸਿੰਘ ਜੀ ਨੇ ਫੁਰਮਾਇਆ ਸੀ—ਸਾਹਿਬਜ਼ਾਦਿਆਂ ਦਾ ਪ੍ਰਸੰਗ ਸੁਣਾਉਣ। ਸੋ ਉਹਨਾਂ ਅੱਗੇ ਮੈਂ ਵੀ ਅਰਜ਼ ਕਰ ਦੇਨਾਂ ਕਿ ਉਹ ਸਾਹਿਬਜ਼ਾਦਿਆਂ ਦਾ ਪ੍ਰਸੰਗ—ਜਿਹੜਾ ਸਾਧ-ਸੰਗਤ ਨੂੰ ਚੰਗਾ ਲਗਦਾ ਹੈ- - - ।

ਜਿਹੜਾ ਪ੍ਰਾਹੁਣਾ ਕੋਲ ਆਵੇ, ਜਿਹੜੀ ਚੀਜ਼ ਛਕਣ ਨੂੰ ਪਿਆਰੀ ਲੱਗੇ, ਉਹੀ ਫਰਜ਼ ਹੈ ਘਰ ਵਾਲੇ ਦਾ ਕਿ ਉਹੀ ਲੰਗਰ 'ਚ ਬਣਾ ਕੇ ਛਕਾਵੇ, ਜਿਹੜੀ ਚੀਜ਼ ਚੰਗੀ ਸਾਧ-ਸੰਗਤ ਨੂੰ ਲਗਦੀ ਹੈ।

ਹੁਣ ਤਕ ਨਿਰਬਾਨ ਕੀਰਤਨ ਕਰਦੇ ਰਹੇ ਹੋ, ਹੁਣ ਇਨ੍ਹਾਂ ਨੂੰ ਪ੍ਰਸੰਗ ਵੀ ਸੁਣਾ ਲਉ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।।**
**ਹੇ ਪੂਰਨ ਹੇ ਸਰਬ ਮੈ ਦੂਖ ਭੰਜਨ ਗੁਣਤਾਸ।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ।।**
**ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ।।**

**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ।।**
**ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।**

*– ਪੰਨਾ-੨੬੧*

**– ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਸ਼ਬਦਾਰਥ

੧. ਉੱਲੂ।
੨. ਦਿਨ।
੩. ਨਿਰਲੇਪ ਰਹਿੰਦਾ ਹੈ।
੪. ਮੁਰਗਾਈ ਦੀ ਨਿਆਈਂ, ਜੋ ਪਾਣੀ ਵਿਚ ਰਹਿ ਕੇ ਖੰਭ ਨਹੀਂ ਭਿਉਂਦੀ ਤੇ ਪਿੱਛੇ ਕੋਈ ਨਿਸ਼ਾਨ ਨਹੀਂ ਛੱਡ ਕੇ ਜਾਂਦੀ।
੫. ਨਾਸ ਕਰ ਦੇਣ ਵਾਲਾ।
੬. ਸਲਾਹ ਫੈਸਲਾ।
੭. ਨੀਯਤ ਕੀਤਾ ਹੈ।
੮. ਚਾਹ।
੯. ਫੌਜਾਂ।
੧੦. ਚੋਬਦਾਰ।
੧੧. ਨੌਕਰ।
੧੨. ਦੌੜਦਾ।
੧੩. ਜਣਾਉਂਦਾ ਹੈ।

# ਬੰਕੋਕ-੯-੧੨-੧੯੪੮

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।।**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।।**

*-ਗਉੜੀ ਮ:੫, ਪੰਨਾ-੨੯੩*

**- ਜਾਂਹੀ ਕੁਲ ਤੇ ਪਰਗਟ ਹੋਏ ਤਾਂਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*-ਗੁਰਿੰਡਨਾਮਾ, ਪਾ:੧੦*

ਜੇ ਵੱਟਾਂ ਬੱਝ ਜਾਣ, ਜੋ ਕਣੀ ਪਵੇ—ਵਿੱਚ ਰਹੇ ਪੈਲੀ ਦੇ ਤੇ ਫਿਰ ਪੈਲੀ ਬਹੁਤੀ ਚੰਗੀ ਹੁੰਦੀ ਹੈ। ਜੇ ਵਿੱਚੋਂ ਨਿਕਲ ਜਾਵੇ, ਕੁਝ ਤਾਂ ਉਦੋਂ ਵੀ ਉਹ ਪੈਲੀ ਪਾਣੀ ਦੀ ਮਾਰੀ ਬਣ ਜਾਂਦੀ ਹੈ ਕਿਉਂਕਿ ਸਾਧ-ਸੰਗਤ ਵਿੱਚ ਆ ਕੇ ਅਗਰ ਕਿਸੇ ਪਾਸੇ ਆਦਮੀ ਦੀ ਬਿਰਤੀ ਹੋਰ ਕੰਮ ਕਰਦੀ ਹੈ—ਜੇ ਬਾਹਰ ਫਿਰਦਾ ਤਮਾਸ਼ਿਆਂ 'ਚ ਤੇ ਜੋ ਮਰਜ਼ੀ ਹੈ ਕਰੇ, ਦੇਖੇ —ਲੇਕਿਨ ਜੇ ਸਾਧ-ਸੰਗਤ 'ਚ ਆਵੇ-

*ਧੀ ਭੈਣ ਜੋ ਆਵੈ ਸੰਗਤ*

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਨੇ—

*ਦ੍ਰਿਸ਼ਟ ਬੁਰੀ ਦੇਖੇ ਤਿਸ ਪੰਗਤ*

ਧਿਆਨ ਬਾਹਰ ਨਾ ਜਾਵੇ, ਸਾਧ-ਸੰਗਤ ਵੱਲ ਲਗੇ।

ਭਾਈ ਸਾਹਿਬ ਦੀ ਕਥਾ ਜਾਣ ਦੀ ਤੁਸਾਂ ਸੁਣ ਲਈ ਹੈ, ਸਤਿਗੁਰਾਂ ਨੇ ਹਜ਼ੂਰ

ਸਾਹਿਬ ਭੇਜਿਆ ਹੈ ਔਰ ਹੁਣ ਆਉਣ ਦੀ ਕਥਾ ਸੁਣੋ। ਭਾਈ ਸਾਹਿਬ ਚੱਲ ਪਏ ਹਨ—ਉੱਥੋਂ। ਉੱਦੋਂ ਨਾ ਰੇਲ ਸੀ ਨਾ ਕੁਛ ਸੀ, ਪਰ ਕੀ ਆਸਰਾ ਸੀ–

*ਗੁਰੂ ਰਾਮ ਸਿੰਘ ਕੋ ਧਰ ਧਿਆਨ।*

ਸਤਿਗੁਰਾਂ ਦਾ ਧਿਆਨ ਧਰਿਆ। ਸਤਿਗੁਰੂ ਦੇ ਧਿਆਨ 'ਚ ਮੈਂ ਅੱਗੇ ਵੀ ਗੱਲ ਕੀਤੀ ਸੀ ਬਈ ਹਨੂਮਾਨ ਕਹਿੰਦਾ—ਜਿਸ ਵਕਤ ਮੈਂ ਰਾਮ ਚੰਦਰ ਜੀ ਦਾ ਧਿਆਨ ਧਰਿਆ–

– *ਮੁਹਿ ਬਾਰਧ ਨਾਖਤ ਬਾਰ ਨਾ ਲਾਗੀ।*

*–ਹਨੂਮਾਨ ਨਾਟਕ*

## ਵਾਹਿ ਵਾਹਿ ਗੁਰ ਜਗ ਕੇ ਵਾਲੀ

–ਮੈਂ ਸਮੁੰਦਰ ਟੱਪ ਆਇਆ ਹਾਂ, ਮੈਨੂੰ ਪਤਾ ਨਹੀਂ ਲਗਿਆ ਕਿ ਮੈਂ ਕਿਸ ਤਰ੍ਹਾਂ ਟੱਪ ਆਇਆ ਹਾਂ।ਸਤਿਗੁਰੂ ਦੇ ਧਿਆਨ ਨਾਲ, ਜਿੱਥੇ-ਜਿੱਥੇ ਤਕ ਸਿੱਖ ਗਏ—ਪ੍ਰਾਣ ਸੰਗਲੀ ਲੈਣ ਭਾਈ ਪੈੜੇ ਨੂੰ ਗੁਰੂ ਜੀ ਨੇ ਭੇਜਿਆ—ਕਿੱਥੋਂ ਤਕ ਜਾ ਕੇ, ਕਿਹੜੇ—ਕਿਹੜੇ ਕੰਮ ਸਿੱਖਾਂ ਨੇ ਕੀਤੇ। ਅੱਜ ਤੇ ਹੁਣ ਬੜੇ ਰਸਤੇ ਸਾਫ ਹਨ, ਬੜਾ ਸੌਖਾ ਰਸਤਾ ਹੈ, ਪਰ ਉਹ ਦਿਨ ਇਹੋ ਜਿਹੇ ਸਨ —ਜਦੋਂ ਜਾਣਾ ਮੁਸ਼ਕਲ, ਆਉਣਾ ਮੁਸ਼ਕਲ, ਕੋਈ ਸਾਥੀ ਨਹੀਂ, ਭਾਈ ਸਾਹਿਬ ਪਿਛਲੇ ਪਾਸੇ ਨੂੰ—ਰਸਤੇ ਤੇ ਚਲ ਪਏ।

*ਧਿਆਦੇ ਮਗ ਲੀਆ ਗੁਣ ਧਨੀ।।੧੯।।*
*ਪੈਂਡਾ ਚੂਰਾ ਪੰਜ ਸੈ ਕੋਸਾ।*

ਮੁੜਕੇ ਪੰਜ ਸੌ ਕੋਹ ਪੈਂਡਾ ਜਿਸ ਵਕਤ ਪਿੱਛੇ ਨੂੰ ਭਾਈ ਸਾਹਿਬ ਆਏ।

*ਗਿਆ ਖੂਟ ਮਗ ਖਰਚ ਵ ਤੋਸਾ।*

ਰਸਤੇ ਵਿੱਚ ਜਿਹੜਾ ਤੋਸਾ ਦਿੱਤਾ ਸੀ ਸਤਿਗੁਰਾਂ ਨੇ—ਜੋ ਕੁਛ ਦਿੱਤਾ ਸੀ—ਉਹ ਖਰਚ ਨਿਖੁੱਟ ਹੋ ਗਿਆ। ਇਹ ਹੁਕਮ ਸੀ ਕਿ ਗੁਰਦੁਆਰਿਓਂ ਕੋਈ ਚੀਜ਼ ਨਹੀਂ ਲੈਣੀ। ਉੱਥੋਂ ਲੈ ਕੇ ਕੁਛ ਨਹੀਂ ਚੱਲਿਆ, ਪੰਜ ਸੌ ਕੋਹ ਚਲ ਆਇਆ ਹੈ, ਅੱਗੇ ਰਸਤਾ ਰਹਿੰਦੈ ਬਾਕੀ ਦਾ।

*ਤੋ ਮਨ ਆਪਣੇ ਚਿਤਵਨ ਕਰੇ।*

ਆਪਣੇ ਮਨ ਵਿੱਚ ਫਿਰ ਕਰਦੈ ਚਿਤਵਣਾ।

*ਬਿਨਾਂ ਦਾਮ ਕਿਛੁ ਕਾਮ ਨ ਸਰੇ।।੧੭।।*

ਭਾਈ ਪੈਸੇ ਤੋਂ ਬਿਨਾਂ ਕੁਛ ਨਹੀਂ ਸਰਦਾ। ਛੋਟੇ ਹੁੰਦੇ ਸਾਂ ਇੱਕ ਕਿਤਾਬ ਵਿੱਚ ਪੜ੍ਹਿਆ ਸੀ–

*ਸਾਰੀ ਪੈਸੇ ਕੀ ਬਹਾਰ ਪੈਸੇ ਸੇ ਕਾਰੋਬਾਰ,*
*ਪੈਸੇ ਕਾ ਯਾਰ ਬੇਸ਼ੁਮਾਰ ਔਰ ਤਾਬੇਦਾਰ,*
*ਪੈਸਾ ਕਰੇ ਤਬਾਹ, ਪੈਸਾ ਬਢਾਵੇ ਚਾਹ,*
*ਪੈਸਾ ਪੈਸਾ ਪੈਸੇ ਕੀ ਵਾਹ ! ਵਾਹ !*

ਗੁਰੂ ਜੀ ਵੀ ਕਹਿੰਦੇ ਨੇ–

**ਨਿਰਧਨ ਆਦਰੁ ਕੋਈ ਨ ਦੇਇ।।**
**ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ।।ਰਹਾਉ।।**
**ਜਉ ਨਿਰਧਨੁ ਸਰਧਨ[1] ਕੈ ਜਾਇ।।**
**ਆਗੇ ਬੈਠਾ ਪੀਠਿ ਫਿਰਾਇ।।**
**ਜਉ ਸਰਧਨੁ ਨਿਰਧਨ ਕੈ ਜਾਇ।।**
**ਦੀਆ ਆਦਰੁ ਲੀਆ ਬੁਲਾਇ।।**

*–ਭੈਰਉ ਕਬੀਰ ਜੀ, ਪੰਨਾ–੧੧੫੯*

ਗੱਲ ਇਹ ਹੈ ਕਿ ਪੈਸਾ ਇੱਕ ਦੁਨੀਆਂ 'ਚ ਵਿਹਾਰਕ ਐਸੀ ਚੀਜ਼ ਹੈ ਜਿਸ ਤੋਂ ਬਗੈਰ ਦੁਨੀਆਂ ਦਾ ਵਿਹਾਰ ਨਹੀਂ ਚਲ ਸਕਦਾ।

*ਕੋਇ ਪਛਾਣੁ ਭੈਣ ਨ ਭਾਈ।*

ਫਿਰ ਕਿਹੋ ਜਿਹਾ ਰਸਤਾ ਹੈ—ਕੋਈ ਭੈਣ ਨਹੀਂ, ਕੋਈ ਭਰਾ ਨਹੀਂ, ਕੋਈ ਰਿਸ਼ਤੇਦਾਰੀ ਨਹੀਂ ਰਸਤੇ ਵਿੱਚ, ਕੋਈ ਵਾਕਫ਼ ਨਹੀਂ ਹੈ ਜਿਹੜਾ ਜਾਣਦਾ ਹੋਵੇ।

*ਮਾਤ ਨ ਪਿਤਾ ਨ ਮਿਤ ਇਸ ਥਾਈ।*

ਨ ਮਾਤਾ ਹੈ, ਨਾ ਪਿਤਾ ਹੈ, ਨਾ ਕੋਈ ਮਿੱਤਰ ਹੈ।

*ਪੈਸਾ ਏਕ ਖਰਚ ਨਹਿ ਪਾਸੂ।*

ਇੱਕ ਪੈਸੇ ਦਾ ਖਰਚ—ਕੋਲ ਇੱਕ ਪੈਸਾ ਵੀ ਨਹੀਂ।

*ਰਾਇ ਸਿੰਘ ਮਨ ਭਯੋ ਉਦਾਸੂ।।੧੯।।*

ਭਾਈ ਰਾਇ ਸਿੰਘ ਦਾ ਮਨ ਉਦਾਸ ਹੋ ਗਿਆ।

*ਆਗਿਆ ਥੀ ਗੁਰ ਭੇਟ ਨ ਲਈਂ।*

ਗੁਰੂ ਜੀ ਨੇ ਆਗਿਆ ਦਿੱਤੀ ਸੀ ਕਿ ਭੇਟਾ ਨਹੀਂ ਲੈਣੀ।

*ਮਾਂਗਨ ਕੀ ਭੀ ਆਗਿਆ ਨਹੀਂ।*

ਔਰ ਇਹ ਗੱਲ ਨਹੀਂ ਹੈ, ਹੁਣ ਅਸੀਂ ਜਾ ਕੇ ਕਿਸੇ ਦੇ ਘਰ ਮੰਗਣ ਲੱਗ ਪੈਂਦੇ ਹਾਂ। ਗੁਰੂ ਸਾਹਿਬ ਦਾ ਹੁਕਮ—ਸਿੱਖ ਵਾਸਤੇ, ਅੰਮ੍ਰਿਤਧਾਰੀ ਵਾਸਤੇ ਤਾਂ ਖਾਸ ਤੌਰ ਤੇ ਹੈ ਕਿ ਮੰਗਣ ਦੀ ਆਗਿਆ ਹੀ ਨਹੀਂ। ਜਿਹੜਾ ਮੰਗਦਾ ਹੈ ਉਹ ਲੀਕੋਂ ਪਾਰ ਹੋ ਜਾਂਦਾ ਹੈ। ਕਹਿੰਦੇ ਨੇ, ਮੰਗਣ ਦੀ ਵੀ ਆਗਿਆ ਨਹੀਂ ਸਤਿਗੁਰਾਂ ਦੀ, ਮੰਗ ਕੇ ਵੀ ਨਹੀਂ ਕਿਤੋਂ ਖਾਣਾ। ਧਿਆਨ ਦਿਓ, ਰਸਤਾ ਦੂਰ ਹੈ, ਪੈਂਡਾ ਨੇੜੇ ਨਹੀਂ, ਕੋਈ ਵਾਕਫ ਨਹੀਂ ਰਸਤੇ ਵਿੱਚ, ਸਤਿਗੁਰੂ ਦਾ ਸਿੱਖ ਹੈ, ਉੱਥੋਂ ਹੁਕਮ ਨਾਲ ਮਾਇਆ ਨਹੀਂ ਲਈ—ਗੁਰਦੁਆਰੇ ਦੀ ਗੁਰਦੁਆਰੇ ਮੱਥਾ ਟੇਕੀ ਔਰ ਕਹਿੰਦਾ ਮੰਗ ਕੇ ਵੀ ਨਹੀਂ ਖਾਣਾ।

*ਵਾਕ ਗੁਰੂ ਕਾ ਭੀਖ ਨ ਮਾਂਗ।*

ਗੁਰੂ ਦਾ ਹੁਕਮ ਹੈ ਭਿਖਿਆ ਨਹੀਂ ਮੰਗਣੀ।

*ਅਬ ਬਿਨ ਗੁਰ ਪ੍ਰਭ ਅਉਰ ਨ ਤਾਂਘ।*

ਕਹਿੰਦਾ,''ਹੁਣ ਬਿਨ੍ਹਾਂ ਸਤਿਗੁਰੂ ਅਕਾਲ ਪੁਰਖ ਤੋਂ ਮੈਨੂੰ ਹੋਰ ਕਿਸੇ ਦੀ ਤਾਂਘ ਨਹੀਂ, ਇੱਛਾ ਨਹੀਂ।''

*ਆਪੇ ਰਾਖੇ ਅਪਨਾ ਜਾਨੀ।*

ਆਪਣਾ ਜਾਣ ਕਰਕੇ ਮੇਰੀ ਆਪੇ ਰੱਖਿਆ ਕਰਨਗੇ।

*ਐਸੇ ਗਿਣਤੀ ਚਿਤ ਮੈਂ ਠਾਨੀ।*

ਐਸੀ ਗਿਣਤੀ ਕਰਕੇ ਭਾਈ ਰਾਇ ਸਿੰਘ ਚਿਤ ਦੇ ਵਿੱਚ–

*ਦਵਾਦਸ ਜਾਮ ਪ੍ਰਸ਼ਾਦ ਨ ਪਾਯੋ।*

ਬਾਰ੍ਹਾਂ ਪਹਿਰ ਭਾਈ ਸਾਹਿਬ ਨੇ ਪ੍ਰਸ਼ਾਦਾ ਨਹੀਂ ਛਕਿਆ, ਤੁਰੇ ਆਏ।

*ਸਵਾਸ ਸਵਾਸ ਗੁਰ ਨਾਮ ਧਿਆਯੋ।।੨੦।।*

ਪਰ ਫਿਰ ਕੀ ਕੀਤਾ ? ਲੰਮਾ ਪੈ ਗਿਆ—ਹਾਏ ! ਹਾਏ ! ਕਰਨ

ਲਗ ਗਿਆ। ਨਹੀਂ ! ਕਹਿੰਦੇ ਨੇ, ਕੋਈ ਸਵਾਸ ਖਾਲੀ ਨਹੀਂ ਜਾਣ ਦਿਤਾ—ਬਿਨਾਂ ਨਾਮ ਤੋਂ।

*ਬਾਣੀ ਗੁਰ ਕੀ ਹਿਰਦੇ ਧਾਰੀ।*

ਗੁਰੂ ਦੀ ਬਾਣੀ ਹਿਰਦੇ ਵਿੱਚ ਧਾਰੀ ਹੋਈ ਸੀ ਕਿ ਤੇਰੀ ਸਹਾਇਤਾ ਕਰਾਂਗੇ।

*ਗੁਰ ਅਰਜਨ ਜਿਮ ਕੀਓ ਉਚਾਰੀ।*

ਕੀ ਬਾਣੀ ਪੜ੍ਹਦਾ ਹੈ—ਜੋ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਲਿਖੀ ਹੈ।

*ਜਹਾ ਪੰਥਿ ਤੇਰਾ ਕੋ ਨਾ ਸਿਵਾਨੂ।*

ਇਹ ਗੁਰੂ ਦੀ ਬਾਣੀ ਹਿਰਦੇ ਵਿੱਚ ਧਾਰਨ ਕੀਤੀ।

*ਇਤਿਆਦਿਕ ਜੇ ਪੌੜੀ ਸਾਰੀ।*

ਸਾਰੀ ਪਉੜੀ–

**ਜਹਾ ਪੰਥਿ ਤੇਰਾ ਕੋ ਨ ਸਿਵਾਨੂ।।**
**ਹਰਿ ਕਾ ਨਾਮੁ ਤਹ ਨਾਲਿ ਪਛਾਨੂ।।**
**ਜਹ ਮਹਾ ਭਇਆਨ ਤਪਤਿ ਬਹੁ ਘਾਮ[2]।।**
**ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ।।**
**ਜਹਾ ਤ੍ਰਿਖਾ ਮਨ ਤੁਝੁ ਆਕਰਖੈ[3]।।**
**ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ।।੪।।**
**ਭਗਤ ਜਨਾ ਕੀ ਬਰਤਨਿ ਨਾਮੁ।।**
**ਸੰਤ ਜਨਾ ਕੈ ਮਨਿ ਬਿਸ੍ਰਾਮੁ।।**

*–ਗਉੜੀ ਮ:੫, ਪੰਨਾ–੨੬੪*

ਇਹ ਸਾਰੀ ਪਉੜੀ ਯਾਦ ਕਰਕੇ ਭਾਈ ਸਾਹਿਬ ਨੇ–

*ਸਿਦਕ ਧਾਰ ਕਰ ਬੈਠ ਵਿਚਾਰੀ।।੨੧।।*

ਸਿਦਕ ਧਾਰ ਕੇ ਬੈਠ ਕੇ ਵਿਚਾਰਿਆ।

*ਬ੍ਰਿਛ ਪਤ ਖਾ ਕਰ ਕਰੋ ਗੁਜ਼ਾਰਾ।।*

ਬ੍ਰਿਛਾਂ ਦੇ ਪੱਤ ਖਾਂਦਾ ਤੁਰਿਆ ਆਉਂਦਾ ਹੈ।

*ਗੁਰ ਕੇ ਹੁਕਮ ਨ ਚਾਹੋ ਟਾਰਾ।*

ਗੁਰੂ ਦੇ ਹੁਕਮ ਦੀ ਨਹੀਂ ਉਲੰਘਣਾ ਕਰਦਾ।

ਇਹੋ ਹੀ ਇੱਕ ਚੀਜ਼ ਹੈ ਜਿਹੜੀ ਗੁਰੂ ਤੇ ਸਿੱਖ ਦਾ ਨਾਤਾ ਜੋੜਨ ਵਾਲੀ ਹੈ। ਦੁਨੀਆਂ ਵਿੱਚ ਵੀ ਇਸੇ ਤਰ੍ਹਾਂ ਹੈ ਭਾਵੇਂ ਕੋਈ ਕਹੇ ਜਿੱਥੇ ਕਿਸੇ ਦਾ ਤੱਅਲਕ ਹੈ ਕਿਸੇ ਨਾਲ, ਜਿਹੜੀ ਕਿਸੇ ਨਾਲ ਕੋਈ ਗੱਲ ਕਰ ਲੈਂਦਾ ਹੈ, ਜਿਹੜਾ ਓਦੂੰ ਨਹੀਂ ਉਲੰਘਦਾ ਤਾਂ ਨਾਤਾ ਰਹਿੰਦਾ ਹੈ, ਜੇ ਟੁੱਟ ਜਾਂਦੀ ਹੈ ਤਾਂ ਨਹੀਂ ਰਹਿੰਦਾ। ਕੋਈ ਵਿਹਾਰ ਵਾਸਤੇ ਆਪਸ 'ਚ ਗੱਲ ਕਰ ਲੈਂਦੇ ਨੇ, ਕੋਈ ਨੌਕਰੀ ਵਾਸਤੇ ਗੱਲ ਕਰ ਲੈਂਦਾ ਹੈ ਕਿ ਮੈਂ ਏਨਾਂ ਚਿਰ ਤੇਰੀ ਨੌਕਰੀ ਇਸ ਤਰ੍ਹਾਂ ਕਰਾਂਗਾ, ਕੋਈ ਕੁਝ ਗੱਲ ਕਰ ਲਵੇ ਜਦੋਂ ਉਸ ਗੱਲ ਤੋਂ ਫਿਰ ਜਾਏਗਾ—ਉਹ ਨਾਤਾ ਨਹੀਂ ਰਹਿੰਦਾ। ਉਹ ਗੱਲ ਟੁੱਟ ਜਾਂਦੀ ਹੈ। ਪਰ ਸਭ ਤੋਂ ਵੱਡਾ ਨਾਤਾ ਜਿਹੜਾ ਭਾਈ ਗੁਰਦਾਸ ਨੇ ਲਿਖਿਆ ਹੈ–

*ਅਸਨ ਬਸਨ ਧਨ ਧਾਮ ਕਹੂੰ ਮੈ ਨਾ ਦੇਖਿਓ*
*ਜੈਸੋ ਗੁਰਸਿਖ ਸਾਧ-ਸੰਗਤ ਕੋ ਨਾਤਾ ਹੈ।*

ਇਹ ਨਾਤਾ–

*ਪੀਉ ਦੇ ਨਾਂਹ ਪਿਆਰ ਤੁਲਿ ਨ ਫੁਫੀ ਨ ਪਿਤੀਏ ਤਾਏ*
*ਮਾਊ ਹੇਤੁ ਨ ਪੁਜਨੀ ਹੇਤੁ ਨ ਮਾਮੇ ਮਾਸੀ ਜਾਏ।*
*ਅੰਬਾਂ ਸਧਰ ਨ ਉਤਰੈ ਆਣਿ ਅੰਬਾਕੜੀਆਂ ਜੇ ਖਾਏ।*
*ਮੂਲੀ ਪਾਨ ਪੰਟਤਰਾ ਵਾਸੁ ਡਿਕਾਰੁ ਪਰਗਟੀ ਆਏ।*
*ਸੂਰਜ ਚੰਦ ਨ ਪੁਜਨੀ ਦੀਵੇ ਲਖ ਤਾਰੇ ਚਮਕਾਏ।*
*ਰੰਗ ਮਜੀਠ ਕੁਸੰਭ ਦਾ ਸਦਾ ਸਥੋਈ ਵੇਸੁ ਵਟਾਏ।*
*ਸਤਿਗੁਰ ਤੁਲਿ ਨ ਮਿਹਰਵਾਨ ਮਾਤ ਪਿਤਾ ਨ ਦੇਵ ਸਬਾਏ।*
*ਡਿਠੇ ਸਭੇ ਠੋਕਿ ਵਜਾਏ।।*

*–ਵਾਰ ੩੯—੨੦*

ਗੁਰੂ ਜੀ ਕਹਿੰਦੇ ਹਨ,'**ਠੋਕ ਵਜਾਇ ਸਭ ਡਿਠੀਆ**'।

**ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀਂ ਕੋਇ ਜੀਉ।।**

*–ਸਿਰੀ ਰਾਗ ਮ:੫, ਪੰਨਾ-੭੩*

*ਪੰਥ ਪਿਆਨਾ ਕਰ ਗੁਰ ਯਾਦ।*

–ਤੁਰ ਪਿਆ ਰਸਤੇ ਵਿਚ ਸਤਿਗੁਰਾਂ ਨੂੰ ਯਾਦ ਕਰਕੇ

*ਤਬ ਪ੍ਰਭ ਸੁਣੀ ਤਾਹਿ ਫਰਿਯਾਦ।।੨੨।।*

ਸਤਿਗੁਰੂ ਜੀ ਤਾਂ ਕੋਈ ਥਾਂ ਹੈ ਨਹੀਂ, ਜਿੱਥੇ ਉਹ ਨਹੀਂ, ਉਹ ਨੇੜੇ ਤੋਂ ਨੇੜੇ ਹੋ ਕੇ ਸੁਣਦਾ ਹੈ। ਇੱਕ ਦੀ ਗੱਲ ਕੀ ਕਰਦੇ ਹੋ, ਭਾਈ ਗੁਰਦਾਸ ਜੀ ਕਹਿੰਦੇ ਹਨ–

*ਦ੍ਰੋਪਤੀ ਕੁਪੀਨ ਮਾਤ੍ਰ ਦਈ ਜਉ ਮੁਨੀਸਰਹਿ,*
*ਤਾਤੇ ਸਭਾ ਮਧਿ ਬਹਿਓ ਬਸਨ ਪ੍ਰਵਾਹ ਜੀ।*
*ਤਨਕੁ ਤੰਦੁਲ ਜਗਦੀਸਹਿ ਦਏ ਸੁਦਾਮਾ,*
*ਤਾਂਤੇ ਪਾਏ ਚਤਰ ਪਦਾਰਥ ਅਥਾਹ ਜੀ।*
*ਦੁਖਿਦ ਗਜਿੰਦ ਅਰਬਿੰਦ ਗਹਿ ਭੇਟ ਰਾਖੈ,*
*ਤਾਕੈ ਕਾਜੈ ਚਕ੍ਰਪਾਨਿ ਆਨਿ ਗ੍ਰਸੇ ਗ੍ਰਾਹਿ ਜੀ।*

*–ਭਾਈ ਗੁਰਦਾਸ ਕਬਿਤ ਸਵਯੈ–੪੩੫*

ਮਹਾਰਾਜ ਨੇ ਆ ਕੇ—ਗਰੜ ਵੀ ਥੱਕ ਗਿਆ, ਨਹੀਂ ਤੇਜ਼ ਚਲ ਸਕਿਆ—ਤਾਂ ਪਿਆਦੇ ਹੋ ਕਰਕੇ ਚੱਕਰ ਮਾਰਕੇ ਛੁਡਾਇਆ।

*ਗਜ ਔਰ ਗਰਾਹ ਲੜੇ ਜਲ ਭੀਤਰ ਲੜਤ ਲੜਤ ਗਜ ਹਾਰਿਓ,*
*ਤਿਲ ਭਰ ਸੂੰਡ ਰਹੀ ਜਲ ਊਪਰ ਤਬ ਹਰੀ ਨਾਮ ਪੁਕਾਰਿਓ।*

ਫਿਰ ਜਦੋਂ ਨਾਮ ਪੁਕਾਰਿਆ—ਕੋਈ ਇਹ ਗੱਲ ਐਸੀ ਤਾਂ ਨਹੀਂ ਹੈ ਕਿ ਹਿੰਦੂਆਂ ਦੀ ਲਿਖੀ ਹੋਈ ਹੈ, ਸਾਡੇ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ–

**ਜਬ ਹੀ ਸਰਨਿ ਗਹੀ ਕਿਰਪਾ ਨਿਧਿ,**
**ਗਜ ਗਰਾਹ ਤੇ ਛੂਟਾ।।**
**ਮਹਮਾ ਨਾਮ ਕਹਾ ਲਉ ਬਰਨਉ**
**ਰਾਮ ਕਹਤ ਬੰਧਨ ਤਿਹ ਤੂਟਾ।।**

*–ਮ:੯, ਪੰਨਾ–੬੩੨*

ਤਾਂ ਸਤਿਗੁਰੂ ਸਹਾਇਤਾ ਕਰਦਾ ਹੈ, ਉਹ ਕੋਈ ਜਗ੍ਹਾ ਨਹੀਂ ਜਿੱਥੇ ਉਹ ਸਹਾਇਤਾ ਨਹੀਂ ਕਰਦਾ।

*ਅਚਨ ਆਬ ਹਿਤ ਲਾਗੀ ਪਿਆਸ।*

ਜਲ ਛਕਣ ਵਾਸਤੇ ਤ੍ਰੇਹ ਲਗੀ।

*ਦਾਏਂ ਹਾਥ ਕੂਪ ਦਿਖ ਤਾਸ।*

ਸੱਜੇ ਹੱਥ ਦੇਖਿਆ ਤੇ ਖੂਹ ਦਿਸ ਪਿਆ—ਭਾਈ ਸਾਹਿਬ ਨੂੰ ਰਸਤੇ ਜਾਂਦਿਆਂ।

*ਸ੍ਰੀ ਗੁਰ ਨਾਮ ਚਿਤਵਤੋ ਗਯੋ।*

ਪਰ ਕਰਦਾ ਕੀ ਹੈ ? ਗੁਰੂ ਦਾ ਨਾਮ ਚਿਤਵਦਾ ਹੈ। ਜਿਸਨੇ ਗੁਰੂ ਦਾ ਨਾਮ ਅੰਦਰ ਧਾਰਨ ਕੀਤਾ ਹੈ, ਗੁਰੂ ਜੀ ਕਹਿੰਦੇ ਹਨ–

**ਕਾਹੇ ਰੇ ਮਨ ਚਿਤਵਹਿ ਉਦਮੁ,**
**ਜਾ ਆਹਰਿ[੪] ਹਰਿ ਜੀਉ ਪਰਿਆ।।**
**ਸੈਲ[੫] ਪਥਰ ਮਹਿ ਜੰਤ ਉਪਾਏ,**
**ਤਾਕਾ ਰਿਜਕੁ ਆਗੈ ਕਰਿ ਧਰਿਆ।।**

*-ਪੰਨਾ ੧੦*

*ਕੌਤਕ ਤਾਹਿ ਨਿਹਾਰਤ ਭਯੋ।।੨੩।।*

ਦੇਖਿਆ ਜਾ ਕਰਕੇ ਖੂਹ ਦੇ ਉੱਤੇ, ਕੀ ਦੇਖਦੇ ਨੇ ਭਾਈ ਸਾਹਿਬ,

*ਪਾਸ ਬਾਵੜੇ ਕੇ ਜਾ ਖੜਾ।*

ਉਹ ਬਾਵਲਾ ਹੈ। ਬਉਲੀ ਹੈ ਜਿਹਦੇ 'ਚ ਪਉੜੀ ਤੋਂ ਉਤਰ ਕੇ ਵੀ ਪਾਣੀ ਪੀ ਸਕੀਦਾ ਹੈ।

*ਦੁਰਬਲ ਸਭ ਅੰਗੋਂ ਸੇ ਬੜਾ।*

ਸਰੀਰ ਦਾ ਤੱਅਲਕ ਹੈ ਕਿ ਦੁਰਬਲ ਹੋ ਗਿਆ ਅੰਗਾਂ ਤੋਂ। ਗੁਰੂ ਜੀ ਨੇ ਕਬੀਰ ਜੀ ਦੀ ਜ਼ਬਾਨੀ ਲਿਖਿਆ ਹੈ–

**ਅੰਨੈ ਬਿਨਾ ਨ ਹੋਇ ਸੁਕਾਲੁ।।**
**ਤਜਿਐ ਅੰਨਿ ਨ ਮਿਲੈ ਗੁਪਾਲੁ।।**

*-ਪੰਨਾ ੮੭੩*

ਅੰਨ ਤੋਂ ਬਿਨਾ ਸਰੀਰ—ਕਮਜ਼ੋਰ ਹੋ ਗਿਆ ਭਾਈ ਸਾਹਿਬ ਦਾ, ਦੁਰਬਲ ਹੋਇਆ ਜਾ ਕੇ ਖੂਹ ਉੱਤੇ ਖੜੋਤਾ ਹੈ। ਇੱਕ ਤੁਰਦਾ ਹੈ

ਰਸਤੇ, ਇੱਕ ਅੰਨ ਨਹੀਂ ਮਿਲਦਾ ਛਕਣ ਨੂੰ।

*ਲਾਗੀ ਭੂਖ ਵ ਦੂਤੀ ਪਿਆਸ।*

ਭੁਖ ਵੀ ਲੱਗੀ ਹੈ ਔਰ ਤੇਹ ਲਗੀ ਹੋਈ ਹੈ

*ਅੰਨ ਨ ਮਾਂਗਿਓ ਕਿਸਕੇ ਪਾਸ।।੨੪।।*

ਅੰਨ ਮੰਗਿਆ ਨਹੀਂ ਕਿਉਂਕਿ ਹੁਕਮ ਨਹੀਂ ਮੰਗ ਕੇ ਖਾਣ ਦਾ।

*ਜੇ ਭੁਖ ਦੇਹਿ ਤ ਇਤਹੀ ਰਾਜਾ।*

ਤਾਂ ਹੋਇਆ ? ਉਹ ਗੁਰੂ ਰਾਮਦਾਸ ਸਾਹਿਬ ਸੱਚੇ ਪਾਤਸ਼ਾਹ ਸੂਹੀ ਰਾਗ ਦੀ ਅਸ਼ਟਪਦੀਆਂ ਵਿੱਚ ਲਿਖਦੇ ਹਨ-

**ਜੇ ਸੁਖੁ ਦੇਹਿ ਤਾ ਤੁਝਹਿ ਅਰਾਧੀ,**
**ਦੁਖਿ ਭੀ ਤੁਝੈ ਧਿਆਈ।।**
**ਜੇ ਭੁਖ ਦੇਹਿ ਤ ਇਤ[੬] ਹੀ ਰਾਜਾ[੭] ,**
**ਦੁਖ ਵਿਚਿ ਸੂਖ ਮਨਾਈ।।**

*-ਪੰਨਾ ੭੫੭*

*ਐਸੇ ਮੁਖ ਸੇ ਕੀਓ ਅਵਾਜਾ।*

ਜਦੋਂ ਇਹ ਗੱਲ ਕਹੀ—ਜੇ ਭੁਖ ਦੇਹਿ ਤ ਇਤਹੀ ਰਾਜਾ। ਐਸੀ ਮੂੰਹ ਤੋਂ ਅਵਾਜ਼ ਕੱਢਣ ਦੀ ਦੇਰ ਸੀ, ਕਿਆ ਦੇਖਦਾ ਹੈ-

*ਕੂਏ ਦਿਸ ਦੂਜੀ ਗਇਓ ਭਾਈ।*

ਜਦੋਂ ਦੂਸਰੇ ਪਾਸੇ ਖੂਹ ਦੇ ਗਿਆ,

*ਥਾਤੀ ਏਕ ਪਰੀ ਦ੍ਰਿਸਟਾਈ।।੨੫।।*

ਕੀ ਦੇਖਿਆ ? ਇਕ ਥੈਲੀ ਪਈ ਹੈ—ਉੱਥੇ।

*ਚਾਰ ਤਰਫ ਤਿਸ ਨਜ਼ਰ ਲਗਾਈ।*

'ਚਾਰ ਤਰਫ ਤਿਸ ਨਜ਼ਰ ਲਗਾਈ', ਚੌਹੀਂ ਪਾਸੀਂ ਦੇਖਿਆ, ਕੋਈ ਇੱਥੇ ਨੇੜੇ ਤੇੜੇ ਹੈ।

*ਕੋਇ ਨ ਨਰ ਨਾਰੀ ਤਿਸ ਥਾਈ।*

ਉੱਥੇ ਕੋਈ ਇਸਤਰੀ ਪੁਰਸ਼ ਨਹੀਂ ਦਿਸਿਆ ਨੇੜੇ।

*ਕੋਈ ਭੂਲ ਗਯੋ ਯੋ ਜਾਨੀ।*

ਕਹਿੰਦਾ ਖਵਰੇ ਕੋਈ ਭੁੱਲ ਗਿਆ ਹੋਵੇ ਥੈਲੀ।

*ਰਾਇ ਸਿੰਘ ਤਬ ਅਚਰਜ ਮਾਨੀ॥੨੬॥*

ਅਸਚਰਜ ਹੋਇਆ—ਰਾਇ ਸਿੰਘ ਦੇਖ ਕੇ।

*ਥੈਲੀ ਹਾਥ ਬਿਖੈ ਲਟਕਾਈ।*

ਫਿਰ ਇਹ ਨਹੀਂ ਕੀਤਾ, ਥੈਲੀ ਲਈ, ਉਹਦੇ ਰੁਪਏ ਕੱਢ ਕੇ ਥੈਲੀ ਉੱਥੇ ਪਾੜ ਕੇ ਸੁੱਟ ਦਿਤੀ, ਰੁਪਏ ਲੱਕ ਨਾਲ ਬੰਨ੍ਹ ਲਏ ਜਾਂ ਲੁਕਾ ਲਏ —ਨਹੀਂ, ਥੈਲੀ ਹੱਥ ਵਿੱਚ ਫੜਕੇ ਲਟਕਾ ਲਈ, ਸਤਿਗੁਰਾਂ ਦਾ ਹੁਕਮ ਹੈ,''ਭਾਈ, ਕਿਸੇ ਦੀ ਚੀਜ਼ ਡਿੱਗੀ ਪਈ ਮਿਲੇ ਤਾਂ ਹੋਕਾ ਦੇ ਦਿਓ।''

*ਪੂਛੇ ਜੋ ਦੇਵੋਂ ਤਿਸ ਤਾਈ।*

ਕਹਿੰਦੇ ਹਨ—ਜੇ ਕੋਈ ਪੁਛੇਗਾ ਤਾਂ ਦੇ ਦਿਆਂਗਾ।

*ਕੋਸ ਦੁ ਤੀਨ ਜਬੈ ਚਲ ਗਯੋ।*

ਜਦੋਂ ਦੋ ਤਿੰਨ ਕੋਹ ਚਲਾ ਗਿਆ।

*ਕਿਸੇ ਨ ਪੂਛੀ ਨ ਕੁਛ ਕਯੋ॥੨੭॥*

ਨਾ ਕਿਸੇ ਨੇ ਪੁਛੀ ਨਾ ਕਿਸੇ ਨੇ ਕੁਛ ਕਹਿਆ।

*ਤਬ ਗੁਰ ਸਾਚੇ ਦੀਓ ਗਯਾਨ।*

ਸਤਿਗੁਰਾਂ ਨੇ ਦੱਸਿਆ ਅੰਦਰੋਂ—ਉਹ ਨਾਲੇ ਤੇ ਮੰਗਦਾ ਹੈਂ, ਨਾਲੇ ਹੁਣ ਗੁਰੂ ਨੇ ਦਿੱਤਾ ਹੈ ਤੇ ਫਿਰ ਤੈਨੂੰ ਚੇਤੇ ਆਉਂਦਾ ਹੈ ਕਿ ਕਿਸੇ ਨੂੰ ਮੈ ਦੇ ਦਿਆਂ।

*ਸੁਣ ਸਿੱਖ ਪਿਆਰੇ ਗੁਣੀ ਨਿਧਾਨ।*

ਸੁਣ ਭਾਈ ਸਿੱਖਾ ਗੁਰੂ ਕਿਆ।

*ਤੋਸੇ ਹਿਤ ਮਗ ਚਿਤਵਤ ਜੋਈ।*

ਜੋ ਤੂੰ ਤੋਸੇ ਵਾਸਤੇ ਰਾਹ ਵਿੱਚ ਸੋਚਦਾ ਸੈਂ—ਆਵਾਜ਼ ਆਈ–

*ਤਉ ਹਿਤ ਭੇਜੀ ਥਾਤੀ ਸੋਈ॥੨੮॥*

ਤੇਰੇ ਵਾਸਤੇ ਇਹ ਥੈਲੀ ਭੇਜੀ ਹੈ।

*ਤਬ ਤਿਨ ਦੇਖੀ ਚੋਜ ਵਿਡਾਣੀ।*

ਉਹ ਹੈਰਾਨ ਕਰਨ ਵਾਲੀ ਚੋਜੀ ਦੀ ਥੈਲੀ ਦਿੱਤੀ ਹੋਈ ਦੇਖੀ, ਭਾਈ ਨੇ ਖੋਲ੍ਹੀ।

*ਵਾਹਿ ਧੰਨ ਗੁਰ ਕਹੇ ਵਖਾਣੀ।*

ਕਹਿੰਦਾ,''ਧੰਨ ਹੈਂ ! ਸਤਿਗੁਰੂ, ਅਕਾਲ-ਪੁਰਖ ਸਤਿਗੁਰੂ ਰਾਮ ਸਿੰਘ ਤੂੰ ਧੰਨ ਹੈਂ !''

*ਦੀਨਨ ਕੇ ਸਦ ਹੀ ਰਖਵਾਲੇ।*

ਤੂੰ ਸਦਾ ਹੀ ਦੀਨਾਂ ਦਾ ਰਾਖਾ ਹੈਂ। ਗੁਰੂ ਜੀ ਕਹਿੰਦੇ ਹਨ-

**ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸਹੀ ਹੇਇ[੮]।।**
**ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ।।**
**ਓਥੈ ਹਟੁ ਨ ਚਲਈ ਨਾ ਕੋ ਕਿਰਸ[੯] ਕਰੇਇ।।**

*-ਮ:੨, ਪੰਨਾ ੯੫੫*

*ਦਾਸਨ ਕੋ ਪ੍ਰਭੁ ਰਖੋ ਸੰਭਾਲੇ।।੨੯।।*

ਆਪਣੇ ਦਾਸਾਂ ਦੀ ਤੁਸੀਂ ਸੱਚੇ ਪਾਤਸ਼ਾਹ ਸੰਭਾਲ ਕਰਦੇ ਹੋ।

*ਆਯੋ ਦ੍ਰਿੜ ਨਿਸਚਾ ਤਿਸਹੀ ਕੋ।*

ਨਿਸਚਾ ਹੋ ਗਿਆ।

*ਕਰੀ ਸੀਖ ਮਨ ਕੋ ਬਿਧਿ ਨੀਕੋ।*

ਆਪਣੇ ਮਨ ਨੂੰ ਕਹਿੰਦਾ ਹੈ, ਓ ਮਨਾਂ-

*ਬਾਵਰ ਭੂਲੇ ਰੇ ਮਨ ਮੂੜੇ।*

ਹੇ ਮੂਰਖਾ ! ਹੇ ਬਾਵਰਿਆ ! ਪਾਗਲਾ ਮਨਾਂ ! ਮੂਰਖਾ !

*ਬਿਨ ਗੁਰ ਸਰਬ ਆਸਰੇ ਕੂੜੇ।।੩੦।।*

ਗੁਰੂ ਤੋਂ ਬਿਨਾਂ ਸਾਰੇ ਆਸਰੇ ਕੂੜੇ ਹਨ। ਜੇ ਕਿਸੇ ਨੂੰ ਰਾਜ ਦਾ ਵੀ ਆਸਰਾ ਹੈ—ਹੁਣ ਦੇਖੋ ਰਾਜਿਆਂ ਦੇ ਵੀ ਰਾਜ ਖੁੱਸ ਗਏ। ਜੇ ਕਿਸੇ ਨੂੰ ਬਾਦਸ਼ਾਹੀ ਦਾ ਵੀ ਆਸਰਾ ਹੈ—ਬਾਦਸ਼ਾਹਾਂ ਦੀਆਂ ਬਾਦਸ਼ਾਹੀਆਂ ਵੀ ਖੁੱਸ ਜਾਂਦੀਆਂ ਹਨ। ਕਿਸੇ ਨੂੰ ਕਿਸੀ ਸ਼ਾਹੂਕਾਰ ਦਾ ਆਸਰਾ ਹੈ, ਕਦੇ -ਕਦੇ ਉਹ ਵੀ ਕੰਗਾਲ ਹੋ ਜਾਂਦੇ ਹਨ, ਜੇ ਕਿਸੇ ਨੂੰ ਕਿਸੇ ਤਲਵਾਰ ਦਾ ਆਸਰਾ ਹੈ ਤਾਂ ਉਹ ਵੀ ਕਿਸੇ ਵੇਲੇ ਕਰਨ ਜੋਗੇ ਕੁਝ ਨਹੀਂ ਰਹਿ ਜਾਂਦੇ ਜਾਂ ਮਰ ਜਾਂਦੇ ਹਨ। ਪਰ, ਇੱਕ ਸਤਿਗੁਰੂ ਦਾ ਹੀ ਆਸਰਾ ਹੈ- -ਜਿਹੜਾ ਕਿਸੇ ਵੇਲੇ ਵੀ, ਪੁਰਸ਼ ਨੂੰ ਕੋਈ ਵਕਤ ਨਹੀਂ ਹੁੰਦਾ, ਜਿਸ ਵਕਤ

ਵੀ ਯਾਦ ਕਰੇ ਤਾਂ ਉਸ ਵਕਤ ਹੀ ਪੂਰਾ ਕਰਦਾ ਹੈ—ਕਾਰਜ। ਕਹਿੰਦਾ ਹੈ ਕਿ ਬਿਨਾਂ ਸਤਿਗੁਰੂ ਤੋਂ ਹੋਰ ਆਸਰੇ ਸਭ ਕੂੜੇ ਹਨ।

*ਈਹਾਂ ਤੇਰਾ ਕੌਣ ਸਹਾਈ।*

ਬਈ ਇੱਥੇ ਤੇਰਾ ਕੌਣ ਸਹਾਇਤਾ ਕਰਨ ਵਾਲਾ ਸੀ।

*ਥਾਤੀ ਸਤਿਗੁਰੂ ਜਾਂਹਿ ਪੁਚਾਈ।*

*ਗੁਰੂ ਰਾਮ ਸਿੰਘ ਕੋ ਚਿਤ ਕਰਤਾ।*

ਚਿਤਵੇ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੂੰ।

*ਰਾਇ ਸਿੰਘ ਸਰੇਸਟ ਮਤ ਵਰਤਾ।।੩੧।।*

ਜੋ ਰਾਇ ਸਿੰਘ, ਬੜੀ ਸ੍ਰੇਸ਼ਟ ਮਤ ਵਾਲਾ।

*ਆਹਿ ਬਿਅੰਤ ਅੰਤ ਨਹਿ ਤੇਰੋ।*

ਕਹਿੰਦਾ,''ਤੂੰ ਬੇਅੰਤ ਹੈਂ ਤੇਰਾ ਅੰਤ ਨਹੀਂ ਕੋਈ ਜਾਣ ਸਕਦਾ।''

*ਤੂੰ ਸਾਚੋ ਪ੍ਰਭ ਗੁਣੀ ਗਹੇਰੋ।*

ਤੂੰ ਸੱਚਾ ਸਤਿਗੁਰੂ ਹੈਂ—ਜੋ ਗੁਣਾਂ ਦਾ ਗਹੀਰ ਹੈਂ—ਜਿਹਦੇ ਗੁਣ ਵੀ ਇੱਤਨੇ ਡੂੰਘੇ ਹਨ—ਜਿਹਦੇ ਇੱਕ-ਇੱਕ ਗੁਣ ਨੂੰ ਵੀ ਨਹੀਂ ਜਾਣ ਸਕਦੇ।

*ਤੈ ਜੇਵਡ ਕੋ ਨਾਹੀ ਦਾਤਾ।*

ਤੇਰੇ ਜਿਡਾ ਦਾਤਾ ਹੋਰ ਕੋਈ ਨਹੀਂ—ਹੋਰ ਹੋਵੇ ਕੌਣ ?

*ਤੂੰ ਹੈ ਪੂਰਨ ਪੁਰਖ ਬਿਧਾਤਾ।*

ਤੂੰ ਪੂਰਨ ਪੁਰਖ ਹੈਂ, ਜਿਹੜਾ ਸਾਰੀਆਂ ਬਿਧਾਂ ਨੂੰ ਜਾਣਦਾ ਹੈ।

*ਏਕ ਵਿਰਾਟ ਵਾਟ ਕੋ ਤੋਸਾ।*

ਮੇਰੇ ਕੋਲ ਇੱਕ ਕੌਡੀ ਨਹੀਂ ਸੀ—ਰਸਤੇ ਦਾ ਤੋਸਾ।

*ਨਾ ਥੋ ਪਰ ਤੁਵ ਚਰਨ ਭਰੋਸਾ।*

ਹੈ ਨਹੀਂ ਸੀ, ਪਰ ਇੱਕ ਚੀਜ਼ ਸੀ, ਸਿੱਖ ਨੂੰ ਭਰੋਸਾ ਸੀ, ਸਤਿਗੁਰਾਂ ਦੇ ਚਰਨਾਂ ਉੱਤੇ। ਸਿਦਕ ਹੀ ਸਤਿਗੁਰੂ ਦਾ ਸਿੱਖਾਂ ਦੇ ਤਾਰਨ ਵਾਸਤੇ ਹੈ। ਇੱਕ ਵਕਤ ਮੌਜ ਨਾਲ ਕੁਛ ਸਿੱਖ ਭੈਣੀ ਸਾਹਿਬ ਬੈਠੇ ਪੜ੍ਹਨ ਲੱਗੇ-

*ਸਤਿਗੁਰ ਤਾਰਨਗੇ ਅਤੀਤ*

ਤਾਂ ਸਤਿਗੁਰੂ ਜੀ ਉੱਤੇ ਆ ਗਏ, ਕਹਿੰਦੇ ਨੇ,''ਨਾ ਭਾਈ ਤਾਰੂਗੀ ਪ੍ਰਤੀਤ।'' ਨਿਸਚਾ ਤਾਰੂਗਾ ਤੈਨੂੰ, ਜੇ ਤੈਨੂੰ ਸਤਿਗੁਰੂ ਤੇ ਨਿਸਚਾ ਹੈ ਤਾਂ ਤਰੇਂਗਾ।

*ਸਿੰਘ ਪਾਸ ਤੇ ਮੋਹਿ ਛੁਡਾਯੋ।*

ਮੈਨੂੰ ਜਾਂਦੇ ਹੋਏ ਨੂੰ ਸ਼ੇਰ ਤੋਂ ਛੁਡਾਇਆ।

*ਅਬ ਮਗ ਤੋਸਾ ਮੋਹਿ ਪੁਚਾਯੋ।।੩੩।।*

ਹੁਣ ਮੈਨੂੰ ਰਸਤੇ ਵਿੱਚ ਥੈਲੀ ਪਦਾਰਥ ਦੀ ਪੁਚਾ ਦਿੱਤੀ।

*ਵਾਹਿ ਵਾਹਿ ਗੁਰ ਜਗ ਕੇ ਵਾਲੀ।*

ਵਾਹਿ ਸਤਿਗੁਰ ! ਤੂੰ ਅਸਚਰਜ ਹੈਂ ! ਤੂੰ ਸਾਰੇ ਜਗਤ ਦਾ ਮਾਲਿਕ ਹੈਂ !

*ਤੈ ਸੇਵਤ ਹੋਇ ਸਦਾ ਸੁਖਾਲੀ।*

ਜਿਹੜਾ ਤੈਨੂੰ ਸੇਵਦਾ ਹੈ ਉਹ ਸਦਾ ਸੌਖਾ ਰਹਿੰਦਾ ਹੈ। ਇਹਦੇ 'ਚ ਮਤਲਬ ਹੈ ਇੱਕ, ਜਿਹੜੇ ਸਤਿਗੁਰੂ ਨੂੰ ਸੇਵਦੇ ਹਨ, ਉਹ ਸੌਖੇ ਕਿਉਂ ਰਹਿੰਦੇ ਹਨ ? ਉਹਨਾਂ ਦਾ ਕੰਮ ਸਤਿਗੁਰੂ ਗੋਚਰਾ ਹੀ ਹੈ।

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ,**
**ਹੁਕਮਿ ਮੰਨਿਐ ਪਾਈਐ।।**

*–ਪੰਨਾ–੯੧੮*

ਜਦੋਂ ਇਹ ਗੱਲ ਹੀ ਨਹੀਂ, ਬਈ ਮੈਨੂੰ ਦੁੱਖ—ਮੈਨੂੰ ਸੁਖ—ਮੇਰਾ ਪੁੱਤਰ —ਮੇਰਾ ਧਨ—ਮੇਰੀ ਘੋੜੀ—ਮੇਰੇ ਮੰਦਰ। ਜਦੋਂ ਸਭ ਕੁਝ ਸਤਿਗੁਰੂ ਦਾ ਹੀ ਹੈ, ਆਪਣਾ ਹੈ ਹੀ ਕੁਛ ਨਹੀਂ—ਜਦੋਂ ਆਪਣਾ ਹੁੰਦਾ ਹੈ ਤਾਂ ਹੀ ਦੁੱਖ ਲਗਦਾ ਹੈ। ਆਪਣੀ ਕੁੱਤੀ ਮਰ ਜਾਏ ਤਾਂ ਦੁਖੀ ਹੁੰਦਾ ਹੈ, ਭਾਵੇਂ ਕਿਸੇ ਦਾ ਪੁੱਤਰ ਕੋਲ ਮਰ ਜਾਏ ਤਾਂ ਕੋਲੋਂ ਦੀ ਲੰਘ ਜਾਂਦਾ ਹੈ। ਪਰ ਅਪਣੱਤ ਦਾ ਹੀ ਦੁੱਖ ਹੈ। ਜੇ ਸਤਿਗੁਰੂ ਨੂੰ ਸੌਂਪ ਦਿੰਦਾ ਹੈ ਚੀਜ਼—ਸਭ ਸਤਿਗੁਰੂ ਦੀ ਹੈ, ਉਹਦੇ ਹੁਕਮ ਵਿੱਚ ਸਭ ਕੁਛ ਹੁੰਦਾ ਹੈ, ਫਿਰ ਦੁੱਖ ਕਾਹੇ ਕਾ ?

*ਤੂੰ ਦਾਸਨ ਕੇ ਸਦ ਹੀ ਸੰਗਾ।*

ਦਾਸਾਂ ਦੇ ਤੂੰ ਸਦਾ ਹੀ ਸਹਾਇਕ ਹੈਂ—ਸਦਾ ਹੀ ਸਾਥ ਹੈਂ।

*ਹਰਿ ਜਾ ਹਾਜਰ ਹੈ ਹਰਿ ਰੰਗਾ।।੩੪।।*

ਹਰ ਜਗ੍ਹਾ, ਹਰ ਰੰਗ ਵਿੱਚ, ਤੂੰ ਹਾਜ਼ਰ ਹੈਂ।

*ਤੂੰ ਦੀਨਨ ਕੋ ਦਾਤਾ ਜੀਵਨ।*

ਗਰੀਬਾਂ ਨੂੰ ਜੀਵਨ—ਦਾਨ ਦੇਣ ਵਾਲਾ ਹੈਂ—ਤੂੰ, ਸਤਿਗੁਰੂ।

*ਤੋਕੋ ਜਪ ਜਪ ਸਭ ਸੁਖ ਥੀਵਨ।*

ਤੈਨੂੰ ਜਪ-ਜਪ ਕੇ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ।

*ਯੋ ਉਸਤਤਿ ਗੁਰ ਕੀ ਕਰ ਭਾਈ।*

ਇਸ ਤਰ੍ਹਾਂ, ਸਤਿਗੁਰਾਂ ਦੀ ਉਸਤਤ ਕਰਕੇ, ਭਾਈ ਰਾਇ ਸਿੰਘ ਨੇ-

*ਥਾਤੀ ਖੋਲੀ ਬੈਠ ਤਿਥਾਈ।*

ਖੋਲ੍ਹੀ ਥੈਲੀ—ਬੈਠ ਕੇ ਉੱਥੇ।

*ਤਾਂ ਮੈਂ ਇਕ ਸੌ ਸਾਤ ਰੁਪੱਯਾ।*

ਤਾਂ ਕੀ ਦੇਖਿਆ ? ਉਹਦੇ 'ਚ ਇੱਕ ਸੌ ਸੱਤ ਰੁਪਿਆ, ਜਿਹੜੇ-

*ਚੌਰਸ ਚਾਰ ਤੀਨ ਅਲਮੱਯਾ।*

—ਤਿੰਨ ਅਲਾਮਗੀਰੀ, ਚਾਰ ਰੁਪਏ ਚੌਰਸ—ਇੱਕ ਸੌ ਸੱਤਾਂ ਵਿੱਚ।

*ਸੌ ਦਮੜਾ ਗੋਰਨ ਕੀ ਮੁਹਰੇ।*

ਸੌ ਰੁਪਿਆ ਗੋਰਿਆਂ ਦੀ ਮੋਹਰ ਵਾਲਾ—ਜਿਹੜਾ ਅੰਗਰੇਜ਼ੀ ਰੁਪਿਆ ਸੌ।

*ਡਾਲੇ ਵਿਚ ਤਿਸ ਥੈਲੀ ਵੂਹਰੈ।।੩੬।।*

ਉਹ ਰੁਪੱਈਏ ਥੈਲੀ 'ਚ ਭਾਈ ਜੀ ਨੇ ਪਾ ਲਏ।

*ਰਸਦ ਮੋਲ ਲੈ ਅੰਨ ਪਕਾਯੋ।*

ਰਸਦ ਲਈ ਮੁੱਲ, ਅੰਨ ਪਕਾਇਆ, ਛਕਿਆ।

*ਅੰਨ ਛਕੇ ਪ੍ਰਾਨਨ ਸੁਖ ਪਾਯੋ।*

ਪ੍ਰਾਣਾਂ ਨੂੰ ਸੁੱਖ ਹੋ ਗਿਆ—ਅੰਨ ਦੇ ਨਾਲ।

*ਕਰ ਅਰਾਮ ਮਗ ਫਿਰ ਸਿਧਾਰਿਓ।*

ਅਰਾਮ ਕੀਤਾ, ਰਸਤੇ 'ਚ—ਤੁਰ ਪਿਆ—ਅੱਗੇ ਫਿਰ-

*ਸ੍ਰੀ ਗੁਰ ਕੋ ਜਸ ਮਨ ਵਿਸਥਾਰਿਓ।।੩੭।।*

ਸਤਗੁਰਾਂ ਦਾ ਜਸ ਕਰਦਾ ਜਾਂਦਾ ਹੈ—ਆਪਣੇ ਮਨ ਵਿੱਚ।

*।।ਦੋਹਰਾ।।ਪੰਥ ਉਲੰਘ ਰਾ ਸਿੰਘ ਜਬ ਆਯੋ ਭੈਣੀ ਪਾਸ।*

ਸਾਰਾ ਰਸਤਾ ਲੰਘ ਕੇ ਜਦੋਂ ਭੈਣੀ ਸਾਹਿਬ ਦੇ ਪਾਸ ਭਾਈ ਰਾਇ ਸਿੰਘ ਜੀ ਆਏ।

*ਅੰਤਰ ਜਾਮੀ ਗੁਰੂ ਕੀ ਸੁਣੋ ਗਾਥ ਸੁਖ ਰਾਸ।੩੮।।*

ਉਧਰ ਸਤਿਗੁਰਾਂ ਦੀ ਕਥਾ—ਸੁਣੋ ਭਾਈ, ਸੁਖ ਦੇ ਦੇਣ ਵਾਲੀ ਜੋ ਹੈ। ਸੁੱਖਾਂ ਦੀ ਰਾਸ ਜੋ ਕਥਾ ਹੈ, ਜੋ ਇਸਨੂੰ ਸੁਣੇ, ਜੋ ਮੰਨੇ, ਇਸਨੂੰ ਧਾਰਨ ਕਰੇ, ਉਸਨੂੰ ਸੁਖ ਪ੍ਰਾਪਤ ਹੁੰਦੇ ਹਨ।

*ਬੈਠੇ ਰੂਪ ਰਾਮ ਸਰ ਰਾਮ।*
*ਸਿੰਘਨ ਸੈ ਮੂਰਤ ਅਬਿਰਾਮ।*

ਬੈਠੇ ਹਨ—ਰਾਮ ਰੂਪ—ਰਾਮ ਸਰ ਦੇ ਉੱਤੇ—ਸਿੰਘਾਂ ਦੇ ਸਹਿਤ—ਜੋ ਬੜੇ ਸੁੰਦਰ ਹੈ।

## ਰਾਮਸਰ

ਰਾਮਸਰ ਕਿਉਂ ਇਸਦਾ ਨਾਂ ਰੱਖਿਆ ? ਕਹਿੰਦੇ ਹਨ,"ਰਾਮ ਚੰਦਰ ਜੀ ਦੇ ਵਕਤ ਦਾ ਇਹ ਤੀਰਥ ਹੈ।" ਮੈਨੂੰ ਇਹ ਪਤਾ ਹੈ, ਛੋਟੀ ਮੇਰੀ ਉਮਰ ਸੀ, ਜਿਸ ਵਕਤ ਉਹ ਤਲਾਅ ਗੁਰੂ ਹਰੀ ਸਿੰਘ ਜੀ ਨੇ ਪੁਟਾਇਆ ਤਾਂ ਉਸਦੇ ਵਿਚੋਂ ਬੜੀ ਡੂੰਘੀ ਜਗ੍ਹਾ ਤਿੰਨ ਕੋਨਾ ਇੱਕ ਕੁੰਡ ਨਿਕਲਿਆ ਹਵਨ ਦਾ ਔਰ ਜਿਹਦੇ ਵਿਚੋਂ ਥਿੰਦੇ ਕੋਲੇ ਨਿਕਲੇ।

ਹੁਣ ਪੰਡਤ ਸੁੰਦਰ ਲਾਲ ਜੀ—ਜਿਹੜੇ ਉਹ ਇਤਿਹਾਸ ਲਿਖਣ ਵਾਲੇ ਹਨ—ਬੜੇ ਸਿਆਣੇ ਆਦਮੀ ਹਨ—ਉਹ ਭੈਣੀ ਸਾਹਿਬ ਗਏ। ਵਿਸ਼ਵ ਬਾਨੀ ਉਹਨਾਂ ਦਾ ਛਪਦਾ ਹੈ ਰਸਾਲਾ ਤਾਂ ਉਹ ਕਹਿੰਦੇ ਸੀ, ਪੁਰਾਣੀਆਂ ਲਿਖਤਾਂ 'ਚ ਇਹੋ ਹੈ ਕਿ ਇੱਥੇ ਹੀ ਰਿਖੀਆਂ ਦੇ ਡੇਰੇ ਹੁੰਦੇ ਸਨ। ਇਹੋ ਹੀ ਉਹ ਜਗ੍ਹਾ ਹੈ। ਸ਼ਾਇਦ ਇਹ ਹੀ ਥਾ ਹੋਵੇ ਅੰਬਾਲੇ ਦੇ ਨੇੜੇ। ਮੇਰੇ ਸਾਹਮਣੇ ਕੋਲੇ ਥਿੰਦੇ ਨਿਕਲੇ ਹਨ ਔਰ ਤਿੰਨ—ਕੋਣਾ ਕੁੰਡ ਸੀ। ਮੇਰੀ ਉਮਰ ਉਦੋਂ ਸੱਤ ਅੱਠ ਸਾਲ ਦੀ ਹੋਵੇਗੀ। ਜਿਸ ਵੇਲੇ ਉਹ ਤਲਾਅ

ਕੱਢਿਆ, ਮਹਾਰਾਜ ਜੀ ਨੇ ਪੁਟਾਇਆ। ਬਾਬੇ ਗੁਲਾਬ ਸਿੰਘ ਜੀ ਇੱਕ ਸਾਡੇ ਵੈਦ ਸਨ—ਉਹ ਆਂਹਦੇ ਸਨ,''ਆਹ ਕੋਨਿਓ ਐਨਾ, ਆਹ ਕੋਨਿਓ ਐਨਾ—ਮੈਨੂੰ ਇੰਨੀ ਗੱਲ ਯਾਦ ਰਹਿ ਗਈ ਹੈ, ਮੈਨੂੰ ਚੇਤਾ ਨਹੀਂ ਰਹਿ ਗਿਆ ਕਿ ਕਿੰਨਾ ਸੀ।

## ਪਿਆਰੇ ਕੋ ਮਿਲਨਾ ਮਨ ਭਾਯੋ

*ਕਈ ਸੈਂਕੜੇ ਸਿੰਘ ਮਹਾਨ।*

ਭਾਈ ਰਾਇ ਸਿੰਘ ਜਦੋਂ ਗਿਆ—ਤੇਰ੍ਹਾਂ ਹੀ ਸਿੰਘ ਸਜੇ ਸੀ। ਰਾਇ ਸਿੰਘ ਦੇ ਆਉਂਦਿਆਂ ਨੂੰ ਕਈ ਸੈਂਕੜੇ ਸਿੰਘ ਸਜ ਗਏ।

*ਬੀਚ ਥਿਰੈ ਗੁਰ ਲਾਏ ਦੀਵਾਨ।।੩੯।।*

ਸਤਿਗੁਰੂ ਜੀ ਵਿੱਚ ਬੈਠੇ ਹਨ, ਦੀਵਾਨ ਲੱਗਾ ਹੋਇਆ ਹੈ।

*ਰਾਇ ਸਿੰਘ ਪੈਂਡੇ ਦੋਇ ਮੀਲ।*

ਰਾਇ ਸਿੰਘ ਦੋ ਮੀਲ ਪੈਂਡੇ ਉੱਤੇ ਹੈ।

*ਥੇ ਉਠ ਬੈਠੇ ਗੁਰ ਕਰ ਕੀਲ।*

ਸਾਧ ਸੰਗਤ ਨੂੰ ਕੀਲ ਕੇ ਜਿਸ ਤਰ੍ਹਾਂ ਸੱਪ ਨੂੰ ਲੋਕ ਕੀਲਦੇ ਹਨ —ਹੁਕਮ ਦੇ ਦਿੱਤਾ ਕਿ ਸਾਡੇ ਮਗਰ ਨਾ ਕੋਈ ਆਵੇ। ਹੁਕਮ ਦੇ ਕੇ ਸਤਿਗੁਰ ਉੱਥੋਂ ਉਠ ਪਏ। ਜਿਸ ਵਕਤ ਦੋ ਮੀਲ ਉੱਤੇ ਭਾਈ ਰਾਇ ਸਿੰਘ ਸੀ।

*ਮੈਂ ਪੀਛੇ ਕੋ ਸਿੰਘ ਨ ਆਯੋ।*

ਮੇਰੇ ਪਿੱਛੇ ਨਾ ਕੋਈ ਆਵੇ।

*ਪਿਆਰੇ ਕੋ ਮਿਲਨਾ ਮਨ ਭਾਯੋ।।੪੦।।*

ਉਸ ਪਿਆਰੇ ਨੂੰ ਮਿਲਣ ਵਾਸਤੇ—ਜਿਸ ਤਰ੍ਹਾਂ ਸੁਦਾਮਾ ਜੀ ਕ੍ਰਿਸ਼ਨ ਮਹਾਰਾਜ ਨੂੰ ਜਾਂਦੇ ਹਨ ਮਿਲਣ ਵਾਸਤੇ। ਕੀ ਹਾਲ ਹੈ–

*ਧੋਤੀ ਫਟੀ ਦੁਪੱਟੀ ਲਪਟੀ।*

ਧੋਤੀ ਪਾਟੀ ਹੋਈ ਹੈ।

*ਨਹੀਂ ਪਾਇਨ ਪਾਨੀ ਆਇ ਨਿਸ਼ਾਨਾ।*

ਪੈਰਾਂ ਤੇ ਨਿਸ਼ਾਨ ਨਹੀਂ ਜੁੱਤੀ ਦਾ ਤੇ, ਦਰਵਾਜ਼ੇ ਉੱਤੇ ਜਾ ਖਲੋਤੇ। ਦਰਵਾਜ਼ੇ ਤੇ ਜਾ ਕੇ ਦਵਾਰਪਾਲ ਨੂੰ ਕਹਿੰਦੇ ਹਨ–

*ਪੂਛਤ ਦੀਨ ਦਿਆਲ ਕੋ ਧਾਮ,*
*ਬਤਾਵਤ ਅਪਨੋ ਨਾਮ ਸੁਦਾਮਾ।*

ਸੁਦਾਮਾ ਨਾਉਂ ਹੈ, ਕਹਿੰਦਾ ਹੈ,"ਮੈਂ ਕ੍ਰਿਸ਼ਨ ਮਹਾਰਾਜ ਦਾ ਯਾਰ ਹਾਂ।"

ਉਹ ਕਹਿੰਦੇ ਨੇ,"ਦੇਖ ਤੇ ਸਹੀ, ਆਪਣੀ ਵਜਾ ਤੇ ਵੇਖ, ਯਾਰੀ ਵਾਲੀ।

ਪਰ ਕੀ ਕਰਨ, ਉਨ੍ਹਾਂ ਨੂੰ ਉਨਾਂ ਹੀ ਕੁਝ ਦੱਸਿਆ ਸੀ—ਉਹਦੇ ਤੇ ਸਾਰੇ ਹੀ ਯਾਰ ਨੇ। ਦੇਖੋ, ਗੁਰੂ ਜੀ ਕਹਿੰਦੇ ਨੇ–

**ਸਜਣੁ ਮੈਡਾ ਚਾਈਆ[੧੦] ਹਭ ਕਹੀ ਦਾ[੧੧] ਮਿਤੁ।।**
**ਹਭੇ ਜਾਣਨਿ ਆਪਣਾ ਕਹੀ ਨ ਠਾਹੇ[੧੨] ਚਿਤੁ।।**

*–ਮ:੫, ਪੰਨਾ–੧੦੯੬*

ਫਿਰ ਜਿਸ ਵੇਲੇ ਪਤਾ ਲੱਗਾ ਕ੍ਰਿਸ਼ਨ ਮਹਾਰਾਜ ਜੀ ਨੂੰ ਤਾਂ–

*ਦੂਰਹੁੰ ਦੇਖਿ ਡੰਡਉਤਿ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।*

*–ਭਾਈ ਗੁਰਦਾਸ, ਵਾਰ ੧੦—੯*

ਉਸ ਤਰ੍ਹਾਂ ਸਤਿਗੁਰੂ ਸੱਚੇ ਪਾਤਸ਼ਾਹ—ਭਾਈ ਰਾਇ ਸਿੰਘ ਤੁਰਿਆ ਆਉਂਦਾ ਹੈ—ਉਠ ਕਰਕੇ, ਸਿੰਘਾਂ ਨੂੰ ਰੋਕ ਕਰਕੇ, ਆਪ ਅੱਗੇ ਜਾ ਰਹੇ ਹਨ।

*ਆਪ ਗਹੇ ਤਿਸ ਮਗ ਗੁਰ ਪੂਰਨ।*

ਸਤਿਗੁਰੂ ਜੀ ਉਸ ਰਸਤੇ ਗਏ ਅੱਗੇ।

*ਰਾਇ ਸਿੰਘ ਆਵਤ ਚਲ ਤੂਰਨ।*

ਜਿਸ ਰਸਤੇ ਭਾਈ ਰਾਇ ਸਿੰਘ ਛੇਤੀ—ਛੇਤੀ ਤੁਰਿਆ ਆ ਰਿਹਾ ਸੀ —ਦਰਸ਼ਨ ਨੂੰ।

*ਏਕ ਮੀਲ ਪਰ ਤਾਕੋ ਮਿਲੇ।*

ਇੱਕ ਮੀਲ ਉੱਤੇ ਜਾ ਕੇ ਉਸਨੂੰ ਮਿਲੇ।

*ਮਾਥਾ ਦਿਪੈ ਕਵਲ ਸਮ ਖਿਲੇ।।੪੧।।*

ਜਿਸ ਤਰ੍ਹਾਂ ਕੌਲ ਖਿਲਿਆ ਹੋਇਆ ਹੈ—ਸਤਿਗੁਰਾਂ ਦਾ ਮਸਤਕ ਹੈ, ਜਿਸਨੂੰ ਦੇਖਿਆ ਭਾਈ ਰਾਇ ਸਿੰਘ ਨੇ।

*ਦਰਸਨ ਰਾਇ ਸਿੰਘ ਜਬ ਕੀਨਾ।*

ਜਦੋਂ ਰਾਇ ਸਿੰਘ ਨੇ ਦਰਸ਼ਨ ਕੀਤਾ–

*ਗੁਰੂ ਰਾਮ ਸਿੰਘ ਸਭ ਦੁਖ ਛੀਨਾ।*

–ਸਤਿਗੁਰੂ ਰਾਮ ਸਿੰਘ ਜੀ ਦਾ—ਦੁੱਖ ਦੂਰ ਹੋ ਗਏ।

ਗੁਰੂ ਸਾਹਿਬ ਕਹਿੰਦੇ ਹਨ–

**ਦਰਸਨੁ ਦੇਖਤ ਦੋਖ ਨਸੇ।।**
**ਕਬਹੁ ਨ ਹੁਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ।।**

*–ਬਿਲਾਵਲ ਮ:੫, ਪੰਨਾ–੮੨੬*

ਭਾਈ ਰਾਇ ਸਿੰਘ ਨੇ ਦਰਸ਼ਨ ਕੀਤਾ, ਉਹ ਦੁੱਖ—ਕਿਥੇ ਰਹਿ ਗਏ ? ਕ੍ਰਿਸ਼ਨ ਮਹਾਰਾਜ ਗੋਪੀਆਂ ਨੂੰ ਛੱਡ ਕੇ ਮਥਰਾ ਚਲੇ ਜਾਂਦੇ ਹਨ, ਜੰਗ ਕਰਦੇ ਹਨ, ਪਰ ਹੁਕਮ ਨਹੀਂ ਅੱਗੇ ਜਾਣ ਦਾ। ਮਥਰਾ ਦਾ ਤੇ ਗੋਕਲ ਦਾ ਫ਼ਰਕ ਜ਼ਿਆਦਾ ਨਹੀਂ ਸੀ ਪਰ ਇਹ ਹੁਕਮ ਦੀ ਕਾਰ ਹੈ––ਲੀਕ ਨਹੀਂ ਨ ਟੱਪੀ ਜਾਂਦੀ। ਉੱਥੇ ਬੜੀ ਤਕਲੀਫ ਹੈ, ਬੜੀ ਖਿੱਚ ਹੈ। ਊਧੋ ਜੀ ਜਾਂਦੇ ਹਨ, ਉਹ ਗਿਆਨ ਕਰਦੇ ਹਨ ਜਾ ਕੇ। ਅਗੋਂ ਕੀ ਮਿਲਦਾ ਹੈ—ਸੁਨੇਹਾ, ਦਸਮ ਪਾਤਸ਼ਾਹ ਲਿਖਦੇ ਹਨ—ਆਪਣੀ ਕਲਮ ਨਾਲ–

**ਊਧਵ ਮੋ ਸੁਨ ਲੈ ਬਤੀਯਾ,**
**ਜਦੁਬੀਰ ਕੌ ਧਯਾਨ ਜਬੈ ਕਰਿ ਹੌਂ।।**
**ਬਿਰਹਾ ਤਬ ਆਇ ਕੈ ਮੋਹਿ ਗ੍ਰਸੈ,**
**ਤਿਹ ਕੇ ਗ੍ਰਸਏ ਨ ਜੀਯੋ ਮਰਿ ਹੌਂ।।**

*–ਦਸਮ ਗ੍ਰੰਥ, ੩੭੯*

ਨ ਜੀਵਾਂ ਤੇ ਨਾ ਮਰਾਂ। ਗੁਰੂ ਨਾਨਕ ਸਾਹਿਬ ਜੀ ਵਡਹੰਸ ਰਾਗ ਵਿੱਚ ਕਹਿੰਦੇ ਹਨ–

**ਮੈਂ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ[੧੩]।।**
**ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ[੧੪]**
**ਜਿਨਿ ਹਉ ਪਿਰਹੁ ਵਿਛੋੜੀ।।**

ਵਡਹੰਸ ਮ: ੧,*–ਪੰਨਾ–੫੫੮*

ਕਬੀਰ ਜੀ ਕਹਿੰਦੇ ਹਨ–

**ਕਬੀਰ ਬਿਰਹੁ ਭੁਯੰਗਮੁ ਮਨਿ ਬਸੈ,**
**ਮੰਤੁ ਨ ਮਾਨੈ ਕੋਇ।।**

*–ਪੰਨਾ–੧੩੬੮*

**ਤਿਹ ਕੇ ਗੁਸਏ ਨ ਜੀਯੋ ਮਰਿਹੋਂ।।**
**ਨ ਕਛੂ ਸੁਧਿ ਮੋ ਤਨ ਮੈ ਰਹਿ ਹੈ,**
**ਧਰਨੀ ਪਰ ਹ੍ਵੈ ਬਿਸੁਧੀ ਝਰਿ ਹੋਂ।।**

*–ਦਸਮ ਗ੍ਰੰਥ, ੩੭੯*

## ਸੀਤਾ ਜੀ ਨੂੰ ਦਰਸ਼ਨ ਦੀ ਤਾਂਘ

ਕਿਉਂ ਨਹੀਂ ਸੀ ਜਿਉਂਦੇ–ਮਰਦੇ। ਹਨੂਮਾਨ ਜੀ ਜਾਂਦੇ ਹਨ ਸੀਤਾ ਜੀ ਦੀ ਖਬਰ ਲੈਣ। ਆਉਂਦੇ ਹਨ, ਰਾਮ ਚੰਦਰ ਜੀ ਮਹਾਰਾਜ ਕਹਿੰਦੇ ਹਨ, ਹਨੂਮਾਨ–

*ਐਹੋ ਹਨੂੰ ਕਹਯੋ ਸ੍ਰੀ ਰਘੁਬੀਰ,*
*ਕਛੂ ਸੁਧਿ ਹੈ ਸਿਯਾ ਕੀ ਛਿਤ ਮਾਹੀ।*

ਕਹਿੰਦਾ,''*ਹੈ ਪ੍ਰਭੁ ਲੰਕ ਕਲੰਕ ਬਿਨਾ।*''

'ਕਲੰਕ ਨਹੀਂ'–ਕਿਉਂ ?

ਬਿਨਾ ਰਾਮ ਚੰਦਰ ਤੋਂ ਕਿਸੇ ਨੂੰ ਜਾਣਦੀ ਨਹੀਂ, ਬਿਨਾ ਰਾਮ ਚੰਦਰ ਤੋਂ ਕਿਸੇ ਨੂੰ ਦੇਖਦੀ ਨਹੀਂ। ਭਾਈ ਅਸੀਂ ਵੀ ਜੇ ਬਿਨਾਂ ਗੁਰੂ ਤੋਂ ਕਿਸੇ ਵੱਲ ਨਹੀਂ ਝਾਕਦੇ, ਫਿਰ ਤਾਂ ਅਸੀਂ ਨਿਹਕਲੰਕ ਹੋ ਸਕਦੇ ਹਾਂ। ਜੇ ਸਾਡੀ ਬਿਰਤੀ ਹੋਰ ਕਿਸੇ ਵੱਲ ਜਾਂਦੀ ਹੈ ਫਿਰ ਅਸੀਂ ਕਲੰਕ ਵਾਲੇ ਹਾਂ। ਜੇ ਅਸੀਂ ਗੁਰੂ ਤੋਂ ਮੂੰਹ ਮੋੜਦੇ ਹਾਂ, ਜੇ ਸਤਿਗੁਰੂ ਰਾਮ ਸਿੰਘ ਦੇ ਵੱਲ ਸਾਡਾ ਧਿਆਨ ਨਹੀਂ ਰਹਿੰਦਾ, ਨਾਮਧਾਰੀਓ–ਫਿਰ ਅਸੀਂ ਸਿੱਖ ਨਹੀਂ ਸਦਾ ਸਕਦੇ।

ਫਿਰ ਕਹਿੰਦੇ,''ਕਿੱਥੇ ਹੈ ?''

*ਬਸੈ ਤਹਿ ਰਾਵਣ ਬਾਗ ਕੀ ਛਾਹੀਂ।*

ਰਾਵਣ ਦੇ ਬਾਗ ਵਿਚ ਰਹਿੰਦੀ ਹੈ।

ਕਹਿੰਦੇ ਹਨ,''ਜੀਵਤ ਹੈ।''

ਤਾਂ ਅਗੋਂ ਹਨੂਮਾਨ ਜੀ ਕਹਿੰਦੇ ਨੇ,''*ਕਹਬੇ ਈ ਕੋ ਨਾਥ।*''

ਕਹਿੰਦਾ ਮਹਾਰਾਜ,''ਕਹਿਣ ਮਾਤਰ ਜਿਊਂਦੀ ਹੈ।''

ਕਹਿੰਦੇ ਨੇ,''*ਕਿਊਂ ਨਾ ਮੁਈ ਹਮ ਤੇ ਬਿਛੁਰਾਹੀ ?*''

ਸਾਥੋਂ ਵਿਛੜ ਕੇ ਕਿਉਂ ਨਾ ਮਰੀ ?

ਕਹਿੰਦਾ,''*ਪ੍ਰਾਨ ਬਸੈ ਪਦ ਪੰਕਜ ਮੈਂ, ਜਮ ਆਵਤ ਹੈ ਪਰ ਪਾਵਤ ਨਾਹੀ।*''

ਸੀਤਾ ਜੀ ਦਾ ਸਰੀਰ ਤਾਂ ਲੰਕਾ ਵਿੱਚ ਹੈ, ਉਹਦੇ ਪ੍ਰਾਣ ਤੇਰੇ ਚਰਨਾਂ ਵਿੱਚ ਹਨ, ਉੱਥੇ ਜਮ ਜਾਂਦਾ ਹੈ ਸਰੀਰ ਕੋਲ, ਪ੍ਰਾਣ ਤੇਰੇ ਚਰਨਾਂ ਵਿੱਚ ਹਨ, ਉਹਨੂੰ ਪ੍ਰਾਣ ਨਹੀਂ ਲੱਭਦੇ ਉੱਥੇ। ਇਸ ਕਰਕੇ ਜਿਊਂਦੀ ਹੈ—ਸੀਤਾ ਜੀ। ਇੱਕ ਕਬਿੱਤ ਵਿੱਚ ਕਹਿੰਦੇ ਹਨ—ਹਨੂਮਾਨ ਨੂੰ।

*ਬਿਰਹੋ ਕੀ ਜਵਾਲ ਮੈਂ ਨ ਜਾਤ ਜਰ ਮੇਰੋ ਤਨ,*

ਕਿਆ ਕਹੀਐ—ਕਹਿਣ ਮਾਤਰ ਦੀ ਸਿੱਖੀ ਹੈ ਸਾਡੇ 'ਚ। ਖਿੱਚ ਜਿਹੜੀ ਹੈ—ਜਿਹਨਾਂ 'ਚ ਹੈ, ਮੈਂ ਉੱਦਣ ਸੰਤਾ ਜਿਊਣ ਸਿੰਘ ਹੁਰਾਂ ਦੀ, ਬਾਬੇ ਰਿਖੀ ਸਿੰਘ ਹੁਰਾਂ ਦੀ ਅਰਜ਼ ਕੀਤੀ ਸੀ। ਕਹਿੰਦੀ ਹੈ ਹਨੂਮਾਨ ਨੂੰ–

*ਬਿਰਹੋਂ ਕੀ ਜਵਾਲ ਮੈਂ ਨਾ ਜਾਤ ਜਰ ਮੇਰੋ ਤਨ,*<br>
*ਮੈਂ ਆਸ ਬਸ ਪਰੀ ਤਾਂ ਤੈ ਜੀਬੌ ਈ ਕਰਤ ਹੌਂ।*

ਵਿਛੋੜੇ ਦੀ ਅੱਗ ਨਾਲ ਮੇਰਾ ਸਰੀਰ ਨਹੀਂ ਜਲਦਾ।

*ਨੈਨਨ ਕੇ ਨੀਰ ਹੂੰ ਮੈਂ ਬੂਡ ਨਾ ਮਰਤ ਹੌਂ।*

ਮੈਂ ਪਾਣੀ ਨਾਲ—ਨੇਤਰਾਂ ਦੇ—*ਮੈਂ ਬੂਡ ਨ ਮਰਤ ਹੌਂ*—ਨਹੀਂ ਮੈਂ ਡੁੱਬ ਕੇ ਮਰਦੀ ਐਨਾ ਪਾਣੀ ਚਲਦਾ ਹੈ।

*ਰਾਵਣ ਕੇ ਤਰਾਸਨ ਉਸਾਸਨ ਨਾ ਪ੍ਰਾਨ ਜਾਤ।*

—ਰਾਵਣ ਜਿਹੜੇ ਮੈਨੂੰ ਡਰ ਦਿੰਦਾ ਹੈ ਆ ਕੇ, ਉਹਦੇ ਨਾਲੇ ਮੇਰੇ ਪ੍ਰਾਣ ਡਰ ਕੇ ਨਹੀਂ ਨਿਕਲਦੇ। ਮੈਂ ਵੀ ਦੇਹ ਨੂੰ ਕਹਿੰਦੀ ਹਾਂ—

*ਦੇਹ ਛਾਡ ਛਾਡ ਜੀ ਸੌਂ ਨਿਤ ਹੀ ਲਰਤ ਹੌਂ।*

ਜੀਅ ਨੂੰ ਕਹਿਨੀ ਹਾਂ, 'ਛੱਡ ਦੇ ਦੇਹ, ਛੱਡ ਦੇ ਦੇਹ' ਪਰ ਨਹੀਂ

ਛੱਡਦਾ। ਕਿਉਂ ਨਹੀਂ ਛੱਡਦਾ, ਕਹਿੰਦੀ ਹੈ–

*ਛੱਤੀਆਂ ਕੀ ਬੱਤੀਆਂ ਕਹਾਂ ਲੌ ਕਹੌਂ ਪ੍ਰਾਨ ਨਾਥ,*
*ਰਾਮ ਬਿਨ ਨੈਕ ਹੂੰ ਨ ਕਾਹੂੰ ਬਿਦਰੱਤ ਹੌਂ।*

*–ਹਨੂਮਾਨ ਨਾਟਕ*

ਬਿਦਰੱਤ—ਬਦੀਰਨ ਨਹੀਂ, ਪਾਟੀ ਨਹੀਂ ਕਿਸੇ ਪਾਸੇ ਨੂੰ ਮੇਰੀ ਅੱਖ —ਬਿਨਾਂ ਰਾਮ ਤੋਂ, ਮੈਂ ਛਾਤੀ ਦੀ ਕੀ ਗੱਲ ਕਹਾ ? ਮੇਰਾ ਸਿਦਕ ਨਹੀਂ ਹੋਰ ਕਿਸੇ ਤੇ—ਉਹੋ ਮੇਰਾ ਸਵਾਮੀ ਹੈ, ਮੈਨੂੰ ਹੋਰ ਦਿਸਦਾ ਕੋਈ ਨਹੀਂ–

*ਇਹੈ ਮੈਲੋ ਭੇਸ ਮੇਰੋ ਕਹੀਓ ਸੰਦੇਸ ਕੱਪਿ।*

ਏਹੋ ਮੇਰਾ ਭੇਸ ਹੈ, ਮੇਰਾ ਸੁਨੇਹਾ ਜਾ ਕੇ ਦੇਈਂ—ਕੀ ਦੇਈਂ ?

*ਕਿ ਆਸ ਬਸ ਪਰੀ*

–ਮੈਨੂੰ ਆਸ ਹੈ ਕਿ ਮੈਨੂੰ ਦਰਸ਼ਨ ਹੋਣਗੇ।

ਫਰੀਦ ਜੀ ਲਮਕਦੇ ਹਨ ਖੂਹ ਵਿੱਚ, ਪਾਇਆ ਹੋਇਆ ਪੈਰਾਂ ਵਿੱਚ —ਸੰਗਲ, ਪੁੱਠੇ ਲਮਕ ਰਹੇ ਹਨ। ਕਾਂ ਆਉਂਦਾ ਹੈ, ਕਾਂ ਪੈਰ ਦੇ ਉੱਤੇ ਬੈਠ ਕੇ ਠੂੰਗਾ ਮਾਰਦਾ ਹੈ ਤਾਂ, ਕਹਿੰਦੇ ਨੇ–

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ੧੫ ਕਾਗ ੧੬।।**
**ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗੁ।।**

*–ਪੰਨਾ–੧੩੮੨*

ਕਾਂ ਜ਼ਰਾ ਅੱਗੇ ਚਲਾ ਜਾਂਦਾ ਹੈ, ਅੱਖਾਂ ਦੇ ਨੇੜੇ ਜਾਂਦੈ ਜਿਸ ਵੇਲੇ, ਕਹਿੰਦੇ ਨੇ–

**ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ।।**
**ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ।।**

*–ਪੰਨਾ–੧੩੮੨*

ਸੀਤਾ ਜੀ ਵੀ ਇਹੀ ਕਹਿੰਦੇ ਹਨ—*ਮੈਂ ਆਸ ਬਸ ਪਰੀ।*

ਇਕ ਭਾਈ ਸੰਤ ਸਿੰਘ ਜੀ ਸਨ—ਸਾਡੇ ਕਵੀ, ਸਤਿਗੁਰਾਂ ਦੀ ਬਾਬਤ ਉਹਨਾਂ ਨੇ ਕਵਿਤਾ ਲਿਖੀ, ਕਹਿੰਦੇ ਨੇ–

*ਜਾਚਿਤ ਹੈ, ਜਾਚਿਕ ਜਿਉਂ ਕਾਤਕਿ ਕੇ ਚਾਤ੍ਰਿਕ ਸੇ।*

ਮੰਗਦੇ ਹਨ ਜਾਚਿਕ ਤੇਰੇ ਕੋਲੋਂ—ਪਰ ਕਿਸ ਤਰ੍ਹਾਂ ਦੇ ਹੋ ਗਏ ਹਨ ਨਿਰਾਸ—ਜਿਸ ਤਰ੍ਹਾਂ ਕੱਤਕ ਦੇ ਮਹੀਨੇ ਬਬੀਹਾ ਬੋਲਦਾ ਹੋਵੇ ਤਾਂ ਕੱਤਕ 'ਚ ਬੱਦਲ ਨਹੀਂ ਰਹਿ ਜਾਂਦਾ, ਦਰਸ਼ਨ ਨਹੀਂ ਹੁੰਦਾ।

*ਜਾਚਿਤ ਕੋ ਭਈ ਵਾਰ ਭਏ ਹੇ ਸਫੈਦ ਵਾਰ।*

ਜਾਚਦਿਆਂ-ਜਾਚਦਿਆਂ ਨੂੰ—ਦਰਸ਼ਨ ਦੇਹ, ਦਰਸ਼ਨ ਦੇਹ—ਸਾਡੇ ਵਾਲ ਚਿੱਟੇ ਹੋ ਗਏ ਹਨ।

*ਕੰਵਲ ਮਲਿੰਦ ਕਬ ਪਾਵਹਿ ਚਰਨਾਰ ਬਿੰਦ,*

ਇਹ ਕਉਲ ਫੁਲ ਤੇਰੇ ਚਰਨਾਂ ਦੇ ਭੌਰੇ, ਇਹ ਮਲਿੰਦ ਜਿਹੜੇ ਹਨ, ਇਹ ਕਦੋਂ ਚਰਨਾਰ ਬਿੰਦ ਪਾਉਨ ਕਦੋਂ ਇਹਨਾਂ ਨੂੰ ਤੇਰੇ ਚਰਨ ਕਮਲ ਮਿਲਨ-

*ਗੁਰੂ ਰਾਮ ਸਿੰਘ ਤੇਰੇ ਦਰਸ਼ਨ ਕੇ ਉਮੀਦਵਾਰ।*

-ਹੇ ਸਤਿਗੁਰੂ ਰਾਮ ਸਿੰਘ ਤੇਰੇ ਦਰਸ਼ਨ ਦੇ ਖਾਹਿਸ਼ਵਾਨ।

*ਕਿੰਕਰ ਤੇਰੇ ਅਪਾਰ ਜਥਾ ਮੀਨ ਹੀਨ ਬਾਰ।*

ਤੇਰੇ ਅਪਾਰ ਕਿੰਕਰ ਹਨ, ਕਿਸ ਤਰ੍ਹਾਂ ਤੜਪਦੇ ਨੇ—ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਿਨਾ ਤੜਫ਼ਦੀ ਹੈ।

*ਆਓ ਬਾਰ ਨਿਦ ਬਾਰ।*

ਬੱਦਲ ਬਨ ਕੇ ਬਰਸ, ਕਿਰਪਾ ਕਰ-

*ਧਿਆਨ ਧਰੇ ਬਾਰ ਬਾਰ।*

ਹਰ ਇੱਕ ਬਾਰ 'ਚ ਧਿਆਨ ਧਰਦੇ ਨੇ ਉਹ-

*ਜੈਸੀ ਦਾਸ ਹੀਏ ਚੀਨੀ ਤੈਸੀ ਰਾਵਰ ਪੈ ਬਿਨੈ ਕੀਨੀ*
*ਮੋਰੀ ਬੁਧ ਪੀਨੀ ਕੋ ਸਵਾਰ ਚੀਨੀ ਕੇ ਸਵਾਰ।*

## ਗੋਪੀਆਂ ਦਾ ਵਿਯੋਗ

ਸੂਰਦਾਸ ਜੀ ਕਹਿੰਦੇ ਹਨ, ਊਧੋ ਜਿਸ ਵੇਲੇ ਪੁੱਛਦਾ ਹੈ ਗੋਪੀਆਂ ਨੂੰ ਤਾਂ ਕਹਿੰਦੀਆਂ ਹਨ-

*ਊਧਵ ਜੀ ਕਿਆ ਕਹੀਐ ਪਰਦੇਸੀ ਕੀ ਬਾਤ।*

ਉਸ ਪਰਦੇਸੀ ਦੀ ਕੀ ਗੱਲ ਕਹੀਏ ? ਪਰ ਕਹਿੰਦੀ,—'ਪਰਦੇ-ਸੀ ਕੀ ਬਾਤ ਹੈ—ਇਹ ਪਰਦੇ ਕੀ ਬਾਤ ਹੈ, ਕੀ ਕਹੀਏ ?

*ਅਰਦ ਭਾਗ ਮੰਦਰ ਆਵਨ ਕਹਿ ਗਏ,*

ਅੱਧਾ ਭਾਗ ਹੁੰਦਾ ਹੈ ਮੰਦਰ ਦਾ ਇੱਕ ਪੱਖਾ, ਪੰਦਰ੍ਹਾਂ ਦਿਨ ਦਾ ਇਕਰਾਰ ਕਰਕੇ ਗਏ।

*ਹਰਿ ਆਹਾਰ ਚਲ ਜਾਤ।*

ਹਰੀ ਦਾ ਭਾਵ ਹੈ—ਸ਼ੇਰ, ਸ਼ੇਰ ਦਾ ਅਹਾਰ ਹੈ—ਮਾਸ, ਮਹੀਨਾ ਲੰਘ ਗਿਆ ਉਹਨਾਂ ਦੇ ਦਰਸ਼ਨ ਨਹੀਂ ਹੋਏ।

*ਸਸ ਰਿਪੁ ਬਰਖ,*

ਸੂਰਜ ਦਾ ਰਿਪੂ ਹੈ—ਚੰਦਰਮਾ, ਚੰਦਰਮਾ ਦਾ ਰਿਪੂ ਹੈ—ਸੂਰਜ। ਦਿਨ —ਉਹ ਤਾਂ ਲੰਘਦਾ ਹੈ ਵਰ੍ਹੇ ਜਿਨ੍ਹਾਂ ਤੇ–

*ਭਾਨ ਰਿਪ ਜੁਗ ਭਰ*

ਜਦੋਂ ਰਾਤ ਆ ਜਾਂਦੀ ਹੈ, ਫਿਰ ਜੁਗਾਂ ਜੈਸੀ ਹੋ ਜਾਂਦੀ ਹੈ। ਗੁਰੂ ਸਾਹਿਬ ਤਾਂ ਏਦੂੰ ਵੀ ਅੱਗੇ ਕਹਿ ਦਿੱਤਾ–

**ਚਾਰਿ ਪਹਰ ਚਹੁ ਜੁਗਹ ਸਮਾਨੇ।।**
**ਰੈਣਿ ਭਈ ਤਬ ਅੰਤੁ ਨ ਜਾਨੇ।।**

*–ਆਸਾ ਮ:੫, ਪੰਨਾ–੩੭੫*

*ਹਰਿ ਰਿਪ ਕਰ ਰਹੇ ਘਾਤ*

ਹਰੀ ਦਾ ਰਿਪ ਹੈ—ਕਾਮਦੇਵ, ਸ਼ਿਵਾ ਦਾ—ਉਹ ਮੈਨੂੰ ਦੁੱਖ ਦਿੰਦਾ ਹੈ ਬਿਨ ਕ੍ਰਿਸ਼ਨ ਮਹਾਰਾਜ ਤੋਂ–

*ਰਵੀ ਪੰਚਮ ਲੈ ਗਏ ਸ਼ਿਆਮ ਜੂ ਤਾਂ ਤੇ ਮਨ ਅਕਲਾਤ।*

ਐਤਵਾਰ ਤੋਂ ਪੰਜਵਾਂ ਦਿਨ ਹੈ—ਵੀਰਵਾਰ ਦੇ ਦਿਨ, ਸਯਾਮ ਜੂ ਗਏ ਹਨ, ਇਸ ਕਰਕੇ ਮੇਰਾ ਮਨ ਬੜਾ ਔਖਾ ਹੈ ਕਿ ਵੀਰਵਾਰ ਨੂੰ ਗਏ ਹੋਏ ਮੁੜਦੇ ਨਹੀਂ।

*ਸੂਰਦਾਸ ਪ੍ਰਭ ਚੰਦਰ ਬਿਰਹਨੀ ਹਰ ਚਰਨੀ ਚਿਤ ਲਾਤ।*

ਫਿਰ ਕ੍ਰਿਸ਼ਨ ਮਹਾਰਾਜ ਗਏ, ਗੋਪੀਆਂ ਨੇ ਕਿਹਾ—ਦੋ ਬਾਰਾਮਾਹ

—'ਚ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਉਂ ਲਿਖਿਆ ਹੈ–

– **ਸਯਾਮ ਸਮੈਂ ਸੁਖਦਾਇਕ ਥੀ ਰਿਤ,**
**ਸਯਾਮ ਬਿਨਾ ਅਤਿ ਭੀ[੧੭] ਦੁਖਦਾਈ।**

*–ਦਸਮ ਗ੍ਰੰਥ, ਪੰਨਾ–੩੭੦*

– **ਰਾਤ ਬਨੀ ਘਨ ਕੀ[੧੮] ਅਤਿ ਸੁੰਦਰ,**
**ਸਯਾਮ ਸੀਂਗਾਰ ਭਲੀ ਛਬਿ ਪਾਈ।।**

*–ਦਸਮ ਗ੍ਰੰਥ, ਪੰਨਾ–੩੭੬)*

ਗੁਰੂ ਗੋਬਿੰਦ ਸਿੰਘ ਸਾਹਿਬ ਲਿਖਦੇ ਹਨ, ਜ਼ਰਾ ਦਿਉ ਧਿਆਨ— ਕੀ ਕਹਿੰਦੇ ਹਨ ?

**ਰਾਤ ਬਨੀ ਘਨ ਕੀ ਅਤਿ ਸੁੰਦਰ,**

ਬੱਦਲ ਵਾਲੀ ਰਾਤ ਹੈ ਕਾਲੀ ਤੇ ਕਾਲਾ ਹੀ ਸ਼ਿੰਗਾਰ ਮੇਰੇ ਗਲ ਪਿਆ ਹੋਇਆ ਹੈ, ਕਾਲੇ ਧਾਗੇ ਪਾਏ ਹੋਏ ਨੇ।

**ਸਯਾਮ ਬਹੈ ਜਮੁਨਾ ਤਰਏ।।**

ਥੱਲੇ ਵਗਦੀ ਹੈ—ਜਮੁਨਾ ਜਿਹਦਾ ਜਲ ਕਾਲਾ ਮੰਨਿਆ ਹੋਇਆ ਹੈ। ਜਮਨਾ ਨੂੰ ਕਾਲਿੰਦਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ।

**ਕਾਲਿੰਦ੍ਰੀ ਤਟ ਕਰੇ ਬਿਲਾਸਾ।।**

ਗੰਗਾ ਦਾ ਜਲ ਚਿੱਟਾ, ਜਮੁਨਾ ਦਾ ਜਲ ਕਾਲਾ ਮੰਨਿਆ ਹੈ। ਕਹਿੰਦੇ ਨੇ–

**ਸਯਾਮ ਬਹੈ ਜਮੁਨਾ ਤਰਏ[੧੯] ਇਹ ਜਾ[੨੦],**
**ਬਿਨ ਕੌ ਨਹੀ ਸਯਾਮ[੨੧] ਸਹਾਈ।।**

*–ਦਸਮ ਗ੍ਰੰਥ, ਪੰਨਾ–੩੭੬*

– **ਕੂਲ[੨੨] ਦੁਕੂਲ[੨੩] ਤੇ ਸੂਲ[੨੪] ਉਠੈ ਸਭ,**
**ਤੇਲ ਤਮੋਲ[੨੫] ਲਗੈ ਦੁਖਦਾਈ।।**

*–ਦਸਮ ਗ੍ਰੰਥ, ਪੰਨਾ–੩੭੭*

ਕਾਲਾ—ਇਸ ਤਰ੍ਹਾਂ ਸ਼ਿੰਗਾਰ ਦੱਸਿਆ, ਚਿੱਟਾ—ਦੱਸਣ ਲੱਗੀ ਹੈ—ਹੁਣ ਰਾਧਿਕਾ। ਇਹ ਵੀ ਗੁਰੂ ਗੋਬਿੰਦ ਸਿੰਘ ਦਾ ਲੇਖ ਹੈ। ਕਹਿੰਦੇ ਹਨ–

**ਸੇਜ ਬਨੀ ਸੰਗ ਫੂਲਨ ਸੁੰਦਰ।।**

ਚਿੱਟਿਆਂ ਫੁਲਾਂ ਦੀ ਸੇਜਾ ਹੈ ਚਿੱਟੀ।

**ਚਾਂਦਨੀ ਰਾਤ ਭਲੀ ਛਬਿ**[੨੬] **ਪਾਈ।।**

*–ਦਸਮ ਗ੍ਰੰਥ, ਪੰਨਾ–੩੭੬*

ਪੂਰਨਮਾਸ਼ੀ ਦੀ ਰਾਤ ਹੈ ਚਾਨਣੀ ਚਿੱਟੀ, ਫਿਰ–

**ਸੇਤ ਬਹੇ ਜਮੁਨਾ,**

ਉਹ ਕਾਲੇ ਪਾਣੀ ਵਾਲੀ ਜਮੁਨਾ, ਜਿਉਂ ਚੰਦਰਮਾ ਦਾ ਚਾਨਣ ਪੈਂਦਾ, ਉਹ ਪਾਣੀ ਚਿੱਟਾ ਹੈ।

**ਸੇਤ**[੨੭] **ਬਹੇ ਜਮੁਨਾ ਪਟ**[੨੮] **ਹੈ,**

–ਚਿੱਟੇ ਬਸਤਰ–

**ਸਿਤ ਮੋਤਨਹਾਰ ਗਰੇ**[੨੯] **ਛਬਿ ਛਾਈ।।**

*–ਦਸਮ ਗ੍ਰੰਥ ਪੰਨਾ–੩੭੬*

ਚਿੱਟਿਆਂ ਮੋਤੀਆਂ ਦਾ ਹਾਰ ਗਲ ਵਿੱਚ ਪਾਇਆ ਹੋਇਆ ਹੈ ਤੇ ਹੋਇਆ ਕੀ ?

**ਮੈਨ**[੩੦] **ਚੜਯੋ ਸਰਿ**[੩੧] **ਲੈ ਬਰਕੈ**[੩੨]**,**

ਕਾਮਦੇਵ ਚੜ੍ਹਿਆ ਹੈ ਲੈ ਕਰਕੇ ਅਪਨੇ ਤੀਰ ਜੋਰ ਦੇ ਨਾਲ।

**ਬਧਬੇ**[੩੩] **ਹਮਕੋ ਬਿਨ**[੩੪] **ਜਾਨ ਕਨ੍ਹਾਈ।।**

*–ਦਸਮ ਗ੍ਰੰਥ, ਪੰਨਾ–੩੭੬*

ਉਹਨੇ ਸਮਝ ਲਿਆ ਬਈ ਹੁਣ ਇਕੱਲੀ ਹੈ, ਇਹਦੇ ਕੋਲ ਸਯਾਮ ਨਹੀਂ ਹੈ, ਮੈਂ ਵੀ ਜੋ ਕੁਛ ਇਹਦੇ ਤੇ ਹੁੰਦਾ ਹੈ—ਕਰ ਲਵਾਂ। ਸਾਡੇ ਉੱਤੇ ਵੀ ਬਿਨਾਂ ਸਤਿਗੁਰੂ ਤੋਂ ਹੁਣ ਕਾਮ, ਕ੍ਰੋਧ, ਲੋਭ, ਮੋਹ ਹੰਕਾਰ, ਈਰਖਾ, ਬਖੀਲੀ ਸਾਡੇ ਉੱਤੇ ਵੀ ਚੜ੍ਹਦੀ ਹੈ ਕਿਉਂਕਿ—**ਬਧਬੇ ਹਮਕੋ ਬਿਨ ਜਾਨ ਕਨ੍ਹਾਈ।**

ਫਿਰ–

– **ਪੋਖ** (ਕੇ ਮਾਸ) **ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ।।**

*–ਤੁਖਾਰੀ ਮ:੧, ਪੰਨਾ–੧੧੦੯*

– **ਗਾਵਤ ਥੀ ਹਮ ਹੂੰ ਸੰਗ ਤਾਹੀ ਕੇ,**
**ਤਾ ਛਬਿ ਕੋ ਬਰਨੀਯੋ ਨਹੀ ਜਾਈ।।**

*–ਦਸਮ ਗ੍ਰੰਥ, ਪੰਨਾ–੩੭੦*

– **ਸੀਤ ਲਗੈ[੩੫] ਤਬ ਦੂਰ ਕਰੈ ਹਮ,**
**ਸਯਾਮ ਕੇ ਅੰਗ[੩੬] ਸੋ ਅੰਗ ਮਿਲਾਈ।।**

*–ਦਸਮ ਗ੍ਰੰਥ, ਪੰਨਾ–੩੭੦*

– **ਪੋਖ[੩੭] ਸੰਤੋਖ ਨ ਹੋਤ ਕਛੂ ਤਨ,**
**ਸੋਖਤ ਜਿਉ ਕੁਮਦੀ[੩੮] ਮੁਰਝਾਈ।।**

*–ਦਸਮ ਗ੍ਰੰਥ, ਪੰਨਾ–੩੭੭*

ਹੁਣ ਪੋਹ ਦਾ ਮਹੀਨਾ ਹੈ, ਸੰਤੋਖ ਨਹੀਂ ਆਉਂਦਾ, ਉਦੋਂ ਜਦੋਂ ਪਾਲਾ ਲਗਦਾ ਸੀ ਤੇ ਸਯਾਮ ਦੇ ਨਾਲ ਲੱਗ ਜਾਂਦੀਆਂ, ਹੁਣ ਕੀ ਹੋਇਆ, ਹੁਣ ਸੰਤੋਖ ਨਹੀਂ ਆਉਂਦਾ। ਕੀ ਹਾਲ ਹੋ ਗਿਆ ? ਜਿਸ ਤਰ੍ਹਾਂ ਕੰਮੀਆਂ ਇੱਥੇ (ਬੰਕੋਕ) ਨਹੀਂ ਮੁਰਝਾਉਂਦੀਆਂ, ਇੱਥੇ (ਬੰਕੋਕ) ਪੋਹ ਨਹੀਂ ਪੈਂਦਾ––ਸਾਡੇ ਮੁਲਕ ਵਿੱਚ ਪੋਹ ਦੇ ਮਹੀਨੇ ਕੰਮੀਆਂ ਨਹੀਂ ਰਹਿ ਸਕਦੀਆਂ, ਬਬੂਲ ਨਹੀਂ ਰਹਿ ਸਕਦੇ, ਬਬੂਲ—ਜਿਨ੍ਹਾਂ ਨੂੰ ਕਹਿੰਦੇ ਨੇ ਨੀਲੋਫਰ ਜਿਹੜਾ।

**ਤਨ ਸੋਖਤ ਜਿਉ ਕੁਮਦੀ ਮੁਰਝਾਈ।।**

ਮੇਰਾ ਸਰੀਰ ਐਉਂ ਹੋ ਗਿਆ ਜਿਸ ਤਰ੍ਹਾਂ ਕਲੀ ਮੁਰਝਾਈ ਹੋਈ ਹੁੰਦੀ ਹੈ, ਬੜੀ ਤਕਲੀਫ ਝੱਲੀ, ਬੜਾ ਦੁੱਖ ਹੋਇਆ।

– **ਕੇਸਰ ਚੀਰ ਬਨਾਇ ਸਰੀਰ,**
**ਗੁਲਾਬ ਅਬੀਰ ਗੁਲਾਲ ਉਡਾਈ।।**
**ਸੋ ਛਬਿ ਮੈ ਨ ਲਖੀ[੩੯] ਜਨ ਦ੍ਵਾਦਸ[੪੦],**
**ਮਾਸ ਕੀ ਸੋਭਤ ਆਗ ਜਗਾਈ।।**

– **ਆਯੋ ਨਹੀ ਮਨ ਭਾਯੋ ਤਹੀ,**
**ਟਸਕਯੋ[੪੧] ਨ ਹੀਯੋ[੪੨] ਕਸਕਯੋ[੪੩] ਨ ਕਸਾਈ[੪੪]।।**

*–ਦਸਮ ਗ੍ਰੰਥ, ਪੰਨਾ–੩੭੭*

ਇਹ ਹਾਲਤ ਹੋਈ, ਦੁਖੀ ਹੋਇਆਂ—ਭਾਈ ਰਾਇ ਸਿੰਘ ਨੂੰ ਸਤਿਗੁਰੂ ਦਾ ਮਿਲਾਪ ਹੋਇਆ। ਹੁਣ ਅੱਗੋਂ ਕੀ ਹੁੰਦਾ ਹੈ ? ਕ੍ਰਿਸ਼ਨ ਮਹਾਰਾਜ ਕੁਰੂਸ਼ੇਤਰ ਤੇ ਜਾਂਦੇ ਨੇ, ਗੋਪੀਆਂ ਵੀ ਜਾਂਦੀਆਂ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਇੱਕ ਬਿਸ਼ਨ ਪਦ ਕਰਕੇ ਲਿਖਦੇ ਹਨ–

**ਸੁਨ ਪਾਈ ਬ੍ਰਿਜ ਬਾਲਾ[੪੫] ਮੋਹਨ[੪੬] ਆਏ ਹੈ ਕੁਰਖੇਤ।।**
**ਦਰਸ਼ਨ ਦੇਖ ਸਭੈ ਦੁਖ ਬਿਸਰੇ ਬੇਦ ਕਹਤ ਜਿਹ ਨੇਤ[੪੭]।।**
**ਤਨ ਮਨ ਅਟਿਕਯੋ ਚਰਨ ਕਵਲ ਸੌ ਧਨ ਨਿਵਛਾਵਰ[੪੮] ਦੇਤ।।**

*–ਦਸਮ ਗ੍ਰੰਥ, ਪੰਨਾ–੫੬੨*

ਭਾਈ ਸਹਿਬ ਨੂੰ ਸਾਹਮਣੇ ਦਰਸ਼ਨ ਹੋ ਗਿਆ—ਸਤਿਗੁਰੂ ਦਾ, '**ਦਰਸ਼ਨ ਦੇਖ ਸਭੇ ਦੁਖ ਬਿਸਰੇ ਬੇਦ ਕਹਿਤ ਜਿਹ ਨੇਤ**।' ਭਾਈ ਰਾਇ ਸਿੰਘ ਸਤਿਗੁਰੂ ਦਾ—**ਦਰਸ਼ਨ ਦੇਖ ਸਭੇ ਦੁਖ ਬਿਸਰੇ ਬੇਦ ਕਹਿਤ ਜਿਹ ਨੇਤ।** ਭਾਈ ਰਾਇ ਸਿੰਘ ਸਤਿਗੁਰ ਦੇ ਚਰਨਾਂ ਤੇ ਮੱਥਾ ਟੇਕਿਆ ਹੈ, ਖਲੋ ਕੇ ਸਤਿਗੁਰਾਂ ਦਾ ਦਰਸ਼ਨ ਕਰ ਰਿਹਾ ਹੈ।

*ਦੌਰ ਤਬੈ ਪਗ ਪਰ ਲਪਟਾਯਾ।*

ਦੌੜ ਕੇ ਦੂਰੋਂ ਚਰਨਾਂ ਉੱਤੇ ਜਾ ਡਿਗਿਆ।

*ਪਕਰ ਭੁਜਾ ਲੈ ਅੰਗ ਲਗਾਇਆ।।੪੨।।*

ਸਤਿਗੁਰਾਂ ਨੇ ਫੜ ਲਿਆ, ਬਾਹਵਾਂ ਤੋਂ ਫੜ ਕੇ ਆਪਣੀ ਛਾਤੀ ਨਾਲ ਲਾਇਆ। ਹੁਣ ਇਹ ਸੁਖ ਜਿਹੜਾ ਹੈ, ਇਸ ਸੁਖ ਨੂੰ ਗੁਰੂ ਸਾਹਿਬ ਕਹਿੰਦੇ ਹਨ–

**ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ।।**

*–ਆਸਾ ਮ:੫, ਪੰਨਾ–੪੩੧*

ਤੁਲਸੀ ਦਾਸ ਜੀ ਕਹਿੰਦੇ ਨੇ–

*ਗਿਰਾਂ ਅਨੈਣ, ਨੈਣ ਨਹੀਂ ਬਾਣੀ,*

ਮੇਰੀ ਜਿਹੜੀ ਜ਼ੁਬਾਨ ਹੈ ਇਹਨੂੰ ਪੂਰੇ ਦਰਸ਼ਨ ਦਾ ਪਤਾ ਕਿਉਂ ਨਹੀਂ ਲੱਗਦਾ—ਇਹਦੇ ਨੇਤਰ ਹੈ ਨਹੀਂ ; ਜੇ ਮੇਰੇ ਨੇਤਰ ਨੇ—ਉਹਨਾਂ ਨੂੰ ਜ਼ੁਬਾਨ

ਨਹੀਂ ਲੱਗੀ, ਦੱਸ ਨਹੀਂ ਸਕਦੇ ਉਹ, ਦਰਸ਼ਨ ਕੈਸੀ ਚੀਜ਼ ਹੈ ?

*ਮਿਲਤ ਗੁਰੂ ਕੇ ਸੁਖ ਹੋਇ ਤਾਤ।*

ਮਿਲਿਆ ਗੁਰੂ ਨੂੰ ਸਿੱਖ ਤੇ ਸੁੱਖ ਪ੍ਰਾਪਤ ਹੋਇਆ।

*ਸੀਅ ਪੀਅ ਮਿਲ ਜਿਮ ਰਘੁਨਾਥ।*

ਜਿਸ ਤਰ੍ਹਾਂ ਸੀਤਾ ਜੀ ਰਾਮਚੰਦਰ ਜੀ ਨੂੰ ਮਿਲੇ, ਜਿਸ ਵੇਲੇ ਮਹਾਰਾਜ ਜੀ ਗਏ, ਜਿਸ ਵੇਲੇ ਜਾ ਕੇ ਮਿਲੇ, ਫਿਰ ਉਹ–

**ਸੀਅ ਲੈ ਸੀਏਸ਼[੪੯] ਆਏ।।ਮੰਗਲ ਸੁ ਚਾਰ ਗਾਏ।।**
**ਆਨੰਦ ਹੀਏ ਬਢਾਏ।।ਸਹਰੋ ਅਵਧ[੫੦] ਜਹਾਂ ਰੇ।।**

*–ਦਸਮ ਗ੍ਰੰਥ, ਪੰਨਾ–੨੪੦*

## ਅੰਤਰਯਾਮੀ ਸਤਿਗੁਰੂ

*ਪੂਛਾ ਕੁਸਲ ਪ੍ਰਭੂ ਜੀ ਤਾਸੋ।*

ਸਤਿਗੁਰੂ ਜੀ ਪੁੱਛਦੇ ਹਨ,''ਭਾਈ ਰਾਜ਼ੀ ਖੁਸ਼ੀ ਆਇਆ, ਰਾਇ ਸਿਹਾਂ।''

*ਆਯੋ ਅਨਦ ਸਹਿਤ ਭਈ ਵਾ ਸੋ।।੪੩।।*

ਭਾਈ ਰਾਇ ਸਿਹਾਂ ਤੂੰ ਖੁਸ਼ੀ ਰਾਜ਼ੀ ਆ ਗਿਆ ਹੈਂ।

*ਰਾਇ ਸਿੰਘ ਕਰ ਜੋਰ ਉਚਾਰੇ।*

ਹੱਥ ਜੋੜਦਾ ਹੈ, ਰਾਇ ਸਿੰਘ ਕਹਿੰਦਾ ਹੈ, ਸੱਚੇ ਪਾਤਸ਼ਾਹ–

*ਮੈਂ ਜਾਵੋਂ ਗੁਰ ਕੇ ਬਲਿਹਾਰੇ।*

ਮੈਂ ਬਲਿਹਾਰੇ ਜਾਨਾ, ਸਦਕੇ ਜਾਨਾ ਤੇਰੇ ਸਤਿਗੁਰੂ।

*ਕ੍ਰਿਪਾ ਆਪਕੀ ਰਹਯੋ ਅਨੰਦ।*

ਤੇਰੀ ਕਿਰਪਾ ਦੇ ਨਾਲ ਅਨੰਦ ਰਿਹਾ ਹਾਂ।

*ਬੋਲੇ ਤਬ ਮੁਸਕਾਇ ਮੁਕੰਦ।।੪੪।।*

ਤਾਂ ਮੁਸਕਰਾਏ, ਉਹ ਢਾਡੀ ਦੇ ਕਹਿਣ ਵਾਂਗੂੰ, ਕੋਹ ਦੇ ਤੁਰੇ ਨੂੰ ਕੋਹ ਦੀ ਖਬਰ ਦੋ ਕੋਹਾਂ ਵਾਲੇ ਨੂੰ ਦੋ ਦੀ, ਸੱਚੇ ਪਾਤਸ਼ਾਹ,''ਤੈਨੂੰ ਸਮੁੰਦਰਾਂ, ਕੰਧਾਰਾਂ ਦੀ ਖ਼ਬਰ।'' ਕਹਿੰਦੇ ਹਨ–

*ਮੈਂ ਸੁਣਿਉਂ ਮਗ ਮੈਂ ਇੱਕ ਸ਼ੇਰ।*

ਭਾਈ ਰਾਇ ਸਿੰਘ—ਅਸਾਂ ਸੁਣਿਆ ਬਈ ਰਾਹ'ਚ ਇੱਕ ਸ਼ੇਰ ਪੈਂਦਾ ਹੈ।

*ਮਾਰਤ ਹੈ ਪਾਂਧੀ ਬਿਨ ਦੇਰ।*

ਪਾਂਧੀਆਂ ਨੂੰ ਬਿਨਾ ਦੇਰ ਤੋਂ ਮਾਰਦਾ ਹੈ।

*ਪਰ ਰਖਵਾਲੇ ਗੁਰ ਸਿੱਖ ਕੇਰੇ।*

ਭਾਈ ਪਰ ਗੁਰੂ ਸਿੱਖਾਂ ਦੇ ਰਾਖੇ ਹਨ।

*ਦੁਸਮਨ ਦੂਤ ਛੁਵੈ ਨਹਿ ਨੇਰੇ।।੪੫।।*

ਕੋਈ ਦੁਸ਼ਮਣ ਦੂਰ ਨੇੜੇ ਨਹੀਂ ਛੋਹ ਸਕਦਾ।

*ਦੈ ਕਰ ਕਰ ਵਹਿ ਆਪ ਬਚਾਵੈ।*

ਹੱਥ ਦੇ ਕਰਕੇ ਬਚਾਉਂਦੇ ਹਨ।

**ਮਾਨਸ ਕੀ ਕਹੁ ਕੇਤਕ ਬਾਤ।।**
**ਜਮ ਤੇ ਰਾਖੈ ਦੇ ਕਰਿ ਹਾਥ।।**

*—ਭੈਰਉ ਮ:੫, ਪੰਨਾ-੧੧੪੯*

*ਲੋਕ ਦੁਹਨ ਸੁਖ ਸਹਿਤ ਬਿਤਾਵੇ।*

ਦੋਹਾਂ ਲੋਕਾਂ ਵਿੱਚ ਸਤਿਗੁਰੂ ਸਿੱਖ ਨੂੰ ਹੱਥ ਦੇ ਕੇ ਰੱਖਦੇ ਹਨ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

**ਰਾਖਤ ਹੈ ਅਪਨੋ ਕਰ ਦੈ ਕਰ,**
**ਪਾਪ ਸੰਬੂਹ ਨ ਭੇਟਨ ਪਾਵੈ।।**

*—ਦਸਮ ਗ੍ਰੰਥ, ਪੰਨਾ-੩੫*

*ਯੋ ਜਬ ਰਾਇ ਸਿੰਘ ਸੁਣ ਪਾਈ।*

ਜਦੋਂ ਰਾਇ ਸਿੰਘ ਨੇ ਸੁਣੀ।

*ਨੈਨਨ ਨੀਰ ਮਨੋ ਬਿਗਸਾਈ।।੪੬।।*

ਜਲ ਜਿਹੜਾ ਹੈ—ਇੱਕ ਖੁਸ਼ੀ ਨਾਲ ਚਲਦਾ ਹੈ ਨੇਤਰਾਂ 'ਚ, ਇੱਕ ਦੁਖੀ ਹੋ ਕੇ ਚਲਦਾ ਹੈ।

ਹੁਣ ਇਸ ਵਕਤ ਭਾਈ ਰਾਇ ਸਿੰਘ ਨੂੰ ਖੁਸ਼ੀ ਚੜ੍ਹੀ, ਸਤਿਗੁਰ ਤਾਂ ਸਦਾ ਹੀ ਅੰਤਰਜਾਮੀ ਹੈ।

ਉਹਦੇ ਦਿਲ ਦੀ ਗੱਲ ਜਾਣੀ ਜੋ ਕੁਛ ਉਹਦੇ ਨਾਲ ਬੀਤੀ ਸੀ—ਸੁਣਾਈ। ਨੇਤਰਾਂ 'ਚ ਜਲ ਚਲਦਾ ਹੈ, ਮਨ ਪ੍ਰਫੁੱਲਤ ਹੋਇਆ—ਹੋਇਆ ਹੈ।

*ਮਨੋ ਚਰਨ ਸਸ ਮਿਲੇ ਚਕੋਰਿ।*

ਚੰਦਰਮਾ ਚਰਨ—ਸਤਿਗੁਰੂ ਦੇ ਚੰਦਰਮਾ ਰੂਪ, ਚਕੋਰ—ਭਾਈ ਰਾਇ ਸਿੰਘ ਨੂੰ ਮਾਨੋ ਮਿਲ ਗਏ।

*ਬਾਦਰ ਬੈਨ ਮਿਲੇ ਜਿਮ ਮੋਰ।*

ਬਦਲ ਦੀ ਆਵਾਜ਼ ਜਿਸ ਤਰ੍ਹਾਂ ਮਿਲੇ ਤੇ ਮੋਰ ਨੂੰ ਖੁਸ਼ੀ ਹੁੰਦੀ ਹੈ।

*ਮਛੀ ਸਿੰਧ ਮਿਲੇ ਖੁਸ਼ ਹੋਈ।*

ਜਿਸ ਤਰ੍ਹਾਂ ਮੱਛੀ ਨੂੰ ਪਾਣੀ ਬਹੁਤਾ ਮਿਲੇ।

**ਜਿਉ ਅਧਿਕਉ ਤਿਉ ਸੁਖੁ ਘਣੋ,**

*–ਸਿਰੀ ਰਾਗ ਮ:੧, ਪੰਨਾ-੬੦*

–ਗੁਰੂ ਜੀ ਕਹਿੰਦੇ ਹਨ—ਮੱਛੀ ਨੂੰ ਜਿਸ ਤਰ੍ਹਾਂ ਸਮੁੰਦਰ ਮਿਲੇ ਤਾਂ ਸੁਖੀ ਹੁੰਦੀ ਹੈ।

*ਤਾਂ ਸੁਖ ਕੋ ਬਰਨੇ ਕਹਾ ਕੋਈ।।੪੭।।*

ਕਉਣ ਇਸ ਸੁਖ ਨੂੰ ਵਰਣਨ ਕਰਦਾ ਹੈ। ਨਾਮਦੇਵ ਜੀ ਨੂੰ ਪੁੱਛਿਆ, ਨਾਮਦੇਵ ਜੀ ਕਹਿੰਦੇ ਹਨ–

**ਐਸੋ ਬੇਢੀ**[੫੧] **ਬਰਨਿ**[੫੨] **ਨ ਸਾਕਉ,**
**ਸਭ ਅੰਤਰ ਸਭ ਠਾਂਈ**[੫੩] **ਹੋ।।**
**ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ,**
**ਪੂਛੇ ਕਹਨੁ ਨ ਜਾਈ ਹੋ।।**

*–ਪੰਨਾ-੬੫੭*

– **ਹਰਿ ਗੁਨ ਕਹਤੇ ਕਹਨੁ ਨ ਜਾਈ।।**
**ਜੈਸੇ ਗੂੰਗੇ ਕੀ ਮਿਠਿਆਈ।।੧।।ਰਹਾਉ।।**

*–ਸੋਰਠ ਭੀਖਨ ਜੀ, ਪੰਨਾ-੬੫੯*

ਕਬੀਰ ਜੀ ਕਹਿੰਦੇ ਹਨ–

**ਕਹੁ ਕਬੀਰ ਗੂੰਗੈ ਗੁੜੁ ਖਾਇਆ,**

## ਪੂਛੇ ਤੇ ਕਿਆ ਕਹੀਐ।।

*–ਪੰਨਾ–੩੩੪*

*ਗੁਰੂ ਰਾਮ ਸਿੰਘ ਜੀ ਫਿਰ ਭਾਖੀ।*

ਫਿਰ ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਹਨ–

*ਰਾਹ ਖਰਚ ਕੀ ਭੀ ਕਹੁ ਸਾਖੀ।*

ਬਈ ਰਸਤੇ 'ਚ ਖਰਚ ਦੀ ਗੱਲ ਵੀ ਦੱਸ, ਤੈਨੂੰ ਕਿਸ ਤਰ੍ਹਾਂ ਬਤੀਤੀ, ਤੇਰਾ ਖਰਚ ਕਿਸ ਤਰ੍ਹਾਂ ਪੂਰਾ ਹੋਇਆ ?

*ਤੰਗ ਰਹਿਓ ਕੇ ਸੁਖ ਸੇ ਆਇਓ।*

ਭਾਈ ਦੁਖੀ ਹੋਇਆ ਕਿ ਸੁਖ ਨਾਲ ਆ ਗਿਆਂ।

*ਬੀਤੀ ਜਿਮ ਤਿਮ ਆਖ ਸੁਨਾਇਓ।।੪੮।।*

ਜਿਸ ਤਰ੍ਹਾਂ ਬੀਤੀ ਸੀ—ਸਾਰੀ ਸੁਣਾਈ।

*ਰਾਇ ਸਿੰਘ ਕੈ ਨੈਨਨ ਨੀਰਾ।*

ਜਲ ਵਗਦਾ ਹੈ ਰਾਇ ਸਿੰਘ ਦੇ ਨੇਤਰਾਂ ਵਿੱਚੋਂ।

*ਵੈਰਾਗੀ ਗੁਰ ਪਗ ਧਰ ਧੀਰਾ।*

ਸਤਿਗੁਰਾਂ ਦੇ ਚਰਨਾਂ ਉੱਤੇ ਸਿਰ ਧਰਿਆ ਹੋਇਆ ਹੈ, ਨੇਤਰਾਂ ਚੋਂ ਜਲ ਚਲਦਾ ਹੈ।

*ਮਾਨੋ ਚਰਨ ਪਖਾਰਤ ਗੁਰ ਕੇ।*

ਚਰਨ ਧੋ ਰਿਹਾ ਹੈ—ਸਤਿਗੁਰਾਂ ਦੇ।

*ਬਡੇ ਭਾਗ ਜਾਗੇ ਤਹਿ ਧੁਰ ਕੇ।।੪੯।।*

ਉਹ ਜਿਹਦੇ ਧੁਰ ਦੇ ਭਾਗ ਜਾਗਣ, ਸਤਿਗੁਰੂ ਦੇ ਚਰਨ–

**ਮਾਈ ਚਰਨ ਗੁਰ ਮੀਠੇ**

ਗੁਰੂ ਅਰਜਨ ਦੇਵ ਮਹਾਰਾਜ ਦੇਵ ਗੰਧਾਰੀ 'ਚ ਕਹਿੰਦੇ ਹਨ–

**ਵਡੈ ਭਾਗਿ ਦੇਵੈ ਪਰਮੇਸੁਰ,**
**ਕੋਟਿ ਫਲਾ ਦਰਸਨ ਗੁਰ ਡੀਠੇ।।**

*–ਟੋਡੀ ਮ:੫, ਪੰਨਾ–੭੧੭*

## ਬੇਅੰਤਾ ਕੋ ਅੰਤ ਨ ਪਾਵੈ

*ਸੁਧ ਸ੍ਰੀਰ ਮੈਂ ਜਬ ਤਿਹ ਆਈ।*

ਜਦੋਂ ਫਿਰ ਹੋਸ਼ ਆਈ

*ਤਬ ਉਸਤਤ ਗੁਰ ਕੀ ਯੌਂ ਗਾਈ।*

ਲੱਗਾ ਸਤਿਗੁਰਾਂ ਦੀ ਉਸਤਤ ਕਰਨ।

*ਸਤਿਜੁਗ ਰੂਪ ਧਰੋ ਤੁਮ ਬਾਵਨ।*

ਸਤਿਜੁਗ ਵਿੱਚ ਵੀ ਤੂੰ ਹੀ ਹੈ, ਜਿਨ੍ਹੇ ਬਾਵਨ ਰੂਪ ਧਾਰਿਆ ਸੀ।

*ਕੀਨੋ ਬਲ ਰਾਜਾ ਕੋ ਪਾਵਨ।।੫੦।।*

ਬਲ ਰਾਜੇ ਨੂੰ ਚਰਨਾਂ ਵਿੱਚ ਪਵਿੱਤਰ ਕੀਤਾ ਸੀ।

*ਤ੍ਰੇਤੇ ਰੂਪ ਰਾਮ ਜੀ ਧਾਰਿਓ।*

ਤ੍ਰੇਤੇ ਵਿੱਚ ਤੂੰ ਰਾਮ ਚੰਦਰ ਦਾ ਰੂਪ ਧਾਰਿਆ।

*ਦੇਵਨ ਕੋ ਸੁਖ ਦੈਂਤ ਸੰਘਾਰਿਓ।*

ਦੇਵਤਿਆਂ ਨੂੰ ਸੁਖ ਦਿੱਤਾ, ਦੈਤਾਂ ਨੂੰ ਮਾਰਿਆ ਕਿਉਂਕਿ ਮਹਾਰਾਜ ਨੇ ਬਾਂਹ ਖੜੀ ਕਰਕੇ ਕਿਹਾ ਸੀ-

*ਨਿਸਚਰ ਹੀਨ ਪ੍ਰਿਥਵੀ ਕਰੋਂ ਭੁਜ ਉਠਾਏ ਪ੍ਰਣ ਕੀਨ।*

*ਦੁਆਪਰ ਕ੍ਰਿਸ਼ਨ ਗੋਪੀਆਨ ਸਾਥਾ।*

ਦੁਆਪਰ ਵਿੱਚ ਕ੍ਰਿਸ਼ਨ ਰੂਪ ਧਾਰਿਆ, ਗੋਪੀਆਂ ਨਾਲ ਖੇਲ ਕੀਤੇ।

*ਕੀਯੋ ਕੇਲ ਹੇ ਕੁਲ ਜਗ ਨਾਥਾ।।੫੧।।*

ਹੇ ਸਾਰੇ ਜਗਤ ਦੇ ਨਾਥ, ਤੂੰ ਖੇਲ ਕੀਤੇ—ਉਹਨਾਂ ਦੇ ਨਾਲ।

*ਦੇਖ ਕਲੂ ਗਤਿ ਕੋ ਅੰਧਿਆਰਾ।*

ਕਲਜੁਗ ਦੀ ਗਤੀ—ਕਲਿਜੁਗ ਦੀ ਕੀ ਗਤੀ ਹੈ-

*ਕਲਜੁਗ ਕਾਲੀ ਬਦਲੀ, ਝੜ ਝੜ ਪੈਣ ਅੰਗਿਆਰ।*

ਕਲਜੁਗ ਦਾ ਅੰਧੇਰਾ ਔਰ ਅੰਗਿਆਰ ਪੈਂਦੇ ਦੇਖ ਕੇ-

*ਨਾਨਕ ਨਾਮ ਭਗਤਿ ਬਪੁ ਧਾਰਾ।*

ਨਾਨਕ ਰੂਪ ਧਾਰਿਆ—ਪਰ ਭਗਤੀ ਵਾਲਾ ਕਿਉਂਕਿ ਭਾਉ ਭਗਤ

ਪਰਵਾਨ ਹੈ ਕਲਜੁਗ ਦੇ ਵਿੱਚ–

**ਭਾਉ ਭਗਤਿ ਕਰਿ ਨੀਚੁ ਸਦਾਏ।।**
**ਤਉ ਨਾਨਕ ਮੋਖੰਤਰੁ[੫੪] ਪਾਏ।।**

*–ਮ:੧, ਪੰਨਾ–੪੭੦*

ਇਹਦੇ ਵਿੱਚ ਅਹੰ ਬ੍ਰਹਮ ਅਸਮੀ ਵਾਲਾ ਹਿਸਾਬ ਨਹੀਂ। ਇੱਥੇ ਇਹ ਚੀਜ਼ ਹੈ—ਭਗਤੀ। ਇਉਂ ਨਹੀਂ ਕਹਿਣਾ ਕਿ ਮੈਂ ਬ੍ਰਹਮ ਹਾਂ। ਪਰ ਇਉਂ ਕਬੀਰ ਕਹਿੰਦਾ–

**ਤੂੰ ਤੂੰ ਕਰਤਾ ਤੂੰ ਹੂਆ ਮੁਝ ਮਹਿ ਰਹਾ ਨ ਹੂੰ।।**
**ਜਬ ਆਪਾ[੫੫] ਪਰ ਕਾ[੫੬] ਮਿਟਿ ਗਇਆ**
**ਜਤ ਦੇਖਉ ਤਤ ਤੂ।।**

*–ਪੰਨਾ–੧੩੭੫*

ਗੱਲ ਤੇ ਉੱਥੇ ਹੀ ਆ ਜਾਂਦੀ ਹੈ ਪਰ ਹੰਕਾਰ ਨਾਲ ਨਹੀਂ, ਤੂੰ—ਤੂੰ ਕਰਕੇ ਹੋਇਆ। ਗੁਰੂ ਨਾਨਕ ਦੇਵ ਮਹਾਰਾਜ ਤੱਕੜੀ ਫੜੀ ਹੋਈ ਹੈ ਦਸ–ਗਿਆਰਾਂ—ਬਾਰਾਂ ਜਦੋਂ ਤੇਰਾਂ ਉੱਤੇ ਗਏ, ਤੇਰਾ ਹੀ ਤੇਰਾ ਰਹਿ ਗਿਆ, ਹੋਰ ਪਤਾ ਹੀ ਕੁਝ ਨਹੀਂ ਰਿਹਾ। ਤੱਕੜੀ ਫੜੀ ਹੈ ਤੇਰਾ ਈ—ਤੇਰਾ, ਕਹੀ ਜਾਂਦੇ ਨੇ—ਤੇਰਾਂ, ਤੇਰਾਂ, ਤੇਰਾਂ, ਤੇਰਾਂ। ਤਾਂ ਇੱਥੇ **ਤੂੰ ਤੂੰ ਕਰਤਾ ਤੂ ਹੂਆ**।

*ਸ੍ਰੀ ਗੋਬਿੰਦ ਹਰਿ ਖਾਲਸ ਮਗ ਕੋ।*

ਫਿਰ ਉਸੇ ਤਰ੍ਹਾਂ ਚਲੇ ਆਏ, ਗੁਰੂ ਗੋਬਿੰਦ ਸਿੰਘ ਦਾ ਜਦੋਂ ਰੂਪ ਧਾਰਿਆ, ਉਦੋਂ ਤੂੰ ਖਾਲਸਾ ਪੰਥ ਸਾਜਿਆ ਕਿਉਂਕਿ ਮੁਸਲਮਾਨ ਤੰਗ ਕਰਦੇ ਸੀ, ਕੋਈ ਸਿੱਖਾਂ ਦੀ ਹਾਲਤ ਨਹੀਂ ਸੀ, ਗਰੀਬਾਂ ਦੀ, ਹਿੰਦੂਆਂ ਨੂੰ ਕੋਈ ਪੁੱਛਦਾ ਨਹੀਂ ਸੀ।

ਭਾਈ ਜੀ ਨੇ ਇਸ ਤਰ੍ਹਾਂ ਲਿਖਿਆ ਏ–

*ਸੱਯਦ ਸ਼ੇਖ ਮੁਗਲ ਪਾਠਾਨ।*
*ਜ਼ਾਲਮ ਭਏ ਜਬੀ ਬਲਵਾਨ।*
*ਹਿੰਦੁਨ ਕੋ ਦੁਖ ਦਇਓ ਮਹਾਏ।*
*ਦੇਵਨ ਕੇ ਮੰਦਰ ਗਿਰਵਾਏ।*

ਘੋਰ ਨਾਥ ਸੇ ਔਘੜ ਸਾਧੂ।
ਪੰਡਿਤ ਦੱਤ ਸੇ ਸਮਤ ਅਗਾਧੂ।
ਮਰਵਾ ਚੀਲਾਂ ਕੋ ਖੁਲਵਾਏ।
ਕੇਚਿਤ ਕਚੇ ਚੰਮ ਮੜ੍ਹਾਏ।
ਕੇਚਿਤ ਮੇਖੈਂ ਠੋਕ ਸੁਕਾਏ।
ਕੇਚਿਤ ਕੁਤਿਓਂ ਸੇ ਤੁੜਵਾਏ।
ਤੁਰਕ ਹੋਵਨਾਂ ਜਿਨ੍ਹੈ ਨਾ ਮਾਨਿਓ।
ਤਿਨ ਤਿਨ ਕੋ ਅਤਿ ਦੈ ਦੁਖ ਹਾਨਿਓ।
ਯਗ ਹਵਨ ਕੋਈ ਕਰਨ ਨਾ ਪਾਏ।
ਕਰੇ ਜੋ ਤਾਹਿ ਦੁਖ ਦੈ ਮਰਵਾਏ।
ਸੁੰਦਰ ਪਿਖੈਂ ਜਾਹਿ ਕੀ ਤਰਨੀ।
ਪਕਰ ਕਰੈਂ ਬਲ ਸੌਂ ਨਿਜ ਘਰਨੀ।
ਕਾਜੀ ਰਿਸ਼ਵਤ ਲੈ ਕਰ ਸਾਰੇ।
ਸਾਚੇ ਕੋ ਝੂਠਾ ਕਰ ਡਾਰੇ।
ਭਈ ਅਧਿਕ ਜਬ ਐਸ ਵਿਰਾਮੀ।
ਤਬ ਵਿਚਾਰ ਈਸ਼ਵਰ ਜਗ ਸੁਆਮੀ।
ਪਾਲਨ ਹੇਤ ਸਨਾਤਨ ਨੇਤੈ।
ਵੈਦਿਕ ਧਰਮ ਰਖਨ ਕੇ ਹੇਤੇ।
ਆਪ ਪ੍ਰਭੂ ਗੁਰ ਨਾਨਕ ਰੂਪੰ।
ਪ੍ਰਗਟ ਭਏ ਜਗ ਮੈ ਸੁਖ ਭੂਪੰ।

–ਪੰਥ ਪ੍ਰਕਾਸ਼

– ਯਦਾ ਯਦਾ ਹਿ ਧਰਮਸਯ ਗਲਾ ਨਿਰਭਵਤਿ ਭਾਰਤ।
ਅਭਯੁਤਥਾਨਮ ਧਰਮਸਯ ਤਦਾਤਮਾਨੰ ਸ੍ਰਿਜਾਮਯਹਮ।
ਪਰਿਤ੍ਰਾਣਾਯ ਸਾਧੂਨਾਂ ਵਿਨਾਸ਼ਯ 'ਚ ਦੁਸ਼ਕ੍ਰਿਤਾਮ।
ਧਰਮ ਸੰਸਥਾਪਨਾਰਥਾਯ ਸੰਭਵਾਮਿ ਯੁਗੇ ਯੁਗੇ।

–ਸ੍ਰੀ ਭਾਗਵਤ ਗੀਤਾ

ਸਤਿਗੁਰੂ ਗੋਬਿੰਦ ਸਿੰਘ ਸਾਹਿਬ ਇਸੇ ਦਾ ਉਲਥਾ ਕਰਕੇ ਕਹਿੰਦੇ ਹਨ–

**ਜਬ ਜਬ ਹੋਤ ਅਰਿਸਟਿ**[੫੭] **ਅਪਾਰਾ।।**
**ਤਬ ਤਬ ਦੇਹ ਧਰਤ ਅਵਤਾਰਾ।।**

*–ਦਸਮ ਗ੍ਰੰਥ, ਪੰਨਾ–੧੫੫*

– **ਯਾਹੀ ਕਾਜ ਧਰਾ ਹਮ ਜਨਮੰ।।**
**ਸਮਝ ਲੇਹੁ ਸਾਧੂ ਸਭ ਮਨਮੰ।**
**ਧਰਮ ਚਲਾਵਨ ਸੰਤ ਉਬਾਰਨ**[੫੮]**।।**
**ਦੁਸ਼ਟ ਸਭਨ ਕੇ ਮੂਲ ਉਪਾਰਨਿ**[੫੯]**।।**

*–ਦਸਮ ਗ੍ਰੰਥ, ਪੰਨਾ–੫੭*

ਗੁਰੂ ਗੋਬਿੰਦ ਸਿੰਘ ਰੂਪ ਧਾਰਿਆ–

*ਦਿਖਲਾਯੋ ਕ੍ਰਿਪਾ ਨਿਜ ਜਗ ਕੋ।।੫੨।।*

ਖਾਲਸਾ ਪੰਥ ਸਜਾ ਕੇ ਜਗਤ ਵਿੱਚ ਕੀ ਦਿਖਾਇਆ ?

*ਅਬ ਨਿਜ ਪੰਥ ਸੰਭਾਰਨ ਹੇਤ।*

ਹੁਣ ਜਦੋਂ ਖਾਲਸਾ ਵੀ ਵਿਗੜ ਕੇ ਮੈਲਾ ਹੋਇਆ ਫਿਰ ਉਸਨੂੰ ਸਿਕਲ ਕਰਨ ਦੇ ਵਾਸਤੇ ਆਪਣੇ ਪੰਥ ਨੂੰ ਸੰਭਾਲਣ ਦੇ ਵਾਸਤੇ।

*ਪੁਨ ਉਤਰੇ ਹਰਿ ਰਾਮ ਸਹੇਤ।*

ਸਤਿਗੁਰੂ ਰਾਮ ਸਿੰਘ ਪ੍ਰੇਮ ਦੇ ਸਹਿਤ ਆਏ।

*ਮੋ ਸੇ ਕੀਟ ਕੋਟ ਅਪਰਾਧੂ।*

ਮੇਰੇ ਜੈਸੇ ਕੀੜੇ—ਕਰੋੜਾਂ, ਅਪਰਾਧ ਕਰਨ ਵਾਲੇ।

*ਦੈ ਕਰ ਨਾਮ ਕੀਏ ਪ੍ਰਭ ਸਾਧੂ।।੫੩।।*

ਨਾਮ ਦੇ ਕਰਕੇ ਸਾਧੂ ਬਣਾ ਦਿਤੇ।

*ਤੁਮਰੀ ਮਹਿਮਾ ਅਗਮ ਅਗਾਧੂ।*

ਤੇਰੀ ਮਹਿਮਾ ਨੂੰ ਕੋਈ ਗਿਣ ਨਹੀਂ ਸਕਦਾ।

*ਗਾਵੈ ਰਵਿ ਸਸ ਜੇ ਉਡ ਸਾਧੂ।*

ਕੌਣ ਗਾਉਂਦਾ ਹੈ—ਤਾਰੇ ਗਾਉਂਦੇ ਹਨ, ਸੂਰਜ–ਚੰਦਰਮਾ ਗਾਉਂਦੇ ਹਨ। ਗੁਰੂ ਜੀ ਨੇ ਲਿਖਿਆ ਹੈ–

**ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ[੬੦] ,**
**ਗਾਵੈ ਰਾਜਾ ਧਰਮੁ ਦੁਆਰੇ।।**
**ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ,**
**ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ।।**

*–ਮ:੧, ਪੰਨਾ–੮*

*ਸੇਸ ਮਹੇਸ ਗਨੇਸ ਧਿਆਵੈ।*

ਸ਼ੇਸ਼ ਨਾਗ ਧਿਆਉਂਦਾ ਹੈ, ਗਣੇਸ਼ ਧਿਆਉਂਦਾ ਹੈ, ਸ਼ਿਵਜੀ ਤੈਨੂੰ ਧਿਆਉਂਦੇ ਹਨ।

*ਬੇਅੰਤਾ ਕੋ ਅੰਤ ਨ ਪਾਵੈ।।੫੪।।*

ਬੇਅੰਤ ਦਾ ਅੰਤ ਕੋਈ ਨਹੀਂ ਪਾ ਸਕਦਾ।

*ਮਾਇਆ ਵਰ ਅਬ ਮੋਕੋ ਪਾਓ।*

ਹੁਣ ਮੈਨੂੰ ਮਾਇਆ ਦਾ ਜਾਲ ਪਾਉਂਦੇ ਹੋ।

*ਕਿਉਂ ਕਰ ਅਪਨਾ ਆਪ ਛੁਪਾਓ।*

ਕਿਉਂ ਆਪਣਾ ਆਪ ਛੁਪਾਉਂਦੇ ਹੋ—ਮੇਰੇ ਪਾਸੋਂ।

*ਬੋਲੇ ਗੁਰ ਤਬ ਚੁਪ ਹੋ ਭਾਈ।*

ਸਤਿਗੁਰੂ ਜੀ ਕਹਿੰਦੇ ਹਨ ਭਾਈ ਰਾਇ ਸਿੰਘ ਜੀ, ਚੁਪ ਹੋ ਜਾ।

*ਨਾਮ ਜਪੋ ਜੋ ਹੋਤ ਸਹਾਈ।।੫੫।।*

ਨਾਮ ਜਪ, ਹੋਰ ਕੁਛ ਨਹੀਂ ਕਰਨਾ ਜੋ ਸਹਾਇਤਾ ਕਰੇ।

*ਸੇਵਾ ਗੁਰ ਜੁ ਅਹਿਨਿਸ ਕਰ ਹੈ।*

ਜੋ ਗੁਰੂ ਦੇ ਘਰ ਦੀ ਸੇਵਾ ਰਾਤ ਦਿਨ ਕਰੇ।

*ਪਾਵੈ ਭੇਦ ਸ੍ਰੀ ਨਰ ਹਰਿ ਹੈ।*

ਉਹ ਅਕਾਲ ਪੁਰਖ ਦੇ ਭੇਦ ਨੂੰ ਜਾਣਦਾ ਹੈ ਜਿਹੜਾ ਸੇਵਾ ਕਰਦਾ ਹੈ।

ਸਾਈਂ ਦਾਸ ਜੀ ਭਾਈ ਕੀ ਡਰੋਲੀ ਰਹਿਣ ਵਾਲੇ—ਉਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਜਿਹੜੇ ਮਾਤਾ ਜੀ ਸਨ—ਇਨ੍ਹਾਂ ਤੋਂ ਵੱਡੀ ਭੈਣ ਸੀ ਉੱਥੇ, ਸਾਈਂ ਦਾਸ ਜੀ ਰਿਸ਼ਤਾ ਨਹੀਂ ਸੀ ਸਮਝਦੇ। ਗੁਰੂ ਦਾ

ਰਿਸ਼ਤਾ ਕਿਸੇ ਨਾਲ ਨਹੀਂ ਹੁੰਦਾ, ਗੁਰੂ ਰਿਸ਼ਤਿਆਂ ਤੋਂ ਉੱਚੀ ਚੀਜ਼ ਹੈ, ਉਹ ਇਹਨਾਂ ਸਭਨਾਂ ਗੱਲਾਂ ਤੋਂ ਵਖਰੀ ਚੀਜ਼ ਹੈ, ਜਿਹਨਾਂ ਨੇ ਤੇ ਸਮਝ ਲਿਆ ਸਤਿਗੁਰੂ, ਉਹਨਾਂ ਨੂੰ ਤੇ ਮਿਲ ਗਿਆ—ਸਭ ਕੁਝ, ਜਿਹੜੇ ਰਿਸ਼ਤੇ ਦਾਰੀ 'ਚ ਅੜੇ ਰਹੇ ਉਹਨਾ ਦਾ ਕੁਛ ਨਹੀਂ ਬਣਦਾ। ਸਾਈਂ ਦਾਸ ਜੀ ਇੱਕ ਦਿਨ ਬੈਠੇ ਹਨ, ਸੱਚੇ ਪਾਤਸ਼ਾਹ ਦੇ ਚਰਨ ਝੱਸਦੇ-ਝੱਸਦੇ—ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਚਲੇ ਗਏ ਸਮੁੰਦਰ ਵਿੱਚ ਕਿਸੇ ਦਾ ਜਹਾਜ਼ ਬੰਨੇ ਕਰਨ ਵਾਸਤੇ—ਨਾਲ ਹੀ ਭਾਈ ਸਾਈਂ ਦਾਸ ਚਲਾ ਗਿਆ। ਆਏ—ਚਰਨ ਝੱਸਦਾ ਹੈ ਤਾਂ ਪਲੰਘ ਦੇ ਉੱਤੇ ਰੇਤ ਆ ਗਈ। ਕਿਉਂ ? ਉਹਨੇ ਸਾਂਢੂ ਨਹੀਂ ਸੀ ਸਤਿਗੁਰਾਂ ਨੂੰ ਮੰਨਿਆ—ਆਪਣਾ, ਉਹ ਸਤਿਗੁਰੂ ਜਾਣਦਾ ਸੀ। ਇਸ ਚੀਜ਼ ਜਾਨਣ ਨਾਲ ਉਸ ਨੂੰ ਇਹ ਪ੍ਰਾਪਤੀ ਹੋਈ। ਕਹਿੰਦੇ ਨੇ ਜੋ ਸਤਿਗੁਰੂ ਦੀ ਸੇਵਾ ਕਰੇ ਉਹ ਨਰਹਰੀ ਅਕਾਲ ਪੁਰਖ ਦਾ ਭੇਦ ਪਾਉਂਦਾ ਹੈ।

*ਅਜਰ ਵਸਤ ਜਰੀ ਜਿਹ ਮਨ ਹੂੰ।*

ਜਿਹਨੇ ਅਜਰ ਵਸਤ ਨੂੰ ਮਨ ਵਿੱਚ ਜਰਿਆ।

*ਪ੍ਰਗਟ ਰਹੇ ਤੇ ਧ੍ਰਮੀ ਜਨ ਹੂੰ।।੫੬।।*

ਉਹ ਪੁਰਸ਼ ਧਰਮੀ ਹੋਏ ਪਰਗਟ।

*ਸਬਦ ਰੂਪ ਸਬਦੇ ਪ੍ਰਕਾਸਿਓ।*

ਸ਼ਬਦ ਰੂਪ ਨਾਲ ਉਹਨਾਂ ਨੂੰ ਹੋਇਆ ਪ੍ਰਕਾਸ਼, ਸਤਿਗੁਰੂ ਨੇ ਦਿੱਤਾ ਸ਼ਬਦ, ਉਹਨਾਂ ਨੇ ਜਪਿਆ, ਸਤਿਗੁਰੂ ਤੇ ਕੀਤੀ ਸ਼ਰਧਾ—ਫਿਰ ਹੋ ਗਿਆ ਪ੍ਰਕਾਸ਼।

*ਸੂਰਜ ਉਦੇ ਸੁਤੇ ਤਮ ਨਾਸਿਓ।*

ਜਦੋਂ ਸੂਰਜ ਦਾ ਪ੍ਰਕਾਸ਼ ਹੋ ਜਾਏ ਤਾਂ ਅੰਧੇਰਾ ਕੁਦਰਤੀ—ਸੁਤੇ, ਹੀ ਦੂਰ ਹੋ ਜਾਂਦਾ ਹੈ।

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।।**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।।**

*–ਮ:੫, ਪੰਨਾ–੨੯੩*

ਇੱਕ ਹੋਰ ਸੰਤ ਜੀ ਕਹਿੰਦੇ ਨੇ–

*ਗਿਆਨ ਸੁਲਾਕਾਂ ਦੈ ਬੁਧਿ ਲੋਚਨ,*
*ਕਰਹੈਂ ਤਮ ਅਗਿਆਨ ਬਿਮੋਚਨ।*
*ਨਿਰਾਵਰਨ ਦ੍ਰਿਗ ਕਰੈ ਜੋ ਸ੍ਰੀ ਗੁਰ,*
*ਨਮੋ ਨਮੋ ਤਹ ਚਰਨ ਧਾਰ ਉਰ।*

ਜਿਹੜੇ ਨਿਰਾ–ਅਵਰਨ ਕਰ ਦਿੰਦੇ ਨੇਂ ਨੇਤਰਾਂ ਨੂੰ, ਨੇਤਰਾਂ ਉੱਤੇ ਛਾਈ ਨਹੀਂ ਰਹਿ ਜਾਂਦੀ।

*ਪ੍ਰੇਮਾ ਭਗਤੀ ਜੋ ਜਨ ਰਾਚੇ।*

ਜਿਹੜੇ ਪੁਰਸ਼ ਪ੍ਰੇਮਾ ਭਗਤੀ ਵਿੱਚ ਰਚੇ ਹੋਏ ਹਨ।

*ਤਰ ਭਵਜਲ ਸੋ ਪਾਵਤ ਸਾਚੇ।।੫੭।।*

ਭਵਜਲ ਤੋਂ ਪਾਰ ਹੋ ਗਏ ਹਨ, ਉਹ ਸੱਚੇ ਪਾਤਸ਼ਾਹ ਨੂੰ ਪਾ ਲੈਂਦੇ ਹਨ।

*ਰਾਇ ਸਿੰਘ ਤਬ ਅਰਜ ਗੁਜਾਰੀ।*

ਰਾਇ ਸਿੰਘ ਨੇ ਇਹ ਅਰਜ਼ ਗੁਜਾਰੀ ਕੀਤੀ।

*ਸੁਣੀਐ ਕਾਰਨ ਕਰਨ ਮੁਰਾਰੀ।*

ਹੇ ਕਾਰਨ–ਕਰਨ, ਹੇ ਮੁਰ ਦੇ ਮਾਰਨ ਵਾਲੇ, ਸੁਣੋ, ਸੱਚੇ ਪਾਤਸ਼ਾਹ।

*ਸੰਗਤ ਸਭ ਜਬ ਪੂਛੇ ਮੋ ਜੀ।*

ਹੇ ਸੱਚੇ ਪਾਤਸ਼ਾਹ ! ਜਦੋਂ ਮੇਰੇ ਕੋਲੋਂ ਸੰਗਤ ਪੁੱਛੇਗੀ,‘‘ਭਾਈ ਤੂੰ ਕਿਸ ਤਰ੍ਹਾਂ ਗਿਆ, ਰਾਹ ’ਚ ਤੇਰੇ ਨਾਲ ਕਿਸ ਤਰ੍ਹਾਂ ਬੀਤੀ, ਉੱਥੇ ਕਿਸ ਤਰ੍ਹਾਂ ਰਿਹਾ, ਉੱਥੇ ਕਿਸ ਤਰ੍ਹਾਂ ਗੁਰਦੁਵਾਰੇ ਦਾ ਦਰਸ਼ਨ ਕੀਤਾ, ਕਿਸ ਤਰ੍ਹਾਂ ਤੂੰ ਮੁੜਿਆ, ਕਿੱਥੇ-ਕਿੱਥੇ ਰਿਹਾ, ਕਿੰਨੇ ਚਿਰ ’ਚ ਆਇਆ ?

*ਸਾਚ ਕਹੌਂ ਕੇ ਝੂਠ ਬਕੋ ਜੀ।।੫੮।।*

ਹੇ ਸੱਚੇ ਪਾਤਸ਼ਾਹ ! ਫਿਰ ਸੰਗਤ ਅੱਗੇ ਮੈਂ ਸੱਚ ਕਵ੍ਹਾਂ ਕਿ ਝੂਠ ਕਵ੍ਹਾਂ ?

*ਪੰਥ ਹਕੀਕਤ ਪੂਛੇ ਸਾਰੇ।*

ਜਦੋਂ ਮੈਨੂੰ ਰਾਹ ਦਾ ਹਾਲ ਸਿੱਖ ਪੁੱਛਣਗੇ।

*ਬੀਤੀ ਜਿਮ ਤਿਵ ਕਰੋਂ ਉਚਾਰੇ।*

ਫਿਰ ਜਿਸ ਤਰ੍ਹਾਂ ਬੀਤੀ ਹੈ, ਮੈਂ ਏਸ ਤਰ੍ਹਾਂ ਦੱਸਾਂਗਾ—ਬਈ ਮੇਰੇ ਨਾਲ ਇਸ ਤਰ੍ਹਾਂ ਕੀਤੀ ਹੈ—ਐਨੀ ਦੂਰ ਅੱਠ ਸੌ ਕੋਹ ਤੇ ਜਾ ਕੇ ਮੈਨੂੰ ਸ਼ੇਰ ਕੋਲੋਂ ਛੁਡਾਇਆ ਹੈ, ਰਾਤ ਨੂੰ ਮੈਨੂੰ ਛੱਡਕੇ ਆਏ ਹਨ—ਚੌਂਕੀ ਵਿੱਚ, ਆਉਂਦਿਆਂ ਹੋਇਆਂ ਮੈਨੂੰ ਐਨਾ ਰੁਪਇਆ ਦਿੱਤਾ ਹੈ, ਰਸਤੇ ਵਿੱਚ ਭੁੱਖਾ ਰਿਹਾ ਬਾਰ੍ਹਾਂ ਪਹਿਰ।

## ਬਾਬਾ ਬਕਾਲੇ ਵਿੱਚ

*ਸਿੱਖ ਲੁਬਾਨਾ ਮਖਣ ਜੈਸੇ।*

ਕਹਿੰਦਾ ਹੈ ਮੈਂ ਤੇ ਮੱਖਣ ਸ਼ਾਹ ਲੁਬਾਣੇ ਨੇ ਜਿਸ ਵੇਲੇ ਗੁਰੂ ਤੇਗ ਬਹਾਦਰ ਦਾ ਵਕਤ ਸੀ—ਇਹ ਗੱਲ ਅੱਗੇ ਆ ਗਈ ਹੈ—ਜਿਹੜਾ ਅੱਜ ਮਸਲਾ ਸਾਡੇ 'ਚ ਚਲਦਾ ਹੈ। ਮੈਂ ਇਤਿਹਾਸ ਦੇ ਨੁਕਤੇ ਨਾਲ ਦੱਸਣ ਲੱਗਾ ਹਾਂ, ਕਿਸੇ ਦੇ ਵਾਸਤੇ ਮੈਂ ਗੱਲ ਨਹੀਂ ਕਰ ਰਿਹਾ ਔਰ ਮੈਂ ਕੋਈ ਆਪਣੇ ਵੱਲੋਂ ਨਹੀਂ ਕਰਦਾ ਲੇਕਿਨ ਜੋ ਮੇਰੇ ਅੱਗੇ ਸੱਚ ਆਇਆ ਮੈਂ ਉਹ ਕਹਿਣਾ ਹੈ। ਅੱਜ ਦੋ ਜਗ੍ਹਾ ਅਸੀਂ ਸਿੱਖ ਹੋਏ—ਹੋਏ ਹਾਂ। ਅਸੀਂ ਤੇ ਕਹਿਨੇ ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਗੁਰੂ ਬਾਲਕ ਸਿੰਘ ਜੀ ਨੂੰ ਦਿੱਤੀ। ਕੁਛ ਸਾਡੇ ਭਰਾ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿੱਤੀ। ਇਹ ਜਿਹੜਾ ਮਸਲਾ—ਇੱਕ ਵੇਰ ਹਾਈ ਕੋਰਟ 'ਚ ਜਿਸ ਚੀਜ਼ ਦਾ ਫੈਸਲਾ ਹੋ ਜਾਏ ਉਹਦਾ ਦੂਸਰੀ ਵੇਰ ਉਹ ਫੈਸਲਾ ਕਦੇ ਨਹੀਂ ਆਉਂਦਾ।

ਗੁਰੂ ਹਰਿਕ੍ਰਿਸ਼ਨ ਸਾਹਿਬ—ਸੱਚੇ ਪਾਤਸ਼ਾਹ ਦਿੱਲੀ 'ਚ ਸਰੀਰ ਲੱਗੇ ਹਨ ਤਿਆਗਣ। ਜਿਸ ਵੇਲੇ ਦਿੱਲੀ ਵਿੱਚ ਸਰੀਰ ਤਿਆਗਣ ਲੱਗੇ ਹਨ ਤਾਂ ਗੁਰਬਖਸ਼ ਜੀ ਜੈਸੇ ਜਿਹੜੇ ਮਸੰਦ ਸਤਿਗੁਰਾਂ ਦੇ ਪਾਸ ਸਨ, ਉਹ ਕਹਿੰਦੇ,''ਸੱਚਿਆ ਪਾਤਸ਼ਾਹ, ਅਗਲੇ ਗੁਰੂ ਇੱਕ ਦੀ ਦੂਆ ਬਾਂਹ ਫੜਾ ਕੇ ਜਾਂਦਾ ਰਿਹਾ ਹੈ, ਤੁਸੀਂ ਹੋ ਗੁਰੂ ਨਾਨਕ ਦੀ ਗੱਦੀ ਤੇ ਸਾਨੂੰ ਹੁਣ ਬਾਂਹ ਕਿਹਦੀ ਫੜਾਉਂਦੇ ਹੋ ?''

ਸੂਰਜ ਪ੍ਰਕਾਸ਼★[੧] 'ਚ ਲਿਖਿਆ ਹੈ ਕਿ ਗੁਰੂ ਹਰਿਕ੍ਰਿਸ਼ਨ ਨੇ

ਕਿਹਾ,''ਇਹ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਜਿਹੜਾ ਹੈ, ਇਹ ਹੀ ਤੁਸੀਂ ਮੇਰਾ ਸਰੂਪ ਸਮਝੋ ਔਰ ਇਹਦਾ ਜਿਹੜਾ ਪਾਠ ਕਰੋ—ਮੇਰੇ ਨਾਲ ਗੱਲ ਬਾਤ ਕਰੋ।''

ਉੱਥੇ ਸਾਫ ਉਹਨਾਂ ਨੇ—ਸਿੱਖਾਂ ਨੇ, ਜਵਾਬ ਦਿੱਤਾ,''ਅਸੀਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ।'' ਸੂਰਜ ਪ੍ਰਕਾਸ਼ ਪੜ੍ਹ ਕੇ ਦੇਖੋ, ਕੂਕਿਆਂ ਦੀ ਲਿੱਖੀ ਹੋਈ ਪੋਥੀ ਨਹੀਂ। ਉਹ (ਸਿੱਖ) ਕਹਿੰਦੇ ਨੇ–

*ਲਿੱਖ ਲੈ ਹੈ ਅਬ ਸੋਢੀ ਸਾਰੇ।*

ਮਹਾਰਾਜ ਇਹ ਤਾਂ ਸੋਢੀ ਸਾਰੇ ਲਿਖ ਕੇ, ਆਪੋ ਆਪਣੇ ਘਰੀਂ ਰੱਖ ਲੈਣਗੇ, ਅਸੀਂ ਕਿਹੜੇ ਨੂੰ ਗੁਰੂ ਮੰਨਾਂਗੇ ? ਅਸੀਂ ਨਹੀਂ ਇਹ ਗੱਲ ਮੰਨਣੀ।'' ਮੈਨੂੰ ਤੁਕਾਂ ਨਹੀਂ ਯਾਦ ਬੇਸ਼ਕ ਜਿਹਦੇ ਪਾਸ ਸੂਰਜ ਪ੍ਰਕਾਸ਼ ਹੋਵੇ ਉਹ ਦੇਖ ਸਕਦਾ ਹੈ ਕਿ ਲਿਖਿਆ ਹੋਇਆ ਹੈ ਕਿ ਨਹੀਂ ਔਰ ਭਾਈ ਵੀਰ ਸਿੰਘ ਜੀ ਨੂੰ ਵੀ ਇਹਦੇ ਉੱਤੇ ਟੀਕਾ ਟਿੱਪਣੀ ਕਰਨ ਨੂੰ ਥਾਂ ਨਹੀਂ ਰਿਹਾ। ਜਿਥੇ ਰਵਾਲਸਰ ਦਾ ਪ੍ਰਸੰਗ ਆਇਆ ਹੈ ਜਾਂ ਸਤਿਗੁਰੂ ਰਾਮ ਸਿੰਘ ਜੀ ਦੀ ਬਾਬਤ ਆਇਆ ਹੈ ਪਿਛੇ ਦਸਮ ਪਾਤਸ਼ਾਹ ਦੇ ਪ੍ਰਸੰਗ 'ਚ ਉੱਥੇ ਭਾਈ ਸਾਹਿਬ ਨੇ ਟੀਕਾ ਟਿੱਪਣੀ ਕੀਤੀ ਹੈ—ਬਈ ਸੌ ਸਾਖੀ ਝੂਠੀ ਹੈ, ਇਹ ਕੁਛ ਹੈ। ਕਈ ਗੱਲਾਂ ਬਾਤਾਂ ਲਿਖੀਆਂ ਨੇ ਜਿਹੜਾ ਉਹਨਾਂ ਨੇ ਟੀਕਾ ਟਿੱਪਣੀ ਕਰਕੇ ਸੂਰਜ ਪ੍ਰਕਾਸ਼ ਲਿਖਿਆ ਹੈ ਲੇਕਿਨ ਇਹਦੇ ਉੱਤੇ ਭਾਈ ਸਾਹਿਬ ਨੂੰ ਕੋਈ ਟੀਕਾ ਟਿੱਪਣੀ ਕਰਨ ਨੂੰ ਥਾਂ ਨਹੀਂ ਲੱਭਿਆ।

ਉਹਨਾ ਆਖਿਆ,''ਮਹਾਰਾਜ ! ਸਾਰੇ ਹੀ ਸੋਢੀ ਲਿਖਕੇ ਆਪੋ ਆਪਣੀ ਘਰੀਂ ਰੱਖ ਲੈਣਗੇ। ਅਸੀਂ ਕਿਹੜੇ ਨੂੰ ਗੁਰੂ ਮੰਨਾਂਗੇ ?'' ਤਾਂ ਫਿਰ ਮਹਾਰਾਜ ਨੇ ਕਿਹਾ ਹੈ ਕਿ–

*ਬਾਬਾ ਬਸਹਿ ਜੁ ਗਰਾਮ ਬਕਾਲੇ।*
*ਬਨਿ ਗੁਰ ਸੰਗਤ ਸਗਲ ਸਮਾਲੇ।*

ਬਾਬਾ ਬਕਾਲੇ ਵਿੱਚ ਹੈ, ਗੁਰੂ ਤੇਗ ਬਹਾਦਰ ਲੱਗਦੇ ਵੀ ਬਾਬੇ ਸੀ ਕਿਉਂਕਿ ਬਾਬਾ ਧੀਰਮਲ ਜੀ ਤੇ ਗੁਰੂ ਹਰਿ ਰਾਇ ਜੀ—ਇਹ ਬਾਬੇ

ਗੁਰਦਿੱਤੇ ਦੇ ਪੁੱਤਰ ਸਨ। ਬਾਬਾ ਗੁਰਦਿੱਤਾ ਜੀ ਤੇ ਗੁਰੂ ਤੇਗ ਬਹਾਦਰ ਜੀ ਦੋਵੇਂ ਸੱਕੇ ਭਾਈ ਸਨ।

ਬਾਬੇ ਗੁਰਦਿੱਤੇ ਦੇ ਪੁੱਤਰ ਹਰਿ ਰਾਇ ਜੀ, ਗੁਰੂ ਤੇਗ ਬਹਾਦਰ ਦੇ ਭਤੀਜੇ ਦੇਹ ਕਰਕੇ ਲੱਗੇ, ਉਸ ਤਰ੍ਹਾਂ ਦਾਦੇ ਗੁਰੂ ਸੀ ਉਸ ਪਾਸਿਓਂ। ਫਿਰ ਗੁਰੂ ਹਰਿ ਰਇ ਜੀ ਦੇ ਅੱਗੇ ਗੁਰੂ ਹਰਿਕ੍ਰਿਸ਼ਨ ਜੀ ਉਹ ਪੋਤਰੇ ਲੱਗਦੇ ਸਨ—ਦੇਹ ਕਰਕੇ ਗੁਰੂ ਤੇਗ ਬਹਾਦਰ ਦੇ। ਉਹ ਕਹਿੰਦੇ ਨੇ-

*ਬਾਬਾ ਬਸਹਿ ਜੁ ਗਰਾਮ ਬਕਾਲੇ।*

ਬਾਬਾ ਬਕਾਲੇ ਹੈ—ਦਾਦ ਸਾਡਾ।

ਫਿਰ ਕੀ ਬਣਿਆ ? ਬਕਾਲੇ ਵਿੱਚ ਬਾਈ ਮੰਜੀਆਂ ਡਾਹ ਲਈਆਂ ਜਿਹੜੇ ਗੁਰੂ ਅੰਸ ਥੇ। ਆਪਣੇ ਰੱਖ ਲਏ ਉਹਨਾ ਨੇ ਬੁਲਾਰੇ—ਉਹ ਆਖਣ,''ਆਹ ਗੁਰੂ, ਆਹ ਗੁਰੂ ਹੈ।''

ਮੱਖਣ ਸ਼ਾਹ ਦਾ ਜਹਾਜ਼ ਗਿਆ—ਫਸ। ਉਹਨੇ ਪੰਜ ਸੌ ਮੋਹਰ ਸੁੱਖਣਾ ਸੁੱਖੀ। ਮਹਾਰਾਜ ਨੇ ਉਸਦਾ ਜਹਾਜ਼ ਕੱਢਿਆ ਤਾਂ ਮੱਖਣ ਸ਼ਾਹ ਆਇਆ, ਬੜਾ ਹੈਰਾਨ ਹੋਇਆ। ਅਕਸਰ ਵਪਾਰੀ ਆਦਮੀ ਸੀ। ਸਾਰੀ ਦੁਨੀਆਂ ਫਿਰੀ ਹੋਈ ਸੀ। ਜਿਹੜਾ ਉਹਨਾਂ ਦਿਨਾਂ 'ਚ ਜਹਾਜ਼ 'ਚ ਫਿਰਦਾ ਸੀ, ਖਵਰੇ ਕਿੱਡਾ ਕੁ ਆਦਮੀ ਹੋਵੇਗਾ ? ਉਸਨੇ ਆ ਕੇ ਸ਼ੁਰੂ ਕੀਤਾ,''ਬਈ ਮੈਂ ਗੁਰੂ ਨੂੰ ਕਿਵੇਂ ਮਿਲਾਂ ?'' ਟੇਕਦਾ ਗਿਆ ਦੋ-ਦੋ ਮੋਹਰਾਂ, ਪੰਜਾ-ਪੰਜ ਮੋਹਰਾਂ, ਸਾਰਿਆਂ ਦੇ ਅੱਗੇ ਧਰਦਾ ਗਿਆ। ਉਹਨੇ ਕਿਹਾ,''ਜਿਹੜਾ ਮੇਰਾ ਗੁਰੂ ਹੈ, ਮੇਰੇ ਕੋਲੋਂ ਮੰਗ ਲਵੇਗਾ—ਮੈਂ ਜੋ ਪੰਜ ਸੌ ਮੋਹਰ ਸੁੱਖੀ ਹੈ, ਮੇਰਾ ਹੁਣ ਇਹੋ ਹੀ ਨਿਸਚਾ ਹੈ।''

ਸੇਠ ਹੋਰਾਂ ਦੇ ਦਾਦੇ ਬਾਬੇ ਭਗਵਾਨ ਸਿੰਘ ਹੁਰੀਂ ਸਤਿਗੁਰਾਂ ਨੂੰ ਮਿਲਣ ਵਾਸਤੇ ਤੁਰੇ। ਪਹਿਲਾਂ ਤੇ ਸੁਪਨੇ 'ਚ ਉਹਨੂੰ ਦਰਸ਼ਨ ਦੇ ਕੇ ਭਜਨ ਦੱਸ ਦਿੱਤਾ। ਜਦੋਂ ਕਿਲ੍ਹੇ ਦੀਦਾਰ ਸਿੰਘ ਗਏ ਕਹਿਣ ਲੱਗੇ,''ਮੈਂ ਤਾਂ ਗੁਰੂ ਜਾਣਾਂਗਾ ਜੇ ਮੈਨੂੰ ਆਵਾਜ਼ ਮਾਰਕੇ ਕਹਿਣਗੇ—ਬਈ ਭਗਵਾਨ ਸਿੰਘ—ਆ ਬਈ।''

ਸਾਰੀ ਸੰਗਤ ਦਰਸ਼ਨ ਕਰਕੇ ਚੁਬਾਰੇ 'ਚੋਂ ਉਤਰਦੀ ਗਈ। ਜਿਹੜਾ

ਕੋਲ ਸਿੰਘ ਸੀ—ਚੋਬਦਾਰ, ਉਹਨੂੰ ਹੁਕਮ ਦਿੱਤਾ ਕਿ ਥੱਲੇ ਇੱਕ ਭਗਵਾਨ ਸਿੰਘ ਹੈ ਉਹਨੂੰ ਲਿਆ ਸੱਦ ਕੇ। ਜਾ ਕੇ ਆਖਿਆ,''ਬਈ ਕਿਹੜਾ ਹੈ ਭਗਵਾਨ ਸਿੰਘ—ਏਥੇ ?''

''ਜੀ ਮੈਂ ਹਾਂ।''

''ਬਈ ਤੇਰੇ ਤੇ ਵੱਡੇ ਭਾਗ ਹਨ। ਸਤਿਗੁਰੂ ਤੈਨੂੰ ਯਾਦ ਕਰਦੇ ਨੇ।'' ਪਤਾ ਲਗ ਗਿਆ।

ਤਾਂ ਮੱਖਣ ਸ਼ਾਹ ਦੇ ਚਿਤ ਵਿੱਚ ਇਹ ਚੀਜ਼ ਆਈ ਕਿ ਜੇ ਮੇਰੇ ਕੋਲੋਂ ਮੰਗ ਕੇ ਲਵੇ, ਜਿਹੜਾ ਗੁਰੂ ਹੋਵੇਗਾ—ਮੈਂ ਦਿਆਂਗਾ—ਮੈਂ ਐਵੇਂ ਨਹੀਂ ਦੇਣ ਲੱਗਾ।'' ਪੰਜ ਪੰਜ ਮੋਹਰਾਂ ਧਰਦਾ ਗਿਆ। ਕੋਈ ਆਖੇ, ਇਹ ਵੱਡਾ ਗੁਰੂ ਹੈ, ਤੂੰ ਇਹਦੇ ਕੋਲ ਆ, ਕੋਈ ਆਖੇ—ਇਹ ਹੈ। ਜਦੋਂ ਸਾਰਿਆਂ ਨੂੰ––ਬਾਈ ਮੰਜੀਆਂ, ਜਿਹੜੀਆਂ ਬਾਈਆਂ ਦੀਆਂ ਡਾਹੀਆਂ ਸੀ—ਦੇ ਬੈਠਾ ਪੈਸੇ—ਤਾਂ ਕਹਿੰਦਾ,''ਕੋਈ ਹੋਰ ਵੀ ਹੈ ਇੱਥੇ ?'' ਹੁਣ ਕੌਣ ਦੱਸੇ ? ਗੁਰੂ ਸਾਹਿਬ ਭੋਰੇ ਵਿੱਚ ਰਹਿੰਦੇ ਹਨ ਔਰ ਲੋਕ ਤੇਗਾ ਕਮਲਾ ਕਰਕੇ ਕਹਿੰਦੇ ਹਨ।

''ਬਈ ਹੋਰ ਕੋਈ ਗੁਰੂ ਅੰਸ ?''

''ਇੱਕ ਤੇਗਾ ਕਮਲਾ ਹੈ।''

''ਕਿੱਥੇ ਰਹਿੰਦਾ ਹੈ।'' ਗਏ—ਜਾ ਕੇ ਅੱਗੇ ਮਾਤਾ ਜੀ ਦਰਵਾਜ਼ੇ 'ਚ ਬੈਠੇ ਹਨ। ਮਾਤਾ ਜੀ ਨੂੰ ਕੀ ਪਤਾ ਹੈ—ਇਸ ਗੱਲ ਦਾ। ਅੱਗੋਂ ਮਾਤਾ ਜੀ ਕਹਿੰਦੇ ਹਨ,''ਜੋ ਕੁਛ ਦੇਣਾ, ਸਾਨੂੰ ਦੇ ਦਿਓ ਉਹ ਬੇਸੁੱਧ ਜਾਣਦਾ ਕੀ ਜੇ।''

ਉਹ ਤੇ ਬੇਸੁੱਧ ਹੈ, ਉਹ ਕੁਝ ਨਹੀਂ ਜਾਣਦਾ।

ਉਹ ਕਹਿੰਦਾ,''ਬਸ ਮਾਤਾ ਜੀ, ਮੈਂ ਦਰਸ਼ਨ ਪਾਉਣਾ ਹੈ—ਮੈਂ ਪੰਜ ਮੋਹਰਾਂ ਭੇਟ ਚੜ੍ਹਾਉਣੈਂ'—ਮੈਂ ਪੰਜ ਮੋਹਰਾਂ ਦੇਣੀਆਂ ਹਨ ਪਰ ਦਰਸ਼ਨ ਕਰਕੇ ਦੇਣੀਆਂ, ਐਵੇਂ ਨਹੀਂ ਦੇਣੀਆਂ।' ਚਲਾ ਗਿਆ, ਜਾਕੇ ਅੰਦਰ ਜਿਸ ਵੇਲੇ ਵੜਿਆ ਪੰਜ ਮੋਹਰਾਂ ਧਰੀਆਂ।

ਗੁਰੂ ਤੇਗ ਬਹਾਦਰ ਜੀ ਮੁਸਕਰਾਏ।

*ਨਾਮ ਤੇਗਾ ਸਚ ਅਧਾਰ, ਨਿਸ ਦਿਨ ਬੈਠਾ ਰਹੇ ਘਰ ਬਾਰ।*

ਰਾਤ ਦਿਨ—ਬਾਹਰ ਨਹੀਂ ਸਨ ਨਿਕਲਦੇ।

ਮੁਸਕਰਾਏ, ਕਹਿੰਦੇ ਨੇ–

*ਮੁਖ ਤੇ ਬੋਲਿਆ ਸਤਿਗੁਰਾਂ ਨਾਵਾਂ,*
*ਦੇਖ ਸਿਖਾ ਮੇਰਾ ਮੋਢਾ ਬਾਵਾਂ।*
*ਧੱਕਾ ਦੇ ਕੇ ਤੇਰਾ ਜਹਾਜ਼ ਲੰਘਾਇਆ,*
*ਤੇ ਤੂੰ ਪੰਜ ਮੋਹਰਾਂ ਹੁਣ ਲੈ ਕੇ ਆਇਆਂ।*

ਚੜ੍ਹ ਗਿਆ ਕੋਠੇ ਉੱਤੇ, ਫੜ ਲਿਆ ਕੱਪੜਾ, ਪੱਲੂ ਫੇਰ ਦਿੱਤਾ–

ਭੁਲੀਏ ਸੰਗਤੇ ਗੁਰੂ ਲਾਧੋ ਰੇ।

ਇਹ ਕਹਿੰਦਾ ਹੈ,''ਮੈਂ ਤੇ ਮੱਖਣ ਸ਼ਾਹ ਲੁਬਾਣੇ ਵਾਂਗੂੰ ਰੌਲਾ ਪਾਉਣਾ ਹੈ, ਮੇਰੇ ਨਾਲ ਜੋ ਕੁਛ ਵਰਤੀ ਹੈ, ਮੈਂ ਤੇ ਜ਼ਰੂਰ ਦੱਸਣਾ ਹੈ, ਬਈ ਮੈਨੂੰ ਸਤਿਗੁਰੂ ਮਿਲਿਆ ਹੈ—ਪੂਰਾ ਸਤਿਗੁਰੂ।''

*ਪੰਥ ਹਕੀਕਤ ਪੂਛੇ ਸਾਰੇ।*
*ਬੀਤੀ ਜਿਮ ਤਿਵ ਕਰੋ ਉਚਾਰੇ*
*ਸਿਖ ਲੁਬਾਣਾ ਮਖਣ ਜੈਸੇ।*
*ਬਚੇ ਜਹਾਜ ਨ ਬੋਲੇ ਕੈਸੇ।।੫੯।।*

ਜਹਾਜ਼ ਬਚਿਆ ਉਹਦਾ—ਕਿਉਂ ਨਾ ਬੋਲੇ ? ਮੇਰੀ ਰੱਖਿਆ ਕੀਤੀ, ਮੈਂ ਕਿਉਂ ਨਾ ਬੋਲਾਂ।

*ਊਚੇ ਚੜ ਤਿਨ ਦਈ ਦੁਹਾਈ।*
*ਗੁਰ ਲਾਧੋ ਸੰਗਤ ਸੁਖ ਦਾਈ।*

ਸੰਗਤ ਨੂੰ ਸੁਖ ਦਿੱਤਾ—ਉਹਨੇ ਉੱਚੇ ਚੜ੍ਹਕੇ ਦੁਹਾਈ ਦੇ ਕੇ ਸੰਗਤ ਨੂੰ ਦੱਸ ਦਿੱਤਾ, ਨਹੀਂ ਸੰਗਤ ਵੀ ਵਿਚਾਰੀ ਭੰਬਲ ਭੂਸਿਆਂ 'ਚ ਪਈ ਸੀ ਕਿਉਂਕਿ ਉਹਨਾਂ ਨੇ ਖੇਡ ਏਸੇ ਤਰ੍ਹਾਂ ਵਰਤਾਉਣੀ ਸੀ। ਕੋਈ ਕਿਸੇ ਸੋਢੀ ਨੇ ਮੱਲਿਆ ਸੀ, ਕੋਈ ਕਿਸੇ ਨੇ। ਕਹਿਣ ਲੱਗਾ,''ਬਈ, ਮੈਂ ਕਿਉਂ ਨਾ ਦੁਹਾਈ ਦਿਆਂ ?''

*ਅਬ ਹੀ ਬਖਸ਼ ਅਵੱਗਿਆ ਮੇਰੀ।*

ਮੇਰੀ ਹੁਣੇ ਹੀ ਅਵੱਗਿਆ ਬਖਸ਼ ਦਿਉ, ਮੇਰੇ ਕੋਲੋਂ ਨਹੀਂ ਰਿਹਾ ਜਾਣਾ,

ਮੈਂ ਨਹੀਂ ਇਹ ਗੱਲ ਕਰਨੀ ਕਿ ਮੈਂ ਨਾ ਦੱਸਾਂ।

*ਸਾਚ ਕਹੌਂ ਜੋ ਨੈਨਨ ਹੇਰੀ।।੬੦।।*

ਜੋ ਕੁਛ ਮੈਂ ਦੇਖਿਆ ਹੈ ਮੈਂ ਸੱਚ ਕਹਾਂਗਾ।

*ਗੁਰ ਚੁਪ ਭਏ ਗਹਿਓ ਤਿਸ ਹਾਥ।*

ਸਤਿਗੁਰੂ ਜੀ ਚੁੱਪ ਹੋ ਗਏ ਕਹਿੰਦੇ ਹਨ–

*ਚਲੇ ਜੈਸ ਰਾਧੇ ਬ੍ਰਿਜਨਾਥ।*

ਕੁਛ ਨਾ ਉਸਨੂੰ ਕਿਹਾ, ਜਿਸ ਤਰ੍ਹਾਂ ਕ੍ਰਿਸ਼ਨ ਮਹਾਰਾਜ ਦੇ ਨਾਲ ਰਾਧਿਕਾ ਤੁਰਦੀ ਸੀ, ਇਸ ਤਰ੍ਹਾਂ ਭਾਈ ਰਾਇ ਸਿੰਘ ਗੁਰੂ ਜੀ ਦੇ ਨਾਲ ਜਾ ਰਿਹਾ ਹੈ।

*ਆਏ ਤਾਂ ਸੰਗ ਕਰਤੇ ਬਾਤੀ।*

ਉਹਦੇ ਨਾਲ ਬਾਤਾਂ ਕਰਦੇ ਚਲੇ ਆਉਂਦੇ ਹਨ।

*ਸ੍ਰੀ ਅਬਿਚਲ ਸਾਖੀ ਸੁਖ ਦਾਤੀ।।੬੧।।*

ਜੋ ਉਹ ਹਜ਼ੂਰ ਸਾਹਿਬ ਦੀ ਸਾਖੀ—ਸੁਖ ਦੇ ਦੇਣ ਵਾਲੀ ਸੀ, ਸਾਰਾ ਕੁਛ ਪੁੱਛਦੇ ਹਨ—ਰਸਤੇ ਦੀ ਬਾਤ।

*ਆਗੇ ਹੀ ਪ੍ਰਭ ਜਾਤ ਉਚਾਰੀ।*

ਮਹਾਰਾਜ, ਅੱਗੇ ਹੀ ਕਹੀ ਜਾਂਦੇ ਨੇ,"ਭਾਈ ਰਾਇ ਸਿੰਘ, ਤੂੰ ਉੱਥੇ ਇਸ ਤਰ੍ਹਾਂ ਰਿਹਾ—ਭਾਈ ਇਸ ਤਰ੍ਹਾਂ ਹੋਇਆ—ਤੂੰ ਇਸ ਤਰ੍ਹਾਂ ਕਥਾ ਕੀਤੀ—ਤੈਨੂੰ ਵਿਆਹ ਵਾਸਤੇ ਆਖਿਆ—ਤੈਨੂੰ ਇਹ ਕੁਝ ਆਖਿਆ।

*ਰਾਇ ਸਿੰਘ ਨੇ ਨੈਨ ਨਿਹਾਰੀ।*

ਰਾਇ ਸਿੰਘ ਨੇ ਜੋ ਕੁਛ ਦੇਖਿਆ ਸੀ ਉਹ ਆਪ ਕਹੀ ਜਾਂਦੇ ਹਨ।

*ਸਨੇ ਸਨੇ ਸੰਗਤਿ ਮੇਂ ਆਏ।*

ਹੌਲੀ ਹੌਲੀ ਸੰਗਤ ਵਿੱਚ ਆ ਗਏ।

*ਦੇਖਾ ਸਿੰਘਨ ਦ੍ਰਿਸਟਿ ਲਗਾਏ।।੬੨।।*

ਸਿੰਘਾਂ ਨੇ ਦ੍ਰਿਸ਼ਟ ਲਾ ਕੇ ਦੇਖਿਆ।

*ਸਿੰਘ ਆਹਿ ਇਕ ਗੁਰ ਕੇ ਸੰਗ।*

ਸਤਿਗੁਰਾਂ ਦੇ ਨਾਲ ਇੱਕ ਸਿੰਘ ਚਲਿਆ ਆ ਰਿਹਾ ਹੈ।

*ਚਲੇ ਆਤ ਪੂਰਨ ਹਰਿ ਰੰਗ।*

ਹਰੀ ਆਪਣੇ ਰੰਗ ਵਿੱਚ ਪੂਰਨ ਹਨ, ਉਹ ਹਰੀ ਆ ਰਹੇ ਹਨ। ਪ੍ਰੇਮ ਨਾਲ ਭਰਿਆ ਹੋਇਆ, ਸਿੱਖ ਨਾਲ ਆ ਰਿਹਾ ਹੈ।

*ਆਏ ਨਿਕਟ ਜਬੈ ਸਰ ਰਾਮ।*

ਜਦੋਂ ਰਾਮਸਰ ਦੇ ਨਜ਼ਦੀਕ ਆਏ।

*ਕਰੀ ਬੰਦਨਾ ਊਠ ਤਮਾਮ।।੬੩।।*

ਸਾਰੀ ਸਾਧ–ਸੰਗਤ ਨੇ ਉਠ ਕੇ ਨਮਸ਼ਕਾਰ ਕੀਤੀ।

*ਰਾਇ ਸਿੰਘ ਦਿਖਯੋ ਇਹ ਚੋਜ।*

ਰਾਇ ਸਿੰਘ ਨੇ ਇਹ ਚੋਜ ਦੇਖਿਆ।

*ਬੈਠੀ ਸਿੰਘਨ ਕੀ ਇੱਕ ਫੌਜ।*

ਤੇਰ੍ਹਾਂ ਸਿੱਖਾ ਦੇ ਹੁੰਦਿਆਂ ਰਾਇ ਸਿੰਘ ਗਿਆ ਸੀ–ਬਾਰ੍ਹਾਂ ਨਾਲ ਦੇ ਛੱਡ ਕੇ, ਆਉਂਦੇ ਨੂੰ ਫੌਜ ਸਿੰਘਾਂ ਦੀ ਬੈਠੀ ਹੈ।

ਇਹ ਗੱਲ ਇਤਿਹਾਸ ਵਾਲਿਆਂ ਨੇ ਮੰਨੀ ਹੈ, ਭਾਈ ਗਿਆਨ ਸਿੰਘ ਜੀ ਗਿਆਨੀ ਨੇ ਵੀ ਲਿਖਿਆ ਹੈ, ਸੱਤ ਲੱਖ ਸਿੰਘ ਸਤਿਗੁਰਾਂ ਨੇ ਬਣਾਇਆ ਔਰ ਦਸਾਂ ਸਾਲਾਂ ਵਿੱਚ ਅਠਾਰ੍ਹਾਂ ਤੋਂ ਲੈ ਕੇ ਅਠਾਈ ਤਕ। ਦਸਾਂ ਸਾਲਾਂ ਵਿੱਚ ਸੱਤ ਲੱਖ ਸਿੰਘ ਸਤਿਗੁਰਾਂ ਨੇ ਸਜਾਇਆ ਜਿਹੜੀ ਹੁਣ ਤਕ ਕੋਈ ਤਵਾਰੀਖ ਸਬੂਤ ਨਹੀਂ ਦਿੰਦੀ–ਕਿ ਐਨੀ ਜਲਦੀ–ਕਿਰਪਾ ਬੜੀ ਕੀਤੀ––ਸਤਿਗੁਰਾਂ ਨੇ ਕਰੋੜਾਂ ਬਣਾਏ, ਗੁਰੂ ਨਾਨਕ ਦੇਵ ਬੜੀ ਦੂਰ ਤਕ ਗਏ, ਪਰ ਐਨੇ ਸਮੇਂ ਵਿੱਚ ਐਨੇ ਜ਼ਿਆਦਾ ਸਿੰਘ ਨਹੀਂ ਸਜੇ ਹਨ–ਕਿਸੇ ਵਕਤ ਵੀ।

*ਦੇਖ ਖੇਲ ਮਨ ਮਹਿ ਬਿਸਮਾਯੋ।*

ਖੇਲ ਦੇਖਕੇ ਬੜਾ ਅਸਚਰਜ ਹੋਇਆ।

*ਨਾਰੀ ਨਰ ਮੇਲਾ ਸਮੁਦਾਯੋ।।੬੪।।*

ਇਸਤਰੀਆਂ ਪੁਰਸ਼ਾਂ ਦਾ ਸਾਰਾ ਹੀ ਮੇਲਾ ਭਰਿਆ ਹੋਇਆ ਹੈ, ਕੋਈ ਇਹ ਨਹੀਂ ਇਕੱਲੇ ਸਿੰਘ ਹੀ ਹਨ, ਇਸਤਰੀਆਂ ਨੂੰ ਵੀ ਉਸੇ ਤਰ੍ਹਾਂ ਹੀ

ਹੈ ਜਗ੍ਹਾ ਮਿਲੀ ਹੋਈ, ਕਿਉਂਕਿ ਲਿਖਿਆ ਸੀ–

*ਨਰ ਨਾਰੀ ਕੋ ਨਾਮ ਜਪਾਵੈ।*

ਗੁਰੂ ਗੋਬਿੰਦ ਸਿੰਘ ਨੇ ਲਿਖਿਆ ਸੀ, ਸਤਿਗੁਰੂ ਬਾਰ੍ਹਵਾਂ ਆਵੇਗਾ ਤੇ ਨਰ ਨਾਰੀ ਕੋ ਨਾਮ ਜਪਾਵੈ। ਜਿਹੜੀ ਮੈਂ ਅਰਜ਼ ਉਸ ਦਿਨ ਕੀਤੀ ਸੀ ਬਈ ਗੁਰੂ ਗੋਬਿੰਦ ਸਿੰਘ ਦੇ ਵਕਤ ਸਿੰਘਣੀਆਂ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਗਿਆ, ਸਤਿਗੁਰੂ ਰਾਮ ਸਿੰਘ ਨੇ ਮਾਈਆਂ ਨੂੰ ਕਛਹਿਰੇ ਔਰ ਅਨੰਦ ਦੀ ਮਰਯਾਦਾ—ਇਹ ਚੀਜ਼ਾਂ ਸਤਿਗੁਰਾਂ ਤੋਂ ਪਹਿਲਾਂ ਨਹੀਂ ਹੋਈਆਂ—ਕਿਤੇ ਵੀ।

*ਮਾਝੇ ਦੇਸ ਮਾਲਵੇ ਸੰਗਤਿ।*

ਸੰਗਤ ਮਾਝੇ ਮਾਲਵੇ ਦੀ।

*ਬੈਠੀ ਏਕ ਲਗੀ ਤਹਿ ਪੰਗਤ।*

ਪੰਗਤਾਂ ਲਗੀਆਂ ਹੋਈਆਂ ਹਨ—ਸਿੰਘ ਇਤਨੇ ਬੈਠੇ ਹਨ।

*ਢੋਲਕ ਛੈਨਣ ਕੀ ਧੁਨਿ ਲਾਗੀ।*

ਢੋਲਕ ਛੈਣਿਆਂ ਨਾਲ ਕੀਰਤਨ ਹੋ ਰਿਹਾ ਹੈ।

*ਸ਼ਬਦ ਪੜਤ ਹੋਵਤ ਵੈਰਾਗੀ।।੬੫।।*

ਸਾਨੂੰ ਕੀਰਤਨ ਕਰਨਾ ਭੁੱਲ ਗਿਆ, ਸਿੱਖ ਬੈਠ ਕੇ ਸ਼ਬਦ ਨਹੀਂ ਕਿਸੇ ਵੇਲੇ ਪੜ੍ਹਦੇ। ਸਿੱਖਾਂ ਦੇ ਸ਼ਬਦ ਪੜ੍ਹਨ ਦਾ ਕਾਇਦਾ ਹੋਰ ਹੋ ਗਿਆ ਹੈ। ਜਿਸ ਤਰ੍ਹਾਂ ਹੁਣ ਰਾਗੀ ਜੇ ਕੀਰਤਨ ਕਰਨ, ਪੁਰਾਣੀਆਂ ਰੀਤਾਂ—ਪਿਛਲੀ ਅੱਜ ਕਹੀ ਸੀ ਉਹਨਾਂ ਨੇ–

**ਭੀ ਸਹੁ ਰਾਵਣ ਜਾਉ ਜੀਉ।।**

ਇਹ ਹੁਣ ਰੀਤਾਂ—ਉਸ ਤਰ੍ਹਾਂ ਸਵਾਦ ਨਹੀਂ ਲਗਦੀਆਂ ਜੇ ਗੱਲਾਂ ਕਰਨ, ਜੇ ਥੀਏਟਰ ਦੀਆਂ ਚਾਲਾਂ ਗਾਉਣ, ਤਾਂ ਬਹੁਤ ਚੰਗੀਆਂ ਲਗਦੀਆਂ ਹਨ ਪਰ ਜੇ ਕੀਰਤਨ ਹੋਵੇ ਜਿਹੜਾ ਲਿਖਿਆ, ਮਹਾਰਾਜ ਨੇ–

**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ**
**ਨਿਮਖ ਸਿਮਰਤ ਜਿਤ ਛੂਟੈ।।**

*–ਸੂਹੀ ਮ:੫, ਪੰਨਾ–੭੪੭*

ਫਿਰ ਉਹ ਸਾਨੂੰ ਫਿੱਕਾ-ਫਿੱਕਾ ਲਗਦਾ ਹੈ ਕਿਉਂਕਿ ਸਾਡੀ ਉਹ ਗੱਲ ਹੀ ਗਈ, ਸਾਡੇ ਚਿਤ ਵਿੱਚ ਉਹ ਚੀਜ਼ ਹੀ ਨਾ ਰਹੀ, ਅਸੀਂ ਉਹ ਸਤਿਸੰਗ ਕਰਨਾ ਛੱਡ ਬੈਠੇ। ਸਿੰਘ ਬੈਠੇ ਹਨ, ਢੋਲਕ ਛੈਣਿਆਂ ਨਾਲ ਕੀਰਤਨ ਕਰਦੇ ਹਨ, ਟਕਾ ਕੇ ਕੀਰਤਨ ਕਰਦੇ ਹਨ, ਕਿਸ ਤਰ੍ਹਾਂ ਸ਼ਬਦ ਪੜ੍ਹਦੇ ਹਨ—ਸਿੰਘ ? ਹੁਣ ਉਹ ਚੀਜ਼ ਹੀ ਨਹੀਂ ਰਹੀ-

**ਦਰਸਨੁ ਦੇਖਿ ਜੀਵਾ ਗੁਰ ਤੇਰਾ।।**★[੨]
**ਦਰਸਨੁ ਦੇਖਿ ਜੀਵਾ ਗੁਰ ਤੇਰਾ।।**

*-ਸੂਹੀ ਮ:੫, ਪੰਨਾ-੭੪੨*

ਇਸ ਤਰ੍ਹਾਂ ਟਿਕਾ ਕੇ ਸ਼ਬਦ ਪੜ੍ਹਦੇ ਸਨ।

ਕਹਿੰਦੇ ਨੇ-

**ਏਕ ਨ**[੬੧] **ਭਰੀਆ ਗੁਣ ਕਰਿ ਧੋਵਾ**[੬੨]**।।**
**ਮੇਰਾ ਸਹੁ ਜਾਗੈ ਹਉ ਨਿਸਿ ਭਰਿ**[੬੩] **ਸੋਵਾ।।੧।।**
**ਇਉ ਕਿਉ ਕੰਤ ਪਿਆਰੀ ਹੋਵਾ।।**
**ਸਹੁ ਜਾਗੈ ਹਉ ਨਿਸ ਭਰਿ ਸੋਵਾ।।੨।।ਰਹਾਉ।।**

*-ਆਸਾ ਮ:੧, ਪੰਨਾ-੩੫੬*

(ਸਤਿਗੁਰੂ ਜੀ ਦੇ ਸ਼ਬਦ ਗਾਉਣ ਦੀ ਵਿਧਿ) ★[੩]

*ਮੇਰਾ ਸਹੁ ਜਾਗੈ ऽऽऽ*
*ਸਹੁ ਜਾਗੈ ਹਉ ਨਿਸ ਭਰਿ ਸੋਵਾਂ ਮੇਰਾ ਸਹੁ ਜਾਗੈ ऽऽऽ*
*ਏਕ ਨ ਭਰੀਆ ਗੁਣ ਕਰ ਧੋਵਾ ऽऽऽ*
*ਏਕ ਨ ਭਰੀਆਂ ਗੁਣ ਕਰ ਧੋਵਾ ऽऽऽ*
*ਸਹੁ ਜਾਗੈ ਹਉ ਨਿਸ ਭਰਿ ਸੋਵਾਂ ਮੇਰਾ ਸਹੁ ਜਾਗੈ ऽऽऽ*
*ਸਹੁ ਜਾਗੈ ਹਉ ਨਿਸ ਭਰਿ ਸੋਵਾਂ ਮੇਰਾ ਸਹੁ ਜਾਗੈ ऽऽऽ*

ਇਸ ਤਰ੍ਹਾਂ ਕੀਰਤਨ ਕਰਨਾ, ਫਿਰ ਬੈਠ ਕੇ ਸਾਰਿਆਂ ਨੇ ਕੀਰਤਨ ਕਰਨਾ ਔਰ ਕਿਸੇ ਨੂੰ ਜਿਹਨੂੰ ਤੁਕ ਆ ਗਈ ਪ੍ਰਮਾਣ ਦੀ—ਉਹਨੇ ਬਾਂਹ ਖੜੀ ਕਰ ਦਿੱਤੀ, ਉਸਨੇ ਤੁਕ ਲੈ ਲਈ, ਜਿਸ ਤਰ੍ਹਾਂ ਮਾਈਆਂ ਗੋਤ —ਕਨਾਲਾਂ ਕਰਦੀਆਂ ਨੇ।

## ਪੁਰਾਤਨ ਸਭਿਅਤਾ

ਹੁਣ ਇੱਕ ਆਦਮੀ ਖੜਾ ਹੋ ਕੇ—ਸਾਡੇ 'ਚ ਵੀ ਇਹ ਰਿਵਾਜ਼ ਹੋ ਗਿਆ—ਉਹ ਲੀਡਰ ਬਣ ਜਾਂਦਾ ਹੈ। ਜੇ ਕਰੀਏ ਕੀਰਤਨ—ਬੈਠ ਕੇ, ਸਤਿਗੁਰੂ ਦੇ ਅੱਗੇ—ਉਹ ਸੀ ਕੀਰਤਨ ਕਰਨ ਵਾਲੇ ਸਤਿਗੁਰੂ ਦੇ ਅੱਗੇ, ਇੱਕ ਖਲੋ ਕੇ ਲੈਕਚਰ ਕਰਦਾ ਹੈ। ਦਿੱਲੀ ਵਿੱਚ ਚੀਫ ਕਮਿਸ਼ਨਰ ਨੂੰ ਬੁਲਾਇਆ—ਸਰਦਾਰ ਆਤਮਾ ਸਿੰਘ ਹੁਰਾਂ, ਡਿਪਟੀ ਕਮਿਸ਼ਨਰ ਨੂੰ ਬੁਲਾਇਆ, ਮੈਂ ਵੀ ਉੱਥੇ ਗਿਆ। ਉਹਨਾਂ ਖਲੋ ਕੇ ਲੈਕਚਰ ਕੀਤੇ। ਜਿਸ ਵੇਲੇ ਲੈਕਚਰ ਕਰ ਹਟੇ—ਮੈਨੂੰ ਇਹ ਗੱਲ ਯਾਦ ਹੈ, ਇੱਕ ਵਕਤ (ਆਗਰੇ ਵਾਲੇ ਰਾਧਾ ਸੁਆਮੀ) ਸਾਹਿਬ ਜੀ ਮਹਾਰਾਜ ਭੈਣੀ ਸਾਹਿਬ ਗਏ, ਸਾਡੇ ਆਦਮੀਆਂ ਨੇ ਖਲੋ—ਖਲੋ ਕੇ ਲੈਕਚਰ ਕੀਤਾ, ਉਸ ਵਕਤ ਉਨ੍ਹਾਂ ਅੱਗੇ ਅਰਜ਼ ਕਰੀ ਤਾਂ ਉਹਨਾਂ ਬੈਠ ਕੇ ਸੁਣਾਇਆ—ਸਾਡੀ ਹਿੰਦੁਸਤਾਨ ਦੀ ਸਭਿਅਤਾ ਨਹੀਂ ਖਲੋ ਕੇ ਲੈਕਚਰ ਕਰਨਾ, ਇਹ ਅੰਗਰੇਜ਼ੀ ਕਾਇਦਾ ਹੈ।

ਮੈਂ ਦਿੱਲੀ ਵਿੱਚ ਉਹਨਾਂ ਨੂੰ ਕਿਹਾ, ਜਦੋਂ ਕਹਿਣ ਲੱਗੇ—ਮੈਨੂੰ ਵੀ ਕੁਛ ਕਹੋ। ਮੈਂ ਕਿਹਾ,''ਮੈਂ ਕਹਿੰਦਾ ਤੇ ਹਾਂ ਪਰ ਮੈ ਖਲੋ ਕੇ ਨਹੀਂ ਕਹਿਣਾ ਕਿਉਂਕਿ ਸਾਡੀ ਹਿੰਦੁਸਤਾਨ ਦੀ ਸਭਿਅਤਾ ਨਹੀਂ। ਤੁਸੀਂ ਅੰਗਰੇਜ਼ ਦੇ ਮਗਰ ਲੱਗੇ ਹੋ। ਉਹ ਹੀ ਤੁਹਡੀਆਂ ਸ਼ਕਲਾਂ, ਉਹ ਹੀ ਤੁਹਾਡੀਆਂ ਅਕਲਾਂ, ਤੁਸੀਂ ਉਸੇ ਤਰ੍ਹਾਂ ਹੀ ਖਾਣ ਪਹਿਨਣ ਲੱਗ ਪਏ—ਕੁਰਸੀਆਂ ਤੇ ਬਹਿ ਕੇ, ਖਲੋ ਕੇ ਮੂਤਣਾ। ਮੈਂ ਕਿਹਾ ਮੈਂ ਬੈਠ ਕੇ ਕਹਾਂਗਾ।'' ਉਹਨਾਂ ਆਖਿਆ,''ਚੰਗਾ ਕਹੋ।''

ਫਿਰ ਮੈਂ ਐਨੀ ਅਰਜ਼ ਕੀਤੀ, ਸਾਨੂੰ ਤਕਲੀਫ ਜੋ ਹੈ, ਉਹ ਇਸ ਕਰਕੇ ਹੈ—**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗੁ।** ਅਸੀਂ ਨਾਮ ਛੱਡ ਦਿੱਤਾ, ਅਸੀਂ ਬਾਣੀ ਛੱਡ ਦਿੱਤੀ, ਇਸ਼ਨਾਨ ਛੱਡ ਦਿੱਤਾ, ਦਾਨ ਛੱਡ ਦਿੱਤਾ, ਸਾਡੀ ਮੁੱਢਲੀ ਵਿਦਿਆ ਖ਼ਰਾਬ ਹੋ ਗਈ। ਪਹਿਲਾਂ ਸਾਡੀ ਮੁੱਢਲੀ ਵਿੱਦਿਆ ਹੁੰਦੀ ਸੀ, ਠਾਕੁਰਦੁਆਰਿਆਂ ਵਿੱਚ, ਮਸੀਤਾਂ

ਵਿੱਚ, ਧਰਮਸਾਲਾਂ ਵਿੱਚ।

ਸੇਠ ਹੁਰਾਂ ਨੂੰ ਪੜ੍ਹਾਇਆ ਬਾਬੇ ਹੁਰਾਂ ਨੇ। ਇਹ ਜਿਨ੍ਹਾਂ ਕੋਲ ਪੜ੍ਹੇ—ਉਹ ਪੈਰ ਧੋਤੇ ਬਿਨਾਂ ਤਾਬਿਆ ਨਹੀਂ ਸਨ ਜਾਣ ਦਿੰਦੇ। ਇਨ੍ਹਾਂ ਨੇ ਮੈਨੂੰ ਇੱਕ ਬਚਨ ਸੁਣਾਇਆ ਹੈ,''ਬਈ, ਸਾਡੇ ਇੱਕ ਲਗਦੇ ਸਨ ਬਜ਼ੁਰਗ ਬਾਬੇ, ਉਹ ਕਦੇ-ਕਦੇ ਬਿਨਾਂ ਚਰਨ ਧੋਤਿਆਂ ਜਾ ਬੈਠਦੇ।'' ਜੈ ਸਿੰਘ ਹੁਰੀਂ ਉਹਨਾਂ ਦੇ ਬਾਬੇ ਦਾ ਨਾਂ ਸੀ, ਜਿਹੜੇ ਇਹਨਾਂ ਕੋਲ ਪੜ੍ਹਾਉਣ ਵਾਲੇ ਸਨ। ਫਿਰ ਇੱਕ ਦਿਨ ਗੁੱਸੇ ਹੋਕੇ ਬਿਸਤਰੇ ਬੰਨ੍ਹ ਕੇ ਤੁਰ ਪਏ। ਕਹਿਣ ਲੱਗੇ,''ਜੇ ਇਸ ਤਰ੍ਹਾਂ ਬੇਅਦਬੀ ਕਰਨੀ ਹੈ ਤੇ ਅਸਾਂ ਨਹੀਂ ਇੱਥੇ ਰਹਿਣਾ।''

ਇਨ੍ਹਾਂ ਨੇ ਪੜ੍ਹਿਆ ਇਨ੍ਹਾਂ 'ਚ ਆਈ—ਬੱਚਿਆਂ ਇਹਨਾਂ ਦਿਆਂ ਨੇ—ਸਿੱਧੀਆਂ ਦਸਤਾਰਾਂ ਬੇਸ਼ਕ ਸਜਾ ਲਈਆਂ ਹਨ ਪਰ ਅੰਗਰੇਜ਼ੀ ਸਕੂਲਾਂ 'ਚ ਪੜ੍ਹ ਕੇ, ਓਨਾਂ ਪ੍ਰੇਮ ਨਹੀਂ ਆਉਂਦਾ ਭਾਵੇਂ ਸਾਧ-ਸੰਗਤ ਕਿਰਪਾ ਕਰੇ ਓਦੂੰ ਬਹੁਤਾ ਕਰ ਦੇਵੇ, ਅਸੀਂ ਤੇ ਚਾਹੁਨੇ ਹਾਂ ਐਦੂੰ ਵੀ ਬਹੁਤਾ ਹੋਵੇ ਕਿਉਂਕਿ ਸਾਧ-ਸੰਗਤ ਦਾ ਘਰ ਹੈ, ਇਹਨੂੰ ਆਪਣੇ ਘਰ ਨਾਲ ਗਰਜ਼ ਹੈ ਪਰ ਉਹ ਚੀਜ਼ ਮੈਂ ਕਿਹਾ, ਮੁੱਢਲੀ ਵਿੱਦਿਆ ਭੁਲਾ ਦਿੱਤੀ—ਨਾ ਕੋਈ ਠਾਕੁਰ ਦੁਆਰੇ 'ਚ ਬਹਿ ਕੇ ਪੰਡਤ ਜੀ ਕੋਲ ਪੜ੍ਹਿਆ। ਹੁਣ ਜੇ ਪੁਰਾਣੇ ਬਾਲ ਉਪਦੇਸ਼ ਦੇਖੋ—ਗੁਰੂ ਜੀ ਨੂੰ ਚਾਹੀਦਾ ਹੈ ਕਿ ਲੜਕਿਆਂ ਨੂੰ ਇਹ ਗੱਲ ਸਿਖਾਣ—ਬੱਚੇ ਨੂੰ ਚਾਹੀਦਾ ਹੈ, ਸਵੇਰੇ ਉੱਠੇ, ਮਾਤਾ ਪਿਤਾ ਨੂੰ ਪਹਿਲਾਂ ਨਮਸਕਾਰ ਕਰੇ। ਉਹ ਗੱਲਾਂ ਹੁਣ ਕਿੱਥੇ ? ਹੁਣ ਤੇ ਬੁੱਢਾ ਬਾਬਾ ਕਿਤੇ ਪੁਰਾਣਾ ਫੈਸ਼ਨ ਦਾ ਹੈ ਤੇ ਆ ਗਿਆ ਕੋਈ ਅੰਗਰੇਜ਼ੀ ਪੜ੍ਹ ਕੇ ਵਲੈਤੋਂ। ਕਿਸੇ ਨੇ ਪੁੱਛਿਆ,''ਜੀ ਇਹ ਕੌਣ ਹੈ ?'' ਮਾਈ ਓਲਡ ਸਰਵੈਂਟ—ਮੇਰਾ ਪੁਰਾਣਾ ਨੌਕਰ ਹੈ। ਬੁੱਢਾ ਨੌਕਰ ਹੈ, ਪਿਉ ਨੂੰ ਇਉਂ ਕਹਿੰਦੇ ਹਨ ਕਿਉਂਕਿ ਉਹ ਸਭਿਅਤਾ ਹੀ ਐਸੀ ਹੈ—ਖੁਸ਼ਕੀ ਐਸੀ ਪਈ ਹੈ, ਉਹਦੇ 'ਚ। ਚੱਕਰਵਰਤੀ ਜੀ ਨੇ ਇੱਕ ਪੂਰਬ ਪੱਛਮ ਕਿਤਾਬ ਲਿਖੀ ਸੀ, ਕਿਤੇ ਤੁਸੀਂ ਉਹਨੂੰ ਪੜ੍ਹੋ ਤਾਂ ਤੁਹਾਨੂੰ ਪਤਾ ਲੱਗ ਜਾਏ। ਉਹਨਾਂ ਨੇ ਥੱਲੇ ਧਰਿਆ ਬੂਟ, ਉਪਰ ਧਰੀ ਦੇਸੀ ਜੁੱਤੀ—ਇਉਂ ਤਸਵੀਰ ਬਣਾਈ ਹੈ

ਉਹਦੇ ਉੱਤੇ।

ਤਾਂ ਤੇ ਮੈਂ ਆਖਿਆ, ਤੁਸੀਂ ਮੁੱਢਲੀ ਵਿੱਦਿਆ ਭੁੱਲ ਗਏ, ਨਾਮ ਜਪੋ ਆਪਣੀਆਂ ਆਤਮਾ ਕਰੋ ਸਾਫ, ਜਦੋਂ ਤੁਹਾਡੀਆਂ ਆਤਮਾ ਸਾਫ ਹੋ ਜਾਣਗੀਆਂ, ਤੁਹਾਡਾ ਆਪੇ ਮਿਲਾਪ ਹੋਵੇਗਾ। ਸੋ ਭਾਈ ਨਾਮਧਾਰਿਓ, ਜੇ ਭਜਨ ਕਰੋਗੇ, ਬਾਣੀ ਪੜ੍ਹੋਗੇ, ਸਤਿਗੁਰੂ ਨੂੰ ਯਾਦ ਕਰੋਗੇ ਤਾਂ ਦੁੱਖ ਤੋਂ ਬਚੋਗੇ ਔਰ ਜੇਕਰ ਨਾ ਕਰੋਗੇ ਤਾਂ ਲੜਾਈ ਤਾਂ ਸਾਰੀ ਦੁਨੀਆਂ 'ਚ ਅੱਗੇ ਪਈ ਹੋਈ ਹੈ—ਤੂੰ ਉਹ, ਮੈਂ ਉਹ, ਮੈਂ ਉਹ—ਸਾਨੂੰ ਖਿਆਲ ਕਰਨਾ ਚਾਹੀਦਾ ਹੈ।

ਮੈਂ ਅੱਗੇ ਭੀ ਅਰਜ਼ ਕੀਤੀ ਸੀ, ਮੈਂ ਹੁਣ ਅੱਜ ਦੀਵਾਨ ਪਿਛਲੇ ਦਿਨ ਦਾ ਹੈ ਇਸ ਤੋਂ ਮਗਰੋਂ ਮੈਂ ਖਬਰੇ ਨਾ ਬੋਲਾਂ। ਮੈਂ ਹੁਣ ਵੀ ਅਰਜ਼ ਕਰਦਾ ਹਾਂ—ਨਾਮਧਾਰੀਆਂ ਭਰਾਵਾਂ ਅੱਗੇ ਕਿ ਜੇ ਕਿਸੇ ਦਾ—ਕਿਸੇ ਨਾਲ, ਕੋਈ ਵੈਰ-ਵਿਰੋਧ, ਕੋਈ ਗੱਲ—ਬਾਤ ਹੋਈ—ਹੋਈ ਹੈ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਇੱਥੇ ਸਾਧ ਸੰਗਤ 'ਚ ਖਲੋ ਕੇ ਕਹਿਣ ਕਿ—ਅਸੀਂ ਛਡਿਆ। ਤਾਂ ਤੇ ਮੇਰੀ ਜਿੰਨੀ ਕੁ ਵਾਹ ਲੱਗੀ ਹੈ, ਮੈਂ ਜਿੱਥੋਂ ਤਕ ਪਹੁੰਚ ਸਕਿਆਂ ਸਾਰਿਆਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਹੈ ਔਰ ਜੋ ਕੁਛ ਹੋ ਸਕਿਆ ਉਹ ਕੀਤਾ ਹੈ। ਪਰ ਜੇ ਕੋਈ ਰਹਿੰਦੀ ਹੈ ਗੱਲ—ਕਿਸੇ ਦੀ ਤੇ ਉਹਨਾਂ ਨੂੰ ਚਾਹੀਦਾ ਹੈ ਸਾਧ ਸੰਗਤ ਵਿੱਚ ਇਹ ਗੱਲ ਛੱਡ ਦੇਣ। ਵਕਤ ਫਿਰ ਬੜਾ ਭਿਆਨਕ ਆਉਣ ਵਾਲਾ ਹੈ ਔਰ ਅਸੀਂ ਬਚ ਨਹੀਂ ਸਕਾਂਗੇ। ਜੋ ਚਾਹੁੰਦੇ ਹੋ ਮੈਨੂੰ ਮਨਾ ਲੈਂਦੇ ਹੋ, ਮੇਰੀ ਵੀ ਅਰਜ਼ ਮੰਨ ਲੈਣੀ, ਹੱਥ ਜੋੜੇ ਹੋਏ ਹਨ। ਕੋਈ ਗੁੱਸਾ-ਗਿਲਾ ਜਿਹਦਾ ਹੈ—ਛੱਡ ਦਿਓ। ਇਸ ਤੋਂ ਅਗਲੀ ਗੱਲ ਹੈ ਕਿ ਨਾਮਧਾਰੀ-ਨਾਮਧਾਰੀਆਂ ਨੇ ਛੱਡਿਆ ਪਰ ਭਾਈ ਦੂਜੇ ਸਿੱਖ ਤੇ ਨਾਮਧਾਰੀ ਤੇ ਹਿੰਦੂ ਤੇ ਨਾਮਧਾਰੀਆਂ ਸਾਰਿਆਂ ਅੱਗੇ ਵੀ ਅਰਜ਼ ਬੇਨਤੀ ਕਰਾਂਗਾ ਕਿ ਥੋੜੀਆਂ-ਥੋੜੀਆਂ ਗੱਲਾਂ ਤੋਂ ਨਹੀਂ ਕੁਝ ਕਰਨਾ ਚਾਹੀਦਾ।

## ਆਪਸੀ ਮੇਲ ਜੋਲ

ਮੇਰੇ ਅੱਗੇ ਕਿਸੇ ਸੱਜਣ ਨੇ ਆਖਿਆ ਸੀ,"ਮੇਲ ਨਾਮਧਾਰੀਆਂ ਤੇ ਸਿੰਘ ਸਭਾ ਜਾਂ ਅਕਾਲੀਆਂ ਦਾ ਕਿਸ ਤਰ੍ਹਾਂ ਹੋ ਸਕਦਾ ਹੈ ? ਅਸੀਂ

ਕਿਸ ਤਰ੍ਹਾਂ ਗੁਰਪੁਰਬ ਇਕੱਠੇ ਮਨਾ ਸਕਦੇ ਹਾਂ ?'' ਮੈਂ ਆਖਿਆ ਇੱਕ ਤਰੀਕਾ ਹੈ। ਜਦੋਂ ਮੈਂ ਪਹਿਲੀ ਵਾਰ ਏਥੇ ਆਇਆਂ ਹਾਂ, ਚੌਦ੍ਹਾਂ ਸਾਲ ਹੋ ਗਏ, ਉਹ ਇੱਥੋਂ ਕੁਝ ਸਾਧ ਸੰਗਤ ਨੇ ਪੈਸੇ ਦਿੱਤੇ। ਮੈਂ ਆਖਿਆ, ਇਹ ਮਾਇਆ ਖਰਾਬ ਕਰੇਗੀ। ਅਸਾਂ ਉੱਥੇ ਗੁਰੂ ਨਾਨਕ ਸਰਬ ਸੰਪਰਦਾ ਕਾਨਫਰੰਸ ਰੱਖ ਦਿੱਤੀ। ਉਹਦੇ ਤੇ ਸੱਜਣ ਆਏ। ਉਹਨਾਂ ਨੇ ਮੈਨੂੰ ਆਖਿਆ,''ਅਸੀਂ ਤਾਂ ਜਾਨੇ ਹਾਂ ਜੇ ਅਸੀਂ ਉੱਥੇ ਦਸਾਂ ਗੁਰੂਆਂ ਦਾ ਅਰਦਾਸਾ ਕਰੀਏ ਭੈਣੀ ਸਾਹਿਬ ਜਾ ਕੇ।''

ਮੈ ਆਖਿਆ,''ਜੀ ਤੁਸੀਂ ਇੱਕ ਦੀ ਵੀ ਕਰ ਲਉ ਬੇਸ਼ਕ, ਮੈਨੂੰ ਕੋਈ ਇਤਰਾਜ਼ ਨਹੀਂ, ਤੁਸਾਂ ਆਪ ਕਰਨੈ।''

ਸੋ ਮੈਂ ਅਰਜ਼ ਕੀਤੀ ਸੀ, ਜੇ ਨਾਮਧਾਰੀਆਂ ਦਾ ਗੁਰਪੁਰਬ ਹੋਵੇ, ਨਾਮਧਾਰੀਏ ਸਿੰਘ ਸਭਾ ਵਾਲਿਆਂ ਨੂੰ ਸੱਦਣ। ਉਹ ਆ ਕੇ ਇਨ੍ਹਾਂ ਦੇ ਗੁਰਦੁਆਰੇ ਜਦੋਂ ਆਪਣਾ ਕੀਰਤਨ ਕਰਨ ਬੇਸ਼ਕ ਦਸਾਂ ਦਾ ਅਰਦਾਸਾ ਕਰ ਲੈਣ, ਜੇ ਸਿੰਘ ਸਭਾ ਵਾਲੇ ਕਿਸੇ ਗੁਰਪੁਰਬ ਤੇ ਸੱਦਣ ਤੇ ਨਾਮਧਾਰੀ ਉੱਥੇ ਜਾ ਕੇ ਬਾਰ੍ਹਾਂ ਦਾ ਅਰਦਾਸਾ ਕਰ ਲੈਣ ਰੌਲਾ ਆਪੇ ਮੁੱਕ ਜਾਂਦਾ ਹੈ। ਆਪਣਾ ਦੀਵਾਨ ਲਾ ਲੈਣ, ਅਰਦਾਸਾ ਕਰ ਲੈਣ। ਦੂਜਿਆਂ ਨੂੰ ਉਹ ਨਾ ਚੁਭੇ। ਆਪਣੇ ਮੂੰਹ ਨਾਲ ਸਭ ਨੇ ਕਰਨਾ ਹੈ। ਜਿਸ ਤਰ੍ਹਾਂ ਕਿਸੇ ਨੂੰ ਆਪਣਾ ਧਰਮ ਪਿਆਰਾ ਹੈ ਜੇ ਸਾਨੂੰ ਆਪਣਾ ਨਾਮਧਾਰੀਪੁਣਾ ਪਿਆਰਾ ਹੈ ਤਾਂ ਅਕਾਲੀਆਂ ਨੂੰ ਆਪਣਾ ਧਰਮ ਪਿਆਰਾ ਹੈ। ਸਾਨੂੰ ਕਦੇ ਨਹੀਂ ਉਹਨਾਂ ਤੇ ਉਂਗਲ ਧਰਨੀ ਚਾਹੀਦੀ ਕਿ ਇਹ ਇਉਂ ਕਿਉਂ ਕਰਦੇ ਨੇ ? ਜੇ ਅਸੀਂ ਇਉਂ ਕਿਉਂ ਕਰਨਾ ਛਡ ਦਈਏ, ਅਸੀਂ ਸਾਰੇ ਰਲ ਜਾਂਦੇ ਹਾਂ। ਜੇ ਹਿੰਦੂਆਂ ਦੇ ਠਾਕੁਰ ਦੁਆਰੇ ਚਲੇ ਜਾਈਏ, ਉੱਥੇ ਅਸੀਂ ਕੀਰਤਨ ਕਰ ਲਈਏ, ਜੇ ਹਿੰਦੂ ਆਉਣ ਸਾਡੇ ਕੋਲ ਆ ਕੇ ਆਰਤੀ ਕਰ ਕੇ—ਜੈ ਰਾਮ—ਕ੍ਰਿਸ਼ਨ ਦੀ ਕਹਿ ਲੈਣ, ਸਾਨੂੰ ਫਿਰ ਵੀ ਦੁਖੀ ਨਹੀਂ ਹੋਣਾ ਚਾਹੀਦਾ। ਰਲਣ ਦਾ ਤੇ ਇਹ ਕਾਇਦਾ ਹੈ ਕਿਉਂਕਿ ਹਰ ਇੱਕ ਆਦਮੀ ਨੂੰ ਆਪਣਾ ਮਜ਼ੁਬ ਪਿਆਰਾ ਹੈ। ਹਰ ਇੱਕ ਆਦਮੀ ਆਪਣੇ—ਬਾਪ ਨੂੰ ਦੂਸਰੇ ਤੋਂ ਚੰਗਾ ਜਾਣਦਾ ਹੈ ਤੇ ਮੈਂ ਨਾਮਧਾਰੀਆਂ ਅੱਗੇ ਅਰਜ਼ ਕਰਾਂਗਾ—ਥੋੜ੍ਹੀ-ਥੋੜ੍ਹੀ ਗੱਲ ਤੋਂ

ਕਦੇ ਕੋਈ ਗੱਲ ਨਹੀਂ ਕਰਨੀ—ਸਮਾਂ ਫਿਰ ਉਹੋ ਜਿਹਾ ਆਉਣ ਵਾਲਾ ਹੈ।

ਅੱਜ ਇੱਕ ਚਿੱਠੀ ਆਈ ਹੈ—ਸੇਠ ਹੁਰਾਂ ਨੂੰ—ਦਿੱਲੀ ਤੋਂ। ਐਤਕਾਂ ਮੈਨੂੰ ਕੁਝ—ਕੁਝ ਸੱਜਣਾਂ ਦੇ ਦਰਸ਼ਨ ਨਹੀਂ ਹੋਏ ਤੇ ਸ਼ਾਇਦ ਸਵੇਰੇ ਕਿਰਪਾ ਕਰ ਦੇਣ, ਉਹ ਦਰਸ਼ਨ ਦੇ ਦੇਣ। ਚਾਹੀਦੀ ਇਹ ਗੱਲ ਹੈ ਸਾਨੂੰ ਕਿ ਆਪਸ ਵਿੱਚ—ਗਫਲਤ ਕਰੋਗੇ ਤੇ ਖਾਓਗੇ ਮਾਰ। ਅਗਰ ਤੁਸੀਂ ਆਪਸ ਵਿੱਚ ਪਾਟੋਗੇ, ਕੱਖ ਨਹੀਂ ਬਣਨਾ, ਜੇ ਤੁਸੀਂ ਬਣੇ ਰਹੋਗੇ, ਇਕੱਠੇ ਰਹੋਗੇ ਇੱਕ ਦੂਸਰੇ ਨਾਲ ਪ੍ਰੇਮ, ਆਪਣੇ ਗੁਰੂ ਨੂੰ ਯਾਦ ਕਰਕੇ ਰੋਜ਼ ਅਰਦਾਸ ਕੀ ਕਰਦੇ ਓ।

*ਖਾਲਸੇ ਦਾ ਮਨ ਨੀਵਾਂ ਮੱਤ ਉਚੀ*

ਮਨ ਨੀਵੇਂ ਦਾ ਅਰਥ ਇਹ ਹੈ ਬਈ ਹਰ ਇੱਕ ਦੇ ਚਰਨੀਂ ਹੱਥ ਲਾਉ, ਹਰ ਇੱਕ ਨਾਲ ਪਿਆਰ ਕਰੋ, ਨਹੀਂ ਜਿਹਨਾਂ ਨੇ ਚਰਨੀ ਹੱਥ ਲਾਉਣਾ, ਉਹ ਫਤਹਿ ਬੁਲਾਉਣ, ਪਿਆਰ ਕਰਨ। ਇਸ ਗੱਲ ਦੀ ਕੋਈ ਨਹੀਂ ਮੈਂ ਕਹਿੰਦਾ, ਪਰ ਮੇਰੇ ਖਿਆਲ ਮੁਤਾਬਿਕ ਜੋ ਗੁਰਮਤਿ ਹੈ—ਉਹਦੇ 'ਚ ਚਰਨੀਂ ਹੱਥ ਲਾਉਣਾ ਜ਼ਰੂਰੀ ਹੈ।

ਮੇਰਾ ਚਿਤ ਕੁਛ ਖਿੱਚ ਕਰਦਾ ਹੈ, ਵੇਲਾ ਨਹੀਂ ਉੱਥੇ ਰਹਿਣ ਦਾ। ਇਨ੍ਹਾਂ ਆਖਿਆ,''ਨਹੀਂ ਜੀ, ਮੈਂ ਬੜੀ ਛੇਤੀ ਆਊਂ।'' ਉਹ ਐਸੀ ਖੇਡ ਉਹਨਾਂ ਨੇ ਮੈਨੂੰ ਦੱਸਿਆ—ਸੇਠ ਮਹਿਲ ਸਿੰਘ ਹੁਰਾਂ ਨੇ ਬਈ ਮੈਨੂੰ ਕਹਿੰਦੇ ਸੀ,''ਅਸਾਂ ਜਹਾਜ਼ ਦਾ ਟਿਕਟ ਲੈ ਛੱਡਿਆ ਹੋਇਆ ਜਦੋਂ ਵੀ ਰੌਲਾ ਪਏ, ਅਸੀਂ ਚੜ੍ਹ ਕੇ ਆ ਜਾਵਾਂਗੇ।''

*ਸ਼ਿਵ ਦੇਤ ਭਏ ਬਰ ਰਾਵਣ ਕੋ ਤੁਮ ਲੰਕ ਕਾ ਰਾਜ ਕਰੋ ਜੁਗਟੀ।*
*ਸਚ ਭਾਖਣ ਤੇ ਸ਼ਿਵ ਭੂਲ ਗਏ ਦੀਉ ਰਾਜ ਭਬੀਸ਼ਨ ਕੋ ਪਲਟੀ।*
*ਕੰਗਣਾ ਸਿਸ਼ੁਪਾਲ ਕੇ ਹਾਥ ਰਹਿਓ ਬਿਧਨਾ ਕਛੁ ਔਰ ਕੀ ਔਰ ਠੱਟੀ।*

ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਬੈਠੇ ਹਨ—ਇਕੱਲੇ। ਮਾਤਾ ਜੀ ਗਏ, ਮਾਤਾ (ਜੀਤੋ ਜੀ) ਜੀ ਬੜਾ ਭਜਨ ਬਾਣੀ ਕਰਦੇ ਸਨ, ਪਹਿਲੇ ਮਹਿਲ ਸਨ—ਸਤਿਗੁਰਾਂ ਦੇ। ਮਾਤਾ ਜੀ ਨੇ ਦੇਖਿਆ ਕਿ ਸਹਿਬਜ਼ਾਦੇ ਸ਼ਹੀਦ, ਮਾਤਾ ਜੀ ਸ਼ਹੀਦ, ਸਾਹਿਬ ਸੱਚੇ ਪਾਤਸ਼ਾਹ ਨੰਗੇ

ਚਰਨੀ, ਸਿੱਖ ਨਾਲ ਦੋ ਤਿੰਨ ਰਹਿ ਜਾਂਦੇ ਹਨ। ਸਾਰਾ ਕਾਰਨ ਉਨ੍ਹਾਂ ਨੂੰ ਦਿਸਿਆ, ਅਨੰਦਪੁਰ ਦਾ ਉਜਾੜਾ ਦਿਸਿਆ। ਇੱਕ ਦਿਨ ਇਕੱਲਿਆਂ ਦੇ ਕੋਲ ਜਾ ਕੇ ਹੱਥ ਜੋੜ ਕੇ ਖੜੇ ਹਨ। ਅੱਗੇ ਸਾਹਿਬ ਮੁਸਕਰਾਏ––ਕਿਉਂ ਉਸ ਦੀ ਤਾਂ ਇਹ ਰਚੀ ਹੋਈ ਖੇਡ ਹੈ।

**ਹਰਨ[੬੪] ਭਰਨ[੬੫] ਜਾਕਾ ਨੇਤ੍ਰ ਫੋਰੁ[੬੬]।।**
**ਤਿਸਕਾ ਮੰਤ੍ਰ ਨ ਜਾਨੈ ਹੋਰੁ।।**

*–ਪੰਨਾ–੨੮੪*

ਕਹਿੰਦੇ ਨੇ,''ਆਉ ਕਿਸ ਤਰ੍ਹਾਂ ਆਏ ?''
ਕਹਿਣ ਲਗੇ,''ਆਏ ਕਾਹਦੇ ਹਾਂ, ਆਹ ਕੁਛ ਦੇਖਿਆ ਹੈ।''
ਤਾਂ ਕਹਿੰਦੇ ਨੇ,''ਫਿਰ ਇਹ ਤਾਂ ਇਸ ਤਰ੍ਹਾਂ ਹੀ ਹੋਣਾ ਹੈ।''

## ਪਾਣੀ ਵਿੱਚ ਮੈਂ ਡੁੱਬਦਾ ਨਹੀਂ

ਸਤਿਗੁਰੂ ਸੱਚੇ ਪਾਤਸ਼ਾਹ ਕਈ ਸਾਲ ਪਹਿਲਾਂ ਕਹਿੰਦੇ ਸੀ,''ਇਹ ਬਿੱਲੇ ਸਾਨੂੰ ਫੜ ਕੇ ਲਿਜਾਣਗੇ, ਬਹੁਤ ਚਿਰ ਰੱਖਣਗੇ ਔਰ ਜਿੰਨਾਂ ਚਿਰ ਇਹ ਸਾਨੂੰ ਹੱਥ ਨਹੀਂ ਪਾਉਂਦੇ, ਉਨਾਂ ਚਿਰ ਧਰਮ ਨਹੀਂ ਵਰਤਦਾ ਔਰ ਇਹ ਮਰ ਗਿਆ ਲਿਖਣਗੇ। ਭਾਈ **ਪਾਣੀ 'ਚ ਮੈਂ ਡੁੱਬਦਾ ਨਹੀਂ, ਅੱਗ 'ਚ ਮੈਂ ਸੜਦਾ ਨਹੀਂ, ਇਸ ਗੱਲ ਨੂੰ ਕਦੇ ਨਹੀਂ ਮੰਨਣਾ ਜੇ ਕੋਈ ਤੁਹਾਨੂੰ ਆਖੇ ਨ ਕਿ ਮੈਂ ਆਪਣੇ ਹੱਥੀਂ ਇਸ ਨੂੰ ਲਾਂਬੂ ਲਾ ਕੇ ਆਇਆ ਹਾਂ ਤੁਸੀਂ ਇਹ ਗੱਲ ਨਹੀਂ ਮੰਨਣੀ।**

ਸੋ ਉਹ ਗੱਲਾਂ ਸੱਚੀਆਂ ਨੇ, ਉਹ ੧੮੮੫ 'ਚ ਕਹਿੰਦੇ ਨੇ, ਸਤਿਗੁਰਾਂ ਦੀ ਦੇਹ ਮਰਗੋਈ ਛੁੱਟੀ—੧੮੯੧ 'ਚ ਸਤਿਗੁਰ, ਆਲਮ ਸਿੰਘ ਨੂੰ ਮਿਲਦੇ ਨੇ ਜਿਹੜਾ ਲੇਖ ਲਿਖਦਾ ਹੈ ੧੯੨੧ ਅਖਬਾਰ ਵਿੱਚ ਗਜ਼ੇਟਿਅਰ ਦਾ ਕੋਰਾ ਝੂਠ—ਮੈਂ ਸਤਿਗੁਰਾਂ ਨੂੰ ੧੮੯੧ 'ਚ ਮਿਲਿਆ ਹਾਂ—ਇੱਕ ਚੀਜ਼। ੮੫ ਤੋਂ ਬਾਅਦ ੮੮ ਸੰਨ ਵਿੱਚ ਸਰਦਾਰ ਸੁੰਦਰ ਸਿੰਘ ਜੀ ਮਾਨਾਵਾਲੇ ਦੇ ਰਕੀਬ ਸਨ ਜਾਗੀਰਦਾਰ ਤਾਂ ਨਹੀਂ ਸੀ, ਰਈਸ ਸਨ ਉਨ੍ਹਾਂ ਦੀ ਬੜੀ ਜ਼ਮੀਨ ਸੀ। ਉਹ ਫੌਜ ਵਿੱਚ ਨੌਕਰ ਸਨ। ਉਹ ਮਾਂਡਲੇ ਦਾ

ਕਿਲ੍ਹਾ ਜਦੋਂ ਫਤਿਹ ਕੀਤਾ, ਉਸ ਫੌਜ 'ਚ ਆਏ ਨੇ, ਉਹ ਕਹਿੰਦੇ ਨੇ,''੮੮ ਸੰਮਤ ਵਿੱਚ—ਮੈਂ ਤੇ ਦਰਸ਼ਨ ਨਹੀਂ ਕਰਨ ਗਿਆ ਪਰ ਸਾਡੇ ਸਾਥੀ ਕਈ ਸਤਿਗੁਰਾਂ ਦਾ ਦਰਸ਼ਨ ਕਰਕੇ ਆਏ ਨੇ। ਸਾਡੇ ਤਮਗੇ ਦੇਖ ਲਉ, ਸੰਨ ੮੮ ਵਿੱਚ ਸਤਿਗੁਰੂ ਸਨ।''

ਸੰਨ ੧੯੧੧-੧੨-੧੩-੧੪ ਦੇ ਕਰੀਬ ਮੈਨੂੰ ਇੱਕ ਤਹਿਸੀਲਦਾਰ ਮਿਲਿਆ ਜਿਸਨੇ ਮੈਨੂੰ ਇਹ ਗੱਲ ਦੱਸੀ ਕਿ ਸਾਡੇ ਆਦਮੀਆਂ ਨੇ ਦਰਸ਼ਨ ਕਰੇ ਹਨ ਪਰ ਅਸੀਂ ਸਰਕਾਰੀ ਆਦਮੀ ਹਾਂ ਅਸੀਂ ਤੁਹਾਨੂੰ ਦੱਸ ਨਹੀਂ ਸਕਦੇ—ਬਈ ਕਿੱਥੇ ਨੇ ?

੧੯੧੪ ਵਿੱਚ ਸਤਿਗੁਰ ਜਰਮਨ ਵਿੱਚ ਥੇ ਔਰ ਇੱਕ ਹੋਰ ਤੁਹਾਨੂੰ ਨਵੀਂ ਗੱਲ ਮੈਂ ਸੁਣਾਉਨਾ। ਸਤਿਗੁਰ ਕਦੇ-ਕਦੇ ਕਹਿੰਦੇ ਸੀ,''ਸਾਨੂੰ ਤੇ ਕੰਮ ਨਹੀਂ, ਅਸੀਂ ਮੁੰਡੇ ਨੂੰ ਲੈਣ ਜਾਣਾ ਹੈ,''ਦਲੀਪ ਸਿੰਘ ਜੀ ਵੀ ਜਿੰਦਾ ਹਨ, ਮਹਾਰਾਜਾ ਰਣਜੀਤ ਸਿੰਘ ਦਾ ਲੜਕਾ ਜਿਹਦੀ ਬਾਬਤ ਇਹਨਾਂ ਸਾਰਿਆਂ ਰੌਲਾ ਪਾਇਆ ਹੈ, ਜਿਨ੍ਹਾਂ ਨੇ ਸਾਰੀਆਂ ਗੱਲਾਂ ਆ ਕੇ ਦੱਸੀਆਂ —ਉਹ ਕੁਦਰਤ ਦੀ ਖੇਡ ਐਸੀ ਹੈ ਕਿ ਉਸ ਆਦਮੀ ਦਾ ਦਰਸ਼ਨ ਨਹੀਂ ਕੀਤਾ। ਉਹ ਨੈਨੇ ਵਾਲਾ ਪਿੰਡ ਸੀ—ਬਰਨਾਲੇ ਦੇ ਪਾਸ ਜਿੰਨੇ ਨੂੰ ਮੈਂ ਸਿੰਘ ਭੇਜਿਆ, ਉਹ ਅੱਗੇ ਜਾਂਦਿਆਂ ਨੂੰ ਸਰੀਰ ਛੱਡ ਗਿਆ।

੧੯੨੨ ਵਿੱਚ, ਇੱਕ ਸਤਿਗੁਰਾਂ ਦੇ ਕੋਲੋਂ ਇੱਕ ਆਦਮੀ ਕਪੂਰਥਲੇ ਦੀ ਰਿਆਸਤ ਦਾ ਰਿਹਣਾ ਵਾਲਾ, ਜਿਸਦੀ ਔਰਤ ਦੂਜੇ ਭਰਾ ਨੂੰ ਕਰਾ ਦਿੱਤੀ ਗਈ ਸ਼ਰੀਕ ਨੂੰ ਔਰ ਉਹਦਾ ਘਰ ਬਾਰ ਉਹਨਾਂ ਨੇ ਵੰਡ ਲਿਆ ਉਹਦੀ ਚਿੱਠੀ ਆਈ ੧੯੨੨ ਕਿ ਪੰਝੀ ਦੇ ਵਿੱਚ।

\- - - - - - - - - - -

\- - - - - - - - - - -

\- - - - - - - - - - -

## ਟਿੱਪਣੀਆਂ

★ ੧

ਸਪਤਮ ਸਤਿਗੁਰੂ ਸ੍ਰੀ ਹਰਿ ਰਾਇ,
ਸੁਤ ਤਜ ਬਡੋ ਨ ਉਚਿਤ ਲਖਾਇ।
ਤੁਮ ਕੋ ਨਿਜ ਅਸਥਾਨ ਬੈਠਾਇ।
ਸਭ ਬਿਧ ਉਚਿਤ ਜਾਨ ਹਰਖਾਇ।
ਕਿਤਕ ਮਾਸ ਜੁਗ ਸੰਮਤ ਬੀਤੇ।
ਜਬ ਕੇ ਜਗਤ ਗੁਰੂ ਤੁਮ ਕੀਤੇ।
ਸਬ ਕੀ ਸੰਗਤ ਸਰਬ ਸਮਾਲੀ।
ਸਿਖੀ ਰੀਤਿ ਭਲੀ ਪ੍ਰਤਿਪਾਲੀ
ਚਹਤ ਭਏ ਅਬ ਅੰਤਰ ਧਿਆਨ।
ਨਹੀਂ ਬਿਠਾਇਓ ਕੋ ਨਿਜ ਥਾਨ।
ਅਬਿ ਸਭ ਸੰਗਤ ਮਿਲੀ ਬਿਸੂਰਤਿ।
ਨਹਿਨ ਬਿਲੋਕਹਿੰਗੇ ਤੁਮ ਮੂਰਤ।
ਰਾਵਰ ਨੇ ਕਿਸ ਕੇ ਲਰ ਲਾਈ ?
ਰੀਤ ਪ੍ਰਥਮ ਗੁਰੂਅਨਿ ਚਲ ਆਈ।
ਕਰਹੁ ਆਪ ਭੀ ਤਿਨਹਿ ਸਮਾਨ।
ਜਿਸ ਤੇ ਸਿੱਖੀ ਰਹਿਹਿ ਜਹਾਨ।
ਜੇ ਨ ਕਰਹੁ ਗੇ ਪੂਰਬ ਕੀ ਰੀਤ।
ਜਾਨੀ ਪਰਹਿ ਸੁ ਹੋਇ ਬਿਪਰੀਤ।
ਬਿਚਲ ਜਾਇਗੀ ਸੰਗਤ ਸਾਰੀ।
ਕੇਚਿਤ ਹੋਇ ਮੀਣਨਿ ਅਨੁਸਾਰੀ।
ਧੀਰ ਮਲ ਕੋ ਮਾਨਹਿ ਕੋਈ।
ਕੋ ਸਿਖ ਰਾਮ ਰਾਇ ਕੋ ਕੋਈ।.....
ਬਿਨ ਗੁਰ ਸੰਗਤ ਹਵੇ ਖਿਰ ਕੋਇ ਨ।
ਜਥਾ ਨ੍ਰਿਪਤ ਸੈਨਾ ਹੋਇ ਨ।

ਜੋ ਗੁਰੂ ਗ੍ਰੰਥ ਆਪ ਨੇ ਭਨਯੋ।
ਸੋ ਸਗਰੇ ਸਿਖਨ ਹੀ ਸੁਨਯੋ।
ਲਿਖ ਲੈਹੇ ਅਬ ਸੋਢੀ ਸਾਰੇ।
ਬੈਠਹਿ ਮਾਨੀ ਗੁਰ ਹੋਇ ਭਾਰੇ।
ਯਾ ਤੇ ਸੰਗਤ ਕਿਸ ਲੜ ਲਾਵਹੁ।
ਗੁਰਤਾ ਉਚਿਤ ਜਹਿ ਲਖ ਪਾਵਹੁ।
– – – – – – – – – – – – – – – –
– – – – – – – – – – – – – – – –
ਸੁਨ ਕਰਿ ਸ੍ਰੀ ਹਰਿ ਕ੍ਰਿਸ਼ਨ ਕਿਰਪਾਲਾ।
ਜਥਾ ਯੋਗ ਜਾਨੀ ਤਿਸ ਕਾਲਾ।
ਤਊ ਰੀਤਿ ਪੂਰਬ ਗੁਰ ਕੇਰੀ।
ਹਮ ਕੋ ਕਰੀ ਚਾਹਿਬ ਇਸ ਬੇਰੀ।
ਇਮ ਬਿਚਾਰ ਕਰਿ ਨਿਰਨੈ ਕਰਿਓ।
ਬੋਲੈ ਜਥਾ ਯੋਗ ਤੁਮ ਰਹਯੋ।
ਪੈਸੇ ਪੰਜ ਨਰੇਲ ਮੰਗਾਵਹੁ।
ਭਾਰੀ ਗੁਰ ਬਿਦਤਿਹ ਜਗ ਮਾਹੀਂ।
ਜਿਸ ਤੇ ਦੰਭੀ ਗੁਰ ਦੁਰਜਾਹੀਂ।
– – – – – – – – – – – –
– – – – – – – – – – – –
ਹਾਥ ਜੋਰ ਪੁਰ ਬੰਦਨ ਠਾਨੀ।
ਨੇਤਰ ਉਘਾਰ ਕਹੀ ਮੁਖ ਬਾਨੀ।
ਬਾਬਾ ਬਸਹਿ ਜਿ ਗ੍ਰਾਮ ਬਕਾਲੇ।
ਬੰਨਿ ਗੁਰ ਸੰਗਤ ਸਗਲ ਸਮਾਲੇ।
ਇਮ ਸੁਨਾਇ ਸਭਹਿਨ ਸੌ ਰਹਿਯੋ।
ਸਿਖਨ ਉਰ ਨਿਸਚੈ ਤਬ ਲਹਿਯੋ।

*–ਗੁਰ ਪ੍ਰਤਾਪ ਸੂਰਜ*

# ਸ਼ਬਦ ਗਾਇਨ ਦੀ ਸੁਰ ਲਿਪੀ

★ ੨

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਮ | ਪ | – | ਪ | ਪ | ਪ | – | ਧ | ਪ | ਪ | – | ਪ | – | – | – |
| ਦਰ | ਸਨ | ਦੇ | S | ਖਿ | ਜੀ | ਵਾ | S | ਗੁ | ਰ | ਤੇ | S | ਰਾ | S | S | S |
| ਪ | ਧ | ਧ | – | ਧ | ਪ | ਪ | – | ਧ | ਪ | ਪ | – | ਪ | – | – | – |
| ਦਰ | ਸਨ | ਦੇ | S | ਖਿ | ਜੀ | ਵਾ | S | ਗੁ | ਰ | ਤੇ | S | ਰਾ | S | S | S |

★ ੩

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮਸ | ਪ | ਪ | ਪ | ਧ | ਪ | – | – | – | ਧ | ਧ | ਧ | – | ਧ | – | ਧ |
| ਮੇਰਾ | ਸ | ਹੁ | ਜਾ | S | ਗੈ | S | S | ਸ | ਹੁ | ਜਾ | S | ਗੈ | S | ਹਉ | S |
| ਧ | ਧ | ਧ | ਧ | ਪ | ਪ | ਪ | ਮ | ਮ | ਪ | ਪ | ਧ | – | – | – | – |
| ਨਿ | ਸਿ | ਭ | ਰਿ | ਸੋ | ਵਾ | ਮੇ | ਰਾ | ਸ | ਹੁ | ਜਾ | S | ਗੈ | S | S | S |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | –ਪ | ਮ | ਪ | ਧ | ਧ | – | ਧ | ਧ | ਧ | ਧ | ਧ | – | ਧ | – | – |
| ਏ | Sਕ | ਨ | ਭ | ਰੀ | ਆ | S | ਗੁ | ਣ | ਕ | ਰਿ | ਧੋ | S | ਵਾ | S | S |
| ਪ | –ਪ | ਮ | ਪ | ਧ | ਧ | – | ਧ | ਧ | ਧ | ਧ | ਧ | – | ਧ | – | – |
| ਏ | Sਕ | ਨ | ਭ | ਰੀ | ਆ | S | ਗੁ | ਣ | ਕ | ਰਿ | ਧੋ | S | ਵਾ | S | S |
| – | ਧਸਂ | –ਸਂ | ਸਂ | ਸਂ | – | ਧ | – | ਧ | ਧ | ਧ | ਧ | ਪ | ਪ | ਪ | ਮ |
| S | ਸਹੁ | SਜਾS | | ਗੈ | S | ਹਉ | S | ਨਿ | ਸਿ | ਭ | ਰਿ | ਸੋ | ਵਾ | ਮੇ | ਰਾ |
| ਮ | ਪ | ਪ | ਧ | ਧ | – | – | – | | | | | | | | |
| ਸ | ਹੁ | ਜਾ | S | ਗੈ | S | S | S | | | | | | | | |

## ਸ਼ਬਦਾਰਥ

੧. ਧਨਵਾਨ ਦੇ।
੨. ਧੁੱਪ।
੩. ਖਿਚੇਗੀ, ਦੁੱਖ ਦੇਵੇਗੀ।
੪. ਉੱਦਮ ਵਿੱਚ।
੫. ਪਹਾੜਾਂ।
੬. ਇਸੇ (ਭੁੱਖ) ਵਿੱਚ ਹੀ।
੭. ਰੱਜ ਜਾਵਾਂ।
੮. ਹੈ।
੯. ਕਿਰਤ।
੧੦. ਚਾਅ ਵਾਲਾ।
੧੧. ਸਭ ਕਿਸੇ ਦਾ।
੧੨. ਢਾਹੁੰਦਾ।
੧੩. ਜੰਗਲ ਦੇ ਪੰਛੀ।
੧੪. ਵਿਛੋੜਾ।
੧੫. ਠੂੰਗਦੇ ਹਨ।
੧੬. ਕਾਂ।
੧੭. ਭਈ, ਹੋ ਗਈ ਹੈ।
੧੮. ਬਦਲਾਂ ਵਾਲੀ ਵਰਖਾ ਰੁਤਿ ਦੀ (ਰਾਤ)।
੧੯. ਤਲੇ, ਨੀਵੇਂ ਪਾਸੇ।
੨੦. ਇਸ ਥਾਂ (ਐਸੇ ਦੁਖਦਾਈ ਵਿਛੋੜੇ ਦੀ ਹਾਲਤ ਵਿੱਚ। ਸਿਆਮ ਤੋਂ ਬਗੈਰ ਕੋਈ ਸਹਾਇਕ ਨਹੀਂ)।
੨੧. ਸ੍ਰੀ ਕ੍ਰਿਸ਼ਨ ਜੀ।
੨੨. ਕੂਲੇ, ਕੋਮਲ
੨੩. ਬਸਤ੍ਰ ਪਹਿਨੇ ਹੋਏ, ਕਪੜੇ।
੨੪. (ਮੁਲਾਇਮ ਹੁੰਦਿਆਂ ਭੀ) ਸੂਲ ਪੀੜ ਉਠਦੀ ਹੈ ਭਾਵ ਕੂਲੇ ਕਪੜੇ ਵੀ ਚੁਭਦੇ ਹਨ।
੨੫. ਧਾਨਾਂ ਦੇ ਪੱਤੇ, ਧਾਨਾਂ ਦੇ ਬੀੜੇ।
੨੬. ਸੁਹਾਉ, ਫੱਬਣ, ਸੁੰਦਰਤਾ।
੨੭. ਚਿੱਟੀ, ਉੱਜਲ।
੨੮. ਕਪੜੇ, ਲੀੜੇ ਭੀ (ਚਿੱਟੇ ਪਹਿਨੇ ਹਨ)।
੨੯. ਗਲ ਵਿੱਚ (ਮੋਤੀਆਂ ਦੇ ਹਾਰਾਂ ਨੇ ਭੀ) ਸੋਭਾ ਪਸਾਰੀ ਹੋਈ ਹੈ।
੩੦. ਕਾਮਦੇਵ ਮਦਨ।
੩੧. ਤੀਰ ਲੈ ਕੇ।
੩੨. ਪੂਰੇ ਤਾਣ ਨਾਲ।
੩੩. (ਅਸਾਨੂੰ) ਮਾਰਨ ਵਾਸਤੇ।
੩੪. ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਜਾਣ ਕੇ....ਕ੍ਰਿਸ਼ਨ ਜੀ ਤੋਂ ਵਿਛੁੜੀਆਂ ਹੋਇਆਂ ਸਮਝ ਕੇ।
੩੫. ਸਰਦੀ, ਠੰਢ, ਪਾਲਾ ਲਗਦਾ।
੩੬. ਸਰੀਰ ਨਾਲ ਸਰੀਰ ਮਿਲਾ ਕੇ, ਗਲ ਮਿਲ ਕੇ।
੩੭. ਪੋਹ ਦੇ ਮਹੀਨੇ ਵਿਚ।
੩੮. ਕਲੀਆਂ, ਭੰਬੂਲ—ਜੋ ਰਾਤੀ ਖਿੜਦੇ ਹਨ ਤੇ ਦਿਨ ਚੜ੍ਹੇ ਕੁਮਲਾ ਜਾਂਦੇ ਹਨ।

੩੯. ਹੋਲੀਆਂ ਦੀ ਸ਼ੋਭਾ ਕਰਕੇ ਮੈਂ ਨਹੀਂ ਵੇਖੀਆਂ।
੪੦. ਇਸ ਬਾਰ੍ਹਵੇਂ ਮਹੀਨੇ ਵਿਚ ਜਾਣੋ ਕਾਮ (ਮਦਨ) ਦੀ ਅੱਗ ਬਾਲੀ ਹੋਈ ਸੋਭ ਰਹੀ ਹੈ।
੪੧. ਟੱਸ ਟੱਸ ਨਹੀਂ ਕੀਤਾ, ਦੁਖਿਆ ਨਹੀਂ, ਚੋਭ ਦੀ ਪੀੜ ਨਹੀਂ ਮੰਨੀ।
੪੨. ਹੀਆ, ਦਿਲ।
੪੩. ਪੀੜ ਦੀ ਖਿੱਚ ਨਹੀਂ ਖਾਧੀ ਚੀਸ ਨਹੀਂ ਵੱਟੀ।
੪੪. ਜੀਅ ਨੂੰ ਕੁੱਸਣ (ਕੋਹਣ) ਵਾਲਾ, ਬੇਦਰਦ ਬੁੱਚੜ।
੪੫. ਬ੍ਰਿਜ ਪਿੰਡ ਦੀਆਂ ਮੁਟਿਆਰਾਂ ਗੋਪੀਆਂ ਨੇ (ਇਹ ਗੱਲ ਸੁਣੀ ਕਿ)।
੪੬. ਮੋਹ ਲੈਣ ਵਾਲੇ ਪ੍ਰੀਤਮ, ਕਾਨ੍ਹ ਜੀ (ਕਰੁਖੇਤ੍ਰ ਇਸ਼ਨਾਨ ਕਰਨ ਆਏ ਹਨ)।
੪੭. ਨਹੀਂ ਹੈ ਇਤਨਾ ਜਿਤਨਾ ਕਿ ਅਸੀਂ ਆਖ ਸਕੇ ਹਾਂ।
੪੮. ਨਿਸਾਰ ਵਾਰਨੇ ਕਰਦੀਆਂ ਹਾਂ।
੪੯. ਸੀਤਾ ਦੇ ਪਤੀ ਸ੍ਰੀ ਰਾਮ ਚੰਦਰ ਜੀ।
੫੦. ਅਵਧਪੁਰੀ, ਅਯੁੱਧਿਆ।
੫੧. ਕਾਰੀਗਰ।
੫੨. ਕਹਿ, ਦੱਸ।
੫੩. ਹਰ ਜਗ੍ਹਾ ਹੈ।
੫੪. ਮੁਕਤੀ।
੫੫. ਆਪਣਾ ਆਪ, ਭਾਵ ਮੈਂ।
੫੬. ਮੁੱਢੋਂ ਪੁੱਟ ਦੇਣਾ।
੫੭. ਦੁੱਖ ਦੇਣ ਵਾਲੇ।
੫੮. ਸੰਤਾਂ ਦੀ ਰੱਖਿਆ ਲਈ।
੫੯. ਜੜੋਂ ਪੁਟ ਦੇਣਾ।
੬੦. ਅਗਨ।
੬੧. ਇਕ ਪਾਪ ਕਰਕੇ ਭਰੀ ਹੋਈ ਨਹੀਂ ਭਾਵ ਮੇਰੇ ਵਿੱਚ ਬਹੁਤ ਪਾਪ ਹਨ।
੬੨. ਜੇ ਕੋਈ ਇਕ ਅੱਧ ਗੁਣ ਕਰਕੇ ਆਪੇ ਨੂੰ ਧੋ ਲਵਾਂ।
੬੩. ਸਾਰੀ ਰਾਤ।
੬੪. ਨਾਸ ਕਰਨਾ।
੬੫. ਪਾਲਣਾ ਕਰਨਾ ਅਥਵਾ ਉਤਪਤੀ ਕਰਨਾ।
੬੬. ਅੱਖ ਦਾ ਫੁਰਨਾ।

ਬੈਂਕੋਕ ੯-੧੨-੧੯੪੮

# ਬੰਕੌਕ–੧–੩–੧੯੫੦

– – – – ਆਵਾਜ਼ਾ ਲੈਣਾ, ਕੜਾਹ ਪ੍ਰਸ਼ਾਦ ਦਾ ਭੋਗ ਲੁਆਉਣਾ ਫਿਰ ਅੰਨ ਪਾਣੀ ਛਕਣਾ। ਉਨ੍ਹਾਂ ਦੇ ਪੁੱਤਰ ਨਾਤੀ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਨੇ,

*ਪਾਇ ਹੈਂ ਨ ਝਾਤੀ ਮੂਸ ਖਾਤ ਗ੍ਰੰਥ ਜੇ ਪਰੈਂ।*

ਉਨ੍ਹਾਂ ਦਿਨਾਂ 'ਚ ਜਦ ਅਲਮਾਰੀਆਂ ਨਹੀਂ ਸਨ, ਮੇਰੇ ਵੀ ਦੇਖਣ 'ਚ ਛੋਟੇ-ਛੋਟੇ ਆਲੇ ਲੋਕਾਂ ਦੇ ਅੰਦਰੀਂ ਹੁੰਦੇ ਸਨ—ਜਿੱਥੇ ਮਹਾਰਾਜ ਦੀਆਂ ਬੀੜਾਂ ਰੱਖੀਆਂ ਸੀ—ਉੱਥੇ, ਝਾਤੀ ਨਹੀਂ ਪਾਉਂਦੇ। ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਜਿਲਦਾਂ ਤੇ ਲੇਵੀ ਲੱਗੀ ਹੁੰਦੀ ਹੈ, ਚੂਹੇ ਖਾ ਜਾਂਦੇ ਸਨ। ਜੇ ਕੋਈ ਜਪੁਜੀ ਜਾਂ ਰਹਿਰਾਸ ਪੜ੍ਹੇ ਸੁਣੇ–

*ਜਪੁਜੀ ਨ ਰਹਿਰਾਸ, ਪੜ੍ਹੇ ਸੁਨੈ ਕਬੀ ਖਾਸ,*
*ਔਰ ਜੋ ਪਢਤ ਪਾਸ, ਹਾਸ ਤਿਨ ਯੌਂ ਰਰੈਂ।*

*–ਪੰਥ ਪ੍ਰਕਾਸ਼*

ਜੋ ਕੋਈ ਜਪੁਜੀ ਸਾਹਿਬ, ਰਹਿਰਾਸ ਕਦੇ ਨਹੀਂ ਪੜ੍ਹਦੇ, ਮੈਂ ਉਹਨਾਂ ਅੱਗੇ ਅਰਜ਼ ਬੇਨਤੀ ਕਰਦਾ ਹਾਂ ਕਿ ਉਹ ਪੜ੍ਹਿਆ ਕਰਨ। ਸਵੇਰ ਵੇਲੇ ਸਾਡੇ ਬੱਚੇ ਇੱਥੇ ਕੈਮਰੇ ਲੈ ਕੇ ਆ ਜਾਂਦੇ ਨੇ, ਕਿਸੇ ਕੋਲ ਮਾਲਾ ਨਹੀਂ ਹੁੰਦੀ, ਕਿਸੇ ਕੋਲ ਪੋਥੀ ਨਹੀਂ। ਜ਼ਰਾ ਧਿਆਨ ਦੇਣ ਦੀ ਲੋੜ ਹੈ —ਜਿੱਥੇ ਕੀਰਤਨ ਹੁੰਦਾ ਹੈ—ਜਿੱਥੇ ਸਾਧ-ਸੰਗਤ ਹੈ, ਇਹ ਖੇਡ ਤਮਾਸ਼ਾ ਨਹੀਂ ਬਣਿਆ ਹੋਇਆ। ਇੱਥੇ ਸਾਧ-ਸੰਗਤ ਹੈ, ਕੋਈ ਖਾਸ ਵਕਤ

ਆਇਆ—ਤੁਸੀਂ ਲੈ ਲਈਆਂ ਫੋਟੋਆਂ। ਸਵੇਰ ਵੇਲੇ ਬੈਠ ਕੇ, ਇਸ਼ਨਾਨ ਕਰਕੇ—ਸਣੇ ਕੇਸੀਂ, ਆ ਕੇ ਘੰਟਾ ਦੋ ਘੰਟੇ ਸਿਮਰਨ ਕਰਿਆ ਕਰੋ। ਇਹ ਮਨੁੱਖਾ ਜਨਮ, ਇਹ ਮੁੜ ਮਿਲਣ ਦਾ ਨਹੀਂ ਕੋਈ ਪਤਾ-

**ਏਥਹੁ ਛੁੜਕਿਆ ਠਉਰ ਨ ਪਾਇ**

*-ਆਸਾ ਮ:੩ ਪੰਨਾ-੩੬੨*

-ਜੇ ਫਿਰ ਵੀ ਤੁਸੀਂ ਉਠਕੇ ਨਹੀਂ ਆਉਂਦੇ, ਇੱਥੇ ਨਿਤਨੇਮ 'ਚ ਨਹੀਂ ਬੈਠਦੇ—ਰਾਤ ਮੈਂ ਇਹ ਗੱਲ ਕਹਿ ਤਾਂ ਦਿੱਤੀ ਬਈ ਜਿਹਦੀ ਮਰਜ਼ੀ ਹੈ ਹੁਣ ਜਾ ਸਕਦਾ ਹੈ, ਜਿਹੜੇ ਦੂਸਰੇ ਸੱਜਣ—ਜਿਹੜੇ ਬਿਨਾਂ ਨਾਮਧਾਰੀਆਂ ਤੋਂ—ਉਨ੍ਹਾਂ ਨੇ ਜਾਣਾ ਸੀ, ਕਈ ਉਨ੍ਹਾਂ ਚੋਂ ਵੀ ਬੈਠੇ ਰਹੇ ਪਰ ਕੂਕੇ ਕਿੱਥੇ ਨੇ ? ਉਨ੍ਹਾਂ ਆਖਿਆ—ਹੁਣ ਹੁਕਮ ਮਿਲ ਗਿਆ ਹੈ ਇਹੋ ਜਿਹਾ ਹੀ —ਜਿਸ ਤਰ੍ਹਾਂ ਆਲਮ ਜੀ ਨੇ ਅੱਜ ਆਖਿਆ ਸੀ ਤੀਸਰਾ ਹੁਕਮ ਤਾਂ ਨਹੀਂ ਨ ਮੋੜ ਦੇਣਾ—ਸ਼ਰਦਾਈ ਪੀਣ ਵਾਲਾ।

## ਸਿੱਖ ਦਾ ਨਿਤਨੇਮ

ਜ਼ਰਾ ਧਿਆਨ ਦੇਣ ਦੀ ਲੋੜ ਹੈ ਕਿ ਮਨੁੱਖਾ ਦੇਹ ਮਿਲੀ ਹੈ ਹੁਕਮ ਕੀ ਹੈ ? ਨਾਮਧਾਰੀ ਦਾ ਨਿਤਨੇਮ ਕੀ ਹੈ ? ਬਿਹੰਗਮ ਦਾ ਨਿਤਨੇਮ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਬਣਾਇਆ ਸੀ ਕਿ ਪੰਜ ਗਰੰਥ ਬਾਣੀ ਦਾ ਪਾਠ ਕਰੇ, ਪੰਜ ਮਾਲਾ ਭਜਨ ਦੀਆਂ ਫੇਰੇ, ਇੱਕ ਮਾਲਾ ਭਗੌਤੀਆਂ ਦੀ ਫੇਰੇ, ਪੰਜ ਪਾਠ ਜਪੁ ਜਾਪੁ ਦੇ ਕਰੇ, ਸੌ ਪੱਤਰਾ ਗ੍ਰੰਥ ਸਾਹਿਬ ਜੀ ਪੜ੍ਹੇ ਤੇ ਰੋਟੀ ਆਪਣੀ ਪਕਾ ਕੇ ਖਾਵੇ—ਇਹ ਬਿਹੰਗਮ ਦਾ ਸੀ। ਢਾਈ ਮਾਲਾ ਜਿਹੜਾ ਗ੍ਰਹਿਸਤੀ ਹੈ—ਉਹ ਵੀ ਫੇਰੇ, ਘੱਟ ਤੋਂ ਘੱਟ ਜਪੁ-ਜਾਪੁ, ਰਹਿਰਾਸ, ਆਰਤੀ ਸੋਹਿਲਾ, ਚੰਡੀ ਦੀ ਵਾਰ—ਏਦੂੰ ਘੱਟ ਕੋਈ ਨਾ ਰਹੇ। ਇਹ ਸਭ ਤੋਂ ਘੱਟ ਨਿਤਨੇਮ ਦੱਸਿਆ ਹੈ। ਹੁਣ ਇੱਕ ਘੰਟਾ —ਜਿਸ ਤਰ੍ਹਾਂ ਕੋਈ ਗੁੱਸਾ ਨਾ ਕਰੇ, ਹਿੰਦੂਆਂ ਦੇ ਸਾਰੇ ਕੇਸਾਂ ਦੇ ਥਾਉਂ ਨਿਸ਼ਾਨੀ ਬੋਦੀ ਹੀ ਰਹਿ ਗਈ—ਹੁਣ ਸਾਡੇ 'ਚ ਕੂਕਿਆਂ 'ਚ ਇੱਕ ਘੰਟਾ ਬੋਦੀ ਵਰਗਾ ਰਹਿ ਗਿਆ—ਉਹਨੂੰ ਵੀ ਕੋਈ ਪੂਰਾ ਨਹੀਂ ਕਰਦੇ। ਅੱਜ

ਕੱਲ੍ਹ ਅੰਗਰੇਜ਼ੀ ਫੈਸ਼ਨ ਨੇ ਬੋਦੀਆਂ ਵੀ ਛੱਡ ਦਿੱਤੀਆਂ ਹਨ, ਸਾਡਾ ਵੀ ਉਹੀ ਹਾਲ ਹੋ ਰਿਹਾ ਹੈ–ਇੱਕ ਘੰਟਾ ਬਹਿ ਕੇ ਭਜਨ ਨਹੀਂ ਹੁੰਦਾ, ਜਿੱਥੇ ਇਹ ਗੱਲ ਸੀ ਕਿ ਨਾਮ ਸਿਮਰਨ ਤੋਂ ਬਗੈਰ ਸੁਆਸ ਨਹੀਂ ਖਾਲੀ ਜਾਣਾ ਚਾਹੀਦਾ।

**ਸਾਸਿ ਗਿਰਾਸਿ[੧] ਜਪਉ ਅਪੁਨੇ ਹਰਿ ਭਾਲੀ[੨]।।**

*–ਬਿਲਾਵਲੁ ਮ:੧, ਪੰਨਾ-੭੯੬*

ਇਕ ਸਿੱਖ ਦੂਸਰੇ ਸਿੰਘ ਦੇ ਘਰ ਗਿਆ, ਉਸਨੇ ਉਹਦੇ ਅੱਗੇ ਪ੍ਰਸਾਦ ਰੱਖਿਆ ਛਕਣ ਵਾਸਤੇ। ਉਹ ਜਦੋਂ ਪ੍ਰਸ਼ਾਦ ਛਕਣ ਲੱਗਾ ਉਹ ਕਹਿੰਦਾ,''ਸੰਤ ਜੀ, ਰੁੱਖਾ ਨਾ ਛਕੋ।''

ਉਹਨੇ ਸੋਚਿਆ ਖਬਰੈ ਮੈਂ ਘਿਉ ਨਹੀਂ ਲਾਇਆ ਜਾਂ ਦਾਲ ਸੁੱਕੀ ਹੈ। ਲਾ ਕੇ ਜਦੋਂ ਫਿਰ ਛਕਣ ਲੱਗਾ, ਤਾਂ ਕਹਿੰਦੇ ਨੇ,''ਸੰਤ ਜੀ, ਰੁੱਖਾ ਨਾ ਖਾਓ।''

ਅੱਗੋਂ ਜੇ ਤੇ ਹੁੰਦਾ ਉਹੋ ਜਿਹਾ ਤਾਂ ਕਹਿੰਦਾ,''ਤੂੰ ਅੰਨ੍ਹਾ ਹੈਂ–ਮੈਂ ਤਾਂ ਸਭ ਕੁਛ ਲਾ ਕੇ ਛਕਦਾਂ।'' ਪਰ ਉਹ ਵੀ ਸਾਧੂ ਸੀ, ਉਸ ਆਖਿਆ,''ਮਹਾਰਾਜ, ਗਲਤੀ ਹੋ ਜਾਂਦੀ ਹੈ ਮੈਨੂੰ ਤੁਸੀਂ ਦੱਸ ਦਿਉ।''

ਉਸ ਆਖਿਆ,''ਭਾਈ, ਜਦੋਂ ਤੂੰ ਬੁਰਕੀ ਪਾਵੇਂ, ਹਰ ਬੁਰਕੀ ਨਾਲ ਨਾਮ ਜਪ।''

**ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ।।**

ਹਰ ਇੱਕ ਸੁਆਸ ਦੇ ਨਾਲ ਨਾਮ ਜਪ। ਕਿਸੇ ਕਵੀ ਨੇ ਲਿਖਿਆ ਹੈ–

*ਸੁਆਸ ਸੁਆਸ ਹਰੀ ਨਾਮ ਜਪ ਬ੍ਰਿਥਾ ਸੁਆਸ ਮਤ ਖੋਇ।*
*ਕਿਆ ਜਾਨੋ ਮਤ ਅੰਤ ਕਾ ਇਹੀ ਸੁਆਸ ਨ ਹੋਇ।*

ਸਾਨੂੰ ਇਤਨੀ ਛੋਟ ਮਿਲਦਿਆਂ ਹੋਇਆਂ, ਹੁਣ ਇਸ ਮੁਲਕ ਵਿੱਚ ਆ ਕੇ ਸਤਿਗੁਰਾਂ ਨੇ ਲਿਖਿਆ ਹੈ ਆਪਣੇ ਹੁਕਮਨਾਮੇ 'ਚ,''**ਭਾਈ ਬਣ ਆਵੈ ਤਾਂ ਪੰਜ ਗਰੰਥ ਕੰਠ ਕਰਨੇ ਜ਼ਰੂਰ, ਨਹੀਂ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਸੁਖਮਨੀ, ਆਸਾ ਦੀ ਵਾਰ, ਨਹੀਂ ਤੇ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ ਚੰਡੀ ਦੀ ਵਾਰ ਜ਼ਰੂਰ ਪੜ੍ਹਨੇ।**''

ਅਸੀਂ ਲੋਕਾਂ ਨਾਲ ਲੜਦੇ ਹਾਂ ਅਸੀਂ ਕੂਕੇ ਹਾਂ, ਇਹ ਕੂਕੇ ਨਹੀਂ, ਇਹ ਗੁਰੂ ਨੂੰ ਨਹੀਂ ਮਿਲੇ ਹੋਏ। ਫਿਰ ਸਾਡਾ ਕੂਕ-ਪੁਣਾ ਲੜਨ ਵਾਸਤੇ ਹੈ ? ਸਾਡਾ ਆਚਰਨ ਹੋਣਾ ਚਾਹੀਦਾ ਹੈ। ਕਹਿਣੀ ਔਰ ਕਰਨੀ ਅੱਖਰ ਇੱਕੋ ਜਿਹੇ ਹੀ ਹਨ ਥੋੜਾ ਜਿਹਾ ਹਾਹੇ ਦਾ ਮੂੰਹ ਖੁਲ੍ਹਿਆ ਹੋਇਆ ਹੈ, ਜੇ ਮਿਲ ਜਾਏ ਤਾਂ ਕਰਨੀ ਜੇ ਖੁਲ੍ਹ ਜਾਏ ਤਾਂ ਕਹਿਣੀ। ਗੱਲਾਂ ਬਾਤਾਂ ਨਾਲ ਨਹੀਂ-

**ਗਲੀ ਹਉ ਸੁਹਾਗਣਿ ਭੈਣੇ**
**ਕੰਤੁ ਨ ਕਬਹੂੰ ਮੈਂ ਮਿਲਿਆ।।**

*-ਆਸਾ ਮ:੧, ਪੰਨਾ-੪੩੩*

ਰੋਜ਼ ਆਸਾ ਦੀ ਵਾਰ 'ਚ ਸੁਣਦੇ ਹੋ-

**ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ।।**

*-ਪੰਨਾ-੪੬੫*

ਜ਼ਰਾ ਧਿਆਨ ਦੀ ਲੋੜ ਹੈ।

## ਸਿੱਖੀ ਦੀ ਹਾਲਤ

*ਜਾਗ ਜਿਨਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ,*
*ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੇਂ।*
*ਤਿਨਹੀ ਕੇ ਨਾਤੀ, ਧੂਪ ਦੀਪ ਕੀ ਕਹਾ ਬਖਯਾਤੀ।*
*ਪਾਇ ਹੈਂ ਨ ਝਾਤੀ ਮੂਸ ਖਾਤ ਗ੍ਰੰਥ ਜੇ ਪਰੇਂ।*
*ਜਪੁਜੀ ਨ ਰਹਿਰਾਸ, ਪਢੈਂ ਸੁਨੈ ਕਬੀ ਖਾਸ,*
*ਔਰ ਜੋ ਪਢਤ ਪਾਸ, ਹਾਸ ਤਿਨ ਯੋਂ ਰਰੈਂ।*

*-ਪੰਥ ਪ੍ਰਕਾਸ਼*

ਜੇ ਕੋਈ ਕੋਲ ਬੈਠਕੇ ਪੜ੍ਹਦਾ ਹੈ ਤਾਂ ਉਸ ਨੂੰ ਮਖੌਲ ਕਰਦੇ ਹਨ ਹਾ, ਹਾ, ਹਾ ਓਏ ਰੱਬ ਬੋਲਾ ਹੈ ਤੂੰ ਜੋ ਬਾਣੀ ਪੜ੍ਹਨ ਲੱਗਿਆ ਰੌਲਾ ਪਾਇਆ ਹੈ-

*ਕਹਾਂ ਰਬ ਬਹਿਰਾ ਹੈ ਗਹਿਰਾ ਪੁਕਾਰੇ ਜੋ ਤੂੰ,*
*ਸ਼ਹਿਰਾਂ ਮੇਂ ਜਾਹਿ ਲੁਕਮੇ ਰਿਝਾਇ ਲੈ ਤਰੈ।*

*–ਪੰਥ ਪ੍ਰਕਾਸ਼*

–ਇਹ ਹਾਲਤ ਹੋਈ। *ਕੇਈ ਬਾਰ ਪਾਰੈਂ*—ਕੁਝ ਤਾਂ ਵਾਲ ਪਾੜਦੇ ਹਨ।

–*ਓਚੈਂ ਨਾਕ ਨੋਚੈਂ ਮੋਚਨੇ ਲੈ*—ਕਈ ਮੋਚਨਿਆਂ ਨਾਲ ਨੱਕ ਦੇ ਵਾਲ ਪੁਟਦੇ ਹਨ।

–*ਕੋਊ ਦਾੜ੍ਹੈ ਹੀ ਉਖਾੜੈਂ*—ਕਈ ਏਥੋਂ ਦਾੜ੍ਹੀ ਦੇ ਵਾਲ ਉੱਚੇ ਕਰਦੇ ਹਨ।

–*ਹਾਥ ਮਾਥ ਪੈ ਚਲਾਇ ਹੈਂ*–ਕਈ ਇੱਥੋਂ ਮੱਥੇ ਦੀਆਂ ਵੀ ਚੂੰਡਾਂ ਕੱਢਦੇ ਹਨ।

ਭਾਈ ਗਿਆਨ ਸਿੰਘ ਜੀ ਕਹਿੰਦੇ ਹਨ–

*ਸਿੱਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ,*
*ਹਾਇ ਵੇ ਕਸਾਈ ਰਹੇ ਸਿਖੀ ਗਊ ਘਾਇ ਹੈਂ।*

*–ਪੰਥ ਪ੍ਰਕਾਸ਼*

ਸਿੱਖਾਂ ਦੇ ਪੁੱਤਰ ਜਿਨ੍ਹਾਂ ਦੇ ਨਾਮ ਸਿੰਘ ਹਨ, ਉਹੀ ਸਿੱਖੀ ਰੂਪ ਗਊ ਨੂੰ ਕਤਲ ਕਰਦੇ ਹਨ। ਇਹ ਸਮਾਂ ਆਇਆ। ਉਸ ਸਮੇਂ ਦੇ ਵਿੱਚ ਸਤਿਗੁਰੂ ਰਾਮ ਸਿੰਘ ਨੇ ਪ੍ਰਗਟ ਹੋ ਕੇ ਜਿਹੜਾ ਗੁਰੂ ਗੋਬਿੰਦ ਸਿੰਘ ਨੇ ਕਿਹਾ ਸੀ ਕਿ–

**ਜਬ ਜਬ ਹੋਤ ਅਰਿਸਟਿ**[੩] **ਅਪਾਰਾ।।**
**ਤਬ ਤਬ ਦੇਹ ਧਰਤ ਅਵਤਾਰਾ।।**

*–ਦਸਮ ਗ੍ਰੰਥ, ਪੰਨਾ–੧੫੫*

ਉਸ ਹਾਲਤ ਨੂੰ ਦੇਖਕੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦੁਨੀਆ ਵਿੱਚ ਹੋਇਆ। ਜਿਹੜੇ ਪੁਰਸ਼ ਉਸ ਵੇਲੇ ਦੇ ਸਨ—ਸਿੱਖਾਸ਼ਾਹੀ ਦਾ ਪਹਿਲਾ ਨਾਮ ਸੀ—ਨਾਦਰਸ਼ਾਹੀ, ਧੱਕਾ, ਫਿਰ ਸਿੱਖਾਸ਼ਾਹੀ ਨਾਮ ਪੈ ਗਿਆ। ਕੀ ਹੋਇਆ–

*ਨਿਜ ਤਿਯ ਤਜੁ ਕੁਲਟਾ ਬਿਭਚਾਰਨ ਮੁੰਡਿਓਂ ਸੰਗ ਰਮੈ ਹੈਂ ਜੇ।*
*ਤਿਨ ਕੇ ਸੰਗੀ ਬਾਦ ਫਿਰੰਗੀ ਬਹੁਤ ਨਮਰਦ ਥਵੈਂ ਹੈਂ ਜੇ।*
*ਸਿੰਘ ਸੁਨਿਹਰੀ ਕਬਜੇ ਵਾਰੇ ਤਿਨੈ ਮਸਖਰੀ ਲੋਗ ਕਰੈਂ।*

*ਸਰਮ ਹਿਆਉ ਸੁਕਰਮ ਧਰਮ ਤਜ ਪੈ ਕੁਕਰਮ ਮੈ ਸੋਊ ਮਰੈਂ।*
*-ਪੰਥ ਪ੍ਰਕਾਸ਼*

ਸਿੱਖਾਂ ਦੇ ਪੁੱਤਰ ਆਪਣੀਆਂ ਔਰਤਾਂ ਛੱਡ ਕੇ, ਕੰਜਰੀਆਂ ਨੂੰ ਰੰਡੀਆਂ ਬਣਾ ਕੇ ਦੇਣੀਆਂ, ਘਰ ਵੱਲ ਝਾਕਣਾ ਨਹੀਂ, ਫਿਰ ਮੁੰਡੇ ਭੀ ਰੱਖੇ ਹੋਏ ਨੇ। ਭਾਈ ਸ਼ਾਮ ਸਿੰਘ ਜੀ ਸਨ ਇੱਕ ਸਰਹਾਲੀ ਦੇ, ਜਿਨ੍ਹਾਂ ਸੰਤਾਂ ਜੀਊਣ ਸਿੰਘ ਹੁਰਾਂ ਦਾ ਮੈਂ ਅੱਗੇ ਨਾਂ ਲਿਐ, ਇਹਨਾਂ ਦੇ ਪਿਤਾ ਸਨ। ਸਤਿਗੁਰਾਂ ਦੇ ਨਾਲ ਉਹ ਫੌਜ ਵਿੱਚ ਸਨ ਲਾਹੌਰ ਵਿੱਚ। ਸਤਿਗੁਰਾਂ ਨੇ ਕਿਹਾ ਭਾਈ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਸੀ ਕਿ ਜਿਹੜੇ ਕੱਚੀ ਸਰਕਾਰ ਦੇ ਸਿੱਖ ਹੋਣਗੇ—ਇਹੋ ਹੀ ਹੈਂ—ਜੇ ਅੱਗੇ ਹੀ ਸਿੱਖ ਹੁੰਦੇ ਤਾਂ ਸਤਿਗੁਰੂ ਜੀ ਇਉਂ ਕਿਉਂ ਆਖਦੇ। ਤੁਸੀਂ ਵੀ ਰਹਿ ਕੇ ਡਿੱਠਾ ਹੈ ਲਾਹੌਰ ਤੇ ਮੈਂ ਵੀ—ਮੁਸਲੀ, ਲੜਕਾ, ਮਾਸ, ਦਾਰੂ—ਆਮ, ਭਜਨ ਬਾਣੀ ਕਿਤੇ ਨਾਮ ਮਾਤਰ ਵੀ ਨਾ ਸੀ।

ਇੱਕ ਗੱਲ ਯਾਦ ਆਈ ਹੈ। ਸਤਿਗੁਰੂ ਜੀ ਫੌਜ ਵਿੱਚ ਹੁੰਦੇ, ਭਜਨ ਬਾਣੀ ਬਾਹਰ ਕਰਨ ਚਲੇ ਜਾਂਦੇ—ਮਸਤਾਨਾ ਨਾਮ ਪਿਆ ਹੋਇਆ ਸੀ। ਕਦੇ ਕਦੇ ਬਹਿ ਕੇ ਦੋ ਇੱਟਾ ਪੀਂਹਦੇ, ਜੇ ਪੁੱਛਣਾ "ਕੀ ਕਰਦੇ ਓ ?" ਕਹਿੰਦੇ ਨੇ,"ਭਾਰੀ ਕਾਰ ਲੱਗੇ ਹੋਏ ਹਾਂ—ਇਹ ਮਲੇਛ ਖਾਲਸੇ ਨੂੰ ਪੀਹਣ ਦੀ।" ਫੌਜ ਦੀ ਤਿਆਰੀ ਹੋਈ, ਜੰਗ ਅੰਗਰੇਜ਼ਾਂ ਨਾਲ ਕਰਨ ਵਾਸਤੇ। ਆਪ ਸੱਚੇ ਪਾਤਸ਼ਾਹ ਉਹਨਾਂ ਦਿਨਾਂ ਵਿੱਚ ਫੌਜ ਵਿੱਚ ਸਨ, ਬਾਬੇ ਕਾਹਨ ਸਿੰਘ ਜੀ ਜੈਸੇ ਮਹਾਂਪੁਰਸ਼ ਸਤਿਗੁਰਾਂ ਦੇ ਸੇਵਕ ਹੁੰਦੇ ਸਨ--ਸੂਬੇਦਾਰ ਸਨ ਫੌਜ ਵਿੱਚ। ਉਹਨਾਂ ਨੂੰ ਕਈ ਕੌਤਕ ਦਿਖਾਏ।

ਕੜਾਹ ਪ੍ਰਸ਼ਾਦ ਕੀਤਾ ਕਿਸ ਤਰ੍ਹਾਂ ਸਿੱਖ ਰਹਿ ਗਏ ਸੀ, ਸਿੱਖੀ ਦੀ ਹਾਲਤ ਮੈਂ ਅਰਜ਼ ਕਰਨ ਲੱਗਾ ਹਾਂ— ਹੱਟੀ ਵਾਲੇ ਬਾਣੀਏ ਤੋਂ ਕੜਾਹ ਪ੍ਰਸ਼ਾਦ ਬਣਵਾ ਕੇ ਤਾਬਿਆ ਰੱਖਿਆ ਹੈ, ਬਈ ਮਸਤਾਨਾ ਆਵੇ ਤਾਂ ਭੋਗ ਪਾਉਂਦੇ ਹਾਂ। ਸਤਿਗੁਰ ਆ ਗਏ, ਆਉਂਦਿਆਂ ਹੀ ਫੜ ਕੇ ਸੋਟੇ ਨਾਲ ਜਿਉਂ ਚੁੱਕਿਆ ਹੈ ਥਾਲ ਕੜਾਹ ਦਾ—ਮਾਰਿਆ ਚੁੱਕ ਕੇ ਬਾਹਰ। ਬੜੇ ਔਖੇ ਹੋਏ ਲੋਕ। ਉਨ੍ਹਾਂ ਆਖਿਆ,"ਬਈ ਕੁਛ ਪਤਾ ਕਰੋ।"

ਪੁੱਛਿਆ—ਕਹਿਣ ਲੱਗੇ,''ਉਏ ਤੁਹਾਨੂੰ ਸ਼ਰਮ ਨਹੀਂ ਆਉਂਦੀ ਤੁਸੀਂ ਸਿੱਖ ਬਣੇ ਹੋਏ ਹੋ ਗੁਰੂ ਗੋਬਿੰਦ ਸਿੰਘ ਦੇ'' ਪੜ੍ਹਕੇ ਤਾਂ ਦੇਖੋ ਰੀਤ–

## ਕੜਾਹ ਪ੍ਰਸਾਦਿ ਕਰਨ ਦੀ ਬਿਧਿ

*ਕੜਾਹ ਪ੍ਰਸਾਦ ਕੀ ਬਿਧ ਸੁਨ ਲੀਜੈ,*
*ਤੀਨ ਭਾਂਤ ਕੋ ਸਮਸਰ ਕੀਜੈ।*
*ਲੇਪਨ ਆਗੈ ਬਹੁਕਰ ਦੀਜੈ*

ਪਹਿਲਾਂ ਹੀ ਨਾ ਲੇਪਣ ਚੁਲ੍ਹਿਆਂ ਤੇ ਦਿਉ, ਵਿੱਠਾਂ ਭੀ ਵਿੱਚੇ ਹੀ ਮੇਲ ਦਿਉ—ਪਹਿਲਾਂ ਬਹੁਕਰ ਦੇ ਕੇ, ਜਗ੍ਹਾ ਸਾਫ਼ ਕਰੋ, ਕੀੜੀਆਂ ਪਤੰਗੇ ਸਭ ਸਾਫ ਕਰੋ, ਫਿਰ ਲੇਪਨ ਦਿਓ।

*ਮਾਂਜਨ ਕਰ ਭਾਂਜਨ ਧੋਵੀਜੈ।*

ਭਾਂਡਿਆਂ ਨੂੰ ਮਾਂਜੋ, ਫਿਰ ਭਾਂਡਿਆਂ ਨੂੰ ਧੋਵੋ।

*ਕਰ ਇਸਨਾਨ ਪਵਿਤ੍ਰ ਹੋਇ ਬਹੈ,*

ਇਸ਼ਨਾਨ ਕਰੇ, ਇਸ਼ਨਾਨ ਇਹਦਾ ਨਾਂ ਨਹੀਂ ਬਈ, ਏਨਾ ਨਹਾ ਲਵੇ ਜਾਂ ਐਨਾਂ–

**ਮੁਇਆ ਜੀਵਦਿਆ ਗਤਿ [੪]ਹੋਵੈ ਜਾਂ ਸਿਰਿ ਪਾਈਐ ਪਾਣੀ।।**
**ਨਾਨਕ ਸਿਰ ਖੁਥੇ [੫] ਸੈਤਾਨੀ [੬] ਏਨਾ ਗਲ ਨ ਭਾਣੀ।।**

*–ਮਾਝ ਮ:੧, ਪੰਨਾ–੧੫੦*

ਕੇਸਾਂ ਵਿੱਚ ਜਲ ਪਾ ਕੇ ਇਸ਼ਨਾਨ ਕਰੇ।

*ਵਾਹਿਗੁਰੂ ਬਿਨ ਅਵਰ ਨ ਕਹੈ।*

ਜਪੁ ਸਾਹਿਬ ਦਾ ਪਾਠ ਨਾ ਕਰੇ ਕੜਾਹ ਪ੍ਰਸਾਦਿ ਕਰਨ ਲੱਗਿਆਂ —ਨਾਮ ਜਪੇ, ਜਿਹੜਾ ਗੁਰੂ ਸਹਿਬ ਨੇ ਦੱਸਿਆ ਹੈ, ਮੂੰਹ ਬੰਨ੍ਹਿਆ ਹੋਵੇ, ਨਾਮ ਜਪਦਾ ਰਹੇ—ਕੜਾਹ ਪ੍ਰਸਾਦਿ ਕਰੇ। ਇਸ ਤਰ੍ਹਾਂ ਕੜਾਹ ਪ੍ਰਸਾਦ ਦੀ ਮਰਯਾਦਾ ਲਿਖੀ ਹੈ।

ਉਹਨਾਂ ਆਖਿਆ,''ਓ ਤੁਸੀਂ ਕੜਾਹ ਪ੍ਰਸਾਦ ਹੁੱਕੇ ਦੇ ਪਾਣੀ ਦਾ ਕਰਕੇ ਗੁਰੂ ਸਾਹਿਬ ਨੂੰ ਭੋਗ ਲੁਆਉਂਦੇ ਹੋ।''

ਹੈਰਾਨ ਹੋ ਗਏ ! ਸੱਦਿਆ ਬਾਣੀਏ ਨੂੰ, ਉਹਨੂੰ ਆਖਿਆ,''ਬਈ ਸੱਚ ਦੱਸ ਤੈਨੂੰ ਕਹਿੰਦੇ ਕੁਛ ਨਹੀਂ।''

ਉਹਨੇ ਆਖਿਆ,''ਮਹਾਰਾਜ ਜਿਹੜੀ ਮਟਕੀ ਵਿੱਚੋਂ ਪਾਣੀ ਲਿਆਇਆਂ ਕੜਾਹ ਪ੍ਰਸ਼ਾਦ ਕਰਨ ਨੂੰ, ਸਵੇਰੇ ਮੈਂ ਆਪਣਾ ਲਲੇਰਾ—ਕਿਉਂਕਿ ਉਹ ਜਾਣਦੇ ਹੋਣਗੇ, ਬਈ ਤੁਸੀਂ ਤੇ ਪੰਜਾਬੀ ਹੋ ਸਾਰੇ ਲਲੇਰ ਦੇ ਹੁੱਕੇ ਜਿਹੜੇ ਬਣੇ ਹੁੰਦੇ ਸੀ—ਮੈਂ ਸਵੇਰੇ ਲਲੇਰਾ ਆਪਣਾ ਇਹਦੇ ਚੋਂ ਡੁਬੋ ਕੇ ਕੱਢਿਆ।'' ਇਸ ਤਰ੍ਹਾਂ ਦੀ ਸਿੱਖਾਂ ਦੀ ਮਰਯਾਦਾ ਹੋ ਗਈ ਸੀ।

ਹੁਣ ਵੀ ਖਿਮਾ ਕਰਨਾ, ਦੁਕਾਨ ਤੋਂ ਕੜਾਹ ਪ੍ਰਸ਼ਾਦ ਲਿਆ ਕੇ ਅੱਗੇ ਰੱਖ ਕੇ, ਕਹਿਨੇ ਹਾਂ,''ਸੱਚੇ ਪਾਤਸ਼ਾਹ ਤੈਨੂੰ ਭੋਗ ਲੱਗੇ।'' ਉੱਥੇ ਪਤਾ ਹੀ ਨਹੀਂ ਹੁੰਦਾ—ਉਹਨੇ ਕਿਸ ਤਰ੍ਹਾਂ ਕੀਤਾ ਹੁੰਦਾ ਹੈ—ਉਹਦੀ ਕੀ ਹਾਲਤ ਹੁੰਦੀ ਹੈ—ਦੁਕਾਨਦਾਰ ਸਿਗਰਟ ਪੀਣ ਵਾਲੇ ਵੀ ਹੁੰਦੇ ਹਨ—ਹੱਥ ਵੀ ਨਹੀਂ ਧੋਂਦੇ, ਕੜਾਹ ਪ੍ਰਸ਼ਾਦ ਦੀ ਮਰਯਾਦਾ ਨਹੀਂ ਹੈ। ਤਾਂ ਇਸ ਹਾਲਤ ਨੂੰ ਦੇਖ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੁਨੀਆਂ ਤੇ ਪ੍ਰਗਟ ਹੋਏ ਔਰ ਪ੍ਰਗਟ ਹੋ ਕੇ, ਲੋਕਾਂ ਨੂੰ ਮੁੜਕੇ, ਭੁਲਿਆਂ ਹੋਇਆਂ ਲੋਕਾਂ ਨੂੰ, ਭਾਈ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਨੇ—

*ਹੁਕੇ ਛੁਡਵਾਏ ਰਖਵਾਏ ਕੇਸ ਮੋਨਿਯੋਂ ਕੇ ਸੁਧਾ ਛਕ*
*ਥਾਏ ਸਿਖ ਭਾਗ ਜਿਨੈ ਜਾਗਿਓ।*
*ਫੈਲਿਓ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ*
*ਸਿਖ ਪੰਥ ਬਿਰਧਾਨੋ ਨਾਮ ਰਸ ਪਾਗਿਓ।*
*ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ, ਠਗੀ,*
*ਤਜ ਥੀਏ ਸੰਤ ਸਤਿਜੁਗ ਆਗਿਓ।*

*-ਪੰਥ ਪ੍ਰਕਾਸ਼*

## ਨਾਮ-ਅਮੋਲਕ ਲਾਲ

ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਗੁਰਿੰਡਨਾਮੇ 'ਚ-

**ਕਲਜੁਗ ਮੇਂ ਸਤਿਜੁਗ ਕਰ ਠਾਨੋਂ।।**

**ਤਬ ਹੀ ਬਾਰ੍ਹਵਾਂ ਬਪ ਪਹਿਚਾਨੋਂ।।**

ਸਤਿਜੁਗ ਲਾਇਆ ਸਤਿਗੁਰਾਂ ਨੇ। ਹੁਣ ਜਿਹੜੇ ਸਤਿਜੁਗ ਵਿੱਚ ਰਹਿਣ—ਉਹ ਸਤਿਗੁਰੂ ਦੇ, ਜਿਹੜੇ ਕਲਜੁਗ ਵਿਚ ਵੜਨ—ਫਿਰ ਮੈਂ ਕੀ ਆਖਾਂ ? ਕਿਉਂਕਿ ਸਤਿਗੁਰਾਂ ਨੇ ਸਤਿਜੁਗ ਲਾਇਆ—ਉਹਨਾਂ ਸਤਿਗੁਰਾਂ ਦਾ ਹੁਣ ਮੰਗਲ ਸੰਤ ਜੀ ਅੱਗੇ ਕਹਿ ਰਹੇ ਹਨ।

ਇੱਕ ਆਦਮੀ ਜ਼ਿਮੀਂਦਾਰ ਬੜਾ ਗਰੀਬ ਸੀ। ਉਹ ਬਾਹਰ ਆਪਣੇ ਖੇਤ 'ਚ ਰਹਿੰਦਾ ਸੀ। ਉਹਦਾ ਖੇਤ ਸੀ ਦਰਿਆ ਦੇ ਕੰਢੇ ਉੱਤੇ। ਜਾਨਵਰ ਪੈਂਦੇ ਸਨ, ਉਹਨੇ ਘੁਮਾਣੀ, ਗੋਪੀਆ, ਕੁਝ ਕਹਿ ਲਓ ਉਹਦੇ ਨਾਲ ਉਹ ਢੀਮਾਂ ਵੱਟ-ਵੱਟ ਕੇ ਮਾਰਦਾ ਸੀ। ਇੱਕ ਦਿਨ ਜੋ ਗਿਆ ਦਰਿਆ ਦੀ ਢਾਹ ਲੱਗੀ, ਵਿੱਚੋਂ ਇੱਕ ਭਾਂਡਾ ਉਹਨੂੰ ਏਡਾ ਕੁ ਮਿਲਿਆ ਜਿਹਦੇ 'ਚ ਬੜੇ ਸੋਹਣੇ ਲਾਲ-ਲਾਲ ਗੁਲੇਲੇ, ਮਾਲੂਮ ਹੋਏ ਉਹਨੂੰ। ਉਹ ਚੁੱਕ ਲਿਆਇਆ। ਉਹ ਲਿਆ ਕੇ ਲੱਗਾ ਚਲਾਉਣ—ਉਹ ਮਾਰੇ ਇਧਰੋਂ ਤੇ ਜਾ ਪਵੇ ਦਰਿਆ ਵਿੱਚ। ਕੁਦਰਤ ਨਾਲ ਇੱਕ ਪਿਆ ਸੀ, ਸੋਹਣਾ ਲੱਗਿਆ ਲਾਲ ਮਣਕਾ—ਉਹਦੀ ਘਰ ਵਾਲੀ ਆਈ, ਉਹਨੇ ਆਖਿਆ,''ਮੈਂ ਆਹ ਬੱਚੇ ਨੂੰ ਖਿਡਾਉਣ ਨੂੰ ਲੈ ਜਾਵਾਂ।'' ਉਸ ਆਖਿਆ,''ਤੂੰ ਲੈ ਜਾ।'' ਉਹ ਘਰ ਲੈ ਆਈ—ਸੀ ਭੁੱਖ ਦੇ ਮਾਰੇ ਹੋਏ। ਉਹ ਮਣਕਾ ਫੜੀ ਜਾਂਦੀ ਸੀ ਕਿਸੇ ਜੌਹਰੀ ਨੇ ਦੇਖ ਲਿਆ। ਉਸਨੇ ਦੇਖ ਕੇ ਆਖਿਆ,''ਮਾਈ, ਇਹ ਕਿੱਥੋਂ ਲਿਆਈ ਹੈਂ।''

ਉਹਨੇ ਆਖਿਆ,''ਭਾਈ ਮੇਰੇ ਕੋਲ ਹੈ।''

ਉਸ ਆਖਿਆ,''ਫਿਰ।''

''ਸਾਡੇ ਕੋਲ ਤਾਂ ਅੰਨ ਪਾਣੀ ਵੀ ਨਹੀਂ ਖਾਣ ਨੂੰ।''

ਦੇਖ ਕੇ ਮਣਕਾ, ਉਹਨੇ ਆਖਿਆ,''ਜਾਹ ਆਪਣੇ ਬਾਲ ਬੱਚੇ ਸਾਰੇ ਲੈ ਆਈਂ ਕੱਲ ਨੂੰ, ਸੂਰਜ ਚੜ੍ਹਦੇ ਤੋਂ ਛਿਪਦੇ ਤਕ ਜਿੰਨਾਂ ਤੂੰ ਧਨ ਢੋ ਸਕੇਂ ਘਰ ਢੋ ਲਈਂ—ਇਹ ਮਣਕਾ ਮੈਨੂੰ ਦੇ ਜਾਹ।''

ਮਾਈ ਨੂੰ ਬੜੀ ਖੁਸ਼ੀ ਹੋਈ, ਉਹਨੂੰ ਮਣਕਾ ਦੇ ਦਿੱਤਾ, ਲੱਗੇ ਢੋਣ —ਦੋ ਤਿੰਨ ਬੱਚੇ ਬੱਚੀਆਂ ਨਾਲ ਲੱਗੇ। ਜਿਸ ਵੇਲੇ ਉਹਨੇ ਜੌਹਰੀ ਨੇ

ਦੇਖਿਆ—ਅੱਜ ਕੱਲ੍ਹ ਵਰਗੇ ਨਹੀਂ ਸੇ ਬਈ ਗਲੋਂ ਹੀ ਲਾਹ ਲੈਂਦੇ—ਉਹਨੇ ਅਖਿਆ,''ਬਈ ਮਾਈ ਤੇਰੇ ਕੋਲੋਂ ਧਨ ਉਨਾ ਜਾ ਨਹੀਂ ਸਕਦਾ, ਤੁਸੀਂ ਥੜੇ ਤੋਂ ਭੁੰਜੇ ਸੁੱਟ ਲਓ ਰਾਤ ਨੂੰ ਢੋਂਦੇ ਰਿਹੋ।'' ਉਹਨਾਂ ਸੁੱਟ ਲਿਆ, ਘਰ ਲੈ ਗਏ।

ਜ਼ਿਮੀਦਾਰ ਛੇਈਂ ਮਹੀਨੀਂ ਘਰ ਆਇਆ, ਆਕੇ ਦੇਖਿਆ,''ਆਹ ਕੀ ਬਣਿਆ ਹੈ ?''

ਉਹਨੇ ਆਖਿਆ,''ਇਹ ਉਸ ਮਣਕੇ ਦਾ ਪ੍ਰਤਾਪ ਹੈ।''

ਹਉਕਾ ਲੈ ਕੇ ਜਾਨ ਨਿਕਲਣ ਲੱਗੀ, ਕਹਿੰਦਾ,''ਹਾਏ ਮੇਰੇ ਦੂਜੇ ਕਿਧਰ ਗਏ।'' ਇਹ ਹੈ, ਸਾਧ ਸੰਗਤ ਵਿੱਚ ਉਹ ਲਾਲ ਮਣਕਾ, ਜਿਹੜੀ ਤੁਹਾਡੀ ਇੱਥੇ ਘੜੀ ਲੱਗਣੀ ਹੈ—ਸਾਧ ਸੰਗਤ ਵਿੱਚ ਨਾਮ ਜਪਦਿਆਂ ਦੀ। ਦੂਜੇ ਤੁਹਾਡੇ ਐਵੇਂ ਜਾਂਦੇ ਹਨ। ਭਾਈ ਸਾਧ ਸੰਗਤ ਦੇ ਵਿੱਚ—ਕਬੀਰ ਜੀ ਕਹਿੰਦੇ ਨੇ-

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ।।**
**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ।।**

*-ਪੰਨਾ-੧੩੭੭*

- **ਸੰਗਤ ਕਾ ਗੁਨੁ ਬਹੁਤ ਅਧਕਾਈ,**

ਮਹਾਰਾਜ ਕਹਿੰਦੇ ਹਨ-

**ਪੜਿ ਸੂਆ ਗਨਕ ਉਧਾਰੇ।।**

*-ਨਟ ਮ:੪, ਪੰਨਾ-੯੮੧*

ਉਹ ਤੋਤੇ ਨੂੰ ਪੜ੍ਹਾਉਂਦੀ—ਕੰਜਰੀ ਦਾ ਉੱਧਾਰ ਹੋ ਗਿਆ-

**ਅਜਾਮਲੁ ਪਿੰਗੁਲਾ[੭] ਲੁਭਤ[੮] ਕੁੰਚਰੁ[੯] ਗਏ ਹਰਿ ਕੈ ਪਾਸਿ।।**

*-ਪੰਨਾ-੧੧੨੪*

-ਨਾਮ ਜਪਣ ਤੋਂ। ਸਤਿਗੁਰਾਂ ਨੇ ਇਹ ਵਕਤ ਦਿੱਤਾ ਹੈ। ਉੱਥੇ ਹੁਕਮ ਮਿਲਿਆ ਹੈ ਇੱਕ ਸਿੰਘ ਨੂੰ—ਸਿੰਘ ਨਿਤਨੇਮ ਵਿੱਚ ਨਹੀਂ ਸਨ ਆਉਂਦੇ, ਜਿੱਥੇ ਸੰਤ ਆਲਾ ਸਿੰਘ ਜੀ ਸਾਡੇ ਸੰਤ ਨਗਰ ਵਿੱਚ ਰਹਿੰਦੇ ਹਨ—ਸਿੰਘ ਨੂੰ ਹੁਕਮ ਮਿਲਿਆ,''ਭਾਈ ਜਿਹੜੇ ਨਿਤਨੇਮ ਵਿੱਚ ਨਾ

ਆਉਣਗੇ ਉਹ ਦੁਖੀ ਹੋਣਗੇ।''

ਸਤਿਗੁਰਾਂ ਨੇ ਹੁਕਮ ਦਿੱਤਾ—ਸੰਤ ਜੀ ਦੱਸਦੇ ਨੇ ਕਿ ਆਖਿਆ,''ਅਸੀਂ ਉਹਨਾਂ ਦੀ ਸਹਾਇਤਾ ਨਹੀਂ ਕਰਨੀ ਜਿਹੜੇ ਨਿਤਨੇਮ 'ਚ ਨਹੀਂ ਆਉਣਗੇ।'' ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਸ਼ਬਦ ਲਿਖਿਆ ਹੈ ਸੌ ਸਾਖੀ ਵਿੱਚ–

*ਖ਼ਲਕ ਖਾਲਕ ਖੀਸ ਈਸ ਮੂਸ ਹਿੰਦੂ ਖਲਕ ਪੀਸ ਦਿਖਾਊ ਦੀਪ।*

*–ਸੌ ਸਾਖੀ*

ਸਤਿਗੁਰਾਂ ਲਿਖਿਆ,''ਭਾਈ ਹੋਊ ਆਟਾ ਸਣੇ ਰਾਜਾ ਪਰਜਾ ਨਹੀਂ ਤੇ ਦਲੀਆ ਹੋਊ।''

ਫਿਰ,''ਸੱਚੇ ਪਾਤਸ਼ਾਹ ਬਚਣਗੇ ਕੌਣ ?''

ਕਹਿੰਦੇ ਨੇ,''ਜਿਹੜੇ ਨਾਮ ਜਪਣਗੇ—ਜਿਸ ਤਰ੍ਹਾਂ ਚੱਕੀ ਦੇ ਵਿੱਚ ਕਿੱਲੀ ਦੇ ਨਾਲ ਦਾਣੇ ਬਚ ਰਹਿੰਦੇ ਹਨ।''

ਭਾਈ ਸੱਜਣੋ, ਮੇਰੀ ਵੀ ਅਰਜ਼ ਬੇਨਤੀ ਹੈ, ਸਾਧ—ਸੰਗਤ ਕ੍ਰਿਪਾ ਕਰੇ —ਮੇਰੇ ਵਾਸਤੇ ਵੀ ਅਰਦਾਸ ਕਰੇ—ਤੁਹਾਨੂੰ ਹੀ ਨਾ ਕਹਿੰਦਾ ਰਹਾਂ—ਮੈਂ ਵੀ ਕੁਛ ਕਰਾਂ ਨਾਲ ਤੁਹਾਡੇ। ਸਾਧ ਸੰਗਤ ਅੱਗੇ ਅਰਜ਼ ਹੈ, ਸਤਿਗੁਰੂ ਜੀ ਦਾ ਹੁਕਮ ਹੈ—ਖ਼ਾਸ ਕਰਕੇ ਨਾਮਧਾਰੀਆਂ ਨੂੰ—ਜੇ ਤੁਸੀਂ ਹੁਣ ਵੀ ਨਾਮ ਨਹੀਂ ਜਪੋਗੇ......। ਤੁਹਾਡੀ ਸੋਭਾ ਬੜੀ ਹੈ ਬਾਹਰ—ਬੰਕੋਕ ਵਿੱਚ ਨਾਮਧਾਰੀ ਸਾਧ ਸੰਗਤ ਨਿਤਨੇਮ ਕਰਦੀ ਹੈ, ਭਜਨ ਬੰਦਗੀ ਕਰਦੀ ਹੈ ਪਰ ਭਾਈ ਜਿੰਨਾਂ ਹੋਰ ਕਰੋਗੇ—ਜਿਹਦੇ ਕੋਲ ਲੱਖ ਰੁਪੱਈਆ ਹੈ ਜੇ ਉਹਨਾਂ ਨੂੰ ਦੋ ਚਾਰ ਹੋਰ ਮਿਲਦਾ ਹੋਵੇ—ਕੌਣ ਛੱਡਦਾ ਹੈ ਇਹ ਵੱਡਾ ਧਨ ਹੈ ਨਾਮ ਧਨ।

**ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ।।**

*–ਧਨਾਸਰੀ ਮ:੫, ਪੰਨਾ–੬੮੦*

ਉਹ ਤੇ ਕਿਸੇ ਦੀ ਗਈ, ਕਿਸੇ ਦੀ ਆਈ, ਕੋਈ ਅੱਜ ਵੱਡਾ ਹੋਇਆ ਹੈ, ਕੋਈ ਲੱਖਾਂਪਤੀ ਸੀ।

ਜਿਹੜੇ ਓਧਰੋਂ ਪੱਛਮੀ ਪੰਜਾਬ 'ਚੋਂ ਵਿਚਾਰੇ ਨਿਕਲ ਕੇ ਆਏ ਨੇ–

– ਉਹਨਾਂ ਕੋਲ ਕੁਛ ਵੀ ਨਹੀਂ, ਕਰੋੜਾਂ ਰੁਪੱਈਆਂ ਦੀ ਜਾਇਦਾਦ ਉੱਥੇ ਰਹਿ ਗਈ—ਪਰ ਇਹ ਚੀਜ਼ ਉਹ ਹੈ, ਜਿਹੜੀ ਨੇ ਦਰਗਾਹ ਵਿੱਚ ਵੀ ਅੱਗੇ ਨਾਲ ਜਾਣਾ ਹੈ, ਇਹ ਏਡੀ ਵੱਡੀ ਚੀਜ਼ ਹੈ। ਗੁਰੂ ਗੋਬਿੰਦ ਸਿੰਘ ਸਹਿਬ ਇੱਕ ਦੋਹਿਰਾ ਲਿਖਦੇ ਹਨ ਕਿ ਜਿਸ ਵੇਲੇ ਆਈ ਪੂਤਨਾ—ਕ੍ਰਿਸ਼ਨ ਮਹਾਰਾਜ ਨੂੰ ਲਿਆ ਗੋਦ ਵਿੱਚ, ਦਿੱਤਾ ਥਣ ਮੂੰਹ ਵਿੱਚ—ਮਹਾਰਾਜ ਨੇ ਥਣ ਦੇ ਰਸਤੇ ਹੀ ਉਹਦੇ ਪ੍ਰਾਣ ਖਿੱਚ ਲਏ ਤੇ ਉਹ ਕਹਿੰਦੀ ਏ—ਗੁਰੂ ਗੋਬਿੰਦ ਸਿੰਘ ਸਹਿਬ ਲਿਖਦੇ ਹਨ–

**ਪਾਪ ਕਰਿਓ ਬਹੁ ਪੂਤਨਾ ਜਾਸੋ ਨਰਕ ਡਰਾਇ।।**

ਪਾਪ ਪੂਤਨਾਂ ਨੇ ਇਤਨੇ ਕੀਤੇ ਸਨ—ਇਹ ਸਤਿਗੁਰਾਂ ਦਾ ਹੁਕਮ ਸੁਣਿਆ ਕਿ ਸੌ ਗਊ ਮਾਰੀਏ ਤੇ ਇੱਕ ਸਾਧੂ ਦੇ ਮਾਰਨ ਦਾ ਪਾਪ ਹੈ ਤੇ ਜੇ ਸੌ ਸਾਧੂ ਮਾਰੀਏ ਤੇ ਇੱਕ ਬੱਚਾ ਪੇਟ 'ਚੋਂ ਗਿਰਾਉਣ ਦਾ ਪਾਪ ਹੈ—ਦਾਈਆਂ ਦਾ ਕੰਮ ਹੈ—ਐਸੇ ਖਬਰੇ ਕਿਤਨੇ ਕੀਤੇ ਹੋਣ ਖੂਨ। ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ–

**ਪਾਪ ਕਰਿਓ ਬਹੁ ਪੂਤਨਾ ਜਾਸੋ ਨਰਕ ਡਰਾਇ।।**
**ਅੰਤ ਕਹਿਯੋ ਹਰਿ ਛਾਡਿ ਦੈ,**

ਜਦੋਂ ਲੱਗੀ ਨਾ ਜਾਨ ਨਿਕਲਣ, ਕਹਿੰਦੀ ਹੈ,''ਹੇ ਹਰੀ, ਛੱਡ ਦੇ।'' ਏਨਾ ਕਹਿਣ ਨਾਲ ਮਹਾਰਾਜ ਕਹਿੰਦੇ ਨੇ–

**ਬਸੀ ਬਿਕੁੰਠਹ ਜਾਇ।।**

*–ਦਸਮ ਗ੍ਰੰਥ, ਪੰਨਾ–੨੬੩*

ਨਾਮ ਐਸੀ ਚੀਜ਼ ਹੈ ਭਾਈ। ਗੁਰੂ ਅਰਜਨ ਦੇਵ ਜੀ ਕਹਿੰਦੇ ਨੇ–

**ਸੁਣਿ ਸਾਖੀ[੧੦] ਮਨ ਜਪਿ ਪਿਆਰ।।**
**ਅਜਾਮਲੁ ਉਧਰਿਆ ਕਹਿ ਏਕ ਬਾਰ।।**
**ਬਾਲਮੀਕੈ ਹੋਆ ਸਾਧ ਸੰਗੁ।।**
**ਧ੍ਰੂ ਕਉ ਮਿਲਿਆ ਹਰਿ ਨਿਸੰਗ[੧੧]।।੧।।**
**ਤੇਰਿਆ ਸੰਤਾ ਜਾਚਉ[੧੨] ਚਰਨ ਰੇਨ।।**

**ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ[੧੩]।।1।।ਰਹਾਉ।।**
**ਗਨਿਕਾ ਉਧਰੀ ਹਰਿ ਕਹੈ ਤੋਤ[੧੪]।।**
**ਗਜਇੰਦ੍ਰ[੧੫] ਧਿਆਇਓ ਹਰਿ ਕੀਓ ਮੋਖ।।**
**ਬਿਪ੍ਰ[੧੬] ਸੁਦਾਮੇ ਦਾਲਦੁ ਭੰਜ[੧੭]।।**
**ਰੇ ਮਨ ਤੂ ਭੀ ਭਜੁ ਗੋਬਿੰਦ।।੨।।**
**ਬਧਿਕੁ[੧੮] ਉਧਾਰਿਓ ਖਮਿ[੧੯] ਪ੍ਰਹਾਰ।।**
**ਕੁਬਿਜਾ ਉਧਰੀ ਅੰਗੁਸਟ ਧਾਰ।।**
**ਬਿਦਰੁ ਉਧਾਰਿਓ ਦਾਸਤ ਭਾਇ।।**
**ਰੇ ਮਨ ਤੂ ਭੀ ਹਰਿ ਧਿਆਇ।।੩।।**
**ਪ੍ਰਹਲਾਦ ਰਖੀ ਹਰਿ ਪੈਜ ਆਪ।।**
**ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ।।**
**ਜਿਨਿ ਜਿਨਿ ਸੇਵਿਆ ਅੰਤ ਬਾਰ।।**
**ਰੇ ਮਨ ਸੇਵਿ ਤੂ ਪਰਹਿ ਪਾਰ।।੪।।**

*–ਬਸੰਤ ਮ:੫, ਪੰਨਾ–੧੧੯੨*

ਭਾਈ ਮੇਰੀ ਭੀ ਅਰਜ਼ ਹੈ ਸਾਧ ਸੰਗਤ ਜੀ—ਇਹ ਮਨੁੱਖਾ ਦੇਹ, ਚੌਰਾਸੀ ਲੱਖ ਜੂਨ ਦੇ ਗੇੜ ਵਿੱਚੋਂ ਘੁੰਮ ਕੇ ਆਉਂਦਿਆਂ–ਆਉਂਦਿਆਂ ਇਹ ਫਿਰ ਮਿਲੀ ਹੈ। ਦੀਵਾਨ ਨੰਦ ਲਾਲ ਸਾਹਿਬ ਕਹਿੰਦੇ ਨੇ–

*ਬ—ਹੋਸ਼ ਬਾਸ਼—ਹੋਸ਼ ਵਿਚ ਆ*

*ਕਿ ਹੰਗਾਮੇ ਨੌ ਬਹਾਰ ਆਮਦ*—ਨੌ ਬਹਾਰ ਆਈ ਹੈ, ਬਸੰਤ ਦੀ ਰੁਤ ਆਈ ਹੈ।

*ਬਹਾਰ ਆਮਦੋ*—ਬਹਾਰ ਆਈ ਹੈ, ਮਨੁੱਖਾ ਦੇਹ ਮਿਲੀ ਹੈ।

*ਯਾਰ ਆਮਦੋ*—ਸਤਿਗੁਰੂ ਆਇਆ ਹੋਇਆ ਹੈ।

*ਕਰਾਰ ਆਮਦੋ*—ਇਕਰਾਰ ਵੀ ਆਇਆ, ਨਾਮ ਦੇ ਕੇ ਤੈਨੂੰ ਪਾਰ ਕਰਨਾ ਹੈ।

ਭਾਈ ਸੱਜਣੋ ਇਹ ਵਕਤ ਨਾ ਗਵਾਓ। ਇਹ ਵਕਤ—ਇਹ ਨਹੀਂ ਮੁੜਕੇ ਮਿਲਣ ਵਾਲੀ ਚੀਜ਼ ਇਹ ਅਮੋਲਕ ਚੀਜ਼ ਹੈ। ਹੁਣ ਮੈਂ ਇੱਥੇ

ਹੀ ਸਮਾਪਤੀ ਕਰਕੇ ਅਰਜ਼ ਕਰਦਾ ਹਾਂ ਕਿ ਸਾਧ—ਸੰਗਤ ਜੀ, ਨਾਮਧਾਰਿਓ ਖਾਸ ਕਰਕੇ—ਦੱਸੋ, ਤੁਹਾਡੇ ਕੰਮ ਤੇ ਮੁਕਣੇ ਨਹੀਂ, ਇਹ ਚੀਜ਼ ਰੋਜ਼ ਦੀ ਨਹੀਂ।

**ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ।।**

*–ਆਸਾ ਮ:੧, ਪੰਨਾ ੪੩੯*

ਕੋਈ ਪਤਾ ਨਹੀਂ ਮੁੜਕੇ ਕੱਲ ਨੂੰ—ਕੱਲ ਉਹ ਸਰਦਾਰ ਜੀ ਅਰਜਨ ਸਿੰਘ ਉਹਨਾਂ ਦਾ ਨਾਉਂ ਸੀ—ਸਰੀਰ ਚਲ ਗਿਆ ਹੈ। ਅੱਜ ਕੋਈ ਪਤਾ ਨਹੀਂ ਉਹ ਕਿੱਥੇ ਹਨ। ਇਸ ਤਰ੍ਹਾਂ ਸਾਨੂੰ ਕਿਸੇ ਨੂੰ ਪਤਾ ਨਹੀਂ, ਕਿਸ ਨੇ ਕਿਸੇ ਵੇਲੇ.......। ਗੁਰੂ ਨਾਨਕ ਦੇਵ ਮਹਾਰਾਜ ਧਨਾਸਰੀ ਰਾਗ ਵਿੱਚ ਕਹਿੰਦੇ ਹਨ–

**ਹਮ ਆਦਮੀ ਹਾਂ ਇਕ ਦਮੀ**[20]
**ਮੁਹਲਤਿ**[21] **ਮੁਹਤੁ**[22] **ਨ ਜਾਣਾ।।**
**ਨਾਨਕੁ ਬਿਨਵੈ**[23] **ਤਿਸੈ ਸਰੇਵਹੁ**[24]**।।**
**ਜਾ ਕੇ ਜੀਅ ਪਰਾਣਾ।।**

*–ਧਨਾਸਰੀ ਮ:੧, ਪੰਨਾ–੬੬੦*

ਆਦਮੀ ਇਹਦਾ ਨਾਂ ਹੈ—ਦਮ ਆਏ ਵਾਲਾ, ਜੇ ਨਾ ਆਵੇ—ਫਿਰ ਕੋਈ ਪਤਾ ਨਹੀਂ, ਕਿਸ ਵੇਲੇ ਖਤਮ ਹੋ ਜਾਏ। ਤਾਂ ਸਾਧ ਸੰਗਤ ਅੱਗੇ ਅਰਜ਼ ਹੈ, ਹੁਣ ਇੱਥੇ ਸਮਾਪਤ ਕਰਕੇ ਅਰਦਾਸ ਹੋ ਕੇ ਹੁਣ ਭਜਨ ਹੋਵੇਗਾ। ਜਿਹੜੇ ਨਾਮ ਸਿਮਰਨਗੇ—ਅੱਗੋਂ ਬਿਰਤੀ ਸਤਿਗੁਰੂ ਦੇ ਟਿਕਾਉਣੀ ਅਖ਼ਤਿਆਰ ਹੈ। ਸਾਡਾ ਫ਼ਰਜ਼ ਹੈ ਉਹਨਾਂ ਦੇ ਹੁਕਮ 'ਚ ਜਿੰਨਾਂ ਕੁ ਮਨਾ ਸਕਣ ਅਸੀਂ ਮੰਨੀਏ। ਹੋਰ ਜਿੰਨਾਂ-ਜਿੰਨਾਂ ਮੰਨਦੇ ਜਾਈਏ—ਉਹ ਦੇਖੋ ਅੰਬਰੀਕ ਜੀ ਜੈਸੇ ਰਾਜੇ, ਜਿੰਨ੍ਹਾਂ ਨੇ ਸਾਰੀ ਉਮਰ ਦਿਨੇ ਰਾਜ ਕਰਨਾ, ਰਾਤ ਨੂੰ ਸਾਰੀ ਰਾਤ ਨਾਮ ਜਪਣ ਉੱਤੇ ਆਏ ਤਾਂ ਸਤਿਗੁਰੂ ਨੇ ਬਾਂਹ ਫੜ ਲਈ ਆ ਕੇ। ਜਿਸ ਵੇਲੇ ਇੱਕ ਘੜੀ ਰਹਿ ਗਈ ਰਾਤ ਕਹਿਣ ਲੱਗੇ,''ਹੁਣ ਭਲੀਏ ਲੋਕੇ—ਮਾਈ ਵੀ ਐਸੀ ਸੀ ਨਾਲ ਦੀ—ਕਿ ਹੁਣ ਇਹ ਘੜੀ ਵੀ ਅਸੀਂ ਕਿਉਂ ਗਵਾਈਏ,'' ਚੱਕੀ ਰੱਖ ਲੱਈ—ਬਈ ਨੀਂਦ

ਆਵੇਗੀ।

ਜਾਗੋ ਸਤਿਗੁਰੂ ਦੇ ਹੁਕਮਾਂ ਵੱਲ ਧਿਆਨ ਦਿਓ, ਵਕਤ ਬੜਾ ਖ਼ਰਾਬ ਹੈ। ਦੇਖੋ—ਕਿਸੇ ਵੱਲ ਨਾ ਝਾਕੋ, ਕਿਸੇ ਨੂੰ ਬੁਰਾ ਕਹਿਣ ਦੀ ਲੋੜ ਨਹੀਂ —ਆਪੋ ਆਪਣੇ ਅੰਦਰ ਝਾਤੀ ਮਾਰੋ, ਆਪਣੇ ਘਰਾਂ ਦਾ ਕੀ ਹਾਲ ਹੈ —ਭਰਾ ਭੈਣ ਨਾਲ ਨਹੀਂ—ਭੈਣ ਭਰਾ ਨਾਲ ਨਹੀਂ—ਪਿਉ ਪੁੱਤਰ ਨਾਲ ਨਹੀਂ —ਇਸਤਰੀ ਪਤੀ ਨਾਲ ਨਹੀਂ। ਕੋਈ ਕਿਸੇ ਦਾ ਹੁਕਮ ਮੰਨਣਾ ਨਹੀਂ ਚਾਹੁੰਦਾ—ਕੋਈ ਕਿਸੇ ਦੇ ਨੇੜੇ ਨਹੀਂ ਲੱਗਣਾ ਚਾਹੁੰਦਾ। ਗੁਰੂ ਗੋਬਿੰਦ ਸਿੰਘ ਨੇ ਇਸੇ ਸਮੇਂ ਨੂੰ ਲਿਖਿਆ ਹੋਇਆ ਹੈ–

**ਏਕ ਏਕ ਕੇ ਪੰਥ ਨ ਚਲ ਹੈ।।**
**ਏਕ ਏਕ ਕੀ ਬਾਤ ਉਥਲ ਹੈ।।**

*–ਦਸਮ ਗ੍ਰੰਥ, ਪੰਨਾ–੫੭੧*

*ਕਲ੍ਹਾ ਕਰਾਵੇ ਬਾਪੁ ਸੁਤਿ ਨਾਰਿ ਪੁਰਖ ਕਾ ਜੁਧ।।*
*ਭੀਤਾ ਭੀਤਾ ਫੁਟੇਂਗੇ, ਘਣੇ ਹੋਇੰਗੇ ਜੁਧ।।*

*–ਸੌ ਸਾਖੀ*

ਕੋਈ ਮਿੱਤਰ ਚਾਰਾ ਕਹਿਣ ਮਾਤਰ ਹੈ, ਪਰ ਇੱਕੋ ਚੀਜ਼ ਹੈ, ਸਤਿਗੁਰੂ–

**ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ।।**

*–ਮਾਝ ਮ: ੪ ਪੰਨਾ–੯੪*

ਉਹ ਸਤਿਗੁਰੂ ਸਾਡਾ ਮਿੱਤਰ ਹੈ। ਜੇ ਸਤਿਗੁਰੂ ਨੂੰ ਮਿਲੋਗੇ–

**ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ** [੨੫]।।

*–ਮ:੫, ਪੰਨਾ–੯੫੭*

ਜੇ ਸਤਿਗੁਰੂ ਨਾਲ ਪਿਆਰ ਹੋਵੇਗਾ ਸਾਰੀ ਸਰਿਸ਼ਟੀ ਤੁਹਾਡੀ ਸੱਜਣ ਹੋਵੇਗੀ। ਸਰਦਾਰ ਆਤਮਾ ਸਿੰਘ ਜੀ ਇੱਕ ਪ੍ਰਮਾਣ ਦਿੰਦੇ ਹਨ ਕਿ ਜੇ ਸੂਰਜ ਵੱਲ ਪਿੱਠ ਕਰ ਲਈਏ ਤੇ ਪ੍ਰਛਾਵੇਂ ਦੇ ਮਗਰ ਭੱਜੀਏ—ਮਾਇਆ ਦੇ ਮਗਰ ਭੱਜੀਏ, ਸਤਿਗੁਰੂ ਵੱਲ ਪਿੱਠ ਕਰ ਲਈਏ ਤੇ ਪਰਛਾਵਾਂ ਅੱਗੋਂ ਡਾਹ ਨਹੀਂ ਦੇਂਦਾ, ਜਿਨ੍ਹਾਂ ਮਰਜ਼ੀ ਹੈ ਦੌੜ ਲਵੋ ਤੇ ਜੇ ਪ੍ਰਛਾਵੇਂ ਵੱਲ ਪਿੱਠ

ਕਰਕੇ, ਸੂਰਜ ਵਲ ਮੂੰਹ ਕਰਕੇ ਤੁਰ ਪਈਏ, ਪ੍ਰਛਾਵਾਂ ਪਿੱਛੇ ਭੱਜਿਆ ਆਉਂਦਾ ਹੈ। ਪ੍ਰਮਾਣ ਦੇਣ ਦੀ ਲੋੜ ਨਹੀਂ—ਆਹ ਭਾਈ ਫੂਲਾ ਸਿੰਘ ਜੀ ਬੈਠੇ ਹਨ, ਇਹਨਾਂ ਦੇ ਮੁੰਡਿਆਂ ਦੀ ਕੋਈ ਬਰਕਤ ਨਹੀਂ—ਇਹ ਸਭ ਇਹਨਾਂ ਦੀ ਕ੍ਰਿਪਾ ਦਾ ਫਲ ਹੈ, ਇਹਨਾਂ ਦੇ ਨਾਮ ਜਪਣ ਦਾ ਬਾਣੀ ਪੜ੍ਹਨ ਦਾ ਫਲ ਹੈ, ਮੇਰੇ ਨਾਲੋਂ ਉਮਰ ਵਿੱਚ ਵੱਡੇ ਹਨ, ਮੈਂ ਹੈਰਾਨ ਹੁੰਦਾ ਹਾਂ ਜਦੋਂ ਮੈਂ ਸਵੇਰੇ ਉੱਠ ਕੇ ਆਉਂਦਾ ਹਾਂ ਮੇਰੇ ਨਾਲੋਂ ਪਹਿਲਾਂ ਉੱਠ ਕੇ ਆਏ ਹੁੰਦੇ ਨੇ, ਔਰ ਕਿੰਨੀ ਦੇਹ ਤਕਲੀਫ ਮੰਨੇ, ਉਸ ਚੀਜ਼ ਦਾ ਫਲ ਇਨ੍ਹਾਂ ਨੂੰ ਲੱਗਿਆ ਹੋਇਆ ਹੈ। ਜਿਨ੍ਹਾਂ ਨੇ ਦੇਖਿਆ ਹੈ ਤੁਹਾਡੇ ਸਾਹਮਣੇ ਦੀ ਚੀਜ਼ ਹੈ। ਕੋਈ ਪਿੱਠ ਪਿੱਛੇ ਦੀ ਗੱਲ ਨਹੀਂ, ਸਤਿਗੁਰੂ ਦੀ ਬਰਕਤ ਦਾ ਫਲ ਹੈ, ਨਾਮ ਜਪਣ ਦਾ ਫਲ ਹੈ।

ਤਾਂ ਤੇ ਜਿਹੜੇ ਜਪਣਗੇ—ਜਿਹੜੇ ਬਾਣੀ ਪੜ੍ਹਨਗੇ—ਜਿਹੜੇ ਦਵੈਸ਼ ਈਰਖਾ ਛੱਡ ਦੇਣਗੇ, ਉਹ ਸਭ ਸੌਖੇ ਹੋ ਜਾਣਗੇ। ਮੇਰੀ ਇਹ ਗੱਲ ਨਹੀਂ ਸਤਿਗੁਰੂ ਦੇ ਹੁਕਮ ਅਨੁਸਾਰ ਇਹ ਚੀਜ਼ ਹੈ। ਤਾਂ ਤੇ ਕ੍ਰਿਪਾ ਕਰਕੇ ਕਦੇ ਦਵੈਸ਼ ਨ ਰੱਖਿਆ ਕਰੋ। ਹਿੰਦੂ, ਸਿੱਖ, ਅਕਾਲੀ ਸਿੱਖ, ਨਾਮਧਾਰੀ ਸਿੱਖ, ਇਹ ਨਹੀਂ ਮੈਂ ਕਹਿੰਦਾ ਕਿ ਮਰਯਾਦਾ ਆਪਣੀ ਛੱਡੋ—ਮਰਯਾਦਾ ਜਿਹਦੀ—ਜਿਹਦੀ ਹੈ ਉਸੇ ਤਰ੍ਹਾਂ ਰੱਖੋ। ਬਹੁਤਾ ਸਵਾਦ ਤੇ ਇਸ ਤਰ੍ਹਾਂ ਆਉਂਦਾ ਹੈ, ਬਈ ਜੇ ਅਕਾਲੀਆਂ ਦੇ ਡੇਰੇ ਨਾਮਧਾਰੀ ਜਾਣ ਤੇ ਉਹ ਕਹਿਣ—ਕਰੋ ਜੋ ਤੁਹਾਡੀ ਮਰਜ਼ੀ ਹੈ, ਜੇ ਅਕਾਲੀ ਨਾਮਧਾਰੀਆਂ ਦੇ ਡੇਰੇ ਆਉਣ ਤੇ ਉਹਨਾਂ ਦੀ ਮਰਜ਼ੀ ਹੈ, ਉਹ ਦਸਾਂ ਦਾ ਅਰਦਾਸਾ ਕਰ ਲੈਣ, ਉਹ ਬਾਰ੍ਹਾਂ ਦਾ ਕਰ ਲੈਣ। ਗੁਰੂ ਤਾਂ ਸਾਰਿਆਂ ਦਾ ਸਾਂਝਾ ਹੈ, ਨਾਉਂ ਲਿਆਂ ਤੇ ਕੁਛ ਨਹੀਂ ਵਿਗੜ ਜਾਂਦਾ—ਅਸੀਂ ਹੋਰ ਬੜੇ ਨਾਉਂ ਲੈ ਲੈਂਦੇ ਹਾਂ ਲੋਕਾਂ ਦੇ। ਪਰ, ਮੈਨੂੰ ਇਸ ਗੱਲ ਨਾਲ ਗ਼ਰਜ਼ ਨਹੀਂ, ਮੈਂ ਹੁਕਮ ਨਹੀਂ ਕਿਸੇ ਨੂੰ ਚਾੜ੍ਹਦਾ, ਮੇਰੀ ਤਾਂ ਅਰਜ਼ ਹੀ ਹੈ ਕਿ ਸੁਖ ਹੋ ਸਕਦਾ ਹੈ ਇਸ ਤਰ੍ਹਾਂ—ਇੱਕ ਦੂਏ ਨਾਲ ਪਿਆਰ ਕੀਤਿਆਂ। ਇੱਕ ਦੂਏ ਨਾਲ ਦਵੈਤ ਕੀਤਿਆਂ ਦੂਏ ਦਾ ਨਿੰਦਿਆਂ ਕੀਤਿਆਂ ਕਦੇ ਸੁਖ ਨਹੀਂ ਹੁੰਦਾ। ਕਰੋਧ ਪਹਿਲਾਂ ਆਪਣਾ ਆਪ ਗਾਲਦਾ ਹੈ, ਮਗਰੋਂ ਕਿਸੇ ਨੂੰ। ਗਾਲ੍ਹ ਕੱਢਣ ਲਗੀਏ

—ਪਹਿਲੇ ਆਪਣਾ ਅੰਦਰ ਜਲ ਜਾਂਦਾ ਹੈ। ਵਕਤ ਐਸਾ ਹੈ, ਹੁਕਮ ਸਤਿਗੁਰੂ ਦਾ ਹੈ—ਨਾਮ ਜਪਣਾ, ਬਾਣੀ ਪੜ੍ਹਨੀ, ਪਿਆਰ ਕਰਨਾ। ਇਸ ਤੋਂ ਵੱਧ ਮੈਂ ਹੁਣ ਹੋਰ ਕੁਛ ਨਹੀਂ ਕਹਿੰਦਾ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।।**
**ਹੇ ਪੂਰਨ ਹੇ ਸਰਬ ਮੈ ਦੂਖ ਭੰਜਨ ਗੁਣ ਤਾਸ।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ।।**
**ਹੇ ਅਪਰੰਪਰ[੨੬] ਹਰਿ ਹਰੇ ਹਹਿ[੨੭] ਭੀ ਹੋਵਨਹਾਰ[੨੮]।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੨੯]ਆਧਾਰ।।**
**ਹੇ ਠਾਕੁਰ ਹਉ ਦਾਸਰੋ[੩੦]ਮੈ ਨਿਰਗੁਨ[੩੧] ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।**

*-ਪੰਨਾ-੨੬੧*

– **ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

**ਸ਼ਬਦਾਰਥ**

1. ਰੋਟੀ ਖਾਂਦਿਆਂ
2. ਭਾਲ ਕੇ, ਵਿਚਾਰ ਕੇ
3. ਅਨੀਤੀ, ਬੇਮਰਯਾਦਗੀ, ਕੁਚਾਲੀ, ਦੁੱਖ ਦੇਣ ਵਾਲੇ
4. ਮੁਕਤੀ
5. ਸਿਰ ਦੇ ਵਾਲ ਪੁੱਟਿਆਂ ਵਾਲੇ ਸਰੇਵੜੇ
6. ਸ਼ੈਤਾਨਾਂ ਨੂੰ
7. ਜਨਕ ਪੁਰੀ ਦੀ ਵੇਸਵਾ ਦਾ ਨਾਮ ਹੈ ਜਿਸਨੇ ਵੇਸਵਾਪਨਾ ਛੱਡ ਕੇ ਰਾਮ ਭਗਤੀ ਕੀਤੀ ਤੇ ਉਧਰ ਗਈ
8. ਫਾਹੀਵਾਲ, ਸ਼ਿਕਾਰੀ ਜਿਸਨੇ ਸੰਤਾਂ ਦੀ ਆਗਿਆ ਮੰਨ ਕੇ ਚਤਰਭੁਜ ਪੰਛੀ ਰੂਪ ਅਕਾਲ ਪੁਰਖ ਨੂੰ ਫੜਿਆ ਸੀ ਦੂਜਾ ਉਹ ਜਿਸਨੇ ਕ੍ਰਿਸ਼ਨ ਚੰਦ੍ਰ ਜੀ ਦੇ ਚਰਨ ਵਿਚ ਬਾਣ ਮਾਰਿਆ ਸੀ
9. ਹਾਥੀ ਜਿਹੜਾ ਪ੍ਰਮੇਸ਼ਰ ਨੇ ਤੰਦੂਏ ਤੋਂ ਛੁਡਾਇਆ ਸੀ
10. ਭਗਤਾਂ ਦੀਆਂ ਸਾਖੀਆਂ
11. ਨਿਰਸੰਦੇਹ
12. ਮੰਗਦਾ ਹਾਂ
13. ਦੇਣਾ ਕਰੋ
14. ਤੋਤੇ ਨੂੰ
15. ਹਾਥੀਆਂ ਦਾ ਰਾਜਾ
16. ਬ੍ਰਾਹਮਣ
17. ਗਰੀਬੀ ਦੂਰ ਕਰ ਦਿੱਤੀ
18. ਸ਼ਿਕਾਰੀ
19. ਤੀਰ
20. ਇਕ ਸਾਹ ਵਾਲੇ, ਭਾਵ ਜੇ ਇਕ ਸਾਹ ਨ ਆਵੇ ਤਾਂ ਮੁਰਦੇ ਹਾਂ
21. ਮਿਆਦ
22. ਖਿਣ
23. ਉਚਾਰਨ ਕਰਦੇ ਹਨ
24. ਸਿਮਰੋ
25. ਝਗੜਾਲੂ, ਵੈਰੀ ਹਨ
26. ਪਾਰਾਵਾਰ ਤੋਂ ਪਰੇ
27. ਹੈਂ, ਹੁਣ
28. ਅੱਗੇ ਨੂੰ ਵੀ ਹੋਣ ਵਾਲਾ ਹੈ
29. ਨਿਰ ਆਸਰੇ
30. ਦਾਸ
31. ਤਿੰਨਾਂ ਗੁਣਾਂ ਤੋਂ ਨਿਰਲੇਪ

# ਬੰਕੋਕ-੨-੩-੧੯੫੦

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।**
**– ਜਾਂਹੀ ਕੁਲ ਤੇ ਪਰਗਟ ਹੋਏ ਤਾਂਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*ਸ੍ਵੈਯਾ।।*
*ਸਾਰਦ ਸੇ ਜਿਨ ਕੇ ਗੁਨ ਗਾਵਤ ਸੇਸ ਜਪੈ ਜਿਹ ਨੌ ਤਨ ਨਾਮੂ।*
*ਦੇਖ ਕਲੂ ਗਤਿ ਕੋ ਪਤਿ ਸੀਜ ਸੁ ਆਇ ਗਏ ਜਨ ਕੇ ਸੁਖ ਧਾਮੂ।*
*ਦਾਸਨ ਕੇ ਦੁਖ ਦੋਖਨ ਕੋ ਹਰਿ ਰਾਮ ਸੁਮੱਗ ਦਯੋ ਅਭਿਰਾਮੂ।*
*ਕੇਹਰਿ ਧਿਆਨ ਨਮੋ ਲਖ ਤਾਹਿ ਕੋ,*
*ਨਾਮ ਰਰੋ ਵਹਿ ਕੋ ਅਠ ਜਾਮੂ।।੩੩।।*
*ਮੈਂ ਗਹਿ ਹੋਂ ਪਗ ਪੰਕਜ ਤੇ ਜਿਨ ਬੋਧ ਦਯੋ ਸਭ ਸੁਧ ਦਈ ਹੈ।*
*ਪੂਰਨ ਪਾਵਨ ਪੀਰ ਸਹੀ ਜਨ ਪੀਰਨ ਕਾਟਤ ਬੀਰ ਸਹੀ ਹੈ।*
*ਕੈ ਹਿੰਦਵਾਨ ਧਰਾ ਧਰਮਾਂ, ਤਮ ਦੂਰ ਥੀਓ ਦਿਰਸਟਾਏ ਨਹੀਂ ਹੈ।*
*ਮੂਲ ਅਹੈ ਸਭ ਸਾਖ ਦਰੋਵਰ ਸੋ,*
*ਗੁਰ ਰਾਮ ਮਿਰਗਿੰਦ ਵਹੀ ਹੈ।।੩੪।।*

ਇਹ ਹੁਣ ਸਾਧ-ਸੰਗਤ ਅੱਗੇ ਅਰਜ਼ ਬੇਨਤੀ ਹੈ, ਕਿ ਜਿਹੜੇ ਬਾਹਰੋਂ ਆਉਣ ਉਹ ਕਿਰਪਾ ਕਰਕੇ ਪਿੱਛੇ ਹੀ ਬਹਿ ਜਾਣ, ਅੱਗੇ ਆਉਣ ਦੀ ਖੇਚਲ ਨਾ ਕਰਨ, ਦੋ ਕੰਮ ਨਹੀਂ ਚਲਦੇ। ਕਿਰਪਾ ਕਰਿਆ ਕਰੋ ਦਰਸ਼ਨ

ਦੇਣ ਦੀ। ਦੋ ਘੰਟੇ, ਢਾਈ ਘੰਟੇ, ਟਾਈਮ ਹੁੰਦੈ, ਉੱਥੇ ਉਹੀ ਨ ਦੇਖਿਆ ਕਰੋ ਕਿ ਹੁਣ ਐਨਾ ਕੁ ਰਹਿ ਗਿਆ, ਹੁਣ ਚਲੀਏ। ਇਹ ਚੀਜ਼, ''*ਸੰਤ ਸਮਾਗਮ, ਹਰੀ ਕਥਾ ਤੁਲਸੀ ਦੁਰਲੱਭ ਦੋਏ।*''ਗੁਰੂ ਸਾਹਿਬ ਕਬੀਰ ਜੀ ਦੀ ਜ਼ਬਾਨੀ ਕਹਿੰਦੇ ਨੇ-

## ਸਿੱਖ ਦਾ ਖਾਜ ਨਾਮ ਅਤੇ ਬਾਣੀ

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ।।**
**ਭਗਤਨ ਸੇਤੀ ਗੋਸਟੇ[੧] ਜੋ ਕੀਨੇ ਸੋ ਲਾਭ।।**

*-ਪੰਨਾ ੧੩੭੭*

ਸਤਿਸੰਗ ਦਾ ਮਹਾਤਮ ਬੜਾ ਉੱਚਾ ਲਿਖਿਆ ਹੋਇਆ ਹੈ। ਮਹਾਰਾਜ ਕਹਿੰਦੇ ਹਨ-

**ਸੰਗਤਿ ਕਾ ਗੁਨੁ ਬਹੁਤੁ ਅਧਿਕਾਈ,**
**ਪੜਿ ਸੂਆ ਗਨਕ ਉਧਾਰੇ।।**

*-ਪੰਨਾ ੯੮੧*

-ਨਟ ਨਰਾਇਣ ਰਾਗ ਲਈ ਚੌਥੀ ਪਾਤਸ਼ਾਹੀ ਅਸ਼ਟਪਦੀਆਂ ਵਿੱਚ ਲਿਖਦੇ ਹਨ ਗੁਰੂ ਜੀ ਮਹਾਰਾਜ। ਬਿਰਤੀਆਂ ਜੋੜ ਕੇ ਧਿਆਨ ਕਰਨਾ। ਕੱਲ ਪ੍ਰਸੰਗ ਆਇਆ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਸ੍ਰਿਸ਼ਟੀ ਉੱਤੇ ਕਿਉਂ ਹੋਇਆ ? ਇਹ ਉਹੀ ਚੀਜ਼ ਹੈ ਜਿਹੜੀ ਰੋਜ਼ ਕਹਿਣੀ ਪੈਂਦੀ ਹੈ। ਕਈ ਆਦਮੀ ਕਹਿੰਦੇ,''ਰੋਜ਼ ਕਿਉਂ ਕਰਦੇ ਹੋ ਭਾਈ।'' ਰੋਜ਼ ਕਿਸ ਤਰ੍ਹਾਂ ਨਾ ਕਰੀਏ—ਰੋਟੀ ਅਸੀਂ ਰੋਜ਼ ਕਿਉਂ ਖਾਂਦੇ ਹਾਂ--ਜੰਗਲ ਪਾਣੀ ਰੋਜ਼ ਜਾਂਦੇ ਹਾਂ—ਨਿਤਨੇਮ ਕਰਨਾ.........। ਕਈ ਆਦਮੀ, ਅੱਜਕੱਲ੍ਹ ਇੱਕ ਨਾਸਤਿਕਤਾ ਦੁਨੀਆਂ ਵਿੱਚ ਫੈਲ ਗਈ ਹੈ ਜਿਸਦੇ ਨਾਲ ਉਹ ਕਹਿੰਦੇ ਹਨ—ਨਾ ਕੋਈ ਰੱਬ ਹੈ, ਨਾ ਕੋਈ ਗੁਰੂ ਹੈ, ਨਾ ਪੀਰ ਹੈ--ਕਹਿੰਦੇ ਨੇ, ਕਿਉਂ ਜੀ ਭਲਾ ਬਹੁਤੀ ਵੇਰ ਨਾਂ ਲੈਣ ਨਾਲ—ਜੇ ਕਿਸੇ ਆਦਮੀ ਨੂੰ ਬਹੁਤੀ ਵੇਰ ਬੁਲਾਇਆ ਤਾਂ ਉਹ ਅੱਕ ਨਹੀਂ ਜਾਂਦਾ—ਵੇਖਣਾ, ਧਿਆਨ ਦੇਣਾ ਇਸ ਗੱਲ ਵੱਲ।

ਮੈਂ ਅਰਜ਼ ਕਰਦਾਂ ਗੁਰਬਾਣੀ ਦਾ ਪਾਠ—ਇੱਥੇ ਸੇਵਕ ਰਾਮ ਜੀ ਹਨ ਇੱਕ ਸਿੰਧੀ ਸੱਜਣ, ਹੁਣ ਤੇ ਦਰਸ਼ਨ ਨਹੀਂ ਉਹਨਾਂ ਦਾ ਹੋਇਆ, ਪਹਿਲੀ ਵੇਰ ਜਿਸ ਵੇਲੇ ਅਸੀਂ ਆਏ ਚੌਤੀ ਵਿੱਚ—ਉਹਨਾਂ ਨੂੰ ਕਿਸੇ ਨੇ ਇਹ ਗੱਲ ਕਹੀ ਕਿ ਨਾਮਧਾਰੀ ਜਿਹੜੇ ਹਨ, ਇਹ ਗੁਰਬਾਣੀ ਦੀ ਬੜੀ ਬੇਅਦਬੀ ਕਰਦੇ ਹਨ। ਉਹ ਇੱਕ ਦਿਨ ਦੇਖਣ ਆਏ। ਜਿਸ ਵੇਲੇ ਉਹ ਦੇਖਦੇ ਰਹੇ, ਕੀਰਤਨ ਕਥਾ ਸੁਣਦੇ ਰਹੇ, ਕਥਾ ਤੇ ਉਦੋਂ ਕਰਦਾ ਨਹੀਂ ਸਾਂ, ਕੀਰਤਨ ਦੋ ਵਕਤ ਹੁੰਦਾ। ਜਾਣਕੇ ਇੱਕ ਵੇਰ ਮੈਨੂੰ ਮਖੌਲ ਨਾਲ ਗੱਲ ਕਰਨ ਲਗੇ—ਉਂਝ ਦਿਲੋਂ ਉਹਨਾਂ ਦਾ ਬੜਾ ਪਿਆਰ ਹੈ ਗੁਰਬਾਣੀ ਨਾਲ ਸਿੰਧੀ ਲੋਕਾਂ ਦਾ ਸਾਡੇ ਨਾਲੋਂ। ਭਾਵੇਂ ਅਸੀਂ ਕਿੰਨੇ ਆਪਣੇ ਆਪ 'ਚ ਪੰਜਾਂ ਕੱਕਿਆਂ ਵਾਲੇ ਹਾਂ ਪਰ ਜੇ ਦੇਖੀਏ ਜਾ ਕੇ ਪੋਠੋਹਾਰ ਦੇ ਤੇ ਸਿੰਧੀ ਜਿਹੜੇ ਸੱਜਣ ਸਾਡੇ ਸਹਿਜਧਾਰੀ ਨੇ ਅਸੀਂ ਉਹਨਾਂ ਦਾ ਮੁਕਾਬਲਾ ਨਹੀਂ ਕਰ ਸਕਦੇ ਜਿਤਨੇ ਪਿਆਰ ਨਾਲ ਉਹ ਗੁਰਬਾਣੀ ਨਾਲ ਤਅੱਲਕ ਰੱਖਦੇ ਹਨ।

ਇੱਥੇ ਇਕ ਬਾਬਾ ਜੀ ਆਏ ਹੋਏ ਹਨ ਜਿਹੜੇ ਲੰਪਾਂਗ ਰਹਿੰਦੇ ਹਨ--ਚੰਗਮਈ। ਮੈਂ ਉਹਨਾਂ ਨੂੰ ਉੱਥੇ ਭੀ ਚੰਗੀ ਤਰ੍ਹਾਂ ਦੇਖਿਆ ਹੈ। ਸਰੀਰ ਉਹਨਾਂ ਦਾ ਬਿਰਧ ਹੈ, ਬਾਣੀ ਦਾ ਉਹਨਾਂ ਦਾ ਅਭਿਆਸ ਇਤਨਾ ਹੈ ਜਿਹੜਾ ਕਿ ਸ਼ਾਇਦ ਸਾਡਾ ਕਿਸੇ ਦਾ ਨਾ ਹੋਵੇ। ਇਹ ਬੜੀ ਜ਼ਰੂਰੀ ਗੱਲ ਹੈ।

ਸੇਵਕ ਰਾਮ ਜੀ ਮੈਨੂੰ ਕਹਿੰਦੇ ਹਨ,''ਕਿਉਂ ਜੀ ਤੁਹਾਡਾ ਦਿਲ ਨਹੀਂ ਅੱਕ ਜਾਂਦਾ ਰੋਜ਼ ਆਸਾ ਦੀ ਵਾਰ ਦਾ ਕੀਰਤਨ ਸੁਣਦਿਆਂ ?''

ਮੈਂ ਆਖਿਆ ਜੀ। ''ਤੁਸੀਂ ਰੋਜ਼ ਪ੍ਰਸ਼ਾਦਾ ਛਕਦੇ ਹੋ, ਤੁਹਾਡਾ ਵੀ ਕਦੇ ਅੱਕਿਆ ਹੈ ?''

ਦਿਲ ਅਕਾਉਣ ਵਾਲੀਆਂ ਹੋਰ ਜ਼ਰੂਰ ਚੀਜ਼ਾਂ ਹਨ ਜਿਸ ਤਰ੍ਹਾਂ ਕੋਈ ਆਦਮੀ ਰੋਜ਼ ਭਾਵੇਂ ਪਕਵਾਨ ਕਿੰਨੇ ਅੱਛੇ ਬਣਨ—ਨਹੀਂ ਖਾ ਸਕਦਾ, ਪਕੌੜੀਆਂ ਨਹੀਂ ਖਾ ਸਕਦਾ, ਫਲ ਨਹੀਂ ਰੋਜ਼ ਉਸ ਤਰ੍ਹਾਂ ਖਾ ਸਕਦਾ ਪਰ ਇੱਕ ਦਾਲ ਪ੍ਰਸ਼ਾਦਾ ਹੀ ਐਸੀ ਚੀਜ਼ ਹੈ ਜਿਸ ਤੋਂ—ਹਰ ਰੋਜ਼ ਆਦਮੀ

ਵਗ੍ਹਿਆਂ ਬੱਧੀ ਖਾਂਦਾ ਹੈ—ਇਹਦਾ ਮੂੰਹ ਨਹੀਂ ਮੁੜਦਾ। ਇਸ ਤਰ੍ਹਾਂ ਸਿੱਖ ਦਾ ਖਾਜ ਹੈ—ਨਾਮ ਤੇ ਬਾਣੀ। ਗੁਰੂ ਸਾਹਿਬ ਕਹਿੰਦੇ ਹਨ–

**ਸਾਚੇ ਨਾਮ ਕੀ ਲਾਗੈ ਭੂਖ।।**
**ਉਤੁ ਭੂਖੈ ਖਾਇ ਚਲੀਅਹਿ ਦੂਖ।।**

*–ਪੰਨਾ–੯*

ਰੋਜ਼ ਤੁਸੀਂ ਰਾਤ ਨੂੰ ਰਹਿਰਾਸ ਦਾ ਪਾਠ ਕਰਦੇ ਹੋ। ਤੁਸੀਂ ਦੁਕਾਨ ਤੇ ਜਾ ਕੇ ਬਹਿੰਦੇ ਹੋ, ਰੋਜ਼ ਇਹੋ ਚੀਜ਼ ਕਹਿੰਦੇ ਹੋ,''ਦੇਖ, ਮੇਰਾ ਕਪੜਾ ਕਿੱਡਾ ਚੰਗਾ ਹੈ, ਮੇਰੀ ਇਹ ਚੀਜ਼ ਕਿੰਨੀ ਚੰਗੀ ਹੈ।'' ਬਈ ਸਾਡੀ ਵੀ ਇਹ ਦੁਕਾਨ ਹੈ—ਸਤਿਗੁਰੂ ਦਾ ਹੱਟ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ–

*ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।*
*ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।*

*–ਵਾਰ ੧*

– *ਆਪ ਪ੍ਰਭੁ ਧਰਿ ਮਨੁਜ ਸਰੀਰਾ,*
*ਹਰਿਹ ਕਿਰਪਾ ਨਿਧਿ ਸਜਨ ਪੀਰਾ।*

*–ਤੁਲਸੀ ਦਾਸ*

ਗੁਰੂ ਸਾਹਿਬ ਕਹਿੰਦੇ ਹਨ–

**ਹਰਿ ਜੁਗੁ ਜੁਗੁ ਭਗਤ ਉਪਾਇਆ,**
**ਪੈਜ ਰਖਦਾ ਆਇਆ ਰਾਮ ਰਾਜੇ।।**

*–ਆਸਾ ਮ:੪, ਪੰਨਾ–੪੫੧*

ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਸ਼ਾਹ—ਸਾਡੇ ਵਾਸਤੇ ਇਸ ਤੋਂ ਹੋਰ ਪੱਕਾ ਪਰਮਾਣ ਕੀ ਮਿਲਣਾ ਹੈ—ਗੁਰੂ ਜੀ ਕਹਿੰਦੇ ਹਨ–

**ਜਬ ਜਬ ਹੋਤ ਅਰਿਸਟਿ ਅਪਾਰਾ।।**
**ਤਬ ਤਬ ਦੇਹ ਧਰਤ ਅਵਿਤਾਰਾ।।**

*–ਦਸਮ ਗ੍ਰੰਥ, ਪੰਨਾ–੧੫੫*

ਫਿਰ, ਕ੍ਰਿਸ਼ਨ ਮਹਾਰਾਜ ਨੇ ਗੀਤਾ ਵਿੱਚ ਇਹੋ ਚੀਜ਼ ਕਹੀ–

*ਯਦਾ ਯਦਾ ਹਿ ਧਰਮਸਯ ਗਲਾਨਿਰਭਵਤਿ ਭਾਰਤ।*

*ਅਭਯੁਤਥਾਨਮ ਧਰਮਸਯ ਤਦਾਤਮਾਨੰ ਸ੍ਰਿਜਾਮਯਹਮ।*
*ਪਰਿਤ੍ਰਾਣਾਯ ਸਾਧੂਨਾਂ ਵਿਨਾਸ਼ਯ 'ਚ ਦੁਸ਼ਕ੍ਰਿਤਾਮ।*
*ਧਰਮ ਸੰਸਥਾਪਨਾਰਥਾਯ ਸੰਭਵਾਮਿ ਯੁਗੇ ਯੁਗੇ।*

ਤੁਲਸੀ ਦਾਸ ਜੀ ਇਸ ਦੀ ਪਰੋੜਤਾ ਕਰਦੇ ਹਨ–

*ਜਬ ਜਬ ਹੋਇ ਧਰਮ ਕੀ ਹਾਨੀ, ਬਾਡੇ ਪਾਪ ਅਸੁਰ ਅਭਿਮਾਨੀ।*
*ਆਪ ਪ੍ਰਭੁ ਧਰ ਮਨੁਜ ਸਰੀਰਾ, ਹਰਹਿ ਕ੍ਰਿਪਾ ਨਿਧਿ ਸੱਜਣ ਪੀਰਾ।*

ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਹਨ–

**ਜਬ ਜਬ ਹੋਤ ਅਰਿਸਟ ਅਪਾਰਾ**–*ਯਦਾ ਯਦਾ ਹਿ ਧਰਮਸਯ ਗਲਾਨਿਰਭਵਤਿ ਭਾਰਤ*–**ਤਬ ਤਬ ਦੇਹ ਧਰਤ ਅਵਿਤਾਰਾ।**

ਥੋੜੇ ਵਿੱਚ ਉਹਨਾਂ ਸਾਰਾ ਸਲੋਕ ਕਹਿ ਕੇ ਫਿਰ, ਜਿਹੜਾ ਕਿਹਾ ਕ੍ਰਿਸ਼ਨ ਮਹਾਰਾਜ ਨੇ,''*ਪਰਿਤ੍ਰਾਣਾਯ ਸਾਧੂਨਾਂ ਵਿਨਾਸ਼ਯ 'ਚ ਦੁਸ਼ਕ੍ਰਿਤਾਮ*'' ਗੁਰੂ ਜੀ ਕਹਿੰਦੇ ਨੇ–

**ਯਾਹੀ ਕਾਜ ਧਰਾ ਹਮ ਜਨਮੰ।।**

–ਗੁਰੂ ਗੋਬਿੰਦ ਸਿੰਘ ਸਾਹਿਬ ਆਪਣੀ ਕਲਮ ਨਾਲ ਲਿਖਦੇ ਹਨ–

**ਸਮਝ ਲੇਹੁ ਸਾਧੂ ਸਭ ਮਨਮੰ।।**
**ਧਰਮ ਚਲਾਵਨ ਸੰਤ ਉਬਾਰਨ।।**
**ਦੁਸਟ ਸਭਨ ਕੋ ਮੂਲ ਉਪਾਰਨਿ।।**

*–ਦਸਮ ਗ੍ਰੰਥ, ਪੰਨਾ–੫੯*

## ਸੁਰ ਅਤੇ ਅਸੁਰ

ਫਿਰ ਸਾਹਿਬ ਗੁਰੂ ਗੋਬਿੰਦ ਸਿੰਘ ਸੁਰ ਔਰ ਅਸੁਰ ਦੀ ਵਿਆਖਿਆ ਕਰਦੇ ਹਨ ਕਿ ਦੈਂਤ, ਰਾਖਸ਼ ਕੌਣ ਹੈ ਔਰ ਦੇਵਤਾ ਕੌਣ ਹੈ। ਆਲਮ ਜੀ ਨੇ ਦੱਸਿਆ ਸੀ ਪਰਸੋਂ ਕਿ, **ਅਸੰਖ ਜਪ ਅਸੰਖ ਭਾਉ**।

ਦੇਵਤੇ ਦਾ ਇਹ ਲੱਛਣ ਪਹਿਲੀ ਪੌੜੀ ਵਿੱਚ ਲਿਖਿਆ ਅਸੰਖਾਂ ਦੀ ਵਿੱਚ–

**ਅਸੰਖ**[੨] **ਪੂਜਾ ਅਸੰਖ ਤਪ ਤਾਉ**[੩]**।।**
**ਅਸੰਖ ਗਰੰਥ ਮੁਖਿ**[੪] **ਵੇਦ ਪਾਠ।।**

**ਅਸੰਖ ਜੋਗ ਮਨਿ ਰਹਿਹ ਉਦਾਸ॥**
**ਅਸੰਖ ਭਗਤ ਗੁਣ ਗਿਆਨ ਵਿਚਾਰ॥**
**ਅਸੰਖ ਸਤੀ[੫] ਅਸੰਖ ਦਾਤਾਰ॥**
**ਅਸੰਖ ਸੂਰ[੬] ਮੁਹ[੭] ਭਖ[੮] ਸਾਰ[੯]॥**
**ਅਸੰਖ ਮੋਨਿ[੧੦] ਲਿਵ[੧੧] ਲਾਇ ਤਾਰ[੧੨]॥**
**ਕੁਦਰਤਿ ਕਵਣ ਕਹਾ ਵੀਚਾਰੁ॥**
**ਵਾਰਿਆ ਨ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਰੰਕਾਰ॥**

*-ਪੰਨਾ-੩*

ਅੱਗੇ ਮਹਾਰਾਜ ਅਸੁਰ ਦੇ ਲੱਛਣ ਕਹਿੰਦੇ ਹਨ-

**ਅਸੰਖ ਮੂਰਖ ਅੰਧ ਘੋਰ[੧੩]॥**
**ਅਸੰਖ ਚੋਰ ਹਰਾਮ[੧੪] ਖੋਰ॥**
**ਅਸੰਖ ਅਮਰ[੧੫] ਕਰਿ ਜਾਹਿ ਜੋਰ॥**
**ਅਸੰਖ ਗਲ ਵਢ ਹਤਿਆ[੧੬] ਕਮਾਹਿ॥**
**ਅਸੰਖ ਪਾਪੀ ਪਾਪੁ ਕਰ ਜਾਹਿ॥**
**ਅਸੰਖ ਕੂੜਿਆਰ[੧੭] ਕੂੜੇ ਫਿਰਾਹਿ[੧੮]॥**
**ਅਸੰਖ ਮਲੇਛ ਮਲੁ[੧੭] ਭਖਿ[੨੦] ਖਾਹਿ॥**
**ਅਸੰਖ ਨਿੰਦਕ ਸਿਰਿ ਕਰਹਿ[੨੧] ਭਾਰੁ॥**
**ਨਾਨਕ ਨੀਚੁ ਕਹੈ ਵੀਚਾਰੁ॥**

*-ਪੰਨਾ-੪*

ਉਧਰ ਦੇਵਤੇ, ਇਧਰ ਦੈਂਤੁ। ਗੁਰੂ ਗੋਬਿੰਦ ਸਿੰਘ ਸਾਹਿਬ ਦੋ ਤੁਕਾਂ ਵਿੱਚ ਫਰਮਾਉਂਦੇ ਹਨ-

**ਸਾਧ ਕਰਮ ਜੇ[੨੨] ਪੁਰਖ ਕਮਾਵੈ॥**
**ਨਾਮ ਦੇਵਤਾ ਜਗਤ ਕਹਾਵੈ॥**
**ਕੁਕ੍ਰਿਤ ਕਰਮ[੨੩] ਜੇ ਜਗ ਮੈ ਕਰਹੀ॥**

**ਨਾਮ ਅਸੁਰ ਤਿਨ ਕੋ ਸਭ ਧਰਹੀ।।**

*–ਦਸਮ ਗ੍ਰੰਥ, ਪੰਨਾ-੪੮*

ਜਿਹੜੇ ਖੋਟੇ ਕੰਮ ਕਰਨ ਉਹ ਰਾਕਸ਼, ਜਿਹੜੇ ਚੰਗੇ ਕਰਨ ਉਹ ਦੇਵਤੇ। ਭਾਈ ਗੁਰਦਾਸ ਜੀ ਕਹਿੰਦੇ ਹਨ–

*ਅਸੁਰ ਭਭੀਖਣੁ ਭਗਤੁ ਹੈ ਬਿਦਰੁ ਸੁ ਵਿਖਲੀ ਪਤ ਸਰਣਾਈ।*

– – – – – – – – – – – – – – – – – – – – – – – – –

*ਭਗਤਾ ਜਾਤਿ ਸਨਾਤਿ ਨ ਕਾਈ।*

*–ਵਾਰ ੨੫, ਪਉੜੀ ੫*

ਰਾਵਣ ਰਾਕਸ਼ ਹੋ ਗਿਆ ਚਾਰ ਬੇਦ ਦਾ ਵਕਤਾ ਪੰਡਤ ਔਰ ਇਤਨਾ ਵੱਡਾ ਵਿਦਵਾਨ ਕਿ ਰਾਵਣੀ ਭਾਸ਼ ਉਹਨੇ ਵੇਦਾਂ ਦੇ ਉੱਤੇ ਟੀਕਾ ਕੀਤਾ ਹੋਇਆ ਹੈ—ਜਿਹਨੂੰ ਅੱਜ ਕੱਲ ਦੇ ਪੰਡਤ ਵੇਦ ਤੇ ਪੜ੍ਹ ਲੈਣ, ਟੀਕੇ ਨੂੰ ਪੜ੍ਹਨਾ ਬੜਾ ਮੁਸ਼ਕਲ ਹੈ—ਉਹ ਰਾਕਸ਼ ਹੋ ਗਿਆ। ਉਗਰਸੈਨ ਦੇਵਤਾ ਬਣ ਗਿਆ–-ਪਿਤਾ, ਕੰਸ ਪੁੱਤਰ ਜਿਹੜਾ ਸੀ ਉਹ ਰਾਕਸ਼ ਹੋ ਗਿਆ। ਤਾਂ ਤੇ–

**ਸਾਧ ਕਰਮ ਜੇ ਪੁਰਖ ਕਮਾਵੈ।।**
**ਨਾਮ ਦੇਵਤਾ ਜਗਤ ਕਹਾਵੈ।।**
**ਕੁਕ੍ਰਿਤ ਕਰਮ ਜੇ ਜਗ ਮੈ ਕਰਹੀ।।**
**ਨਾਮ ਅਸੁਰ ਤਿਨ ਕੋ ਸਭ ਧਰਹੀ।।**

ਗੁਰੂ ਸਾਹਿਬ ਸ੍ਰੀ ਰਾਗ ਦੇ ਛੰਤਾਂ ਵਿੱਚ ਸੱਚੇ ਪਾਤਸ਼ਾਹ ਕਹਿੰਦੇ ਹਨ–

**ਹਰ ਜੁਗਹ ਜੁਗੋ ਜੁਗ ਜੁਗਹ,**
**ਜੁਗੋ ਸਦ ਪੀੜੀ ਗੁਰੂ ਚਲੰਦੀ।।**

*–ਪੰਨਾ–੭੯*

## ਭਵਿਖਤ ਵਾਕ

ਫਿਰ ਅਜਿੱਤੇ ਰੰਧਾਵੇ ਨੂੰ ਗੁਰੂ ਨਾਨਕ ਦੇਵ ਕਹਿੰਦੇ ਨੇ–

*ਜੁਗਾ ਜੁਗੰਤਰ ਸਤਿਗੁਰੂ ਦੂਸਰ ਹੋਆ ਨ ਹੋਗ।*

*ਚੌਰਾਸੀ ਜਾਮੇ ਧਾਰ ਕੇ ਪਾਛੇ ਭਇਆ ਅਲੋਪ।*
*ਸੱਤਰ ਜਾਮੇ ਭਗਤ ਜਨ ਚੌਦਾਂ ਸਤਿਗੁਰ ਰਾਇ।*
*ਗੁਰਮੁਖਿ ਹੋਇ ਸੋ ਮਿਲ ਰਹੈ ਮਨ ਮੁਖ ਲਹੈ ਸਜਾਇ।*

ਫਿਰ ਗੁਰੁ ਗੋਬਿੰਦ ਸਿੰਘ ਸਾਹਿਬ ਗੁਰਿੰਡਨਾਮੇ ਵਿੱਚ ਲਿਖਦੇ ਹਨ-

**ਰਾਮ ਸਿੰਘ ਮੇਰੋ ਹੋਇ ਨਾਮਾ।**
**ਬਾਡੀ ਸੁਤ ਭੈਣੀ ਕੋ ਧਾਮਾ।**
**ਤਿਸ ਮਹਿ ਰਾਮ ਸਿੰਘ ਮਮ ਸਾਰਾ।**
**ਦੇਸ ਮਾਲਵੇ ਮਹਿ ਅਵਤਾਰਾ।**
**- ਰਿਲ ਪੁਰ ਬੀਚ ਬਾਢੀ ਸੁਤ ਹੋਈ।**
**ਬਲੂਆ ਰਾਜ ਕਰੈਗਾ ਸੋਈ।**

*-ਸੌ ਸਾਖੀ*

ਫਿਰ ਕਹਿੰਦੇ ਹਨ-

**ਰਾਮ ਸਿੰਘ ਉਚ ਨੀਚਨ ਡਰੈ।**
**ਅਵਨੀ ਏਕ ਰਸੋਦੀ ਕਰੈ।**

*-ਸੌ ਸਾਖੀ*

ਲਿਖਤ ਗੁਰੂ ਗੋਬਿੰਦ ਸਿੰਘ ਦੀ ਹੈ। ਕਈ ਸੱਜਣ ਸੌ ਸਾਖੀ ਨੂੰ ਹੁਣ ਤੱਕ ਮਖੌਲ ਕਰਿਆ ਕਰਦੇ ਸੀ। ਦੋ ਨਾਲ ਮੈਨੂੰ ਵਾਹ ਪਿਆ ਹੈ ਮਿਲਣ ਦਾ—ਇੱਕ ਤਾਂ ਸਰਦਾਰ ਨਾਹਰ ਸਿੰਘ ਜੀ ਐਮ. ਏ. ਹਨ, ਗਿਆਨੀ ਹਨ, ਸਰਦਾਰ ਸੁੰਦਰ ਸਿੰਘ, ਮਜੀਠੀਏ ਪਾਸ ਰਹਿੰਦੇ ਸੀ। ਮੈਂ ਅੱਠ ਤੋਂ ਲੈ ਕੇ ਤੇਰਹ ਸਤੰਬਰ ਤਕ—ਸੰਤਾਲੀ*[੧] ਦੇ ਵਿੱਚ, ਅੰਮ੍ਰਿਤਸਰ ਜੀ ਸ਼ਰਨਾਰਥੀਆਂ ਦੇ ਆਉਂਦਿਆਂ ਦੇ ਹਾਲਾਤਾਂ ਵਾਸਤੇ, ਕੁਛ ਆਪਣੇ ਆਦਮੀਆਂ ਵਾਸਤੇ—ਉੱਥੇ ਠਹਿਰਿਆ। ਕੋਈ ਹਾਲਾਤ ਦੇਖੇ ਉੱਥੇ, ਮੈਨੂੰ ਉਸ ਮਜੀਠੀਏ ਦੀ ਕੋਠੀ ਜਾਣਾ ਪੈਂਦਾ ਸੀ ਕਿਉਂਕਿ ਸਰਦਾਰ ਚਿਮਨੀ —ਜਿਹੜਾ ਬ੍ਰਿਗੇਡੀਅਰ ਲੱਗਾ ਹੋਇਆ ਸੀ ਲੋਕਾਂ ਨੂੰ ਲਿਆਉਣ ਤੇ— ਉਸ ਕੋਠੀ 'ਚ ਰਹਿੰਦਾ ਸੀ। ਉਹਨਾਂ ਨੂੰ ਦਿੱਲੀ ਕੰਮ ਪੈ ਗਿਆ, ਉਹ ਚਾਰ ਦਿਨ ਗਏ ਨਾ। ਮੈਂ ਰੋਜ਼ ਹੀ ਦੋ ਵਕਤ ਜਾਂਦਾ ਸੀ ਤਾਂ ਮੈਨੂੰ ਕਹਿਣ

ਲਗੇ—ਨਾਹਰ ਸਿੰਘ ਲੁਧਿਆਣਾ ਜ਼ਿਲ੍ਹੇ ਦੇ ਸਨ—''ਮੈਂ ਤਾਂ ਕਹਿੰਦਾ ਹੁੰਦਾ ਸੀ ਇਹ ਗਪੌੜੇ ਹੀ ਬ੍ਰਾਹਮਣਾਂ ਦੇ ਲਿਖੇ ਹੋਏ ਨੇ, ਸੌ ਸਾਖੀ ਦੇ ਤਾਂ ਸਾਰੇ ਹੀ ਬਚਨ ਸੱਚ ਹੋ ਗਏ।''

ਮਾਸਟਰ ਤਾਰਾ ਸਿੰਘ ਜੀ ਅਕਾਲੀ ਲੀਡਰ, ਇਹ ਮੈਨੂੰ ਅਕਤੂਬਰ ਦੇ ਦਿਨਾਂ ਵਿੱਚ ਮਿਲੇ ਧਰਮਸ਼ਾਲਾ—ਸਰਦਾਰ ਕਪੂਰ ਸਿੰਘ ਡਿਪਟੀ ਕਮਿਸ਼ਨਰ ਦੀ ਕੋਠੀ। ਉਹ ਕਹਿਣ ਲੱਗੇ,''ਮੈਂ ਵੀ ਸਮਝਦਾ ਸਾਂ ਬਈ ਇਹ ਤਾਂ ਗਪੌੜੇ ਲਿਖੇ ਹੋਏ ਨੇ ਪਰ ਇਹਦੇ 'ਚ ਤਾਂ ਜੋ ਕੁਝ ਲਿਖਿਐ ਸੱਚ ਹੋ ਰਿਹਾ ਹੈ।''

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲਿਖਿਆ ਸੀ—

*ਤੇਜ ਮੋਨੀਆਂ ਸਾਤ ਲੌ, ਦੋ ਪਰ ਰੌਲ ਸਰੂਰ।*

*–ਸੌ ਸਾਖੀ*

ਸੌ ਸਾਲ ਤਕ ਅੰਗ੍ਰੇਜ਼ਾਂ ਦਾ ਤੇਜ ਰ੍ਹਵੇਗਾ। ਲਿਖਿਆ ਬਿਆਸ ਜੀ ਨੇ ਵੀ ਹੈ ਲੇਕਿਨ ਉਹਦੇ ਅਰਥ ਸਾਡੇ ਲੋਕ ਪੁੱਠੇ ਸਿੱਧੇ ਕਰਦੇ ਸੀ। ਉੱਥੇ ਲਿਖਿਆ ਹੈ, *ਆਸੀਤਿ ਸੱਤ*—ਸੌ ਸਾਲ ਠਹਿਰਨਗੇ।

*ਪਸਿਚਮੇ ਤੁ ਸ਼ੁਭੇ ਦੇਸ਼ੇ ਵੇਦੀ ਵੰਸ਼ੇ ਚ ਨਾਨਕੌ*★੨

ਉਹਦੇ ਵਿੱਚ ਲਿਖਿਆ ਹੈ—

*ਤੇਸਾਂ ਰਾਜਯਾਂਤ ਪਰੇ ਕਾਲੇ ਮਲੇਛਾ ਗੌਰਮੁਖਾ ਨ੍ਰਿਪਾ।*

ਥੋੜਾ ਚਿਰ ਸਿੱਖਾਂ ਦਾ ਰਾਜ ਹੋਵੇਗਾ ਜਿਹੜਾ ਗੁਰੂ ਨਾਨਕ ਦੇਵ ਨੇ ਕਿਹਾ ਸੀ ਰੁਕਣ ਦੀਨ ਨੂੰ–

*ਬਚਨ ਪਾਲ ਨਹੀਂ ਸਕਣਗੇ ਬਹੁਤ ਖਾਣਗੇ ਗਮ।*

ਹੁਕਮ ਨਹੀਂ ਮੰਨਣਗੇ ਥੋੜਾ ਚਿਰ–

*ਮੈਂ ਫੇਰ ਕਰੂੰਗਾ ਖਾਲਸਾ ਵੱਸੇ ਵਿਚ ਪੰਜਾਬ।*

ਸਾਨੂੰ ਤਾਂ ਬੜਾ ਮਾਣ ਹੈ—ਇਹ ਅਲਿਹਦੀ ਗੱਲ ਹੈ। ਸਾਨੂੰ ਕਿਸੇ ਨਾਲ ਦਵੈਸ਼ ਨਹੀਂ ਕੋਈ ਮੰਨੇ ਨਾ ਮੰਨੇ। ਗੁਰੂ ਨਾਨਕ ਨੂੰ ਸਾਰੀ ਦੁਨੀਆਂ ਨੇ ਨਹੀਂ ਮੰਨਿਆ, ਰਾਮ ਚੰਦਰ ਜੀ ਨੂੰ ਨਹੀਂ ਸਾਰਿਆਂ ਨੇ ਮੰਨਿਆ, ਉਹਨਾਂ ਨਾਲ ਵੀ ਲੋਕਾਂ ਵੈਰ ਕੀਤਾ, ਕ੍ਰਿਸ਼ਨ ਮਹਾਰਾਜ ਨਾਲ ਵੀ ਕੀਤਾ। ਗੁਰੂ

ਗੋਬਿੰਦ ਸਿੰਘ ਦੇ ਵਕਤ ਤੋਂ ਕਈ ਪਿੱਛੇ ਰਹਿ ਗਏ—ਜਿਹਨਾਂ ਆਖਿਆ ਇਹਨੇ ਕੱਛਾਂ ਪਵਾ ਦਿੱਤੀਆਂ ਨੇ, ਅੰਮ੍ਰਿਤ ਛਕਾ ਦਿੱਤਾ ਹੈ—ਇਹ ਹੁੰਦਾ ਹੀ ਰਹਿੰਦਾ ਹੈ। ਸਾਨੂੰ ਕਿਸੇ ਨਾਲ ਦਵੈਸ਼ ਨਹੀਂ ਪਰ ਸਾਡੇ ਕੋਲ ਜੋ ਕੁਛ ਸਾਡੇ ਸਾਹਮਣੇ ਆਇਆ ਹੈ, ਉਹ ਗੁਰੂ ਗੋਬਿੰਦ ਸਿੰਘ ਦੀ ਲਿਖਤ, ਗੁਰੂ ਨਾਨਕ ਦੀ ਲਿਖਤ–

ਬੱਚਾ ਅਜਿੱਤਿਆ ਬਾਹਰਵਾਂ ਜਾਮਾਂ ਨਿਰਲੰਬ ਸਭ ਤੇ ਨਿਆਰਾ ਹੋਵੇਗਾ।

*ਭਰ ਬੇੜੇ ਲੈ ਜਾਹਿਗੇ ਸੰਤ ਜਨਾ ਕੇ ਪੂਰ।*
*ਬੇਮੁਖ ਤੁਟਹਿ ਤੁਟ ਮੂਏ ਸਨਿਮੁਖ ਭਏ ਕਬੂਲ।*
*ਗੁਰੂ ਸਬਦ ਜਿਨਿ ਜਾਣਿਆ ਮਿਟਿਆ ਆਵਣ ਜਾਣ।*
*ਨਾਨਕ ਜਾਤਾ ਖਸਮ ਜਿਨ ਆਏ ਤੇ ਪਰਵਾਣੁ।*

ਇਹ ਜਨਮ ਸਾਖੀ ਦੀਆਂ ਗੱਲਾਂ ਹਨ। ਕਈਆਂ ਨੇ ਤੋੜ ਭੰਨ ਕੇ, ਉਹ ਜਿੱਥੇ ਲਿਖਿਆ ਸੀ—**ਸੱਤਰ ਜਾਮੇ ਭਗਤਿ ਜਨ ਚਉਦਹਿ ਸਤਿਗੁਰ ਰਾਇ**—ਤੁਕ ਬਣਦੀ ਸੀ, ਉੱਥੇ ਲਿੱਖ ਦਿਤਾ—ਚੌਹਤਰ ਜਾਮੇ ਭਗਤਿ ਜਨ ਦਸ ਹੈ ਸਤਿਗੁਰ ਰਾਇ।

ਉਹਨਾਂ ਨੂੰ ਇਹ ਨਹੀਂ ਪਤਾ ਬਈ ਕਾਫੀਆ ਵੀ ਵਿਗੜ ਗਿਆ ਹੈ ਇਸਦਾ—ਚਾਲ ਦਾ। ਕੁਦਰਤ ਹੈ, ਖੇਡ ਹੈ—ਬਣਾਈ ਹੋਈ ਬਣਾਉਣ ਵਾਲੇ ਨੇ।

**ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ।।**

*-ਪੰਨਾ-੧੧*

ਜੋ ਮਰਜ਼ੀ ਹੈ ਕਰਦਾ—ਕਰਾਉਂਦਾ ਹੈ। ਗੁਰੂ ਗੋਬਿੰਦ ਸਿੰਘ ਨੇ ਲਿਖਿਆ–

**ਜਾਮਾ ਪਹਿਰੋਂ ਬਾਹਰਵਾਂ–**

ਉੱਥੇ ਲਿਖਿਆ ਹੈ–

**ਥਿਤ ਖਸਟਮੀ ਸੁਰ ਗੁਰ ਵਾਰਾ।।**
**ਭਸਮੰਤ ਨਗਰ ਸਤਿਲੁਧ ਕਨਾਰਾ।।**

ਕਿੱਥੇ ?

ਰਿਲਪੁਰ ਬੀਚ।

ਰਾਈਆਂ ਔਰ ਭੈਣੀ ਇਹ ਦੋ ਪਿੰਡ ਇਕੋ ਹੀ ਜਾਤ ਦੇ ਆਦਮੀਆਂ ਦੇ ਹਨ। ਉਨ੍ਹਾਂ ਦੋਹਾਂ ਪਿੰਡਾਂ ਵਿੱਚ ਉਹ ਰਹਿੰਦੇ ਹਨ। ਸਤਿਗੁਰਾਂ ਦਾ ਪ੍ਰਕਾਸ਼ ਹੋਇਆ ਹੈ ਰਾਈਆਂ ਵਿੱਚ ਵੱਸੇ ਹਨ ਆ ਕੇ ਭੈਣੀ ਵਿੱਚ—ਜਿਹੜੀ ਭੈਣੀ ਸਾਹਿਬ ਦੇ ਨਾਂ ਨਾਲ ਮਸ਼ਹੂਰ ਹੈ, ਰਾਈਆਂ ਭੈਣੀ ਭੀ ਲੋਕ ਕਹਿੰਦੇ ਨੇ। ਇਕੋ ਹੀ ਗੋਤ ਹੈ—ਦੋਏ ਜਗ੍ਗਾ ਜ਼ਿਮੀਦਾਰਾਂ ਦਾ। ਉਹਨਾਂ ਦੀ ਜ਼ਮੀਨ ਦੋਹਾਂ ਪਿੰਡਾਂ ਵਿੱਚ ਹੈ—ਬਹੁਤਿਆਂ ਸਾਰਿਆਂ ਦੀ।

*ਤੇਜ ਮੋਨੀਆਂ ਸਾਤ ਲੌ ਦੋ ਪਰ ਰੌਲ ਸਰੂਰ।*

ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ—ਸੌ ਸਾਲ ਤਕ ਅੰਗ੍ਰੇਜ਼ਾਂ ਦਾ ਤੇਜ ਰਹੇਗਾ ਪੰਜਾਬ 'ਚ ਦੋ ਸਾਲ ਬਾਅਦ ਰੌਲਾ ਪੈ ਜਾਏਗਾ। ਵੇਖ ਲਉ ਉਹੀ ਕੁਝ ਹੋਇਆ ਹੈ।

ਤਾਂ ਉੱਥੇ ਲਿਖਿਆ ਬਿਆਸ ਜੀ ਨੇ 'ਆਸੀਤ ਸਤ'—ਉਹਦਾ ਅਰਥ ਕਰਨ ਵਾਲੇ ਡਰਦੇ ਅੰਗ੍ਰੇਜ਼ਾਂ ਤੋਂ ਉਦੋਂ ਕੀ ਕਰਦੇ ਸੀ ਕਿ ਇੱਕ ਸੌ ਅੱਸੀ —ਅੱਸੀ ਤੇ ਸੱਤ—ਸੌ। ਪਾਠ ਹੈ—ਅਸੀਤ, ਆਸੀਤ ਦੇ ਅਰਥ ਹਨ—ਰਹਿਣਗੇ, ਠਹਿਰਨਗੇ। ਸਤ—ਦਾ ਅਰਥ ਹੈ ਸੌ, ਸੌ ਸਾਲ ਰਹਿਣਗੇ, ਉਹੀ ਪੂਰਾ ਹੋਇਆ।

ਮੇਰਾ ਆਪਣਾ ਖਿਆਲ ਹੈ, ਕਿਸੇ ਦੇ ਦਿਲ ਵਿੱਚ ਸ਼ਾਇਦ—ਕਿਸੇ ਕੂਕੇ ਦੇ ਜਿਹੜਾ ਪੂਰਾ ਰਿਹਾ ਹੋਏ ਸਾਡੇ ਵਰਗਾ ਨਾ ਅੱਧਾ ਕੁ ਕਾਫਿਰ ਹੋਇਆ ਹੋਵੇ—ਉਹਦੇ ਦਿਲ 'ਚ ਤੇ ਸੀ ਬਈ, ਇਹ ਨਹੀਂ ਰਹਿ ਸਕਦੇ। ਹੁਣ ਜਿਹੜੀ ਚੀਜ਼ ਮਹਾਤਮਾ ਜੀ ਨੇ ਬਤਾਲੀ ਵਿਚ ਕਹੀ 'ਕੁਵਿਟ ਇੰਡੀਆ' —ਨਾਮਧਾਰੀਆਂ ਨੇ ਮੇਰਾ ਖਿਆਲ ਆਉਂਦਾ ਹੈ ਕਿ ਉਹਨਾਂ ਨੇ ਸੰਮਤ ਪੰਝੀ—ਛੱਬੀ (ਸੰਨ ੧੮੬੮—੬੯) ਤੋਂ ਸ਼ੁਰੂ ਕੀਤਾ ਹੈ, 'ਬਿੱਲਿਉ ! ਨੱਸ ਜਾਉ ਉਏ।' ਇਹ ਉਹਨਾਂ ਦੇ ਉਦੋਂ ਦੇ ਸ਼ਬਦ ਸਨ—ਜਿਹੜਾ ਪੜ੍ਹਦੇ ਸੀ ਉਹ ਕਦੇ-ਕਦੇ।

*ਜਬ ਰੂਸ ਪੰਜਾਬ ਆਵੇ।*
*ਪਵੈ ਕਾਲ ਮੁਲਖ ਰੁਲ ਜਾਵੇ।*
*ਦੁਨੀਆ ਮਰੇ ਅੰਨ ਕੇ ਹਾਵੇ।*

ਇਹ ਇੱਕ ਸੂਰਮਾ ਸਿੰਘ—ਨੇਤਰਾਂ ਤੋਂ ਹੀਣ। ਗੁਜਰਾਂਵਾਲੇ ਦੇ ਜ਼ਿਲ੍ਹੇ ਦਾ, ਝੱਬਰ ਪਿੰਡ ਦੇ ਰਹਿਣ ਵਾਲਾ ਚੰਦਾ ਸਿੰਘ ਸਹਾਰਨ ਵਿੱਚ ਰਹਿੰਦਾ ਸੀ, ਉਸਨੇ ਸਤਿਗੁਰਾਂ ਦਾ ਬਾਰਾਂਮਾਹ ਬਣਾਇਆ। ਉਹਦੇ ਵਿੱਚ, ਇਹ ਸਾਰਾ ਕੁਝ ਉਸ ਆਦਮੀ ਦਾ ਲਿਖਿਆ ਹੋਇਆ ਆਹ ਜਿਹੜਾ ਕੁਛ ਹੋ ਰਿਹਾ ਹੈ ਤਾਂ ਤੇ, ਸਤਿਗੁਰਾਂ ਦਾ ਪ੍ਰਕਾਸ਼ ਕਿਸ ਵਾਸਤੇ ਹੋਇਆ-

## ਮਸਤਾਨੇ ਸਿੱਖ

**ਜਬ ਜਬ ਹੋਤ ਅਰਿਸਟਿ ਅਪਾਰਾ।**

ਮੈਂ ਕੱਲ ਅਰਜ਼ ਕੀਤੀ ਸੀ ਕਿ ਸਿੱਖਾ ਦੀ ਹਾਲਤ ਕੈਸੀ ਹੋ ਗਈ —ਕੋਈ ਤਾਂ ਵਾਲ ਪਾੜਦਾ ਹੈ, ਕੋਈ ਦਾੜ੍ਹੀ ਪੁੱਟਦਾ ਹੈ, ਕੋਈ ਮੁੱਛਾਂ ਪੁੱਟਦਾ ਹੈ, ਕੋਈ ਇੱਥੋਂ ਮੱਥੇ ਦੇ ਵਾਲ ਪੁੱਟਦਾ ਹੈ। ਸਿੱਖੀ ਦੇ ਲਿਹਾਜ਼ ਨਾਲ, ਸਿੰਘ ਦੇ ਲਿਹਾਜ਼ ਨਾਲ, ਅੰਮ੍ਰਿਤ ਛਕ ਕੇ ਕੋਈ ਆਦਮੀ ਕੇਸ ਨਹੀਂ ਲਾਹ ਸਕਦਾ। ਸਹਿਜਧਾਰੀ ਵਾਸਤੇ ਇਹ ਸ਼ਰਤ ਨਹੀਂ ਕਿਉਂਕਿ ਗੁਰੂ ਸਾਹਿਬ ਦੇ ਪਾਸ—ਅਸੀਂ ਦੇਖਿਆ—ਗੁਰੂ ਗੋਬਿੰਦ ਸਿੰਘ ਦੇ ਕੋਲ ਸੱਭੋ ਕੁਛ ਰਿਹਾ। ਸਾਹਿਬ ਰਾਮ ਕੋਇਰ ਜੀ ਜਿਹੜੇ ਸਨ—ਉਹ ਕੇਸ ਨਹੀਂ ਸਨ ਰਖਦੇ, ਕੋਲ ਬਿਠਾਉਂਦੇ ਸੀ ਸੱਚੇ ਪਾਤਸ਼ਾਹ।

ਸਿੱਖਾਂ ਨੇ ਆਖਿਆ,''ਸੱਚੇ ਪਾਤਸ਼ਾਹ, ਇਹਨਾਂ ਦੇ ਕੇਸ ਨਹੀਂ ਹਨ ਤੇ ਤੁਸੀਂ ਇਨ੍ਹਾਂ ਨੂੰ ਕੋਲ ਬਿਠਾਉਂਦੇ ਹੋ।''

ਉਹਨਾਂ ਆਖਿਆ,''ਇਨ੍ਹਾਂ ਦੇ ਅੰਦਰ ਨੂੰ ਕੇਸ ਹਨ।''

ਉਹ ਤੇ ਸਤਿਗੁਰ ਜਾਣਦਾ ਹੈ, ਸਾਨੂੰ ਕੀ ਪਤਾ, ਸਾਡਾ ਇਹ ਕੰਮ ਨਹੀਂ —ਅਸੀਂ ਸਤਿਗੁਰ ਦੀ ਕੀਤੀ 'ਚ ਕੋਈ ਲੱਤ ਬਾਂਹ ਮਾਰੀਏ। ਉਹ ਜਾਣਦਾ ਹੈ, ਜਿਹਨੂੰ ਉਹ ਵੱਡਾ ਕਰਦਾ ਹੈ ਉਹ ਹੀ ਵੱਡਾ ਹੋ ਸਕਦਾ ਹੈ।

**ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ।।**

*-ਮ: ੪-ਪੰਨਾ-੩੦੨*

ਫਿਰ ਇੱਕ ਸਿੱਖ ਦਾ ਪ੍ਰਸੰਗ ਐਸਾ ਵੀ ਲਿਖਿਆ ਹੈ। ਗੁਰੂ ਗੋਬਿੰਦ ਸਿੰਘ ਦੇ ਵਕਤ—ਸਾਨੂੰ ਨਹੀਂ ਸੀ ਪਤਾ ਲੱਗਦਾ ਸਾਡੇ ਨਾਮਧਾਰੀਆਂ 'ਚ

ਵੀ ਕਈਆਂ ਤੇ ਭਾਣਾ ਵਰਤਦਾ ਰਿਹਾ, ਅਸੀਂ ਦੇਖਦੇ ਰਹੇ ਹਾਂ, ਕਿ ਉਨ੍ਹਾਂ ਅੰਮ੍ਰਿਤ ਛਕ ਕੇ, ਮਸਤੀ ਦੀ ਹਾਲਤ ਵਿੱਚ ਕੇਸ ਮੁਨਾ ਦਿੱਤੇ। ਸੂਰਜ ਪ੍ਰਕਾਸ਼ 'ਚ ਲਿਖਿਆ ਹੈ, ਕਿ ਇੱਕ ਸਿੱਖ—ਜਿਹਦੇ ਤੇੜ ਕਛਹਿਰਾ ਹੈ, ਸਿਰ ਮੂੰਹ ਮੁੰਨਿਆ ਹੋਇਆ ਹੈ—ਗੁਰੂ ਗੋਬਿੰਦ ਸਿੰਘ ਸਾਹਿਬ ਇੱਕ ਦਿਨ ਤੰਬੂ ਵਿੱਚ ਬਿਰਾਜੇ ਹੋਏ ਨੇ ਔਰ ਹੁਕਮ ਦਿੱਤਾ ਹੋਇਆ ਹੈ ਪਹਿਰੇਦਾਰ ਨੂੰ ਕਿ ਸਾਡੇ ਅੰਦਰ ਕੋਈ ਆਦਮੀ ਨਾ ਵੜੇ, ਨੰਗੀ ਤਲਵਾਰ ਦਾ ਪਹਿਰਾ ਹੈ—ਉਹ ਆਦਮੀ ਮਸਤੀ ਦੀ ਹਾਲਤ ਵਿੱਚ ਆਉਂਦਾ ਹੈ, ਉਹ ਕਹਿੰਦਾ ਹੈ,''ਮੈਂ ਦਰਸ਼ਨ ਕਰਨੈ।''

ਉਹ ਕਹਿੰਦਾ,''ਮੈਂ ਨਹੀਂ ਜਾਣ ਦੇਣਾ।''

ਇਸ ਤਰ੍ਹਾਂ ਤਕਰਾਰ ਕਰਦਿਆਂ ਸਿੱਖ ਨੇ ਤਲਵਾਰ ਮਾਰੀ ਉਹਦੀ ਗਰਦਨ ਇੱਥੋਂ ਤਕ ਵੱਢੀ ਗਈ, ਘੰਡੀ ਅੜੀ ਰਹਿ ਗਈ—ਉਹ ਡਿੱਗ ਪਿਆ। ਐਉਂ ਹੱਥ ਪਾ ਕੇ ਕਹਿੰਦਾ ਹੈ,''ਬਈ ਹੁਣ ਤੂੰ ਆਪਣਾ ਕੰਮ ਤਾਂ ਕਰ ਲਿਆ ਹੈ, ਮੈਨੂੰ ਦਰਸ਼ਨ ਤਾਂ ਕਰਾ ਦੇ।''

ਗੁਰੂ ਸਾਹਿਬ ਰੌਲਾ ਸੁਣ ਕੇ ਬਾਹਰ ਨਿਕਲੇ, ਕਹਿੰਦੇ ਨੇ,''ਬਈ, ਇਹਨੂੰ ਸਜ਼ਾ ਦੇਈਏ—ਇਹਨੇ ਤੈਨੂੰ ਮਾਰਿਆ ਹੈ—ਮਸਤਾਨਿਆ।''

ਉਹ ਕਹਿੰਦਾ,''ਨਾ, ਇਹਨੂੰ ਅੱਖਾਂ ਦਿਉ।''

ਸਿੱਖੀ ਏਸ ਚੀਜ਼ ਦਾ ਨਾਉਂ ਨਹੀਂ ਕਿ ਅਸੀਂ ਐਵੇਂ ਇੱਕ ਦੂਏ ਨੂੰ ਦੇਖ-ਦੇਖ ਉਂਗਲਾਂ ਕਰੀਏ, ਇੱਕ ਦੂਏ ਦੀ ਗੱਲ ਵੱਲ ਧਿਆਨ ਨਾ ਕਰੀਏ। ਜਿਨ੍ਹਾਂ ਨੂੰ ਮਿਲ ਜਾਂਦੀ ਹੈ—ਉਹ ਜਾਣਦਾ ਹੈ ਜਿਹਦੇ ਉੱਤੇ ਕਿਰਪਾ ਕਰਦੈ ਪਰ ਸਾਡਾ ਫਰਜ਼ ਹੈ ਕਿ ਸਿੱਖ ਜਦੋਂ ਅੰਮ੍ਰਿਤ ਛਕ ਲਵੇ—ਫਿਰ ਇਹ ਦਾੜ੍ਹੀ ਤੇ ਕੇਸਾਂ ਨੂੰ ਕਿਤੇ ਹੱਥ ਨਾ ਲਾਵੇ। ਜਦੋਂ ਸਿੰਘਾਂ ਦੇ ਪੁੱਤਰ ਦਾੜ੍ਹੀਆਂ ਕੇਸ ਮੁਨਾਉਣ ਲੱਗੇ ਤਾਂ ਭਾਈ ਜੀ ਕਹਿੰਦੇ ਨੇ–

## ਸਿੱਖੀ ਦੀ ਹਾਲਤ

*ਸਿਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ*

*ਹਾਇ ਵੇ ਕਸਾਈ ਰਹੇ ਸਿਖੀ ਗਊ ਘਾਇ ਹੈ।*

*-ਪੰਥ ਪ੍ਰਕਾਸ਼*

ਉਹ ਸਿੱਖੀ ਗਊ ਨੂੰ ਲਗੇ ਜਦੋਂ ਘਾਉਣ, ਉਸ ਵੇਲੇ ਫੇਰ ਸਤਿਗੁਰੂ ਰਾਮ ਸਿੰਘ ਜੀ ਦਾ ਧਰਤੀ ਉੱਤੇ ਪ੍ਰਾਦੁਰਭਾਵ ਹੋਇਆ। ਉਹਨਾਂ ਨੇ ਆ ਕੇ ਪ੍ਰਕਾਸ਼ ਕੀਤਾ ਔਰ ਫੌਜ ਵਿੱਚ ਗਏ—ਸਿੱਖਾਂ ਦੀ। ਫੌਜ ਵਿੱਚ ਰਹਿ ਕੇ ਉਹਨਾਂ ਆਖਿਆ,''ਓ ਤੁਸੀਂ ਕੀ ਕਰਦੇ ਹੋ ?'' ਮੈਂ ਜੇ ਇੱਕ-ਇੱਕ ਗੱਲ ਦੱਸਾਂ ਤਾਂ ਪਤਾ ਨਹੀਂ ਲਗਦਾ ਕਿਉਂਕਿ ਇਹ ਸਮੁੰਦਰ ਹੈ ਉਹ ਮੈਨੂੰ ਵੀ ਕਿਹੜੀ ਸਾਰੀ ਯਾਦ ਹੋ ਸਕਦੀ ਹੈ ਜਿਡੀ ਮਹਾਰਾਜ ਦੀ ਬੀੜ ਹੈ—ਏਡੇ ਛੇ ਸੌ ਪੰਝੀ ਜਾਂ ਚਾਲੀ ਪੱਤਰੇ ਲਿਖੇ ਹੋਏ ਹਨ ਸਾਡੇ ਪਾਸ ਸਤਿਗੁਰਾਂ ਦੇ ਜੱਸ ਦੇ ਜਿਹੜੇ ਉਹ ਪੁਰਾਣੇ ਸਿੱਖ ਦੱਸਦੇ ਰਹੇ, ਜੋ ਕੁਛ ਉਹ ਲਿਖਾਉਂਦੇ ਰਹੇ, ਜੋ ਕੁਛ ਲਿਖਿਆ। ਸਤਿਗੁਰੂ ਰਾਮ ਸਿੰਘ ਦਾ ਪ੍ਰਕਾਸ਼ ਇਸ ਵਾਸਤੇ ਹੋਇਆ ਕਿ-

*ਸਿੱਖੀ ਦਸ਼ਮੇਸ਼ ਕੀ ਸੁ ਕੀ ਅਪਰਦੇਸ ਕੀ,*<br>
*ਅਸਿੱਖੀ ਪਰੀ ਪੇਸ਼ਗੀ ਛਿਨਾਰ ਬਨ ਠਨ ਕੇ।*

*-ਪੰਥ ਪ੍ਰਕਾਸ਼*

ਗਿਆਨੀ ਗਿਆਨ ਸਿੰਘ ਜੀ ਕਹਿੰਦੇ ਨੇ—ਜੋ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਸੀ, ਉਹ ਕਰ ਦਿੱਤੀ ਪ੍ਰਦੇਸ ਦੀ—ਅਸਿਖੀ ਪੇਸ਼ ਪੈ ਗਈ ਛਨਾਰ ਬਣਕੇ। ਮੈਂ ਕੱਲ ਗੱਲ ਕਹੀ ਸੀ ਨ ਕਿ ਆਪਣੀਆਂ ਔਰਤਾਂ ਛੱਡ ਕੇ ਮੁੰਡੇ ਰੱਖੇ ਹੋਏ, ਬਾਦ ਫਰੰਗ ਹੋਏ—ਹੋਏ।

*ਤਿਨ ਕੇ ਸੰਗੀ ਬਾਦ ਫਰੰਗੀ ਬਹੁਤ ਨਮਰਦ ਥਵੈ ਹੈ ਜੇ।*

ਜਦੋਂ ਤੁਰਦੇ ਨੇ ਤਾਂ ਲੋਕ ਮਖੌਲ ਕਰਦੇ ਹਨ। ਭਾਈ ਗਿਆਨ ਸਿੰਘ ਜੀ ਕਹਿੰਦੇ ਨੇ-

## ਢਾਈ ਸਿੱਖ

*ਸਿੰਘ ਸੁਨਹਿਰੀ ਕਬਜੇ ਵਾਰੇ ਤਿਨੈ ਮਸਖਰੀ ਲੋਗ ਕਰੈਂ*

ਜਦੋਂ ਇਹ ਹਾਲਤ ਹੋਈ, ਸਤਿਗੁਰੂ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ

ਜੀ ਜਿਹੜੇ ਉਸ ਵੇਲੇ ਦੇ ਸਿੱਖ ਨਾਲ ਰਹੇ, ਉਹਨਾਂ ਤੋਂ ਬਚਨ ਸੁਣੇ ਹੋਏ ਨੇ, ਲਿਖੇ ਹੋਏ ਹਨ। ਕਹਿੰਦੇ ਸੀ,''ਗੁਰੂ ਗੋਬਿੰਦ ਸਿੰਘ ਦੇ ਬਣੇ ਹੋਏ ਪੰਜਾਬ ਚੋਂ ਸਾਨੂੰ ਕੁਲ ਢਾਈ ਸਿੱਖ ਮਿਲੇ ਹਨ ਜਿਹੜੇ ਸਾਬਤ ਉਸ ਵੇਲੇ ਸਨ।''ਇੱਕ ਬਾਬਾ ਜਮੀਤ ਸਿੰਘ ਜੀ ਕਾਨ੍ਹੇ ਦੇ ਸਨ, ਇਹਨਾਂ ਦਾ ਉਥੇ ਹੁਣ ਬੜਾ ਦਰਬਾਰ ਬਣਿਆ ਸੀ, ਕਾਨ੍ਹੇ 'ਚ, ਬੜੇ ਮਹਾਂਪੁਰਖ ਹੋਏ ਹਨ।

ਇੱਕ ਸਰਦਾਰ ਲਹਿਣਾ ਸਿੰਘ ਜੀ—ਸਰਦਾਰ ਹਰੀ ਸਿੰਘ ਨਲੂਏ ਦੇ ਜਵਾਈ, ਗੁਜਰਾਂਵਾਲੇ ਵਿੱਚ ਰਹਿੰਦੇ ਸਨ, ਲੰਗੋਟੀ ਰਖਦੇ ਸੀ। ਉਹੀ ਗੱਲ ਜਿਹੜੀ ਸਹਿਬਾਂ ਨੇ ਆਖੀ ਸੀ—ਸਾਹਿਬ ਰਾਮ ਕੌਇਰ ਜੀ ਦੇ ਅੰਦਰ ਨੂੰ ਕੇਸ ਸਨ। ਹੁਣ ਕੂਕਿਆਂ ਦੀ ਗੱਲ ਹੁਣ ਤੇ ਕੂਕੇ ਜ਼ਰਾ ਕੁ ਥੋੜੇ ਜਿਹੇ ਪਿਛਾਂਹ ਨੂੰ ਹਟ ਪਏ—ਨਹੀਂ ਲੋਕਾਂ 'ਚ ਕਹਾਵਤ ਸੀ–

*ਕੂਕੇ ਬੜੇ ਕਸੂਤੇ ਗੜਵੀ ਨਹੀਂ ਦਿੰਦੇ ਨਹਾਉਣ ਨੂੰ।*

ਨਾਲ ਨਹੀਂ ਸਨ ਕਿਸੇ ਨੂੰ ਲੱਗਣ ਦਿੰਦੇ। ਗੁਜਰਾਂਵਾਲੇ ਗਏ, ਬਾਬਾ ਜੀ ਨੇ ਲੰਗਰ ਕੀਤਾ, ਲੋਕ ਭੁੱਖੇ ਸੀ, ਬਾਬਾ ਲਹਿਣਾ ਸਿੰਘ ਜੀ ਉਸੇ ਤਰ੍ਹਾਂ ਬਗੈਰ ਪੁੱਛੇ ਤੋਂ ਲਾਂਗਰੀਆਂ ਦੇ—ਵਿੱਚੋਂ ਥਹੀ ਪ੍ਰਸ਼ਾਦਿਆਂ ਦੀ ਚੁੱਕ ਲਿਆਏ—ਵਰਤਾਉਣ ਵਾਸਤੇ।

ਸਤਿਗੁਰਾਂ ਕੋਲ ਅਰਜ਼ ਹੋਈ, ਸਤਿਗੁਰਾਂ ਆਖਿਆ,''ਨਾ ਭਾਈ, ਇਹ ਐਸੇ ਤਰ੍ਹਾਂ ਹੀ ਚੰਗਾ ਹੈ।'' ਉਹ ਬਾਬਾ ਲਹਿਣਾ ਸਿੰਘ ਜੀ ਕੇਸਾਂ ਵਿੱਚ ਮੱਖਣ ਰੱਖਣਾ, ਜੂੜਾ ਅੱਗੇ ਰੱਖਣਾ, ਕੇਸਾਂ ਤੋਂ ਨੰਗੇ ਬੈਠੇ ਰਹਿੰਦੇ ਮੰਜੇ ਉੱਤੇ —ਪਾਵਿਆਂ ਦੇ ਹੇਠ ਜਲ ਰਖਦੇ ਸੀ ਕੀੜੀਆਂ ਨਾ ਚੜ੍ਹਨ। ਰਾਤ ਦਿਨ ਭਜਨ ਬਾਣੀ ਕਰਨਾ, ਨਿਸਚਲ ਬਿਰਤੀ ਸੀ ਉਹਨਾਂ ਦੀ—ਬਰਫੀ ਮੰਗਾ ਲੈਣੀ—ਵਗਦੀ ਵਿੱਚ ਪਾ ਲੈਣੀ, ਵਗਦੀ'ਚ ਪਾ ਕੇ ਚੂੜ੍ਹੇ ਚਮਿਆਰਾਂ ਦੀ ਬਸਤੀ ਵਿੱਚ ਉਨ੍ਹਾਂ ਦੇ ਬੱਚਿਆਂ ਨੂੰ ਵੰਡਦੇ ਰਹਿਣਾ।

ਰੋਜ਼ ਆਸਾ ਦੀ ਵਾਰ ਦਾ ਕੀਰਤਨ ਸੁਣਨਾ ਕੋਈ ਕੋਈ ਸਰੀਰ ਅਜੇ ਵੀ ਸ਼ਾਇਦ ਹੋਣਗੇ ਜਿਨ੍ਹਾਂ ਨੇ ਬਾਬਾ ਜੀ ਦੇ ਦਰਸ਼ਨ ਕੀਤੇ ਵਾਲਿਆਂ ਚੋਂ, ਸ਼ਾਇਦ ਕੋਈ ਨਾ ਵੀ ਰਿਹਾ ਹੋਵੇ—ਪਰ ਉਹਨਾਂ ਦੇ ਬਚਨ ਜਿਹੜੇ

ਉਸਨੇ ਸੁਣੇ ਹੋਏ ਹਨ ਪੂਰੇ ਹੋਏ। ਢਾਈ ਸਿੱਖ ਕਹਿੰਦੇ ਸੀ ਗੁਰੂ ਗੋਬਿੰਦ ਸਿੰਘ ਦੀ ਸਿੱਖੀ 'ਚੋਂ ਸਾਨੂੰ ਮਿਲੇ ਹਨ ਕਿਉਂਕਿ ਗੁਰੂ ਨਾਨਕ ਨੇ ਜੋ ਲਿਖ ਦਿੱਤਾ ਸੀ ਕਿ-

*ਬਚਨ ਪਾਲ ਨਹੀਂ ਸਕੈਂਗੇ ਬਹੁਤ ਖਾਣਗੇ ਗਮ'*

– *ਮੈਂ ਫੇਰ ਕਰੂੰਗਾ ਖਾਲਸਾ ਵੱਸੈ ਵਿੱਚ ਪੰਜਾਬ।*

ਫਿਰ ਖਾਲਸੇ ਨੂੰ ਖਾਲਸ ਬਨਾਉਣ ਵਾਸਤੇ ਸਤਿਗੁਰੂ ਰਾਮ ਸਿੰਘ ਸਾਹਿਬ ਸੱਚੇ ਪਾਤਸ਼ਾਹ ਅਕਾਲ ਪੁਰਖ ਦਾ—ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

*ਦੁਆਦਸ ਪੁਰਖ ਹੈ ਆਦਿ ਸੇ ਸਭਹਿਨ ਕੈ ਸਿਰਮੌਰ।*
*ਸ਼ਕਤ ਅਨੰਤੀ ਆਇ ਹੈਂ ਆਦਿ ਇਹੈਂ ਨਹੀਂ ਔਰ।।*

ਜ਼ਰਾ ਧਿਆਨ ਦੇਣਾ ਗੁਰਬਾਣੀ ਵਿੱਚ ਸ਼ਬਦ ਲਿਖਿਆ ਹੈ-

**ਸੋਲਹ ਕਲਾ[੨੪] ਸੰਪੂਰਨ ਫਲਿਆ।।**
**ਅਨਤ ਕਲਾ ਹੋਇ ਠਾਕੁਰੁ ਚੜਿਆ।।**

*-ਮ:੫, ਪੰਨਾ-੧੦੮੧*

ਸਤਿਗੁਰ ਜਿਸ ਵੇਲੇ ਜਾ ਕੇ ਮਿਲਦੇ ਹਨ, ਗੁਰੂ ਬਾਲਕ ਸਿੰਘ ਜੀ ਨੂੰ, ਉਹ ਕਹਿੰਦੇ ਹਨ,''ਆਓ ਠਾਕੁਰ ਜੀ।''

*ਜਾਮੇ ਧਾਰੇ ਦਸ ਗੁਰੂ ਨਵ ਸਤਿ ਕਲਾ ਸੁਧਾਰ।।*

ਸੋਲ੍ਹਾਂ ਕਲਾ ਵਾਲੇ-

*ਗੁਪਤ ਗਿਆਰਵਾਂ ਖੇਲਸੀ ਕੋਈ ਨ ਪਾਵੈ ਪਾਰ।।*

ਫਿਰ ਕਹਿੰਦੇ ਹਨ-

*ਦੁਆਦਸ ਪੁਰਖ ਹੈ ਆਦਿ ਸੇ ਸਭਹਿਨ ਕੈ ਸਿਰਮੌਰ।।*

ਸਾਰਿਆਂ ਤੋਂ ਸਿਰਮੌਰ ਜਾਮਾ ਹੋਵੇਗਾ। ਲਿਖਿਆ ਗੁਰੂ ਗੋਬਿੰਦ ਸਿੰਘ ਦਾ, ਕੋਈ ਮੰਨੇ ਨਾ ਮੰਨੇ।

*ਸ਼ਕਤ ਅਨੰਤੀ ਆਇ ਹੈ*—ਅਨੰਤ ਸ਼ਕਤੀਆਂ ਲੈ ਕੇ ਆਉਣਗੇ—*ਆਦਿ ਇਹੈ ਨਹੀਂ ਔਰ*—ਇਸ ਤੋਂ ਆਦਿ ਹੋਰ ਕੋਈ ਨਹੀਂ—ਇੱਕ ਅਕਾਲ ਪੁਰਖ ਹੈ, ਸਿੱਧਾ ਉੱਥੇ ਲਿਖਿਆ ਹੋਇਆ ਹੈ।

## ਗੁਰਬਾਣੀ ਦਾ ਸਤਿਕਾਰ

ਸਤਿਗੁਰਾਂ ਪਰਗਟ ਹੋ ਕੇ ਜਿਸ ਵੇਲੇ ਪਰਚਾਰ ਸ਼ੁਰੂ ਕੀਤਾ, ਪਿੰਡਾਂ ਵਿੱਚ ਗਏ—ਪਤਾ ਕੀਤਾ ਕੀ ਹਾਲ ਹੈ ਧਰਮਸਾਲਾ ਦਾ। ਗੁਰਦੁਆਰਾ ਨਾਉਂ ਹੁਣ ਥੋੜੇ ਚਿਰ ਤੋਂ ਪਿਆ ਹੈ ਧਰਮਸਾਲਾ ਦਾ। ਸਿੰਘ ਸਭਾ ਜਦੋਂ ਤੋਂ ਹੋਈ—ਉਸ ਵਕਤ ਤੋਂ ਗੁਰਦੁਆਰਾ ਨਾਉਂ ਧਰਮਸਾਲਾ ਤੋਂ ਹੋਇਆ। ਪਹਿਲੇ—ਗੁਰੂ ਨਾਨਕ ਦੇ ਵਕਤ ਤੋਂ ਭੀ, ਭਾਈ ਗੁਰਦਾਸ ਭੀ ਕਹਿੰਦੇ ਨੇ-

*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।*

*-ਵਾਰ ੧ -ਪਉੜੀ ੨੭*

ਗੁਰਦੁਆਰੇ ਉਨ੍ਹਾਂ ਨੂੰ ਕਿਹਾ ਜਾਂਦਾ ਸੀ, ਜਿੱਥੇ ਗੁਰੂ ਨਾਨਕ ਤੋਂ ਲੈ ਕੇ ਕੋਈ ਗੁਰੂ ਸਾਹਿਬ ਜਾ ਕੇ ਬਰਾਜੇ ਸਨ ਲੇਕਿਨ ਸਾਨੂੰ ਏਹਦੇ 'ਚ ਭੀ ਕੋਈ ਇਤਰਾਜ਼ ਨਹੀਂ। ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹਨ, ਉਨ੍ਹਾਂ ਵਾਸਤੇ ਗੁਰਦੁਆਰਾ ਹੈ—ਜੇ ਨਾ ਕਹਿਣ ਤੇ ਠੀਕ ਨਹੀਂ ਹੈ।

ਇਸ ਕਰਕੇ ਪਹਿਲੇ ਨਾਂ ਸੀ ਧਰਮਸਾਲਾ। ਸਤਿਗੁਰੂ ਸੱਚੇ ਪਾਤਸ਼ਾਹ ਜਿਸ ਵੇਲੇ ਪਹਿਲੇ ਦੌਰੇ ਚੜ੍ਹੇ, ਜਾ ਕੇ ਦੇਖਿਆ ਬਈ ਕੀ ਹਾਲ ਹੈ—ਧਰਮਸਾਲਾ ਦਾ ? ਜਾ ਕੇ ਦੇਖਿਆ ਜਾਂ ਹੁੱਕਿਆਂ ਦੇ ਗੁੱਲ ਖਿੱਲਰੇ ਹੋਏ ਜਾਂ ਉੱਥੇ ਬੱਕਰਿਆਂ ਦੀਆਂ ਮੀਂਗਣਾ ਜਿਹੜੇ ਬੱਕਰੇ ਛੱਡੇ ਹੋਏ, ਸਾਹਨ ਉੱਥੇ ਰਹਿਣ। ਕੋਈ ਸਾਧੂ ਨਹੀਂ—ਕੋਈ ਉੱਥੇ ਪਤਾ ਨਹੀਂ।

ਫਿਰ ਪੁਛਿਆ—ਬਈ ਏਥੇ ਗ੍ਰੰਥ ਸਾਹਿਬ ਜੀ ਦੀ ਬੀੜ...... ?

''ਫਲਾਣੇ ਨੰਬਰਦਾਰ ਦੇ ਘਰ ਹੈ ਜੀ।''

-ਨੰਬਰਦਾਰ ਦੇ ਘਰ ਗਏ—ਅਲਮਾਰੀਆਂ ਨਹੀਂ ਸਨ ਉਦੋਂ, ਟਰੰਕ ਨਹੀਂ ਸਨ, ਆਲੇ ਹੁੰਦੇ ਸਨ ਕੋਠਿਆਂ ਵਿੱਚ—ਇਹ ਆਲੇ ਮੈਂ ਭੀ ਵੇਖੇ ਹਨ। ਸਾਡੇ ਗੁਰਦੁਆਰੇ ਭੈਣੀ ਸਾਹਿਬ, ਗਰੰਥ ਸਾਹਿਬ ਵਾਲੇ ਚੁਬਾਰੇ 'ਚ, ਅਜੇ ਭੀ ਇੱਕ ਆਲਾ ਹੈ ਉਸੇ ਤਰ੍ਹਾਂ ਹੀ ਜਿਹਦੇ ਵਿੱਚ ਰੱਖਦੇ ਸੀ —ਉੱਚਾ ਕਰਕੇ ਲਾਇਆ ਹੈ। ਆਲੇ ਵਿਚੋਂ ਕੱਢੀ ਮਹਾਰਾਜ ਦੀ ਬੀੜ,

ਏਨੀ-ਏਨੀ ਉੱਤੇ ਮਿੱਟੀ ਪਈ ਹੋਈ, ਕਿਤੇ ਪੱਤਰੇ ਨੂੰ ਸਿਉਂਕ ਲਗੀ ਹੋਈ, ਕਿਤੇ ਚੂਹਿਆਂ ਨੇ ਜਿਲ੍ਦ ਖਾਧੀ ਹੋਈ, ਜਿਹਨੂੰ ਭਾਈ ਗਿਆਨ ਸਿੰਘ ਜੀ ਨੇ ਲਿਖਿਆ-

*ਤਿਨਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਬਖਯਾਤੀ।*
*ਪਾਇ ਹੈਂ ਨ ਝਾਤੀ ਮੂਸ ਖਾਤ ਗ੍ਰੰਥ ਜੇ ਪਰੈਂ।*

*-ਪੰਥ ਪ੍ਰਕਾਸ਼*

ਗ੍ਰੰਥ ਸਾਹਿਬ ਦੀਆਂ ਜਿਲਦਾਂ ਚੂਹੇ ਖਾ ਗਏ-ਮਹਾਰਾਜ ਨੇ ਕੱਢੇ। ਮੰਜੀ ਸਾਹਿਬ ਕਿਤੋਂ ਲੱਭਿਆ, ਧੁਆਖਿਆ ਪਿਆ-ਧੁਆਇਆ। ਧਰਮਸਾਲਾ ਦੇ ਵਿੱਚ ਪੋਚਾ ਦੁਆਇਆ, ਪੋਚਾ ਦੁਆ ਕੇ ਆਖਿਆ,''ਉਏ ਭੁਲਿਓ ਹੋਇਓ ਲੋਕੋ, ਗੁਰਬਾਣੀ ਵੱਲ ਲੱਗੋ ਓਏ, ਪੜ੍ਹੋ।'' ਰੁਮਾਲੇ ਧੋਤੇ, ਆਪ ਪ੍ਰਕਾਸ਼ ਕਰਕੇ ਉਨ੍ਹਾਂ ਨੂੰ ਆਖਿਆ,''ਪਾਠ ਕਰੋ।''

ਸਾਨੂੰ ਫ਼ਖਰ ਹੈ ਅਜੇ ਭੀ ਕਿ ਸਤਿਗੁਰੂ ਦੇ ਪਰਤਾਪ ਨਾਲ-ਸਾਡੀ ਕਿਸੇ ਦੀ ਕੋਈ ਤਾਕਤ ਨਹੀਂ-ਢਾਈ ਲੱਖ ਪਾਠ ਸਧਾਰਨ ਔਰ ਦੂਸਰੀ ਗਿਣਤੀ ਅਖੰਡਪਾਠਾਂ ਦੀ ਬੀ ਜਿਹੜੀ ਹੈ ਅਜੇ ਤੱਕ ਨਾਮਧਾਰੀਆਂ ਜਿਤਨੀ-ਕਿਸੇ ਨੇ ਨਹੀਂ ਕੀਤੀ। ਇਹ ਤਾਂ ਉਨ੍ਹਾਂ ਦੀ ਖੇਡ ਹੈ, ਇੱਕ ਮਸਤਾਨੇ ਨੇ ਪੰਜ ਸੌ ਪਾਠ (ਅਖੰਡ) ਤੇ ਹੁਣ ਕਰਵਾ ਦਿੱਤਾ, ਪਰ ਦੇ ਹੋਲੇ ਵਿੱਚ ਆਖਣ ਲਗਾ ਕਿ ਹੁਕਮ ਮਿਲਿਆ ਹੈ, ਪਾਠ ਪੰਜ ਸੌ ਕਰਨਾ ਹੈ। ਮੰਨ ਲਿਆ ਹੁਕਮ ਸੁਹੇਵੇ ਸਾਹਿਬ ਜਾਕੇ -ਮੈਂ ਜਿਹੜੀ ਕੱਲ ਗੱਲ ਦਸਦਾ ਸਾਂ ਕਿ ਗੁਰੂ ਗੋਬਿੰਦ ਸਿੰਘ ਜੀ ਉੱਥੇ ਉਹ ਸੱਪ ਦਾ ਬੱਚਾ ਨਿਕਲਿਆ, ਉਹ ਜੰਡ ਉੱਤੇ ਚੜ੍ਹਿਆ। ਉਹਦੇ 'ਚ ਪਿੱਪਲ ਉੱਗਿਆ ਦੇਖਿਆ। ਸਤਿਗੁਰਾਂ ਕਿਹਾ-ਗੁਰੂ ਗੋਬਿੰਦ ਸਿੰਘ ਨੇ ਕਿ ਜਦੋਂ ਇਹ ਪਿੱਪਲ ਜੰਡ ਨੂੰ ਖਾ ਜਾਏਗਾ--ਅਸੀਂ ਆਵਾਂਗੇ। ਸਾਡੇ ਵਾਸਤੇ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ, ਸਤਿਗੁਰੂ ਰਾਮ ਸਿੰਘ ਦੇ ਆਉਣ ਦਾ ਵਕਤ ਹੈ। ਦੇਖੋ ਉਨ੍ਹਾਂ ਨੇ ਇਹ ਗੱਲ ਕਹੀ ਹੈ,''**ਮੇਰੇ ਵਾਸਤੇ ਗੁਰੂ ਸਾਹਿਬ ਦਾ ਹੁਕਮ ਹੈ ਕਿ ਜਿਨ੍ਹਾਂ ਚਿਰ ਗਊ ਗਰੀਬ ਦੇ ਗਲ ਤੋਂ ਛੁਰੀ ਨਹੀਂ**

**ਲਹਿੰਦੀ ਇਹ ਮੜ੍ਹਾ ਨਹੀਂ ਚਲਦਾ।**'' ਇਸ ਤਰ੍ਹਾਂ ਛਾਤੀ ਨੂੰ ਹੱਥ ਲਾ ਕੇ ਕਹਿੰਦੇ ਸੀ। ਫਿਰ ਅਸੀਂ ਦੇਖਦੇ ਹਾਂ, ਸੌ ਸਾਖੀ ਪੜ੍ਹਦੇ ਹਾਂ ਸਾਨੂੰ ਸਮਝ ਨਹੀਂ ਪੂਰੀ ਆਉਂਦੀ-

## ਪੰਚ ਪਚਾਸ ਦੇਹ ਰਹਿ ਸੰਦਾ

*ਪੰਚ ਪਚਾਸ ਦੇਹ ਰਹਿ ਸੰਧਾ*

ਪੰਜ ਪੰਜਾਹੇ—ਢਾਈ ਸੌ ਸਾਲ ਤਕ ਦੇਹ ਸਤਿਗੁਰਾਂ ਦੀ। ਐਸ ਵਕਤ ਜੇ ਅਸੀਂ ਗਿਣਤੀ ਕਰੀਏ ਫੇਰ ੧੩੪ ਸਾਲ ਬਣਦੇ ਹਨ ਔਰ ਚਾਰ-ਪੰਜ ਸਾਲ ਹੋਏ ਹਨ ਜਦੋਂ ਰੂਸ ਵਿੱਚ ਸਤਿਗੁਰਾਂ ਦਾ ਦਰਸ਼ਨ ਕਰਕੇ ਸਿੱਖ ਆਏ ਹਨ ਜਿਨ੍ਹਾਂ ਨੇ ਆ ਕੇ ਦੱਸਿਆ। ੧੯੧੪ ਵਿੱਚ ਜਰਮਨੀ ਵਿੱਚ ਦਰਸ਼ਨ ਕਰੇ ਹਨ, ਜਿਨ੍ਹਾਂ ਕੀਤੇ ਹਨ ਏਦੂੰ ਪਹਿਲੀਆਂ ਗੱਲਾਂ ਨੂੰ ਕੀ ਕਰਨਾ।

੧੯੨੨ ਵਿੱਚ ਇੱਕ ਆਦਮੀ ਦੀ ਚਿੱਠੀ ਆਈ ਸੀ ਰੂਸ ਵਿੱਚੋਂ। ਉਹਦੇ ਘਰ ਦਿਆਂ ਨੇ—ਕਪੂਰਥਲੇ ਦੇ ਇਲਾਕੇ ਦਾ ਸੀ—ਉਸਦੀ ਔਰਤ ਦੂਜੇ ਦੇ ਘਰ ਵਾੜ ਦਿਤੀ। ਉਹ ਮਰ ਗਿਆ ਉਧਰ ਫੌਜ ਵਿੱਚ ਗਿਆਂ। ਉਹਦੀ ਚਿੱਠੀ ਆਈ,''ਜਿਹੜੇ ਕੂਕਿਆਂ ਦੇ ਗੁਰੂ ਹਨ ਸਤਿਗੁਰੂ ਰਾਮ ਸਿੰਘ ਜੀ ਮੈਂ ਉਨ੍ਹਾਂ ਦਾ ਦਰਸ਼ਨ ਕੀਤਾ ਹੈ।'' ਇਹ ੧੯੨੨ ਦੇ ਹੋਲੇ ਤੇ ਮੈਨੂੰ ਰਾਵਲਪਿੰਡੀ ਚਿੱਠੀ ਮਿਲੀ ਹੈ, ਮੈਂ ਪੜ੍ਹਕੇ ਸਾਧ—ਸੰਗਤ ਵਿੱਚ ਸੁਣਾਈ ਹੈ। ਉਸ ਆਦਮੀ ਨੂੰ ਕੋਈ ਨਹੀਂ ਸੀ ਜਾਣਦਾ—ਏਥੇ। ਉਹ ਔਰਤ ਫਿਰ ਵਿੱਟਰ ਬੈਠੀ, ਉਸਨੇ ਆਪਣੀ ਜ਼ਮੀਨ ਵੱਖਰੀ ਕਰ ਲਈ। ਚਾਰ ਪੰਜ ਸਾਲ ਜਾਂ ਛੇ ਹੋ ਗਏ ਹੋਣਗੇ ਕਿਉਂਕਿ ਤਿੰਨ ਸਾਲ ਰੌਲੇ (ਸੰਨ ੧੯੪੭) ਨੂੰ ਹੋ ਜਾਣਗੇ ਇਨ੍ਹਾਂ ਗਰਮੀਆਂ 'ਚ--ਉਦੋਂ ੨—੩ ਸਾਲ ਪਹਿਲਾਂ ਉਸਨੇ ਦਰਸ਼ਨ ਕੀਤੇ ਹਨ। ਰਾਵਲਪਿੰਡੀ ਉਹ ਆਇਆ, ਉਸ ਨੇ ਪਤਾ ਭੀ ਆਪਣਾ ਲਿਖਾਇਆ ਪਰ ਕਾਗਜ਼ ਕਿਤੇ ਗੁਆਚ ਗਿਆ ਹੈ।

ਫੇਰ ਤੁਹਾਨੂੰ ਇਹ ਗੱਲ ਕਿ ਜਿਹੜੇ ਸਤਿਗੁਰੂ ਨਹੀਂ ਸਨ ਮੰਨਦੇ ਉਹ

ਇਹ ਤੇ ਮੰਨਦੇ ਨੇ ਕਿ ਸਾਧੂ ਜਾਮੇ 'ਚ—ਤਿੱਬਤ ਵਗੈਰਾ 'ਚ ..........।

ਉਹ ਇਹ ਤੇ ਮੰਨਦੇ ਹਨ ਕਿ ੧੨੬ ਸਾਲ ਦਾ ਬੂੜਾ ਬਾਜੀਗਰ—ਮੈਂ ਆਪਣੀ ਅੱਖੀਂ ਸਰਗੋਧੇ ਵਿੱਚ ਵੇਖਿਆ ਜਿਹੜੇ ਉਹਨੂੰ ਜਾਣਦੇ ਹੋਣ—ਉਹਨੂੰ ਪਤਾ ਹੈ ਕਿ ਉਹ ਸੋਟਾ ਚੁੱਕ ਕੇ ਮੋਢੇ ਉੱਤੇ, ਨਾੜੇ ਉੱਤੇ ਚੜ ਜਾਂਦਾ ਸੀ। ਕੋਈ ੧੨੧ ਜਾਂ ੧੨੨ ਸਾਲ ਦੀ ਉਮਰ ਦੇ ਕਰੀਬ ਹੋਏਗਾ ਇਹ ਉਦੋਂ ਦੀ ਗੱਲ ਹੈ ਜਦੋਂ ਗੁਰੂ ਕੇ ਬਾਗ ਦਾ ਮਾਮਲਾ ਛਿੜਿਆ—ਉਦੋਂ ਮੈਂ ਉਹਨੂੰ ਵੇਖਿਆ ਕਿ ਅੱਠ ਫੁੱਟ ਲੰਬਾ ਗਾਰਡਰ ਐਸ ਤਰ੍ਹਾਂ ਉਹਨੇ ਰੱਖ ਕੇ, ਖੂੰਡਾ ਬੰਨ੍ਹ ਕੇ ਇਉਂ ਦੰਦਾਂ ਨਾਲ ਫੜਕੇ ਮੋਢਿਆਂ ਭਾਰ ਹੋ ਕੇ ਇਉਂ ਪਿਛਲੇ ਪਾਸੋਂ ਦੀ ਹੋ ਕੇ ਉੱਤੋਂ ਦੀ ਚੁੱਕ ਦਿੱਤਾ। ਮੈਂ ਉਹਦੇ ਨਾਲ ਗੱਲਬਾਤ ਕੀਤੀ ਹੈ ਉਸਦੇ ਪੋਤਰੇ ਮੇਰੇ ਹਾਣੀ ਸਨ। ਸੱਠ ਸੱਤਰ ਜੀਅ ਸਨ ਘਰ ਦੇ—ਉਨ੍ਹਾਂ ਆਖਿਆ,''ਮੈਂ ਬੇਗਾਨੀ ਔਰਤ ਵੱਲ ਨਹੀਂ ਝਾਕਿਆ—ਜਦੋਂ ਮੇਰੀ ਜਨਾਨੀ ਮਰ ਗਈ ਮੈਂ ਵਿਆਹ ਕਰ ਲਿਆ'' ਔਰ ੧੨੧—੧੨੨ ਸਾਲ ਦੀ ਉਮਰ ਵਿੱਚ ਫਿਰ ਸ਼ਾਦੀ ਕੀਤੀ ਹੈ। ਉਹਦੇ ਪਿੰਡੇ ਤੇ ਕੋਈ ਸਲਵਟ ਨਹੀਂ ਸੀ ਪੈਂਦਾ। ਇਹ ਤੇ ਉਸ ਆਦਮੀ ਦੀ ਗੱਲ ਹੈ ਜਿਹੜਾ ੬—੭ ਬੁੱਢੀਆਂ ਰੱਖਦਾ ਹੈ—ਵਿਸ਼ੱਈ ਹੈ।

ਜੇ ਸਾਧੂ ਵੀ ਜਿਹੜਾ ਮੰਨੇ ਉਸ ਹਿਸਾਬ ਨਾਲ ਕੀ ਉਮਰ[*੩] ਗਿਣੇ—ਸਤਿਗੁਰਾਂ ਦੀ। ਨਾਲੇ ਕੂਕੇ ਦਾ ਤੇ ਜੀਵਨ ਹੀ ਖਤਮ ਹੈ—ਉਹਨਾਂ ਹੁਕਮ ਦਿੱਤਾ ਜਿਹੜਾ ਕਹੇ ਇਹ ਗੱਲ ਨਹੀਂ ਹੋਣੀ—ਉਹਦਾ ਸੌ ਵੇਰ ਫਿੱਟੇ ਮੂੰਹ—ਨਾਮਧਾਰੀ ਵਾਸਤੇ ਤੇ ਇਹ ਗੱਲ ਹੈ, ਤਾਂ ਭਾਈ ਸਤਿਗੁਰੂ ਜੀ ਆਏ। ਸਤਿਗੁਰੂ ਜੀ ਦਾ ਮੰਗਲ ਹੁਣ ਸੰਤ ਜੀ ਕਰ ਰਹੇ ਹਨ।

## ਸਤਿਗੁਰੂ ਜੀ ਦਾ ਮੰਗਲ

*ਸ੍ਵੈਯਾ।। ਸਾਰਦ ਸੇ ਜਿਨ ਕੇ ਗੁਨ ਗਾਵਤ,*

ਸਾਰਦਾ ਆਦਿਕ ਜਿਸ ਦੇ ਗੁਣਾਂ ਨੂੰ ਗਾਉਂਦੇ ਹਨ।

*ਸੇਸ ਜਪੈ ਜਿਹ ਨੌ ਤਨ ਨਾਮੂ।*

ਸ਼ੇਸ਼ ਨਾਗ ਜਿਹਦਾ ਨਵੇਂ ਤੋਂ ਨਵਾਂ ਨਾਉਂ ਰੋਜ਼ ਲੈਂਦਾ ਹੈ। ਉਹ ਗੁਰੂ ਗੋਬਿੰਦ ਸਿੰਘ ਸਾਹਿਬ ਲਿਖਦੇ ਹਨ–

**ਸੇਸ ਨਾਗ ਸਿਰ ਸਹਸ[੨੫] ਬਨਾਈ।।**
**ਦ੍ਵੈ ਸਹੰਸ[੨੬] ਰਸਨਾਹ[੨੭] ਸੁਹਾਈ।।**
**ਰਟਤ ਅਬ ਲਗੇ ਨਾਮ ਅਪਾਰਾ।।**
**ਤੁਮਰੋ ਤਊ ਨ ਪਾਵਤ ਪਾਰਾ।।**

*–ਦਸਮ ਗ੍ਰੰਥ, ਪੰਨਾ–੪੭*

ਗੁਰੂ ਅਰਜਨ ਦੇਵ ਮਹਾਰਾਜ ਮਾਰੂ ਸੋਲ੍ਹਿਆਂ ਵਿੱਚ ਲਿਖਦੇ ਹਨ–

**ਏਕ ਜੀਹ[੨੮] ਗੁਣ ਕਵਨ ਬਖਾਨੈ।।**
**ਸਹਸ[੨੯] ਫਨੀ ਸੇਖ[੩੦] ਅੰਤੁ ਨ ਜਾਨੈ।।**
**ਨਵਤਨ[੩੧] ਨਾਮ ਜਪੈ ਦਿਨੁ ਰਾਤੀ**
**ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ[੩੨]।।**

*–ਮਾਰੂ ਮ:੫, ਪੰਨਾ–੧੦੮੩*

**–ਬਾਸੁਦੇਵ ਨਿਰੰਜਨ ਦਾਤੇ**
**ਬਰਨਿ ਨ ਸਾਕਉ ਗੁਣ ਅੰਗਾ**

*–ਮਾਰੂ ਮ:੫, ਪੰਨਾ–੧੦੮੨*

ਉਹ ਨਵੇਂ ਤੋਂ ਨਵਾਂ ਨਾਮ ਰੋਜ਼ ਲੈਂਦਾ ਹੈ।

*ਦੇਖ ਕਲੂ ਗਤਿ ਕੋ ਪਤਿ ਸੀਜ,*

ਸਤਿਗੁਰੂ, 'ਕਲੂ ਗਤਿ ਕੋ ਪਤਿ'—ਕਲੂ ਦੀ ਗਤੀ ਨੂੰ ਦੇਖ ਕੇ ਸੀਤਾ ਦੇ ਪਤੀ ਜੋ ਰਾਮ—ਰਾਮ ਹੈ ਜਿਸਦਾ ਨਾਮ, ਰਮਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਜਿਨ ਮਹਿ ਰਮਿਯਾ ਰਾਮ ਹਮਾਰਾ।।**

*–ਦਸਮ ਗ੍ਰੰਥ ਪੰਨਾ–੧੫੬*

**ਘਟਿ ਘਟਿ ਰਮਈਆ ਰਾਮੁ ਪਿਆਰਾ।।**

*–ਮਾਰੂ ਮ:੧, ਪੰਨਾ–੧੦੨੮*

*ਸੁ ਆਏ ਗਏ ਹਨ ਕੇ ਸੁਖ ਧਾਮੁ।।*

ਜਨਾਂ ਨੂੰ ਸੁੱਖ ਦੇਣ ਵਾਸਤੇ ਪਰਗਟ ਹੋਏ ਹਨ ਆ ਕੇ।

*ਦਾਸਨ ਕੇ ਦੁਖ ਦੋਖਨ ਕੋ ਹਰਿ।*

ਦਾਸਾਂ ਦੇ ਦੁੱਖਾਂ ਨੂੰ ਅਰ ਦੋਸ਼ਾਂ ਨੂੰ—ਅੰਦਰਲਿਆਂ ਨੂੰ ਤੇ ਬਾਹਰਲਿਆਂ ਨੂੰ ਦੋਨੋਂ ਦੁੱਖਾਂ ਨੂੰ ਨਿਬੇੜਨ ਵਾਸਤੇ-

*ਰਾਮ ਸੁਮੱਗ ਦਯੋ ਅਭਿਰਾਮੂ।*

'ਹਰਿ' ਸ਼ਬਦ ਜਿਹੜਾ ਏਥੇ ਆਇਆ ਇਹ ਦਿਹਲੀ ਦੀਪਕ ਹੈ —ਇਹ ਕਵਿਤਾ ਦੀ ਗੱਲ ਹੈ—ਦਲ੍ਹੀਜਾਂ ਦਾ ਦੀਵਾ—ਪੰਜਾਬੀ ਦੀ ਕਹਾਵਤ ਹੈ। ਜੇ ਦਲ੍ਹੀਜਾਂ ਉੱਤੇ ਦੀਵਾ ਰੱਖ ਦਈਏ ਉਹ ਅੰਦਰ ਭੀ ਚਾਨਣ ਕਰਦਾ ਹੈ ਬਾਹਰ ਵੀ। ਇਹ (ਹਰਿ) ਹੁਣ ਦੋਏ ਅਰਥ ਕਰਦਾ ਹੈ—

*ਦਾਸਨ ਕੇ ਦੁਖ ਦੋਖਨ ਕੋ ਹਰਿ ਰਾਮ*

—ਉਧਰ 'ਹਰਿ' ਦਾ ਅਰਥ ਕਰਦਾ ਹੈ, ਉਧਰ 'ਹਰਿ-ਰਾਮ' ਦਾ ਅਰਥ ਕਰਦਾ ਹੈ ਕਿ ਸਤਿਗੁਰੂ ਰਾਮ ਸਿੰਘ।

*ਸੁਮੱਗ ਦਯੋ ਅਭਿਰਾਮੂ।*

ਲੋਕਾਂ ਨੂੰ ਬੁਰਿਆਂ ਕੰਮਾਂ ਤੋਂ ਹਟਾਇਆ।

*ਕੇਹਰਿ ਧਿਆਨ ਨਮੋ ਲਖ ਤਾਹਿਕੋ।*

ਸੰਤ ਧਿਆਨ ਸਿੰਘ ਜੀ ਕਹਿੰਦੇ ਹਨ, ਮੇਰੀ ਨਮਸਕਾਰ ਹੈ ਲੱਖ ਵਾਰ ਉਸ ਸਤਿਗੁਰੂ ਨੂੰ।

*ਨਾਮ ਰਰੋ ਵਹਿ ਕੋ ਅਠ ਜਾਮੂ।।੩੩।।*

ਉਸ ਦਾ ਨਾਮ ਜਪੋ ਰਾਤ ਦਿਨ, ਅਠੇ ਪਹਿਰ, ਭਾਈ। ਜਿਸ ਤਰ੍ਹਾਂ ਸੰਤਾਂ ਨੇ ਦੱਸਿਆ ਸੀ ਕਿ ਮੁਰਾਰੀ-ਕ੍ਰਿਸ਼ਨ-ਬੰਸੀਧਰ-ਰਘੁਬਰ-ਵੀਠੁਲ ਇਹ ਕਿਰਤਮ ਨਾਮ ਹਨ ਉਹਦੇ।

**ਕਿਰਤਮ[੩੩] ਨਾਮ ਕਥੇ ਤੇਰੇ ਜਿਹਬਾ।।**
**ਸਤਿਨਾਮੁ ਤੇਰਾ ਪਰਾ[੩੪] ਪੂਰਬਲਾ[੩੫]।।**

*-ਮਾਰੂ ਮ:੫, ਪੰਨਾ-੧੦੮੩*

ਤੇਰਾ ਪਰਾ ਪੂਰਬਲਾ ਕਿਹੜਾ ਨਾਮ ਹੈ—ਸਤਿ ਕਿਉਂਕਿ ਉਹ ਦੇਹ ਦਾ ਨਾਮ ਨਹੀਂ ਨਾ ਕਿਸੇ ਦਾ।

ਜਿਹੜਾ ਗੁਰੂ ਨਾਨਕ ਦੇਵ ਨੇ—ਜੇ ਨਾਮ ਵਾਲੀ ਗੱਲ ਵੱਲ ਚਲੀਏ ਕਿ ਬਗੈਰ ਗੁਰੂ ਤੋਂ ਨਾਮ ਮਿਲਦਾ ਨਹੀਂ-

**ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ।।**
**ਗੁਰ ਪਰਸਾਦੀ [੩੬] ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ।।**

*-ਗੂਜਰੀ ਮ:੩, ਪੰਨਾ-੪੯੧*

ਜਿੰਨਾਂ ਚਿਰ ਗੁਰੂ ਕੋਲੋਂ ਨਹੀਂ ਲੈਂਦਾ—ਮੈਂ ਕੱਲ ਸੁਕਦੇਵ ਜੀ ਦੀ ਗੱਲ ਕੀਤੀ ਸੀ, ਨਾਰਦ ਜੀ ਦੀ ਕੀਤੀ ਸੀ—ਜਿਤਨਾ ਚਿਰ ਉਹ ਨਿਗੁਰੇ ਰਹੇ ਸਵਾ ਗਜ਼ ਧਰਤੀ ਪੁੱਟਦੇ ਸੀ—ਉੱਥੋਂ ਰੋਜ਼ ਦੀ। ਫਿਰ ਜਿਸ ਵੇਲੇ ਨਾਮ ਲਿਆ, ਪਤਾ ਲੱਗਾ। ''ਦੱਤਾ ਤ੍ਰੇ'' ਦਾ ਪਰਸੰਗ ਪੜ੍ਹੋ—ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਕਿ 'ਦੱਤਾ ਤ੍ਰੇ' ਜਨਮ ਦੇ ਹੀ ਜਤੀ ਸਨ ਅਰ ਕਰਨੀ ਵਾਲੇ ਸਨ। ਅਕਾਸ਼ਬਾਣੀ ਹੁੰਦੀ ਹੈ-

**ਦੱਤ ਸਤਿ ਕਹੌ ਤੁਝੈ ਗੁਰ ਹੀਣ ਮੁਕਤ ਨ ਹੋਇ।।**

*-ਦਸਮ ਗ੍ਰੰਥ, ਪੰਨਾ-੬੪੩*

ਭਾਵੇਂ ਤੂੰ ਕਿੰਨਾ ਵੱਡਾ ਸੰਤ ਮਹਾਤਮਾ ਹੈਂ, ਭਾਵੇਂ ਕਿੰਨਾ ਉੱਚਾ ਹੈਂ ਜਿਨ੍ਹਾਂ ਚਿਰ ਗੁਰੂ ਨੂੰ ਨਾ ਧਾਰੇਂਗਾ ਮੁਕਤੀ ਨਹੀਂ ਹੋਣੀ।

**ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।।**
**ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।।**

*-ਸਿਰੀ ਰਾਗ ਮ:੧, ਪੰਨਾ-੫੯*

ਗੁਰੂ ਸਾਹਿਬ ਕਹਿੰਦੇ ਹਨ—ਬ੍ਰਹਮੇ ਨੂੰ ਪੁੱਛ ਕੇ ਦੇਖੋ—ਨਾਰਦ ਨੂੰ ਪਿੱਛੋ—ਬੇਦ ਵਿਆਸ ਨੂੰ ਪੁੱਛੋ।

## ਨਾਮ ਦੀ ਮਹਿਮਾ

ਨਾਮ ਸਤਿਗੁਰੂ ਨੇ ਦਿੱਤਾ ਹੈ। ਇੱਕ ਹੈ ਬਾਣੀ—ਇੱਕ ਹੈ ਨਾਮ। ਬਾਣੀ ਕਿਆ ਚੀਜ਼ ਹੈ—ਜਿਹੜੀ ਕਹਿੰਦੀ ਹੈ-

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ।।**
**ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ।।**

ਜੇ ਅਸੀਂ ਨਿਰੀ ਇਹੀ ਗੱਲ ਕਹੀ ਜਾਈਏ—**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ—ਪ੍ਰਭ ਕੈ ਸਿਮਰਨਿ ਗਰਭਿ ਨ ਬਸੈ**, ਸਿਮਰਨ ਨ ਕਰੀਏ—ਫਿਰ ? ਪੜ੍ਹੋ ਬਾਣੀ ਰੋਜ਼ ਕਿਉਂਕਿ ਜੇ ਬਾਣੀ ਨਾ ਪੜ੍ਹੋ ਤਾਂ ਤੁਹਾਨੂੰ ਨਾਮ ਭੁੱਲ ਜਾਂਦਾ ਹੈ, ਬਾਣੀ ਦੇ ਨਾਲ ਨਾਮ ਭੀ ਜਪੋ। ਨਾਮ ਇੱਕ ਚੀਜ਼ ਹੈ—ਸਿੰਘ ਸਭਾ ਵਿੱਚ ਬੜੇ ਮਸ਼ਹੂਰ ਭਾਈ ਹੀਰਾ ਸਿੰਘ ਜੀ ਭਾਗ ਸਿੰਘ ਜੀ ਇੱਕ ਰਾਗੀ ਸਨ, ਮਲੂਕਾ ਸ਼ਾਇਦ ਉਨ੍ਹਾਂ ਦਾ ਪਿੰਡ ਸੀ। ਉਨ੍ਹਾਂ ਨੇ ਇੱਕ ਵੇਰ ਗੱਲ ਕਹਿ ਦਿੱਤੀ—ਬਾਣੀ ਤਾਂ ਹੈ ਛਿੱਲੜ, ਨਾਮ ਹੈ ਵਿੱਚ ਗਿਰੀ। ਇਹਦੇ ਤੇ ਬੜੇ ਲੋਕ ਟੱਪੇ। ਪਰ ਉਨ੍ਹਾਂ ਨੇ ਜੋ ਕਿਹਾ ਅਖੀਰ ਲੋਕਾਂ ਨੂੰ ਉਹ ਮੰਨਣਾ ਪਿਆ। ਬਾਣੀ ਨਾਮ ਦੀ ਮਹਿਮਾ ਦੱਸਦੀ ਹੈ ਕਿ ਨਾਮ ਐਸੀ ਚੀਜ਼ ਹੈ, ਜਿਸਨੇ ਨਾਮ ਜਪਿਆ ਉਸਦਾ ਉੱਧਾਰ ਹੋਇਆ।

**ਪਾਂਚ ਬਰਖ**[੩੭] **ਕੋ ਅਨਾਥੁ ਧ੍ਰੂ ਬਾਰਿਕੁ**[੩੮] **,**
**ਹਰਿ ਸਿਮਰਤ ਅਮਰ**[੩੯] **ਅਟਾਰੇ**[੪੦]**॥**
**ਪੁਤ੍ਰ ਹੇਤਿ**[੪੧] **ਨਾਰਾਇਣੁ ਕਹਿਓ,**
**ਜਮਕੰਕਰ**[੪੨] **ਮਾਰਿ ਬਿਦਾਰੇ**[੪੩]**॥**
**ਮੇਰੇ ਠਾਕੁਰ ਕੇਤੇ ਅਗਨਤ ਉਧਾਰੇ॥**
**ਮੋਹਿ ਦੀਨ**[੪੪] **ਅਲਪ**[੪੫] **ਮਤਿ ਨਿਰਗੁਣ,**
**ਪਰਿਓ ਸਰਣਿ ਦੁਆਰੇ॥ਰਹਾਉ॥**
**ਬਾਲਮੀਕੁ ਸੁਪਚਾਰੋ ਤਰਿਓ,**
**ਬਧਿਕ**[੪੭] **ਤਰੇ ਬਿਚਾਰੇ॥**
**ਏਕ ਨਿਮਖ ਮਨ ਮਾਹਿ ਅਰਾਧਿਓ,**
**ਗਜਪਤਿ**[੪੮] **ਪਾਰਿ ਉਤਾਰੇ॥**
**ਕੀਨੀ ਰਖਿਆ ਭਗਤ ਪ੍ਰਹਿਲਾਦੈ,**
**ਹਰਨਾਖਸ ਨਖਹਿ**[੪੯] **ਬਿਦਾਰੇ॥**
**ਬਿਦਰੁ ਦਾਸੀ ਸੁਤੁ**[੫੦] **ਭਇਓ ਪੁਨੀਤਾ**[੫੧] **,**
**ਸਗਲੇ ਕੁਲ ਉਜਾਰੇ**[੫੨]**॥**

*-ਮਾਰੂ ਮ:੫, ਪੰਨਾ-੯੯੯*

ਇਹ ਗੱਲ ਬਾਣੀ ਦੱਸਦੀ ਹੈ। ਜਿਹਨੇ ਨਾਮ ਜਪਿਆ ਉਧਰ ਗਿਆ ਜੇ ਅਸੀਂ ਕਹਿੰਦੇ ਹਾਂ ਜਿਹੜਾ ਜਹਾਜ਼ ਤੇ ਚੜ੍ਹਿਆ ਕਲਕੱਤੇ ਚਲਾ ਗਿਆ। ਹੁਣ ਅਸੀਂ ਕਹੀ ਜਾਈਏ ਤੇ ਚੜ੍ਹੀਏ ਨਾ ਫਿਰ ਨਹੀਂ ਜਾ ਸਕੀਦਾ। ਨਾਮ ਦਾ ਜਪਣਾ—ਬਿਨਾਂ ਸਤਿਗੁਰੂ ਤੋਂ ਨਾਮ ਨਹੀਂ ਮਿਲਦਾ।

**ਸਤਿਗੁਰ ਹਥਿ ਕੁੰਜੀ[੫੩] ਹੋਰਤੁ[੫੪] ਦਰੁ[੫੫] ਖੁਲੈ ਨਾਹੀ**
**ਗੁਰੁ ਪੂਰੈ ਭਾਗਿ ਮਿਲਾਵਣਿਆ।।**

*–ਮਾਝ ਮ:੩, ਪੰਨਾ–੧੨੪*

– **ਗੁਰ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।।**
**ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ,**
**ਅਵਰ ਨ ਕੁੰਜੀ ਹਥਿ।।**

*–ਮ:੨, ਪੰਨਾ–੧੨੩੭*

– **ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ,**
**ਕੁੰਜੀ ਗੁਰ ਸਉਪਾਈ।।**

*–ਗਉੜੀ ਪੂਰਬੀ ਮ:੫, ਪੰਨਾ–੨੦੫*

ਸਤਿਗੁਰੂ ਦਾ ਨਾਮ ਐਸੀ ਚੀਜ਼ ਹੈ। ਗੁਰੂ ਨਾਨਕ ਦੇਵ ਨੇ—ਦੇਖੋ ਜੁਗਾਵਲੀ*[੪], ਪੜ੍ਹੋ ਜਨਮ ਸਾਖੀ—ਗੁਰੂ ਨਾਨਕ ਦੇਵ ਮਹਾਰਾਜ—ਉਨ੍ਹਾਂ ਜੁਗਾਂ ਦੇ ਨਾਂ ਹੀ ਨਹੀਂ ਅਸੀਂ ਗਿਣ ਸਕਦੇ ਕਿਤੇ ਸਤਿਜੁਗ ਤੇ ਕਿਤੇ ਨਿਰਮਾਣ ਜੁਗ, ਉੱਥੇ ਨੌਂ-ਨੌਂ ਜੁਗ ਗੁਰੂ ਨਾਨਕ ਦੇਵ ਨੇ ਇੱਕ-ਇੱਕ ਅੱਖਰ ਉੱਤੇ ਮਿਹਨਤ ਕੀਤੀ। ਛੱਤੀ ਜੁਗ ਚਾਰ ਅੱਖਰਾਂ ਤੇ ਲਾ ਦਿੱਤੇ। ਫਿਰ ਚਾਰ ਅੱਖਰ ਇਕੱਠੇ ਕਰਕੇ ਚਾਰ ਜੁਗ ਫਿਰ ਲਾ ਦਿੱਤੇ। ਚਾਲੀ ਜੁਗ ਲਾਕੇ ਤੁਹਾਡੇ ਅੱਗੇ ਨਾਮ ਲਿਆ ਕੇ ਧਰਿਆ, ਤੁਹਾਨੂੰ ਦੱਸਿਆ। ਸਤਿਗੁਰੂ ਕਹਿੰਦੇ ਸੀ ਕਿ ਭਾਈ ਤੁਹਾਨੂੰ ਦਿਲ ਆਪਣਾ—ਹਿਰਦਾ ਕੱਢ ਕੇ ਦੇ ਦਿੱਤੈ। ਫਿਰ, ਜਿਹੜਾ ਆਦਮੀ ਦਵਾਈ ਕਰਨ ਵਾਲਾ—ਮੈਂ ਕੱਲ ਪਰਸੋਂ ਅਰਜ਼ ਕੀਤੀ ਸੀ—ਕਿ ਉਹ ਕਹਿੰਦਾ—ਮੈਂ ਐਨੀਆਂ ਪੁੱਠਾਂ ਦਿੱਤੀਆਂ ਹਨ ਮੇਰਾ ਇੱਕ ਰੱਤੀ ਪਾਰਾ ਪੰਜ ਸੇਰ ਵੱਟਾ ਚੁੱਕ ਲੈਂਦਾ ਹੈ ਪਾਣੀ ਤੇ ਧਰਿਆ ਹੋਇਆ। ਜਿਨ੍ਹੇ ੪੦ ਜੁਗ ਮਿਹਨਤ ਕਰ ਕੇ, ਪੁੱਠਾਂ ਦੇਕੇ, ਲਿਆਂਦਾ ਹੋਵੇ

ਫਿਰ ਅਸੀਂ ਬੇਸਿਮਰਤੁ ਹੋਈਏ—ਉਹਦੇ ਨਾਮ ਤੋਂ, ਗੁਰੂ ਨਾਨਕ ਦੇਵ ਤੋਂ ਜਿਹੜੀ ਚੀਜ਼ ਉਸ ਨੇ ਦੱਸੀ, ਜ਼ਰਾ ਪੜ੍ਹ ਕੇ ਦੇਖੋ। ਗੁਰੂ ਗੋਬਿੰਦ ਸਿੰਘ ਸਾਹਿਬ ਦਮਦਮੇ ਸਾਹਿਬ ਤੋਂ ਚੱਲ ਪਏ ਹਨ ਤਲਵੰਡੀ ਸਾਹਬੋ ਦੀ ਤੋਂ ਨੰਦੇੜ ਨੂੰ। ਰਸਤੇ 'ਚ ਸਾਧੂ ਮਿਲਦਾ ਹੈ ਨਰੈਣ ਦਾਸ। ਉਹ ਕਹਿੰਦਾ,'' ਮਹਾਰਾਜ ! ਕਿਸ ਤਰਫ ਨੂੰ ਜਾ ਰਹੇ ਹੋ ?''

ਉਹ ਕਹਿੰਦੇ ਹਨ,''ਹਮ ਜਾਵੇਂਗੇ ਨੰਦੇੜ ਤਰਫ।''

ਕਹਿੰਦਾ,''ਮਹਾਰਾਜ ਉੱਥੇ ਨ ਜਾਓ, ਉੱਥੇ ਇੱਕ ਲਛਮਨ ਬਾਲਾ ਸਾਧੂ ਰਹਿੰਦਾ ਹੈ, ਉਹ ਬੜੀ ਲੋਕਾਂ ਦੀ ਬੇਇਜ਼ਤੀ ਕਰਦਾ ਹੈ।''

ਗੁਰੂ ਸਾਹਿਬ ਕਹਿੰਦੇ ਹਨ,''ਓ ਭੋਲਿਆ ਸਾਧਾ—ਓਏ ਦੇਖ ਓਏ, ਸਾਨੂੰ ਗੁਰੂ ਨਾਨਕ ਨੇ ਇੱਕ ਚਾਰ ਅੱਖਰ ਦਾ ਨਾਮ ਦਿੱਤਾ ਹੈ ਜਿਹਦੇ ਅਗੇ ਸਭ ਜੰਤਰ-ਮੰਤਰ-ਤੰਤਰ ਹੇਚ ਹਨ।''

ਜਿਹਦੀ ਸ਼ਰਧਾ ਨਹੀਂ ਰਹਿੰਦੀ—ਉਹਦੀ ਮੈਂ ਗੱਲ ਨਹੀਂ ਕਰਦਾ, ਜਿਹੜਾ ਨਾਮ ਨੂੰ ਜਪਦਾ ਹੈ ਉਹਨੂੰ ਕੋਈ ਚੀਜ਼ ਪੋਹ ਨਹੀਂ ਸਕਦੀ।

– – – – – – – – – – – – – – – –

– – – – – – – – – – – – – – – –

## ਟਿੱਪਣੀਆਂ

★੧ ੮-੯-੧੯੪੭ ਤੋਂ ੧੩-੯-੧੯੪੭।

★੨ ਬਿਆਸ ਜੀ ਦੇ ਪੂਰੇ ਸ਼ਲੋਕ ਲਈ ਦੇਖੋ 'ਲਾਲ ਏਹਿ ਰਤਨ' ਭਾਗ-੪ ਪੰਨਾ-੧੨੬

★੩ ਚੀਨ ਵਿੱਚ ਇੱਕ ਬੰਦਾ ੨੫੬ ਸਾਲ ਜੀਵਿਆ। ਦੇਖੋ 'ਲਾਲ ਏਹਿ ਰਤਨ' ਭਾਗ-੫ ਪੰਨਾ ੪੪੭

★੪ ਜੁਗਾਵਲੀ ਵਾਸਤੇ ਦੇਖੋ 'ਲਾਲ ਏਹਿ ਰਤਨ' ਭਾਗ-੨, ਪੰਨਾ-੧੧੦

## ਸ਼ਬਦਾਰਥ

੧. ਚਰਚਾ।
੨. ਅਨੇਕਾਂ "ਬੇਅੰਤ ਹੀ''।
੩. ਤਪ ਤਾਪਦੇ ਹਨ।
੪. ਮੁਖ ਨਾਲ।
੫. ਦਾਨੀ, ਸਖੀ।
੬. ਸੂਰਮੇ।
੭. ਮੂੰਹ ਉੱਤੇ।
੮. ਖਾਂਦੇ, ਸਹਾਰਦੇ।
੯. ਲੋਹਾ, ਸ਼ਸ਼ਤਰਾਂ ਦੇ ਵਾਰ।
੧੦. ਚੁੱਪ ਧਾਰੀ।
੧੧. ਬ੍ਰਿਤੀ ਨੂੰ।
੧੨. ਇਕ ਰਸ ਲਾਉਂਦੇ ਹਨ, ਭਾਵ ਮੋਨ ਬ੍ਰਤ ਧਾਰਨ ਕਰਕੇ ਸਮਾਧੀਆਂ ਲਾਉਂਦੇ ਹਨ।
੧੩. ਮਹਾਂ ਮੂਰਖ।
੧੪. ਪਰਾਇਆ ਹੱਕ ਖਾਣ ਵਾਲੇ।
੧੫. ਹੁਕਮ।
੧੬. ਪਾਪ।
੧੭. ਝੂਠੇ।
੧੮. ਝੂਠੇ ਹੋਏ ਫਿਰਦੇ ਹਨ।
੧੯. ਮੈਲਾ, ਨਾ ਪਾਣ ਯੋਗ।
੨੦. ਖਾਣਾ।
੨੧. ਸਿਰ ਤੇ ਨਿੰਦਿਆ ਦਾ ਭਾਰ ਲੈ ਲੈਂਦੇ ਹਨ।
੨੨. ਸ੍ਰੇਸ਼ਟ ਕੰਮ, ਭਲੇ ਕੰਮ।
੨੩. ਮੰਦੇ ਕੰਮ, ਬੁਰਿਆਈਆਂ।
੨੪. ਸੋਲ੍ਹਾਂ ਕਲਾਂ-
੧. ਗਿਆਨ। ੨. ਧਿਆਨ।

੩. ਸ਼ੁਭ ਕਰਮ। ੪.ਹਠ।
੫. ਸੰਜਮ। ੬. ਧਰਮ।
੭. ਦਾਨ। ੮. ਵਿੱਦਿਆ।
੯. ਭਜਨ। ੧੦. ਸ਼ੁਭ ਪ੍ਰੇਮ।
੧੧. ਜਤ। ੧੨. ਅਧਯਾਤਮ।
੧੩. ਦਇਆ। ੧੪. ਨੇਮ।
੧੫. ਚਤੁਰਤਾ। ੧੬. ਨਿਰਮਲ ਬੁੱਧੀ।

੨੫. ਹਜ਼ਾਰ।
੨੬. ਦੋ ਹਜ਼ਾਰ।
੨੭. ਜੀਭਾਂ।
੨੮. ਜ਼ਬਾਨ।
੨੯. ਹਜ਼ਾਰ ਫਨ ਵਾਲਾ।
੩੦. ਸ਼ੇਸ਼ਨਾਗ।
੩੧. ਨਵੇਂ ਤੋਂ ਨਵਾਂ।
੩੨. ਆਖ ਸਕਦਾ।
੩੩. ਕੰਮਾਂ ਅਨੁਸਾਰ ਪਏ ਹੋਏ ਨਾਮ।
੩੪. ਬਾਣੀ ਤੋਂ ਪਹਿਲੇ ਦਾ।
੩੫. ਉਸ ਤੋਂ ਵੀ ਪਹਿਲੇ ਦਾ ਹੈ।
੩੬. ਗੁਰਾਂ ਦੀ ਕ੍ਰਿਪਾ ਨਾਲ।
੩੭. ਵਰ੍ਹਿਆਂ ਦਾ।
੩੮. ਬੱਚਾ।
੩੯. ਜੰਮਣ ਮਰਨ ਤੋਂ ਰਹਿਤ।
੪੦. ਅਟਲ ਪਦਵੀ ਨੂੰ ਪੁੱਜਾ।

੪੧. ਪ੍ਰੇਮ ਵਿੱਚ।
੪੨. ਦੂਤ।
੪੩. ਨਾਸ ਕਰ ਦਿੱਤੇ (ਅਜਾਮਲ ਨੇ)।
੪੪. ਮੇਰੀ ਗਰੀਬ ਦੀ।
੪੫. ਥੋੜੀ।
੪੬. ਚੰਡਾਲ।
੪੭. ਸ਼ਿਕਾਰੀ, ਫਾਹੀਵਾਲ, ਲੋਧੀ ਜਿਸਨੇ ਪ੍ਰਮਾਤਮਾ ਨੂੰ ਚਤਰਭੁਜ ਪੰਛੀ ਦੇ ਰੂਪ ਵਿਚ ਪੁੱਠਾ ਲਟਕਾ ਕੇ ਮਹਾਤਮਾਂ ਨੂੰ ਦਿੱਤਾ ਸੀ ਅਤੇ ਜਰ੍ਹਾ ਜਿਸ ਨੇ ਕ੍ਰਿਸ਼ਨ ਜੀ ਨੂੰ ਚਰਨ ਵਿੱਚ ਬਾਣ ਮਾਰ ਕੇ ਘਾਇਲ ਕਰ ਦਿਤਾ ਸੀ।
੪੮. ਹਾਥੀਆਂ ਦਾ ਰਾਜਾ ਐਰਾਪਤੀ ਜਿਸਨੂੰ ਤੰਦੂਏ ਨੇ ਫੜ ਲਿਆ।
੪੯. ਨੌਹਾਂ ਨਾਲ।
੫੦. ਨੌਕਰਾਣੀ ਦਾ ਪੁੱਤਰ ਬਿਦਰ।
੫੧. ਪਵਿੱਤਰ।
੫੨. ਉਜਾਗਰ ਕੀਤੇ।
੫੩. ਬ੍ਰਹਮ ਵਿਦਿਆ ਦੀ ਕੁੰਜੀ।
੫੪. ਹੋਰ ਕਿਸੇ ਤੋਂ।
੫੫. ਅਗਿਆਨ ਦਾ ਦਰਵਾਜਾ।

# ਬੰਕੋਕ-੩-੩-੧੯੫੦

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।**
**– ਜਾਂਹੀ ਕੁਲ ਤੇ ਪਰਗਟ ਹੋਏ ਤਾਂਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*ਸੀਸ ਦੀਏ ਅਰ ਸੀ ਨ ਕਰੀ ਜਿਨ ਸਿਖਨ ਤਾਹਿ ਕੇ ਮੈ ਬਲਿਹਾਰੀ।*
*ਗੋ ਹਿਤ ਗੋਇ ਤਨੀਸਹਿ ਕੇ ਜਿਨ ਬੁਚੜ ਮਾਰ ਕੇ ਧੈਨ ਉਬਾਰੀ।*
*ਤੇ ਸਿਖ ਵਾ ਗੁਰ ਕੇਹਰਿ ਰਾਮ ਸੁ ਧਿਆਨ ਮ੍ਰਿਗਿੰਦ ਕਰੋਰ ਜੁਹਾਰੀ।*
*ਗੋਇ ਗਰੀਬਨ ਪਾਲਨ ਕੇ ਹਿਤ ਰਾਮ ਮ੍ਰਿਗਿੰਦ ਅਏ ਤਨ ਧਾਰੀ।।੩੯।।*

## ਸੰਤ ਤਖ਼ਤ ਸਿੰਘ ਜੀ

ਪਿਆਰੇ ਸੱਜਣੋਂ, ਕੱਲ ਪ੍ਰਸੰਗ, ਮੈਂ ਥੋੜੀ ਜਿਹੀ ਅਰਜ਼ ਕੀਤੀ ਸੀ ਕਿ ਅੰਮ੍ਰਿਤਸਰ ਜੀ ਦੇ ਵਿੱਚ ਅੰਗਰੇਜ਼ਾਂ ਨੇ ਆ ਕੇ ਸਿੱਖਾਂ ਦੀ ਅਣਖ ਨੂੰ ਚੈਲੰਜ ਕੀਤਾ ਸੀ। ਗੁਰਦੁਆਰਾ ਅੰਮ੍ਰਿਤਸਰ ਜੀ—ਘੰਟਾ ਘਰ ਓਦੂੰ ਬਾਅਦ ਬਣਾਇਆ—ਉਹਦੇ ਨਾਲ ਜਿਹੜਾ ਚੜ੍ਹਦਾ ਪਾਸਾ ਸੀ, ਓਥੇ ਬੁੱਚੜਖਾਨਾ ਬਣਾਇਆ—ਉਂਝ ਲਿਖਣ ਵਿੱਚ ਨਹੀਂ, ਉਹ ਇਹ ਗੱਲ ਮੰਨਦੇ। ਪਰ, ਸਾਡੇ ਕੋਲ ਉਹ ਮਹਾਂਪੁਰਖ, ਜਿਨ੍ਹਾਂ ਦੀ ਮੈਂ ਤੁਹਾਨੂੰ ਕੀ ਕਹਾਂ ਕਿ ਨੱਬੇ ਸਾਲ ਦੀ ਉਮਰ ਤੋਂ ਕੁਝ ਦਿਨ ਉੱਤੇ ਹੋਣਗੇ, ਇੱਕ ਵਜੇ ਤੜਕੇ ਉਠਣਾ, ਜੰਗਲ ਜਾਣਾ—ਬਸਤਰ ਲਾਹ ਕੇ, ਦੋ ਵਜੇ ਨੂੰ ਇਸ਼ਨਾਨ ਕਰ ਲੈਣਾ।

ਫਿਰ ਉਸ,ਬਾਨਵੇਂ ਤਰਾਨਵੇਂ ਸਾਲ ਦੀ ਉਮਰ ਵਿੱਚ ਕੁਝ ਚਿਰ ਅੰਨ ਪਾਣੀ ਛੱਡ ਛੱਡਿਆ—ਕਹਿਣ ਲੱਗੇ,''ਹੁਣ ਸਤਿਗੁਰਾਂ ਦਾ ਦਰਸ਼ਨ ਨਹੀਂ ਹੁੰਦਾ, ਹੁਣ ਅੰਨ ਹੀ ਨਹੀਂ ਛਕਦੇ।'' ਮੈਂ ਅਰਜ਼ ਕਰੀ,''ਬਈ, ਥੋੜਾ ਬਹੁਤਾ ਛਕ ਲਿਆ ਕਰੋ''—ਤੇ ਫਿਰ ਉਹ ਛਕਣ ਲੱਗ ਪਏ। ਇਸ ਨੱਬੇ ਸਾਲ ਦੀ ਉਮਰ ਵਿੱਚ, ਦੋ ਵਜੇ ਤੋਂ ਕੋਈ ਛੋਟੀ-ਮੋਟੀ, ਸੋਟੀ ਫੜ ਲੈਣੀ ਤੇ ਖੜ੍ਹਕੇ ਭਜਨ ਕਰਨਾ, ਕਿਤੇ ਨੀਂਦ ਨਾ ਆ ਜਾਵੇ। ਉਨ੍ਹਾਂ ਮਹਾਂਪੁਰਖਾਂ ਨੇ ਜੋ ਆਪਣੀ ਅੱਖੀਂ, ਜੋ ਕੁਝ ਦੇਖਿਆ ਉਹਨਾਂ ਹੀ ਦੱਸਿਆ ਕਿ ਘੰਟਾ ਘਰ ਦੇ ਨਾਲ ਬੁੱਚੜਖਾਨਾ ਬਣਿਆ ਸੀ, ਸਤਿਗੁਰੂ ਜੀ ਜਿਸ ਵੇਲੇ ਪਰਦੇਸ ਗਏ—ਰੰਗੂਨ। ਸੰਤ ਤਖ਼ਤ ਸਿੰਘ ਜੀ ਉਹਨਾਂ ਦਾ ਨਾਮ ਸੀ, ਗੁਜਰਪੁਰਾ ਪਿੰਡ ਸੀ ਜ਼ਿਲ੍ਹੇ ਜਲੰਧਰ ਵਿੱਚ, ਖੱਤਰੀਆਂ ਦੇ ਘਰ ਦਾ ਜਨਮ ਸੀ—ਸਵਾਮੀ ਜੀ ਕਰਕੇ ਸਾਡੇ ਵਿੱਚ ਮਸ਼ਹੂਰ ਸਨ। ਕਲਕੱਤੇ ਉਸ ਵੇਲੇ ਨਾਮਧਾਰੀਆਂ ਤੇ ਪਹਿਰਾ ਰਹਿੰਦਾ ਸੀ, ਸਿੱਖਾਂ ਨੂੰ ਲੰਘਣਾ ਨਹੀਂ ਸੀ ਮਿਲਦਾ। ਕਲਕੱਤੇ ਆ ਕੇ ਉਹਨਾਂ ਨੇ ਬੰਗਾਲੀਆਂ ਨੂੰ ਸਿੰਘ ਸਜਾਇਆ। ਕੱਲਕਤੇ ਵਿੱਚ ਅਜੇ ਉਨ੍ਹਾਂ ਦੀ ਅੰਸ ਹੈ। ਹੁਣ ਇਧਰਲੇ ਪਾਸੇ ਬੜੀ ਸਖ਼ਤੀ ਹੋ ਗਈ, ਜਾਣ ਦਾ ਹੁਕਮ ਬੰਦ ਹੋ ਗਿਆ। ਉਨ੍ਹਾਂ ਦੇ ਵਾਸਤੇ ਇੱਕ ਗੱਲ ਮਸ਼ਹੂਰ ਸੀ ਕਿ ਉਹ ਕਦੇ-ਕਦੇ ਉਡ ਵੀ ਜਾਂਦੇ ਸੀ। ਬਾਰਬਟਨ ਨੇ ਬੰਗਾਲ ਸਾਰੇ ਵਿੱਚ, ਲਿਖ ਕੇ ਭੇਜ ਦਿੱਤਾ ਕਿ ਇਸ ਤਰ੍ਹਾਂ ਦਾ ਉਹ ਆਦਮੀ ਹੈ, ਉਹ ਹੱਥਾਂ ਵਿੱਚੋਂ ਨਿਕਲ ਜਾਂਦਾ ਹੈ। ਇਹ ਮੇਰੇ ਨਾਲ ਆਪ ਉਹਨਾਂ ਨੇ ਬਚਨ ਕੀਤੇ ਹਨ। ਕਹਿਣ ਲੱਗੇ, ਇਧਰਲਾ ਰਸਤਾ ਬੰਦ ਹੋ ਗਿਆ—ਰੰਗੂਨ ਜਾਣ ਦਾ, ਚਿਤ ਸਤਿਗੁਰਾਂ ਦੇ ਦਰਸ਼ਨ ਨੂੰ ਕਰੇ। ਇਹ ਗੱਲ ਅਸੀਂ ਨਹੀਂ ਜਾਣ ਸਕਦੇ। ਇਹ ਗੱਲਾਂ ਜਿਹੜੀਆਂ ਹਨ, ਦਰਸ਼ਨ ਦੀ ਸਿੱਕ—ਜਿਨ੍ਹਾਂ ਨੂੰ ਲੱਗੀ, ਉਹ ਹੀ ਜਾਣਦੇ ਹਨ।

## ਦਰਸ਼ਨ ਦੀ ਸਿੱਕ

ਸੰਤ ਸੰਪੂਰਨ ਸਿੰਘ ਜੀ ਅੰਨਦਪੁਰ ਵਾਲੇ ਦਾ ਨਾਮ ਤਾਂ ਬਹੁਤਿਆਂ ਸਰੀਰਾਂ ਨੇ ਸੁਣਿਆ ਹੋਵੇਗਾ, ਮੈਂ ਉਹਨਾਂ ਦੇ ਦਰਸ਼ਨ ਵੀ ਕੀਤੇ ਹਨ

—ਅਠਾਹਠ* ਸੰਮਤ ਵਿੱਚ, ਨੱਬੇ ਸਾਲ ਦੀ ਉਮਰ ਸੀ। ਸਤਿਗੁਰੂ ਰਾਮ ਸਿੰਘ ਵੇਲੇ ਵੀ ਉਨ੍ਹਾਂ ਦਾ ਸਰੀਰ ਸੀ। ਸਤਿਗੁਰਾਂ ਦਾ ਦਰਸ਼ਨ ਕੀਤਾ ਸੀ। ਮਾਈਆਂ ਦੀ ਨਬਜ਼ ਪਿੱਛੇ ਹੱਥ ਕਰਕੇ ਦੇਖਦੇ, ਬੜੇ ਉੱਚੇ ਹਕੀਮ ਸਨ, ਪੁਜਾਰੀਆਂ ਵਿਚੋਂ ਸਨ। ਪਰ ਉਹ ਬਿਲਕੁਲ ਮਹਾਂਪੁਰਖ ਸੇ—ਮਹਾਤਮਾ, ਜਿਨ੍ਹਾਂ ਦਾ ਦਰਸ਼ਨ ਕਰਿਆਂ ਪਤਾ ਲੱਗਦਾ ਸੀ, ਗੱਲ ਕਰਿਆਂ ਕੁਝ ਔਰ ਬਾਤ ਹੈ। ਉਹ ਸੁਣਾਉਂਦੇ ਸੀ ਕਿ ਦੀਵਾਨ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਦੇ ਆਸ਼ਕ ਥੇ। ਮਹਾਰਾਜ ਦਾ ਸ਼ਾਹੀ ਠਾਠ ਸੀ, ਜਿਸ ਵੇਲੇ ਰਾਤ ਦਾ ਵਕਤ ਹੋਣਾ, ਦੀਵਾਨ ਸੁਣ ਕੇ ਦਰਵਾਜਾ ਬੰਦ ਹੋ ਜਾਣਾ—ਕਿਲ੍ਹੇ ਦਾ। ਦੀਵਾਨ ਜੀ ਸਾਰੀ ਰਾਤ ਕਿਲ੍ਹੇ ਦੇ ਦਰਵਾਜ਼ੇ ਨਾਲ, ਸਿਰ ਲਾ ਕੇ—ਦੀਵਾਨ ਨੰਦ ਲਾਲ ਜੀ ਰੋਂਦੇ ਰਹਿੰਦੇ ਅਰ ਕਹਿੰਦੇ,''ਹਾਏ ਸੂਰਜ ਛਿਪ ਗਿਆ ! ਹਾਏ ਸੂਰਜ ਛਿਪ ਗਿਆ! ਹਾਏ ਸੂਰਜ ਛਿਪ ਗਿਆ !'' ਸਾਰੀ ਰਾਤ ਏਸੇ ਤਰ੍ਹਾਂ ਲੰਘਦੀ ਸੀ। ਜਿਸ ਵੇਲੇ ਮਹਾਰਾਜ ਤੜਕੇ ਸਵਾ ਪਹਿਰ ਦੇ ਉਠ ਕੇ ਇਸ਼ਨਾਨ ਕਰਕੇ ਆਉਂਦੇ ਫਿਰ ਆਖਣਾ,''ਆਹਾ-ਹਾ-ਹਾ ਸੂਰਜ ਚੜ੍ਹ ਗਿਆ।'' ਉਹੀ ਹਾਲਤ ਹਰ ਵੇਲੇ ਹੀ, ਤਾਂਹੀ ਤਾਂ ਕਦੇ ਕਦੇ ਕਹਿੰਦੇ ਨੇ-

*ਸੁੰਬਲਿ ਜ਼ੁਲਫਿ ਤੋ, ਦਿਲ ਰਾ ਬੁਰਦਾ ਅਸਤ।*
*ਆਂ ਲਬਿ ਲਾਅਲਿ ਤੋ ਜ਼ਾਂ ਬਾਸ਼ਦ ਲਜ਼ੀਜ਼।*

*-ਗਜ਼ਲ-੩੪*

ਕਦੇ ਕੇਸੀ ਇਸ਼ਨਾਨ ਕੀਤਾ ਹੋਇਆ ਬੈਠੇ ਹਨ ਤਾਂ ਉਹ ਦੇਖਿਆ ਹੈ, ਕਹਿੰਦੇ ਨੇ-

*ਦੀਨੋ ਦੁਨੀਆ ਦਰ ਕਮੰਦਿ ਆਂ ਪਰੀ ਰੁਖਸਾਰਿ ਮਾ।*
*ਹਰ ਦੋ ਆਲਮ ਕੀਮਤਿ ਯੱਕ ਤਾਰਿ ਮੂਇ ਯਾਰਿ ਮਾ।*

*-ਭਾਈ ਨੰਦ ਲਾਲ, ਗਜ਼ਲ-੨*

ਦੀਵਾਨ ਜੀ ਕਹਿੰਦੇ ਹਨ-

*ਬਦਰ, ਦਰ ਪੇਸ਼ਿ ਰੁਖ਼ਤ ਸ਼ਰਮਿੰਦਾ ਅਸਤ।*

-ਤੇਰੇ ਚਿਹਰੇ ਦੇ ਅੱਗੇ ਚੰਦਰਮਾ ਜਿਹੜਾ ਹੈ ਉਹ ਸ਼ਰਮਿੰਦਾ ਹੁੰਦਾ

ਹੈ—ਹੇ ਗੁਰੂ ਗੋਬਿੰਦ ਸਿੰਘ।

ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ–

*ਹੀਨ ਜੋ ਕਲੰਕ ਤੇ ਸਮਾਨ ਹੋਤਿ ਚੰਦ ਹੀ।*

ਕਲੰਕ ਨਾ ਹੁੰਦਾ ਚੰਦ੍ਰਮਾਂ ਨੂੰ ਤਾਂ ਅਸੀਂ ਕਹਿੰਦੇ ਕਿ ਤੇਰਾ ਮੁਖ ਚੰਦ੍ਰਮਾ ਜੈਸਾ ਹੈ ਪਰ ਸੱਚੇ ਪਾਤਸ਼ਾਹ ਤੂੰ ਨਿਹ ਕਲੰਕ ਹੈ, ਉਹ ਕਲੰਕ ਵਾਲਾ ਹੈ। ਦੀਵਾਨ ਜੀ ਕਹਿੰਦੇ ਹਨ–

*ਬਲਕਿ, ਖ਼ੁਰਸ਼ੀਦਿ ਜਹਾ ਹਮ ਬੰਦਾ ਅਸਤ।*

*–ਗ਼ਜ਼ਲ–੮*

ਜਹਾਨ ਦਾ ਸੂਰਜ ਜੋ ਹੈ ਉਹ ਵੀ ਕਾਲਾ ਹੋ ਜਾਂਦਾ ਹੈ—ਤੇਰੇ ਚਿਹਰੇ ਦੀ ਝਲਕ ਦੇ ਅੱਗੇ, ਕਿਉਂਕਿ–

**ਕੋਟਿ ਸੂਰ ਜਾ ਕੈ ਪਰਗਾਸ॥**

*–ਪੰਨਾ–੧੧੬੨*

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ–

**ਜੇ ਸਉ ਚੰਦਾ[1] ਉਗਵਹਿ[2] ਸੂਰਜ ਚੜਹਿ ਹਜਾਰ॥**
**ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ[3] ਅੰਧਾਰ॥੨॥**

*–ਪੰਨਾ–੪੬੩*

ਸਤਿਗੁਰੂ ਦਾ ਚਿਹਰਾ, ਸਤਿਗੁਰੂ ਦਾ ਦਰਸ਼ਨ ਜਿਨ੍ਹਾਂ ਨੂੰ ਮਿਲਿਆ, ਜਿਨ੍ਹਾਂ ਨੇ ਕੀਤਾ, ਉਨ੍ਹਾਂ ਨੂੰ ਫਿਰ ਜਿਸ ਵੇਲੇ ਵਿਛੋੜਾ ਹੋਇਆ—ਪੁੱਛੋ ਗੁਰੂ ਅਰਜਨ ਦੇਵ ਨੂੰ, ਹੁਕਮ ਮੰਨਦੇ ਹਨ, ਹੁਕਮ ਮੰਨ ਕੇ ਲਾਹੌਰ ਚਲੇ ਜਾਂਦੇ ਹਨ। ਗੁਰੂ ਰਾਮਦਾਸ ਜੀ ਹੁਕਮ ਦਿੱਤਾ ਕਿ ਜਿੰਨਾਂ ਚਿਰ ਨਾ ਲਿਖੀਏ —ਆਉਣਾ ਨਹੀਂ। ਸਾਲ ਗੁਜ਼ਰ ਜਾਂਦਾ ਹੈ। ਪਰ ਅਸੀਂ ਕਿਆ ਜਾਣ ਸਕਦੇ ਹਾਂ, ਮੈਂ ਵੀ ਗੱਲਾਂ ਹੀ ਕਰਦਾ ਹਾਂ, ਉੱਥੋਂ ਕਹਿੰਦੇ ਹਨ–

**ਮੇਰਾ ਮਨੁ ਲੋਚੈ[4] ਗੁਰ ਦਰਸਨ ਤਾਈ॥**
**ਬਿਲਪ[5] ਕਰੇ ਚਾਤ੍ਰਿਕ[6] ਕੀ ਨਿਆਈ॥**
**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ**
**ਬਿਨ ਦਰਸਨ ਸੰਤ ਪਿਆਰੇ[7] ਜੀਉ॥੧॥**

**ਹਉ ਘੋਲੀ[੮] ਜੀਉ ਘੋਲਿ ਘੁਮਾਈ**
**ਗੁਰ ਦਰਸਨ ਸੰਤ ਪਿਆਰੇ ਜੀਉ॥੧॥ਰਹਾਉ॥**
**ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ[੯] ਬਾਣੀ॥**
**ਚਿਰੁ ਹੋਆ ਦੇਖੇ ਸਾਰਿੰਗ ਪਾਣੀ[੧੦]॥**
**ਧੰਨੁ ਸੁ ਦੇਸੁ ਜਹਾ ਤੂੰ ਵਸਿਆ**
**ਮੇਰੇ ਸਜਣ ਮੀਤ ਮੁਰਾਰੇ ਜੀਉ॥੨॥**
**ਹਉ ਘੋਲੀ ਹਉ ਘੋਲੀ ਘੁਮਾਈ**
**ਗੁਰ ਸਜਣ ਮੀਤ ਮੁਰਾਰੇ ਜੀਉ॥੧॥ਰਹਾਉ॥**
**ਇਕ ਘੜੀ ਨ ਮਿਲਤੇ ਤਾ ਕਲਿਜੁਗੁ[੧੧] ਹੋਤਾ॥**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**
**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ**
**ਬਿਨੁ ਦੇਖੇ ਗੁਰ ਦਰਬਾਰੇ ਜੀਉ॥**

*–ਮ:੫, ਪੰਨਾ–੯੬*

ਇਹ ਸ਼ਬਦ ਰੋਜ਼ ਅਸੀਂ ਪੜ੍ਹਦੇ ਹਾਂ ਹਜ਼ਾਰਿਆਂ ਸ਼ਬਦਾਂ ਵਿੱਚ, ਪਰ ਅਸੀਂ ਪੜ੍ਹਦੇ ਹਾਂ ਉਹ ਵਰਤਦੇ ਸਨ। ਉਥੇ ਵਰਤਦਾ ਸੀ, ਜਿਨ੍ਹਾਂ ਨੇ ਕਿਹਾ—ਉਨ੍ਹਾਂ ਦੀ ਹਾਲਤ ਮਹਾਰਾਜ ਆਸਾ ਰਾਗ ਵਿੱਚ ਲਿਖਦੇ ਹਨ, ਗੁਰੂ ਅਰਜਨ ਦੇਵ–

**ਚਾਰਿ ਪਹਰ ਚਹੁ ਜੁਗਹ ਸਮਾਨੇ॥**
**ਰੈਣਿ ਭਈ ਤਬ ਅੰਤੁ ਨ ਜਾਨੇ॥**

*–ਪੰਨਾ–੩੭੫*

– **ਇਕ ਘੜੀ ਦਿਨਸੁ ਮੋਕਉ ਬਹੁਤੁ ਦਿਹਾਰੇ**

*–ਪੰਨਾ–੩੭੪*

ਇੱਕ ਕਵੀ ਆਲਮ ਜੀ ਹੋਏ ਹਨ, ਉਨ੍ਹਾਂ ਦਾ ਉਲਥਾ ਕੀਤਾ ਹੈ। ਊਧੋ ਜਾਂਦਾ ਹੈ ਗੋਪੀਆਂ ਦੇ ਪਾਸ ਤੇ ਜਾ ਕੇ ਕਹਿੰਦਾ,''ਤੁਸੀਂ ਭਜਨ ਬਾਣੀ ਕਰੋ।'' ਤਾਂ ਅੱਗੋਂ ਆਲਮ ਜੀ ਲਿਖਦੇ ਹਨ ਇਹੋ ਹੀ ਗੁਰੂ ਅਰਜਨ ਦੇਵ ਦੇ ਸ਼ਬਦ ਦਾ ਉਲਥਾ ਹੈ–

*ਬਾਰਹ ਦੇਹ ਨ ਪਲਕ ਲਗਤ ਬਿਨ ਸਾਂਵਰੈ ਸੇ*
*ਬਾਂਵਰੇ ਅਜਾਨ ਊਧੌ ਭਲੇ ਉਪਦੇਸ਼ ਹੈਂ।*
*ਤਾਂ ਦਿਨ ਤੇ ਘਰ ਸੂਨੋ ਬਨ ਹੈ ਦਹਤ ਦੂਨੋ*
*ਤਾਰਨ ਮੇਂ ਜੋਤ ਨਹੀਂ ਜਟਾਂ ਭਏ ਕੇਸ ਹੈ।*
*ਆਲਮ ਬਿਹਾਤ ਛਿਨ ਜਾਨੋ ਜਾਤ ਕੋਟ ਦਿਨ*
*ਇਕ ਘੜੀ ਦਿਨਸ ਮੋ ਕੋ ਬਹੁਤ ਦਿਹਾਰੇ।*
*ਰੈਨ ਕੀ ਕਹਾਂ ਸਮਾਈ ਸੁਰਤ ਨਾ ਨੈਸ ਹੈ-*
**ਰੈਣਿ ਭਈ ਤਬ ਅੰਤੁ ਨ ਜਾਨੇ-**

ਉਨ੍ਹਾਂ ਨੂੰ ਰਾਤ ਨਹੀਂ ਬਤੀਤ ਹੁੰਦੀ। ਉਨ੍ਹਾਂ ਦੀ ਹਾਲਤ ਕਿਸੇ ਨੇ ਲਿਖਿਆ ਹੈ-

## ਆਸ਼ਕਾਰਾਂ ਨੌਂ ਨਿਸ਼ਾਨੀ

*ਆਸ਼ਕਾਰਾਂ ਨੌਂ ਨਿਸ਼ਾਨੀ ਹੈ ਅਹਿ ਪਿਸਰ*—ਨੌ ਨਿਸ਼ਾਨੀਆਂ ਹਨ-

੧. ਆਹਿ ਸਰਦੋ—ਹਰ ਵੇਲੇ ਠੰਢੇ ਹੌਕੇ।

੨. ਰੰਗ ਜ਼ਰਦੋ—ਰੰਗ ਪੀਲਾ ਪੈ ਜਾਂਦਾ ਹੈ।

੩. ਚਸ਼ਮ ਤਰ—ਅੱਖਾਂ ਹਰ ਵੇਲੇ ਜਲ ਦੀਆਂ ਭਰੀਆਂ ਰਹਿੰਦੀਆਂ ਹਨ।

ਮੈਂ ਤੁਹਾਨੂੰ ਕੀ ਦੱਸਾਂ ਇਹ ਭਾਈ ਤਖ਼ਤ ਸਿੰਘ ਜੀ ਹਨ ਏਥੇ, ਇਨ੍ਹਾਂ ਦੇ ਦਾਦੇ ਸਨ ਬਾਬੇ ਟਹਿਲ ਸਿੰਘ ਹੁਰੀਂ, ਮੈਨੂੰ ਉਹਨਾਂ ਦੇ ਦਰਸ਼ਨ ਕਰਨ ਦਾ ਵਕਤ ਮਿਲਿਆ। ਉਹ ਸਤਿਗੁਰਾਂ ਦੇ ਪ੍ਰੇਮੀ ਸਨ, ਹਰ ਵੇਲੇ ਮਾਲਾ ਹੱਥ ਵਿੱਚ, ਉਹ ਮੈਲੀ ਹੋ ਜਾਣੀ ਅਤੇ ਨੇਤਰਾਂ ਦੀਆਂ ਗੰਨੀਆਂ ਹਰ ਵੇਲੇ ਜਲ ਦੀਆਂ ਭਰੀਆਂ ਰਹਿੰਦੀਆਂ। ਬਗੈਰ ਸਤਿਗੁਰਾਂ ਦੇ ਬਚਨ ਤੋਂ ਹੋਰ ਕੋਈ ਨਾ ਕਰਨਾ। ਉਥੋਂ ਨਿਕਲੇ, ਰੰਗੂਨ ਆਏ। ਕਿਸੇ ਕਵੀ ਨੇ ਲਿਖਿਆ ਹੈ-

*ਨਾਗਾਂ ਵਾੜ ਸਮੁੰਦ ਘਰ ਕੇਹਰ ਖੜੇ ਬੁਕੰਨ।*
*ਜੇ ਜਮ ਹੋਵੈ ਪਾਹਰੂ ਪ੍ਰੇਮੀ ਜਾਏ ਮਿਲੰਨ।*

ਉਸ ਹਾਲਤ ਵਿੱਚ ਨਾਮਧਾਰੀਆਂ ਨੇ ਰੰਗੂਨ ਆ ਕੇ ਸਤਿਗੁਰਾਂ ਦੇ

ਦਰਸ਼ਨ ਕੀਤੇ, ਕਹਿਣ ਲੱਗੇ, ਅੰਬ ਦੇ ਹੇਠ ਖਲੋ ਗਏ—ਨਜ਼ਦੀਕ ਅੰਬ ਸੀ ਬੰਗਲੇ ਦੇ। ਬੰਗਲੇ ਦੇ ਦੁਆਲੇ ਇਸ ਤਰ੍ਹਾਂ ਦਾ ਪਹਿਰਾ ਸੀ, ਇੱਕ ਬੰਦੂਕ ਵਾਲਾ ਇੱਧਰ ਨੂੰ ਚਲਦਾ ਸੀ—ਦੂਸਰਾ ਦੂਜੇ ਪਾਸੇ ਚਲਦਾ ਸੀ। ਅੰਬ ਹੇਠ ਖਲੋਤੇ ਬਾਰਸ਼ ਉਤਰ ਪਈ। ਫਰੀਦ ਜੀ ਦਾ ਸਲੋਕ ਯਾਦ ਆ ਗਿਆ, ਜਿਸ ਹਾਲਤ ਵਿੱਚ ਫਰੀਦ ਜੀ ਆਪਣੇ ਮੁਰਸ਼ਦ ਦੇ ਵਾਸਤੇ ਅੱਗ ਲੈਣ ਗਏ ਸਨ। ਜਿਸ ਵੇਲੇ ਅੱਗ ਲੈ ਕੇ ਤੁਰਨ ਲਗੇ—ਪਹਿਲਾਂ ਅੱਗ ਜਿਸ ਵੇਲੇ ਮੰਗੀ ਤੇ ਉਹ ਵੇਸਵਾ ਦਾ ਘਰ ਸੀ ਕੰਜਰੀ ਦਾ—ਉਹ ਆਂਹਦੀ ਹੈ,''ਆਨਾ ਦੇ ਦੇ।''

ਕਹਿੰਦੇ ਹਨ,''ਪੈਸੇ ਤਾਂ ਚਾਰ ਮੇਰੇ ਕੋਲ ਨਹੀਂ ਹਨ।''

ਕਹਿੰਦੀ,''ਮੈਂ ਤੇ ਅੱਖ ਦਾ ਆਨਾ ਲੈਣਾ ਹੈ।''

ਫਕੀਰ ਦੀਆਂ ਅੱਖਾਂ ਸਨ ਸੁਹਣੀਆਂ, ਫੜ ਕੇ ਛੁਰੀ ਅੱਖ ਕੱਢ ਕੇ ਧਰ ਦਿੱਤੀ ਹੱਥ ਉੱਤੇ। ਪੱਟੀ ਬੰਨ ਲਈ, ਤੁਰਦੇ ਹਨ—ਬਾਰਸ਼ ਸ਼ੁਰੂ ਹੋ ਜਾਂਦੀ ਹੈ—ਫਰੀਦ ਜੀ ਕਹਿੰਦੇ ਹਨ–

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥**

ਸਾਹਿਬ ਗੁਰੂ ਅਰਜਨ ਦੇਵ ਜੀ ਉਨ੍ਹਾਂ ਦੀ ਬਾਣੀ ਨੂੰ ਆਪਣੀ ਬੀੜ ਵਿੱਚ ਜਗ੍ਹਾ ਦਿੰਦੇ ਹਨ।

**ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥**

*–ਪੰਨਾ–੧੩੭੯*

ਬਰਸਾਤੀਆਂ ਨਹੀਂ ਸਨ, ਛਤਰੀਆਂ ਨਹੀਂ ਸਨ ਉਨ੍ਹਾਂ ਦੇ ਕੋਲ। ਪਾਟੀ ਹੋਈ ਕੰਬਲੀ ਉੱਤੇ ਮਾੜੀ ਜਿਹੀ ਲਈ ਹੋਈ, ਸਿਆਲ ਦਾ ਮਹੀਨਾ ਹੈ, ਮੀਂਹ ਪੈਂਦਾ ਹੈ ਫਿਰ ਕਹਿੰਦੇ ਹਨ—**ਭਿਜਉ ਸਿਜਉ ਕੰਬਲੀ**— ਅੱਗੇ ਪਾਠ ਹੈ—**ਅਲਹ ਵਰਸਉ ਮੇਹੁ।**

ਵਰਸੇ ਨਹੀਂ—ਪਾਠ। ਕੰਬਲੀ ਵੀ ਭਿੱਜ ਜਾਏ ਸਿੱਜ ਜਾਏ, ਅਰਥ ਕਰਨ ਦਾ ਹੁਕਮ ਨਹੀਂ ਭਾਵੇਂ ਰੱਬ ਮੀਂਹ ਵੀ ਵਰਸਾਵੇ ਪਰ–

**ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥**

*–ਪੰਨਾ–੧੩੭੯*

ਉਸ ਤਰ੍ਹਾਂ ਸਿੱਖਾਂ ਦੀ ਕੋਈ ਗਿਣਤੀ ਅਸੀਂ ਨਹੀਂ ਕਹਿ ਸਕਦੇ ਕਿ ਕਈ ਜਹਾਜ਼ਾਂ ਵਿੱਚ ਡੋਬ ਕੇ ਮਾਰੇ ਗਏ ਕਿਉਂਕਿ ਉੱਘ ਸੁੱਘ ਤੇ ਕੱਢਣੀ ਨਹੀਂ ਸੀ ਮਿਲਦੀ। ਉਸ ਵੇਲੇ, ਇਸ ਤਰ੍ਹਾਂ ਦਾ ਵਕਤ ਨਹੀਂ ਸੀ ਕਿ ਕੋਈ ਬੋਲ ਸਕੇ। ਸੰਤ ਜੀ ਕਹਿੰਦੇ ਹਨ, ਅੰਬ ਦੇ ਹੇਠ ਖਲੋਤਿਆਂ ਫਰੀਦ ਦਾ ਸਲੋਕ ਯਾਦ ਆ ਗਿਆ। ਜਿਸ ਵੇਲੇ ਸਲੋਕ ਪੜ੍ਹਿਆ ਨਾਲ ਹੀ 'ਹਾਅ' ਨਿਕਲ ਗਈ। ਸਤਿਗੁਰਾਂ ਆ ਕੇ ਉਸ ਪਾਸੇ ਖਲੋ ਕੇ ਬੰਗਲੇ ਦੇ ਦਰਸ਼ਨ ਦਿੱਤਾ। ਉਹ ਬਾਬੇ ਟਹਿਲ ਸਿੰਘ ਜੀ 'ਚਸ਼ਮ ਤਰ' ਮੈਂ ਉਨ੍ਹਾਂ ਦਾ ਦਰਸ਼ਨ ਕੀਤਾ, ਉਨ੍ਹਾਂ ਦੀਆਂ ਨੇਤਰਾਂ ਦੀਆਂ ਗੰਨੀਆਂ ਵਿਚੋਂ ਕਦੇ ਪਾਣੀ ਨਹੀਂ ਸੀ ਸੁਕਦਾ।

ਫਿਰ ਦੋ ਸਰੀਰ ਹੋਰ ਸਨ। ਅਸੀਂ ਤੇ ਨਾਮ ਮਾਤਰ ਹੁਣ—ਨਾਮਧਰੀਕ—ਨਾਮਧਾਰੀ ਹਾਂ, ਉਨ੍ਹਾਂ ਦੀਆਂ ਗੱਲਾਂ ਹਨ ਜਿਨ੍ਹਾਂ ਨੇ ਨਹੀਂ ਕੁਛ ਹੋਰ ਦੇਖਿਆ।

**ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ।।**

*—ਮ:੪, ਪੰਨਾ-੧੩੧੮*

ਬਾਬਾ ਹਰਨਾਮ ਸਿੰਘ ਜੀ—ਫਰੀਦਕੋਟ ਦੀ ਰਿਆਸਤ ਭਾਣਾ ਪਿੰਡ ਜੋ ਤਿੰਨ ਕੋਹ ਫਰੀਦਕੋਟ ਤੋਂ ਹੈ—ਦੇ ਲੰਬੜਦਾਰ ਸਨ। ਉਨ੍ਹਾਂ ਦੇ ਘਰ ਮਾਈ ਜੀ ਦਾ ਨਾਂ ਚੰਦੋ ਸੀ। ਮਾਤਾ (ਜੀਵਨ ਕੌਰ) ਜੀ ਨੇਂ ਉਨ੍ਹਾਂ ਦੇ ਰੱਜ ਕੇ ਦਰਸ਼ਨ ਕੀਤੇ ਹਨ। ਉੱਥੋਂ ਇਜਾਜ਼ਤ ਲਈ। ਹੁਣ ਕਾਗਜ਼ਾਂ ਵਿਚੋਂ ਸਾਨੂੰ ਪਤਾ ਲੱਗਾ ਹੈ ਅੱਗੇ ਨਹੀਂ ਸੀ ਪਤਾ ਲਗਦਾ, ਇਥੋਂ ਇਨ੍ਹਾਂ ਰੰਗੂਨ ਵਾਲਿਆਂ ਨੇ ਝਾੜ ਪਾਈ ਹੈ, ਕਿ ਇਨ੍ਹਾਂ ਨੂੰ ਤੁਸਾਂ ਕਿਉਂ ਇੱਥੇ ਆਉਣ ਦੀ ਛੁੱਟੀ ਦਿੱਤੀ ਹੈ, ਜਦ ਤੁਹਾਨੂੰ ਪਤਾ ਹੈ ਬਈ ਇੱਥੇ ਮਿਲਣ ਨਹੀਂ ਦੇਣਾ। ਜਿਤਨਾ ਚਿਰ ਸਰੀਰ ਰਿਹਾ, ਬਾਬਾ ਜੀ ਨੇ ਕੇਸਾਂ ਨੂੰ ਘਿਉ ਨਹੀਂ ਲਾਇਆ—ਪ੍ਰਸਾਦਾ ਚੋਪੜ ਕੇ ਨਹੀਂ ਛਕਿਆ, ਪੈਰੀਂ ਜੋੜਾ ਨਹੀਂ ਪਾਇਆ, ਮੰਜੀ ਉੱਤੇ ਸੁੱਤੇ ਨਹੀਂ। ਜਿੰਨਾਂ ਚਿਰ ਦੇਹ ਰਹੀ—ਸਤਿਗੁਰਾਂ ਦੇ ਵਿਛੋੜੇ ਵਿੱਚ—ਮਾਈ ਚੰਦੋ ਜੀ ਦਾ ਭੀ ਇਹੀ ਹਾਲ ਰਿਹਾ, ਉਨ੍ਹਾਂ ਦੇ ਨੇਤਰਾਂ ਵਿਚੋਂ ਜਲ ਨਹੀਂ ਸੀ ਬੰਦ ਹੁੰਦਾ। ਮਾਈ (ਮਾਤਾ ਜੀਵਨ ਕੌਰ) ਜੀ ਦੱਸਦੇ ਸਨ, ਜੇ ਸਿੱਖ ਆ ਜਾਣ, ਸੇਵਾ ਕਰਦੇ ਫਿਰਨਾ, ਜਲ ਵਗਦਾ ਰਹਿਣਾ;

ਜੇ ਸਿੱਖ ਤੁਰ ਜਾਣ ਤੇ ਧਾਹੀਂ ਮਾਰਨੀ—ਉਨ੍ਹਾਂ ਦੀ ਹਾਲਤ। ਗੁਰੂ ਗੋਬਿੰਦ ਸਿੰਘ ਸਹਿਬ ਚਮਕੌਰ ਤੋਂ ਨਿਕਲੇ ਹਨ—ਘੁੰਮਦੇ ਘੁੰਮਾਉਂਦੇ ਲੱਖੀ ਜੰਗਲ ਵਿੱਚ ਆ ਗਏ—ਦੀਵਾਨ ਨੰਦ ਲਾਲ ਜੀ ਵੀ ਆ ਮਿਲੇ—ਕਵੀ ਬਿਹਾਰੀ ਜੀ ਵੀ ਆ ਮਿਲੇ। ਉੱਥੇ ਬੈਠਦੇ ਹਨ, ਸਾਹਿਬ ਸੱਦ ਲਾਉਂਦੇ ਹਨ।

**ਲੱਖੀ[੧੨] ਜੰਗਲ ਖਾਲਸਾ[੧੩] ਦੀਦਾਰ ਆਇ ਲਗਾ**
**ਤਬ ਸੁਣ ਕੈ ਉਚਾਰ ਹੋਇਆ।।**
**ਤਬ ਲੱਖੀ ਜੰਗਲ ਖਾਲਸਾ ਆਇ ਦੀਦਾਰ ਕੀਤੋ ਨੇ।।**
**ਸੁਣ ਕੈ ਸੱਦੁ[੧੪] ਮਾਹੀਂ[੧੫] ਦਾ ਮੇਹੀਂ[੧੬]**
**ਪਾਣੀ ਘਾਹੁ[੧੭] ਮੁਤੋ ਨੇ।।**
**ਕਿਸੇ ਨਾਲ ਨ ਰਲੀਆ ਕਾਈ ਕੋਈ ਸ਼ੌਕ ਪਯੋ ਨੇ।।**
**ਗਇਆ ਫਿਰਾਕੁ[੧੮] ਮਿਲਿਆ ਮਿਤੁ[੧੯] ਮਾਹੀ**
**ਤਾਹੀਂ ਸ਼ੁਕਰ[੨੦] ਕੀਤੋ ਨੇ।।੧।।**

*—ਦਸਮ ਗ੍ਰੰਥ, ਪਾ:੧੦*

ਦੀਵਾਨ ਜੀ ਕਹਿੰਦੇ ਹਨ–

*ਇਕ ਦਿਨ ਮੈਂ ਸਤਿਗੁਰੂ ਪਾਸੋਂ ਪ੍ਰੇਮ ਸੁਰਾਹੀ ਪੀਤੀ।*
*ਭਾਇ ਅਸਾਡੇ ਲਿਖੀ ਫਕੀਰੀ ਸੋ ਮਸਤਕ ਧਰ ਲੀਤੀ।*
*ਪਿਛਲੀ ਉਮਰ ਗੁਨਾਹੀ ਬੀਤੀ ਹਰ ਕੀ ਭਗਤ ਨ ਕੀਤੀ।*
*ਆਗੇ ਸਮਝ ਚਲੋ ਨੰਦ ਲਾਲਾ ਪਾਛੇ ਜੋ ਬੀਤੀ ਸੋ ਬੀਤੀ।*

ਬਿਹਾਰੀ ਜੀ ਆਉਂਦੇ ਹਨ, ਕਹਿੰਦੇ ਹਨ–

*ਆਸ਼ਕ ਆਸ਼ਕ ਸਬ ਕੋਈ ਆਖੇ ਸਿਰ ਟੇਢੀ ਪਗੜੀ ਧਰਕੇ।*
*ਸਿਰੋਂ ਪਰੇ ਇਸ਼ਕ ਦਾ ਡੇਰਾ ਸਬ ਮੁੜ ਆਏ ਡਰਕੇ।*
*ਮਾਨ ਮਨੀ ਤੇ ਖੁਦੀ ਤਕੱਬਰ ਕੋਈ ਨ ਰਹਿਓ ਜਰਕੇ।*
*ਮਹਿਬੂਬਾਂ ਦੇ ਮਹਿਲ ਬਿਹਾਰੀ ਕੋਈ ਵਿਰਲਾ ਪਹਿੰਚਿਆ ਮਰਕੈ।*

ਜਿਉਂਦਾ ਨਹੀਂ ਪਹੁੰਚਦਾ।

੪. ਕੰਮ ਖੁਰਦਨੀ—ਥੋੜਾ ਖਾਣਾ।

੫. ਕੰਮ ਗੁਫਤਨੀ—ਥੋੜਾ ਬੋਲਣਾ।

੬. ਖੁਆਬੇ ਹਰਾਮ—ਨੀਂਦ ਤਾਂ ਉਹਨਾਂ ਨੂੰ ਹਰਾਮ ਹੋ ਜਾਂਦੀ ਹੈ।

ਸੰਤ ਜਿਊਣ ਸਿੰਘ ਜੀ ਸਰਹਾਲੀ ਵਾਲੇ ਸਤਿਗੁਰਾਂ ਦੇ ਦਰਸ਼ਨ ਦੇ ਵਿਯੋਗੀ, ਸਾਰੀ-ਸਾਰੀ ਰਾਤ ਕਦੇ ਐਸ ਪਾਵੇ ਤੇ ਕਲੇਜਾ ਧਰ ਲੈਣਾ ਰਾਤ ਨੂੰ, ਕਦੇ ਐਸ ਪਾਵੇ ਤੇ ਧਰ ਲੈਣਾ ਤੇ ਕਦੇ ਐਸ ਤੇ ਧਰ ਲੈਣਾ, ਇਸੇ ਤਰ੍ਹਾਂ ਰਾਤ ਬਤੀਤ ਹੋਣੀ।

੭. ਇੰਤਜ਼ਾਰੀ—ਹਰ ਵੇਲੇ ਕਿ ਹੁਣ ਵੀ ਆਇਆ, ਅਸੀਂ ਤੇ ਹੁਣ ਗਿਣਤੀ ਵਿੱਚ ਹੀ ਨਹੀਂ। ਕੂਕੇ ਜਿਹੜੇ ਨਾਮਧਾਰੀ ਸਨ ਉਹ ਕਹਿੰਦੇ ਸੀ,''ਜਿਹੜਾ ਆਖੇ ਸਤਿਗੁਰਾਂ ਨਹੀਂ ਆਉਣਾ ਉਹਦਾ ਸੌ ਵੇਰਾਂ ਫਿੱਟੇ ਮੂੰਹ।'' ਉਨ੍ਹਾਂ ਦੀ ਰਾਤ—ਦਿਨੇ ਇਹੋ ਗੱਲ ਸੀ—ਦੇਹਾਂ ਚੜ੍ਹ ਗਈਆਂ —ਸਰੀਰ ਚਲ ਗਏ—ਉਹਨਾਂ ਦਾ ਸਿਦਕ ਨਹੀਂ ਟੁੱਟਿਆ।

ਬਾਬਾ ਕੇਸਰ ਸਿੰਘ ਜੀ ਝੱਬਰਾਂ ਵਿੱਚ ਰਹਿਣ ਵਾਲੇ—ਮੈਂ ਉੱਥੇ ਗਿਆ —ਬਾਰ ਵਿੱਚ ੧੦੯ ਚੱਕ ਦੇ ਵਿੱਚ—ਨਾਲ ਹੀ ਧਾਹ ਨਿਕਲ ਗਈ, ਆਂਹਦੇ ਹਨ,''ਆਖਿਆ ਜੁ ਸਾ ਨੇ, ਹੁਣ ਰਾਮ ਸਿੰਘ ਸਸਤਾ ਏ—ਮਹਿੰਗਾ ਹੋ ਜਾਵੇਗਾ।'' ੧੯੨੫ ਸੰਮਤ ਵਿੱਚ ਕਹਿੰਦੇ ਸੀ,''ਤੁਸੀਂ ਸਾਨੂੰ ਬਾਹਰ ਛਰਲਾ ਛੱਡਣ ਨਹੀਂ ਜਾਣ ਦਿੰਦੇ—ਪਿਸ਼ਾਬ ਕਰਨ, ਦੂਰ ਜਾ ਬੈਠਾਂਗਾ ਤੁਸੀਂ ਲਾਹ ਕੇ ਕੱਛਾਂ ਝਾੜੀਆਂ ਵਿੱਚ ਸੁੱਟੋਗੇ, ਹੁੱਕੇ ਹੱਥਾ ਵਿੱਚ ਫੜੋਗੇ।''

ਹਾਲਤ ਬੀਤੀ ਉਸ ਵੇਲੇ ਜਿਹੜੇ ਸਿਦਕਵਾਨ ਸੀ—ਉਹ ਰਹਿ ਗਏ —ਇੰਤਜ਼ਾਰੀ ਹਰ ਵੇਲੇ ਹੁਣ ਵੀ ਆਏ—ਹੁਣ ਵੀ ਆਏ।

੮. ਬੇਕਰਾਰੀ—ਸਰੀਰ ਟੁੱਟਿਆ ਭੱਜਿਆ ਰਹਿਣਾ।

੯. ਬੇ—ਅਰਾਮ—ਨਹੀਂ ਅਰਾਮ ਆਉਣਾ, ਕਦੇ ਨਹੀਂ ਬੈਠ ਸਕਣਾ —ਚੰਗੀ ਤਰ੍ਹਾਂ, ਕਦੇ ਨਹੀਂ ਖਲੋ ਸਕਣਾ—ਇਹ ਆਸ਼ਕਾਂ ਦੀਆਂ ਨੌ ਨਿਸ਼ਾਨੀਆਂ ਹਨ।

ਉਹ ਸੰਤ ਤਖਤ ਸਿੰਘ ਜੀ ਕਹਿਣ ਲੱਗੇ ਦਿਲ ਵਿੱਚ ਬੜੀ ਤਕਲੀਫ ਹੋਈ ਸਤਿਗੁਰਾਂ ਦੇ ਦਰਸ਼ਨ ਨੂੰ ਚਲੀਏ। ਅਸੀਂ ਆਖਿਆ ਬਈ ਪੈਦਲ ਰਸਤੇ ਬਰਮਾ ਨੂੰ ਚਲਦੇ ਹਾਂ, ਅਸਾਮ ਵੱਲੋਂ ਢਾਕੇ ਵੱਲੋਂ ਤੁਰ ਪਏ। ਬਹੁਤ ਰੰਗ ਗੋਰਾ ਸੀ, ਬਹੁਤ ਖੂਬਸੂਰਤ ਸਰੀਰ ਸੀ। ਅਸੀਂ ਤਾਂ ਬਿਰਧ ਹੋਇਆ

ਦੇਖਿਆ ਹੈ—ਜਵਾਨ ਅਵਸਥਾ ਵਿੱਚ ਖਬਰੇ ਕਿਤਨੇ ਕੁ ਸੁੰਦਰ ਹੋਣਗੇ। ਹੁਣ ਉਸ ਇਲਾਕੇ ਦੇ ਕਾਲੇ ਲੋਕ—ਬੰਗਾਲੀ ਮੂੰਹ ਸਿਰ ਮੁੰਨੇ ਹੋਏ, ਇਹਨਾਂ ਦਾ ਦਾੜ੍ਹਾ—ਪਕੜ ਲਏ, ਲੈ ਗਏ ਅਸਾਮ ਦੇ ਪੁਲਿਸ ਸੁਪਰਡੈਂਟ ਕੋਲ। ਉਹਨੇ ਪਾ ਦਿੱਤੀ—ਪੈਰਾਂ ਵਿੱਚ ਬੇੜੀ, ਹੱਥਾ ਵਿੱਚ ਲਾ ਦਿੱਤੀਆਂ ਹੱਥਕੜੀਆਂ। ਉਹ—ਉਸਨੇ—ਉੱਡ ਜਾਣ ਵਾਲੀ ਗੱਲ ਸੁਣੀ ਹੋਈ ਸੀ, ਕੜੀਆਂ ਤੇ ਬੇੜੀਆਂ ਲਾਹ ਕੇ ਚਲੇ ਗਏ। ਉਸਨੇ ਕਿਹਾ,''ਸੁਨਾ ਹੈ ਹਮਨੇ ਤੁਮ ਭਾਗ ਜਾਤਾ ਹੈ।'' ਕਹਿਣ ਲੱਗੇ,''ਮੈਨੂੰ ਕੋਈ ਪਤਾ ਨਹੀਂ।''ਫਿਰ, ਉਹ ਖੇਡ ਬਣੀ, ਜਦੋਂ ਸਤਿਗੁਰਾਂ ਨੇ ਖੇਡ ਵਰਤਾਈ, ਉਸੇ ਤਰ੍ਹਾਂ ਚਲੇ ਗਏ—ਛੱਡਕੇ। ਸਤਿਗੁਰਾਂ ਨੂੰ ਪਤਾ ਲੱਗਾ ਸਤਿਗੁਰਾਂ ਨੇ ਕਿਹਾ,''ਨਾ ਭਾਈ, ਇਹ ਕੰਮ ਨਹੀਂ ਕਰਨਾ।'' ਫਿਰ ਇਸ ਤੋਂ ਬਾਅਦ ਆਪ ਹਾਜ਼ਰ ਹੋ ਕੇ ਪਸ਼ੌਰ ਵਿੱਚ ਡੇਢ ਸਾਲ ਕੈਦ ਕੱਟ ਕੇ ਪੱਥਰ ਕੁੱਟਦੇ ਰਹੇ।

ਉਹ ਸੱਜਣ ਸਨ ਜਿਨ੍ਹਾਂ ਨੇ ਆਪਣੇ ਅੱਖੀਂ ਇਹ ਹਾਲਤ ਦੇਖੀ ਕਿ ਅੰਮ੍ਰਿਤਸਰ ਜੀ ਵਿੱਚ ਇਸ ਤਰ੍ਹਾਂ ਬੁਚੜਖਾਨਾ ਲੱਗਾ ਸੀ। ਇਹ ਸਿੱਖਾਂ ਦੀ ਅਣਖ ਨੂੰ ਅੰਗਰੇਜ਼ ਦਾ ਚੈਲੰਜ ਸੀ, ਉਸ ਵੇਲੇ ਗੁਰਦਵਾਰੇ ਦੇ ਨਾਲ ਬੁੱਚੜਖਾਨਾ ਲਾਉਣਾ ਅੰਮ੍ਰਿਤਸਰ ਜੀ ਦੇ, ਕਿ ਇਹਨਾਂ ਵਿੱਚ ਕੋਈ ਜਿੰਦ ਜਾਨ ਹੈ ਕਿ ਨਹੀਂ। ਸਤਿਗੁਰੂ ਜੀ ਨੇ ਕਿਰਪਾ ਕੀਤੀ, ਸਿੱਖਾਂ ਨੇ ਇਹ ਕੰਮ ਕੀਤਾ। ਕੱਲ ਮੈਂ ਅਰਜ਼ ਕੀਤੀ ਸੀ, ਉਹ ਫਾਂਸੀ ਚੜ੍ਹੇ—ਉਸ ਤੋਂ ਬਾਅਦ—ਇਹ ਸੰਮਤ ੧੯੨੮, ਹਾੜ ਦੀ ਸੰਗਰਾਂਦ ਦਾ ਦਿਨ ਸੀ।

ਸਾਵਣ ਦੀ ਸੰਗਰਾਂਦ ਵਾਲੇ ਦਿਨ ਰਾਏਕੋਟ ਵਿੱਚ ਇਸੇ ਤਰ੍ਹਾਂ ਸਿੰਘਾਂ ਨੇ ਬੁੱਚੜ ਮਾਰੇ। ਚੌਹਾਂ ਸਰੀਰਾਂ ਨੂੰ ਫਾਂਸੀ ਦਿੱਤੀ, ਦੋ ਬੇਗੁਨਾਹ ਸਿੱਖਾਂ ਨੂੰ ਭੀ—ਬਾਬੇ ਗਿਆਨ ਸਿੰਘ ਜੀ ਸਨ—ਸੂਬੇ ਸਤਿਗੁਰਾਂ ਦੇ, ਉਹਨਾਂ ਨੂੰ ਬੇਗੁਨਾਹਾਂ ਨੂੰ ਫਾਂਸੀ ਦਿੱਤੀ ਕਿ ਇਹਨੇ ਤੋਰੇ ਹਨ।

ਹੁਣ ਉਸ ਤੋਂ ਅੱਗੇ ਕਥਾ, ਅਜੇ ਮੰਗਲ ਕਰ ਰਹੇ ਹਨ, ਸੰਤ ਜੀ ਕਹਿੰਦੇ ਹਨ-

*ਸੀਸ ਦੀਏ ਅਰ ਸੀ ਨ ਕਰੀ,*
*ਜਿਨ ਸਿਖਨ ਤਾਹਿ ਕੇ ਮੈਂ ਬਲਿਹਾਰੀ।*

ਜਿਹਨਾਂ ਨੇ ਸਿਰ ਦਿੱਤਾ ਅਰ ਸੀ ਨਹੀਂ ਕੀਤੀ, ਮੈਂ ਉਹਨਾਂ ਸਿੱਖਾਂ ਤੋਂ ਬਲਿਹਾਰ ਜਾਂਦਾ ਹਾਂ।

*ਗੋ ਹਿਤ ਗੋਇ ਤਨੀਸਹਿ ਕੇ,*

ਗਊਆਂ ਵਾਸਤੇ, ਗਊਆਂ ਦੇ ਬੱਚਿਆਂ ਵਾਸਤੇ, ਗਊਆਂ ਦੇ ਈਸਾਂ ਵਾਸਤੇ—ਸਾਨ੍ਹਾਂ, ਵੱਛੇ, ਗਾਈਆਂ ਦੇ ਵਾਸਤੇ।

*ਜਿਨ ਬੁਚੜ ਮਾਰ ਕੇ ਧੈਨ ਉਬਾਰੀ।*

ਬੁੱਚੜਾਂ ਨੂੰ ਮਾਰਿਆ ਅਰ ਗਊਆਂ ਨੂੰ ਛੁਡਾਇਆ।

## ਅੱਸੀ ਸੀਸ ਖਾਲਸੇ ਦੀਨੇ

ਇਹ ਮਲੇਰਕੋਟਲਾ, ਇਹ ਉਹ ਥਾਂ ਸੀ, ਸਾਹਿਬ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਹਿਬਜ਼ਾਦੇ ਛੋਟੇ ਸਰਹਿੰਦ ਵਿੱਚ ਸ਼ਹੀਦ ਹੁੰਦੇ ਹਨ—ਗੁਰੂ ਮਾਰੀ ਵਿੱਚ। ਸਾਹਿਬ ਮਾਹੀ ਨੂੰ ਭੇਜਦੇ ਹਨ—ਰਾਏਕੋਟ ਤੋਂ। ਉਹ ਆ ਕੇ ਖਬਰ ਦਿੰਦਾ ਹੈ ਕਿ ਸੱਚੇ ਪਾਤਸ਼ਾਹ ਇਸ ਤਰ੍ਹਾਂ ਸ਼ਹੀਦ ਹੋਏ। ਸਾਹਿਬਾਂ ਦੇ ਨੇਤਰਾਂ ਵਿੱਚ ਜਲ ਆਇਆ।

ਸਿੱਖਾ ਨੇ ਕਿਹਾ,''ਮਹਾਰਾਜ, ਇਹ ਕੀ ਗੱਲ ?''

ਕਹਿੰਦੇ,''ਭਾਈ ਬੇਲ ਨਾਲੋਂ ਭੀ ਚੂਆਂ ਤੁਟੇ—ਉਹਦੇ ਵਿੱਚ ਪਾਣੀ ਆ ਜਾਂਦਾ ਹੈ।''

ਸਾਹਿਬ ਹੱਥ ਵਿੱਚ ਪਕੜ ਕੇ ਕਰਦ, ਜੜ੍ਹ ਸੀ ਕਾਹੀ ਦੀ, ਉਹ ਪੁੱਟਦੇ ਸਨ। ਪੁੱਟਦੇ-ਪੁੱਟਦੇ ਬਚਨ ਕਰਦੇ ਹਨ, ਕਿਸੇ ਨੇ ਉੱਥੇ 'ਹਾਅ' ਦਾ ਨਾਅਰਾ ਨਹੀਂ ਮਾਰਿਆ ਕਿ ਤੁਸੀਂ ਇਹ ਕੀ ਕਰ ਰਹੇ ਹੋ।

ਕਹਿੰਦੇ ਹਨ,''ਜੀ ਹਾਂ, ਨਾਹਰ ਖਾਂ—ਮਲੇਰੀਆ ਪਠਾਣ—ਜਿਸਨੇ ਕਿਹਾ ਕਿ ਇਨ੍ਹਾਂ ਸ਼ੀਰ ਖੋਰਾਂ ਬੱਚਿਆਂ ਨੇ—ਦੁੱਧ ਪੀਣ ਵਾਲਿਆਂ ਨੇ, ਕੀ ਗਵਾਇਆ, ਤੁਸੀਂ ਇਹਨਾਂ ਨੂੰ ਕਿਉਂ ਮਾਰਦੇ ਹੋ ?''

ਸਾਹਿਬਾਂ ਨੇ ਉੱਥੇ ਜੜ੍ਹ ਉੱਤੇ ਮਿਟੀ ਪਾ ਕੇ ਅੰਗੂਠੇ ਨਾਲ ਦੱਬੀ। ਸਿੱਖਾਂ ਨੇ ਪੁੱਛਿਆ, ਕਹਿਣ ਲੱਗੇ,''ਅਸੀਂ ਤੁਰਕ ਦੀ ਜੜ੍ਹ ਪੁੱਟ ਦਿੱਤੀ ਸੀ ਪਰ ਇਹ ਮਲੇਰ ਕੋਟਲੀਆਂ ਨੇ ਅਜੇ ਰੱਖ ਲਈ।''

''ਫਿਰ ਸੱਚੇ ਪਾਤਸ਼ਾਹ ਕੀ ਹੁਕਮ।''

ਕਹਿੰਦੇ ਹਨ,''ਅੱਸੀ ਸਿਰ ਦਿਆਂਗੇ ਤੇ ਲਵਾਂਗੇ।'' ਵਡ ਤੀਰਥ ਦੀ ਸਾਖੀ ਵਿੱਚ ਲਿਖਿਆ ਹੈ–

*ਅਸੀ ਸੀਸ ਖਾਲਸੇ ਦੀਨੇ।*
*ਧਰਮ ਛੀਨ ਤੁਰਕਨ ਕੇ ਕੀਨੇ।*

ਹੁਣ ਉਹ ਵਕਤ ਆ ਰਿਹਾ ਹੈ, ਗਿਆਨੀ ਸਿੰਘ ਹੁਰਾਂ ਨੂੰ ਬੇਗੁਨਾਹ ਨੂੰ ਮਾਰਿਆ ਜਾਂਦਾ ਹੈ।

ਸਰਦਾਰ ਹੀਰਾ ਸਿੰਘ ਸਕਰੌਦੀ ਦੇ, ਸੌ ਸਿੰਘ ਜਿਨ੍ਹਾਂ ਦੇ ਨਾਲ— ਪਟਿਆਲੇ ਦੇ ਮਹਾਰਾਜਾ ਮਹਿੰਦਰ ਸਿੰਘ ਨੇ ਕੱਢਿਆ ਇਹਨਾਂ ਨੂੰ। ਕਿਉਂ —ਉਹਨਾਂ ਨੇ ਭਜਨ ਪੁੱਛਿਆ ਸੀ। ਉਹ ਮਹਾਰਾਜਾ ਦੇ ਹਾਜਰ ਬਾਸ਼ ਸਨ —ਬਸਤਰ ਪਵਾਉਣ ਵਾਲੇ ਸਨ, ਉਹਨਾਂ ਨੂੰ ਹੁਕਮ ਦਿੱਤਾ ''ਜਾ ਕੇ ਭਜਨ ਪੁੱਛੋ—ਮੈਨੂੰ ਆ ਕੇ ਦੱਸਿਓ।''

ਉਹਨਾਂ ਨੇ ਜਦੋਂ ਜਾ ਕੇ ਭਜਨ ਪੁੱਛਿਆ—ਉਸ ਵੇਲੇ ਦੇ ਭਜਨ ਦੱਸਣ ਵਾਲਿਆਂ ਦੀ ਵੀ ਤਾਕਤ ਸੀ, ਉਹ ਕਰਨੀ ਵਾਲੇ ਥੇ, ਸਾਡੇ ਵਾਂਗੂੰ ਕਹਿਣੀ ਨਹੀਂ ਸੀ, ਉਹਨਾਂ ਆਖਿਆ,''ਮਹਾਰਾਜ, ਜੇ ਲੋੜ ਹੈ ਤੇ ਆਪ ਜਾ ਕੇ ਪੁੱਛ ਲਓ, ਮੈਂ ਤੇ ਨਹੀਂ ਦੱਸਦਾ,''—ਉਹਨਾਂ ਦਾ ਨਾਵਾਂ ਕੱਟ ਦਿੱਤਾ। ਸੌ ਸਵਾਰ ਕੱਠੇ ਦੇ ਕੱਠੇ ਸਕਰੌਦੀ ਦੇ ਸਨ—ਚਾਚੇ ਤਾਇਆਂ ਦੇ ਪੁੱਤਰ—ਸਭ ਕੱਢ ਦਿੱਤੇ।

ਆਏ ਘਰ—ਮਾਈ ਨੇ ਪਹਿਲੇ ਭਜਨ ਪੁੱਛਿਆ ਸੀ। ਮਾਈ ਆਖੇ,''ਸੱਚੇ ਪਾਤਸ਼ਾਹ ਕਿਤੇ ਹੀਰਾ ਸਿੰਘ ਤੇ ਵੀ ਕਿਰਪਾ ਹੋਵੇ।''

ਹੀਰਾ ਸਿੰਘ ਸਿੱਖ ਸਜਿਆ, ਮਾਈ ਨੇ ਕੀਤਾ—ਮੇਲਾ, ਸਾਧ—ਸੰਗਤ ਸੱਦੀ, ਮਗਰੋਂ ਹੀਰਾ ਸਿੰਘ ਹੁਰੀਂ ਕਹਿੰਦੇ,''ਸਾਧ ਸੰਗਤ ਜੀ ਮਾਈ ਦਾ ਮੇਲਾ ਹੋ ਗਿਆ, ਸਾਡੀ ਵੀ ਥੋੜੀ ਜਿਹੀ ਮੇਲੀ ਕਰ ਜਾਉ।''

ਜੋ ਕੁਛ ਸੀ ਘਰ ਵਿੱਚ ਲੱਗੇ ਸਾਧ ਸੰਗਤ ਨੂੰ ਛਕਾਉਣ—ਮਾਈ ਲੱਗੀ ਔਖੀ ਹੋਣ।

(ਸਤਿਗੁਰੂ ਰਾਮ ਸਿੰਘ ਜੀ) ਕਹਿੰਦੇ ਹਨ,''ਮਾਈ ਤੂੰ ਤਾਂ ਕਹਿੰਦੀ ਸੀ

ਹੀਰਾ ਸਿੰਘ ਸਿੱਖ ਸਜੇ, ਹੁਣ ਸਿੱਖ ੱਜਿਆ ਤੇ ਹੁਣ ਕਿਉਂ ਰੋਨੀ ਹੈਂ ?''

ਘਰ ਵਾਲੀ ਨੂੰ ਬੁਲਾਇਆ—ਸਰਦਾਰ ਸਨ—ਕਿ ਸਾਧ ਸੰਗਤ ਦੇ ਭਾਂਡੇ ਮਾਂਜ।

ਉਹ ਕਹਿੰਦੀ ਹੈ,''ਮੈਂ ਸਰਦਾਰਾਂ ਦੀ ਧੀ, ਮੈਂ ਇਨ੍ਹਾਂ ਕਮੀਨਾਂ ਕਾਦੂਆਂ ਦੇ ਭਾਂਡੇ ਮਾਂਜਾਂ।''

ਤਾਏ ਦੇ ਪੁੱਤਰ ਲਹਿਣਾ ਸਿੰਘ ਤੇ ਅਨੂਪ ਸਿੰਘ ਜੀ ਦੋ ਭਰਾ ਸਨ। ਏਥੇ ਕਿਤੇ ਤੁਸਾਂ ਤਸਵੀਰ ਦੇਖੀ ਹੋਵੇ ਸਤਿਗੁਰਾਂ ਦੀ ਘੋੜਿਆਂ ਵਾਲੀ ਤਸਵੀਰ ਦੇ ਅੱਗੇ ਉਤਲੀ ਲਾਈਨ ਵਿੱਚ ਅਨੂਪ ਸਿੰਘ ਜੀ ਹਨ, ਉਹਨਾਂ ਦੇ ਦਰਮਿਆਨ ਲਹਿਣਾ ਸਿੰਘ ਜੀ ਹਨ, ਹੇਠਲੀ ਲਾਈਨ ਵਿੱਚ ਅੱਗੇ ਹੀਰਾ ਸਿੰਘ ਜੀ ਹਨ। ਉਹ ਕਹਿੰਦੇ,''ਪਕੜੋ ਇਸ ਨੂੰ !'' ਲਹਿਣਾ ਸਿੰਘ ਹੁਰਾਂ ਦੇ ਨਾਲ ਫੜ ਲਈ। ਉੱਥੇ ਪਾ ਕੇ ਲੰਮੀ ਤੇਸੇ ਨਾਲ ਗੁੱਤ ਵੱਢ ਲਈ, ਕਹਿਣ ਲੱਗੇ,''ਤੂੰ ਖਾਲਸੇ ਦੀ—ਸਾਧ-ਸੰਗਤ ਦੀ—ਬੇਅਦਬੀ ਕਰਦੀ ਹੈਂ, ਕਹਿੰਦੀ ਹੈ—ਮੈਂ ਇਹਨਾਂ ਕਮੀਨਾਂ ਦੇ ਭਾਂਡੇ ਮਾਂਜਾਂ।'' ਗੁੱਤ ਬੰਨ੍ਹ ਲਈ ਬਾਂਸ ਦੇ ਨਾਲ, ਜਿੱਥੇ ਜਾਣਾ ਕਹਿਣਾ,''ਜੋ ਸਿੱਖਣੀ ਸਿੱਖ ਦਾ, ਪਤੀ ਦਾ ਹੁਕਮ ਨਾ ਮੰਨੇਗੀ—ਉਹਦੀ ਇਹ ਹਾਲਤ ਹੋਵੇਗੀ।'' ਇਸ ਹਾਲਤ ਵਿਚ ਰਹੇ।

## ਮਸਤਾਨਿਆਂ ਦੀ ਦਸ਼ਾ

ਫਿਰ ਚਲਦੇ ਚਲਦੇ ੧੯੨੮ ਸੰਮਤ ਦੀ ਵਿਸਾਖੀ ਹੈ, ਸਤਿਗੁਰੂ ਰਾਮ ਸਿੰਘ ਜੀ ਦਮਦਮੇ ਸਾਹਿਬ ਆਉਂਦੇ ਹਨ। ਦਮਦਮੇ ਸਾਹਿਬ ਤੋਂ ਆ ਕੇ ਥਰਾਜ ਨਗਰ—ਜਿੱਥੇ ਸਾਡੇ ਮਾਤਾ (ਜੀਵਨ ਕੌਰ) ਜੀ ਦਾ ਜਨਮ ਸੀ —ਜਾਂਦੇ ਹਨ। ਉਥੋਂ ਤੁਰ ਕੇ ਅੱਗੇ ਦਸ ਕੋਹ ਪੈਂਡੇ ਤੇ ਇੱਕ ਪਿੰਡ ਹੈ —ਨੰਗਲਾ ਉੱਧਰ ਨੂੰ ਜਾਂਦੇ ਹਨ। ਮਸਤਾਨੇ ਰਸਤੇ ਵਿੱਚ ਬੈਠੇ ਹਨ। ਇਹ ਗਿਆਨੀ ਸਿੰਘ ਹੁਰੀਂ ਸਨ ਜਿਹੜੇ, ਉਹਨਾਂ ਦੇ ਭਾਈ ਹਰਨਾਮ ਸਿੰਘ, ਉਹ ਘੋੜੀ ਤੇ ਚੜ੍ਹੇ ਜਾਂਦੇ ਸਨ। ਕੋਈ ਮਾਈਆਂ ਬੀਬੀਆਂ ਨਾਲ ਜਾਂਦੀਆਂ ਸਨ, ਉਹਨਾਂ ਨੇ ਕੋਈ ਮਖੌਲ ਮਾਈਆਂ ਨੂੰ ਕੀਤਾ।

ਮਸਤਾਨਿਆਂ ਨੇ ਕਿਹਾ,''ਓਏ ਹਰਨਾਮ ਸਿੰਘਾ, ਉਏ ਸਤਿਗੁਰੂ ਰਾਮ ਸਿੰਘ ਨੂੰ ਮਿਲਕੇ ਇਹ ਕੰਮ ?''

ਕਹਿੰਦਾ,''ਓ ਭਾਈ ਸਾਡੇ ਵਾਸਤੇ ਬਣੀਆਂ ਹਨ।''

ਘੋੜੀ ਉੱਤੋਂ ਲਾਹ ਲਿਆ, ਲਾਹ ਕੇ ਬਹੁਤ ਕੁੱਟਿਆ। ਪਤਾ ਲੱਗਾ, ਸਤਿਗੁਰਾਂ ਕੋਲ ਅਰਜ਼ ਹੋਈ,''ਜੀ ਤੁਸੀਂ, ਇਹਨਾਂ ਮਸਤਾਨਿਆਂ ਨੂੰ ਰੋਕਦੇ ਨਹੀਂ, ਇਹ ਬੜੇ ਖਰਾਬ ਕਰਦੇ ਹਨ।''

ਸਤਿਗੁਰਾਂ ਨੇ ਕਿਹਾ,''ਚੰਗਾ ਭਾਈ।''

ਨਾਲ ਲੈ ਲਏ ਸਾਰੇ ਸੂਬੇ, ਇੱਕ ਛੱਪੜ ਸੀ ਪਾਣੀ ਦਾ ਸੁੱਕਿਆ ਹੋਇਆ ਉੱਥੇ ਜਾ ਖਲੋਤੇ। ਬਾਂਸ ਦਾ ਸੋਟਾ ਲੈ ਕੇ ਜ਼ਮੀਨ ਤੇ ਸਤਿਗੁਰਾਂ ਜ਼ੋਰ ਨਾਲ ਮਾਰ ਕੇ ਦੇਖਿਆ, ਉਹ ਟੁੱਟ ਗਿਆ। ਹੋਰ ਮੰਗਾਇਆ ਜਿਹੜਾ ਦੋ ਤਿੰਨ ਵੇਰਾਂ ਵੱਜਿਆ—ਨਾ ਟੁੱਟਿਆ ਉਹ ਸੋਟਾ ਲਿਆ। ਸੱਦ ਲਏ ਮਸਤਾਨੇ ਅਰ ਹੁਣ ਤੁਕਾਂ ਪੂਰੀਆਂ ਗੁਰੂ ਕੇ ਸਿੱਖ ਕਰ ਸਕਦੇ ਹਨ—ਸਾਡੀ ਗੱਲ ਨਹੀਂ ਹੈ-

*ਪ੍ਰੇਮ ਸੁਰਾਹੀ ਸੋ ਪੀਐ ਜੋ ਸੀਸ ਦੱਛਨਾ ਦੇ।*
*ਲੋਭੀ ਸੀਸ ਨ ਦੇ ਸਕੇ ਐਵੇਂ ਨਾਮ ਪ੍ਰੇਮ ਕਾ ਲੇ।*

ਆ ਗਏ—ਚੱਲ ਪਏ, ਅੱਗੇ ਹੀਰਾ ਸਿੰਘ ਹੁਰੀ ਹਨ। ਸੋਟਾ ਫੜਿਆ ਸਤਿਗੁਰਾਂ ਨੇ, ਇੱਕ ਮਾਰਦੇ ਹਨ ਜ਼ੋਰ ਦਾ, ਦੂਸਰਾ ਅੱਗੇ ਆ ਜਾਂਦਾ ਹੈ। ਜਦੋਂ ਚੱਕਰ ਪੂਰਾ ਆ ਗਿਆ ਕਹਿੰਦੇ,''ਸੱਚੇ ਪਾਤਸ਼ਾਹ ਐਸ ਪਾਸੇ ਦੇ ਪਾਪ ਰਹਿ ਗਏ—ਏਧਰ ਦੇ ਵੀ ਝਾੜ ਦਿਉ।'' ਦੂਸਰੇ ਪਾਸੇ ਡਾਂਗਾਂ ਵੱਜੀਆਂ। ਮਾਰ ਕੇ ਡਾਂਗਾਂ ਕਹਿੰਦੇ ਹਨ,''ਜਾਉ ਤੁਰ ਜਾਉ—ਸਾਡੇ ਮੱਥੇ ਨ ਲਗਿਉ ਚਲੇ ਜਾਉ ਸਾਡੇ ਕੋਲੋਂ।'' ਸਿੱਖਾਂ ਨੂੰ ਹੁਕਮ ਦੇ ਦਿੱਤਾ ਕਿ ਇਹਨਾਂ ਨੂੰ ਕੋਈ ਅੰਨ ਪਾਣੀ ਨਾ ਦੇਵੇ।

ਅੱਜ ਕੱਲ੍ਹ ਵਰਗੀ ਨਹੀਂ, ਜੇ ਐਥੇ ਕਿਸੇ ਨੂੰ ਆਖੀਏ ਬਈ, ਇਹਨੂੰ ਕੱਢ ਦਿੱਤਾ। ਅਸੀਂ ਭਾਵੇਂ ਨਿਕਲ ਜਾਈਏ—ਉਹਦੇ ਨਾਲ ਵੀਹ ਪੰਜਾਹ ਇਕੱਠੇ ਹੋ ਜਾਂਦੇ ਹਨ, ਹੁਕਮ ਸਤਿਗੁਰੂ ਦਾ ਸੀ। ਪੁਰਾਣੇ ਸਾਧ ਬਾਬਾ ਲਾਲ ਸਿੰਘ (ਲਤਾਲੇ ਵਾਲੇ) ਜੀ ਕਹਿੰਦੇ ਸਨ,''ਨਾਦਰਸ਼ਾਹੀ ਹੁਕਮ ਸੀ

ਸਤਿਗੁਰਾਂ ਦਾ—ਕੀ ਮਜਾਲ ਹੈ ਜੇ ਕੋਈ ਜ਼ਰਾ ਜਿੰਨਾਂ ਵਲ ਪਾਵੇ।'' ਪੰਜ ਛੇ ਦਿਨ ਲੰਘ ਜਾਂਦੇ ਹਨ, ਕੋਹ-ਕੋਹ, ਡੇਢ-ਡੇਢ ਕੋਹ ਦੂਰ ਰਹਿੰਦੇ ਹਨ —ਦਰਸ਼ਨ ਕਰਦੇ ਹਨ।

*ਘੋਟ ਰੀਠੜੇ ਦੇਗ ਤਿਆਰ ਕੀਤੀ।*

ਰੀਠਿਆਂ ਦੀ ਛਿੱਲ ਲਾਹ ਕੇ, ਘੋਟ—ਪੀਸ ਕੇ ਦੇਗ ਤਿਆਰ ਕੀਤੀ —ਉਹ ਜਲ ਛਕਦੇ ਹਨ, ਕੋਈ ਪ੍ਰਸ਼ਾਦਾ ਨਹੀਂ ਦਿੰਦਾ, ਕੋਈ ਦੁੱਖ ਨਹੀਂ। ਛੇਵਾਂ ਦਿਨ ਆਉਂਦਾ ਹੈ, ਸ੍ਰ: ਗੁਰਦਿੱਤ ਸਿੰਘ ਕਰਤਾਰ ਗੜ੍ਹ ਦਾ ਕਹਿੰਦਾ ਹੈ,''ਸੱਚਿਆ ਪਾਤਸ਼ਾਹ ਮੇਰਾ ਲੰਗਰ ਤਾਂ ਸੰਪੂਰਣ ਹੁੰਦਾ ਹੈ, ਜੇ ਮਸਤਾਨਿਆਂ ਨੂੰ ਪ੍ਰਸ਼ਾਦਾ ਮਿਲੇ।''

ਉਧਰ ਸਤਿਗੁਰਾਂ ਨੇ ਖੇਡ ਵਰਤਾਈ ਹੋਈ ਹੈ, ਆਪ ਵੀ ਪ੍ਰਸ਼ਾਦ ਨਹੀਂ ਛਕਦੇ। ਕਹਿੰਦੇ ਹਨ,''ਗੱਲ ਵਿੱਚ ਪੱਤਰੀਆਂ ਪਈਆਂ ਹੋਈਆਂ ਹਨ- -ਜਾ ਭਾਈ ਫਿਰ, ਛਕਾ ਦੇ।''

ਗੁਰਦਿੱਤ ਸਿੰਘ ਜਾ ਕੇ ਕਹਿੰਦਾ,''ਪ੍ਰਸ਼ਾਦ ਛਕ ਲਉ।''

ਉਹ ਕਹਿੰਦੇ,''ਅਸੀਂ ਨਹੀਂ ਮੰਨਦੇ, ਸਤਿਗੁਰਾਂ ਨੇ ਹੁਕਮ ਦਿੱਤਾ ਹੈ, ਸਾਡੇ ਸਿੱਖ ਨੂੰ ਨਾਲ ਲਿਜਾ—ਸੱਚੇ ਪਾਤਸ਼ਾਹ ਦੇ ਸਾਹਮਣੇ, ਜੇ ਹੁਕਮ ਦੇਣਗੇ ਤਾਂ ਛਕਾਂਗੇ।''

*ਸਿਖ ਕਹਾਵਨ ਕਠਣ ਹੈ ਸਿਖੀ ਪੈਂਡਾ ਦੂਰ।*
*ਸਿਖੀ ਤਾਂ ਕੋ ਬਖਸ਼ੀਏ ਜੋ ਰਹੇ ਸਤਿਗੁਰ ਕੇ ਹਜ਼ੂਰ।*

ਜਿਹੜਾ ਸਤਿਗੁਰੂ ਨੂੰ ਹਰ ਵੇਲੇ ਹਾਜ਼ਰ ਜਾਣਦਾ ਹੈ ਉਹਦੇ ਕੋਲੋਂ ਗੁਨਾਹ ਕਿਸ ਤਰ੍ਹਾਂ ਹੋ ਸਕਦਾ ਹੈ ? ਸਿੱਖੀ ਬੜੀ ਉੱਚੀ ਚੀਜ਼ ਹੈ, ਭਾਈ ਗੁਰਦਾਸ ਜੀ ਕਹਿੰਦੇ ਹਨ-

*ਗੁਰਸਿੱਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।*
*ਓਥੇ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ।*

ਗੁਰੂ ਅਮਰਦਾਸ ਸੱਚੇ ਪਾਤਸ਼ਾਹ ਅਨੰਦ ਸਾਹਿਬ ਵਿੱਚ ਲਿਖਦੇ ਹਨ-

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।।**

*-ਮ:੩, ਪੰਨਾ-੯੧੮*

ਆਉਂਦੇ ਹਨ, ਫਿਰ ਗੁੱਸਾ ਕਰਦੇ ਹਨ—ਸਾਨੂੰ ਪ੍ਰਸ਼ਾਦਾ ਨਹੀਂ ਦਿੱਤਾ —ਸਾਨੂੰ ਮਾਰਿਆ।

ਸਿੱਖ ਨਾਲ ਆਉਂਦਾ ਹੈ। ਸਤਿਗੁਰ ਕਹਿੰਦੇ ਹਨ,''ਭਾਈ ਪ੍ਰਸ਼ਾਦਾ ਛਕ ਲਉ।'' ਜਾ ਕੇ ਪ੍ਰਸ਼ਾਦ ਛਕਦੇ ਹਨ—ਸਤਿਗੁਰ ਵੀ ਪ੍ਰਸ਼ਾਦ ਛਕਦੇ ਹਨ।

ਉਹ ਸਿੱਖ, ਕਿਉਂਕਿ ਪਰਖ ਕੇ ਦੇਖੇ ਕਿ ਇਹ ਕੰਮ ਕਰਨਗੇ—ਕੁਛ। ਉਹ ਭਾਈ ਹੀਰਾ ਸਿੰਘ ਜੀ ਭਾਈ ਲਹਿਣਾ ਸਿੰਘ ਜੀ, ਇੱਕ ਉਨ੍ਹਾਂ ਦਾ ਸਾਥੀ ਗੁਰਮੁਖ ਸਿੰਘ ਜੀ—ਨੰਬਰਦਾਰ ਫਰਵਾਹੀ ਪਿੰਡ ਜਿਨ੍ਹਾਂ ਦਾ ਮਲੇਰਕੋਟਲੇ ਦੀ ਰਿਆਸਤ ਵਿੱਚ—ਮਲੇਰਕੋਟਲੇ ਆਉਂਦੇ ਹਨ। ਉਨਾਂ ਦਿਨਾਂ ਵਿੱਚ ਨਵਾਬ ਨਬਾਲਗ ਸੀ—ਕਾਊਂਸਲ ਬਣੀ ਹੋਈ ਸੀ, ਕਾਜ਼ੀਆਂ ਦਾ ਜ਼ੋਰ ਸੀ—ਮਲੇਰਕੋਟਲੇ ਦੀ ਰਿਆਸਤ ਵਿੱਚ।

ਰਾਮ ਗਊਆਂ, ਕੋਈ ਸ਼ਾਇਦ ਸੱਜਣ ਜਾਣਦੇ ਹੋਣਗੇ ਪੰਜਾਬ ਵਿੱਚ ਇਹ ਗੱਲ ਸੀ, ਆਮ ਤੌਰ ਤੇ ਲੁਧਿਆਣੇ, ਫਿਰੋਜ਼ਪੁਰ ਦੇ ਜ਼ਿਲ੍ਹੇ ਵਿੱਚ —ਪਟਿਆਲੇ ਨਾਭੇ ਵਿੱਚ—ਲੋਕ ਕਿਸੇ ਗਊ ਨੂੰ ਪੁੰਨ ਕਰਕੇ ਛੱਡ ਦਿੰਦੇ ਸਨ। ਜਿਸ ਤਰ੍ਹਾਂ ਸਾਨ੍ਹ ਛੁੱਟੇ ਹੋਏ ਹਨ, ਉਹ ਫਿਰ ਗਊਆਂ ਵਧਦੀਆਂ —ਵਧਦੀਆਂ ਹਰਨਾਂ ਵਰਗੀਆਂ ਬਣ ਜਾਂਦੀਆਂ ਹਨ, ਕਿਸੇ ਦੇ ਨੇੜੇ ਨਹੀਂ ਸਨ ਆਉਂਦੀਆਂ, ਉਹ ਰਾਮ ਗਊਆਂ ਨੂੰ ਫੜ-ਫੜ ਕੇ ਮੁਸਲਮਾਨ ਜਾਲ ਲਾ-ਲਾ ਕੇ ਕਤਲ ਕਰਦੇ ਸੀ। ਸਿੱਖ ਨਹੀਂ ਸਨ—ਇਹ ਗੱਲ ਜਰਦੇ।

ਭਾਈ ਗੁਰਮੁਖ ਸਿੰਘ ਜੀ ਫਰਵਾਹੀ ਦੇ ਆਉਂਦੇ ਹਨ ਸੌਦਾ ਲੈਣ ਵਾਸਤੇ, ਢਾਲ ਦੇਣ ਵਾਸਤੇ। ਅੱਗੋਂ ਇੱਕ ਬੈਲ ਉੱਤੇ ਮੂਲੀਆਂ ਲੱਦੀਆਂ ਹੋਈਆਂ ਹਨ, ਉੱਤੇ ਇੱਕ ਅਰਾਈ ਚੜ੍ਹਿਆ ਹੋਇਆ ਹੈ, ਬਹੁਤ ਭਾਰਾ ਉਹਦੇ ਤੇ ਭਾਰ ਹੈ। ਇਹ ਕਹਿੰਦੇ,''ਉਹ ਮੀਆਂ, ਇਹ ਬੈਲ ਤਾਂ ਅੱਗੇ ਭਾਰ ਨਾਲ ਤੰਗ ਹੁੰਦਾ ਹੈ, ਤੂੰ ਉੱਤੋਂ ਉਤਰ ਜਾ।''

ਉਹਨੇ ਅੱਗੋਂ ਗਾਲ੍ਹ ਕੱਢੀ,''ਉਏ ਸਿੱਖੜਿਆ, ਤੂੰ ਲਗਦਾ ਕੀ ਹੈਂ ?''

ਇਸ ਗੱਲੋਂ ਦੋਵੇਂ ਲੜ ਪਏ। ਲੜਦੇ-ਲੜਦੇ ਅੱਗੇ ਕਚਹਿਰੀ ਵਿੱਚ

ਗਏ। ਅਗੇ ਇਨਸਾਫ ਵਾਲਿਆਂ ਨੇ ਆਖਿਆ,''ਓਏ ਤੇਰਾ ਸਿੱਖਾ—ਇਹਦੇ ਨਾਲ ਕੀ ਤਅੱਲਕ ਹੈ ? ਅਸੀਂ ਤਾਂ ਤੇਰੇ ਸਾਹਮਣੇ ਬੈਲ ਨੂੰ ਜ਼ਿਬਾਹ ਕਰਾਂਗੇ।''

ਸਿੱਖ ਦੇ ਸਾਹਮਣੇ ਬੈਲ ਨੂੰ ਕਤਲ ਕੀਤਾ ਗਿਆ, ਉਹਦਾ ਦਿਲ ਫਟ ਗਿਆ। ਉਹਨੇ ਆ ਕੇ ਹੀਰਾ ਸਿੰਘ ਨੂੰ ਆਖਿਆ,''ਸਾਡੇ ਜੀਵਨ ਦਾ ਕੋਈ ਧਰਮ ਨਹੀਂ ਜੇ ਸਾਡੇ ਸਾਹਮਣੇ ਇਸ ਤਰ੍ਹਾਂ ਦਾ ਅਨਿਆ ਹੋ ਰਿਹਾ ਹੈ।'' ਇਹ ਫਿਰ ਫੌਜਾਂ ਹੋਈਆਂ ਤਿਆਰ।

ਇਹ ਹੁਣ ਸਿੱਖ ਹਨ ਉਹ ਅੱਗੇ ਪ੍ਰਸੰਗ ਮੈਂ ਇਹਨਾਂ ਦਾ ਅਰਜ਼ ਕਰਾਂਗਾ—ਵਿਚਕਾਰ ਹੋਲੇ ਦਾ ਪ੍ਰਸੰਗ ਹੈ, ਇੱਥੇ ਸੰਤ ਜੀ ਨੇ ਜਿੱਥੇ ਮੰਗਲ ਕੀਤਾ ਹੈ ਸਤਿਗੁਰਾਂ ਦਾ, ਨਾਲ ਉਨਾਂ ਸਿੱਖਾਂ ਦਾ ਕੀਤਾ ਹੈ।

*ਸੀਸ ਦੀਏ ਅਰ ਸੀ ਨ ਕਰੀ*
*ਜਿਨ ਸਿਖਨ ਤਾਹਿ ਕੇ ਮੈਂ ਬਲਿਹਾਰੀ।*
*ਗੋ ਹਿਤ ਗੋਇ ਤਨੀਸਹਿ ਕੇ*
*ਜਿਨ ਬੁਚੜ ਮਾਰ ਕੇ ਧੈਨ ਉਬਾਰੀ।*
*ਤੇ ਸਿਖ ਵਾ ਗੁਰ ਕੇ ਹਰਿ ਰਾਮ ਸੁ*
*ਧਿਆਨ ਮਿਰਗਿੰਦ ਕਰੋਰ ਜੁਹਾਰੀ।*

ਉਹਨਾਂ ਸਿੱਖਾਂ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ—ਧਿਆਨ ਸਿੰਘ ਜੀ ਕਹਿੰਦੇ ਹਨ—ਮੇਰੀ ਕਰੋੜ ਵਾਰ ਨਮਸ਼ਕਾਰ ਹੈ।

*ਗੋਇ ਗਰੀਬਨ ਪਾਲਨ ਕੈ ਹਿਤ*

ਗਊ ਗਰੀਬ ਦੀ ਰੱਛਿਆ ਦੇ ਵਾਸਤੇ।

*ਰਾਮ ਮ੍ਰਿਗਿੰਦ ਅਏ ਤਨ ਧਾਰੀ।।੩੯।।*

ਸਤਿਗੁਰ ਜੀ ਨੇ ਅਵਤਾਰ ਧਾਰਿਆ।

*ਚੌਪਈ।।ਪੰਥ ਧਰਮ ਹਿਤ ਏਤੀ ਕਰੀ।*

ਧਰਮ ਵਾਸਤੇ ਅਰ ਪੰਥ ਵਾਸਤੇ ਜਿਨ੍ਹਾਂ ਨੇ ਇਹ ਕੁਛ ਕੀਤਾ।

*ਸੀਸ ਦੀਏ ਪਰ ਸੀ ਨ ਉਚਰੀ।*

ਸਿਰ ਦਿਤੇ ਪਰ ਸੀ ਨਹੀਂ ਕੀਤੀ।

*ਰਾਵਰ ਗਏ ਟਾਪੂਅਨ ਸੈਲੇ।*

ਸਤਿਗੁਰੂ ਜੀ ਪਰਦੇਸਾਂ ਨੂੰ ਗਏ ਕਿਉਂਕਿ ਮੈਂ ਹੁਣ ਦੱਸਾਂ, ਕੱਲ ਗੁਰਿੰਡਨਾਮੇ ਦੀ ਮੈਂ ਗੱਲ ਸੁਣਾਈ ਸੀ ਤੁਹਾਨੂੰ। ਗੁਰਿੰਡਨਾਮੇ ਵਿੱਚ ਇੱਕ ਸ਼ਬਦ ਆਉਂਦਾ ਹੈ–

*ਸ਼ਾਸਤਰ[੨੧] ਵੇਦ[੨੨] ਪੁਰਾਨ[੨੩] ਨਿਰ ਖਾਵੈ।*
*ਨਾਗ ਵਸ ਤਬ ਕਰਨ ਮਿਲਾਵੈ।*

ਛੇ ਸ਼ਾਸਤਰ, ਚਾਰ ਵੇਦ—ਦੱਸ, ਅਠਾਰ੍ਹਾਂ ਪੁਰਾਨ—ਅੱਠਾਈ।

ਨਾਗ—ਨਾਗਾਂ ਦੀਆਂ ਕੁਲਾਂ ਨੌ, ਵਸੂ—ਅੱਠ, ਕਰਨ ਦੋ—ਦਸ ਤੇ ਨੌ ਉਨੀ, ੧੯੨੮।

*ਅਨਕ ਦੇਸ ਬਿਪਰੈਂਚ ਸਿਧਾਵੈ।*

ਸਤਿਗੁਰੂ ਅਨੇਕਾਂ ਦੇਸਾਂ ਵਿੱਚ ਜਾਣਗੇ, ਉਸੇ ਗੁਰਿੰਡਨਾਮੇ ਵਿੱਚ ਲਿਖਿਆ ਹੈ। ਸਤਿਗੁਰੂ ਗਏ ਪ੍ਰਦੇਸ, ਕਹਿੰਦੇ ਹਨ–

*ਬੰਦਿ ਕਹੇ ਜੇਈ ਮੁਖ ਮੈਲੇ।।੪੦।।*

ਜਿਹੜੇ ਮੁਖ ਮੈਲੇ ਵਾਲੇ ਪੁਰਖ ਹਨ, ਉਹ ਕਹਿੰਦੇ ਹਨ ਕੈਦ ਕਰਕੇ ਲੈ ਗਏ ਕੂਕਿਆਂ ਦੇ ਗੁਰੂ ਨੂੰ।

ਗੁਰੂ ਤਾਂ ਸਾਰਿਆਂ ਦਾ ਸਾਂਝਾ ਹੁੰਦਾ ਹੈ, ਚਲੋ ਕੂਕਿਆਂ ਦੇ ਵੱਡੇ ਭਾਗ ਹਨ, ਜਿਨ੍ਹਾਂ ਦਾ ਗੁਰੂ ਦੇ ਨਾਲ ਨਾਮ ਲੱਗਾ ਹੈ।

*ਗੁਰੂ ਅਰਜਨ ਵਾ ਤੇਗ ਬਹਾਦਰ।*

ਸੰਤ ਜੀ ਕਹਿੰਦੇ ਹਨ ਜਿਸ ਵੇਲੇ ਗੁਰੂ ਅਰਜਨ ਦੇਵ ਨੇ ਭਾਣਾ ਵਰਤਾਇਆ, ਗੁਰੂ ਅਰਜਨ ਦੇਵ ਗਏ ਲਾਹੌਰ ਵਿੱਚ, ਤੱਤੀਆਂ ਤਵੀਆਂ ਤੇ ਬੈਠੇ—ਰੇਤ ਪਈ ਸੀਸ ਵਿੱਚ—ਦੇਗਾਂ ਵਿੱਚ ਉਬਲੇ, ਜਿਹੜੇ ਮੂਰਖ, ਅੰਨੇ ਲੋਕ ਹਨ, ਜਿਹੜੇ ਸਤਿਗੁਰੂ ਦੀ ਗਤਿ ਨੂੰ ਨਹੀਂ ਜਾਣ ਸਕਦੇ, ਗੁਰੂ ਤੇਗ ਬਹਾਦਰ ਸਾਹਿਬ—ਕਹਿੰਦੇ ਹਨ—ਔਰੰਗਜ਼ੇਬ ਨੇ ਪਕੜ ਲਏ। ਉਨ੍ਹਾਂ ਨੂੰ ਪਕੜਨ ਵਾਲਾ ਕੌਣ ਹੈ, ਜਿਹੜਾ ਸਾਰੀ ਸ੍ਰਿਸ਼ਟੀ ਨੂੰ ਛੁਡਾ ਸਕਦਾ ਹੈ। ਇਹ ਉਹਦੀ ਮੌਜ ਹੈ, ਇਹ ਉਹਦੀ ਖੇਡ ਹੈ, ਉਹ ਕੌਤਕ ਦਾ ਮਾਲਿਕ ਹੈ। ਉਹਦੀ ਜਿਸ ਤਰ੍ਹਾਂ ਰਜ਼ਾ ਹੈ ਉਹ ਆਪਣੀ ਖੇਡ ਨੂੰ ਕਰਦਾ ਹੈ।

*ਚਾਦਰ ਧਰਮ ਦੁਨੀ ਕੇ ਕਾਦਰ।*

ਦੁਨੀਆਂ ਦੇ ਰਚਣ ਵਾਲੇ, ਧਰਮ ਕੀ ਚਾਦਰ ਹਨ—ਗੁਰੂ ਤੇਗ ਬਹਾਦਰ ਸਾਹਿਬ।

*ਤਾਕੋ ਭੀ ਕਹਿਤੇ ਥੇ ਐਸੇ।*

ਉਹਨਾਂ ਨੂੰ ਲੋਕ ਕਹਿੰਦੇ ਸੀ—ਬਈ, ਕੈਦ ਹੋ ਗਿਆ ਗੁਰੂ।

*ਰਾਮ ਮ੍ਰਿਗੇਸ਼ ਗੁਰੂ ਕੋ ਜੈਸੇ।।੪੧।।*

ਜਿਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਕਹਿੰਦੇ ਹਨ।

*ਗੰਗਾ ਕੋ ਜਿਵ ਨਿਰਮਲ ਬਾਰੀ।*

ਜਿਸ ਤਰ੍ਹਾਂ ਗੰਗਾ ਦਾ ਜਲ ਹੁੰਦਾ ਹੈ—ਨਿਰਮਲ।

*ਪੀਲ ਕੋਲ ਤੈਸੇ ਗੰਗਾਰੀ।*

ਉਸ ਨਿਰਮਲ ਜਲ ਨੂੰ ਹਾਥੀ, ਸੂਰ, ਸੰਡੇ, ਝੋਟੇ ਗੰਧਾਲਦੇ ਹਨ।

*ਰਵਿ ਉਦ ਖੁਸ਼ੀ ਹੋਇ ਮਨ ਜਾਗੀ।*

ਸੂਰਜ ਚੜ੍ਹੇ ਤੋਂ ਸਾਰੀ ਸਰਿਸ਼ਟੀ ਨੂੰ ਖੁਸ਼ੀ ਹੋ ਜਾਂਦੀ ਹੈ।

*ਚਮਗਾਦੜ ਅੰਧੇ ਦੁਰਭਾਗੀ।।੪੨।।*

ਚਮਗਾਦੜ, ਉੱਲੂ, ਚਾਮਚੜਿੱਕਾਂ ਅੰਨ੍ਹੇ ਹਨ, ਦੁਰਭਾਗੀ—ਖੋਟੇ ਹਨ ਭਾਗ ਜਿਨ੍ਹਾਂ ਨੂੰ ਦਰਸ਼ਨ ਨਹੀਂ ਹੁੰਦਾ।

*ਦੋਸ ਅਰੋਪ ਨਿੰਦ ਮਰ ਜਾਹੀ।*

ਉਹ ਦੋਸ਼ ਕੱਢਦੇ ਹੀ ਮਰ ਜਾਂਦੇ ਹਨ। ਗੁਰੂ ਨਾਨਕ ਦੇਵ ਨੂੰ ਕੁਰਾਹੀਆ ਹੀ ਕਹਿੰਦੇ ਮਰ ਗਏ, ਗੁਰੂ ਗੋਬਿੰਦ ਸਿੰਘ ਜੀ ਨੂੰ ਆਖਿਆ ਇਹ ਖਪਕੀ ਹੋ ਗਿਆ, ਗੁਰੂ ਤੇਗ ਬਹਾਦਰ ਨੂੰ ਕਮਲਾ ਕਹਿੰਦੇ ਹੀ ਉਹ ਲੋਕ ਮਰ ਗਏ।

*ਇਤ ਦੁਖ ਉਤ ਨਰਕੇ ਦੁਖ ਪਾਹੀ।*

ਇੱਥੇ ਵੀ ਉਹ ਦੁਖੀ ਰਹਿੰਦੇ ਹਨ ਕਿਉਂਕਿ ਜਿਨ੍ਹਾਂ ਦਾ ਹਰ ਵੇਲੇ ਹਿਰਦਾ ਦੇਖ ਕੇ ਸੋਭਾ ਸਤਿਗੁਰੂ ਦੀ ਨਹੀਂ ਝੱਲ ਸਕਦਾ, ਸੜਦਾ ਹੈ, ਉਹ ਆਪਣੇ ਆਪ ਵਿੱਚ ਹੀ ਸੜਦੇ ਰਹਿੰਦੇ ਹਨ। ਉਧਰ ਨਰਕ ਵਿੱਚ ਪੈਂਦੇ ਹਨ—ਜਾ ਕੇ।

*ਤਿਨ ਹਿਤ ਲਿਖੀ ਨ ਲਿਖ ਹੈ ਕੋਈ।*

ਕਹਿੰਦੇ ਹਨ ਕਿ ਉਨ੍ਹਾਂ ਨਿੰਦਕਾਂ ਦੇ ਵਾਸਤੇ ਨਾ ਕਿਸੇ ਨੇ ਪਿੱਛੇ ਲਿਖੀ ਹੈ, ਨਾ ਕੋਈ ਅੱਗੇ ਲਿਖੇਗਾ।

*ਪਰੇਮੀ ਗੁਰ ਪਗ ਹਿਤ ਭਵ ਸੋਈ।।੪੩।।*

ਇਹ ਭਾਈ ਜੋ ਪ੍ਰੇਮੀ ਹਨ ਗੁਰੂ ਦੇ ਘਰ ਦੇ, ਜਿਹੜੇ ਪ੍ਰੇਮ ਕਰਦੇ ਹਨ ਗੁਰੂ ਨਾਲ ਉਨ੍ਹਾਂ ਵਾਸਤੇ ਕਥਾ ਲਿਖੀ ਹੈ।

*ਮੂੜ ਲਾਲ ਮੁਲ ਪਾਇ ਕਸੀਰੇ।*

ਮੂਰਖ ਜਿਹੜਾ ਹੈ ਉਹ ਲਾਲ ਦਾ ਮੁੱਲ ਕੌਡੀਆਂ ਪਾਉਂਦਾ ਹੈ।

*ਪਾਥਰ ਕਹੇ ਕੀਮਤੀ ਹੀਰੇ।*

ਕੀਮਤੀ ਹੀਰਿਆਂ ਨੂੰ ਉਹ ਪੱਥਰ ਹੀ ਸਮਝਦਾ ਹੈ।

*ਲਾਖ ਹਜਾਰੋਂ ਕੀਮਤ ਤਾਕੀ।*

ਉਨਾਂ ਦੀ ਕੀਮਤ ਲੱਖਾਂ ਹਜ਼ਾਰਾਂ ਹੈ।

*ਪਾਵੈ ਬੁਧ ਪਰੀਖਯਾ ਜਾਕੀ।।੪੪।।*

ਜਿਨ੍ਹਾਂ ਦੀ ਜਿਸਨੂੰ ਸਮਝ ਆਉਂਦੀ ਹੈ—ਉਹੀ ਪਰਖਦੇ ਹਨ।

## ਭਾਈ ਸੁਬੇਗ ਸਿੰਘ

ਭਾਈ ਸੁਬੇਗ ਸਿੰਘ ਦਾ ਲੜਕਾ, ਸੁਬਾਜ ਸਿੰਘ ਜਿਸਦਾ ਨਾਂ ਹੈ, ਉਹ ਲੜਕਾ ਸਕੂਲ 'ਚ ਪੜ੍ਹਦਾ ਹੈ। ਪੜ੍ਹਦਿਆਂ—ਪੜ੍ਹਦਿਆਂ, ਕਾਜ਼ੀ ਦੇ ਸਾਹਮਣੇ ਗੱਲ ਆ ਗਈ—ਕਾਜ਼ੀ ਨੇ ਆਖਿਆ,''ਸਿੱਖ ਬੁੱਤ ਪੂਜ।''

ਉਹ ਕਹਿੰਦਾ,''ਬੁੱਤ ਪੂਜ ਮੁਸਲਮਾਨ।''

ਗੱਲ ਚੱਲੀ, ਲੜਕਾ ਸੁਬਾਜ ਸਿੰਘ ਬੜਾ ਤਿਆਰ ਬਰ ਤਿਆਰ ਸੀ—–ਉਸਨੇ ਆਖਿਆ,''ਦਸ ਮੱਕਾ ਕੀ ਚੀਜ਼ ਹੈ, ਜਿਹਨੂੰ ਤੁਸੀਂ ਪੂਜਦੇ ਹੋ ?''

ਗੱਲ ਤੇ ਕੋਈ ਨਾ ਆਈ, ਜਾ ਕੇ ਕਹਿੰਦਾ—ਜ਼ਕਰੀਆ ਖਾਨ ਬਹਾਦਰ ਨੂੰ,''ਇਹ ਮੁੰਡਾ ਸੁਬਾਜ ਸਿੰਘ ਬੜਾ ਜ਼ੁਬਾਨ ਤਰਾਸ਼ ਹੈ, ਇਹਨੂੰ ਮੁਸਲਮਾਨ ਕੀਤਾ ਜਾਵੇ, ਇਹ ਬੜਾ ਕੰਮ ਦੇਵੇਗਾ ਮਜ਼੍ਹਬ ਵਾਸਤੇ।''

ਫੜ੍ਹ ਲਿਆ—ਲੜਕੇ ਨੂੰ ਲਿਆਂਦਾ। ਭਾਈ ਸੁਬੇਗ ਸਿੰਘ ਨੇ ਆਖਿਆ,''ਮੈਨੂੰ ਮੁਨਸ਼ੀਪੁਣੇ ਦਾ ਇਹੀ ਫਲ ਦੇਣ ਲੱਗਾ ਹੈਂ ?''

ਉਨ੍ਹਾਂ ਆਖਿਆ,''ਨਹੀਂ ਬਸ ਸ਼ਰ੍ਹਾ ਦਾ ਹੁਕਮ ਐਸਾ ਹੀ ਹੈ।''

ਭਾਈ ਸੁਬੇਗ ਸਿੰਘ ਕੈਦ ਕਰ ਲਿਆ, ਲੜਕੇ ਨੂੰ ਵੀ ਕੈਦ ਕਰ ਲਿਆ। ਬਹੁਤ ਤੰਗ ਕੀਤਾ। ਲੜਕੇ ਦੇ ਕੇਸ ਬੰਨ੍ਹ ਕੇ ਛੱਤ ਦੇ ਨਾਲ ਤਪਾ-ਤਪਾ ਕੇ ਲੋਹੇ ਲਗਾਏ। ਲੜਕਾ ਕਹਿੰਦਾ,''ਮੈਂ ਮੁਸਲਮਾਨ ਹੋ ਜਾਂਦਾ ਹਾਂ।''

ਸੁਬਾਜ ਸਿੰਘ ਦੇ ਮੂਹੋਂ ਇਹ ਗੱਲ ਨਿਕਲਦੀ ਹੈ। ਮੁਸਲਮਾਨਾਂ ਨੂੰ ਬੜੀ ਖੁਸ਼ੀ ਹੁੰਦੀ ਹੈ ਕਿ ਅੱਜ ਤਕ ਐਨਿਆਂ ਕਾਫਰਾਂ ਨਾਲ ਵਰਤੇ ਹਾਂ ਇਹਨਾਂ ਵਿੱਚੋਂ ਇੱਕ ਨੇ ਵੀ ਅੱਜ ਤਕ ਨਹੀਂ ਸੀ ਈਨ ਮੰਨੀ। ਸ਼ੁਕਰ ਹੈ ਜੇ ਕੋਈ ਕਹਿੰਦਾ ਹੈ। ਸੱਦ ਲਿਆ—ਲੜਕੇ ਨੂੰ ਲਿਆਂਦਾ—ਲੜਕੇ ਨੂੰ, ਲਿਆਕੇ ਬਹਾ ਕੇ—ਭਾਈ ਸੁਬੇਗ ਸਿੰਘ ਨੂੰ ਉਧਰੋਂ ਹਵਾਲਾਤ ਵਿੱਚੋਂ ਬੁਲਾ ਕੇ, ਕਹਿੰਦੇ ਹਨ,''ਤੇਰਾ ਮੁੰਡਾ ਤੇ ਮੰਨ ਗਿਆ ਹੈ ਮੁਸਲਮਾਨ ਹੋਣਾ, ਤੂੰ ਵੀ ਮੰਨ ਜਾ।''

ਉਹ ਕਹਿੰਦਾ,''ਮੇਰੇ ਸਾਹਮਣੇ ਤਾਂ ਕਰੋ।''

ਜਦੋਂ ਕੋਲ ਲਿਆ ਕੇ ਬਹਾਇਆ ਤਾਂ ਭਾਈ ਸਾਹਿਬ ਨੇ—ਭਾਈ ਉਹ ਸਤਿਗੁਰੂ ਦੇ ਸਿੱਖ ਸੇ, ਹੁਣ ਵੀ ਜੇ ਕੋਈ ਸਤਿਗੁਰੂ ਦੀ ਸਿੱਖਿਆ ਧਾਰੇ —ਜੇ ਕੋਈ ਨਾਮ ਜਪੇ—ਜੇ ਕੋਈ ਬਾਣੀ ਪੜ੍ਹੇ, ਫਿਰ ਸਤਿਗੁਰਾਂ ਦੇ ਬਚਨ ਤੇ ਅਮਲ ਕਰੇ—ਬੁਰਾ ਕੰਮ ਕੋਈ ਨਾ ਕਰੇ—ਉਸਨੂੰ ਅੱਜ ਵੀ ਸਤਿਗੁਰੂ ਦਰਸ਼ਨ ਦੇ ਕੇ ਸਭ ਕੁਝ ਦੱਸਦੇ ਹਨ। ਇਹ ਕੋਈ ਚੋਰੀ ਦੀ ਗੱਲ ਨਹੀਂ। ਸੁਬੇਗ ਸਿੰਘ ਹੁਰਾਂ ਨੇ ਕੀ ਦੇਖਿਆ, ਭਾਈ ਗਿਆਨ ਸਿੰਘ ਜੀ ਗਿਆਨੀ ਲਿਖਦੇ ਹਨ-

*ਤੁਰਕ ਹੋਣ ਕੀ ਰੇਖ ਤਾਂਹਿ ਕੇ ਮਾਥੇ ਦੇਖੀ।*
*ਧਰਿ ਸਤਿਗੁਰੂ ਕੋ ਧਿਆਨ ਕਾਮ ਯਹਿ ਕੀਨ ਵਿਸੇਖੀ।*

*-ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ-੨੨੫੩*

ਦੇਖਿਆ ਕਿ ਮੇਰੇ ਲੜਕੇ ਦੇ ਮੱਥੇ ਵਿੱਚ ਲਿਖਿਆ ਹੈ ਕਿ ਇਹਨੇ

ਤੁਰਕ ਹੋਣਾ ਹੈ। ਸਤਿਗੁਰਾਂ ਦਾ ਧਿਆਨ ਕੀਤਾ–

*ਸਤਿਨਾਮ ਕਹਿ ਰੇਤ ਜਰਾ ਤਾਂ ਕੇ ਮੁਖਿ ਪਾਇਓ।*

ਚਾਰ ਅੱਖਰ ਦਾ ਨਾਮ ਲੈ ਕੇ, ਰੇਤਾ ਲੈ ਕੇ ਥੋੜਾ ਜਿਹਾ ਮੂੰਹ ਵਿਚ ਪਾਇਆ, ਆਪਣੇ ਸੱਜੇ ਚਰਨ ਦਾ ਅੰਗੂਠਾ ਚੁੱਕ ਕੇ ਉਹਦੇ ਮੱਥੇ ਨੂੰ ਛੁਹਾ ਦਿੱਤਾ। ਗਿਆਨ ਸਿੰਘ ਜੀ ਗਿਆਨੀ ਲਿਖਦੇ ਹਨ–

*ਮੇਖ ਰੇਖ ਮੈਂ ਮਾਰਿ ਬਾਲ ਕੀ ਬੁਧਿ ਫਿਰਾਈ।*
*ਮੈਂ ਨਹਿ ਬਨਹੋਂ ਤੁਰਕ ਜਾਨ ਬੇਸ਼ਕ ਮਮ ਜਾਈ।*

*-ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ-੨੨੫੩*

ਲੜਕਾ ਕਹਿੰਦਾ,''ਮੇਰੀ ਜਾਨ ਨਿਕਲ ਜਾਏ ਬੇਸ਼ਕ, ਮੈਂ ਨਹੀਂ ਤੁਰਕ ਬਣਾਂਗਾ।'' ਬਥੇਰਾ ਫਿਰ ਜੋਰ ਲਾ ਰਹੇ।

ਉਹ, ਖਾਨ ਬਹਾਦਰ ਕਹਿੰਦਾ ਹੈ,''ਉਏ ਕੀ ਗੱਲ ਸੁਬੇਗ ਸਿੰਘਾ ?''

ਕਹਿੰਦਾ,''ਇਹਦੇ ਮੱਥੇ ਵਿੱਚ ਲਿਖਿਆ ਸੀ ਤੁਰਕ ਹੋਣਾ, ਗੁਰੂ ਦੇ ਹੁਕਮ ਨਾਲ ਮੈਂ ਮੇਟਿਆ ਹੈ।'' ਸੋ ਭਾਈ, ਸਤਿਗੁਰੂ ਦੇ ਸਿੱਖ ਦੇ ਚਰਨਾਂ ਵਿੱਚ ਇਹ ਤਾਕਤ ਹੈ—ਰੇਖ ਵਿੱਚ ਮੇਖ ਮਾਰਦਾ ਹੈ।

**ਜੋ ਦੀਸੈ ਗੁਰ ਸਿਖੜਾ**
**ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।।**

*-ਸੂਹੀ ਮ:੫, ਪੰਨਾ-੭੬੩*

ਭਾਈ ਗੁਰਦਾਸ ਜੀ ਕਹਿੰਦੇ ਹਨ–

*ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਇਆ।*

*–ਵਾਰ ੧, ਪਉੜੀ ੨੩*

ਉਹ ਲੜਕੇ ਦੇ—ਚਰਨ ਲੱਗਿਆਂ ਸਿੱਖ ਦਾ—ਮੱਥੇ ਵਿੱਚ, ਰੇਖ ਦੇ ਵਿੱਚ ਮੇਖ ਮਾਰੀ।

ਉਹ ਕਹਿੰਦਾ,''ਮੈਂ ਨਹੀਂ ਤੇਰੀ ਗੱਲ ਮੰਨਦਾ।''

*ਤਬ ਨਾਜ਼ਮ ਨੇ ਤੁਰਤ ਏਕ ਘੋੜੀ ਮੰਗਵਾਈ।*

ਗੱਭਣ ਘੋੜੀ ਮੰਗਵਾ ਕੇ ਕਹਿੰਦਾ ਹੈ,''ਇਸ ਘੋੜੀ ਕੇ ਪੇਟ ਮੇਂ ਬਛੇਰਾ ਹੈ—ਕਿ ਬਛੇਰੀ ਹੈ ?''

ਭਾਈ ਜੀ ਕਹਿੰਦੇ ਹਨ–

*ਨਰ ਖਚਰਾ ਹੈ ਪੇਟ ਮਾਂਹਿ, ਜਿਸ ਕੇ ਰੰਗ ਕਾਲਾ।*
*ਮਾਥਾ ਪਾਊਂ ਸਫੈਦ ਪੇਟ ਪਰ ਲਸਨ ਬਿਸਾਲਾ।*

*–ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ–੨੨੪੮*

ਇਹਦੇ ਪੇਟ 'ਚ ਨਾ ਬਛੇਰਾ ਹੈ, ਨਾ ਬਛੇਰੀ ਹੈ–ਇਹਦੇ ਪੇਟ ਵਿੱਚ ਖਚਰਾ ਹੈ ਔਰ ਉਹ ਨਰ ਹੈ, ਮਦੀਨ ਨਹੀਂ। ਉਸਦੇ ਚਾਰੇ ਪੈਰ ਚਿੱਟੇ ਹਨ, ਰੰਗ ਕਾਲਾ; ਹੈ ਪੇਟ ਉੱਤੇ ਲਸਨ ਹੈ। ਉਹਨਾਂ ਜ਼ਾਲਮਾਂ ਨੂੰ ਕੀ ਫ਼ਿਕਰ ਸੀ।

*ਤਬ ਨਾਜਮ ਨੇ ਤੁਰਤ ਪੇਟ ਘੋੜੀ ਚਿਰਵਾਇਯੋ।*
*ਨਿਕਸੀਯੋ ਖਚਰ ਵੈਸ, ਜੈਸ ਬਿਧਿ ਸਿੰਘ ਅਲਾਇਓ।*

*–ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ–੨੨੪੮*

ਨਾਜਮ ਨੇ ਘੋੜੀ ਦਾ ਪੇਟ ਚਿਰਵਾਇਆ, ਜਿਸ ਤਰ੍ਹਾਂ ਦਾ ਖੱਚਰ ਦੱਸਿਆ ਸੀ ਉਸੇ ਤਰ੍ਹਾਂ ਦਾ ਖੱਚਰ ਪੇਟ ਵਿਚੋਂ ਨਿਕਲਿਆ। ਜਦੋਂ ਮੱਤ ਮਾਰੀ ਜਾਏ,''ਵਿਨਾਸ਼ਕਾਲੇ ਵਿਪਰੀਤ ਬੁੱਧੀ।''

ਫਿਰ ਕਹਿੰਦਾ ਹੈ,''ਅੱਛਾ ਭਾਈ ਜੇ ਇਹ ਗੱਲ ਹੈ ਤਾਂ ਸੁਬੇਗ ਸਿੰਘਾ, ਤੂੰ ਮੈਨੂੰ ਦੱਸ ਮੈਂ ਕਿਸ ਤਰ੍ਹਾਂ ਮਰਨਾ ਹੈ ?''

*ਦਿਨ ਪੈਂਤੀ ਕੇ ਬੀਚ ਲੇਹੁ ਕਰਿ ਜੋ ਕੁਛ ਕਰਨਾ।*
*ਸਿੰਘ ਜੀ ਕਹਯੋ ਸੁਨਾਇ ਸੂਲ ਸੋਂ ਹੈ ਤੈਂ ਮਰਨਾ।*

*–ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ–੨੨੫੫*

ਸਿੰਘ ਨੇ ਕਿਹਾ,''ਜਿਹੜਾ ਤੇਰੇ ਕੋਲੋਂ ਜ਼ੋਰ ਲੱਗਦਾ ਹੈ–ਲਾ ਲੈ–ਜਾ ਪਿਸ਼ਾਬ ਬੰਦ ਹੋਵੇਗਾ ਤੇਰਾ–ਤੂੰ ਪੈਂਤੀਆਂ ਦਿਨਾਂ ਦੇ ਅੰਦਰ–ਅੰਦਰ ਮਰੇਂਗਾ।''

ਉੱਧਰੋਂ ਭਾਈ ਤਾਰੂ ਸਿੰਘ ਹੁਰਾਂ ਨੂੰ ਫੜ ਲਿਆਂਦਾ–ਕਿਉਂ ?

*ਪੂਲਾ ਨਾਮ ਗ੍ਰਾਮ ਏਕ ਮਾਝੇ ਮੈਂ ਪਛਾਨੇ ਆਮ*
*ਤਹਾਂ ਰਚਿ ਧਾਮ ਤਾਰੂ ਸਿੰਘ ਸੋ ਰਹਾਵਤੋ।*

*–ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ–੨੨੫੯*

ਤਾਰੂ ਸਿੰਘ ਜੀ ਜਵਾਨ ਉਮਰ ਦੇ ਲੜਕੇ ਹੈਨ। ਸਤ੍ਹਾਰਾਂ ਅਠਾਰਾਂ ਸਾਲ ਉਮਰ ਹੈ। ਇੱਕ ਮਾਈ ਹੈ, ਇੱਕ ਭੈਣ ਹੈ। ਕਰਨਾ ਕੀ—ਕਿਰਤ ਕਮਾਈ ਕਰਨੀ। ਆਪ ਤਾਂ ਦਾਣੇ ਚੱਬਣੇ, ਜੋ ਕੁਝ ਘਰ ਹੋਵੇ, ਉਹ ਸਿੱਖ ਜਿੱਥੇ ਰਹਿਣ ਬਾਹਰ ਚੋਰੀ ਉਨ੍ਹਾਂ ਨੂੰ ਪਹੁੰਚਾਉਣਾ। ਨਵਾਬ ਕੋਲ ਇਹ ਗੱਲ ਚਲੀ ਗਈ। ਤਾਰੂ ਸਿੰਘ ਤਾਂ ਇੱਕ ਸੋਮਾ ਬਣਿਆ ਹੋਇਆ ਹੈ, ਜਿਹੜਾ ਸਿੱਖਾਂ ਨੂੰ ਰਸਦ ਪਹੁੰਚਾਉਂਦਾ ਹੈ। ਫੜ ਕੇ ਮੰਗਵਾ ਲਿਆ—ਆ ਕੇ ਫਤਹਿ ਬੁਲਾਈ। ਜਦੋਂ ਫਤਹਿ ਬੁਲਾਈ ਉਹ ਕਹਿੰਦਾ,''ਓਏ ਸਿੱਖੜਿਆ, ਤੂੰ ਸਲਾਮ ਨਹੀਂ ਕੀਤੀ, ਮੈਂ ਤੇਰੇ ਸਿਰ ਦੇ ਵਾਲ ਜੁੱਤੀਆਂ ਨਾਲ ਉਡਾ ਦਿਆਂਗਾ।''

ਤਾਰੂ ਸਿੰਘ ਕਹਿੰਦੇ ਨੇ,''ਓਏ ਇਨ੍ਹਾਂ ਵਿੱਚ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪਿਆ ਹੋਇਆ ਹੈ, ਇਹਨਾਂ ਨੂੰ ਨਹੀਂ ਕੋਈ ਚੀਜ਼ ਲਾਹ ਸਕਦੀ —ਸਿਰ ਦੇ ਨਾਲੋਂ।''

ਕਹਿੰਦਾ,''ਮੈਂ ਹੁਣੇ ਵੇਖ ਲੈਨਾਂ ਤੇਰਾ ਗੁਰੂ ਗੋਬਿੰਦ ਸਿੰਘ।''

ਮੰਗਾਏ ਉਸਤਰੇ, ਕੈਂਚੀਆਂ, ਨੇੜੇ ਨਹੀਂ ਸਿੰਘ ਦੇ ਸਿਰ ਦੋ ਛੋਹੇ, ਰੰਬੀਆਂ ਲਾਈਆਂ—ਨਹੀਂ ਛੋਹੀਆਂ। ਹੁਣ ਜਦੋਂ ਅਸੀਂ ਆਪ ਹੀ ਦਾੜ੍ਹੀਆਂ ਉਡਾਈਏ, ਵਿਚੋਂ ਲਾਹ ਲਈਏ, ਬਗਲਾਂ ਉਹ ਪਾੜ ਲਈਏ, ਹੇਠੋਂ ਵਾਲ ਲਾਹ ਦੇਈਏ, ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਨੂੰ ਕੀ ਜਾਣੀਏ, ਫਿਰ ਸਾਡੇ ਕਿਉਂ ਨਾ ਲਹਿਣ ਭਾਈ।

*ਜਾ ਕੋ ਰਾਖੈ ਸਾਂਵਰਾ ਮਾਰ ਨ ਸਾਕੈ ਕੋਇ।*
*ਵਾਲ ਨ ਬਾਂਕਾ ਕਰ ਸਕੇ ਭਾਵੇਂ ਸਭ ਜਗ ਵੈਰੀ ਹੋਇ।*

ਉਹਦੇ ਵਾਲ ਨੂੰ ਵਿੰਗਾ ਨਹੀਂ ਕੋਈ ਕਰ ਸਕਦਾ ਜਿਹੜੇ ਹਵਾ ਨਾਲ ਵੀ ਮੁੜ ਜਾਂਦੇ ਹਨ ਪਰ ਜਿਹੜਾ ਸਤਿਗੁਰ ਤੇ ਸ਼ਰਧਾ ਰੱਖੇ। ਭਾਈ ਤਾਰੂ ਸਿੰਘ ਜੀ ਦੇ ਰੰਬੀਆਂ ਨਾਲ ਵੀ ਨਹੀਂ ਕੇਸ ਲੱਥੇ—ਖੋਪੜੀ ਲਹਿ ਗਈ। ਸਿੰਘ ਗੁਰੂ ਦਾ ਬੈਠਾ ਹੈ, ਕਹਿੰਦਾ ਹੈ,''ਇਸ ਨੂੰ ਅੱਗੇ ਲਾ ਕੇ ਲੈ ਜਾਣਾ ਹੈ—ਤੁਰਕੜੇ ਨੂੰ।'' ਜਿੱਥੇ ਸ਼ਹੀਦ ਗੰਜ, ਭਾਈ ਤਾਰੂ ਸਿੰਘ ਜੀ ਦਾ ਸੀ ਹੁਣ ਤੇ ਸਤਿਗੁਰੂ ਦੀ ਰਜ਼ਾ ਐਸੀ ਹੈ—ਸਾਡੀ ਕਿਸਮਤ ਐਸੀ ਹੈ—ਸਾਡੇ

ਕਰਮ ਐਸੇ ਹਨ—ਸਾਡੇ ਗੁਰਦੁਆਰੇ ਸਾਥੋਂ ਗਏ, ਜਿੱਥੇ ਅਸੀਂ ਜਾ ਕੇ ਦਰਸ਼ਨ ਨਹੀਂ ਕਰ ਸਕਦੇ।

ਲੱਗਾ ਪਿਸ਼ਾਬ ਬੰਦ ਹੋਣ। ਸਿੱਖ ਕੈਸੀ ਚੀਜ਼ ਹੈ। ਉਹਦੇ ਪੁੱਤਰ ਨੂੰ ਮਾਰਿਆ ਹੈ, ਸੁਬੇਗ ਸਿੰਘ ਨੂੰ ਕੈਦ ਕੀਤਾ ਹੋਇਆ ਹੈ। ਜਦੋਂ ਪਿਸ਼ਾਬ ਬੰਦ ਹੋਇਆ—ਸੱਦੋ ਭਾਈ ਸੁਬੇਗ ਸਿੰਘ ਨੂੰ। ਸੱਦ ਕੇ ਕਹਿੰਦਾ ਹੈ,''ਜਾਓ ਪੰਥ ਦੇ ਕੋਲ ਜਾ ਕੇ ਅਰਜ ਕਰੋ ਮੇਰਾ ਪਿਸ਼ਾਬ ਖੁੱਲ੍ਹੇ।''

*ਜਿਸ ਖੇਤੀ ਕੋ ਪਾਣੀ ਮਾਰਤ ਹਰੀ ਕਰਤ ਸੋਈ ਫਿਰ ਪਾਲਤ।*

ਭਾਈ ਸੁਬੇਗ ਸਿੰਘ ਨੇ ਫਿਰ ਕੋਈ ਗੁੱਸਾ ਨਹੀਂ ਰੱਖਿਆ ਗੁਰੂ, ਪੰਥ ਦੇ ਕੋਲ ਇਹ ਮੰਗ ਮੰਗਣ ਵਾਸਤੇ। ਫਿਰ ਭਾਈ ਸੁਬੇਗ ਸਿੰਘ ਜੀ ਜਾਂਦੇ ਹਨ, ਖਿਲੱਤ ਦਿੰਦਾ ਹੈ, ਨਾਲ ਰੁਪਇਆ ਦਿੰਦਾ ਹੈ, ਜਿਸ ਵੇਲੇ ਜਾ ਕੇ ਪੰਥ ਦੇ ਕੋਲ—ਬਾਹਰ ਜੰਗਲਾਂ ਵਿੱਚ ਬੈਠਿਆਂ ਝਾੜੀਆਂ ਵਿੱਚ ਮਿਲੇ— ਕਹਿੰਦੇ ਨੇ,''ਸੱਤ ਮੁੱਠਾਂ ਉਹਦੇ ਸਿਰ ਵਿੱਚ ਸੁਆਹ ਦੀਆਂ, ਉਹ ਤੂੰ ਭਾਈ ਸੁਬੇਗ ਸਿੰਘਾ ਆਇਆ ਹੀ ਕਿਉਂ ਹੈਂ ?''

ਕਹਿੰਦਾ ਹੈ,''ਸਾਧ—ਸੰਗਤ ਜੀ, ਖਿਮਾ ਕਰਨਾ—ਤੁਹਾਡੇ ਦਰ ਤੇ ਆਇਆ, ਜੇ ਉਹਨੂੰ ਕੁਛ ਵੀ ਖੈਰ ਥੋੜਾ ਬਹੁਤਾ ਨਾ ਪਵੇ ਤਾਂ ਪੰਥ ਦੀ ਲਾਜ ਨਹੀਂ ਰਹਿੰਦੀ।''

ਸਾਧ—ਸੰਗਤ ਨੇ ਆਖਿਆ,''ਜਾਓ ਫਿਰ ਤਾਰੂ ਸਿੰਘ ਦੇ ਚਰਨਾਂ ਦਾ ਹੋਵੇ ਜੋੜਾ, ਉਹਦੇ ਸਿਰ ਵਿੱਚ ਮਾਰੋ ਜਾਕੇ, ਪਿਸ਼ਾਬ ਆ ਜਾਵੇਗਾ।''

ਉਥੇ ਗਏ, ਤਾਰੂ ਸਿੰਘ ਹੁਰਾਂ ਦਾ ਜੋੜਾ, ਜਿਸ ਵੇਲੇ ਜਾ ਕੇ ਉਹਦੇ ਸਿਰ ਵਿੱਚ ਛਿੱਤਰ ਮਾਰੇ—ਪਿਸ਼ਾਬ ਆ ਗਿਆ, ਫਿਰ ਰੁਕ ਗਿਆ ਕਿਉਂਕਿ ਮਰਨਾ ਤਾਂ ਉਹਨੇ ਸੀ। ਉਹਨਾਂ (ਸਾਧ—ਸੰਗਤ) ਆਖਿਆ ਸੀ,''ਇੱਕ ਵੇਰੀ ਬਚਨ ਪੂਰਾ ਹੋ ਜਾਵੇਗਾ।'' ਫਿਰ ਜਿੰਨਾ ਜ਼ੋਰ ਦੀ ਛਿੱਤਰ ਮਾਰਦੇ ਹਨ, ਓਨੇਂ ਜ਼ਿਆਦਾ ਤੁਪਕੇ ਡਿੱਗਦੇ ਹਨ। ਉਹ ਪਿਸ਼ਾਬ ਬੰਦ ਹੋ ਕੇ ਪੈਂਤੀਵੇਂ ਦਿਨ ਅੱਗੇ ਉਹ ਗਿਆ ਤੇ ਪਿੱਛੇ ਭਾਈ ਤਾਰੂ ਸਿੰਘ ਜੀ ਗਏ। ਸਿੱਖ ਰੇਖ ਵਿੱਚ ਮੇਖ ਮਾਰਨ ਵਾਲੇ ਹਨ।

ਸੰਤ ਜੀ ਕਹਿੰਦੇ ਹਨ,''ਸੰਤ ਗੁਰੂ ਰੇਖ ਵਿੱਚ ਮੇਖ ਮਾਰ ਸਕਦੇ ਹਨ,

ਸਾਡਾ ਰੋਗ ਨਹੀਂ ਬੰਦ ਹੁੰਦਾ।''

## ਦਾਰੂ ਨਾਮ

*ਕਿਸੂ ਨਾ ਔਖਧ ਅਯੋ ਅਰਾਮ।*
ਕੋਈ ਦਵਾਈ ਨੇ ਫਾਇਦਾ ਨਾ ਕੀਤਾ।
**ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ।।**
**ਓਥੈ ਸਤਿਗੁਰੂ ਬੇਲੀ ਹੋਵੈ ਕਢਿ ਲਏ ਅੰਤੀਵਾਰ।।**

*–ਮਲਾਰ ਮ:੩, ਪੰਨਾ–੧੨੮੧*

*ਯਾਦ ਆਇਓ ਮੁਹਿ ਦਾਰੂ ਨਾਮ।।੪੮।।*
ਸੰਤ ਜੀ ਕਹਿੰਦੇ ਹਨ, ਮੈਨੂੰ ਯਾਦ ਕੀ ਆਇਆ—
**ਅਵਰਿ ਉਪਾਵ ਸਭਿ ਤਿਆਗਿਆ,**
—ਬਿਲਾਵਲ ਰਾਗੁ ਵਿੱਚ ਗੁਰੂ ਸਾਹਿਬ ਕਹਿੰਦੇ ਹਨ–
**ਦਾਰੂ ਨਾਮ ਲਇਆ।।**
**ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ।।**

*–ਬਿਲਾਵਲ ਮ:੫, ਪੰਨਾ–੮੧੭*

ਕਹਿੰਦੇ ਹਨ ਨਾਮ ਦਾਰੂ ਯਾਦ ਆਇਆ–
*ਲਗਯੋ ਰਟਨ ਗੁਰ ਸ਼ਬਦ ਨਿਰੰਤਰ।*
ਕਹਿੰਦੇ ਮੈਂ ਲੱਗਾ ਨਾਮ ਜਪਣ।
*ਜਾਂ ਸਮ ਤੰਤ ਮੰਤ ਨਹੀਂ ਜੰਤਰ।*

ਜਿਹਦੇ ਮੁਕਾਬਲੇ ਵਿੱਚ ਕੋਈ ਤੰਤਰ–ਮੰਤਰ–ਜੰਤਰ ਕੋਈ ਨਹੀਂ। ਮੈਂ ਕੱਲ ਅਰਜ਼ ਕੀਤੀ ਤੁਹਾਡੇ ਕੋਲ ਕਿ ਪਰਸੋਂ ਭੂਤਨਿਆਂ ਵਾਲਾ ਮਾਰ ਸੁੱਟਿਆ।

*ਤਬ ਗੁਰੂ ਰਾਮ ਸਿੰਘ ਹਰਿ ਨਾਥ।*

ਸੰਤ ਜੀ ਕਹਿੰਦੇ ਹਨ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਅਕਾਲ ਪੁਰਖ–

*ਦੈ ਦਿਰਸਟਾਂਤ ਸਿੰਘ ਕਿਛ ਸਾਥ।।੪੯।।*

ਦ੍ਰਿਸ਼ਟਾਂਤ ਦਿੱਤਾ ਕੁਛ ਸਿੰਘ ਹਨ—ਨਾਲ।

*ਆਦਿ ਗ੍ਰੰਥ ਕੋ ਭੋਗ ਪਵਾਓ।*

ਹੁਕਮ ਦਿੱਤਾ ਕਿ ਭਾਈ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਭੋਗ ਪੁਆਉ।

*ਅਹਿਨਿਸ ਸੇਵਾ ਸੰਤ ਕਮਾਉ।*

ਰਾਤ ਦਿਨ ਸੰਤਾਂ ਦੀ ਸਾਧਾਂ ਦੀ ਸੇਵਾ ਕਰੋ।

*ਸੁਖੀ ਸ੍ਰੀਰ ਹੋਇ ਤੁਵ ਭਾਈ।*

ਤੇਰਾ ਸਰੀਰ ਭਾਈ ਸੁਖੀ ਹੋ ਜਾਵੇਗਾ।

*ਕਰਹੋ ਨਿਸਚੈ ਜੋ ਹਮ ਗਾਈ।।੫੦।।*

ਕੋ ਕੁਛ ਅਸੀਂ ਆਖਿਆ ਹੈ, ਨਿਸਚੈ ਕਰ—ਯਾਦ ਰੱਖ।

*ਤੀਨ ਲੋਕ ਮੈਂ ਕਠਿਨ ਨ ਕੋਈ।*

ਤਿੰਨਾਂ ਲੋਕਾਂ ਵਿੱਚ ਕੋਈ ਚੀਜ਼ ਉਹ ਨਹੀਂ ਜਿਹੜੀ ਅੜੇ।

*ਸਾਧ ਸੇਵ ਤੇ ਮਿਲੇ ਨ ਜੋਈ।*

ਜੋ ਸੰਤਾਂ ਦੀ ਸੇਵਾ ਤੋਂ ਨਾ ਮਿਲੇ।

*ਸਿੰਘ ਗੁਰੂ ਕੇ ਪੂਰਨ ਸਾਧ।*

ਸਤਿਗੁਰੂ ਦੇ ਜਿਹੜੇ ਸਿੰਘ ਹਨ—ਪੂਰਨ ਸਾਧੂ ਹਨ।

*ਮੇਟੈਂ ਆਦਿ ਬਿਆਧਿ ਉਪਾਧਿ।।੫੨।।*

ਉਹ ਤਿੰਨੇ ਹੀ ਤਾਪ ਦੂਰ ਕਰ ਦਿੰਦੇ ਹਨ, ਮਨ ਦੇ ਵੀ, ਤਨ ਦੇ ਵੀ।

*ਮੈ ਬੰਦਨ ਕਰ ਵੈਸੇ ਕੀਨੋ।*

ਕਹਿੰਦੇ ਹਨ ਨਮਸਕਾਰ ਕੀਤੀ, ਉਠਿਆ, ਪਾਠ ਕਰਾਇਆ।

*ਸੂਖ ਭਇਓ ਮਿਟਿਓ ਦੁਖ ਪੀਨੋ।*

ਉਹ ਜਿਹੜਾ ਪੀਨਾ ਦੁੱਖ ਸੀ ਸਰੀਰ ਦਾ ਮਿਟ ਗਿਆ। ਮੈਂ ਦੇਖਿਐ ਸੰਤਾਂ ਦੀ ਲੱਤ ਵਿੱਚ ਕਿੰਨੀ ਸਾਰੀ ਖੋਡ ਸੀ, ਥੋੜੀ ਲੱਤ ਲੰਙਾ ਕੇ ਤੁਰਦੇ ਸੀ, ਨਿਸ਼ਾਨ ਰਹਿ ਗਿਆ ਸੀ, ਕੋਈ ਦੁੱਖ ਨਹੀਂ ਸੀ ਰਿਹਾ।

*ਸਿਦਕ ਬਢਾ ਮਨ ਮਾਹਿ ਵੀਚਾਰੀ*

ਸਿਦਕ ਵਧਿਆ ਮਨ ਵਿਚ ਸੋਚਿਆ।

*ਗੁਰ ਕੀ ਉਪਮਾ ਕਰੋਂ ਉਚਾਰੀ।।੫੨।।*

ਸਤਿਗੁਰੂ ਦੀ ਮੈਂ ਉਪਮਾ ਉਚਾਰਨ ਕਰਾਂ।

## ਸਤਿਗੁਰੂ ਤਨ ਮਨ ਧਨ ਦਾ ਦੁੱਖ ਦੂਰ ਕਰਦਾ ਹੈ

*ਤਨ ਕੋ ਦੁਖ ਮਨ ਧਨ ਕੋ ਟਾਰਾ।*

ਤਨ ਦਾ ਵੀ—ਮਨ ਦਾ ਵੀ—ਧਨ ਦਾ ਵੀ ਦੁੱਖ ਦੂਰ ਕਰ ਦਿੱਤਾ। ਧਨ ਦਾ ਦੁੱਖ ਕਿਸ ਤਰ੍ਹਾਂ ਦੂਰ ਹੁੰਦਾ ਉਨ੍ਹਾਂ ਦਾ, ਉਨ੍ਹਾਂ ਨੂੰ ਕਦੇ ਸ਼ੰਕਾ ਹੀ ਨਹੀਂ ਹੁੰਦੀ ਬਈ ਸਾਡੇ ਕੋਲ ਕੀ ਕੁਛ ਹੈ ਜਾਂ ਸਾਨੂੰ ਖਾਣ ਨੂੰ ਕਿੱਥੋਂ ਮਿਲੇਗਾ ਜਾਂ ਸਾਡੇ ਘਰ ਕੁਛ ਨਹੀਂ ਰਿਹਾ, ਉਨ੍ਹਾਂ ਨੂੰ ਇਹ ਚਿੰਤਾ ਹੀ ਨਹੀਂ—ਧਨ ਦਾ ਦੁੱਖ ਉਨ੍ਹਾਂ ਦਾ ਇਹ ਮਿਟ ਗਿਆ। ਤਨ ਦਾ ਇਉਂ ਮਿਟਾ ਦਿੱਤਾ—ਮਨ ਨੂੰ ਦੁੱਖ ਹੀ ਨਹੀਂ ਕੋਈ ਰਹਿ ਜਾਂਦਾ, ਜਦੋਂ ਧਨ ਦੀ ਲਾਲਸਾ ਨਾ ਰਹੇ, ਕਿਸੇ ਚੀਜ਼ ਦੀ ਇੱਛਾ ਨਹੀਂ ਰਹਿੰਦੀ। ਸਤਿਗੁਰੂ ਨੂੰ ਮਿਲਿਆਂ ਸੰਤੋਖ ਪ੍ਰਾਪਤ ਹੋ ਜਾਂਦਾ ਹੈ–ਬਈ, ਜੋ ਸਤਿਗੁਰੂ ਕਰਦਾ ਹੈ, ਉਹ ਠੀਕ ਹੀ ਕਰਦਾ ਹੈ। ਫਿਰ ਤਨ ਨੂੰ ਵੀ ਦੁੱਖ ਨਹੀਂ, ਮਨ ਨੂੰ ਵੀ ਦੁੱਖ ਨਹੀਂ, ਧਨ ਦਾ ਦੁੱਖ ਰਹਿੰਦਾ ਹੀ ਨਹੀਂ।

*ਜਿਨ ਪ੍ਰਭ ਕੀਓ ਐਡ ਉਪਕਾਰਾ।*

ਜਿਸ ਸਤਿਗੁਰੂ ਨੇ ਏਡਾ ਉਪਕਾਰ ਕੀਤਾ ਹੈ।

*ਉਚਿਤ ਹੈ ਤਿਸ ਕੋ ਜਸ ਭਾਈ।*

ਭਾਈ, ਮੇਰੇ ਚਿਤ ਵਿੱਚ ਆਇਆ ਹੈ ਮੈਂ ਕਿਸ ਤਰ੍ਹਾਂ ਸਤਿਗੁਰਾਂ ਦਾ ਜਸ ਲਿਖਣ ਲੱਗਾ ਹਾਂ ਕਿ ਉਨਾਂ ਦਾ ਜਸ ਕਰਨਾ ਯੋਗ ਹੈ।

*ਦੁਇ ਲੋਕਨ ਜੋ ਹੋਤ ਸਹਾਈ।।੫੩।।*

ਜੋ ਐਸ ਲੋਕ ਵਿੱਚ ਵੀ ਸਹਾਇਤਾ ਕਰਦੇ ਹਨ ਅਗਲੇ ਵਿੱਚ ਵੀ ਸਹਾਇਤਾ ਕਰਦੇ ਹਨ।

**ਨਾਨਕ ਕਚੜਿਆ ਸਿਉ ਤੋੜਿ**
**ਢੂਢਿ ਸਜਣ ਸੰਤ ਪਕਿਆ।।**
**ਓਇ ਜੀਵੰਦੇ[੨੪] ਵਿਛੁੜਹਿ**
**ਓਇ ਮੁਇਆ ਨ ਜਾਹੀ ਛੋੜਿ।।੧।।**

–ਪੰਨਾ–੧੧੦੨

ਐਥੇ ਕਿਸੇ ਰਿਸ਼ਤੇ ਤੋਂ ਰੌਲਾ ਪੈ ਜਾਏ, ਕਿਸੇ ਚੌਂਹ ਪੈਸਿਆਂ ਤੋਂ ਰੌਲਾ ਪੈ ਜਾਏ, ਕਿਸੇ ਨਾਲ ਜਰਾ ਕੁ ਗੱਲ ਅੜ ਜਾਏ—ਉਦੋਂ ਹੀ ਛੱਡ ਦਿੰਦੇ ਹਨ—ਘਰ ਦੇ ਛੱਡ ਦਿੰਦੇ ਹਨ। ਗੁਰੂ ਸਾਹਿਬ ਕਹਿੰਦੇ ਹਨ-

**ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ।।**

*-ਮ: ੫-ਪੰਨਾ-੯੫੯*

ਇਹ ਮਨਮੁਖ ਹਨ ਜਿਹਨਾਂ ਨੇ ਮਨ ਨੂੰ ਮੁਖ ਮੰਨਿਆ ਹੈ, ਜੋ ਮਨ ਚਾਹੁੰਦਾ ਹੈ ਉਹੋ ਕੁਛ ਕਰਦੇ ਹਨ। ਤਮਾਸ਼ੇ ਦੇਖੋ—ਰੰਗ ਦੇਖੋ—ਪੈਸੇ ਬਹੁਤੇ ਰਖੋ—ਇੱਜ਼ਤ ਬਹੁਤੀ ਵਧਾਓ—ਬਹੁਤੀਆਂ ਕਰਨੀਆਂ ਲੋਕਾਂ ਵਿੱਚ ਕਰਕੇ ਵਿਖਾਉ—ਮੇਰੇ ਕੋਲ ਏਨਾ ਧਨ ਹੈ।

**ਹਮ ਬਡ ਕਬਿ ਕੁਲੀਨ**
**ਹਮ ਪੰਡਿਤ ਹਮ ਜੋਗੀ ਸੰਨਿਆਸੀ।।**
**ਗਿਆਨੀ ਗੁਨੀ**[੨੫] **ਸੂਰ ਹਮ ਦਾਤੇ**
**ਇਹ ਬੁਧਿ ਕਬਹਿ ਨ ਨਾਸੀ।।**

*-ਪੰਨਾ-੯੭੪*

ਰਵਿਦਾਸ ਜੀ ਕਹਿੰਦੇ ਹਨ-

**ਕਹੁ ਕਵਿਦਾਸ ਸਭੈ ਨਹੀ ਸਮਝਸਿ**
**ਭੂਲਿ ਪਰੇ ਜੈਸੇ ਬਉਰੇ।।**

*-ਪੰਨਾ-੯੭੪*

ਰਵਿਦਾਸ ਜੀ ਉਹਨਾਂ ਨੂੰ ਪਾਗਲਾਂ ਵਿੱਚ ਗਿਣਦੇ ਹਨ—ਦੁਨੀਆਦਾਰੀ ਵਾਲੇ ਆਦਮੀਆਂ ਨੂੰ। ਕਿਹੜੀ ਚੀਜ਼ ਹੈ ਜਿਹੜੀ ਸਤਿਗੁਰੂ, ਸੰਤਾਂ ਨੂੰ ਮਿਲਕੇ—ਦੂਰ ਨਾ ਹੋਵੇ।

*ਯਦਪਿ ਕਵਿਤਾ ਸਾਰ ਨ ਕੋਈ।*

ਕਹਿੰਦੇ ਹਨ ਮੈਨੂੰ ਕਵਿਤਾ ਦੀ ਕੋਈ ਸਮਝ ਨਹੀਂ।

*ਬਖਸ਼ੋ ਗੁਣੀ ਚੂਕ ਜੇ ਹੋਈ।*

ਹੇ ਗੁਣੀਓ ਪੁਰਸ਼ੋ ਜੇ ਕੋਈ ਭੁੱਲ ਹੋਵੇ ਤਾਂ ਬਖਸ਼ ਲੈਣੀ।

*ਮੈ ਹੌਂ ਸਭ ਦਾਸਨ ਕੋ ਦਾਸਾ।*

ਮੈਂ ਸਾਰਿਆਂ ਦੇ ਦਾਸਾਂ ਦਾ ਵੀ ਦਾਸ ਹਾਂ।

*ਪ੍ਰੇਮ ਗੁਰੂ ਗਾਥਾ ਕੀ ਆਸਾ।।੫੪।।*

ਮੈਨੂੰ ਇਹ ਪ੍ਰੇਮ ਲੱਗਾ ਹੈ ਕਿ ਗੁਰੂ ਗਾਥਾ, ਗੁਰੂ ਜੀ ਦੀ ਕਥਾ ਦੀ ਇੱਛਿਆ ਮੇਰੇ ਚਿੱਤ ਵਿੱਚ ਹੋਈ ਹੈ।

*ਗੁਰੂ ਕੋ ਜਸ ਹੈ ਸੈਲ ਨਬਾਤੇ।*

ਗੁਰੂ ਦਾ ਜਸ ਕਿਆ ਹੈ—ਮਿਸਰੀ ਦਾ ਪਹਾੜ।

*ਮੈਂ ਚੀਟੀਂ ਕਿਆ ਚੁਕ ਹੌਂ ਤਾਤੇ।*

ਕਿ ਭਾਈ ਦੱਸੋ, ਪਹਾੜ ਵਿਚੋਂ ਕੀੜੀ ਕਿੰਨਾ ਕੁ ਚੁੱਕ ਸਕਦੀ ਹੈ।

*ਪ੍ਰਭ ਕੋ ਜਸ ਹੈ ਸਿੰਧ ਮਹਾਨੇ।*

ਸਤਿਗੁਰੂ ਦਾ ਜਸ ਹੈ ਸਮੁੰਦਰ।

*ਮੀਨ ਦੀਨ ਮਤਿ ਕਿਆ ਗਤਿ ਜਾਨੇ।।੫੫।।*

ਮੱਛੀ ਕਿਆ ਗਤੀ ਜਾਣ ਸਕਦੀ ਹੈ, ਗੁਰੂ ਜੀ ਤਾਂ ਕਹਿੰਦੇ ਹਨ।

**ਤੂ ਦਰੀਆਉ ਦਾਨਾ ਬੀਨਾ**
**ਮੈ ਮਛੁਲੀ ਕੈਸੇ ਅੰਤੁ ਲਹਾ।।**

*–ਸਿਰੀ ਰਾਗ ਮ:੧, ਪੰਨਾ–੨੫*

ਸਮੁੰਦਰ ਦੀ ਗਤੀ ਕੈਸੇ ਜਾਣੀ ਜਾ ਸਕਦੀ ਹੈ।

*ਦੋਹਿਰਾ।। ਗੁਰ ਚਰਿਤਰ ਕੇ ਲਿਖਨ ਕਾ ਉਪਜਾ ਮੋ ਮਨ ਚਾਇ।*

ਸਤਿਗੁਰੂ ਜੀ ਦੇ ਚਰਿੱਤਰ ਲਿਖਣ ਦਾ ਮੇਰੇ ਮਨ ਨੂੰ ਚਾਉ ਉਤਪਤ ਹੋਇਆ।

*ਗੁਰ ਸੰਗਤਿ ਗਣ ਬਿਘਨ ਸੇ ਦੇ ਕਰ ਕਰੇ ਸਹਾਇ।।੫੬।।*

ਗੁਰ—ਗੁਰੂ ਕੀ ਸੰਗਤ ਬਹੁਤ ਸਾਰੇ ਬਿਘਨਾਂ ਤੋਂ ਹੱਥ ਦੇ ਕੇ ਮੇਰੀ ਸਹਾਇਤਾ ਕਰੋ।

*ਦੋਹਿਰਾ।।ਕੋਟ ਪਰਣਾਮ ਹਰ ਜਾਮ ਮਮ ਰਾਮ ਸਿੰਘ ਗੁਰਦੇਵ।*

ਕਰੋੜਾਂ ਵੇਰ ਡੰਡੌਤ ਬੰਦਨਾ ਅਨਿਕ ਬਾਰ, ਕਰੋੜ ਵਾਰ ਮੇਰੀ ਨਮਸਕਾਰ ਹੈ—ਹਰ ਵਕਤ—ਹਰ ਸਮੇਂ ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਨੂੰ।

*ਮੂਲ ਧਰਮ ਗੋ ਦੀਨ ਰਖ ਸਿਖੀ ਪੰਥ ਅਭੇਵ।।੫੭।।*

ਜਿਨ੍ਹਾਂ ਨੇ ਗਊਆਂ, ਗਰੀਬਾਂ, ਧਰਮ ਦੀ, ਜੜ੍ਹ ਦੀ ਰੱਖਿਆ ਕੀਤੀ। ਸਿੱਖੀ ਪੰਥ ਜੋ ਰਚਿਆ, ਅਭੇਦ—ਜਿਸਦੇ ਵਿੱਚ ਭੇਦ ਨਹੀਂ ਰਹਿਣ ਦਿੱਤਾ ਤੇ ਸਿੱਖ ਸਤਿਗੁਰੂ ਦੇ ਨਾਲ ਮਿਲ ਗਏ।

ਜਿਸ ਵੇਲੇ ਸਤਿਗੁਰਾਂ ਨੇ ਪ੍ਰਚਾਰ ਕੀਤਾ ਤਾਂ ਅੰਗਰੇਜ਼ਾਂ ਨੇ ਹੁਕਮ ਦੇ ਦਿੱਤਾ,''ਬਾਬਾ ਜੀ, ਤੁਸੀਂ ਬਾਹਰ ਨਹੀਂ ਜਾ ਸਕਦੇ।'' ਸਤਿਗੁਰਾਂ ਨੂੰ ਬੰਦ ਕੀਤਾ—ਪੰਜ ਸੂਬੇ ਬਣਾਏ, ਪੰਜ ਸੂਬਿਆਂ ਨੂੰ ਵੀ ਬੰਦ ਕੀਤਾ, ਸਤਾਰ੍ਹਾਂ ਹੋਰ ਬਣਾਏ। ਸਾਰਿਆਂ ਨੂੰ ਬੰਦ ਕਰਕੇ ਕਮਿਸ਼ਨਰ ਜਾ ਕੇ ਮੁਸਕਰਾ ਕੇ ਕਹਿੰਦਾ ਹੈ,''ਬਾਬਾ ਸਾਹਿਬ, ਅਬ ਕਿਆ ਕਰੋਗੇ ?''

ਸਤਿਗੁਰ ਰੰਗ ਵਿੱਚ ਹੋ ਗਏ—ਕਹਿਣ ਲੱਗੇ,''ਜਾ ਓਇ ਬਿੱਲਿਆ ! ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ, ਇੱਕ ਹਲ ਵਾਹ ਜੱਟ ਭਜਨ ਦੱਸੇਗਾ ਉਹਦਾ ਵੀ ਮੇਰੇ ਜਿੰਨਾਂ ਹੀ ਅਸਰ ਹੋਵੇਗਾ।''

## ਹਰਨਾਮ ਸਿੰਘ ਨੂੰ ਭਜਨ

ਅਸਾਂ ਇਹ ਚੀਜ਼ ਸਾਹਮਣੇ ਦੇਖੀ ਹੈ। ਕੋਈ ਪਤਾ ਨਹੀਂ ਲਗਦਾ, ਉਹ ਬੇਲਾ ਸਿੰਘ ਹੁਰੀਂ ਸਾਡੇ, ਸ਼ਬਦ ਪੜ੍ਹਦੇ ਹੁੰਦੇ ਸੀ, ਬਿਲਕੁਲ ਐਵੇਂ ਹੀ ਸਾਰੇ ਉਹਨਾਂ ਨੂੰ ਮਖੌਲ ਸਮਝਦੇ ਸੀ। ਇਹੋ ਜਿਹੇ ਆਦਮੀ —ਮੈਨੂੰ ਇੱਕ ਆਦਮੀ ਨੇ ਆਪਣੀ ਗੱਲ ਸੁਣਾਈ-

ਹਰਨਾਮ ਸਿੰਘ ਉਹਦਾ ਨਾਮ ਹੈ, ਥੇਹੰਧਾ-ਚਿਪੜਾ ਪਿੰਡ ਹੈ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿੱਚ ਗੜ੍ਹਦੀਵਾਲੇ ਤੋਂ ਦੋ ਢਾਈ ਕੋਹ। ਕਹਿਣ ਲੱਗਾ। ''ਮੈਂ ਬੋਤਲ ਸ਼ਰਾਬ ਦੀ ਪੀ ਕੇ ਰੋਜ਼ ਕੰਮ ਤੇ ਜਾਂਦਾ ਸਾਂ, ਰਾਵਲ ਪਿੰਡੀ ਰਹਿੰਦਾ ਸਾਂ, ਕੰਮ ਵੀ ਡੇਢ ਆਦਮੀ ਜਿੰਨਾ ਕਰਦਾ ਸਾਂ, ਮੇਰੀ ਇੱਕ ਬੋਤਲ ਰੋਜ਼ ਦੀ ਸ਼ਰਾਬ ਦੀ ਸੀ, ਸ਼ੌਕ ਮੈਨੂੰ ਸ਼ਬਦ ਕੀਰਤਨ ਦਾ ਵੀ ਸੀ। ਸੰਤ ਬੇਲਾ ਸਿੰਘ ਹੁਰੀਂ ਉੱਥੇ ਚਲੇ ਗਏ। ਬੇਲਾ ਸਿੰਘ ਹੁਰਾਂ ਨੇ ਜਾ ਕੇ ਦੀਵਾਨ ਲਾਇਆ। ਦੀਵਾਨ ਵਿੱਚ ਮੈਂ ਵੀ ਮਗਰ ਬੈਠ ਕੇ ਛੈਣੇ ਵਜਾਉਂਦਾ ਰਿਹਾ, ਉਹਨਾਂ ਨੂੰ ਬੜੀ ਖੁਸ਼ੀ ਆਈ, ਮੈਨੂੰ ਵੀ ਉਹਨਾਂ ਦਾ ਸ਼ਬਦ ਬੜਾ ਸੁਹਣਾ

ਲੱਗਾ। ਮੈਂ ਲੌਢੇ ਵੇਲੇ ਡੇਰੇ ਲੈ ਕੇ ਦੁੱਧ ਗਿਆ—ਉਹਨਾਂ ਦੇ ਕੋਲ।''

– *ਜਹਾਂ ਕਹਾਂ ਕਾ ਛਕੈ ਪ੍ਰਸਾਦਿ।*

– *ਜਾ ਕੀ ਰਹਿਤ ਨ ਜਾਣੀਏ ਗੁਰ ਮੰਤਰ ਨਹੀਂ ਚੀਤ।*
*ਉਨ ਕਾ ਭੋਜਨ ਖਾਇ ਕੈ ਵਿਸਰੈ ਹਰਿ ਸਿਉਂ ਪ੍ਰੀਤ।*

ਬੇਲਾ ਸਿੰਘ ਹੁਰਾਂ ਕੋਲ ਦੁੱਧ ਲੈ ਕੇ ਗਿਆ, ਉਹ ਕਹਿੰਦੇ,''ਭਾਈ ਜਾਂ ਤੇ ਭਜਨ ਪੁੱਛ ਲੈ ਨਹੀਂ ਅਸੀਂ ਦੁੱਧ ਨਹੀਂ ਤੇਰਾ ਪੀਂਦੇ।''

ਉਹ ਕਹੇ,''ਮੈਂ ਭਜਨ ਨਹੀਂ ਪੁੱਛਣਾ।''

ਓਹ ਕਹਿੰਦੇ,''ਅਸੀਂ ਦੁੱਧ ਨਹੀਂ ਪੀਣਾ।''

ਮਾਤਾ ਜੀ ਇਹ ਗੱਲ ਕਹਿੰਦੇ ਸਨ—ਅਸੀਂ ਗਿਰ ਕੇ ਬਹੁਤ ਦੂਰ ਥੱਲੇ ਆ ਗਏ ਹਾਂ—ਕਿ ਨਾਮਧਾਰੀ ਦੇ ਵਾਸਤੇ ਇਹ ਸੀ ਕਿ ਭਾਵੇਂ ਸਕੇ ਭਰਾ ਦਾ ਵਿਆਹ ਹੋਵੇ, ਜਿਹਨੇ ਭਜਨ ਨਾ ਪੁੱਛਿਆ ਹੋਵੇ ਉਹਦਾ ਸੁੱਕਾ ਸੀਧਾ ਲੈ ਕੇ ਨਹੀਂ ਸਨ ਖਾਂਦੇ—ਹੱਥ ਦਾ ਤੇ ਖਾਣ ਦੀ ਗੱਲ ਵੱਖਰੀ ਕਿਉਂਕਿ–

*ਜਾ ਕੀ ਰਹਿਤ ਨ ਜਾਣੀਏ ਗੁਰ ਮੰਤਰ ਨਹੀਂ ਚੀਤ।*
*ਉਨ ਕਾ ਭੋਜਨ ਖਾਇ ਕੈ ਵਿਸਰੈ ਹਰਿ ਸਿਉਂ ਪ੍ਰੀਤ।*

–ਨਾ ਪੀਤਾ ਦੁੱਧ।

ਉਹ ਆਖੇ,''ਮੈਂ ਭਜਨ ਨਹੀਂ ਲੈਣਾ।''

ਕਹਿੰਦੇ,''ਉਤਨੀ ਕੁ ਦੂਰ ਜਦੋਂ ਮੈਂ ਤੁਰ ਗਿਆ, ਕੋਲੋਂ ਕਿਸੇ ਸਿੱਖ ਨੇ ਆਖਿਆ ਬਈ, ਸੰਤ ਜੀ ਜਾਣ ਨਹੀਂ ਸੀ ਦੇਣਾ ਚਾਹੀਦਾ।''

ਆਵਾਜ਼ ਮਾਰ ਲਈ।

ਕਹਿੰਦਾ,''ਮੈਂ ਦੁੱਧ ਲੈ ਕੇ ਆਇਆ, ਮੇਰੇ ਗੱਲ ਦੇ ਉੱਤੋਂ ਦੀ ਪਾ ਕੇ ਹੱਥ ਮੈਨੂੰ ਮੱਲੋ ਮੱਲੀ ਭਜਨ ਦੱਸਿਆ। ਮੈਂ ਸੱਚ ਕਹਿਨਾ, ਮੈਨੂੰ ਨਹੀਂ ਦੋ ਦਿਨ ਪਤਾ ਰਿਹਾ ਮੈਂ ਕਿੱਥੇ ਹਾਂ''—ਜਿਹੜਾ ਦੋ ਬੋਤਲਾਂ ਸ਼ਰਾਬ ਦੀਆਂ ਪੀ ਜਾਂਦਾ ਸੀ, ਜਿਹਦਾ ਇੱਕ ਬੋਤਲ ਰੋਜ਼ ਦਾ ਅਮਲ ਸੀ।" ਦਿਵਾਨ ਵੇਲੇ ਮੈਂ ਨਾਲ ਚਲਿਆ ਜਾਂਦਾ ਸੀ, ਛੈਣੇ ਵਜਾਉਂਦਾ ਰਹਿੰਦਾ ਸੀ, ਪਰ ਮੈਂ ਦੋ ਦਿਨ ਨਾ ਖਾਧਾ ਨਾ ਪੀਤਾ।'' ਉਦੂੰ ਬਾਅਦ ਆਇਆ—ਪਿੰਡ। ਉਹਨਾਂ ਦਿਨਾਂ ਵਿੱਚ, ਗੁਰੂ ਕੇ ਬਾਗ ਦੇ ਮੋਰਚੇ ਦਾ ਨੇੜਾ-ਤੇੜਾ ਸੀ, ਬੜੀ ਲਹਿਰ

ਅਕਾਲੀ ਜ਼ੋਰਾਂ ਤੇ ਸੀ, ਫੜ ਕੇ ਮਲੋ ਮਲੀ ਲੀੜੇ ਰੰਗ ਦਿੰਦੇ ਸੀ। ਇਹ ਪਿੰਡ ਵਿੱਚ ਆਇਆ ਉਹਨਾਂ ਨੇ ਆਖਿਆ,''ਅਸੀਂ ਤੇਰੇ ਲੀੜੇ ਰੰਗਣੇ ਹਨ।''

ਉਹਨੇ ਆਖਿਆ,''ਮੈਂ ਕੂਕਾ, ਮੈਂ ਨਹੀਂ ਰੰਗਾਉਣੇ।'' ਸਾਰਾ ਪਿੰਡ ਇੱਕ ਪਾਸੇ ਸੀ, ਫੜ ਕੇ ਅੰਦਰ ਦੇ ਦਿੱਤਾ, ਬੂਹੇ ਨੂੰ ਜਿੰਦਰਾ ਲਾ ਦਿੱਤਾ। ਜਿੰਦਰੇ ਲੱਗੇ ਲਗਾਏ ਅੰਦਰੋਂ ਨਿਕਲ ਗਿਆ, ਕਿਸੇ ਨੂੰ ਨਹੀਂ ਪਤਾ—ਉਹ ਕਿਸ ਤਰ੍ਹਾਂ ਚਲਾ ਗਿਆ। ਗੜ੍ਹਦੀਵਾਲੇ ਦੋ ਢਾਈ ਕੋਹ ਤੇ ਚਲਾ ਗਿਆ। ਉੱਥੇ ਖਜਾਨ ਸਿੰਘ ਹੁਰੀਂ ਸਨ ਮੱਲ੍ਹੇ ਵਾਲੇ, ਮਜ੍ਹਬੀ ਸਿੰਘ, ਨਾਮਧਾਰੀ ਸਿੰਘ ਸਨ—ਉਨ੍ਹਾਂ ਕੋਲ ਜਾ ਵੜਿਆ। ਉੱਥੋਂ ਉਨ੍ਹਾਂ ਨੂੰ ਨਾਲ ਲੈ ਕੇ ਆਇਆ, ਉਹਨਾਂ ਨੇ ਆਖਿਆ,''ਭਾਈ ਤੁਸੀਂ ਦੱਸੋ—ਅਸੀਂ ਇਹਦੇ ਸਾਥੀ ਹਾਂ—ਦੱਸੋ ਇਹਦੇ ਕਿਉਂ ਜਬਰਨ ਤੁਸੀਂ ਲੀੜੇ ਰੰਗਦੇ ਹੋ ?'' ਇਹ ਹਾਲਤ ਉਨ੍ਹਾਂ ਆਦਮੀਆਂ ਦੀ ਹੈ ਜਿਹੜੇ ਇੱਥੇ ਨਾਮਧਾਰੀ ਪੰਥ ਵਿੱਚ ਕਿਤੇ ਗਿਣਤੀ ਵਿੱਚ ਨਹੀਂ ਸਨ, ਬੇਲਾ ਸਿੰਘ ਹੁਰੀਂ ਕਿਉਂਕਿ ਘਰ-ਘਰ ਜੋ ਉਹਨੇ ਆਖਿਆ—ਰਾਮ ਸਿੰਘ ਕਰ ਦਿਆਂਗਾ।

ਤਾਂ ਕਹਿੰਦੇ ਹਨ—*ਸਿੱਖੀ ਪੰਥ ਅਭੇਵ*—ਸਤਿਗੁਰੂ ਨੇ ਅਕਾਲ ਪੁਰਖ ਨਾਲ ਅਭੇਦ ਕੀਤੇ।

*ਮੇਲਾ ਸਿੰਘਨ ਕੋ ਭਇਓ ਰਾਮ ਪਰਸਾਦ ਇੱਕ ਗਰਾਮ।*

ਹੁਣ ਅਗਲੀ ਕਥਾ ਸੰਤ ਜੀ ਕਹਿਣਗੇ। ਵਕਤ ਹੋ ਗਿਆ, ਕੱਲ ਹੋਲੇ ਦਾ ਪ੍ਰਸੰਗ ਅਨੰਦਪੁਰ ਦੇ ਦਾ—ਨਾਲ-ਨਾਲ ਮਲੇਰਕੋਟਲੇ ਵਾਲਿਆਂ ਸ਼ਹੀਦਾਂ ਦਾ—ਕਿਸ ਤਰ੍ਹਾਂ ਉਹ ਤੋਪਾਂ ਅੱਗੇ ਉੱਡੇ। ਕੱਲ ਦਾ ਦਿਨ ਹੀ ਸਮਾਂ ਹੈ, ਪਰਸੋਂ ਦੀਵਾਨ ਦਾ ਟਾਈਮ ਐਸਾ ਹੋਵੇਗਾ ਜਿਹਦੇ ਵਿੱਚ ਕਥਾ ਦਾ ਵਕਤ ਸ਼ਾਇਦ ਨਾ ਹੋ ਸਕੇ, ਅਗਲੇ ਦਿਨ ਜੇ ਸਤਿਗੁਰੂ ਕ੍ਰਿਪਾ ਕਰਨਗੇ, ਜੇ ਵਕਤ ਹੋਇਆ, ਉਸ ਤੋਂ ਅਗਲੇ ਦਿਨ ਫਿਰ ਤੁਹਾਡੇ ਕੋਲੋਂ ਛੁੱਟੀ ਮੰਗਾਂਗੇ। ਜੋ ਸਤਿਗੁਰੂ ਨੂੰ ਭਾਵੇ, ਖੇਡ ਉਹਦੀ ਹੈ, ਆਪਣੀ ਖੇਡ ਨੂੰ ਉਹ ਆਪ ਜਾਣਦਾ ਹੈ।

ਹੁਣ ਕੱਲ ਹੋਲੇ ਦਾ ਪ੍ਰਸੰਗ ਹੈ, ਅਨੰਦਪੁਰ ਸਤਿਗੁਰ ਗਏ, ਕਿਸ ਤਰ੍ਹਾਂ ਉੱਥੇ ਹੋਲਾ ਹੋਇਆ, ਉੱਥੇ ਬਚਨ ਕੀਤਾ,''ਭਾਈ ਅਸੀਂ ਇਸੇ ਵੇਰਾਂ ਆਏ

ਹਾਂ—ਮੁੜਕੇ ਨਹੀਂ ਆਉਣਾ।'' ਉਦੂੰ ਬਾਅਦ ਫਿਰ ਸਿੰਘ ਮਲੇਰਕੋਟਲੇ ਤੇ ਕਿਸਤਰ੍ਹਾਂ ਚੜ੍ਹਾਈ ਕਰਨਗੇ ਇਹ ਕੱਲ੍ਹ ਦੇ ਪ੍ਰਸੰਗ ਵਿੱਚ—ਅੱਜ ਖਿਮਾ ਕਰਨਾ, ਪ੍ਰਸੰਗ ਲੰਮਾ ਹੋ ਗਿਆ ਹੈ—ਮੈਂ ਕੱਲ ਆਖਿਆ ਸੀ ਬਈ ਕੱਲ ਨੂੰ ਮਲੇਰਕੋਟਲੇ ਦਾ ਦੱਸਾਂਗੇ, ਉਹ ਮੈਂ ਤੁਹਾਨੂੰ ਅਰਜ਼ ਨਹੀਂ ਅੱਜ ਕਰ ਸਕਿਆ ਇਹ ਪ੍ਰਸੰਗ, ਨਾਲੇ ਹੋਲੇ ਦਾ ਦਿਵਾਨ ਹੈ, ਹੋਲੇ ਦੇ ਮੇਲੇ ਵਿੱਚ ਇਹ ਪ੍ਰਸੰਗ ਆ ਜਾਵੇਗਾ ਅਗਲੇ ਦਿਨ, ਜੇ ਕੱਲ ਹੋ ਸਕਿਆ ਜਿਥੋਂ ਤਕ ਕੋਸ਼ਿਸ਼ ਇਹ ਹੀ ਕਰਾਂਗੇ ਜੇ ਕੱਲ ਨੂੰ ਉਹਨਾਂ ਮਲੇਰ ਕੋਟਲੇ ਵਾਲੇ ਸ਼ਹੀਦਾਂ ਦਾ, ਜਿੰਨਾਂ ਕੁ ਤੁੱਛ ਬੁੱਧੀ ਅਨੁਸਾਰ, ਜੋ ਸਮਝ ਵਿੱਚ ਆਵੇ, ਉਹ ਤੁਹਾਡੇ ਅੱਗੇ ਪੇਸ਼ ਕਰੀਏ।

## ਮਨੁੱਖਾ ਦੇਹ ਨੂੰ ਵਿਅਰਥ ਨਾ ਗਵਾਉ

ਹੁਣ ਨਿਤਨੇਮ ਦਾ ਵਕਤ ਹੈ। ਮਹਾਰਾਜ ਨੇ ਲਿਖਿਆ ਹੈ–

**ਪਛੋਤਾਵਾ ਨਾ ਮਿਲੈ ਜਬ ਚੂਕੈਗੀ**[੨੬] **ਸਾਰੀ।**
**ਤਾ ਫਿਰਿ ਪਿਆਰਾ ਰਾਵੀਐ**[੨੭] **ਜਬ ਆਵੈਗੀ ਵਾਰੀ**[੨੮]।।

*–ਪੰਨਾ–੭੨੫*

ਚੁਰਾਸੀ ਲੱਖ ਜੂਨ ਘੁੰਮਕੇ ਫਿਰ ਮਨੁੱਖਾ ਦੇਹ ਮਿਲੇਗੀ। ਇਹ ਨਾਮ ਜਪਣ ਵਾਸਤੇ ਦੇਹ ਮਿਲੀ ਹੈ। ਕਿਸੇ ਕਵੀ ਨੇ ਲਿਖਿਆ ਹੈ–

*ਨੈਨਨ ਕਾ ਸਵਾਦ ਜੋ ਨੈਨਨ ਮੇ ਲਾਜ ਹੋ।*
*ਬੈਨਨ ਕਾ ਸਵਾਦ ਬੈਨ ਮੀਠੇ ਕਹਿ ਸੁਨਾਇਏ।*
*ਰਾਜ ਕਾ ਸਵਾਦ ਜੇ ਦੂਸਰਾ ਨ ਹੋਏ ਕੋਈ,*
*ਹੁਕਮ ਕਾ ਸਵਾਦ ਜੇ ਗਰੀਬ ਨਾ ਦੁਖਾਈਏ।*
*ਗ੍ਰਸਤ ਕਾ ਸਵਾਦ ਜੋ ਮਾਇਆ ਭਰਪੂਰ ਹੋਵੇ,*
*ਮਾਇਆ ਕਾ ਸਵਾਦ ਜੇ ਉਦਾਰ ਚਿਤ ਲਾਈਏ।*

ਜਿਹਨੂੰ ਸਤਿਗੁਰੂ ਕ੍ਰਿਪਾ ਕਰੇ ਨਹੀਂ ਤੇ ਜੋੜਦੇ ਜੋੜਦੇ ਮਰ ਜਾਂਦੇ ਹਨ, ਕਿਸੇ ਦੇ ਕੰਮ ਨਹੀਂ ਆਉਂਦੀ।

*ਖਾਨੇ ਕਾ ਸਵਾਦ ਪਹਿਲੇ ਔਰ ਕੋ ਖਵਾਏ ਲੇਵੇ।*
*ਰਸਨਾ ਕਾ ਸਵਾਦ ਨਿਤ ਗੁਰੂ ਗੁਣ ਗਾਈਏ।*

ਨਾਮਦੇਵ ਜੀ ਮਹਾਰਾਜ ਕਹਿੰਦੇ ਹਨ-

**ਰੇ ਜਿਹਬਾ ਕਰਉ ਸਤ ਖੰਡ॥**
**ਜਾਮਿ ਨ ਉਚਰਸਿ ਸ੍ਰੀ ਗੋਬਿੰਦ॥੧॥**

*–ਪੰਨਾ-੧੧੬੩*

ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਫੁਨਹੇ ਉਚਾਰਦੇ ਹਨ—ਹਰਿਆਂ ਜੀ ਦੇ ਪ੍ਰਤੀ ਉੱਥੇ ਕਹਿੰਦੇ ਹਨ-

**ਨੈਣ ਨ ਦੇਖਹਿ ਸਾਧ[੨੯] ਸਿ[੩੦] ਨੈਣ ਬਿਹਾਲਿਆ[੩੧]॥**
**ਕਰਨ[੩੨] ਨ ਸੁਨਹੀ ਨਾਦੁ[੩੩] ਕਰਨ ਮੁੰਦਿ ਘਾਲਿਆ[੩੪]॥**
**ਰਸਨਾ[੩੫] ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥**
**ਹਰਿ ਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ[੩੬]॥**

*-ਮ:੫, ਪੰਨਾ-੧੩੬੨*

– **ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ॥**
**ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ[੩੭]॥**
**ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ**
**ਜਿਤੁ ਹੁਣਿ ਖਸਮੁ ਨ ਪਾਇਆ॥**
**ਪਉੜੀ[੩੮] ਛੁੜਕੀ ਫਿਰਿ ਹਾਥਿ ਨ ਆਵੈ**
**ਅਹਿਲਾ[੩੯] ਜਨਮੁ ਗਵਾਇਆ॥੧॥**

*–ਬਿਲਾਵਲ ਮ:੩, ਪੰਨਾ-੭੯੬*

ਭਾਈ ਗੁਰਦਾਸ ਜੀ ਕਹਿੰਦੇ ਹਨ-

*ਧ੍ਰਿਗ ਸਿਰੁ ਜੋ ਗੁਰ ਨਿਵੈ ਨ ਗੁਰ ਲਗੈ ਨ ਚਰਣੀ।*
*ਧ੍ਰਿਗ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ[੪੦]।*
*ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।*
*ਧ੍ਰਿਗ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।*
*ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।*

*–ਵਾਰ ੨੭, ਪਉੜੀ ੧੦*

ਪੜ੍ਹੋ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ, ਇੱਕ ਸਿੱਖ ਜਲ ਲੈ

ਕੇ ਆਉਂਦੈ—ਸਾਹਿਬਾਂ ਦੇ ਕੋਲ, ਛੰਨਾ ਫੜਿਆ ਹੈ—ਜਲ ਦਾ ਕਟੋਰਾ। ਕਹਿੰਦੇ ਹਨ,''ਸਿੱਖਾ, ਤੇਰੇ ਹੱਥ ਬੜੇ ਨਰਮ ਹਨ।''

ਕਹਿੰਦਾ ਹੈ,''ਮਹਾਰਾਜ ਅੱਜ ਤੈਨੂੰ ਹੀ ਜਲ ਲਿਆ ਕੇ ਛਕਾਉਣ ਲੱਗਾ ਹਾਂ, ਮੈਂ ਨਹੀਂ ਕਿਸੇ ਨੂੰ ਆਪਣੇ ਹੱਥ ਨਾਲ ਕੁਛ ਦਿੱਤਾ।''

ਕਹਿੰਦੇ ਹਨ,''ਜਾ ਉਏ ਪਾਪੀਆ''—ਛੰਨਾ ਉੱਥੇ ਸੁੱਟ ਦਿੱਤਾ—ਜਿੰਨ੍ਹਾਂ ਕਿਸੇ ਦੀ ਸੇਵਾ ਨਹੀਂ ਕੀਤੀ–

*ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।*

ਭਾਈ ਇਹ ਸਮਾਂ ਹੈ—ਦਿਵਾਨ ਨੰਦ ਲਾਲ ਜੀ ਮੌਜ ਵਿੱਚ ਆਏ ਹੋਏ ਹਨ—ਮਸਤ ਹੋ ਕੇ ਕਹਿੰਦੇ ਹਨ–

*ਬ-ਹੋਸ਼ ਬਾਸ਼ ਕਿ ਹੰਗਾਮਿ ਨੌ-ਬਹਾਰ ਆਮਦ।*

*–ਗ਼ਜ਼ਲ ੧੯*

ਕਹਿੰਦੇ ਹਨ, ਹੋਸ਼ ਵਿੱਚ ਆਉ, ਖਬਰਦਾਰ ਹੋ ਜਾ—ਨੌ ਬਹਾਰ ਆਈ ਹੈ—ਬਸੰਤ ਦੀ ਰੁੱਤ ਆਈ ਹੈ—ਮਨੁੱਖਾ ਜਨਮ ਮਿਲਿਆ ਹੈ–

*ਬਹਾਰ ਆਮਦੋ*—ਮਨੁੱਖਾ ਦੇਹ ਮਿਲੀ ਹੈ।

*ਯਾਰ ਆਮਦੋ*—ਗੁਰੂ ਆਇਆ ਹੋਇਆ ਹੈ, ਗੁਰੂ ਗੋਬਿੰਦ ਸਿੰਘ ਆਇਆ।

*ਕੱਰਾਰ ਆਮਦ*—ਕਰਾਰ ਹੈ ਕਿ ਸਰਗੁਣ ਸਰੂਪ ਧਾਰ ਕੇ ਬਖਸ਼ਾਂਗਾ।

ਭਾਈ ਸੱਜਣੋ ਸਤਿਗੁਰੂ ਰਾਮ ਸਿੰਘ ਨੇ ਕਿਰਪਾ ਕੀਤੀ ਹੈ।

*ਬਹਾਰ ਆਮਦੋ-ਯਾਰ ਆਮਦੋ-ਕੱਰਾਰ ਆਮਦ।*

ਮਨੁਖਾ ਦੇਹ ਨੂੰ ਵਿਅਰਥ ਨ ਗਵਾਉ।

ਗੱਲਾਂ ਕਰਦਿਆਂ ਸਾਰੀ ਰਾਤ ਲੰਘ ਜਾਂਦੀ ਹੈ, ਇੱਕ ਘੰਟਾ ਬੈਠਣ ਦੇ ਵਾਸਤੇ–

**ਬੁਰੇ ਕਾਮ ਕਉ ਊਠਿ ਖਲੋਇਆ।।**
**ਨਾਮ ਕੀ ਬੇਲਾ[੪੧] ਪੈ ਪੈ ਸੋਇਆ।।੧।।**
**ਅਉਸਰੁ[੪੨] ਅਪਨਾ ਬੂਝੈ ਨ ਇਆਨਾ।।**
**ਮਾਇਆ ਮੋਹ ਰੰਗਿ ਲਪਟਾਨਾ।।੧।।**

ਸੂਹੀ *ਮ:,੫-ਪੰਨਾ-੭੩੮*

ਭਾਈ ਸੱਜਣੋ, ਸਾਧ—ਸੰਗਤ ਵਿੱਚ ਆ ਕੇ ਸਾਧ—ਸੰਗਤ ਕੋਲ ਨਾਮ ਜਪੋ—ਨਾਮ ਪੁੱਛੋ, ਜਿਨ੍ਹਾਂ ਨਹੀਂ ਪੁੱਛਿਆ, ਜਿਨ੍ਹਾਂ ਪੁੱਛਿਐ—ਜਪੋ—ਸਤਿਗੁਰੂ ਦਾ ਮਤ ਧਾਰਨ ਕਰਕੇ। ਗੁਰੂ ਨਾਨਕ ਦੇਵ ਜੀ ਨੇ ਕਲਿਜੁਗ ਦਾ ਠੇਕਾ ਲਿਆ ਹੈ–

*ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ।*

ਮਤ ਕੋਈ ਭੁੱਲ ਕੇ ਰਹਿ ਜਾਇ। ਉਧਰ ਕਲਜੁਗ ਨੇ ਕਿਹਾ,''ਮੈਂ ਆਇਆ ਹਾਂ।''

ਗੁਰੂ ਜੀ ਨੇ ਕਿਹਾ ''ਜਿਹੜੇ ਮੇਰੇ ਹੋਣਗੇ, ਉਹਨਾਂ ਨੂੰ ਤੂੰ ਕੁਛ ਨਹੀਂ ਕਰ ਸਕਦਾ।''

ਭਾਈ ਜਿਹੜੇ ਗੁਰੂ ਦੇ ਦਰਵਾਜ਼ੇ ਤੇ ਡਿੱਗਣਗੇ ਉਨ੍ਹਾਂ ਤੇ ਕਲਜੁਗ ਦੀ ਪੇਸ਼ ਨਹੀਂ ਜਾ ਸਕਦੀ। ਧਿਆਨ ਕਰੋ, ਨਾਮ ਜਪਿਆ ਕਰੋ। ਨਾਮਧਾਰੀਆਂ ਅੱਗੇ ਖਾਸ ਤੌਰ ਤੇ ਅਰਜ਼ ਬੇਨਤੀ ਹੈ, ਭਾਈ ਜਿਹੜੇ ਸੱਜਣ ਹੁਣ ਵੀ ਐਥੋਂ ਤੁਰ ਜਾਂਦੇ ਹਨ, ਉਹ ਅਗੋਂ ਪਿੱਛੋਂ ਕਿਵੇਂ ਘੰਟਾ ਲਾਉਂਦੇ ਹੋਣਗੇ। ਕਿਰਪਾ ਕਰਿਆ ਕਰੋ, ਇਹ ਰੋਜ਼ ਨਹੀਂ ਵੇਲਾ ਹੱਥ ਆਉਂਦਾ, ਇਹ ਮਨੁੱਖਾ ਦੇਹ ਮੁੜਕੇ ਨਹੀਂ ਮਿਲਣੀ।

**ਭਜਹੁ[੪੩] ਗੋਬਿੰਦ ਭੂਲਿ ਮਤ ਜਾਹੁ।।**
**ਮਾਨਸ ਜਨਮ ਕਾ ਏਹੀ ਲਾਹੁ।।੧।।**

*–ਭੈਰਉ ਕਬੀਰ ਜੀ, ਪੰਨਾ–੧੧੫੯*

ਸਤਿਗੁਰੂ ਜੀ ਨੇ ਹੁਕਮ ਦਿੱਤਾ ਹੈ, ਸਤਿਗੁਰਾਂ ਦੇ ਹੁਕਮ ਤੇ, ਕੱਲ ਵੀ ਸੰਤ ਜੀ ਨੇ ਸੁਣਾਇਆ ਸੀ ਕਿ ਸਤਿਗੁਰਾਂ ਨੇ ਕਿਹਾ ਹੈ,''ਜਿਹੜੇ ਇੱਕ ਘੰਟਾ ਵੀ ਨਾਮ ਨਹੀਂ ਜਪਣਗੇ, ਅਸੀਂ ਉਨ੍ਹਾਂ ਦੀ ਰੱਛਿਆ ਨਹੀਂ ਕਰਾਂਗੇ।'' ਸਮਾਂ ਬੜਾ ਕਠਿਨ ਹੈ—ਸਮਾਂ ਬੜਾ ਭਿਆਨਕ ਹੈ—ਮੈਨੂੰ ਕੁਝ ਦੱਸਣ ਦੀ ਤੁਹਾਨੂੰ ਲੋੜ ਨਹੀਂ। ਤੁਸੀਂ ਅੱਗੇ ਰੌਲੇ ਨਹੀਂ ਵੇਖੇ, ਅਜੇ ਵੱਡੇ —ਵੱਡੇ ਦੋ ਮਗਰਮੱਛ ਤਿਆਰ ਹੋਏ ਬੈਠੇ ਹਨ, ਖਬਰ ਨਹੀਂ ਸਾਨੂੰ ਕਿਹੜੇ ਮੂੰਹ ਵਿੱਚ ਉਹ ਪਾਉਂਦੇ ਹਨ। ਇੱਕ ਪਾਸੇ ਅਮਰੀਕਾ ਹੈ, ਇੱਕ ਪਾਸੇ ਰੂਸ ਹੈ ਜਿਹਨਾਂ ਦੇ ਘਰੀਂ ਏਡੇ-ਏਡੇ ਬੰਬ, ਹਾਈਡਰੋਜਨ ਬੰਬ ਤਿਆਰ

ਹੋ ਰਹੇ ਹਨ ਕਿ ਅਗਲੇ ਬੰਬ ਨਾਲੋਂ ਹਜ਼ਾਰ ਹਜ਼ਾਰ ਗੁਣਾਂ ਤਾਕਤ ਵਾਲੇ ਹਨ। ਅਸਾਂ ਗਿਣਤੀ ਕੀਤੀ ਸੀ ਕਿ ਜਿਹੜਾ ਜਪਾਨ ਤੇ ਚਲਿਆ ਹੈ, ਜੇ ਉਹਦੇ ਨਾਲੋਂ ਹਜ਼ਾਰ ਗੁਣਾਂ ਤਾਕਤ ਹੋਵੇ ਤਾਂ ਇੱਕ ਬੰਬ ਨਾਲ ਸਾਰਾ ਹਿੰਦੁਸਤਾਨ ਖਤਮ ਹੋ ਸਕਦਾ ਹੈ—ਬਗੈਰ ਨਾਮ ਜਪਣ ਤੋਂ। ਸਤਿਗੁਰੂ ਅਗੇ ਅਰਦਾਸ ਕਰੋ,''ਕਿਰਪਾ ਕਰ ਆਪਣੇ ਜਾਣਕੇ ਸਾਨੂੰ ਬਖਸ਼ ਲੈ।''

ਹੁਣ ਅਰਦਾਸ ਹੋਵੇਗੀ, ਜਿੰਨ੍ਹਾਂ ਸੱਜਣਾਂ ਨੇ ਜਾਣਾ ਹੋਵੇ—ਕੋਈ ਰੁਕਾਵਟ ਕਿਸੇ ਵਾਸਤੇ ਨਹੀਂ। ਇਸ ਵਾਸਤੇ ਨਹੀਂ ਕਿ ਕਿਸੇ ਨੂੰ ਕੈਦ ਕਰਨ ਨਾਲ ਤਅੱਲਕ ਹੈ, ਨਹੀਂ, ਇਹ ਤਾਂ ਸਭ ਦੀ ਚੀਜ਼ ਹੈ, ਜਿਹਦੀ ਮਰਜ਼ੀ ਹੈ, ਜਿਨ੍ਹੇ ਸੌਦਾ ਖਰੀਦਣਾ ਹੈ ਲਵੇ, ਜਿਹਦਾ ਨਾ ਚਿਤ ਕਰੇ ਕੋਈ ਜ਼ਰੂਰੀ ਨਹੀਂ। ਨਾਮਧਾਰੀਆਂ ਵਾਸਤੇ ਮੇਰੀ ਚੌਕੀਦਾਰੀ ਹੈ ਮੇਰਾ ਫਰਜ਼ ਹੈ ਕਿ ਮੈਂ ਉਹਨਾਂ ਨੂੰ ਆਖਾਂ ਖਬਰਦਾਰ, ਗਾਫਲ ਨਾ ਹੋ ਜਾਣਾ। ਚੀਜ਼ ਸਭ ਦੀ ਇੱਕੋ ਹੈ, ਗੁਰੂ ਨਾਨਕ ਸਭ ਦਾ ਸਾਂਝਾ ਹੈ, ਗੁਰੂ ਰਾਮ ਸਿੰਘ ਸਭ ਦਾ ਸਾਂਝਾ ਹੈ, ਉਹਨੇ ਨਹੀਂ ਕੋਈ ਦਵੈਤ ਕਿਸੇ ਨਾਲ ਕੀਤੀ। ਉਹਨਾਂ ਤੇ ਕਿਹਾ ਹੈ,''ਮੈਨੂੰ ਅਕਾਲ ਪੁਰਖ ਨੇ ਕਿਹਾ ਕਿ ਵਰ ਮੰਗ।''

ਐਸ ਤਰ੍ਹਾਂ ਹੱਥ ਧਰਕੇ ਕਹਿੰਦੇ ਹਨ—ਸਤਿਗੁਰੂ ਅੱਗੇ,''ਮੈਂ ਕਿਹਾ, ਹੇ ਅਕਾਲ ਪੁਰਖ—ਐਨੀ (ਸਤਿਗੁਰੂ ਰਾਮ ਸਿੰਘ ਜੀ ਨੇ ਪੋਟੇ ਤੇ ਹੱਥ ਰਖਕੇ ਕਿਹਾ) ਧਰਤੀ ਵੀ ਨਾ ਬਿਨ੍ਹਾਂ ਬਖਸ਼ੀ ਰਹਿ ਜਾਏ।''

ਸਤਿਗੁਰ ਸਭਨਾ ਦਾ ਭਲਾ ਮਨਾਇੰਦਾ—ਭਾਈ ਸਤਿਗੁਰੂ ਸਭਨਾ ਦਾ ਹੈ। ਅਸੀਂ ਭਾਵੇਂ ਉਹਨੂੰ ਕੁਛ ਰੂਪ ਜਾਣਕੇ ਮੰਨੀਏ—ਨਾ ਮੰਨੀਏ—ਉਹਦੇ ਵਾਸਤੇ ਸਾਰਾ ਕੁਝ ਹੀ-

**ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ।।**

*-ਪੰਨਾ-੧੩੮੩*

-ਉਹ ਨਹੀਂ ਕਿਸੇ ਨੂੰ ਭੁਲਾਉਂਦਾ। ਸਤਿਗੁਰ ਸਭਨਾ ਦੀ ਸਾਂਝੀ ਚੀਜ਼ ਹੈ। ਜਿਹੜੇ ਨਾਮ ਜਪਣਗੇ, ਸਤਿਗੁਰੂ ਉੱਤੇ ਈਮਾਨ ਲਿਆਉਣਗੇ, ਜਿਹੜੇ ਸਤਿਗੁਰੂ ਦਾ ਹੁਕਮ ਮੰਨਣਗੇ—ਉਹ ਸੁਖੀ ਰਹਿਣਗੇ, ਨਹੀਂ ਦੁੱਖ ਦੀ ਤਾਂ ਚੱਕੀ ਝੋਈ ਪਈ ਹੈ, ਰਾਤ ਦਿਨ ਚਲਦੀ ਰਹਿੰਦੀ ਹੈ। ਮੇਰਾ

ਮੁੰਡਾ ਤੁਰ ਗਿਆ—ਮੇਰੀ ਕੁੜੀ ਨਹੀਂ ਆਉਂਦੀ—ਮੇਰੀ ਨੂੰਹ ਨਹੀਂ ਆਉਂਦੀ —ਮੇਰੀ ਧੀ ਨਹੀਂ ਜਾਂਦੀ—ਮੈਨੂੰ ਫਲਾਣਾ ਗਾਲ੍ਹ ਕਢਦਾ ਹੈ—ਮੈਨੂੰ ਫਲਾਣੇ ਨੇ ਇਹ ਆਖ ਦਿੱਤਾ—ਮੇਰੀ ਇਜ਼ਤ ਲਾਹ ਦਿੱਤੀ—ਮੈਂ ਤਾਂ ਵੱਡਾ ਹੋ ਸਕਨਾ ਜੇ ਮੈਂ ਐਨੀ ਕਰਨੀ ਕਰਾਂ—ਮੇਰੇ ਏਨੇ ਗਹਿਣੇ ਹੋਣ, ਮੇਰੇ ਕੋਲ ਏਨਾ ਧਨ ਹੋਵੇ—ਰਾਤ ਦਿਨ ਆਦਮੀ ਮਰ ਜਾਂਦਾ ਹੈ ਏਸੇ ਗੱਲ ਵਿੱਚ। ਸਤਿਗੁਰੂ ਜੀ ਲਿਖਦੇ ਹਨ ਬਾਣੀ ਵਿੱਚ ਕਿ–

**ਬਿਨਾ ਸੰਤੋਖ ਨਹੀ ਕੋਊ ਰਾਜੈ[੪੪]।।**
**ਸੁਪਨ ਮਨੋਰਥ ਬ੍ਰਿਥੇ ਸਭ ਕਾਜੈ[੪੫]।।**

*–ਮ:੫, ਪੰਨਾ–੨੭੯*

ਲੱਖਾਂ ਕਰੋੜਾਂ, ਸਾਰੀ ਦੁਨੀਆਂ ਕਈਆਂ ਦਾ ਰਾਜ ਮਿਲ ਜਾਏ ਜਿੰਨਾਂ ਚਿਰ, ਭਾਈ ਗੁਰਦਾਸ ਜੀ ਕਹਿੰਦੇ ਹਨ–

*ਬਲਦੀ ਅੰਦਰਿ ਤੇਲੁ ਪਾਇ ਕਿਉ ਮਨੁ ਮੂਰਖੁ ਅਗਿ ਬੁਝਾਵੈ।*

*–ਵਾਰ ੧੫, ਪਉੜੀ ੯*

## ਸੰਤੋਖ ਦਾ ਦਾਨ

ਜੇ ਬਲਦੀ ਅੰਦਰ ਤੇਲ ਪਾਈਏ ਤਾਂ ਅੱਗ ਨਹੀਂ ਕਦੇ ਬੁਝਦੀ। ਅੱਗ ਪਾਣੀ ਪਾਇਆਂ ਬੁੱਝਦੀ ਹੈ, ਜਦੋਂ ਸੰਤੋਖ ਹੋਵੇ ਕਿ ਜੋ ਕੁਝ ਦਿੱਤਾ ਹੈ। ਸਤਿਗੁਰਾਂ ਨੇ ਹੁਕਮ ਨਾਮੇ ਵਿੱਚ ਲਿਖਿਆ ਸੀ,"ਭਾਈ ਅਰਦਾਸ ਕਰਕੇ ਮੰਗਣਾ, ਹੇ ਸੱਚਿਆ ਪਾਤਸ਼ਾਹ ਸਾਰਿਆਂ ਦਾਨਾਂ ਵਿੱਚੋਂ ਆਪਣੇ ਦਿੱਤੇ ਹੋਇਆਂ ਵਿੱਚੋਂ ਸੰਤੋਖ ਦਾ ਦਾਨ ਦੇਹ।"

ਸੋ ਭਾਈ, ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ, ਸਮਾਂ ਕਠਿਨ ਹੈ ਕਲਜੁਗ ਹੈ, ਕਲਜੁਗ ਦਾ ਜ਼ੋਰ ਹੈ, ਕਲਜੁਗ ਆਪਣਾ ਧੱਕਾ ਮਾਰਦਾ ਹੈ, ਕਲਜੁਗ ਤੋਂ ਬਚਣ ਦਾ ਇਲਾਜ ਸਤਿਗੁਰੂ ਦੀ ਸਰਣ ਹੈ। ਜਿਹੜੇ ਆਦਮੀ ਪਾਣੀ ਦੇ ਕੰਢੇ ਤੇ ਹੋਣ, ਜਿਹੜੇ ਆਦਮੀ ਛਾਵੇਂ ਬੈਠੇ ਹੋਣ, ਉਨ੍ਹਾਂ ਨੂੰ ਧੁੱਪ ਦਾ ਦੁੱਖ ਨਹੀਂ ਓਨਾ ਲੱਗ ਸਕਦਾ। ਜਿਹੜੇ ਸਤਿਗੁਰੂ ਨੂੰ ਯਾਦ ਕਰਨਗੇ, ਸਤਿਗੁਰੂ ਤੇ ਭਰੋਸਾ ਰੱਖਣਗੇ, ਉਹ ਸੁਖੀ ਹੋਣਗੇ। ਦੂਜਿਆਂ ਨੂੰ ਮੈਂ ਨਹੀਂ ਕਹਿੰਦਾ, ਉਹ ਦੁਖੀ ਹੋਣ ਕਿਉਂਕਿ ਸਤਿਗੁਰੂ ਦਾ—ਸਤਿਗੁਰੂ

ਦੇ ਸਿੱਖ ਦਾ, ਕਿਸੇ ਦਾ ਇਹ ਕੰਮ ਨਹੀਂ ਕਿਸੇ ਦਾ ਬੁਰਾ ਚਿਤਵੇ।

*ਉਹ ਆਪੇ ਹੀ ਮਰ ਜਾਣਗੇ ਜਿਹੜੇ ਜੇਠ ਤੁਰਨਗੇ ਵਾਟ।*

ਉਹਨਾਂ ਵਾਸਤੇ ਕੋਈ ਕਹਿਣ ਦੀ ਕਿਸੇ ਨੂੰ ਲੋੜ ਨਹੀਂ। ਨਿਤਨੇਮ ਤੋਂ ਬਾਅਦ ਅਰਦਾਸ ਸੁਣਕੇ, ਸਵੇਰੇ ਆਸਾ ਦੀ ਵਾਰ ਦਰਸ਼ਨ ਸਿੰਘ ਜੀ ਰਾਗੀ ਲਾਉਣਗੇ। ਰਾਤ ਨੂੰ ਦੀਵਾਨ ਲਗੇਗਾ ਹੱਲੇ ਦਾ ਸੰਤ—ਨਿਧਾਨ ਸਿੰਘ ਆਲਮ ਜੀ ਲਾਉਣਗੇ। ਨਿਤਨੇਮ ਤੋਂ ਬਾਅਦ ਜਿਨ੍ਹਾਂ ਸੱਜਣਾਂ ਦਾ ਚਿਤ ਕਰੇ ਆ ਕੇ ਸੁਣਨ। ਤੜਕੇ ਆਸਾ ਦੀ ਵਾਰ ਦਾ ਕੀਰਤਨ ਹੋਏਗਾ ਕੀਰਤਨ ਤੋਂ ਬਾਅਦ ਅਨੰਦ ਹੋਣਗੇ। ਸੰਤ ਨਿਧਾਨ ਸਿੰਘ ਆਲਮ ਜੀ ਕੁਛ ਦੱਸਣਗੇ ਕਿ ਅਨੰਦ ਦੀ ਮਰਯਾਦਾ ਕਦੋਂ ਤੋਂ ਕਿਸ ਤਰ੍ਹਾਂ ਬੱਧੀ। ਇਸ ਤੋਂ ਬਾਅਦ ਭੋਗ ਪੈ ਕੇ ਫਿਰ ਜੋ ਸਤਿਗੁਰੂ ਨੂੰ ਭਾਵੇਂ ਜਿਹੜੀ ਉਹਦੀ ਰਜ਼ਾ। ਫਿਰ ਸ਼ਾਮ ਦਾ ਦੀਵਾਨ, ਸ਼ਾਮ ਨੂੰ ਇਸੇ ਤਰ੍ਹਾਂ ਦੀਵਾਨ ਸਜੇਗਾ। ਕੱਲ ਰਾਤ ਨੂੰ ਆਲਮ ਜੀ ਦੀਵਾਨ ਲਾਉਣਗੇ। ਪਰਸੋਂ ਭੋਗ ਢਾਈ ਸੌ ਪਏਗਾ। ਸਾਧ ਸੰਗਤ ਜਿਹੜਾ ਜੱਥਾ ਆਇਆ ਹੈ ਸਾਡੇ ਨਾਲ ਕੀਰਤਨੀਆਂ ਦਾ ਇਹ ਵਾਰਾ ਲਾਵੇਗਾ। ਜੋ ਸਤਿਗੁਰੂ ਨੂੰ ਭਾਵੇਂ ਮਰਜ਼ੀ ਇਸ ਤਰ੍ਹਾਂ ਕਰਨ ਦੀ ਹੈ। ਅਸੀਂ ਇਹ ਸੋਚ ਰਹੇ ਹਾਂ, ਸਤਿਗੁਰੂ ਨੇ ਜੋ ਸੋਚਣੈ ਉਥੇ ਸਾਡੀ ਕਿਸੇ ਦੀ ਵਾਹ ਨਹੀਂ, ਓਥੇ ਪਤਾ ਨਹੀਂ ਹੁੰਦਾ ਜੋ ਰਜ਼ਾ ਹੋਵੇ।

**ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ।**
**ਖਿਨ ਮਹਿ ਥਾਪਿ ਉਥਾਪਨਹਾਰਾ[੪੬]**
**ਆਪਨ ਹਾਥਿ ਮਤਾਤ[੪੭]।।੧।।**
**ਸਿਆਨਪ ਕਾਹੂ ਕਾਮਿ ਨ ਆਤ[੪੮]।।**
**ਜੋ ਅਨਰੂਪਿਓ[੪੯] ਠਾਕੁਰਿ ਮੇਰੈ**
**ਹੋਇ ਰਹੀ ਉਹ ਬਾਤ।।੧।।ਰਹਾਉ।।**
**ਦੇਸੁ ਕਮਾਵਨ ਧਨ ਜੋਰਨ ਕੀ**
**ਮਨਸਾ[੫੦] ਬੀਚੇ ਨਿਕਸੇ ਸਾਸ।।**
**ਲਸਕਰ[੫੧] ਨੇਬ[੫੨] ਖਵਾਸ[੫੩] ਸਭ ਤਿਆਗੇ**
**ਜਮਪੁਰਿ ਊਠਿ ਸਿਧਾਸ[੫੪]।।੨।।**

**ਹੋਇ ਅਨੰਨਿ ਮਨਹਠ ਕੀ[੫੫] ਦ੍ਰਿੜਤਾ**
**ਆਪਸ ਕਉ ਜਾਨਾਤ[੫੬]।।**
**ਜੋ ਅਨਿੰਦੁ[੫੭] ਨਿੰਦੁ ਕਰਿ ਛੋਡਿਓ**
**ਸੋਈ ਫਿਰਿ ਫਿਰਿ ਖਾਤ।।੩।।**
**ਸਹਜ ਸੁਭਾਇ ਭਏ ਕਿਰਪਾਲਾ**
**ਤਿਸੁ ਜਨ ਕੀ ਕਾਟੀ ਫਾਸ।।**
**ਕਹੁ ਨਾਨਕ ਗੁਰੁ ਪੂਰਾ ਭੇਟਿਆ[੫੮]**
**ਪਰਵਾਣੁ ਗਿਰਸਤ ਉਦਾਸ।।੪।।**

*-ਗੂਜਰੀ ਮ:੪, ਪੰਨਾ-੪੯੬*

**ਵਿਚੇ ਗ੍ਰਿਹ ਸਦਾ ਰਹੈ ਉਦਾਸੀ**
**ਜਿਉ ਕਮਲੁ ਰਹੈ ਵਿਚਿ ਪਾਣੀ ਹੇ।।**

*- ਮਾਰੂ ਮ:੪, ਪੰਨਾ-੧੦੭੦*

-ਵਿੱਚੇ ਰੱਖਕੇ—ਇਹ ਨਹੀਂ ਕਿ ਛੱਡ ਕੇ ਗ੍ਰਹਿਸਤ ਤੁਰ ਜਾਉ। ਸਤਿਗੁਰਾਂ ਨੇ ਭਾਈ ਗੁਰਦਾਸ ਜੀ ਦੀ ਜ਼ਬਾਨੀ ਕਿਹਾ ਹੈ ਕਿ-

*ਸਗਲ ਧਰਮ ਮੈਂ ਗ੍ਰਿਹਸਤ ਪ੍ਰਧਾਨ ਹੈ।*

*-ਕਬਿਤ ੩-੩੧੯*

ਵਿੱਚੇ ਗ੍ਰਹਿਸਤ ਦੇ ਹੁੰਦਿਆਂ ਹੋਇਆ, ਸਤਿਗੁਰੂ ਦੀ ਸਭ ਚੀਜ਼ ਜਾਣੋ —ਨਾ ਪੁੱਤਰ—ਨਾ ਧਨ—ਨਾ ਧੀ, ਸਭ ਕੁਛ ਉਹਦੇ ਅਰਪਣ ਕਰ ਛੱਡੋ। ਜਦ ਤੁਸੀਂ ਉਹਦੇ ਅਰਪਣ ਕਰੋਗੇ ਫਰੀਦ ਜੀ ਕਹਿੰਦੇ ਹਨ-

**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ।।**

*-ਪੰਨਾ-੧੩੮੨*

ਫਿਰ ਭਾਈ ਸਤਿਗੁਰੂ ਤੁਹਾਡਾ ਜਿਵੇਂ ਜੋਗਾ ਸਿੰਘ ਨੇ ਆਖਿਆ ਸੀ,''ਮੈਂ ਗੁਰੂ ਜੋਗਾ।''

ਉਹਨਾਂ ਆਖਿਆ,''ਜੇ ਤੂੰ ਗੁਰੂ ਜੋਗਾ—ਗੁਰੂ ਤੇਰੇ ਜੋਗਾ।''

ਸਤਿਗੁਰੂ ਦੇ ਅਰਪਣ ਹੋ ਕੇ ਅਰਦਾਸ ਕਰਿਆ ਕਰੋ—ਸਤਿਗੁਰੂ ਕਿਰਪਾ ਕਰੇ। ਮੇਰੀ ਭੀ ਇਹ ਅਰਦਾਸ ਹੈ—ਦਰਸ਼ਨ ਦੇਣ ਵਾਸਤੇ। ਸਭ

ਤੋਂ ਵੱਡੀ ਚੀਜ਼ ਹੈ ਨਾਮਧਾਰੀ ਦੀ ਮੰਗ—ਇਸ ਵਾਸਤੇ ਨਹੀਂ, ਸ੍ਰਿਸ਼ਟੀ ਦੇ ਭਲੇ ਵਾਸਤੇ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਵੇ। ਜਦੋਂ ਦਰਸ਼ਨ ਦੇਣ ਤਾਂ ਸ੍ਰਿਸ਼ਟੀ ਦੇ ਪਾਪ ਸਭ ਦੂਰ ਹੋ ਜਾਣ। ਸਾਰੀ ਸ੍ਰਿਸ਼ਟੀ ਜਿਹੜੀ ਹੈ, ਮੁੜਕੇ ਸੁੱਖ ਨਾਲ ਵੱਸੇ, ਲੋਕ ਬੁਰੇ ਕੰਮ ਤੋਂ ਹਟ ਜਾਣ—ਕੋਈ ਕਿਸੇ ਜੀਵ ਨੂੰ ਨਾ ਦੁਖਾਵੇ, ਸਾਰੇ ਜੀਅ ਸੁਖ ਨਾਲ ਵੱਸਣ ਔਰ ਇਹ ਤਾਂ ਹੀ ਹੋ ਸਕਦੈ, ਜੇ ਸਤਿਗੁਰੂ ਦਾ ਦਰਸ਼ਨ ਹੋਵੈ।

**ਸਤਿਗੁਰੂ ਦਰਸਨਿ ਅਗਨਿ[੫੯] ਨਿਵਾਰੀ[੬੦]।।**
**ਸਤਿਗੁਰ ਭੇਟਤ[੬੧] ਹਉਮੈ ਮਾਰੀ।।**

*–ਗਉੜੀ ਗੁਆਰੇਰੀ ਮ:੫, ਪੰਨਾ–੧੮੩*

– **ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ।।**

*–ਆਸਾ ਮ:੫, ਪੰਨਾ–੪੩੧*

ਉਹ ਕਹੇ ਨਹੀਂ ਜਾ ਸਕਦੇ ਉਹ ਸੁਖ ਦਾ ਅਨੁਭਵ ਜਿਦਣ ਦਰਸ਼ਨ ਹੋਏਗਾ—ਓਦਣ ਹੀ ਹੋਵੇਗਾ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।।**
**ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣ ਤਾਸ।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ।।**
**ਹੇ ਅਪਰੰਪਰ[੨੬] ਹਰਿ ਹਰੇ ਹਹਿ[੨੭] ਭੀ ਹੋਵਨਹਾਰ[੨੮]।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੨੯] ਆਧਾਰ।।**
**ਹੇ ਠਾਕੁਰ ਹਉ ਦਾਸਰੋ[੩੦] ਮੈ ਨਿਰਗੁਨ[੩੧] ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੬੬।।**

*–ਪੰਨਾ–੨੬੧*

– **ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

# ਸ਼ਬਦਾਰਥ

*੧ਸੰਬਤ ੧੯੬੮, ਸੰਨ ੧੯੧੭

੧. ਚੰਦਰਮੇ।
੨. ਚੜ੍ਹਨ।
੩. ਬਹੁਤ ਹੀ।
੪. ਚਾਹੁੰਦਾ ਹੈ।
੫. ਵਿਰਲਾਪ।
੬. ਬਬੀਹੇ ਦੀ।
੭. ਹੇ ਸੰਤਾਂ ਦੇ ਪਿਆਰੇ ਜੀ।
੮. ਕੁਰਬਾਨ ਜਾਵਾਂ।
੯. ਆਪ ਦੀ ਬਾਣੀ ਸ਼ਾਂਤੀ ਦੇਣ ਵਾਲੀ ਹੈ।
੧੦. ਪ੍ਰਮਾਤਮਾ ਸਰੂਪ ਗੁਰੂ ਜੀ ਨੂੰ ਅਥਵਾ ਪਪੀਹੇ ਨੂੰ ਸਵਾਂਤੀ ਬੂੰਦ ਦਾ ਪਾਣੀ ਰੂਪੀ ਆਪ ਜੀ ਦਾ ਦਰਸ਼ਨ।
੧੧. ਦੁੱਖ, ਹਨ੍ਹੇਰ।
੧੨. ਅਫਗਾਨ ਰਾਜ ਸਮੇਂ ਦੇ ਸੂਬੇ ਦੀਪਾਲਪੁਰ ਦਾ ਪੂਰਬ ਭਾਗ ਜੋ ਘਾਘਰਾ ਨਦੀ (ਸਤਲੁਜ—ਬਿਆਸ ਦੀ ਸਾਂਝੀ ਧਾਰਾ) ਤੋਂ ਸਾਬੋਂ ਦੀ ਤਲਵੰਡੀ ਤਕ ਫੈਲਿਆ ਹੈ।
੧੩. ਖੰਡੇ ਦਾ ਅੰਮ੍ਰਿਤ ਛਕਣ ਵਾਲੇ ਸਿੰਘ।
੧੪. ਸੱਦਾ, ਸੰਦੇਸ਼ਾ, ਆਵਾਜ਼ਾ, ਬੁਲਾਵਾ।
੧੫. ਮੱਝਾਂ ਚਾਰਨ ਵਾਲੇ ਭਾਵ 'ਗੁਰੂ ਸਾਹਿਬ' ਦਾ।
੧੬. ਮੱਝਾਂ, ਗੁਰੂ ਕੇ ਪਿਆਰੇ ਸਿੰਘਾਂ ਨੂੰ।
੧੭. ਘਾਹ ਚਰਨਾ।
੧੮. ਜੁਦਾਈ, ਵਿਯੋਗ, ਵਿਛੋੜਾ।
੧੯. ਯਾਰ, ਦੋਸਤ।
੨੦. ਸ਼ੁਕ੍ਰਗੁਜ਼ਾਰੀ, ਧੰਨਵਾਦ, ਕ੍ਰਿਤੱਗਤਾ
੨੧. ਸ਼ਾਸਤ੍ਰ : ਉਪਦੇਸ਼ ਅਥਵਾ ਹੁਕਮ ਦੇਣ ਵਾਲਾ ਗਰੰਥ ਇਹ ਛੇ ਹਨ: ੧. ਵੈਸੇਮਿਕ ੨. ਨਿਆਏ ੩. ਸਾਂਖਯ ੪. ਪਾਤੰਜਲ (ਯੋਗ) ੫. ਮੀਮਾਂਸਾ ੬. ਵੇਦਾਂਤ।
੨੨. ਚਾਰ ਵੇਦ : ੧. ਰਿਗੁ—ਦੇਵਤਿਆਂ ਦੀ ਉਸਤਤੀ ਦਾ ਵਰਨਣ ੨. ਯਜੁਰ —ਜਗ ਹੋਮ ਦਾ ਵਰਨਣ ੩. ਅਥਰਵ—ਮੰਤ੍ਰ ੪. ਸ਼ਾਮ—ਯੱਗ ਆਦਿਕ ਵਿੱਚ ਭਜਨ (ਮੰਤਰ) ਗਾਉਣੇ।
੨੩. ਦਸ ਅਸਟ : (ਅਠਾਰਾਂ ਪੁਰਾਣ) ੧. ਬ੍ਰਹਮ ੨. ਪਦਮ ੩. ਬ੍ਰਹਮਾਂਡ ੪. ਅਗਨੀ ੫. ਵਿਸ਼ਨੂੰ ੬. ਗਰੁੜ

੭. ਬ੍ਰਹਮ ਵੈਵਰਤ ੮. ਭਾਗਵਤ ੯. ਸ਼ਿਵ ੧੦. ਲਿੰਗ ੧੧. ਨਾਰਦ ੧੨. ਸਕੰਧ ੧੩. ਮਾਰਕੰਡੇ ੧੪. ਭਵਿਖਯ ੧੫. ਮਤਸਯ ੧੬. ਵੈਰਾਹ ੧੭. ਕੂਰਮ ੧੮. ਵਾਮਨ ਇਨ੍ਹਾਂ ਦਾ ਕਰਤਾ ਬਿਆਸ ਜੀ ਨੂੰ ਮਨਦੇ ਹਨ। ਇਨ੍ਹਾਂ ਵਿੱਚ ਰਾਜਿਆਂ, ਮਹਾਤਮਾਂ, ਦੇਵਤੇ ਆਦਿਕਾਂ ਦੇ ਪਰਸੰਗ ਅਤੇ ਸ੍ਰਿਸ਼ਟੀ ਦੀ ਉਤਪਤੀ, ਦੇ ਪਰਸੰਗ ਅਤੇ ਸ੍ਰਿਸ਼ਟੀ ਅਤੇ ਚੰਦ੍ਰ ਬੰਸੀਆਂ ਦੇ ਇਤਿਹਾਸਕ ਸਮਾਚਾਰ ਆਦਿਕ ਹਨ।

੨੪. ਜਿਹੜੇ ਦੁਨੀਆਂ ਦੇ ਪਾਸੇ ਜਿਉਂਦੇ ਹਨ, ਉਹ ਪ੍ਰਮਾਤਮਾ ਵੱਲੋਂ ਮਰ ਜਾਂਦੇ ਹਨ।
੨੫. ਗੁਣਾਂ ਨਾਲ।
੨੬. ਮਿਟ, ਪੁਜ, ਜਾਏ ਰਹੀ।
੨੭. ਮਿਲਾਪ।
੨੮. ਮਨੁੱਖ ਜਨਮ ਦੀ।
੨੯. ਸੰਤ ਜਨ।
੩੦. ਉਹ।
੩੧. ਬੁਰੇ ਹਾਲ।
੩੨. ਕੰਨ।
੩੩. ਸ਼ਬਦ—ਉਪਦੇਸ਼।
੩੪. ਬੰਦ ਕਰ ਦੇਣ ਦੇ ਯੋਗ ਹਨ
੩੫. ਜਬਾਨ।
੩੬. ਘਟਦੇ ਜਾਈਦਾ ਹੈ।
੩੭. ਸਰੀਰ ਉੱਤੇ ਪਹਿਨਿਆਂ।
੩੮. ਮਨੁੱਖਾ ਜਨਮ ਰੂਪੀ।
੩੯. ਅਮੋਲਕ।
੪੦. ਇਸਤ੍ਰੀ।
੪੧. ਵੇਲੇ।
੪੨. ਵੇਲਾ।
੪੩. ਸਿਮਰਨਾ ਕਰੋ, ਯਾਦ ਕਰੋ।
੪੪. ਰਜਦਾ।
੪੫. ਕਾਰਜ।
੪੬. ਨਾਸ ਕਰ ਦੇਣ ਵਾਲਾ।
੪੭. ਸਲਾਹ, ਫੈਸਲਾ।
੪੮. ਆਉਂਦੀ ਹੈ।
੪੯. ਨੀਯਤ ਕੀਤਾ ਹੋਇਆ ਹੈ।
੫੦. ਚਾਹ।
੫੧. ਸੈਨਾ, ਫੌਜਾਂ।
੫੨. ਚੋਬਦਾਰ।
੫੩. ਨਫਰ, ਨੌਕਰ।
੫੪. ਦੌੜਦਾ ਹੈ।
੫੫. ਆਪਣੇ ਮਨਹਠ ਦੀ ਪਕਿਆਈ ਨਾਲ।
੫੬. ਜਤਾਉਂਦਾ 'ਵੱਡਾ ਜਣਾਉਂਦਾ ਹੈ'।
੫੭. ਨਿੰਦਣ ਯੋਗ ਨਹੀਂ ਹਨ, ਓਨ੍ਹਾਂ ਦੀ ਨਿੰਦਿਆ ਕਰਕੇ ਤਿਆਗ ਦਿੱਤੇ ਤੇ ਉਹਨਾਂ ਨੂੰ ਹੀ ਮੁੜ ਮੁੜ ਖਾਂਦਾ ਹੈ।
੫੮. ਮਿਲਿਆ ਹੈ।
੫੯. ਤ੍ਰਿਸ਼ਨਾ ਦੀ ਅੱਗ।
੬੦. ਦੂਰ ਕੀਤੀ ਹੈ।
੬੧. ਮਿਲਕੇ।

ਬੈਂਕੋਕ ੩-੩-੧੯੫੦

# ਬੰਕੋਕ ੪-੩-੧੯੫੦

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।**
**– ਜਾਹੀ ਕੁਲ ਤੇ ਪਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*ਹਜਰੋਂ ਨਿਵਾਸੀ ਸੁਖ ਰਾਸੀ ਅਬਿਨਾਸੀ ਨਾਥ,*
*ਕਾਟੋ ਜਮ ਫਾਸੀ ਦਾਸ, ਦਾਸਨ ਲਖਾਇ ਕੇ।*
*ਅਜਰ ਜਰੱਯਾ ਗੁਰ ਗੁਪਤ ਰਹੱਯਾ ਬਪੁ,*
*ਕਰੋ ਪਾਰ ਸਈਆ ਮਿਹਰ ਨਈਆ ਪੈ ਚਰਾਇਕੇ।*
*ਬਾਲਕ ਸਮਾਨ ਖਾਨ ਹੀਰਨ ਕੇ ਮਾਲਕ ਹੋ,*
*ਰਹੇ ਧਿਆਨ ਖਾਲਕ ਮੌਂ ਆਲਕ ਮਿਟਾਇ ਕੇ।*
*ਦਸਮ ਕੀ ਗੁਰਤਾ ਅਮਾਨਤ ਸੁ ਠਾਕੁਰੋਂ ਕੋ,*
*ਦਿਆਨਤ ਸੌਂ ਦਈ ਬਿਨ ਖਿਆਨਤ ਬੁਲਾਇ ਕੇ।।੧।।*

ਮੈਂ ਕੱਲ ਅਰਜ਼ ਕੀਤੀ ਸੀ ਕਿ ਹੋਲੇ ਦਾ ਪ੍ਰਸੰਗ ਤੇ ਸ਼ਹੀਦਾਂ ਦੀ ਸ਼ਹੀਦੀ ਮਲੇਰਕੋਟਲੇ ਵਾਲਿਆਂ ਦੀ—ਉਹ ਜੇ ਸਤਿਗੁਰੂ ਕਿਰਪਾ ਕਰੇ ਗਾ ਤੇ ਸਾਰੀ ਅਰਜ਼ ਕਰ ਦੇਵਾਂਗੇ। ਅੱਗੋਂ ਪਤਾ ਨਹੀਂ ਕਿਉਂਕਿ ਕੂਕੇ ਪਾਗਲਾਂ ਦਾ ਟੋਲਾ ਹੈ ਔਰ ਜੇ ਪਾਗਲ ਨਾ ਹੋਣ ਤਾਂ ਇਹਨਾਂ ਦੀ ਅਸਲੀਅਤ ਮਾਰੀ ਜਾਂਦੀ ਹੈ। ਜਿਸ ਨਸਲ ਵਿੱਚੋਂ ਕੋਈ ਹੋਵੇ ਜੇ ਉਹ

ਨਸਲ ਨਾ ਉਹਦੇ ਵਿੱਚ ਆਵੇ ਤਾਂ ਫਿਰ ਉਹ ਠੀਕ ਨਹੀਂ ਰਹਿ ਸਕਦਾ। ਏਥੇ ਜੇ ਇਸ ਪਾਸੇ ਨੂੰ ਤੁਰ ਪਈਏ, ਗੁਰੂ ਨਾਨਕ ਦੇਵ ਨੂੰ ਲੋਕਾਂ ਆਖਿਆ–

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ[1]।।**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ।।੧।।**
**ਭਇਆ ਦਿਵਾਨਾ ਸਾਹ[2] ਕਾ ਨਾਨਕੁ ਬਉਰਾਨਾ[3]।।**
**ਹਉ ਹਰਿ ਬਿਨੁ ਅਵਰੁ ਨ ਜਾਨਾ।।**

*–ਮਾਰੂ ਮ:੧, ਪੰਨਾ–੯੯੧*

ਗੁਰੂ ਨਾਨਕ ਬਉਰਾ। ਕਬੀਰ ਕਹਿੰਦਾ ਹੈ–

**ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ।।**
**ਮੈ ਬਿਗਰਿਓ[4] ਬਿਗਰੈ ਮਤਿ ਅਉਰਾ[5]।।੧।।**

*–ਬਿਲਾਵਲ ਕਬੀਰ ਜੀ, ਪੰਨਾ–੮੫੫*

–ਹੋਰ ਕੋਈ ਨਾ ਵਿਗੜੇ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ–

**ਜੋ ਜੋ ਰੰਗ ਏਕ ਕੇ ਰਾਚੇ।।**
**ਤੇ ਤੇ ਲੋਕ ਲਾਜ ਤਜਿ ਨਾਚੇ।।**

*–ਦਸਮ ਗ੍ਰੰਥ, ਪੰਨਾ–੧੫੭*

## ਕਥਨੀ ਤੇ ਕਰਨੀ

ਕੰਮ ਇਹੋ ਜਿਹਾ ਹੀ ਹੈ ਪਰ ਸਾਡੀਆਂ ਤਾਂ ਕਹਿਣੀਆਂ ਹੀ ਹਨ। ਕਥਨੀ ਵਾਲੇ ਤੇ ਕਰਨੀ ਵਾਲਿਆਂ ਵਿੱਚ—ਕਹਿਣੀ ਤੇ ਕਰਨੀ, ਉਹ ਹਾਹੇ ਦਾ ਮੂੰਹ ਮਿਲ ਜਾਏ ਤਾਂ ਕਰਨੀ ਬਣ ਜਾਂਦੀ ਹੈ, ਜੇ ਖੁਲ੍ਹਾ ਹੋਵੇ ਤਾਂ ਕਹਿਣੀ ਹੈ। ਕਹਿਣੀ ਵਾਲੇ ਮੂੰਹ ਖੋਲ੍ਹ ਕੇ ਕਹਿੰਦੇ ਨੇ, ਕਰਨੀ ਵਾਲੇ ਮੂੰਹ ਨਹੀਂ ਖੋਲ੍ਹਦੇ ਉਹ ਅੰਦਰੋਂ ਕਰਦੇ ਨੇ, ਉਹ ਰਾਰੇ ਦਾ ਮੂੰਹ ਮਿਲਿਆ ਹੋਇਆ ਹੈ, ਉਹ ਕਹਿੰਦੇ ਕਿਸੇ ਨੂੰ ਕੁਛ ਨਹੀਂ। ਉਨ੍ਹਾਂ ਦਾ ਲੋਕਾਂ ਨੂੰ–

**ਸਾਧ ਕੈ ਸੰਗਿ ਨਹੀਂ ਕਛੁ ਘਾਲ[੬]।।**
**ਦਰਸਨੁ ਭੇਟਤ[੭] ਹੋਤ ਨਿਹਾਲ।।**

*–ਗਉੜੀ ਮ:੫, ਪੰਨਾ–੨੭੨*

ਪੁਰਾਣਿਆਂ ਸਾਧੂਆਂ ਤੋਂ ਸੁਣਿਆ ਹੈ ਕਿ ਕੋਈ ਨਾਮਧਾਰੀ ਲੈਕਚਰ, ਕੋਈ ਵਖਿਆਨ ਨਹੀਂ ਸੀ ਕਰਦਾ, ਜਿੱਥੋਂ ਦੀ ਲੰਘਦੇ ਸਨ ਲੋਕ ਵੇਖ ਕੇ ਸਿੱਖ ਸਜਦੇ ਸੀ। ਪੜ੍ਹੋ ਪੰਥ ਪ੍ਰਕਾਸ਼, ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਪਿਛੋਂ ਜਦੋਂ ਸਿੱਖਾਂ ਦੀ ਬੁਰੀ ਹਾਲਤ ਸੀ। ਜਦੋਂ ਜੰਗਲਾਂ ਵਿੱਚ ਰਹਿੰਦੇ ਸੀ, ਜਦੋਂ ਕੋਈ ਨਹੀਂ ਸੀ ਖਲੋਣ ਦਿੰਦਾ, ਉਦੋਂ ਲੋਕ ਸਿੱਖ ਸਜਦੇ ਸਨ। ਜਿੱਥੋਂ ਦੀ ਲੰਘਦੇ ਸਨ ਸਿੱਖ ਸਜਦੇ ਸਨ ਕਿਉਂਕਿ ਜੋ ਕਹਿੰਦੇ ਸਨ–ਕਰਦੇ ਸਨ।

ਤਿੰਨ ਗੱਲਾਂ ਲਿਖੀਆਂ ਹਨ–ਸਰਦਾਰ ਹਰੀ ਸਿੰਘ ਨਲੂਏ ਦਾ ਜੀਵਨ, ਇਕ ਅਮਰ ਸਿੰਘ ਸੂਤਰ ਮੰਡੀ ਵਿੱਚ ਕੋਈ ਹੋਇਆ ਹੈ, ਓਨ੍ਹੇ ਕਿਹਾ–ਤਿੰਨ ਤਰ੍ਹਾਂ ਦੇ ਹੀ ਦਰਖਤ ਹਨ, ਤਿੰਨ ਤਰ੍ਹਾਂ ਦੇ ਹੀ ਮਨੁੱਖ ਹਨ। ਇੱਕ ਉਹ ਦਰਖਤ ਹਨ ਜਿਨ੍ਹਾਂ ਨੂੰ ਫੁੱਲ ਆਉਂਦਾ, ਫਲ ਨਹੀਂ ਲਗਦਾ; ਇੱਕ ਦਰਖਤ ਉਹ ਹੈ ਜਿਹਨੂੰ ਫੁੱਲ ਆ ਕੇ, ਅੰਬ ਆਦਿਕ ਨੂੰ ਫਲ ਵੀ ਆਉਂਦਾ ਹੈ; ਇੱਕ ਉਹ ਦਰਖਤ ਹੈ ਜਿਹੜਾ ਕਟਹਲ ਜਿਹਨੂੰ ਫੁੱਲ ਨਹੀਂ ਆਉਂਦਾ, ਫਲ ਹੀ ਆਉਂਦਾ ਹੈ।

ਇੱਕ ਮਨੁੱਖ ਉਹ ਹਨ ਜਿਹੜੇ ਨਿਰੇ ਗੱਲਾਂ ਹੀ ਕਰਦੇ ਨੇ, ਕਰ ਕੁਛ ਨਹੀਂ ਸਕਦੇ। ਸਾਡੀ ਉਹ ਹਾਲਤ ਹੈ ਐਸ ਵੇਲੇ, ਅਸੀਂ ਕਿਸੇ ਨੂੰ ਨਹੀਂ ਕਹਿ ਸਕਦੇ। ਸਿੱਖਾਂ ਵਿੱਚ ਜੇ ਕੋਈ ਇਹ ਗੱਲ ਕਹੇ ਕਿ ਅਕਾਲੀ ਹੋਰ, ਨਾਮਧਾਰੀ ਹੋਰ, ਕਿਸੇ ਦਾ ਜਦੋਂ ਸਿੱਖ ਨਾਂ ਆਊ–ਉਹਦੇ ਵਿੱਚ ਸਾਰੇ ਹੀ ਆ ਜਾਂਦੇ ਹਨ ਔਰ ਸਾਰਿਆਂ ਦੀ ਸਾਡੀ ਇਹ ਹਾਲਤ ਹੈ ਕਿ ਅਸੀਂ ਨਿਰੇ ਕਹਿਣੀ ਜੋਗੇ ਹਾਂ, ਕਰਨੀ ਜੋਗੇ ਨਹੀਂ ਰਹੇ। ਇਹ ਇੱਕ ਦੀ ਗੱਲ ਨਹੀਂ ਹੈ ਕੋਈ ਇਹ ਆਖੇ, ਉਸਨੂੰ ਆਖੀ ਹੈ, ਓਹਨੂੰ ਆਖੀ ਹੈ।

ਇੱਕ ਮਨੁੱਖ ਨੇ ਉਹ ਜਿਹੜੇ ਜੋ ਕਹਿੰਦੇ ਨੇ, ਉਹ ਕਰਕੇ ਦਿਖਾਉਂਦੇ

ਹਨ। ਜਿਨ੍ਹਾਂ ਨੇ, ਬਾਬੇ ਫੂਲਾ ਸਿੰਘ ਹੁਰਾਂ ਨੇ ਕਿਹਾ,''ਅੱਜ ਚੜ੍ਹਨਾ ਹੈ।''

ਰਣਜੀਤ ਸਿੰਘ ਨੇ ਆਖਿਆ,''ਫੌਜ ਥੋੜੀ ਹੈ।''

ਉਨ੍ਹਾਂ ਨੇ ਆਖਿਆ,''ਬਈ ਇਹ ਗੱਲ ਹੁਣ ਨਹੀਂ ਹੋ ਸਕਦੀ, ਖਾਲਸਾ ਜੀ ਅਰਦਾਸਾ ਸੋਧਿਆ—ਗੁਰੂ ਸਾਹਿਬ ਦਾ, ਹੁਣ ਨਹੀਂ ਮੁੜਦੇ''—ਨੁਸ਼ਹਿਰੇ ਦੀ ਲੜਾਈ ਵਿੱਚ। ਸੁਭਾਗ ਨਾਲ ਉਸ ਜਗ੍ਹਾ ਦੇ ਦਰਸ਼ਨ ਕਰ ਆਏ ਹਾਂ ਕਿਸੇ ਵੇਲੇ, ਹੁਣ ਜੋ ਗੁਰੂ ਨੂੰ ਭਾਵੇ। ਉਨ੍ਹਾਂ ਨੇ ਨਾ ਪਿੱਠ ਮੋੜੀ, ਜੋ ਕਿਹਾ ਸੋ ਕਰਿਆ।

ਭੰਗੀ ਸਰਦਾਰ ਜੱਸਾ ਸਿੰਘ ਕੋਲ, ਅੰਮ੍ਰਿਤਸਰ ਜੀ ਆ ਕੇ ਇੱਕ ਬ੍ਰਾਹਮਣ ਰੋਂਦਾ ਹੈ—ਉਹਦੇ ਅੱਗੇ। ਕਹਿੰਦਾ ਹੈ,''ਮੇਰੀ ਔਰਤ ਕਸੂਰ ਵਾਲੇ ਪਠਾਣ ਲੈ ਗਏ ਹਨ।''

ਜੱਸਾ ਸਿੰਘ ਨੇ ਕਹਿ ਦਿੱਤਾ,''ਬਈ ਅਸੀਂ ਚਲਦੇ ਹਾਂ, ਤੇਰੀ ਔਰਤ ਲੈ ਕੇ ਦਿਆਂਗੇ।''

ਬਾਰ੍ਹਾਂ ਹੀ ਮਿਸਲਾਂ ਇਕੱਠੀਆਂ ਹੋਈਆਂ ਸੀ—ਮੇਲਾ, ਉਹ ਕਹਿੰਦੇ,''ਤੂੰ ਕੋਈ ਸੋਚਣਾ ਸਮਝਣਾ ਤਾਂ ਸੀ, ਪਠਾਣਾਂ ਦੇ ਕਿਲਿਆਂ ਨਾਲ, ਜਾ ਕੇ ਜੰਗ ਹੋਣੈ।'' ਉਹ ਕਹਿੰਦਾ ਹੈ–

*ਅਬ ਤੋ ਹਮ ਮਰ ਜੈ ਹੈ ਜੋ ਲੈ ਹੈ ਨਾਹਿ ਕਸੂਰ ਹੈ।*

ਗੱਲ ਕਰ ਬੈਠੇ ਹਾਂ, ਪਿੱਛੇ ਨਹੀਂ ਹੁਣ ਮੁੜ ਸਕਦੇ, ਨਾਲ ਦੂਜਿਆਂ ਨੂੰ ਵੀ ਤੁਰਨਾ ਪਿਆ। ਉਸ ਬ੍ਰਾਹਮਣ ਦੀ ਬ੍ਰਾਹਮਣੀ ਲੈ ਕੇ ਦਿੱਤੀ —ਪਰਉਪਕਾਰ ਵਾਸਤੇ, ਆਪਣੇ ਵਾਸਤੇ ਕੁਛ ਨਹੀਂ।

ਇੱਕ ਹਨ ਉਹ ਸਰਦਾਰ ਹਰੀ ਸਿੰਘ ਨਲੂਏ ਵਰਗੇ ਜਿਹੜੇ ਕਹਿੰਦੇ ਨਹੀਂ, ਕਰਕੇ ਵਿਖਾਉਂਦੇ ਹਨ। ਉੱਥੇ ਇਸੇ ਤਰ੍ਹਾਂ ਹੀ ਇੱਕ ਮਿਚਨੀ ਦਾ—ਉੱਥੇ ਨਜ਼ਦੀਕ ਹੈ ਪਸ਼ੌਰ ਦੇ—ਉੱਥੋਂ ਦਾ ਇੱਕ ਪਠਾਣ ਸੀ ਬੜਾ ਸਰਦਾਰ। ਇਸੇ ਤਰ੍ਹਾਂ ਉਹ ਇੱਕ ਹਿੰਦੂ ਦੀ ਔਰਤ ਲੈ ਗਿਆ। ਉਹ ਆ ਕੇ ਰੋਏ, ਸਰਦਾਰ ਹਰੀ ਸਿੰਘ ਅੱਗੇ। ਉਹਨੂੰ ਗਾਲ੍ਹਾਂ ਕੱਢੀਆਂ,''ਜਾਹ ਤੁਰ ਜਾ ਅਸੀਂ ਐਡੇ-ਐਡੇ ਆਦਮੀਆਂ ਨਾਲ ਮੱਥਾ ਲਾ

ਸਕਦੇ ਹਾਂ ਜਾ ਕੇ, ਖਬਰਦਾਰ ਹੋ ਜਾ।'' ਉਹਨੂੰ ਇਹ ਖਬਰ ਪਹੁੰਚ ਗਈ, ਚੁੱਪ ਕਰਕੇ ਉੱਥੇ ਜਾ ਕੇ, ਉਹਦੀ ਮਿਚਣੀ ਵਿਚੋਂ ਜਾ ਕੇ, ਉਹਦੀ ਔਰਤ ਲਿਆ ਕੇ ਦੇ ਦਿੱਤੀ। ਉਹ ਕਹਿਣੀ ਵਾਲੇ ਨਹੀਂ—ਉਹ ਕਰਨੀ ਵਾਲੇ ਹਨ। ਸਾਡੇ ਘਰ ਵਿੱਚ ਵੀ ਗੁਰੂ ਨਾਨਕ ਦੇਵ ਕਹਿੰਦੇ ਨੇ–

**ਭਾਉ ਭਗਤਿ ੮ ਕਰਿ ਨੀਚੁ ਸਦਾਏ।।**
**ਤਉ ਨਾਨਕ ਮੋਖੰਤਰੁ ਪਾਏ।।੨।।**

*–ਮ:੧, ਪੰਨਾ–੪੭੦*

ਭਾਈ ਗੁਰਦਾਸ ਜੀ ਕਹਿੰਦੇ ਹਨ–

*ਕਰਿ ਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ।*

*–ਵਾਰ ੧, ਪਉੜੀ ੧੬*

## ਗੁਰੂ ਦਾ ਘਰ ਸਮੁੰਦਰ ਹੈ

ਕਰੀਏ ਕੀ, ਸਾਨੂੰ ਆਉਂਦਾ ਕੁਝ ਵੀ ਨਹੀਂ ਸਾਰੀ ਦੁਨੀਆਂ ਦੇ ਪਹਾੜ ਮੇਲ ਦਿੰਨੇ ਹਾਂ। ਕਿਸੇ ਵੇਲੇ ਦੇਖੋ—ਹੁਣ, ਇਹ ਹੈ ਗੁਰੂ ਘਰ, ਇਹ ਹੈ ਸਮੁੰਦਰ, ਇਹਦੇ ਨਾ ਹੀਰੇ, ਨਾ ਮੋਤੀ, ਨਾ ਲਾਲਾਂ ਦੀ, ਕੋਈ ਗਿਣਤੀ ਦਾ ਘਾਟਾ ਹੀ ਨਹੀਂ। ਜੋ ਕੁਝ ਹੈ ਅਸੀਂ ਦੇਖਣ ਲੱਗੀਏ, ਕਿਥੋਂ ਤਕ ਅਸੀਂ ਗਿਣ ਸਕੀਏ, ਕਈ ਕਰੋੜਾਂ ਉਮਰਾਂ ਵਿੱਚ ਵੀ ਨਹੀਂ ਜਾਣ ਸਕਦੇ, ਸਤਿਗੁਰੂ ਦੇ ਜੱਸ ਨੂੰ। ਉਨ੍ਹਾਂ ਦੀ ਜਨਮ ਸਾਖੀ ਵੱਡੀ ਤੋਂ ਵੱਡੀ ਪੰਜ ਸੌ ਸਾਖੀ ਗੁਰੂ ਨਾਨਕ ਦੀ ਲਿਖੀ ਹੈ। ਤਿੰਨ ਸੌ ਪੈਂਹਠ ਦਿਨ ਤਾਂ ਇੱਕ ਸਾਲ ਦੇ ਹੋ ਜਾਂਦੇ ਨੇ, ਜਿੰਨੀਆਂ ਕੁ ਬਾਬੇ ਬਾਲੇ ਜੀ ਨੂੰ ਯਾਦ ਆ ਗਈਆਂ ਜਾਂ ਜਿਨ੍ਹਾਂ ਸੱਜਣਾਂ ਨੇ ਸੁਣਾਈਆਂ ਲਿਖ ਦਿੱਤੀਆਂ। ਸੱਤਰ ਸਾਲ ਕੁਛ ਦਿਨ ਗੁਰੂ ਨਾਨਕ ਦੇਵ ਇਸ ਧਰਤੀ ਉੱਤੇ ਰਹੇ ਤੇ ਹੁਣ ਏਨੀਆਂ ਹੀ ਸਾਖੀਆਂ ਸਨ ? ਪਰ ਜੋ ਕੁਛ ਮਿਲਿਆ ਹੈ ਸਮੁੰਦਰ ਵਿਚੋਂ ਬੂੰਦ ਉਹੋ ਹੀ ਸਹੀ। ਹੁਣ ਇੱਥੇ ਗੁਰੂ ਬਾਲਕ ਸਿੰਘ ਜੀ ਦਾ ਮੰਗਲ ਕਰਦੇ ਹਨ, ਅੱਗੇ ਅਨੰਦਪੁਰ ਦਾ ਹੋਲਾ ਹੈ–

*ਹਜਰੋਂ ਨਿਵਾਸੀ ਸੁਖ ਰਾਸੀ ਅਬਿਨਾਸੀ ਨਾਥ,*

ਹੇ ਹਜਰੋਂ ਦੇ ਨਿਵਾਸੀ—*ਹਜਰੋਂ ਨਿਵਾਸੀ ਸੁਖ ਰਾਸੀ*[੩]—ਸੁਖਾਂ ਦੀ ਰਾਸ, ਅੱਗੇ—*ਅਬਿਨਾਸੀ ਨਾਥ*—ਜੋ ਨਾਸ ਨਾ ਹੋਣੇ ਵਾਲੇ, ਹੇ ਨਾਥ।

*ਕਾਟੋ ਜਮ ਫਾਸੀ ਦਾਸ ਦਾਸਨ ਲਖਾਇ ਕੇ।*

ਦਾਸਾਂ ਦਾ ਦਾਸ ਜਾਣਕੇ, ਮੇਰੀ ਜਮਾਂ ਦੀ ਫਾਸੀ ਕੱਟੋ, ਮੇਰਾ ਆਉਣਾ ਮੁੱਕ ਜਾਵੇ।

*ਅਜਰ ਜਰੱਯਾ ਗੁਰ ਗੁਪਤ ਰਹੱਯਾ ਬਪੁ।*

ਐਸਾ ਆਪਦਾ ਸਰੂਪ ਹੈ—ਅਜਰ ਵਸਤੂ ਨੂੰ ਜਰਨੇ ਵਾਲਾ, *ਗੁਪਤ ਰਾਖੀ—ਗੋਇ ਰਾਖੀ ਘਟ ਦੀਪ ਜਿਮ*—ਗਿਆਨ ਸਿੰਘ ਜੀ ਗਿਆਨੀ ਲਿਖਦੇ ਹਨ-

*ਕਰੋ ਪਾਰ ਸਈਆ ਮਿਹਰ ਨਈਆ ਪੈ ਚਰਾਇਕੇ।*

ਮੈਨੂੰ ਸੰਸਾਰ ਸਮੁੰਦਰ ਭਵਜਲ ਵਿਚੋਂ ਪਾਰ ਕਰ ਦਿਉ—ਮੇਹਰ ਦੀ ਨਈਆ ਉੱਤੇ ਚੜ੍ਹਾ ਕੇ, ਆਪਣੀ ਮੇਹਰ ਦੀ ਬੇੜੀ ਉੱਤੇ ਚੜ੍ਹਾ ਕੇ।

*ਬਾਲਕ ਸਮਾਨ ਖਾਨ ਹੀਰਨ ਕੇ ਮਾਲਕ ਹੋ।*

ਬਾਲਕ ਨਾਮ, ਬਾਲਕ ਸਮਾਨ, ਦੇਖਣ ਵਿਚੱ ਛੋਟੇ—ਮਲੂਮ ਦੇਖਣ ਨੂੰ, ਕਿਸੇ ਨੂੰ ਨਹੀਂ ਆਪਣੀ ਅਜਰ ਵਸਤ ਜਣਾਈ ਔਰ ਹੀਰਿਆਂ ਦੀ ਖਾਨ ਹੋ।

*ਰਹੇ ਧਿਆਨ ਖਾਲਕ ਮੋਂ ਆਲਕ ਮਿਟਾਇ ਕੇ।*

ਧਿਆਨ ਸਿੰਘ ਜੀ ਕਹਿੰਦੇ ਨੇ—ਮੇਰਾ ਧਿਆਨ ਤੁਹਾਡੇ ਚਰਨਾਂ ਵਿੱਚ ਰਹੇ। ਆਲਸ ਨੂੰ ਮਿਟਾਇਆ, ਆਪਣੇ ਖਾਲਕ ਦੇ ਵਿੱਚ ਧਿਆਨ ਜੋੜਿਆ।

*ਦਸਮ ਕੀ ਗੁਰਤਾ ਅਮਾਨਤ ਸੁ ਠਾਕਰੋਂ ਕੋ।*

ਜਿਹੜੀ ਗੁਰੂ ਗੋਬਿੰਦ ਸਿੰਘ ਨੇ ਗੁਰਿਆਈ ਦੇ ਕੇ ਕਿਹਾ ਸੀ—ਸਾਡੀ ਅਮਾਨਤ ਹੈ ਗੁਰੂ ਰਾਮ ਸਿੰਘ ਨੂੰ ਦੇਣੀਂ—ਠਾਕਰਾਂ ਨੂੰ, ਉਹ ਦੇ ਕਰਕੇ-

*ਦਿਆਨਤ ਸੌਂ ਦਈ ਬਿਨ ਖਿਆਨਤ ਬੁਲਾਇ ਕੇ।।੧।।*

-ਉਹ ਦਿਆਨਤ ਨਾਲ ਦਿੱਤੀ। ਜਿਸ ਤਰ੍ਹਾਂ ਕੋਈ ਕਹਿੰਦਾ ਹੈ—ਲੈ ਭਾਈ ਇਹ ਚੀਜ਼ ਹੈ—ਅਮਾਨਤ ਰੱਖੀ ਹੈ, ਇਹ ਉਹਨੂੰ ਫਲਾਣੇ ਸਰੀਰ ਨੂੰ ਦੇਣੀ ਹੈ। ਉਹਦੇ ਵਿੱਚ ਫਿਰ ਦਿਆਨਤ ਨਾਲ ਦਿੱਤੀ, ਪੂਰੀ ਦੀ ਪੂਰੀ, ਕੋਈ ਰੌਲਾ ਨਹੀਂ ਪੈਣ ਦਿੱਤਾ।

*ਦੋਹਰਾ।।ਸਤਿ ਸੰਗੀ ਰੰਗੀ ਪ੍ਰਭੂ ਰੂਪ ਅਨੂਪ ਸੁਹਾਇ।*

ਸਤਿਗੁਰੂ ਕੈਸੇ ਹਨ—ਸਤਸੰਗੀ ਹਨ, ਜਿਨ੍ਹਾਂ ਦਾ ਸਰੂਪ ਬੜਾ ਸੁੰਦਰ ਹੈ।

*ਬਾਲਕ ਸਿੰਘ ਗੁਰ ਗਯਾਰਵੇਂ ਧਯਾਨ ਸਿੰਘ ਨਿਤ ਧਿਆਇ।।੨।।*

ਧਿਆਨ ਸਿੰਘ ਜੀ ਕਹਿੰਦੇ ਨੇ, ਗਿਆਰਵੇਂ ਗੁਰੂ ਬਾਲਕ ਸਿੰਘ ਜੀ ਨੂੰ ਮੇਰੀ ਨਮਸ਼ਕਾਰ ਹੈ, ਭਾਈ ਨਿਤ ਉਨ੍ਹਾਂ ਦਾ ਸਿਮਰਨ ਕਰੋ।

## ਅਨੰਦਪੁਰ ਸਾਹਿਬ ਦੇ ਹੋਲੇ ਦੀ ਤਿਆਰੀ

*ਸ੍ਰੀ ਅਨੰਦ ਪੁਰ ਜਿਵ ਗਏ ਹੋਲੇ ਕੇ ਉਤਸਾਹਿ।*

ਹੁਣ ਸਤਿਗੁਰੂ ਰਾਮ ਸਿੰਘ ਜੀ ਜਿਸ ਤਰ੍ਹਾਂ ਹੋਲੇ ਤੇ ਜਾਂਦੇ ਹਨ ਅਨੰਦਪੁਰ ਸਾਹਿਬ।

*ਸੋ ਪ੍ਰਸੰਗ ਆਗੇ ਸੁਣੌਂ ਉਜਲ ਗੁਰ ਦੁਤ ਮਾਹਿ।।੩।।*

ਸਤਿਗੁਰ ਜੀ ਦਾ ਉੱਜਲ ਪ੍ਰਸੰਗ, ਜੋ 'ਦੁਤ ਮਾਹਿ'—ਚੰਦਰਮਾਂ ਜੋ ਪ੍ਰਕਾਸ਼ ਰੂਪ ਸਤਿਗੁਰੂ ਦਾ ਜੱਸ ਹੈ।

*ਏਕੰਕਾਰ ਅਕਾਰ ਗੁਰ ਨਾਨਕ ਭਵ ਅਸਥਾਨ।*

ਕਹਿੰਦੇ, ਆਪਣੀ ਹੁਣ ਕਥਾ ਦੱਸਦੇ ਨੇ ਕਿ ਅਸੀਂ ਕਿਸ ਤਰ੍ਹਾਂ ਹੋਲੇ ਦੀ ਕਥਾ ਸੁਣੀ। ''ਏਕੰਕਾਰ''—ਇੱਕ ਅਕਾਲ ਪੁਰਖ ਜੋ ਇੱਕ ਹੈ, ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ, ਉਨ੍ਹਾਂ ਦਾ ਜੋ ਅਸਥਾਨ ਹੈ, ਜਿੱਥੇ ਸੱਚੇ ਪਾਤਸ਼ਾਹ ਪਰਗਟ ਹੋਏ।

*ਸ੍ਰੀ ਨਨਕਾਣਾ ਦਰਸ ਹਿਤ ਪਹੁੰਚਾ ਸਿੰਘ ਧਿਆਨ।।੪।।*

ਧਿਆਨ ਸਿੰਘ ਜੀ ਕਹਿੰਦੇ ਨੇ, ਨਨਕਾਣੇ ਸਾਹਿਬ ਦੇ ਦਰਸ਼ਨ ਵਾਸਤੇ ਗਏ।

*ਸੰਮਤ ਉਨੀ ਸਤ ਚਵਨ ਜੇਠ ਇਕੱਤੀ ਜਾਨ।*

*ਥਿਤਿ ਇਕਾਦਸੀ ਨਿਰਜਲਾ ਸ਼ੁਕਰਵਾਰ ਪਛਾਨ।।੫।।*

ਉਹਨਾਂ ਨੇ ਲਿਖਿਆ ਹੈ ਦਿਨ ਵੀ, ਇਕਾਦਸ਼ੀ ਨਿਰਜਲਾ—ਸ਼ੁਕਰਵਾਰ ਦਾ ਦਿਨ ਹੈ। ਨਿਰਜਲਾ ਇਕਾਦਸ਼ੀ—ਦੋ ਮੇਲੇ ਨਨਕਾਣੇ ਸਾਹਿਬ ਹੁੰਦੇ ਸਨ, ਇੱਕ, ਗੁਰੂ ਹਰਿਗੋਬਿੰਦ ਸਾਹਿਬ ਜਿਸ ਵੇਲੇ ਆਏ ਹਨ ਕਸ਼ਮੀਰ ਤੋਂ ਤਾਂ ਇਹ ਮੇਲਾ ਉਸ ਵੇਲੇ ਸ਼ੁਰੂ ਕੀਤਾ, ਨਿਮਾਣੀ ਇਕਾਦਸ਼ੀ ਦਾ ਅਰ ਜਿਹੜਾ ਦੂਸਰਾ ਮੇਲਾ ਸੀ ਉਹ ਸਤਿਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਾ ਦਿਨ ਸੀ ਜਿਹਨੂੰ ਟੁਕੜੀ ਵੀ ਲੋਕ ਕਹਿੰਦੇ ਸੀ—ਕੱਤਕ ਦੀ ਪੂਨਮਾਸ਼ੀ।

*ਸੰਮਤ ਉਨੀ ਸਤ ਚਵਨ ਜੇਠ ਇਕੱਤੀ ਜਾਨ।*

ਕਹਿੰਦੇ ਨੇ ਉੱਨੀ ਸੌ ਚੁਰੰਜਾ ਸੰਮਤ ਜੇਠ ਦੀ ਇਕੱਤੀ ਵਾਲੇ ਦਿਨ, ਉਦੋਂ ਇਹ ਇਕਾਦਸ਼ੀ ਨਿਰਜਲਾ ਆਈ—ਸ਼ੁਕਰਵਾਰ ਨੂੰ।

*ਸੰਗਤ ਪੰਗਤ ਮਿਲੀ ਬਹੁ ਢੋਲਕ ਛੈਣੇ ਸਾਥ।*

ਸੰਗਤਾਂ ਬਹੁਤ ਸਾਰੀਆਂ ਮਿਲ ਕੇ ਢੋਲਕ ਛੈਣਿਆਂ ਨਾਲ ਕੀਰਤਨ ਕਰਦੀਆਂ।

*ਕੀਰਤਨ ਕਰਤੇ ਗਏ ਤਹਿ ਜਹਿ ਮੰਦਰ ਹਰਿ ਨਾਥ।।੬।।*

ਗੁਰੂ ਨਾਨਕ ਦੇਵ ਦੇ ਮੰਦਰ ਦਰਸ਼ਨ ਕਰਨ ਵਾਸਤੇ ਗੁਰਦੁਆਰੇ ਗਏ—ਕੀਰਤਨ ਕਰਦੇ।

*ਸਭ ਸਥਾਨ ਗੁਰ ਨਾਨਕ ਲੀਲਾ।*

ਗੁਰੂ ਨਾਨਕ ਦੇਵ ਦਾ ਬਾਲ ਲੀਲਾ ਦਾ ਸਥਾਨ ਵੀ-

*ਦਰਸ਼ਨ ਕਿਯੇ ਹੋਤ ਮਨ ਸੀਲਾ।*

ਜਿਨ੍ਹਾਂ ਦੇ ਦਰਸ਼ਨ ਕੀਤੇ ਤੋਂ ਮਨ ਠੰਡਾ ਹੁੰਦਾ ਹੈ।

*ਬਾਲ ਖੇਲ ਸਰ ਬਾਲ ਨਿਹਾਰੇ।*

ਬਾਲ ਲੀਲਾ ਵਾਲਾ ਬਾਲਸਰ ਦੇਖਿਆ ਤਲਾ।

*ਤਟ ਸੰਗਤਿ ਬਹੁਤ ਧੁਨ ਜੈਕਾਰੇ।।੭।।*

ਸੰਗਤਿ ਨੇ ਕੰਢੇ ਉੱਤੇ ਬੜੇ ਜੈਕਾਰੇ ਬੁਲਾਏ।

*ਮਾਲ ਚਰਾਇ ਉਜਾਰਾ ਖੇਤ।*

ਜਿਹੜਾ ਕਿਆਰਾ ਸਾਹਿਬ ਗੁਰਦੁਆਰਾ ਸੀ ਬੜੀ ਦੂਰ, ਉਹ ਵੀ ਜਾ ਕੇ ਦੇਖਿਆ ਜਿੱਥੇ ਮਾਲ ਨਾਲ ਖੇਤ ਉੱਜੜਿਆ ਸੀ।

*ਫੇਰ ਸਵਾਰਾ ਸੁਖ ਨਿਕੇਤ।*

ਸਤਿਗੁਰੂ ਜੀ ਨੇ ਉਸੇ ਤਰ੍ਹਾਂ ਹੀ ਫਿਰ ਹਰਾ ਭਰਾ ਕਰ ਦਿੱਤਾ ਸੀ।

*ਛਪੇ ਜਾਂਹਿ ਕਰ ਸੌਦਾ ਸਾਚਾ।*

ਜਦੋਂ ਸੱਚਾ ਸੌਦਾ ਕਰਕੇ ਆ ਕੇ ਛਪ ਗਏ ਸੀ—ਜਿਹੜੇ ਵਣ ਦੇ ਹੇਠ—ਮਾਲ ਸਾਹਿਬ।

*ਕਾਲੂ ਪਕਰਾ ਲਾਇ ਤਮਾਚਾ।।੮।।*

ਕਾਲੂ ਨੇ ਫੜ ਕੇ ਮੂੰਹ ਉੱਤੇ ਚਪੇੜ ਮਾਰੀ ਸੀ।

*ਵਣ ਸਾਏ ਬਨਵਾਲੀ ਸੋਇ।*

ਉਹ ਵਣ—ਇਹ ਤੰਬੂ ਸਾਹਿਬ ਇਹਦਾ ਨਾਂ ਸੀ ਜਿਹਦੇ ਹੇਠ ਲੁਕੇ ਸਨ, ਦੂਸਰਾ ਮਾਲ ਸਾਹਿਬ ਜਿੱਥੇ ਮਹਾਰਾਜ ਬਿਰਾਜੇ ਹਨ ਤੇ ਸੱਪ ਨੇ ਛਾਂ ਕੀਤੀ।

*ਸਾਇਆ ਸੇਸ ਸਮਾਨ ਸਜੋਇ।*

ਜਿੱਥੇ ਸ਼ੇਸ਼ ਨਾਗ ਨੇ ਛਾਇਆ ਕੀਤੀ ਸੀ, ਉਹਦਾ ਵੀ ਜਾ ਦਰਸ਼ਨ ਕੀਤਾ।

*ਸ੍ਰੀ ਹਰਿ ਗੋਬਿੰਦ ਕੋ ਅਸਥਾਨ।*

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦਵਾਰਾ।

*ਉਤਰੇ ਹੇਤ ਦਰਸ ਭਗਵਾਨ।।੯।।*

ਜਿੱਥੇ ਗੁਰੂ ਸਾਹਿਬ ਆ ਕੇ ਠਹਿਰੇ ਹਨ—ਕਸ਼ਮੀਰੋਂ ਆਉਂਦੇ ਹੋਏ, ਦਰਸ਼ਨ ਵਾਸਤੇ ਨਨਕਾਣੇ ਸਾਹਿਬ ਦੇ।

*ਬਾਲੇ ਭਾਈ ਕਾ ਜੋ ਕੂਆ।*

ਫਿਰ ਭਾਈ ਬਾਲੇ ਜੀ ਦਾ ਖੂਹ ਜਾ ਕੇ ਦਰਸ਼ਨ ਕੀਤਾ।

*ਸੋ ਭੀ ਪਰਸ ਦਰਸ ਜਲ ਲੀਆ।*

ਉੱਥੇ ਵੀ ਪਰਸਿਆ ਉਸਨੂੰ, ਦਰਸ਼ਨ ਕੀਤਾ, ਇਸ਼ਨਾਨ ਕੀਤਾ।

*ਕੰਠੇ ਤਹਿ ਪੀਪਰ ਕੇ ਤਰੇ।*

ਉਸ ਦੇ ਕੰਢੇ ਦੇ ਉੱਤੇ, ਭਾਈ ਬਾਲੇ ਦੀ ਖੂਹ ਦੇ ਉੱਤੇ।

*ਪਾਠ ਨਿਯਮ ਨਿਤ ਹਮ ਨੇ ਕਰੇ।।੧੦।।*

ਅਸੀਂ ਨਿਤਨੇਮ ਤੇ ਪਾਠ ਕੀਤੇ। ਸਿੱਖ ਜਿਹੜੇ ਸਨ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵਕਤ, ਉਦੂੰ ਬਾਅਦ, ਜਿੰਨਾਂ ਚਿਰ ਹੁਣ ਤਕ ਨਾਮਧਾਰੀ ਰਹੇ—ਹੁਣ ਵਾਲਿਆਂ ਦੀ ਮੈਂ ਗੱਲ ਨਹੀਂ ਕਰਦਾ ਉਹ ਤਾਂ ਇੱਥੇ ਇੱਕ ਘੰਟਾ ਬਹਿਣ ਤੋਂ ਵੀ ਪਾਸੇ ਖਿਸਕਾਉਂਦੇ ਹਨ—ਉਨ੍ਹਾਂ ਦਾ ਨਿਯਮ ਸੀ ਜੰਗ ਹੋਵੇ—ਜੁੱਧ ਹੋਵੇ—ਕੁਝ ਹੋਵੇ ਆਪਣੀ ਬਾਣੀ ਦਾ ਪਾਠ ਕਰੇ ਤੋਂ ਬਗੈਰ, ਆਪਣਾ ਨਿਤਨੇਮ ਕਰੇ ਤੋਂ ਬਗੈਰ ਪ੍ਰਸ਼ਾਦ ਨਹੀਂ ਸਨ ਛਕਦੇ।

*ਯਾ ਬਿਧਿ ਪਰਸ ਧਿਆਨ ਹਰਿ ਦੁਆਰੇ।*

ਧਿਆਨ ਸਿੰਘ ਜੀ ਕਹਿੰਦੇ ਨੇ ਇਸ ਤਰ੍ਹਾਂ ਗੁਰਦਵਾਰਿਆਂ ਦੇ ਦਰਸ਼ਨ ਕੀਤੇ।

*ਮੋਖ ਦਾਇ ਗੁਰ ਥਾਨ ਜੋ ਸਾਰੇ।*

ਸਤਿਗੁਰੂ ਦੇ ਸਥਾਨ ਜੋ ਮੁਕਤੀ ਦੇਣ ਵਾਲੇ ਹਨ।

*ਸਹਿ ਸਰਧਾ ਕਰ ਦਰਸਨ ਪੂਜਾ।*

ਦਰਸ਼ਨ ਕੀਤਾ, ਸ਼ਰਧਾ ਨਾਲ ਪੂਜਾ ਕੀਤੀ।

*ਗੁਰ ਬਿਨ ਦਾਤਾ ਅਵਰ ਨ ਦੂਜਾ।।੧੧।।*

ਕਿਉਂਕਿ ਗੁਰੂ ਤੋਂ ਬਗੈਰ ਹੋਰ ਕੋਈ ਦਾਤਾ ਨਹੀਂ ਦੁਨੀਆਂ ਵਿੱਚ।

*ਸਾਧੂ ਰਾਮ ਮਹੰਤ ਪੁਜਾਰੀ।*

ਉਸ ਵੇਲੇ ਸਾਧੂ ਰਾਮ ਮਹੰਤ ਸੀ, ਇਹ ਨਰੈਣ ਦਾਸ ਜੀ ਦੇ ਦਾਦਾ ਗੁਰੂ ਸਨ। ਇਹਨਾਂ (ਨਰੈਣ ਦਾਸ ਜੀ) ਦੇ ਕਿਸ਼ਨ ਦਾਸ ਜੀ ਗੁਰੂ ਸੀ, ਉਹਨਾਂ ਦੇ ਗੁਰੂ ਸਨ—ਸਾਧੂ ਰਾਮ ਜੀ।

*ਗੁਰ ਕੀ ਜਨਮ ਜਾਇ ਪੁਨ ਭਾਰੀ।*

ਜਾ ਕੇ ਉਸ ਜਗ੍ਹਾ ਦਾ ਦਰਸ਼ਨ ਕੀਤਾ ਜਿਸ ਨੂੰ ਜਨਮ ਅਸਥਾਨ ਕਹਿੰਦੇ ਹਨ।

*ਪੰਚਾਮ੍ਰਿਤ ਕੀ ਦੇਗ ਬੰਟ੍ਵਾਈ।*

ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ।

*ਸੰਗਤ ਮਿਲ ਕਰਕੇ ਸਮਦਾਈ।।੧੨।।*

ਸਭ ਸੰਗਤ ਮਿਲ ਕਰਕੇ।

*ਤਾਂਹਿ ਖਬਰ ਅਰਦਾਸੇ ਗਏ।*

ਉਸ ਵੇਲੇ ਅਰਦਾਸਾਂ ਚਲੀਆਂ ਗਈਆਂ। ਕੋਈ ਅਖਬਾਰ ਨਾਮਧਾਰੀਆਂ ਦਾ ਨਹੀਂ ਸੀ ਹੁੰਦਾ, ਇੱਕ ਸਿੱਖ ਨੂੰ ਅਰਦਾਸ ਦਿੱਤੀ ਜਾਂਦੀ ਸੀ—ਉਹ ਲੈ ਕੇ ਚਲਦਾ ਸੀ, ਉਹ ਦੂਜੇ ਪਿੰਡ ਵਾਲੇ ਸਿੱਖ ਨੂੰ ਜਾ ਕੇ ਜਦੋਂ ਫੜਾਉਂਦਾ ਸੀ, ਉਹ ਆਪਣਾ ਜੇ ਹਲ ਵਾਹੁੰਦਾ ਹੋਵੇ ਤਾਂ ਬਾਹਰੋਂ ਹੀ ਦੂਜੇ ਨੂੰ—ਨੇੜੇ ਵਾਲੇ ਨੂੰ, ਕਹਿੰਦਾ,''ਭਾਈ ਮੇਰੇ ਬੌਲਦ ਘਰ ਪਹੁੰਚਾ ਦਈਂ,'' ਉਹ ਪਿੱਛਾ ਨਹੀਂ ਸੀ ਦੇਖਦਾ, ਉਹ ਅੱਗੇ ਲੈ ਕੇ ਤੁਰ ਜਾਂਦਾ ਸੀ। ਇਸ ਤਰ੍ਹਾਂ ਅਰਦਾਸਾਂ ਨਾਲ ਹੀ ਮੇਲੇ ਹੁੰਦੇ ਸਨ।

*ਡਫਰਕੇ ਇਕ ਨਗਰ ਅਹੇ।*

ਪਿੰਡ ਦਾ ਨਾਂ ਡੱਫਰਕੇ, ਜਿਹੜਾ ਰਾਇਵਿੰਡ ਦੇ ਸਟੇਸ਼ਨੋਂ ਕੋਈ ਚਾਰ ਪੰਜ ਮੀਲ, ਪ੍ਰੇਮ ਨਗਰ ਦੇ ਸਟੇਸ਼ਨ ਦੇ ਨਾਲ।

*ਤਹਾਂ ਸਧਾਰਨ ਭੋਗ ਗਰੰਥਾ।*

ਉੱਥੇ ਗ੍ਰੰਥ ਸਾਹਿਬ ਦਾ ਸਾਧਾਰਨ ਭੋਗ ਪੈਣਾ ਸੀ।

*ਸੰਗਤ ਸਭ ਆਵੈ ਇਤ ਪੰਥਾ।।੧੩।।*

ਉਹਨਾਂ ਨੇ ਅਰਦਾਸ ਕੀਤੀ ਕਿ ਸਿੰਘਾਂ ਨੇ ਭੋਗ ਪਾਉਣਾ ਹੈ ਤੇ ਕ੍ਰਿਪਾ ਕਰਕੇ ਦਰਸ਼ਨ ਦਿਉ। ਸੰਗਤ ਸਾਰੀ ਨਨਕਾਣੇ ਸਾਹਿਬ ਵਾਲੀ ਜਿਹੜੀ ਆਈ ਹੈ ਉਹ ਏਧਰਲੇ, ਏਸੇ ਰਸਤੇ ਆਵੇ।

*ਸਿੰਘਨ ਦਿਸ ਅਰਦਾਸੇ ਗਏ।*

ਸਿੰਘਾਂ ਵੱਲ ਅਰਦਾਸੇ ਚਲੇ ਗਏ।

*ਹਮ ਸਭ ਭੀ ਤਿਸ ਰਸਤੇ ਪਏ।*

ਕਹਿੰਦੇ ਨੇ ਅਸੀਂ ਵੀ ਉਸ ਰਸਤੇ ਆ ਗਏ।

*ਆ ਪਹੁੰਚੇ ਤਿਸ ਗ੍ਰਾਮ ਮਝਾਰੇ।*

ਉਸ ਪਿੰਡ ਵਿੱਚ ਆ ਪਹੁੰਚੇ।

*ਸ਼ੇਰ ਸਿੰਘ ਜਹਾਂ ਗੁਰ ਕੇ ਪਿਆਰੇ।।੧੪।।*

ਉੱਥੇ ਭਾਈ ਸ਼ੇਰ ਸਿਘ ਜੀ ਸਨ ਬਿਰਧ।

*ਝੰਡਾ ਗਾਡਿਓ ਮਿਲ ਕਰ ਤਾਹੀ।*

ਜਿਨ੍ਹਾਂ ਨੇ ਮਿਲ ਕਰਕੇ ਝੰਡਾ ਗੱਡਿਆ—ਸਤਿਗੁਰੂ ਦਾ।

*ਦੂਰ ਨਿਕਟ ਬਹੁ ਸੰਗਤ ਆਹੀ।*

ਸੰਗਤ ਬੜੀ ਦੂਰ ਨੇੜੇ ਦੀ ਆਈ।

*ਤੀਨ ਦਿਨਾਂ ਮੇਲਾ ਬਡ ਸੁੰਦਰ।*

ਤਿੰਨ ਦਿਨ ਮੇਲਾ ਬੜਾ ਸੁੰਦਰ ਹੁੰਦਾ ਰਿਹਾ।

*ਕੀਰਤਨ ਹੋਤ ਮਿਟੈ ਸਭ ਦੁੰਦਰ।।੧੫।।*

ਕੀਰਤਨ ਸੁਣਕੇ ਜਿਹਦੇ ਨਾਲ ਸਭ ਪਾਪ ਮਿਟਦੇ ਸਨ।

*ਢੋਲਕ ਛੈਣੇ ਸਬਦ ਬਹਾਰ।*

ਢੋਲਕ ਛੈਣਿਆਂ ਨਾਲ ਸ਼ਬਦ ਦੀ ਬਹਾਰ ਲੱਗੀ ਰਹਿੰਦੀ ਸੀ, ਕੋਈ ਗੱਲ ਨਹੀਂ ਸੀ ਕਰਦਾ, ਕੋਈ ਕਥਾ ਨਹੀਂ ਸੀ ਕਰਦਾ।

*ਗੁਰੂ ਧੰਨ ਜਾਂਕੀ ਇਹ ਕਾਰ।*

ਧੰਨ ਉਹ ਸਤਿਗੁਰੂ ਹੈ, ਧੰਨ ਉਸਦੀ ਬਾਣੀ ਹੈ, ਧੰਨ ਉਹ ਪੜ੍ਹਨ ਵਾਲੇ ਹਨ।

*ਸੂਬਾ ਇਕ ਕੇਸਰ ਸਿੰਘ ਨਾਮ।*

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਜਿਹੜੀ ਉਸ ਵੇਲੇ ਖੇਡ ਬਣਾਈ ਸੀ, ਜਿਹਨੂੰ ਗਿਆਨ ਸਿੰਘ ਗਿਆਨੀ ਜੀ ਨੇ ਲਿਖਿਆ ਹੈ–

*ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈ।*
*ਤਿਨ ਕੀ ਜਬਾਨ ਮੈਂ ਤਸੀਰ ਥਾਈ ਵੈਸ ਹੀ।*

ਸਤਿਗੁਰਾਂ ਨੇ ਬਾਈ ਸੂਬੇ ਥਾਪੇ ਸਨ, ਫਿਰ ਓਦੂੰ ਛੋਟੇ ਥਾਪੇ ਸਨ, ਜਿਹੜੇ ਪਿੰਡਾਂ—ਪਿੰਡਾਂ ਵਿੱਚ ਸਨ, ਜਿਹੜੇ ਭਜਨ ਦੱਸਦੇ ਸਨ, ਉਹਨਾਂ ਦਾ ਖਿਤਾਬ ਸੂਬੇ ਸੀ। ਭਾਈ ਕੇਸਰ ਸਿੰਘ ਜੀ—ਬਾਬਾ ਜੀ–

*ਆਇਓ ਤਹਿ ਜਿਹ ਜੰਗੇ ਧਾਮ।।੧੬।।*

ਰਾਜਾ ਜੰਗ ਪਿੰਡ ਦੇ ਰਹਿਣ ਵਾਲੇ ਕੇਸਰ ਸਿੰਘ ਜੀ ਆਏ।

*ਸਮੇਂ ਗੁਰੂ ਅਨੰਦ ਪੁਰ ਜਾਣੇ।*

ਜਿਨ੍ਹਾਂ ਨੇ ਅਨੰਦਪੁਰ ਸਾਹਿਬ ਸਤਿਗੁਰੂ ਰਾਮ ਸਿੰਘ ਦੇ ਨਾਲ ਜਾ ਕੇ ਹੋਲੇ ਦਾ ਮੇਲਾ ਦੇਖਿਆ।

*ਬੀਚ ਹੁਤੇ ਕੇਸਰ ਸਿੰਘ ਸਿਆਣੇ।*

ਉਹ ਹੋਲੇ ਦੇ ਵਿੱਚ ਕੇਸਰ ਸਿੰਘ ਜੀ ਗਏ ਹੋਏ ਸਨ।

*ਦੇਖਾ ਕੌਤਕ ਸਗਲ ਸੁਨਾਯੋ।*

ਸਾਰਾ ਕੌਤਕ ਲੱਗੇ ਦੱਸਣ, ਜੋ ਕੁਝ ਦੇਖਿਆ ਸੀ।

*ਮੈਂ ਲਿਖਿਓ ਜੈਸੇ ਸੁਣ ਪਾਯੋ।।੧੭।।*

ਕਹਿੰਦੇ ਨੇ ਜੋ ਉਨ੍ਹਾਂ ਦੱਸਿਆ ਮੈਂ ਲਿਖਿਆ ਹੈ।

*ਗੁਰੂ ਰਾਮ ਸਿੰਘ ਟਾਪੂ ਸੈਲੇ।*

ਸਤਿਗੁਰੂ ਰਾਮ ਸਿੰਘ ਜੀ ਟਾਪੂਆਂ ਦੀ ਸੈਲੇ ਜਿਸ ਵੇਲੇ ਗਏ–

*ਏਕ ਬਰਸ ਜਾਣੇ ਸੇ ਪੈਹਲੇ।*

ਇੱਕ ਸਾਲ ਪਹਿਲੇ ਅਨੰਦਪੁਰ ਸਾਹਿਬ ਹੋਲੇ ਤੇ ਗਏ ਹਨ, ਸੰਮਤ ਸਤਾਈ ਵਿੱਚ।

*ਤਾਹਿ ਸਮੇਂ ਕੀ ਹੈ ਇਹ ਬਾਤ।*

ਉਹਨਾਂ ਕੋਲੋਂ ਸੁਣੀ ਹੈ ਇਹ ਗੱਲ, ਉਸ ਸਮੇਂ ਦੀ ਇਹ ਗੱਲ ਹੈ।

*ਪੜ੍ਹੋ ਪ੍ਰੇਮ ਸੋ ਗੁਰ ਸਿਖ ਭ੍ਰਾਤ।।੧੮।।*

ਭਾਈ ਗੁਰੂ ਕੇ ਸਿੱਖੋ ਭਾਈਓ—ਪ੍ਰੇਮ ਨਾਲ ਪੜ੍ਹੋ, ਸੁਣੋ।

*ਬਹੁ ਸਿਖਨ ਪ੍ਰਤਿ ਲਿਖਾ ਪਠਾਈ।*

ਅੰਗਰੇਜ਼ਾਂ ਨੇ ਹੁਕਮ ਬੰਦ ਕਰ ਦਿੱਤਾ ਸੀ ਕਿ ਤੁਸੀਂ ਬਾਹਰ ਨਹੀਂ ਜਾ ਸਕਦੇ। ਸਤਿਗੁਰਾਂ ਨੇ ਸਿੱਖਾਂ ਨੂੰ ਹੁਕਮਨਾਮੇ ਲਿਖ ਦਿੱਤੇ,''ਭਾਈ ਅਸਾਂ ਜ਼ਰੂਰ ਅਨੰਦਪੁਰ ਜਾਣਾ ਹੈ।'' ਤਿੰਨ ਵੇਰ ਸਤਿਗੁਰਾਂ ਨੇ ਉਸ ਵੇਲੇ ਸੱਤਿਆਗ੍ਰਹਿ ਕੀਤਾ ਹੈ, ਇਹ ਜਿਹੜਾ ਮਹਾਤਮਾਂ ਗਾਂਧੀ ਜੀ ਨੇ ਹੁਣ ਸ਼ੁਰੂ ਕੀਤਾ ਹੈ, ਇੱਕ ਵੇਰ ਅੰਮ੍ਰਿਤਸਰ ਦੀ ਦੀਪਮਾਲਾ ਨੂੰ—ਦੋ ਵੇਰ ਅਨੰਦਪੁਰ ਸਾਹਿਬ ਦੇ ਹੋਲੇ ਨੂੰ।

*ਆਨੰਦ ਪੁਰ ਹੋਲੇ ਹਮ ਜਾਈ।*

ਅਸੀਂ ਅਨੰਦਪੁਰ ਸਾਹਿਬ ਹੋਲੇ ਜਾਵਾਂਗੇ।

*ਆਵਹੁ ਜਿਸ ਜਾਣਾ ਸੰਗ ਪਿਆਰੇ।*

ਜਿਨ੍ਹਾਂ ਨੇ ਜਾਣਾ ਹੋਵੇ ਭਾਈ ਆਉ।

*ਏਕ ਮਾਸ ਗ੍ਰਹਿ ਕਾਜ ਬਿਸਾਰੇ।।੧੯।।*

ਹੁਣ ਸਾਨੂੰ ਸਾਧ ਸੰਗਤ ਦੇ ਦੀਵਾਨਾਂ ਵਿੱਚ ਆਉਣ ਵਾਸਤੇ, ਕਿਸੇ ਦੇ ਵਿਹਾਰ ਵਾਸਤੇ, ਕਿਸੇ ਦੇ ਆਉਣ ਵਾਸਤੇ, ਕਿਸੇ ਦੇ ਲੈਣ ਜਾਣ ਵਾਸਤੇ, ਕਿਸੇ ਕੰਮ ਵਾਸਤੇ, ਆਹ ਦੋ ਘੰਟੇ ਤਿੰਨ ਨਹੀਂ ਵਕਤ ਛੱਡਿਆ ਜਾ ਸਕਦਾ। ਉਹ ਸਿੱਖ ਇੱਕ—ਇੱਕ ਮਹੀਨਾ ਕੰਮ ਛੱਡ ਕੇ ਚਲੇ ਜਾਂਦੇ ਸੀ ਘਰਾਂ ਤੋਂ। ਸਤਿਗੁਰਾਂ ਲਿਖਿਆ ਕਿ ਇੱਕ ਮਹੀਨਾ ਕੰਮ ਛੱਡਕੇ ਭਾਈ ਜਿਨ੍ਹਾਂ ਨੇ ਆਉਣਾ ਹੋਵੇ ਹੋਲੇ ਵਾਸਤੇ ਆਉ।

*ਭੈਣੀ ਸੇ ਪਚਾਸ ਕੁ ਮੀਲ।*

ਭੈਣੀ ਸਾਹਿਬ ਤੋਂ ਪੰਜਾਹ ਮੀਲ ਅਨੰਦਪੁਰ ਸਾਹਿਬ ਹੈ, ਚਾਲੀ ਕੋਹ ਦੇ ਕਰੀਬ ਹੈ।

*ਆਹਿ ਅਨੰਦ ਪੁਰ ਨਗਰੀ ਸੀਲ।*

ਅਨੰਦਪੁਰ ਨਗਰ ਹੈ।

*ਤਾਂ ਸਮ ਹੋਲਾ ਕਹੀ ਨ ਮਾਚੇ।*

## ਹੋਲੇ ਦਾ ਮੁੱਢ

ਉਸ ਤਰ੍ਹਾਂ ਦਾ ਹੋਲਾ ਕਿਤੇ ਨਹੀਂ ਹੁੰਦਾ ਕਿਉਂਕਿ ਹੋਲੇ ਦਾ ਜੇ ਮੁੱਢ ਬੱਝਿਆ ਹੋਇਆ ਦੇਖੀਏ, ਪਹਿਲੇ ਜੇ ਦੇਖੀਏ, ਤਿਉਹਾਰ ਤੇ ਇਹ ਬੜੇ ਚਿਰ ਦਾ ਹੈ, ਸਤਿਜੁਗ ਤੋਂ ਲੈ ਕੇ ਇਹਨੂੰ ਮੰਨਣਾ ਪਵੇਗਾ ਕਿਉਂਕਿ ਉਹ ਹੋਲੀ ਸੀ—ਉਹਦਾ ਨਾਮ—ਜਿਹੜੀ ਪ੍ਰਹਿਲਾਦ ਦੀ ਸੀ ਭੂਆ, ਜਿਹਨੂੰ ਇਹ ਮਾਣ ਸੀ ਕਿ ਮੈਂ ਅੱਗ ਵਿੱਚ ਸੜਦੀ ਨਹੀਂ, ਉਹ ਲੈ ਕੇ ਪ੍ਰਹਿਲਾਦ ਨੂੰ ਗੋਦ ਵਿੱਚ ਬੈਠੀ ਸੀ। ਭਾਈ ਗੁਰਦਾਸ ਜੀ ਕਹਿੰਦੇ ਨੇ—

*ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।*

*—ਵਾਰ ੧੦, ਪਉੜੀ ੨*

–ਉਹ ਸੜੀ ਸੀ। ਉਸ ਦਿਨ ਤੋਂ ਹਿੰਦੂ ਲੋਗ ਇਸ ਤਿਉਹਾਰ ਨੂੰ ਮਨਾਉਂਦੇ ਸਨ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਦਾ ਨਾਮ ਜਰਾ ਹੋਲੀ ਤੋਂ ਹੋਲਾ ਕਰ ਦਿੱਤਾ। ਹੋਲਾ ਬਣਾਇਆ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਨੂੰ ਆਰੰਭਿਆ। ਨਾਮਧਾਰੀਆਂ ਵਾਸਤੇ ਇਹ ਦੋ ਪੁਰਬ ਹਨ, ਇਹਦੇ ਵਿੱਚ—ਗੁਰੂ ਗੋਬਿੰਦ ਸਿੰਘ ਦਾ ਬਨਾਉਣਾ ਹੋਲੇ ਦਾ ਮੇਲਾ, ਗੁਰੂ ਬਾਲਕ ਸਿੰਘ ਜੀ ਦਾ ਜਨਮ ਦਾ ਦਿਨ।

*ਦੇ ਫਲ ਦਸਮ ਗੁਰੂ ਮਨ ਜਾਚੇ।।੨੦।।*

ਜੋ ਕੋਈ ਦਸਮ ਗੁਰੂ ਦੇ ਗੁਰਦੁਵਾਰੇ ਜਾਵੇ, ਗੁਰੂ ਸਾਹਿਬ ਦਾ ਆਵਾਹਨ ਕਰੇ, ਯਾਦ ਕਰੇ, ਉਹ ਮਨ ਇੱਛੇ ਫਲ ਦਿੰਦੇ ਹਨ।

*ਐਸੇ ਸੁਣ ਸੁਣ ਗਏ ਮ੍ਰਿਗਰਾਈ।*

ਐਸੇ ਸੁਣ—ਸੁਣ ਕਰਕੇ ਸਿੰਘ ਗਏ।

*ਭੀ ਪਹੁੰਚੇ ਕੇਸਰ ਸਿੰਘ ਭਾਈ।*

ਕੇਸਰ ਸਿੰਘ ਜੀ ਵੀ ਰਾਜੇ ਜੰਗਾ ਵਾਲੇ ਪਹੁੰਚੇ।

*ਲੱਖਾ ਸਿੰਘ ਕੋ ਕਹਯੋ ਗੁਰ ਠਾਣੇ।*

## ਬਾਬਾ ਲੱਖਾ ਸਿੰਘ ਜੀ

ਸਤਿਗੁਰਾਂ ਨੇ ਬਾਬੇ ਲੱਖਾ ਸਿੰਘ ਜੀ, ਜਿਨ੍ਹਾਂ ਦਾ ਸਰੀਰ ਮੌਲਮੀਨ ਵਿੱਚ ਆ ਕੇ ਉਨੀ ਸੌ ਦੋ ਤਿੰਨ ਦੇ ਕਰੀਬ ਚਲਿਆ ਹੈ, ਮੈਨੂੰ ਯਾਦ ਨਹੀਂ—ਪਰ ਤਿੰਨ ਦੇ ਕਰੀਬ, ਸੰਨ ਤਿੰਨ (ਸੰਨ ੧੯੦੩) ਤੱਕ ਉਨ੍ਹਾਂ ਦਾ ਸਰੀਰ ਸੀ। ਇਹ ਬੜੇ ਬਹਾਦਰ ਆਦਮੀ ਸਨ ਅਰ ਬੜੇ ਸੂਰਮੇ ਸਨ, ਇਉਂ ਕਹਿ ਦਿਉ ਕਿ ਸਤਿਗੁਰਾਂ ਦੇ ਮਿਲਟਰੀ ਸੈਕਟਰੀ ਸਨ। ਇਹ ਉਹੀ ਆਦਮੀ ਸਨ ਜਿਨ੍ਹਾਂ ਨੂੰ ਉਸ ਦਿਨ ਵੀ ਇਤਲਾਹ ਦੇਣ ਵਾਸਤੇ ਭੇਜਿਆ ਹੈ ਤੇ ਲੁਧਿਆਣੇ ਇਨ੍ਹਾਂ ਨੂੰ ਪਕੜ ਲਿਆ ਹੈ, ਮੁੜਕੇ ਨਹੀਂ ਭੈਣੀ ਸਾਹਿਬ ਜਾਣ ਦਿੱਤਾ ਅਰ ਮੌਲਮੀਨ ਵਿੱਚ ਰਹੇ ਹਨ ਆ ਕੇ। ਬਹੁਤ ਵਾਰ ਇਨ੍ਹਾਂ ਦੇ ਐਸੇ—ਐਸੇ ਬਚਨ ਉੱਥੋਂ ਦੀ ਸਾਧ–ਸੰਗਤ ਤੋਂ ਸੁਣੇ ਹਨ ਜਿਹੜੇ ਲੋਕ ਉੱਥੇ ਆਉਂਦੇ ਜਾਂਦੇ ਸੀ, ਇੱਥੇ ਵੀ

ਕਈਆਂ ਉੱਤੇ ਕਿਰਪਾ ਕੀਤੀ, ਜਿਨ੍ਹਾਂ ਨੂੰ ਸਿੰਘ ਸਜਾਇਆ। ਖੂੰਡਾ ਹੱਥ ਵਿੱਚ ਰੱਖਦੇ ਸੀ—ਵੈਸੇ ਕੈਦ ਨਹੀਂ ਸੀ—ਬੰਗਲਿਉਂ ਬਾਹਰ ਜਿਸ ਵੇਲੇ ਸ਼ਹਿਰ ਵਿੱਚ ਜਾਂਦੇ। ਕਮਿਸ਼ਨਰ ਦੀ ਬੱਘੀ ਆ ਗਈ, ਕਿਸੇ ਨੇ ਕਿਹਾ ਕਿ ਅੱਗੋਂ ਬੱਘੀ ਉਹਦੀ ਆਉਂਦੀ ਹੈ। ਕੋਈ ਪ੍ਵਾਹ ਨਹੀਂ ਕੀਤੀ—ਉਹਦੀ ਕਮਿਸ਼ਨਰ ਦੀ, ਅੱਗੋਂ ਭੀੜਾ ਥਾਂ ਆ ਗਿਆ ਤੇ ਮਾਰਿਆ ਵੱਟ ਕੇ ਖੂੰਡਾ ਕਮਿਸ਼ਨਰ ਦੀ ਘੋੜੀ ਨੂੰ। ਉਹ ਪਿੱਛੇ ਨੂੰ ਭੱਜ ਗਈ—ਲੈ ਕੇ ਬੱਘੀ। ਕੋਈ ਪਰਵਾਹ ਨਹੀਂ ਕੀਤੀ।

ਇੱਕ ਆਦਮੀ ਨੇੜੇ ਰਹਿੰਦਾ ਸੀ—ਉਹ ਮੁਸਲਮਾਨ ਸੀ। ਉਹ ਬੰਗਲੇ ਦੇ ਕੋਲ ਰਹਿੰਦਾ ਸੀ, ਉਹਨੂੰ ਆਖਦੇ ਸੀ,''ਭਾਈ ਤੂੰ ਸਾਡੇ ਵੇਲੇ ਨਮਾਜ਼ ਨਾ ਪੜ੍ਹਿਆ ਕਰ, ਬਾਂਗ ਨਾ ਦਿਆ ਕਰ ਜਦੋਂ ਸਾਡਾ ਨਿਤਨੇਮ ਦਾ ਵੇਲਾ ਹੋਵੇ।'' ਉਹ ਵੀ ਨਹੀਂ ਹਟਿਆ, ਇੱਕੋ ਹੀ ਭੌੜਾ ਮਾਰ ਕੇ ਫਤਹਿ ਬੁਲਾ ਦਿੱਤੀ, ਕਹਿਣ ਲੱਗੇ,''ਹੁਣ ਅਸੀਂ ਇੱਥੇ ਤੇ ਆਏ ਹਾਂ, ਸਾਨੂੰ ਹੁਣ ਏਥੋਂ ਅੱਗੇ ਹੋਰ ਕੋਈ ਕੀ ਕਰੇਗਾ।'' ਜਿਹੜੇ ਲੋਕ ਉੱਥੇ ਦਰਸ਼ਨ ਨੂੰ ਜਾਂਦੇ ਸਨ—ਕਈ ਵੇਰ ਫੌਜ ਦੀ ਫੌਜ, ਪਲਟਨ ਦੀ ਪਲਟਨ ਚਲੀ ਜਾਂਦੀ ਸੀ—ਇੱਕ ਬਾਲਟੀ ਉੱਤੇ ਪਾ ਕੇ ਕਪੜਾ, ਉਹਦੇ ਵਿੱਚੋਂ ਜਲ ਛਕਾਈ ਜਾਂਦੇ ਸਨ, ਜੇ ਕੜਾਹੀ ਵਿੱਚ ਕੜਾਹ ਪ੍ਰਸ਼ਾਦਿ ਕਰ ਲਿਆ ਤਾਂ ਛਕਾਈ ਗਏ ਨੇ—ਪਾਠ ਕਰਦੇ ਰਹਿੰਦੇ ਸਨ ਕਦੇ ਨਹੀਂ ਸੀ ਮੁਕਦਾ। ਇਹ ਉਹ ਲੋਕ ਜਿਹੜੇ ਉਨ੍ਹਾਂ ਦਾ ਦਰਸ਼ਨ ਕਰਦੇ ਰਹੇ ਹਨ ਉਹਨਾਂ ਨੇ ਦੱਸਿਆ ਹੈ। ਇਨ੍ਹਾਂ ਨੂੰ ਭੇਜਿਆ ਠਾਣੇ–

*ਦਿਹੋ ਖਬਰ ਮਮ ਵਾਕ ਨਿਕਾਣੇ।।੨੧।।*

ਖਬਰ ਦੇ ਦਿਉ, ਸਾਡੇ ਬਚਨ ਨਿਹਕਾਣੇ ਹਨ, ਅਸੀਂ ਕਿਸੇ ਦੀ ਕਾਣ ਨਹੀਂ ਮੰਨਦੇ, ਜਾਣਾ ਹੈ ਅਸੀਂ ਅਨੰਦਪੁਰ, ਨਹੀਂ ਅਸੀਂ ਰੁਕੇ ਹੋਏ ਰਹਿਣਾ।

*ਅਨੰਦ ਪੁਰ ਹੋਲੇ ਪਰ ਜਾਵੈਂ।*

ਅਨੰਦਪੁਰ ਸਾਹਿਬ ਜਾਵਾਂਗੇ ਹੋਲੇ ਉੱਤੇ।

*ਪੰਥ ਜਹਾਂ ਜਾਇ ਡੇਰਾ ਲਾਵੈ।*

ਇੱਕ ਗੱਲ ਅਸੀਂ ਇਹ ਵੀ ਨਾਲ ਕਹਿੰਦੇ ਹਾਂ ਕਿ ਜਿੱਥੇ ਸਾਡਾ ਡੇਰਾ ਲੱਗਾ ਹੋਵੇ–

*ਮਾਸ ਸ਼ਰਾਬ ਹੁਕਈ ਜੇ ਆਵੇ।*

ਕੋਈ ਆਦਮੀ ਮਾਸ ਖਾ ਕੇ, ਸ਼ਰਾਬ ਪੀ ਕੇ, ਤਮਾਕੂ ਪੀ ਕੇ, ਸਾਡੇ ਨੇੜੇ ਨਾ ਆਵੇ।

*ਮਾਰ ਮਾਰ ਸਿੰਘ ਜਾਨ ਗਵਾਵੇਂ।।੨੨।।*

ਸਿੰਘ ਮਾਰਨਗੇ ਉਸਨੂੰ, ਜੇ ਉਹਦੀ ਜਾਨ ਨਿਕਲ ਜਾਵੇ—ਅਸੀਂ ਜ਼ੁੰਮੇਵਾਰ ਨਹੀਂ ਹੋਵਾਂਗੇ।

*ਵਾਕਾ ਖ਼ੂਨ ਨ ਹਮਨੇ ਭਰਨਾ।*

ਅਸੀਂ ਨਹੀਂ ਉਹਦਾ ਖ਼ੂਨ ਦੇਣਾ।

*ਚਾਹੌਂ ਧਰਮ ਹੋਇ ਹਰ ਵਰਨਾ।*

## ਤਮਾਕੂ ਦਾ ਸੇਵਨ

ਹਰ ਵਰਨ, ਹਰ ਇੱਕ ਮਜ਼ਹਬ ਜਿਹੜਾ ਹੈ, ਸਾਰੀ ਅਕਾਲ ਪੁਰਖ ਦੀ ਸ੍ਰਿਸ਼ਟੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਰੇ ਲੋਕ ਧਰਮੀ ਸਾਨੂੰ ਦਿਸਣ, ਕੋਈ ਕੁਕਰਮ ਕਰਨ ਵਾਲਾ ਨਾ ਦਿੱਸੇ।

ਹੁਣ ਅਸੀਂ ਜੇ ਤਮਾਕੂ ਵੱਲ ਵੇਖਣ ਲੱਗੀਏ ਤੇ ਐਸੀ ਚੀਜ਼ ਹੈ, ਪੰਡਿਤ ਚੌਲਤਾ ਰਾਮ ਜੀ ਸਨ, ਉੱਥੇ ਸੁਹੇਵੇ ਸਾਹਿਬ ਜਦੋਂ ਅਸੀਂ ਅਖੰਡ ਪਾਠਾਂ ਤੇ ਗਏ ਹਾਂ, ਉਹਨਾਂ ਨੇ ਇਨਾਂ ਕੁਝ ਇਹਦੇ ਤੇ ਸੁਣਾਇਆ ਹੈ, ਉਹਨਾਂ ਨੇ ਇੱਕ ਪੁਸਤਕ ਵੀ ਲਿਖਿਆ ਹੋਇਆ ਹੈ। ਸਕੰਦਪੁਰਾਣ ਵਿੱਚ ਤਾਂ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਜਿਹੜਾ ਆਦਮੀ ਤਮਾਕੂ ਪੀਣ ਵਾਲੇ ਨੂੰ ਦਾਨ ਦਿੰਦਾ ਹੈ, ਉਹ ਜਿੰਨਾਂ ਚਿਰ ਸੂਰਜ ਚੰਦਰਮਾ ਰਹਿਣਗੇ, ਉਨਾਂ ਚਿਰ ਉਹ ਨਰਕ ਵਿੱਚ ਰਹੇਗਾ। ਇੱਕ ਹੋਰ ਪੁਰਾਣ ਵਿੱਚ ਸਿੱਧਾ ਲਿਖਿਆ ਹੈ ਕਿ–

*ਤਮਾਕੂ ਕੂ ਸੈਵੰਤੇ ਜੋ ਨਰਾ*

ਜੋ ਪੁਰਸ਼ ਤਮਾਕੂ ਦੇ ਸੇਵਨ ਕਰਦੇ ਹਨ—ਉਹ ਅਧੋਗਤੀ ਨੂੰ

ਜਾਣਗੇ। ਗੁਰੂ ਗੋਬਿੰਦ ਸਿੰਘ ਜੀ ਨੇਂ ਇਹਦੇ ਵਾਸਤੇ ਬੜਾ ਕੁਛ ਲਿਖਿਆ ਹੈ-

*ਤਨਿਕ ਤਮਾਕੂ ਸੇਵੀਐ*

ਥੋੜਾ ਜਿਹਾ ਵੀ ਤਮਾਕੂ ਦੇ ਸੇਵਨ ਕਰਨ ਤੋਂ ਉਹ ਕਹਿੰਦੇ ਨੇ-

*ਮਦਿਰਾ ਦਹਿਤਾ ਸਾਤ ਕੁਲ ਭੰਗ ਦਹੈ ਕੁਲ ਏਕ।*

ਤੇ ਇੱਥੇ ਇਹਦਾ ਨਾਉਂ—ਜਗਤ ਜੂਠ—ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਕਿਉਂਕਿ ਹੁਣ ਤੇ ਹੋ ਗਏ ਨੇ ਸਿਗਰੇਟ, ਨਹੀਂ ਤੇ ਜਿਹੜਾ ਆਇਆ ਉਹਨੇ ਹੀ ਫੜ ਲਿਆ—ਮੂੰਹ ਵਿੱਚ। ਜਗਤ ਜੂਠ—ਸਾਰੀ ਦੁਨੀਆਂ ਦੀ ਜੂਠ ਇਕੱਠੀ ਹੋ ਜਾਂਦੀ ਹੈ—ਇੱਕ ਨੇ ਛੱਡਿਆ ਦੂਏ ਨੇ ਫੜ ਲਿਆ ਤਾਂ ਉਹ ਕਹਿੰਦੇ ਸੀ-

*ਸ਼ਤ ਕੁਲ ਦਹਤਾ ਜਗਤ ਜੂਠ ਨਿੰਦਾ ਦਹੇ ਅਨੇਕ।*

-ਤਮਾਕੂ ਅਨੇਕ ਕੁਲਾਂ ਦਾਹ ਦਿੰਦਾ ਹੈ। ਤਮਾਲ ਨਾਮ ਵੀ ਇਹਦਾ ਆਉਂਦਾ ਹੈ—ਗ੍ਰੰਥਾਂ ਵਿੱਚ। ਕੋਈ ਹਿੰਦੂ ਕੋਈ ਮੁਸਲਮਾਨ ਕਦੇ—ਠਾਕੁਰ ਦਵਾਰੇ ਵਿੱਚ ਹਿੰਦੂ ਨਹੀਂ ਲਿਜਾ ਸਕਦੇ, ਮਸੀਤ ਵਿੱਚ ਮੁਸਲਮਾਨ ਨਹੀਂ ਇਹਨੂੰ ਲਿਜਾ ਸਕਦੇ।

## ਕਲ ਕੇ ਜੀਵ ਹੋਤ ਅਧਰਮੀ

ਪਰ, ਕੁਦਰਤ ਹੈ, ਸਮਾਂ ਹੈ ਜਿਵੇਂ ਹੁਣ ਸਾਡੇ ਉੱਤੇ ਵੀ ਵਰਤਦਾ ਹੈ, ਸਾਨੂੰ ਵੀ ਸੂਹਾਂ ਪੈ ਜਾਂਦੀਆਂ ਨੇ, ਕੂਕੇ ਵੀ ਮਾਸ ਖਾ ਲੈਂਦੇ ਨੇ। ਅਸੀਂ ਕਿਸੇ ਨੂੰ ਕੀ ਆਖੀਏ। ਜਿਹੜੇ ਸਿੰਘ ਨਾਮਧਾਰੀਆਂ ਤੋਂ ਬਗੈਰ ਉਹ ਮਾਸ ਖਾਣ ਨੂੰ ਕਹਿੰਦੇ ਹਨ ਬਈ, ਖਾ ਲੈਣਾ ਚਾਹੀਦਾ ਹੈ, ਇਸ ਗੱਲ ਨੂੰ ਮੈਂ ਨਹੀਂ ਛੇੜਨਾ ਚਾਹੁੰਦਾ ਕਿ ਖਾਣਾ ਚਾਹੀਦਾ ਹੈ ਜਾਂ ਨਹੀਂ ਲੇਕਿਨ ਜਿਹੜੇ ਸ਼ਰਾਬ ਨੂੰ ਬੁਰਾ ਮੰਨਦੇ ਹਨ, ਉਹ ਵੀ ਸ਼ਰਾਬ ਪੀ ਲੈਂਦੇ ਹਨ। ਕਲਜੁਗ ਨੇ ਸਮੇਂ ਦੀ ਐਸੀ ਮਤ ਮਾਰੀ ਹੈ ਕਿ ਹੁਣ ਮੈਂ ਆਉਂਦਾ ਹੋਇਆ ਪਟਨੇ ਸਾਹਿਬ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਤਖਤ ਦੇ ਦਰਸ਼ਨ ਕਰਕੇ ਆਇਆ ਹਾਂ। ਇਹ ਤਿੰਨ ਬੀੜਾਂ ਦਸਮ

ਗ੍ਰੰਥ ਦੀਆਂ ਸਨ, ਇੱਕ ਬਾਬੇ ਅਟੱਲ ਹੁੰਦੀ ਸੀ, ਇੱਕ ਸੰਗਰੂਰ ਰਿਆਸਤ ਵਿੱਚ ਹੈ, ਇੱਕ ਪਟਨੇ ਸਾਹਿਬ ਹੈ। ਇਹ ਬੀੜਾਂ ਦਸਮ ਗ੍ਰੰਥ ਦੀਆਂ ਵਿਲੱਖਣ ਹਨ—ਅਲਹਿਦੀਆਂ ਹਨ—ਦੂਸਰੀਆਂ ਦਸਮ ਗ੍ਰੰਥ ਦੀਆਂ ਬੀੜਾਂ ਨਾਲੋਂ। ਇਹਨਾ ਵਿੱਚ ਬਾਣੀ ਜ਼ਿਆਦਾ ਹੈ। ਇਨ੍ਹਾਂ ਵਿੱਚ ਇੱਕ ਸੁਖਮਨਾ ਲਿਖਿਆ ਹੋਇਆ ਹੈ, ਇੱਕ ਮਾਲਕੌਂਸ ਦੀ ਵਾਰ ਹੈ, ਇੱਕ ਆਸਾ ਦਾ ਸ਼ਬਦ ਹੈ-

**ਅਬ ਕੈ ਤਉ ਰਜਪੂਤ ਕਹਾਊਂ।।**
**ਪੰਚਮਵਾਸੀ ਘਰ ਕੇ ਬਾਂਧੌ ਆਪਣਾ ਰਾਹ ਚਲਾਊਂ।।**

ਇਸ ਤਰ੍ਹਾਂ ਕਰਕੇ ਇੱਕ ਸੋਰਠ ਦਾ ਸ਼ਬਦ ਹੈ, ਇੱਕ ਆਸਾ ਦਾ ਸ਼ਬਦ ਵੀ ਹੈ, ਮਾਲਕੌਂਸ ਦੀ ਵਾਰ ਹੈ। ਇਹਦੇ ਵਿੱਚ ਉਗ੍ਰਦੰਤੀ ਜਿਹਨੂੰ ਛੱਕੇ ਦੇਵੀ ਅਸੀਂ ਕਹਿੰਦੇ ਹਾਂ—ਉਹ ਵੀ ਹੈ।

**ਨਮੋ ਉਗ੍ਰਦੰਤੀ ਅਨੰਤੀ ਸਵੈਯਾ।।**

ਔਰ ਇੱਕ ਇਹਦੇ ਵਿੱਚ ਸੁਖਮਨਾ ਲਿਖਿਆ ਹੈ ਜਿਹਦੇ ਵਿੱਚ ਲਿਖਿਆ ਹੈ-

**ਤੀਨ ਜੁਗ ਮੈਂ ਸੁਚ ਪਰਧਾਨ।।**
**ਅਬ ਸੁਚ ਕਿਰਿਆ ਕੀ ਹੋਤੀ ਹਾਨ।।**

ਕਲਜੁਗ ਦਾ ਹਾਲ ਮਹਾਰਾਜ ਨੇ ਸਾਰਾ ਉਹਦੇ ਵਿੱਚ ਲਿਖਿਆ ਹੈ —ਉਹਦਾ ਨਾਮ ਸੰਸਾਹਰ ਸੁਖਮਨਾ ਹੈ—ਜੇ ਕਿਸੇ ਦਾ ਚਿਤ ਕਰਦਾ ਹੋਵੇ —ਜੇ ਕਿਸੇ ਨੂੰ ਸ਼ੰਕਾ ਹੋਵੇ-

**ਕਲ ਕੇ ਜੀਵ ਹੋਤ ਅਧਰਮੀ।।**
**ਖਤਰੀ ਬ੍ਰਾਹਮਨ ਹੋਤ ਅਕਰਮੀ।।**

ਸਾਰਿਆਂ ਦੇ ਵਾਸਤੇ ਉਨ੍ਹਾਂ ਲਿਖ ਦਿੱਤਾ ਹੈ—ਉਹ ਜਾ ਕੇ ਬੇਸ਼ਕ ਕੋਈ ਆਦਮੀ ਅੱਜ ਉੱਥੇ ਦਰਸ਼ਨ ਕਰ ਸਕਦਾ ਹੈ। ਸੰਤ ਨਿਹਚਲ ਸਿੰਘ ਜੀ ਪਿੰਡ ਬਹਾਵਦੀਨ ਵਾਲੇ, ਉਥੇ ਗੁਰਦੁਆਰੇ ਦੀ ਸੇਵਾ ਕਰਵਾ ਰਹੇ ਹਨ। ਉਨ੍ਹਾਂ ਨੂੰ ਅੱਗੇ ਪਤਾ ਨਹੀਂ ਸੀ। ਮੈਂ ਜਿਸ ਵੇਲੇ ਓਦਣ —ਜਾਣ ਕੇ ਪ੍ਰਕਾਸ਼ ਕਰਵਾਇਆ, ਦਰਸ਼ਨ ਕਰ ਵਾਸਤੇ, ਕਈ ਚੀਜ਼ਾਂ

ਦੇਖਣ ਵਾਸਤੇ ਤਾਂ ਉਹਨਾਂ ਨੇ ਵੀ ਉਸ ਦਿਨ ਦਰਸ਼ਨ ਕੀਤਾ ਔਰ ਜਿਹੜੀ ਇਹ ਚੰਡੀ ਦੀ ਵਾਰ ਹੈ—ਜਿਹੜੀ ਆਮ ਅਸੀਂ ਪੜ੍ਹਦੇ ਹਾਂ —ਇਹਦਾ ਨਾ ਲਿਖਿਆ ਹੈ ਉੱਥੇ ਵਾਰ ਦੁਰਗਾ ਕੀ। ਉੱਥੇ ੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ' ਨਹੀਂ ਲਿਖਿਆ, ੧ੴ ਸ੍ਰੀ ਭਗੌਤੀ ਜੀ ਸਹਾਇ', ਲਿਖ ਕੇ ਪਹਿਲੀ ਪਉੜੀ ਜਿਹੜੀ ਹੈ ਚੰਡੀ ਦੀ ਵਾਰ ਦੀ —ਉੱਥੇ ਲਿਖਿਆ ਹੈ, ਅੰਗਦ ਤੇ ਗੁਰ ਅਮਰਦਾਸ ਰਾਮਦਾਸ ਸੋ ਕਰੋਂ ਸਹਾਇ, ਫੇਰ ਸਿਵਰੀ ਸ੍ਰੀ ਹਰਿਰਾਇ—ਐਸੇ ਸ਼ਬਦ ਹਨ—ਉਹਦੇ ਵਿੱਚ ਉਹਦੀ ਚੰਡੀ ਦੀ ਵਾਰ ਵੀ ਅਲਹਿਦੀ ਹੈ 'ਸਟ ਪਈ' ਇੱਥੇ 'ਜਮਧਾਨੀ' ਪਾਠ, ਉੱਥੇ 'ਜਿਮਧਾਨੀ' ਹੈ। ਹੋਰ ਵੀ ਕਈ ਪਾਠ ਹਨ, ਤੁਕਾਂ ਵੀ ਵਾਧੂ ਹਨ। 'ਕਾਰਜ ਫਿਫਰਾ'—ਕੁਛ ਐਸਾ ਸ਼ਬਦ ਆਉਂਦੈ ਨੌਵੀਂ ਦਸਵੀਂ ਪੌੜੀ ਵਿੱਚ ਵੀ। ਜਿਹੜੀ ਉਹਦੀ ਚੰਡੀ ਦੀ ਵਾਰ ਹੈ ਉਹ ਹੈ ਸਾਡੇ ਕੋਲ ਲਿਖੀ ਹੋਈ। ਭਾਈ ਮਨੀ ਸਿੰਘ ਜੀ ਨੇ ਵੀ ਜਿਹੜੀ ਬੀੜ ਆਪ ਤਿਆਰ ਕੀਤੀ ਸੀ, ਬਾਣੀ ਗੁਰੂਆਂ ਦੀ ਵੱਖਰੀ-–ਵੱਖਰੀ ਕਰਕੇ, ਜਿਹਦੇ ਤੋਂ ਬੰਦ ਬੰਦ ਕੱਟੇ ਗਏ, ਉਸਦੇ ਵਿੱਚ ਵੀ ਉਸੇ ਤਰ੍ਹਾਂ ਹੀ ਉਹ ਚੰਡੀ ਦੀ ਵਾਰ ਲਿਖੀ ਹੋਈ ਹੈ। ਬਹੁਤ ਸਾਰਾ ਫਰਕ ਹੈ—ਪਾਠਾਂ ਦਾ ਤਾਂ ਉਸਦੇ ਵਿੱਚ ਲਿਖਿਆ ਹੈ ਕਿ ਕਲਜੁਗ ਦਾ ਸਮਾਂ ਐਸਾ ਆਵੇਗਾ। ਔਰ ਕਲਕੀ ਅਵਤਾਰ ਦੀ ਜਿੱਥੇ ਕਥਾ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ–

**ਅਬ ਮੈ ਮਹਾ ਸੁੱਧ ਮਤਿ ਕਰਿ ਕੈ।।**
**ਕਹੋ ਕਥਾ ਚਿਤੁ ਲਾਇ ਬਿਚਰਕੈ[੯]।।**
– – – – – – – – – – – – – –
**ਭਾਂਤ ਭਾਂਤ ਤਨ[੧੦] ਹੋ ਉਤਪਾਤਾ[੧੧]।।**
**ਪੁਤ੍ਰਹ ਸੇਜ ਸੋਵਤ ਲੈ ਮਾਤਾ।।੨।।**
**ਸੁਤਾ ਪਿਤਾ ਤਨ ਰਮਤ ਨਿਸ਼ੰਕਾ।।**
**ਭਗਨੀ ਭਰਤ ਭ੍ਰਾਂਤ ਕਹ ਅੰਕਾ।।**
**ਭ੍ਰਾਤ ਬਹਿਨ ਤਨ ਕਰਤ ਬਿਹਾਰਾ।।**

**ਇਸਤ੍ਰੀ ਤਜੀ ਸਕਲ ਸੰਸਾਰਾ।।**

*–ਦਸਮ ਗ੍ਰੰਥ, ਪੰਨਾ–੫੭੧*

**– – – – – – – – – – – – – – – –**

**– – – – – – – – – – – – – – – –**

**ਜਹ ਤਹ ਹੋਨ ਲਗੇ ਉਤਪਾਤਾ।।**
**ਭੋਗਤ ਪੂਤ ਸੇਜ ਚੜਿ ਮਾਤਾ।।੫।।**

*–ਦਸਮ ਗ੍ਰੰਥ, ਪੰਨਾ–੫੭੧*

– **ਕਹੂੰ ਨ ਪੂਜਾ ਕਹੂੰ ਨ ਅਰਚਾ[੧੨]।।**
**ਕਹੂੰ ਨ ਸ੍ਰੂਤ ਧੁਨਿ ਸਿੰਮ੍ਰਤ ਨ ਚਰਚਾ।।**
**ਕਹੂੰ ਨ ਹੋਮੰ[੧੩] ਕਹੂੰ ਨ ਦਾਨੰ।।**
**ਕਹੂੰ ਨ ਸੰਜਮ[੧੪] ਕਹੂੰ ਨ ਸ਼ਨਾਨੰ।।੧੨੭।।**

*–ਦਸਮ ਗ੍ਰੰਥ, ਪੰਨਾ–੫੮੦*

ਲਿਖਿਆ ਹੈ ਰੋਜ ਨਵੇਂ ਨਵੇਂ ਮੱਤ ਚਲਣਗੇ—ਵੇਦ ਛੱਡ ਦੇਣਗੇ—ਗ੍ਰੰਥ ਛੱਡ ਦੇਣਗੇ, ਆਪਣੀਆਂ-ਆਪਣੀਆਂ ਕਿਤਾਬਾਂ ਬਣਾ ਕੇ ਉਨ੍ਹਾਂ ਦਾ ਪਰਚਾਰ ਕਰਨਗੇ, ਉਨ੍ਹਾਂ ਨੂੰ ਚੰਗੀਆਂ ਮੰਨਣਗੇ, ਕੁਛ ਨਹੀਂ ਪੜ੍ਹਨਗੇ।

**ਕਿਸੂ ਨ ਦਾਨ ਦੇਹ ਗੇ।**
**ਸੁ ਸਾਧ ਲੂਟ ਲੇਹ ਗੇ।।੩੮।।**

*–ਦਸਮ ਗ੍ਰੰਥ, ਪੰਨਾ–੫੭੪*

ਦਸਮ ਗ੍ਰੰਥ ਵਿੱਚ ਲਿਖਿਆ ਹੈ, ਉਹ ਚੀਜ਼ ਹੋ ਰਹੀ ਹੈ–

**ਸ਼ੰਕਰ ਬਰਨ ਪ੍ਰਜਾ ਸਭ ਹੋਈ।।**
**ਏਕ ਗਯਾਤ ਕੋ ਰਹਾ ਨ ਕੋਈ।।**

*–ਦਸਮ ਗ੍ਰੰਥ, ਪੰਨਾ–੫੭੧*

ਹੁਣ ਅਸੀਂ ਕਿਸੇ ਨੂੰ ਆਖੀਏ ਭਾਈ ਤੂੰ ਸਿਆਮਨ ਕਿਉਂ ਕੀਤੀ ਹੈ, ਜਦ ਲਿਖਣ ਵਾਲਾ ਗੁਰੂ ਗੋਬਿੰਦ ਸਿੰਘ ਹੈ ਉਹਦੇ ਬਚਨ ਤਾਂ ਨਹੀਂ ਨ ਉਲਟ ਸਕਦੇ—ਸ਼ੰਕਰ ਬਰਨ ਪ੍ਰਜਾ ਸਭ ਹੋਈ।

ਕੋਈ ਨਸਲ ਨਹੀਂ ਰਹਿ ਜਾਏਗੀ ਕੰਮ ਦੀ, ਲਿਖਿਆ ਹੈ—ਬ੍ਰਾਹਮਣ ਸ਼ੂਦਰਾਨੀਆਂ ਘਰ ਵਾੜ ਲੈਣਗੇ, ਸ਼ੂਦਰ—ਬ੍ਰਾਹਮਣੀਆਂ, ਖੱਤਰੀ—ਬਾਣੀਆਂ ਦੇ ਵੈਸ਼ਾਂ ਦੇ ਘਰ, ਵੈਸ਼—ਬ੍ਰਾਹਮਣਾਂ ਦੇ ਘਰ, ਬ੍ਰਾਹਮਣੀ ਵੈਸ਼ਾਂ ਦੇ ਘਰ। ਇਸ ਤਰ੍ਹਾਂ ਸਾਰਾ ਪ੍ਰਸੰਗ ਕੋਈ ਦੇਖੇ ਪੜ੍ਹ ਕੇ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲਿਖਿਆ ਹੈ। ਕਹਿੰਦੇ ਹਨ—ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦੁਆਰਾ ਹੈ, ਜਿਹੜੇ ਭਾਈ ਦਰਸ਼ਨ ਕਰਨਗੇ,.........।

ਜੇ ਕੋਈ ਹੁੱਕੇ ਵਾਲਾ, ਤਮਾਕੂ ਵਾਲਾ, ਸ਼ਰਾਬ ਵਾਲਾ, ਸਾਡੇ ਅੜਿੱਕੇ ਆਵੇਗਾ, ਮਾਸ ਵਾਲਾ—ਉਹ ਮਾਰਿਆ ਜਾਵੇਗਾ, ਅਸੀਂ ਉਹਦੇ ਜ਼ੁੰਮੇਵਾਰ ਨਹੀਂ।

*ਸੁਣ ਹੋਏ ਥਾਣੇ ਵਾਲੇ ਸਾਥ।*

ਕਪਤਾਨ ਪੁਲਸ ਨੇ ਹੁਕਮ ਭੇਜ ਦਿੱਤਾ, ਥਾਣਾ ਨਾਲ ਹੋਇਆ, ਗੁਰੂ ਸਾਹਿਬ ਚਲੇ।

*ਚੜੇ ਅਨੰਦ ਪੁਰ ਕੋ ਰਘੁਨਾਥ।।੨੩।।*

'ਰਘੁਨਾਥ' ਰਾਮ ਰੂਪ ਸਤਿਗੁਰੂ ਅਨੰਦਪੁਰ ਨੂੰ ਚੱਲੇ।

*ਸਿੰਘ ਪਾਂਚ ਸੌ ਸਾਥ ਸਿਧਾਰੇ।*

ਪੰਜ ਸੌ ਸਿੰਘ ਤਾਂ ਗੁਰੂਦੁਆਰੇ ਤੋਂ ਨਾਲ ਗਿਆ, ਜਿਹੜੇ ਹੋਰ ਸਿੰਘ ਆਏ ਉਹ ਮੈਨੂੰ ਪਤਾ ਹੈ, ਇੱਥੇ ਉਨ੍ਹਾਂ ਦੀ ਗਿਣਤੀ ਨਹੀਂ ਲਿਖੀ ਹੋਈ। ਮੈਨੂੰ ਪਤਾ ਲੱਗਾ ਸੀ—ਇੱਕ ਸਿੰਘ ਨੇ ਦੱਸਿਆ—ਸਤਿਗੁਰਾਂ ਨੂੰ (ਅੰਗਰੇਜ਼) ਆਖਣ ਲੱਗੇ,''ਦੱਸੋ ਕਿੰਨੇ ਸਿੰਘ ਨੇ ?''

ਉਹਨਾਂ ਹੁਕਮ ਦਿੱਤਾ ਕਿ ਗ੍ਰਿਹਿਸਤੀ ਸਿੰਘ ਕੋਈ ਇੱਕ ਰੁਪੱਈਏ ਤੋਂ ਬਗੈਰ ਮੱਥਾ ਨਾ ਟੇਕੇ। ਬਾਈ ਹਜ਼ਾਰ ਰੁਪੱਈਆ ਹੋਇਆ, ਬਾਈ ਹਜ਼ਾਰ ਗ੍ਰਿਹਿਸਤੀ ਸੀ। ਬਿਹੰਗਮਾਂ ਦੀ ਮੈਨੂੰ ਗਿਣਤੀ ਦਾ ਕੋਈ ਪਤਾ ਨਹੀਂ। ਸਰਕਾਰੀ ਰਿਕਾਰਡ ਵਿੱਚ ਅੱਠ ਹਜ਼ਾਰ ਆਦਮੀ ਦਾ ਨਾਮ ਲਿਖਿਆ ਗਿਆ। ਮੈਨੂੰ ਬਾਬੇ ਲਾਲ ਸਿੰਘ ਹੁਰਾਂ ਗੱਲ ਸੁਣਾਈ, ਅਸੀਂ ਸਵੇਰ ਤੋਂ ਲਿਖਣ ਲੱਗੇ, ਆਦਮੀ ਅੰਗਰੇਜ਼ਾਂ ਦੇ, ਸ਼ਾਮ ਤੱਕ ਲਿਖਦੇ ਗਏ ਤੀਸਰਾ ਹਿੱਸਾ ਅਜੇ ਉਹਨਾਂ ਨੇ ਲਿਖਿਆ, ਉਨ੍ਹਾਂ ਨੇ ਆਖਿਆ

ਹੁਣ ਨਹੀਂ ਇਹ ਲਿਖੇ ਜਾਂਦੇ, ਛੱਡ ਦਿਉ—ਫਿਰ ਅੱਠ ਹਜ਼ਾਰ ਆਪੇ ਹੋ ਜਾਣਾ ਹੈ।

*ਸਬਦ ਗੁਰੂ ਗਾਜਤ ਜੈਕਾਰੈ।*

ਸ਼ਬਦ ਗੁਰੂ ਕਾ ਪੜ੍ਹਦੇ ਹਨ, ਨਾਲੇ ਜੈਕਾਰੇ ਬੁਲਾਉਂਦੇ ਹਨ।

*ਉਰੇ ਪਾਂਚ ਕੋਹ ਕੀਰਤਪੁਰ ਹੈ।*

ਪੰਜਾ ਕੋਹ ਉਰੇ ਕੀਰਤ ਪੁਰ ਹੈ।

*ਤਾਂਹਿ ਪਹੂਚੇ ਜਬ ਗੁਰ ਸੁਰ ਹੈ।।੨੪।।*

ਸਤਿਗੁਰੂ, ਦੇਵਤਿਆਂ ਦੇ ਗੁਰੂ, ਦੇਵਤਾ ਸਰੂਪ ਸਤਿਗੁਰੂ ਪਹੁੰਚੇ ਜਦੋਂ।

*ਸੂਛ ਜਗਾ ਦਿਖ ਕਿਯੋ ਅਵਾਸ।*

ਬੜੀ ਸੁੰਦਰ ਜਗਾ ਸੂਛ ਦੇਖ ਕੇ ਡੇਰਾ ਲਾਇਆ।

*ਲਗਾ ਦੀਵਾਨ ਗੁਰੂ ਸੁਖ ਰਾਸ।*

ਲੱਗਾ ਦੀਵਾਨ ਸਤਿਗੁਰਾਂ ਦਾ।

*ਢੋਲਕ ਛੈਨਣ ਸੋ ਗੁਰਬਾਣੀ।*

ਢੋਲਕ ਛੈਣਿਆਂ ਨਾਲ ਬਾਣੀ ਪੜ੍ਹੀ ਜਾਂਦੀ ਹੈ।

## ਨਾਮ ਬਾਣੀ ਦਾ ਆਧਾਰ

*ਪੜ੍ਹਨ ਲਗੇ ਗੁਰ ਸਿਖ ਗੁਣ ਖਾਣੀ।।੨੫।।*

ਸਿੱਖ ਲੱਗੇ ਪੜ੍ਹਨ ਗੁਰੂ ਦੇ, ਗੁਣਾਂ ਦੀ ਖਾਨ। ਇਹ ਉਸ ਵੇਲੇ ਦੀਆ ਗੱਲਾਂ, ਜਿਹੜੇ ਉਸ ਵੇਲੇ ਦੇ ਪੁਰਾਣੇ ਸਾਧੂ ਕਹਿੰਦੇ ਹਨ ਕਿ ਜਿਸ ਵੇਲੇ ਦੌਰੇ ਵਿੱਚ ਵੀ ਸਤਿਗੁਰੂ ਸੱਚੇ ਪਾਤਸ਼ਾਹ ਜਾਂਦੇ ਸੀ, ਨਾਮਧਾਰੀ ਸਿੱਖ ਉਦੋਂ ਗੱਲ ਨਹੀਂ ਸੀ ਕੋਈ ਕਰਦਾ। ਜੇ ਦੋ ਤੁਰੇ ਜਾਂਦੇ ਹਨ ਇਕੱਠੇ ਤੇ ਸ਼ਬਦ ਪੜ੍ਹਦੇ ਜਾਂਦੇ ਹਨ ਜੇ ਕੱਲਾ ਜਾਂਦਾ ਹੈ ਤਾਂ ਬਾਣੀ ਪੜ੍ਹਦਾ ਜਾਂਦਾ ਹੈ ਜਾਂ ਭਜਨ ਕਰਦਾ ਜਾਂਦਾ ਹੈ, ਗੱਲ ਨਹੀਂ ਸੀ ਕੋਈ ਕਰਦਾ।

ਭਾਈ ਗੰਗਾ ਸਿੰਘ ਜੀ ਉਪਦੇਸ਼ਕ ਸਿੰਘ ਸਭਾ ਦੇ ਪੁਰਾਣੇ ਆਦਮੀ

ਹਨ, ਜਿਹੜੇ ਤੇਜਾ ਸਿੰਘ ਬਾਬੂ ਭਸੌੜ ਵਾਲੇ ਨਾਲ ਰਹੇ, ਉਹ ਮੈਨੂੰ ਸ਼ਿਮਲੇ ਮਿਲੇ, ਕਹਿੰਦੇ ਹਨ,''ਮੈਂ ਭੈਣੀ ਸਾਹਿਬ ਗਿਆ, ਮੈਂ ਉਸ ਵੇਲੇ ਜੋ ਕੁਝ ਜਾ ਕੇ ਦੇਖਿਆ, ਭਾਈ ਜਿਹੜਾ ਲੱਕੜਾਂ ਢੋਂਦਾ ਹੈ—ਉਹ ਵੀ ਬਾਣੀ ਪੜ੍ਹਦਾ ਹੈ ਜਾਂ ਭਜਨ ਕਰਦਾ ਹੈ, ਜਿਹੜਾ ਘੋੜੇ ਨੂੰ ਖਰਖਰਾ ਕਰਦਾ ਹੈ—ਉਹ ਵੀ ਉਹੋ ਕੁਛ ਕਰਦਾ ਹੈ, ਜਿਹੜਾ ਲੰਗਰ ਕਰਦਾ ਹੈ''—ਪਰ ਹੁਣ ਤਾਂ ਸਾਨੂੰ ਇਹੋ ਕੁਛ ਨਹੀਂ ਮੁੱਕਦਾ—ਸੇਠ ਦਿਆਲ ਸਿੰਘ ਨੇ ਫਲਾਨੀ ਗੱਲ ਕਰ ਦਿੱਤੀ, ਨਰੈਣ ਸਿੰਘ ਨੇ ਆਹ ਕੁਛ ਕਰ ਦਿੱਤਾ, ਬਾਬੂ ਮੰਗਲ ਦਾਸ ਇਉਂ ਕਰਦਾ ਹੈ, ਪੰਡਿਤ ਰਘੁਨਾਥ ਇਹ ਕਰਦੈ, ਪਰਤਾਪ ਸਿੰਘ ਇਹ ਕਰਦਾ ਹੈ, ਆਲ੍ਹਾ ਸਿੰਘ ਇਹ ਕਰਦਾ ਹੈ, ਫਲਾਣਾ ਇਹ ਕਰਦਾ ਹੈ। ਜੇ ਹੋਵੇ ਕਿਸੇ ਦੀ ਨਿੰਦਿਆ ਤਾਂ ਬੜਾ ਕੰਨਾਂ ਨੂੰ ਸੁਆਦ ਆਉਂਦਾ ਹੈ, ਉੱਥੇ ਕੋਲ ਬਹਿ ਕੇ ਬੜੀ ਚੰਗੀ ਤਰ੍ਹਾਂ ਸੁਣੀਂਦੀ ਹੈ—ਬਈ ਫਲਾਣਾ ਬੜਾ ਬੁਰਾ ਹੈ। ਜੇ ਹੋਵੇ ਕਿਸੇ ਦੀ ਉਸਤਤ ਫਿਰ ਉੱਥੋਂ ਚੁੱਪ ਕਰਕੇ ਭੱਜਣ ਦੀ ਕਰੀਦੀ ਹੈ, ਉਹਦੇ ਨਾਲ ਨਹੀਂ ਧਿਆਨ ਦਈਦਾ ਭਾਈ ਜੇ ਕਿਸੇ ਨੂੰ ਕੋਈ ਚੰਗਾ ਕਹਿੰਦਾ ਹੋਵੇ। ਜੇ ਇਹ ਗੱਲ ਕਰਦਾ ਹੋਵੇ, ਅੱਛਾ ਦੱਸ ਬਈ ਫੇਰ ਪੰਡਿਤ ਨੇ ਕੀ ਕਸੂਰ ਕੀਤਾ, ਉਹ ਦੋ ਚਾਰ ਜਿਹੜਾ ਕਹਿਣ ਵਾਲਾ ਹੈ, ਉਨ੍ਹਾਂ ਨੂੰ ਫਿਰ ਮਸਾਲਾ ਲਾਉਣ ਦੀ ਬੜੀ ਜਾਚ ਹੈ ਕਿਉਂਕਿ ਉਨ੍ਹਾਂ ਦੀ ਖੱਟੀ–

**ਜਉ ਦੇਖੈ ਛਿਦ੍ਰ**[੧੫] **ਤਉ ਨਿੰਦਕੁ ਉਮਾਹੈ**[੧੬]

ਗੁਰੂ ਜੀ ਕਹਿੰਦੇ ਹਨ–

**ਭਲੋ ਦੇਖ ਦੁਖ ਭਰੀਐ**[੧੭]।।

*–ਬਿਲਾਵਲ ਮ:੫, ਪੰਨਾ–੮੨੩*

ਉਨ੍ਹਾਂ ਨੂੰ ਇਹੋ ਹੀ ਕੁਛ ਚੰਗਾ ਲਗਦਾ ਹੈ। ਇਸ ਤਰ੍ਹਾਂ ਉਸ ਵੇਲੇ ਦੇ ਸਿੱਖ ਨਾਮ ਦੇ ਅਧਾਰ ਵਾਲੇ ਸੀ, ਬਾਣੀ ਦੇ ਅਧਾਰ ਵਾਲੇ ਸੀ।

ਹੋਰ ਕੋਈ ਚੀਜ਼ ਨੂੰ ਉਹ ਜਾਣਦੇ ਨਹੀਂ ਸਨ। ਸਤਿਗੁਰਾਂ ਕਿਹਾ

ਸੀ,''ਭਾਈ, ਲੋਕਾਂ ਵਿੱਚ ਬਹਿ ਕੇ ਗੱਲਾਂ ਕਰਨ ਨਾਲੋਂ—ਬੇ ਮਤਲਬੀਆਂ ਖਾਖਾ ਖੋਖਲੀਆਂ ਕਰਨ ਨਾਲੋਂ—ਜਾ ਕੇ ਆਦਮੀ ਲੰਮਾ ਪੈ ਕੇ ਸੌਂ ਰਹੇ।'' ਇਹੀ ਚੀਜ਼ ਸੀ ਸਿੱਖਾਂ ਦੀ, ਇਹੀ ਚੀਜ਼ ਸਿੱਖਾਂ ਦਾ ਆਧਾਰ ਸੀ, ਇਸੇ ਚੀਜ਼ ਦੇ ਸਿਰ ਤੇ ਜਿੰਨਾਂ ਚਿਰ ਸਿੱਖ ਰਹੇ ਕਾਬਲ ਦੀਆਂ ਕੰਧਾਂ ਕੰਬਾ ਦਿੱਤੀਆਂ। ਜਦੋਂ ਸਿੱਖਾਂ ਕੋਲੋਂ ਇਹ ਚੀਜ਼ ਛੁੱਟ ਗਈ ..........—ਹੁਣ ਸਾਡਾ ਨਾਂ ਤੇ ਸਿੱਖ ਹੈ, ਕਹਿਣ ਮਾਤਰ ਸਿੱਖ ਹਾਂ। ਐਸ ਹਾਲਤ ਵਿੱਚ ਤਾਂ ਸਿੱਖਾਂ ਦਾ ਜੋ ਹਾਲ ਹੋਇਆ, ਜਿਥੋਂ ਤਕ ਅਸੀਂ ਪਹੁੰਚੇ, ਜੋ ਸਾਡੀ ਹਾਲਤ ਹੈ, ਹੁਣ ਤੇ ਉਹ ਪੰਜਾਬੀ ਦੀ ਕਹਾਵਤ ਹੈ —ਖੇਤ ਪਏ ਗਧੇ ਨਾਲ ਨਾ ਉਹ ਗੱਲ ਹੋਵੇ—ਖੋਤੇ ਨਾਲ—ਜਿਹੜੀ ਸਾਡੇ ਨਾਲ ਹੋਈ ਹੈ। ਫੇਰ ਸਾਨੂੰ ਕੋਈ ਸੁੱਖ ਹੈ, ਹੁਣ ਅਸੀਂ ਕੋਈ ਰਾਜ਼ੀ ਹਾਂ, ਸਿੰਘ ਸਭੀਆ—ਸਿੰਘ ਸਭੀਏ ਦੀ, ਅਕਾਲੀ—ਅਕਾਲੀ ਦੀ, ਨਾਮਧਾਰੀ—ਨਾਮਧਾਰੀ ਦੀ, ਨਿਰਮਲਾ—ਨਿਰਮਲੇ ਦੀ, ਨਿਹੰਗ—ਨਿਹੰਗ ਦੀ—ਜਿੱਥੋਂ ਤਕ ਹੋਵੇ ਬਦਖੋਈ ਕਰਕੇ ਰਾਜ਼ੀ ਹੈ। ਇਸ ਗੱਲ ਨੂੰ ਦੇਖ ਕੇ ਕਿਸੇ ਦਾ ਚਿਤ ਖੁਸ਼ ਨਹੀਂ ਹੁੰਦਾ ਕਿ ਮੇਰੇ ਭਰਾ ਕੋਲ ਚਾਰ ਪੈਸੇ ਹੋ ਗਏ ਹਨ—ਜਾਂ ਇਹ ਚੰਗਾ ਹੈ—ਜਾਂ ਇਹ ਭਜਨ ਕਰਦਾ ਹੈ —ਜਾਂ ਇਹਨੂੰ ਲੋਕ ਚੰਗਾ ਕਹਿੰਦੇ ਹਨ—ਇਹਦੇ ਨਾਲ ਖੁਸ਼ੀ ਨਹੀਂ ਹੁੰਦੀ, ਇਹਦੇ ਨਾਲ ਦੁੱਖ ਹੁੰਦਾ ਹੈ—ਈਰਖਾ ਔਰ ਇਸ ਚੀਜ਼ ਦਾ ਨਤੀਜਾ ਕੋਈ ਆਦਮੀ ਨਹੀਂ ਸਮਝ ਸਕਦਾ। ਜਿਸ ਵੇਲੇ ਸਿੱਖਾਂ ਨੇ, ਜੋ ਮਿਲਿਆ ਇਕੱਠੇ ਕਰਕੇ ਖਾਧਾ, ਇੱਕ ਜਗ੍ਹਾ ਬੈਠੇ, ਗੁਰੂ ਨੂੰ ਧਿਆਇਆ, ਕਿਸੇ ਨੂੰ ਬੁਰਾ ਨਹੀਂ ਕਿਹਾ, ਇੱਕ ਸਿੱਖ ਦੇ ਥਾਂ ਪਾਣੀ ਦੇ ਲਹੂ ਡੋਲਿਆ, ਸਿੱਖ ਚੜ੍ਹਦੀ ਕਲਾ ਵਿਚ ਗਏ। ਜਿਦਣ ਬਾਰ੍ਹਾਂ ਮਿਸਲਾਂ ਵਿੱਚ ਵੰਡੇ ਗਏ, ਫਿਰ ਇੱਕ ਦੂਜੀ ਮਿਸਲ ਨੂੰ ਖਾਣ ਲਗੇ। ਮਹਾਰਾਜਾ ਰਣਜੀਤ ਸਿੰਘ ਦਾ ਜ਼ਮਾਨਾ ਆਇਆ ਉਹ ਸਾਰੇ ਜਿਸ ਵੇਲੇ ਖਾਧੇ ਗਏ, ਮਗਰੋਂ ਸਿੱਖ ਇੱਕ ਦੂਜੇ ਨਾਲ।

*ਸ਼ਾਹ ਮੁਹੰਮਦਾ ਬੁਰਛਿਆਂ ਅੱਤ ਚਾਈ*
ਜਿਹੜਾ ਬਹੇ ਗੱਦੀ ਉਹਨੂੰ ਮਾਰ ਦਿੰਦੇ।

ਫਿਰ ਵੱਡੀ ਬਹਾਦਰੀ ਕਰਕੇ ਕਿਹਾ–

*ਬੀਰ ਸਿੰਘ ਜੇਹੇ ਅਸਾਂ ਮਾਰ ਦਿੱਤੇ*
*ਨਹੀਂ ਛੱਡਣਾ ਸਾਧ ਤੇ ਸੰਤ ਮੀਆਂ।*

ਬਾਬੇ ਵੀਰ ਸਿੰਘ ਹੁਰਾਂ ਨੂੰ ਉਹ ਮਹਾਂਪੁਰਸ਼—ਜਿਨ੍ਹਾਂ ਨੂੰ ਜਿਸ ਵੇਲੇ ਗੋਲੇ ਨਾਲ ਮਾਰਿਆ—ਉਹ ਕਹਿੰਦੇ ਹਨ,''ਜਾਓ ਉਏ ਸਿੱਖੋ—ਤੁਹਾਡੇ ਤੇ ਅੱਠਾਂ ਬਲਦਾਂ ਦਾ ਸੁਹਾਗਾ''—ਬੇਗੁਨਾਹਾਂ ਨੂੰ। ਸਾਡੀ ਇਹ ਹਾਲਤ ਹੋਈ। ਸਤਿਗੁਰਾਂ ਨੇ ਫਿਰ ਆ ਕੇ ਸੰਭਾਲੇ, ਹੁਣ ਫੇਰ ਖੜੋਂਦੇ-ਖੜੋਂਦੇ ਇੱਕ ਦੂਜੇ ਦੀ ਨਿੰਦਿਆ, ਇੱਕ ਦੂਜੇ ਦੀ ਚੁਗਲੀ, ਹੁਣ ਸਾਡੀ ਉਹ ਕਹਿਣ ਕਹਾਉਣ ਵਾਲੀ ਗੱਲ ਨਹੀਂ ਰਹਿ ਗਈ। ਸਾਰੇ ਗੁਰੂ ਕੇ ਸਿੱਖ ਹਨ, ਸਾਰੇ ਇੱਕੇ ਖੁਰਲੀ ਦੇ ਵੱਛੇ ਹਨ, ਚਾਹੇ ਕੋਈ ਕਿਸੇ ਤਰ੍ਹਾਂ ਮੰਨੇ —ਕਿਸੇ ਤਰ੍ਹਾਂ ਨਾ ਮੰਨੇ। ਪਰ ਮੈਨੂੰ ਤਾਂ ਇੱਥੇ ਇੱਕ ਗੱਲ ਸੁਣ ਕੇ— ਆ ਕੇ—ਮੇਰਾ ਦਿਲ ਦੁਖੀ ਹੋਇਆ ਹੈ ਕਿ ਇੱਕ ਸਕੂਲ ਨਹੀਂ ਬਣਾ ਸਕੇ—ਤਿੰਨੇ ਧਿਰਾਂ ਰਲ ਕੇ ਇੱਥੇ। ਹੁਣ—ਇਹਦੇ ਵਿੱਚ ਮੈਂ ਨਹੀਂ ਕਹਿੰਦਾ—ਕਸੂਰ ਕੀਹਦਾ ਹੈ—ਏਨਾਂ ਕੰਮ ਨਹੀਂ ਕਰ ਸਕੇ, ਇਹਦੇ ਤੇ ਇਕੱਠੇ ਨਹੀਂ ਹੋ ਸਕਦੇ, ਏਡੀ ਬੇਇਤਬਾਰੀ ਹੈ। ਹਿੰਦੂਆਂ ਨੂੰ ਬੇਇਤਬਾਰੀ ਹੈ ਜੇ ਸਿੱਖ ਅੱਗੇ ਹੋ ਗਏ ਇਹ ਕਬਜਾ ਕਰ ਜਾਣਗੇ, ਸਿੱਖਾਂ ਨੂੰ ਬੇਇਤਬਾਰੀ ਹੈ ਜੇ ਹਿੰਦੂਆਂ ਦੇ ਹੱਥ ਵਿਚ ਆ ਜਾਏ ਤਾਂ ਸਾਡਾ ਇਨ੍ਹਾਂ ਨੇ ਕੱਖ ਨਹੀਂ ਰਹਿਣ ਦੇਣਾ। ਅਕਾਲੀਆਂ ਨੂੰ ਇਹ ਹੈ ਕਿ ਨਾਮਧਾਰੀ ਨਾ ਅੱਗੇ ਆ ਜਾਣ—ਨਾਮਧਾਰੀਆਂ ਨੂੰ ਇਹ ਹੈ ਬਈ ਜੇ ਅਕਾਲੀ ਅੱਗੇ ਆ ਗਏ ਤਾਂ ਸਾਨੂੰ ਨਹੀਂ ਇਹਨਾਂ ਨੇ ਵੜਨ ਦੇਣਾ। ਏਸੇ ਗੱਲ ਨੇ ਮਾਰ ਦਿੱਤੇ, ਸਾਰੇ ਆਪਣੇ ਕੰਮੋਂ ਰਹਿ ਚੁੱਕੇ। ਜੋ ਕੁਛ ਮੈਂ ਦੇਖਿਆ ਹੈ, ਜਿਹੜੀ ਗੱਲ ਮੈਂ ਸੁਣੀ ਹੈ, ਜਿੰਨੀ ਕੁ ਮੈਨੂੰ ਪਤਾ ਲੱਗਾ ਹੈ, ਉਹਦੇ ਵਿੱਚ ਇੱਕੋ ਹੀ ਇਹ ਹੀ ਚੀਜ਼ ਹੈ ਕਿ ਬੇਪ੍ਰਤੀਤੀ ਹੈ।

## ਸਾਰੇ ਇਕੱਠੇ ਹੋ ਜਾਣ

ਜੇ ਸਾਰੇ ਇਕੱਠੇ ਹੋ ਜਾਣ, ਸਾਰੇ ਇਕੱਠੇ ਹੋ ਕੇ ਆਪੋ ਆਪਣੇ

ਰਸਮ ਰਿਵਾਜ਼—ਮੈਂ ਹੁਣ ਕੀ ਦੱਸਾਂ ਤੁਹਾਨੂੰ ਕਿ ਹਿੰਦੂ ਮੱਤ ਵਿੱਚ ਇੱਕ ਰੌਲਾ ਪਿਆ ਸੀ ਇੱਕ ਵਕਤ, ਕੋਈ ਲੋਕ ਸਨ ਜਿਹੜੇ ਪੂਜਦੇ ਸਨ ਸ਼ਿਵਜੀ ਨੂੰ—ਸ਼ੈਵੀ, ਕੋਈ ਸਨ ਜਿਹੜੇ ਪੂਜਦੇ ਸੀ ਸ਼ਕਤੀ ਨੂੰ—ਸਾਕਤ, ਕੋਈ ਸਨ ਜਿਹੜੇ ਗਨੇਸ਼ ਨੂੰ ਪੂਜਣ ਵਾਲੇ, ਕੋਈ ਸਨ ਜਿਹੜੇ ਵਿਸ਼ਨੂੰ ਨੂੰ ਪੂਜਣ ਵਾਲੇ, ਸੂਰਜ ਨੂੰ—ਸੌਰਜੀ। ਉਨ੍ਹਾਂ ਨੇ ਜਿਸ ਵੇਲੇ ਦੇਖਿਆ ਇੱਕ ਦੂਏ ਨਾਲ ਮਤ ਭੇਦ, ਉਨ੍ਹਾਂ ਸਾਰਿਆਂ ਇਕੱਠੇ ਹੋ ਕੇ ਬੈਠ ਕੇ ਸਲਾਹ ਕਰ ਲਈ ਇੱਕ ਦਿਨ ਕਿ ਸਮਾਰਥ ਪੂਜਾ ਕਰੋ, ਜਿੰਨੇ ਦੇਵਤੇ ਹਨ ਪੰਜੇ ਛੀਏ ਇੱਕੇ ਜਗ੍ਹਾ ਰੱਖ ਲਏ, ਸਾਰੇ ਹੀ ਉੱਥੇ ਮੱਥਾ ਟੇਕਣ ਲੱਗ ਪਏ—ਸਮਾਰਥ ਹੋ ਗਈ। ਪਰ ਓਦਣ ਹੋ ਗਈ, ਅੱਜ ਨਹੀਂ ਹੁੰਦੀ। ਅੱਜ ਸਮੇਂ ਨੇ ਰੰਗ ਐਸਾ ਬਦਲਿਆ ਹੋਇਆ ਹੈ, ਹਰ ਇੱਕ ਆਦਮੀ ਦੇ ਦਿਲ ਵਿੱਚ ਇਹ ਖਿਆਲ ਹੈ—ਮੈਂ ਡਰਦਾ ਨਹੀਂ ਕਹਿੰਦਾ ਪਰ ਜੋ ਮੇਰੇ ਦਿਲ ਵਿੱਚ ਆਉਂਦਾ, ਜਿਹੜੀ ਮੇਰੇ ਅੰਦਰ ਆਉਂਦੀ ਹੈ ਉਹ ਮੈਂ ਕਹੇ ਬਿਨਾਂ ਨਹੀਂ ਰਹਿੰਦਾ—ਹਰ ਇੱਕ ਦੇ ਦਿਲ ਵਿੱਚ ਖਿਆਲ ਹੈ ਸਭ ਦਾ ਮਾਲਿਕ ਮੈਂ ਹੋਵਾਂ, ਉੱਤੇ ਮੈਂ ਹੋਵਾਂ। ਉਹਦਾ ਦੂਜਿਆਂ ਦੇ ਚਿਤ ਵਿੱਚ ਇਹ ਅਭਾਸ ਪੈਂਦੈ ਕਿ ਜੇ ਇਹ ਹੋ ਗਿਆ ਇਹਨੇ ਸਾਨੂੰ ਨਹੀਂ ਰਹਿਣ ਦੇਣਾ। ਅਰ ਇਹ ਚੀਜ਼ ਐਸੀ ਹੈ ਅੰਗਰੇਜ਼ ਨੇ ਵਾੜੀ ਹੈ, ਸਾਡੇ ਮੁਲਕ ਦੀ ਇਹ ਚੀਜ਼ ਨਹੀਂ ਹੈ। ਸਾਡੇ ਮੁਲਕ ਵਿੱਚ ਰਾਜਾ ਗਿਣ ਲਉ, ਸਮਰਾਟ ਕਹਿ ਲਉ, ਕੁਛ ਕਹਿ ਲਵੋ, ਇੱਕ ਆਦਮੀ ਦਾ ਹੁਕਮ ਹੁੰਦਾ ਸੀ। ਏਥੇ ਹੁਣ ਆ ਗਈ ਵੋਟਾਂ ਤੇ ਗੱਲ। ਹੁਣ ਇਹਦਾ ਹਿਸਾਬ ਕਿਤਾਬ ਤਾਂ ਇਹੋ ਹੈ ਨ ਬਈ ਜਿਹਦੀਆਂ ਬਾਹਾਂ ਬਹੁਤੀਆਂ ਹੋ ਜਾਣ—ਉਹ ਲੈ ਜਾਏ, ਭਾਵੇਂ ਉਹ ਚੰਗੇ ਹੋਣ—ਭਾਵੇਂ ਮਾੜੇ ਹੋਣ, ਉੱਥੇ ਇਹ ਤਾਂ ਨਹੀਂ ਨਾ ਦੇਖਿਆ ਜਾ ਸਕਦਾ—ਬਈ ਚੰਗੇ ਕਿਹੜੇ ਹਨ ਤੇ ਮਾੜੇ ਕਿਹੜੇ ਹਨ—ਜਿਹਨਾਂ ਦੀਆਂ ਬਾਹਾਂ ਬਹੁਤੀਆਂ ਹੋ ਗਈਆਂ। ਸਾਡੇ ਪੰਜਾਬ ਦਾ ਹਾਲ ਵੀ ਸਾਨੂੰ ਪਤਾ ਹੈ, ਅਗੋਂ ਹੁਣ ਖਬਰ ਨਹੀਂ—ਜਿਹੜੀ ਇਕਵੰਜਾ ਵਿੱਚ ਚੋਣ ਆਉਣੀ ਹੈ, ਸਾਡੇ ਹਿੰਦੁਸਤਾਨ ਤੇ ਕੀ ਭਾਅ ਵਿਕਣੀ ਹੈ। ਚੋਣਾਂ ਉੱਤੇ ਆ ਕੇ, ਉਹ

ਲੋਕ ਚੋਣਾਂ ਕਰਦੇ ਹਨ—ਭਾਈ ਹਰਨਾਮ ਸਿੰਘ ਜੀ ਰਾਗੀ ਕਹਿੰਦੇ ਹੁੰਦੇ ਸੀ ਕਿ ਇੱਲ ਖਾ ਜਾਂਦੀ ਹੈ ਸੱਪ, ਉਹਨੂੰ ਪਚ ਜਾਂਦਾ ਹੈ ਪਰ ਇੱਲ ਦੀ ਵਿੱਠ ਖਾ ਲੈਂਦਾ ਹੈ ਕੁੱਤਾ ਤੇ ਹਲਕ ਜਾਂਦਾ ਹੈ। ਅਮਰੀਕਾ ਦੇ ਅੰਗਰੇਜ਼ ਲੋਕ ਚੋਣਾਂ ਕਰਕੇ, ਇੱਕ ਦੂਜੇ ਨਾਲ ਉਸ ਵੇਲੇ ਲੜ ਭਿੜ ਕੇ ਮਗਰੋਂ ਜਦੋਂ ਇਕੱਠੇ ਹੋਏ ਤੇ ਇੱਕ ਦੂਜੇ ਨੂੰ ਮੁਬਾਰਕ ਦੇ ਕੇ ਫੇਰ ਉਹਦੇ ਮਗਰ ਲੱਗ ਕੇ ਕੰਮ ਕਰਦੇ ਹਨ। ਤੁਹਾਨੂੰ ਪਤਾ ਹੋਏ ਸ਼ਾਇਦ ਕਲਕੱਤੇ ਵਿੱਚ ਇੱਕ ਵਾਰ ਕਾਂਗਰਸ ਵਿੱਚ ਰੌਲਾ ਪਿਆ ਸੀ। ਰੌਲਾ ਪੈਣ ਦੇ ਉਤੋਂ ਜਿਸ ਵੇਲੇ ਵੋਟਾਂ ਤੇ ਆਏ ਸੀ ਤੇ ਮਹਾਤਮਾ ਗਾਂਧੀ ਜੀ ਦੇ ਵੋਟ ਵਧੇ ਸੀ ਤੇ ਪੰਡਿਤ ਜੀ ਉਸ ਵੇਲੇ ਨੀਵੇਂ ਹੋ ਗਏ ਸਨ —ਪੰਡਿਤ ਮਦਨ ਮੋਹਨ ਮਾਲਵੀਆ। ਜਦੋਂ ਵੀ ਕੋਈ ਉੱਚਾ ਹੋਇਆ ਉਹਨਾਂ ਲੋਕਾਂ ਵਿੱਚ ਇਹ ਚੀਜ਼ ਸੀ। ਪੰਜਾਂ ਚੋਹਾਂ ਸਾਡਿਆਂ ਵਿੱਚ ਆਈ। ਸਾਡੇ ਵਿੱਚ ਹੁਣ ਇਹ ਚੀਜ਼ ਹੈ—ਕੋਸ਼ਿਸ਼ ਕਰੋ—ਬਈ ਰਘੁਨਾਥ ਪੰਡਤ ਨਾ ਹੋ ਜਾਏ—ਸਿੰਘ ਸਭਾ ਦਾ ਪ੍ਰੈਜ਼ੀਡੈਂਟ ਕਿਵੇਂ ਮਾਰਿਆ ਜਾਏ —ਕੂਕਿਆਂ ਦਾ ਸੂਬਾ ਨਾ ਕਿਤੇ ਉੱਤੇ ਆ ਜਾਏ—ਇਹ ਨਾ ਕੋਈ ਰਹਿ ਜਾਏ, ਹੁਣ ਇੱਥੇ ਇਸ ਕੋਸ਼ਿਸ਼ ਨਾਲ ਵੋਟ ਬਣਾਏ ਜਾਂਦੇ ਹਨ।

ਮੇਰੇ ਅੱਗੇ ਆਈ ਹੈ ਥੋੜੀ ਜਿਹੀ ਗੱਲ, ਜਿਹਨੂੰ ਮੈਂ ਦੇਖਿਐ, ਜਿਹਨੂੰ ਮੈਂ ਸੁਣਿਐ ਔਰ ਇਹ ਚੀਜ਼ ਸਾਡੀ ਨਹੀਂ—ਸਾਨੂੰ ਤੇ ਸਮਝ ਨਹੀਂ—ਅਸੀਂ ਤੇ ਸਤਿਗੁਰਾਂ ਦੇ ਹੁਕਮ ਨੂੰ ਮੰਨਦੇ ਹਾਂ, ਲੇਕਿਨ ਇਹ ਸਾਡੇ ਮੰਨਣ ਵਾਲੀ ਚੀਜ਼ ਨਹੀਂ। ਸਾਡੇ ਵਿੱਚ ਇਹ ਚੀਜ਼ ਸੀ—ਜਿਹੜਾ ਕੋਈ ਆਦਮੀ ਵੱਡਾ ਹੋਇਆ—ਜਿਹੜਾ ਕੋਈ ਹੱਛਾ ਹੋਇਆ, ਉਹਨੇ ਜੋ ਇੱਕ ਆਦਮੀ ਨੇ ਆਖਿਆ—ਦੂਸਰਿਆਂ ਨੇ ਮੰਨ ਲਈ। ਸਿੱਖਾਂ ਕੋਲ, ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬੰਦੇ ਦੇ ਜ਼ਮਾਨੇ ਤਕ ਜਿੰਨਾ ਚਿਰ ਤਕ ਏਕਤਾ ਰਹੀ—ਮੁਸਲਮਾਨਾਂ ਦੀਆਂ ਜੜ੍ਹਾਂ ਹਲਾ ਦਿੱਤੀਆਂ ਫੜਕੇ। ਜਿਸ ਵੇਲੇ, ਮੁੜਕੇ ਸਿੱਖ ਪਾਟ ਗਏ ਬੰਦੇ ਦੇ ਨਾਲੋਂ, ਆਪਸ ਵਿੱਚ ਲੜ ਪਏ, ਉਹਨਾਂ ਨੇ ਫੇਰ ਉਨ੍ਹਾਂ ਦੀਆਂ ਬੋਟੀਆਂ ਗਿਣੀਆਂ। ਮੁੜ ਸਿੱਖ ਇਕੱਠੇ ਹੋਏ, ਇੱਕ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ

ਆਏ, ਜਿੱਥੇ ਜਾ ਕੇ ਲੰਡੀ ਕੋਤਲ ਤੇ ਇਹ ਝੰਡੇ ਗੱਡ ਆਏ ਸਨ, ਓਦੂੰ ਅੱਗੇ ਇੱਕ ਇੰਚ ਅੰਗਰੇਜ਼ ਨਹੀਂ ਵੱਧ ਸਕਿਆ, ਇਧਰੋਂ ਪੰਜ ਸੱਤ ਹਜ਼ਾਰ ਮੀਲ ਚਲਿਆ ਗਿਆ। ਇਤਫਾਕ ਸੀ, ਸਿੱਖੀ ਸੀ।

ਸਰਦਾਰ ਹਰੀ ਸਿੰਘ ਨਲੂਆ—ਉਹ ਸਿੱਖ ਸੀ, ਜਮਰੌਦ ਦੇ ਕਿਲ੍ਹੇ ਦਾ ਮੈਂ ਦਰਸ਼ਨ ਕਰਕੇ ਆਇਆ, ਜਿੱਥੇ ਮਹਾਰਾਜ ਦੀ ਬੀੜ ਉੱਤੇ ਰੱਖੀ ਹੁੰਦੀ ਸੀ, ਅਲਮਾਰੀ ਕੋਈ ਨਹੀਂ ਸੀ, ਕੱਚਾ ਥਾਂ ਬਣਾਇਆ ਸੀ। ਉਹ ਫੌਜੀ ਜਰਨੈਲ, ਉਹ ਸਾਡਾ ਕਮਾਂਡਰ-ਇਨ-ਚੀਫ, ਉਹ ਭੁੰਜੇ ਸਫ ਵਿਛਾ ਕੇ ਸੌਂਦਾ ਸੀ ਉੱਥੇ । ਸਾਨੂੰ ਹੁਣ ਚਾਰ ਆਦਮੀ ਘੁੱਟਣ ਵਾਲੇ ਨਾ ਹੋਣ ਤੇ ਨੀਂਦ ਨਹੀਂ ਆਉਂਦੀ। ਉਹ ਆਦਮੀ ਸਨ ਜਿਹਨਾਂ ਨੇ ਕੁਝ ਕੀਤਾ। ਫੇਰ ਉੱਥੇ ਦੇਖੋ ਸਰਦਾਰ ਹਰੀ ਸਿੰਘ ਨਲੂਏ ਦੀ ਸਮਾਧ ਨੂੰ ਇੱਕ ਬ੍ਰਾਹਮਣ ਵੱਲੋਂ ਪੈਸੇ ਲੱਗੇ ਹੋਏ ਸਨ, ਹੁਣ ਤਕ ਉਹ ਜਾਗੀਰ ਹੈ। ਸ਼ਿਵ ਨੰਦ ਤਸੀਲਦਾਰ ਇੱਕ ਸਾਡੇ ਕੋਲ ਆਇਆ, ਜਿਸਨੇ ਹੁਣ ਦੱਸਿਆ, ਜਿਹਨਾਂ ਦੇ ਬਜ਼ੁਰਗਾਂ ਨੇ ਉੱਥੇ ਆਪਣੇ ਵੱਲੋਂ ਜਾਗੀਰ ਲਾਈ ਹੋਈ—ਏਨਾ ਆਪਸ ਵਿੱਚ ਪਿਆਰ ਸੀ।

ਫਕੀਰ ਅਜ਼ੀਜ਼ੁਦੀਨ ਸੀ—ਦੀਵਾਨ ਮਹਾਰਾਜਾ ਦਾ ਲਾਹੌਰ ਵਾਲਾ। ਇਹ ਜਾਂਦਾ ਹੈ—ਸ਼ਿਮਲੇ। ਵਾਇਸਰਾਏ ਕਹਿੰਦਾ ਹੈ,''ਫਕੀਰ ਸਾਹਿਬ, ਤੁਹਾਡੇ ਬਾਦਸ਼ਾਹ ਦੀ ਕਿਹੜੀ ਅੱਖ ਕਾਣੀ ਹੈ ?''

ਉਹ ਅੱਗੋਂ ਕਹਿੰਦਾ ਹੈ,''ਲਾਟ ਸਾਹਿਬ, ਮੇਰੇ ਬਾਦਸ਼ਾਹ ਦਾ ਜਲਾਲ ਐਸਾ ਹੈ ਮੈਨੂੰ ਪਤਾ ਹੀ ਨਹੀਂ, ਮੈਂ ਉਹਦੇ ਸਾਹਮਣੇ ਹੀ ਨਹੀਂ ਕਦੀ ਝਾਕ ਸਕਿਆ।''

ਇੱਕ ਆਦਮੀ ਦਾ ਹੁਕਮ ਰਿਹਾ। ਰਣਜੀਤ ਸਿੰਘ ਦੇ ਮਰਨ ਦੀ ਦੇਰ ਹੈ—ਜਿਹੜਾ ਬਹੇ ਗੱਦੀ ਉਹਨੂੰ ਮਾਰ ਦਿੰਦੇ। ਆਪਣੀ ਕੀਤੀ ਹੋਈ ਸਲਤਨਤ ਤਬਾਹ ਕਰ ਲਈ।

ਸਤਿਗੁਰਾਂ ਨੇ ਆ ਕੇ ਇੱਕ ਸਰੂਪ ਧਾਰ ਕੇ ਜਿਸ ਵੇਲੇ ਜੋੜ ਮੇਲ ਬਣਾਇਆ ਅੰਗ੍ਰੇਜ਼ਾਂ ਦੀਆਂ ਕੰਧਾਂ ਕੰਬੀਆਂ। ਲੇਕਿਨ ਉਹ ਵਕਤ ਐਸਾ ਸੀ ਅੰਗਰੇਜ਼ਾਂ ਦਾ ਐਡਾ ਲੂਣ ਚੜ੍ਹਿਆ ਸੀ—ਏਥੋਂ ਤਕ ਲੋਕਾਂ ਦੇ। ਅਸੀਂ

ਤੇ ਹੁਣ ਕੱਲ ਜੇ ਵਕਤ ਮਿਲਿਆ—ਪਰਸੋਂ ਮਿਲਿਆ, ਤੈਂ ਤੁਹਾਡੇ ਅਗੇ ਧਰਾਂਗਾ, ਮੇਰੇ ਪਾਸ ਇੱਥੇ ਜਿਹੜਾ ਸੰਤਾਂ ਨੇ ਲਿਖਿਆ ਹੈ 'ਜੁਗ ਪਲਟਾਊ ਸਤਿਗੁਰੂ', ਉਸਦੇ ਵਿੱਚ ਤੁਸੀਂ ਦਸਖਤ ਹੋਏ—ਹੋਏ ਦੇਖੋਗੇ, ਹਿੰਦੂਆਂ ਦੇ, ਰਾਜਿਆਂ ਦੇ, ਸਿੱਖਾਂ ਦੇ, ਸਰਦਾਰਾਂ ਦੇ ਔਰ ਇਥੋਂ ਤਕ ਸਿੱਖ ਗਲ ਗਏ, ਸੰਨ ਅਠਾਸੀ (੧੯੮੮) ਵਿੱਚ ਡਫਰਨ ਜਿਸ ਵਕਤ ਆਉਂਦਾ ਹੈ—ਵਾਇਸਰਾਇ, ਉਸਨੂੰ ਇੱਕ ਮਾਨ ਪੱਤਰ ਪੇਸ਼ ਕਰਦੇ ਹਨ —ਸਾਡੇ ਸਿੱਖ ਸਰਦਾਰ। ਉਹ ਕਹਿੰਦੇ ਹਨ,''ਇਹ ਕਰਤਾਰ ਨੇ ਸਾਨੂੰ ਯੂਰਪ ਵਲੋਂ ਇੱਕ ਚਾਨਣਾ ਲਿਆ ਕੇ ਦਿੱਤਾ ਹੈ, ਇਹਦਾ ਸਦਾ ਹੀ ਸਾਡੇ ਸਿਰ ਉੱਤੇ ਛਤਰ ਰਹੇ, ਇਹਦੀ ਛਾਇਆ ਹੇਠ ਹੀ ਅਸੀਂ ਵੱਧ ਸਕਦੇ ਹਾਂ।'' ਨਹੀਂ ਤਾਂ ਗਿਆਰਾਂ ਬਾਰਾਂ ਗੁਰੂ ਮੰਨਣ ਵਾਲੇ ਜਿਹੜੇ ਹਨ, ਉਹਨਾਂ ਨੂੰ ਇਹਨਾਂ ਨੇ ਬੰਦ ਕੀਤਾ, ਉੱਥੇ ਸਿੱਧਾ ਲਿਖਿਆ ਹੋਇਆ।

ਇਹਦਾ ਨਤੀਜਾ ਕੀ ਹੋਇਆ, ਹੁਣ ਕੀ ਨਤੀਜਾ ਹੈ ? ਐਸ ਵੇਲੇ ਉਹ ਮੰਨ ਹੀ ਲੈਂਦੇ—ਮਾਸਟਰ ਤਾਰਾ ਸਿੰਘ ਨੂੰ ਹੀ ਲੀਡਰ, ਫੇਰ ਵੀ ਕਿਸੇ ਪਾਸੇ ਲੱਗ ਜਾਂਦੇ। ਹੁਣ ਦੋ ਧੜੇ ਹੋ ਗਏ ਸਾਡੇ ਭਰਾ, ਸਾਡਾ ਪਿਆਰ ਹੈ, ਅਸੀਂ ਮਿਲਦੇ ਹਾਂ, ਜੱਫੀਆਂ ਪਾਉਂਦੇ ਹਾਂ—ਉਹਨਾਂ ਸਾਰਿਆਂ ਨਾਲ, ਇਓਂ ਨਹੀਂ ਹੈ ਇਹ ਗੱਲ ਕਿ ਕਿਸੇ ਦੀ ਸਾਡੀ ਫਤਿਹ—ਫਤੂਹੀ ਦੀ ਸਾਂਝ ਨਹੀਂ। ਮੈਨੂੰ ਦੁੱਖ ਲੱਗਾ ਹੈ—ਅੱਜ ਮੈਂ ਕਹੇ ਬਿਨਾ ਨਹੀਂ ਰਹਿੰਦਾ—ਏਥੇ ਦੇਖ ਕੇ ਕਿ ਸਿੱਖ ਫਤਹਿ ਬੁਲਾਉਣਾ ਪਾਪ ਸਮਝਦੇ ਹਨ ਮੈਨੂੰ ਵੀ ਕਈ—ਕਈ। ਮੈਂ ਵੀ ਉਹੋ ਜਿਹਾ ਹੀ ਹਾਂ, ਜਿਹੜਾ ਮੈਨੂੰ ਨਹੀਂ ਬੁਲਾਉਂਦਾ ਮੈਂ ਵੀ ਮੂੰਹ ਦੂਜੇ ਪਾਸੇ ਕਰਕੇ ਲੰਘਦਾ ਹਾਂ, ਪਰ ਇਹ ਸਿੱਖੀ ਨਹੀਂ।

ਮਾਸਟਰ ਤਾਰਾ ਸਿੰਘ ਜੀ ਨੂੰ ਲੀਡਰ ਮੰਨਦੇ ਜੇ ਉਹ ਹੀ ਖੜੇ ਹੋ ਜਾਂਦੇ—ਇੱਕ ਅਕਾਲੀ ਸਾਡੇ ਪਾਰਟੀ ਸੀ ਵੱਡੀ ਸਾਰੀ, ਅਰਜ਼ਾਂ ਬੇਨਤੀਆਂ ਉਹਦੇ ਅੱਗੇ ਵੀ ਬੜੀਆਂ ਕਰੀਆਂ, ਦੂਸਰੇ ਪਾਸੇ ਮਹਾਰਾਜਾ ਸਾਡਾ ਪਟਿਆਲੇ ਵਾਲਾ ਜਿਹਨੇ ਆਪਣੇ ਆਪ ਨੂੰ ਜਥੇਦਾਰ ਬਣਾਇਐ।

ਮੈਂ ਉਸ ਦਿਨ ਵੀ ਉੱਥੇ ਗਿਆ ਹੋਇਆ ਸਾਂ ਪਰ ਇਹ ਉਹ ਦਿਨ ਸੀ ਜੇ ਤੁਸੀਂ ਸੱਚ ਪੁੱਛਦੇ ਹੋ, ਜਿਡਾ ਮੇਰਾ ਦਿਲ ਦੁਖੀ ਹੋਇਆ, ਦੇਖ ਕੇ। ਸੱਤਰ—ਅੱਸੀ ਤੋਂ ਅੰਦਰ—ਅੰਦਰ ਆਦਮੀ ਸਨ ਮੋਤੀ ਬਾਗ ਵਿੱਚ। ਮੈਂ ਉਹਨਾਂ ਨੂੰ ਇੱਕ ਅਰਜ਼ ਕਰਨ ਵਾਸਤੇ ਗਿਆ ਸਾਂ ਕਿ ਇਸਨੂੰ ਜੇ ਬਣਾਉਂਦੇ ਹੋ ਇਸ ਤਰ੍ਹਾਂ ਨਾ ਬਣਾਓ, ਇੱਕ ਪਾਰਟੀ ਦੇ ਬਹੁਤੇ ਆਦਮੀ ਨਾ ਲਉ। ਰਈਸ ਬਹੁਤੇ ਨਾ ਲਉ, ਤੁਸੀਂ ਸਾਰਿਆਂ ਦੇ ਥੋੜੇ-ਥੋੜੇ ਆਦਮੀ ਲਉ ਤਾਂ ਕਿ ਤੁਹਾਡੀ ਇਹ ਕਮੇਟੀ ਬਣੀ ਰਹੇ। ਤੁਸੀਂ ਜਥੇਦਾਰ ਬਣੇ ਰਹਿ ਜਾਉ। ਲੇਕਿਨ ਉੱਥੇ ਜਾਂਦਿਆਂ ਨੂੰ ਮਾਤਾ ਸ਼ਰਾਬ ਆਈ ਹੋਈ ਸੀ—ਅੱਗੇ, ਹੱਥਾਂ ਵਿੱਚ ਫੜੀ ਹੋਈ ਸੀ—ਸਿੱਖਾਂ ਦੇ। ਇੱਕ ਸਰਦਾਰ ਜਿਹੜਾ ਐਡਾ ਦਿਆਨਤਦਾਰ ਹੈ ਜਿਹਦੀ ਬਾਬਤ ਕੋਈ ਇੱਕ ਪੈਸੇ ਦੀ ਸੌਂਹ ਨਹੀਂ ਖਾਂਦਾ, ਉਹਨੇ ਆਪਣੀ ਜ਼ਿੰਦਗੀ ਦੇ ਕੰਮ ਵਿੱਚ ਨਹੀਂ ਲਿਆ—ਮੈਂ ਇੱਕ ਕੁਰਸੀ ਤੇ ਬੈਠਾ ਸੀ, ਲਿਆ ਕੇ ਮੇਰੇ ਗੋਡੇ ਨਾਲ ਲਾ ਕੇ ਕਹਿੰਦਾ,''ਜੀ ਪਵਿੱਤਰ ਕਰ ਲਈਏ।'' ''ਸਿੰਘ ਸ਼ਰਾਬੀ ਤੇ ਘੋੜਾ ਕਾਜੇ''—ਊਧਮ ਸਿੰਘ ਨਾਗੋਕੇ, ਤੇਜਾ ਸਿੰਘ ਅਕਰਪੁਰੀ, ਹਰੀ ਜੀ—ਭਾਈ ਸਾਹਿਬ ਕਾਹਨ ਸਿੰਘ ਦੇ ਸਾਹਬਜ਼ਾਦੇ ਨਾਭੇ ਵਾਲਿਆਂ ਦੇ, ਇੱਕ ਮੈਂ, ਚੱਕਰਵਰਤੀ ਹੋਰ ਇੱਕ ਦੋ ਆਦਮੀ ਹੋਣਗੇ ਸੱਠਾਂ ਸੱਤਰਾਂ ਵਿੱਚ, ਨਹੀਂ ਸਭ ਰੰਗੇ ਹੋਏ ਸੀ—ਐਨ। ਤੁਸੀਂ ਦੱਸੋ, ਜਿੱਥੇ ਦਿਨ ਤਾਂ ਹੋਵੇ ਇਹ ਕਿ ਮੁਲਕ ਮਰ ਰਿਹਾ ਹੈ, ਕੌਮ ਗਿਰ ਰਹੀ ਹੈ—ਇਹਨੂੰ ਇਕੱਤਰ ਕਰਨਾ ਹੈ। ਉੱਥੇ ਆ ਜਾਏ ਅੱਗੇ ਸ਼ਰਾਬ ਦਾ ਦੌਰ, ਫਿਰ ਦੱਸੋ ਕਿਸ ਤਰ੍ਹਾਂ ਅਸੀਂ ਸਿਰੇ ਚੜ੍ਹ ਸਕਦੇ ਹਾਂ। ਮੱਥਾ ਟੇਕ ਆਏ ਓਦੂੰ ਬਾਅਦ ਜੋ ਕੁਛ ਬਣਿਆ ਵਾਹਵਾ ਬਣਿਆ, ਚੰਗਾ ਬਣਦਾ ਹੈ। ਸਾਡੀ ਹਾਲਤ ਗਿਰ ਗਈ, ਸਿੱਖੀ ਗਿਰ ਗਈ।

*ਸਿੱਖੀ ਦਸ਼ਮੇਸ਼ ਕੀ ਸੋ ਕੀ ਅਪਰ ਦੇਸ਼ ਕੀ*
*ਅਸਿਖੀ ਪਰੀ ਪੇਸ਼ਗੀ ਛਨਾਰ ਬਨ ਠਨ ਕੇ।*

ਇੱਕ ਦੇ ਮਗਰ ਲਗਦੇ ਨਹੀਂ—ਇੱਕ ਨੂੰ ਚੰਗਾ ਜਾਣਦੇ ਨਹੀਂ—ਇਹ

ਬਚਦੇ ਨਹੀਂ ਕਿਉਂਕਿ ਹੁਣ ਇਸ ਤਰ੍ਹਾਂ ਹੀ ਗੱਲ ਹੈ, ਕਦੇ-ਕਦੇ ਤੁਸੀਂ ਦੇਖਦੇ ਹੋਵੋਗੇ—ਖਿਮਾ ਕਰਨਾ ਸਿੰਘ ਸਭਾ ਦਾ—ਸਿੰਘ ਸਭਾ ਨਾਲ ਰੌਲਾ ਹੋ ਜਾਂਦਾ ਹੈ, ਇੱਕ-ਇੱਕ ਸ਼ਹਿਰ ਵਿੱਚ ਦੋ ਦੋ ਬਣ ਗਈਆਂ। ਰੰਗੂਨ ਵਿੱਚ ਮੈਨੂੰ ਪਤਾ ਹੈ ਜਦੋਂ ਮੈਂ ੧੯੩੪ ਵਿੱਚ ਆਇਆ, ਮੁੜਕੇ ਜਦੋਂ ਅਸੀਂ ਲੰਘੇ ਹਾਂ ਤਾਂ ਕੁਰਸੀਆਂ ਚਲੀਆਂ, ਲੋਕਾਂ ਦੇ ਸਿਰ ਪਾਟੇ। ਉਹ ਕਹਿਣ—ਪ੍ਰਧਾਨ ਸਾਡਾ ਚਾਹੀਦਾ ਸੀ—ਸਿਵਲ ਵਾਲਾ, ਉਹ ਕਹਿੰਦੇ—ਮਿਲਟਰੀ ਦਾ ਚਾਹੀਦਾ ਹੈ ਔਰ ਕਿਤਨਾ ਚਿਰ ਉਹ ਸਿੰਘ ਸਭਾ ਨੂੰ ਜਿੰਦਰੇ ਲੱਗੇ ਰਹੇ। ਕੋਈ ਇਹ ਨਹੀਂ ਮਤਲਬ—ਤੁਸੀਂ ਗੁਰੂ ਨਾ ਕਿਸੇ ਨੂੰ ਮੰਨੋ, ਜਥੇਦਾਰ ਮੰਨੋ, ਕੁਛ ਮੰਨੋ, ਕਿਸੇ ਇੱਕ ਕੰਮ ਦੇ ਆਦਮੀ ਨੂੰ ਅੱਗੇ ਖੜਾ ਕਰੋ ਤੇ ਕੋਈ ਕੰਮ ਕਰੋ। ਇਸ ਤਰ੍ਹਾਂ ਕੰਮ ਨਹੀਂ ਹੁੰਦਾ। ਦੋ ਆਦਮੀ ਅੱਜ ਆਏ, ਜਿਹੜੇ ਆਦਮੀਆਂ ਨੇ ਤਿੰਨਾਂ ਵਰ੍ਹਿਆਂ ਵਿੱਚ ਜਾਂ ਛੇ ਮਹੀਨਿਆਂ ਨੂੰ ਜਦ ਫਿਰ ਕਮੇਟੀ ਹੋਣੀ ਹੈ, ਬਦਲ ਜਾਣਾ ਹੈ, ਉਹ ਅਗਲਿਆਂ ਦੀ ਕਰੀ ਕਰਾਈ ਸਾਰੀ ਉਲਟ ਜਾਂਦੀ ਹੈ, ਕੁਝ ਵੀ ਨਹੀਂ ਬਣਦਾ। ਜਿੰਨਾ ਰੁਪਈਆ ਸਾਡਾ ਇਕੱਠਾ ਹੋਇਆ ਸੀ—ਮੇਰੇ ਤੇ ਨਰਾਜ਼ ਨਾ ਹੋਣਾ ਮੇਰਾ ਵੀ ਵਿੱਚੇ ਤੁਹਾਡੇ ਨਾਲ ਹਿੱਸਾ ਹੈ—ਗੁਰਦਵਾਰਿਆਂ ਦਾ, ਅਸੀਂ ਕੀ ਇੱਕੀ (੧੯੨੧) ਤੋਂ ਲੈ ਕੇ ਹੁਣ ਤਕ (੧੯੪੭) ਸੰਤਾਲੀ ਤਕ ਸਵਾਰ ਲਿਆ ਹੈ ? ਕੋਈ ਚੀਜ਼ ਸਾਡੇ ਕੋਲੋਂ ਕਾਇਮ ਹੋ ਸਕੀ, ਉਹਨਾਂ ਗੁਰਦਵਾਰਿਆਂ ਵਿੱਚ ਜਿੱਥੇ ਸਾਧ ਰੁਪਏ ਖਾ ਜਾਂਦੇ ਸੀ, ਸਾਡਾ ਵੀ ਉਹੀ ਹਾਲ ਹੋ ਗਿਆ।

## ਸਤਿਗੁਰ ਜੀ ਦਾ ਕੀਰਤਪੁਰ ਸਾਹਿਬ ਦਰਸ਼ਨ

ਤਾਂ ਮਹਾਰਾਜ ਨੇ ਹੁਕਮ ਦਿੱਤਾ,''ਭਾਈ ਕੋਈ ਸ਼ਰਾਬੀ ਮਾਸੀ ਸਾਡੇ ਨੇੜੇ ਨ ਆਵੇ।''

*ਲੈ ਪ੍ਰਸਾਦ ਭੇਟ ਤਿਹ ਵਾਸੀ*

ਕੀਰਤਪੁਰ ਦੇ ਲੋਕ ਭੇਟਾ ਲੈ ਕੇ ਸਤਿਗੁਰੂ ਜੀ ਦੇ ਕੋਲ ਆਏ।

*ਆਏ ਦਰਸ਼ਨ ਹਿਤ ਅਬਿਨਾਸੀ।*

ਆ ਕੇ ਦਰਸ਼ਨ ਕੀਤਾ ਹੈ ਜੋ ਨਾਸ਼ ਹੋਣੇ ਵਾਲਾ ਨਹੀਂ ਹੈ—ਅਕਾਲ ਪੁਰਖ ਦਾ।

*ਏਕ ਨਾਥ ਕਾ ਤਿਹ ਅਸਥਾਨ।*

ਇੱਕ ਡੇਰਾ ਸੀ, ਨਾਥਾਂ ਦਾ ਪਾਸ।

*ਜੋਗੀ ਕਰਤ ਬਡੋ ਮਦ ਪਾਨ।।੨੬।।*

ਉਹ ਬੜੀ ਸ਼ਰਾਬ ਪੀਂਦੇ ਸਨ।

*ਏਕ ਆਇਓ ਤਾ ਸੇ ਮਦ ਪੀਕੇ।*

ਇੱਕ ਸ਼ਰਾਬ ਪੀ ਕੇ ਆ ਗਿਆ ਦੀਵਾਨ ਵਿੱਚ।

*ਸਤਿਗੁਰ ਅੰਤਰਜਾਮੀ ਜੀ ਕੇ।*

ਸਤਿਗੁਰੂ ਅੰਦਰ ਜੀ ਜਾਨਣ ਵਾਲੇ ਹਨ।

*ਕਹਾ ਨਾਥ ਕੀ ਮੁਸ਼ਕਾਂ ਬਾਂਧੋ।*

ਹੁਕਮ ਮਿਲ ਗਿਆ ਇਸ ਨਾਥ ਦੀਆਂ ਬੰਨੋ—ਮੁਸ਼ਕਾਂ।

*ਮਦ ਪੀ ਛਪ ਬੈਠਾ ਸਿੰਘ ਸਾਧੋ।੨੭।*

ਉਹ ਭਾਈ ਸਿੰਘਾਂ ਦੇ ਵਿੱਚ ਸਾਧ ਸ਼ਰਾਬ ਪੀ ਕੇ ਛਪ ਕੇ ਬੈਠਾ ਹੈ, ਆ ਕੇ।

*ਗਿਆਨ ਸਿੰਘ ਲੈ ਅਸੂ ਪਛਾੜੀ।*

ਗਿਆਨ ਸਿੰਘ ਸੂਬੇ ਨੇ ਘੋੜੇ ਦੀ ਪਛਾੜੀ ਦਾ ਰੱਸਾ ਲੈ ਕੇ।

*ਤਿਸ ਜੁਗੀਆ ਕੀ ਮੁਸ਼ਕਾਂ ਤਾੜੀ।*

ਜੋਗੀ ਦੀਆਂ ਬਾਹਵਾਂ ਬੰਨ ਦਿੱਤੀਆਂ—ਪਿਛਲੇ ਪਾਸੇ।

*ਸਿੰਘ ਜਬੈ ਕਸ ਮੁਸ਼ਕਾਂ ਦੀਨੀ।*

ਜਦੋਂ ਸਿੰਘਾਂ ਨੇ ਮੁਸ਼ਕਾਂ ਬੰਨ੍ਹ ਦਿੱਤੀਆਂ।

*ਲੇਹੁ ਬਖਸ ਕਹਿ ਮੋ ਮਤ ਹੀਨੀ।੨੮।*

ਅਰਜ਼ ਕਰਨ ਲੱਗਾ—ਸੱਚੇ ਪਾਤਸ਼ਾਹ, ਅਕਾਲ ਪੁਰਖ ਮੈਂ ਭੁੱਲ ਗਿਆ, ਮੇਰੀ ਬਖਸ਼ਸ਼ ਕਰੋ, ਮੇਰੇ ਗੁਨਾਹ ਮਾਫ਼ ਕਰੋ।

*ਥਾਣੇਦਾਰ ਤਾੜ ਧਮਕਾਯੋ।*

ਥਾਨੇਦਾਰ ਨੇ ਵੀ ਖੂਬ ਆ ਕੇ ਤਾੜਿਆ ਕਿ ਤੂੰ ਕਿਓਂ ਸ਼ਰਾਬ ਪੀ

ਕੇ ਇੱਥੇ ਆਇਆ ਹੈਂ।

*ਬਹੁ ਬਿਨਤੀ ਕਰ ਤਿਸੇ ਛੁਡਾਯੋ।*

ਬੇਨਤੀ ਕਰਕੇ ਉਹਨੂੰ ਛੁਡਾਇਆ।

*ਜੋਗੀ ਭੀ ਅਤਿ ਹੀ ਘਿਘਿਆਯੋ।*

ਜੋਗੀ ਵੀ ਬੜਾ ਘਿਘਿਆਇਆ। ਘਿਘਿਆਉਣ ਦਾ ਮਤਲਬ ਹੈ ਕਿ ਸੰਘ ਦੇ ਵਿਚੋਂ ਅੱਧੀ ਅਵਾਜ਼ ਬਾਹਰ ਨਿਕਲਦੀ ਹੈ, ਅੱਧੀ ਅੰਦਰ ਰਹਿ ਜਾਂਦੀ ਹੈ, ਰੋਂਦਾ ਹੈ, ਜਿਸ ਵੇਲੇ ਗੱਲ ਨਹੀਂ ਕਰ ਸਕਦਾ, ਘਿ-ਘਿ ਦੀ ਆਵਾਜ਼ ਆਉਂਦੀ ਹੈ, ਇਸ ਦਾ ਨਾਉਂ ਘਿਘਿਆਉਣ ਹੈ।

*ਮੈਂ ਭੂਲਾ ਕਹਿ ਨਿਕਲ ਸਿਧਾਯੋ।੨੯।*

ਉਹਨੂੰ ਛੱਡ ਦਿੱਤਾ ਉਹ ਭੱਜ ਗਿਆ, ਆਪਣੇ ਡੇਰੇ ਚਲਾ ਗਿਆ।

*ਛੋੜਾ ਗੁਰ ਕੀ ਪਈ ਦੁਹਾਈ।*

ਛੱਡ ਦਿੱਤਾ, ਸਤਿਗੁਰਾਂ ਦੀ ਦੁਹਾਈ ਪਈ।

*ਮੰਦ ਕਰਮੀ ਕੋ ਨਿਕਟ ਨ ਆਈ।*

ਕੋਈ—ਮੰਦੇ ਕਰਮਾਂ ਵਾਲਾ ਕੋਈ ਨੇੜੇ ਨਹੀਂ ਆਉਂਦਾ।

*ਲੋਕ ਕਹੇ ਇਨ ਬਡ ਪਰਤਾਪੂ।*

ਲੋਕ ਕਹਿੰਦੇ ਨੇ ਭਾਈ ਇਨ੍ਹਾਂ ਦਾ ਪ੍ਰਤਾਪ ਬੜਾ ਹੈ।

*ਦੁਰਬੁਧੀ ਦੁਸਟਨ ਕੋ ਖਾਪੂ।੩੦।*

ਖੋਟੀ ਬੁਧ ਵਾਲਿਆਂ ਨੂੰ ਤੇ ਇਹ ਮਾਰਦੇ ਹਨ।

*ਜੋਗੀ ਕੀ ਰਬ ਨੇ ਬੁਧਿ ਮਾਰੀ।*

ਜੋਗੀ ਦੀ ਬੁਧ ਰੱਬ ਨੇ ਮਾਰ ਦਿੱਤੀ।

*ਪੀ ਮਦ ਗਾ ਤਿਨ ਸਭਾ ਮੰਝਾਰੀ।*

ਕਿਉਂ ਗਿਆ—ਉਹਨਾਂ ਦੀ ਸਭਾ ਵਿੱਚ ਸ਼ਰਾਬ ਪੀ ਕੇ।

*ਐਸੇ ਮਹਾਂ ਪੁਰਖ ਕੇ ਪਾਸ।*

ਐਸਿਆਂ ਮਹਾਂਪੁਰਖਾਂ ਦੇ ਪਾਸ।

*ਡਰ ਕਰ ਜਾਈਏ ਬਣ ਕਰ ਦਾਸ।੩੧।*

ਡਰ ਕੇ ਜਾਈਏ ਭਾਈ ਦਾਸ ਬਣ ਕੇ।

*ਯਾ ਬਿਧ ਸ੍ਰੀ ਅਨੰਦ ਪੁਰ ਗਏ।*

ਇਸ ਤਰ੍ਹਾਂ ਅਨੰਦਪੁਰ ਸਾਹਿਬ ਚਲੇ ਗਏ।

*ਤ੍ਰੈ ਲੋਈ ਜਿਸ ਗੁਰ ਕੀ ਜਏ।*

ਤਿੰਨਾਂ ਲੋਕਾਂ ਵਿੱਚ ਸਤਿਗੁਰੂ ਦੀ ਜੈ ਜੈ ਕਾਰ ਹੋ ਰਹੀ ਹੈ।

*ਕੇਤੇ ਜਨ ਕੌਂ ਭਜਨ ਸੁਨਾਯਾ।*

ਬਹੁਤ ਲੋਕਾਂ ਨੂੰ ਭਜਨ ਦੱਸਿਆ।

*ਪਾਪ ਵਿਸ਼ੇ ਤੇ ਤਿਨੋ ਹਟਾਯਾ।੩੨।*

ਪਾਪ ਕਰਮਾਂ ਤੋਂ ਹਟਾਇਆ।

ਹੁਣ ਮੈਂ ਕੀ ਆਖਾਂ ਸਾਨੂੰ ਸ਼ਰਮ ਆਉਂਦੀ ਹੈ—ਆਪਣੇ ਵੱਲ ਦੇਖ ਕੇ। ਇੱਕ ਸਿੱਖ ਆਉਂਦਾ ਹੈ ਕੀਤਰਪੁਰ ਸਤਿਗੁਰਾਂ ਦੇ ਕੋਲ, ਅਰਜ਼ ਕਰਦਾ ਹੈ,''ਸੱਚੇ ਪਾਤਸ਼ਾਹ, ਭਜਨ ਦਿਉ।''

ਉਹਨੂੰ ਹੁਕਮ ਦਿੰਦੇ ਹਨ,''ਭਾਈ—ਚੋਰੀ ਯਾਰੀ ਨਹੀਂ ਕਰਨੀ।''

ਉਹ ਕਹਿੰਦੈ,''ਮਹਾਰਾਜ, ਛੇ ਸੌ ਰੁਪਏ ਦੀ ਘੋੜੀ ਮੇਰੇ ਘਰ ਬੰਨ੍ਹੀ ਖੜੀ ਹੈ—ਚੋਰੀ ਦੀ।''

ਕਹਿੰਦੇ ਨੇ,''ਜਾ ਫਿਰ ਪਹਿਲੇ ਘੋੜੀ ਵਾਲੇ ਦੀ ਘੋੜੀ ਦੇ ਕੇ ਆ ਤਾਂ ਆ ਕੇ ਸਾਡੇ ਕੋਲੋਂ ਭਜਨ ਪੁੱਛੀਂ।''

ਅਸੀਂ ਵੀ ਹੁਣ ਨਾਮਧਾਰੀ ਹਾਂ—ਅਸੀਂ ਕਿਸੇ ਨੂੰ ਕੀ ਆਖੀਏ, ਸ਼ਰਮ ਤੇ ਆਉਂਦੀ ਹੈ—ਸਾਨੂੰ ਆਪਣੀਆਂ ਗੱਲਾਂ ਉੱਤੇ। ਭਾਈ ਸਿੱਖੋ—ਅਰਦਾਸ ਕਰਿਆ ਕਰੋ—ਸਤਿਗੁਰੂ ਸਾਡੇ ਪਾਪ ਨਾ ਸਾਥੋਂ ਹੋਣ ਦੇਵੇ, ਬਖਸ਼ੇ, ਸਾਡੀ ਵਾਹ ਕੋਈ ਨਹੀਂ—ਜਿੰਨਾਂ ਚਿਰ ਇਹ ਗੱਲ ਨਾ ਹੋਵੇਗੀ, ਫਿਰ ਕ੍ਹਾਮਧਾਰੀ ਹਾਂ, ਕਿਸੇ ਦੀ ਗੱਲ ਕਰਨ ਦੀ ਲੋੜ ਨਹੀਂ—ਨਾਮਧਾਰੀ ਪੁਣਾ ਇਸੇ ਚੀਜ਼ ਦਾ ਨਾਂ ਹੈ। ਸਤਿਗੁਰ ਸੱਚ ਸੁੱਚ ਦ੍ਰਿੜਾਏ—ਸੱਚ ਤੇ ਸੁੱਚ ਦ੍ਰਿੜਾਈ, ਅੰਦਰੋਂ ਵੀ ਸੱਚੇ ਹੋਵੋ ਬਾਹਰੋਂ ਵੀ ਸੁੱਚੇ ਹੋਵੇ। ਜੇ ਤੁਸੀਂ ਅੰਦਰੋਂ ਕਿਸੇ ਨੂੰ ਦੁਖੀ ਹੋ ਕੇ ਦੇਖਦੇ ਹੋ, ਈਰਖਾ ਕਰਦੇ ਹੋ ਤੁਹਾਡਾ ਅੰਦਰ ਦੁਖੀ ਹੋ ਜਾਂਦਾ ਹੈ ਤਾਂ ਵੀ ਤੁਸੀਂ ਜੂਠੇ ਹੋ ਜਾਂਦੇ ਹੋ-ਧਿਆਨ ਦਿਓ—

## ਭਾਣੇ ਕੀ ਕਿਛ ਅਚਰਜ ਬਾਤਾ

*ਕਰੀ ਬੇਨਤੀ ਸਿੰਘਨ ਤਹਾਂ।*

ਸਿੰਘਾਂ ਨੇ ਬੇਨਤੀ ਕੀਤੀ।

*ਆਤੇ ਸਾਲ ਭੀ ਆਵੈ ਯਹਾਂ।*

ਸਤਿਗੁਰਾਂ ਨੂੰ ਅਰਜ਼ ਕਰਦੇ ਹਨ—ਸੱਚਿਆ ਪਾਤਸ਼ਾਹ, ਅਗਲੇ ਸਾਲ ਵੀ ਫਿਰ ਇੱਥੇ ਹੋਲੇ ਤੇ ਆਉਗੇ ?

*ਬੋਲੇ ਪ੍ਰਭੁ ਸੁਣ ਹੋ ਮਮ ਭ੍ਰਾਤਾ।*

ਸਤਿਗੁਰੂ ਜੀ ਕਹਿੰਦੇ ਹਨ ਸੁਣੋ ਮੇਰੇ ਭਾਈ।

*ਭਾਣੇ ਕੀ ਕਿਛ ਅਚਰਜ ਬਾਤਾ।੩੩।*

ਭਾਣੇ ਦੀ ਬਾਤ ਅਚਰਜ ਹੈ, ਭਾਣਾ ਉਹ ਹੈ—ਜਿਹੜਾ ਅਕਾਲ ਪੁਰਖ ਨੂੰ ਭਾਉਂਦਾ ਹੈ।

*ਰਾਮ ਤਿਲਕ ਯੁਵ ਗਾਦੀ ਤਿਆਰ।*

ਰਾਮ ਚੰਦਰ ਜੀ ਨੂੰ ਤਿਲਕ ਦਾ ਵਕਤ ਆਇਆ—ਯੁਵਰਾਜ ਬਣਨ ਲੱਗੇ, ਗੱਦੀ ਤਿਆਰ ਹੋਈ।

*ਭਾਵੀ ਦਿਯਾ ਤਾਤ ਬਨ ਬਾਰ।*

ਭਾਵੀ ਨੇ ਬਨਵਾਸ ਦੇ ਦਿੱਤਾ। ਕਿਸੇ ਕਵੀ ਨੇ ਲਿਖਿਆ ਹੈ–

*ਭਾਵੀ ਬਿਹਾਨੀ ਹੈ ਕੰਸ ਕੇ ਊਪਰ*
*ਭਾਵੀ ਨੇ ਯਾਦਵ ਵੰਸ ਖਪਾਯਾ।*
*ਭਾਵੀ ਨੇ ਦੀਨਾ ਮਘਵਾਨ ਸ੍ਰਾਪ*
*ਭਾਵੀ ਨੇ ਚੰਦ ਕਲੰਕ ਲਗਾਯਾ।*
*ਭਾਵੀ ਨੇ ਸੀਤਾ ਗਵਾਈ ਹੈ ਰਾਮ ਤੇ*
*ਆਪ ਜਿਸੇ ਰਘੁਰਾਏ ਕਹਾਯਾ।*
*ਔਰ ਮਾਨੁਖ ਕੀ ਬਾਤ ਹੈ ਕੇਤਕ*
*ਭਾਵੀ ਤੇ ਰਾਮ ਨ ਛੂਟਨ ਪਾਯਾ।*

ਕਿਉਂ ਛੁਟੇ, ਉਹਨੇ ਬਨਾਈ ਐਸੀ ਚੀਜ਼ ਹੈ। ਜਿਹੜੀ ਬਣਾਉਂਦਾ

ਹੈ ਆਪਣੀ ਚੀਜ਼ ਨੂੰ, ਉਸਨੂੰ ਪੂਰੀ ਕਰਦਾ ਹੈ। ਜੇ ਉਹ ਉਹਦੇ ਵਿੱਚ ਪੂਰੀ ਨਾ ਕਰੇ ਫਿਰ ਉਹ ਖੇਡ ਨਹੀਂ ਪੂਰੀ ਹੁੰਦੀ। ਦੱਸੋ ਗੁਰੂ ਗੋਬਿੰਦ ਸਿੰਘ ਸਾਹਿਬ, ਦੋ ਸਾਹਿਬਜ਼ਾਦੇ ਸਰਹਿੰਦ ਵਿੱਚ, ਮਾਤਾ ਜੀ ਸ਼ਹੀਦ ਹੁੰਦੇ ਹਨ—ਦੋ ਸਾਹਿਬਜ਼ਾਦੇ ਸਹਿਬਾਂ ਦੇ ਨਾਲ ਸ਼ਹੀਦ ਹੁੰਦੇ ਹਨ—ਸਤਿਗੁਰਾਂ ਦੇ ਮਹਿਲ ਕਿਧਰੇ ਜਾਂਦੇ ਹਨ। ਕਿਆ ਉਹ ਜਾਣਦੇ ਨਹੀਂ ? ਪੜ੍ਹੋ ਸੂਰਜ ਪ੍ਰਕਾਸ਼, ਇਤਿਹਾਸ ਦੇਖੋ, ਵੱਡੇ ਮਹਿਲ ਮਾਤਾ ਜੀਤੋ ਜੀ ਜਿਹਨਾਂ ਦਾ ਬਹੁਤ ਭਜਨ ਬਾਣੀ ਨਾਲ ਪਿਆਰ ਸੀ, ਇੱਕ ਦਿਨ ਜਾਂਦੇ ਹਨ—ਸਾਹਿਬ ਇਕੱਲੇ ਬੈਠੇ ਹਨ ਗੁਰੂ ਗੋਬਿੰਦ ਸਿੰਘ ਸਾਹਿਬ—ਹੱਥ ਜੋੜ ਕੇ,''ਸੱਚੇ ਪਾਤਸ਼ਾਹ ਆਹ ਕਾਰਨ ਦਿਸਦਾ ਹੈ—ਮਾਤਾ ਜੀ ਐਸ ਤਰ੍ਹਾਂ ਸ਼ਹੀਦ ਹੁੰਦੇ ਹਨ—ਸਾਹਿਬਜ਼ਾਦੇ ਐਸ ਤਰ੍ਹਾਂ ਹੁੰਦੇ ਹਨ, ਤੁਸੀਂ ਐਸ ਤਰ੍ਹਾਂ ਜਾਂਦੇ ਹੋ—ਇਕੱਲੇ ਨੰਗੇ ਚਰਨੀ—ਜਲ ਨਹੀਂ ਮਿਲਦਾ ਪੀਣ ਨੂੰ-

*ਚੌਦਾਂ ਤੋਲੇ ਕੰਚਨ ਦੀਆ।*
*ਏਕ ਕਟੋਰਾ ਪਾਨੀ ਪੀਆ।*

—ਚਮਕੌਰ ਦੇ ਯੁੱਧ ਵਿੱਚ।''

ਤਾਂ ਅੱਗੋਂ ਮੁਸਕਰਾਏ, ਕਹਿੰਦੇ ਹਨ,''ਐਸੇ ਤਰ੍ਹਾਂ ਹੋਣੀ ਹੈ।''

ਕਹਿੰਦੇ ਹਨ,''ਫਿਰ ਮੇਰੇ ਕੋਲੋਂ ਤਾਂ ਨਹੀਂ ਇਹ ਦੇਖੀ ਜਾਂਦੀ।''

ਕਹਿੰਦੇ,''ਫਿਰ ਚੰਗਾ ਤੁਹਾਡੀ ਮਰਜ਼ੀ।''

ਮਾਤਾ ਜੀ ਨੇ ਅਗੰਮਪੁਰੇ ਜਾ ਕੇ ਦੇਖੋ, ਬੈਠ ਕੇ ਦਸਮੇ ਦੁਆਰ ਸਵਾਸ ਚੜ੍ਹਾ ਕੇ ਸਰੀਰ ਛੱਡ ਦਿੱਤਾ।

ਇੱਕ ਕਵੀ ਲਿਖਦਾ ਹੈ-

*ਮਾਇਆ ਕਹੇ ਮੈਂ ਸਭ ਤੋਂ ਵੱਡੀ ਮੈਨੂੰ ਖਲਕਤ ਸਿਜਦਾ ਕਰਦੀ।*
*ਸੂਰਤ ਕਹੇ ਮੈਂ ਸਭ ਤੋਂ ਵੱਡੀ ਮੈਨੂੰ ਖਲਕਤ ਨਿਉਂ ਨਿਉਂ ਚਲਦੀ।*
*ਅਕਲ ਕਹੇ ਮੈਂ ਸਭ ਤੋਂ ਵੱਡੀ ਮੈਂ ਵਿਚ ਕਚਹਿਰੀ ਲੜਦੀ।*
*ਪਰ ਹੋਣੀ ਕਹੇ ਮੈਂ ਸਭ ਤੋਂ ਵੱਡੀ ਮੈਂ ਜੋ ਚਾਹਾਂ ਸੋ ਕਰਦੀ।*

ਭਾਵੀ ਉਸਨੇ ਬਣਾਈ—ਆਪਣੇ ਕੌਤਕ ਰਚੇ—ਆਪ ਹੀ ਸਭ ਕੁਛ ਕਰਨ ਵਾਲਾ ਹੈ—ਆਪਣੀਆਂ ਖੇਡਾਂ ਆਪ ਕਰਦਾ ਹੈ। ਕ੍ਰਿਸ਼ਨ

ਮਹਾਰਾਜ ਜੀ ਨੂੰ ਕਿਹਨੇ ਤੀਰ ਮਾਰਨਾ ਸੀ, ਕੌਣ ਉਹਨੂੰ ਮਾਰ ਸਕਦਾ ਹੈ—ਸਾਰੀ ਸਰਿਸ਼ਟੀ ਨੂੰ ਰੱਖਣ ਵਾਲਾ—ਪਰ ਉਹ ਖੇਡ ਬਣਾਕੇ, ਉਹ ਦੁਰਵਾਸਾ ਰਿਖੀ, ਸਾਧੂਆਂ ਦੇ ਬਚਨਾਂ ਨੂੰ ਆਪਣੇ ਤੋਂ ਉੱਚਾ ਕਰਨ ਵਾਸਤੇ, ਉਹਦੇ ਤੀਰ ਨਾਲ ਆਪਣਾ ਸਰੀਰ ਤਿਆਗਿਆ।

*ਕੰਙਨਾ ਪਾਨ ਬਧਾ ਸਿਸਪਾਲੇ।*
*ਕੰਙਨਾ ਸ਼ਿਸ਼ਪਾਲ ਕੇ ਹਾਥ ਰਹਿਓ*
*ਬਿਧ ਨੇ ਕਿਛ ਔਰ ਕੀ ਔਰ ਠੱਟੀ।*
*ਸ਼ਿਵ ਦੇਤ ਭਏ ਬਰ ਰਾਵਨ ਕੋ*
*ਤੁਮ ਲੰਕ ਕਾ ਰਾਜ ਕਰੋ ਜੁਗਟੀ।*
*ਸੱਚ ਭਾਖਨ ਤੇ ਸ਼ਿਵ ਭੂਲ ਗਏ*
*ਦੀਉ ਰਾਜ ਵਿਭੀਸ਼ਨ ਕੋ ਪਲਟੀ।*
*ਕੰਙਨਾ ਸ਼ਿਸ਼ਪਾਲ ਕੇ ਹਾਥ ਰਹਿਓ*
*ਬਿਧ ਨੇ ਕਿਛ ਔਰ ਦੀ ਔਰ ਠੱਟੀ।*

ਹੱਥ ਦੇ ਨਾਲ ਕੰਙਨਾ—ਸ਼ਿਸ਼ਪਾਲ ਰੁਕਮਣੀ ਨੂੰ ਵਿਆਹੁਣ ਜਾਂਦਾ ਹੈ, ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿੱਚ ਇਹਦੇ ਉੱਤੇ ਲਿਖਦੇ ਹਨ ਕਿ ਰੁਕਮਣੀ ਕਹਿੰਦੀ ਹੈ—ਪੰਡਤ ਨੂੰ ਸੁਨੇਹਾ ਦੇ ਕੇ ਭੇਜਦੀ ਹੈ–

**ਅਉ**[੧੮] **ਜਦੁਬੀਰ**[੧੯] **ਸੋ ਯੌ ਕਹੀਯੌ**
**ਤੁਮਰੇ ਬਿਨ ਦੇਖ ਨਿਸਾ**[੨੦] **ਡਰੁ ਆਵੈ।।**
**ਬਾਰ ਹੀ ਬਾਰ ਅਤਿ ਆਤੁਰ**[੨੧] **ਹ੍ਵੈ**
**ਤਨ ਤਿਆਗ ਕਹਯੋ ਜੀਅ ਮੋਰ ਪਰਾਵੈ**[੨੨]**।।**
**ਪ੍ਰਾਚੀ**[੨੩] **ਪ੍ਰਤੱਛ**[੨੪] **ਭਯੋ ਸਸ ਪੂਰਨ**[੨੫]
**ਸੋ ਹਮਕੋ ਅਤਿਸੈ**[੨੬] **ਕਰਿ ਤਾਵੈ**[੨੭]**।।**
**ਮੈਨ**[੨੮] **ਮਨੋ ਮੁਖ ਆਰਨ**[੨੯] **ਕੈ**
**ਤੁਮਰੇ ਬਿਨੁ ਆਇ ਹਮੋ ਡਰੁ**[੩੦] **ਪਾਵੈ।।**

*–ਦਸਮ ਗ੍ਰੰਥ, ਪੰਨਾ–੫੦੫*

ਫਿਰ ਅੱਗੇ ਕੀ ਕਿਹਾ–

**ਲੋਚਨ ਚਾਰ[੩੧] ਬਿਚਾਰ ਕਰੋ ਜਿਨ[੩੨]**
**ਬਾਚਤ[੩੩] ਹੀ ਪਤੀਆ[੩੪] ਉਠ ਧਾਵਹੁ[੩੫]।।**
**ਆਵਤ ਹੈ ਸ਼ਸ਼ਪਾਲ ਇਤੈ[੩੬]**
**ਮੁਹਿ ਬਯਾਹਨ ਕਉ ਪ੍ਰਭ ਢੀਲ ਨਾ ਲਾਵਹੁ।।**
**ਮਾਰ ਇਨੈ ਮੁਹਿ ਜੀਤ ਪ੍ਰਭੂ**
**ਚਲੋ ਦ੍ਵਾਰਵਤੀ[੩੭] ਜਗ ਮੈ ਜਸੁ ਪਾਵਹੁ।।**
**ਮੋਰੀ[੩੮] ਦਸ਼ਾ ਸੁਨਿ ਕੈ ਸਭ ਯੌ**
**ਕਬਿ ਸਯਾਮ ਕਹੈ ਕਰਿ ਪੰਖਨ ਆਵਹੁ[੩੯]।।**

*–ਦਸਮ ਗ੍ਰੰਥ, ਪੰਨਾ–੫੦੪*

ਉਹਨਾਂ ਦੀ ਖਿੱਚ ਸੀ–ਉਹ ਸੱਦਦੇ ਸਨ, ਉਨ੍ਹਾਂ ਦੇ ਕੋਲ ਆ ਜਾਂਦੇ ਸਨ। ਸਾਡੀ ਖਿੱਚ ਨਹੀਂ ਰਹੀ, ਸਾਡੀ ਐਵੇਂ, ਐਵੇਂ ਦੀ ਕਹਿਣੀ ਹੈ। ਸੱਚੇ ਪਾਤਸ਼ਾਹ ਜੀ ਕਹਿ ਰਹੇ ਹਨ,''ਅਗਲੇ ਹੋਲੇ ਤੇ ਅਸੀਂ ਨਹੀਂ ਆਉਣਾ–ਭਾਵੀ ਇਸੇ ਤਰ੍ਹਾਂ ਹੈ, ਹੁਕਮ ਕਰਤਾਰ ਦਾ ਏਸੇ ਤਰ੍ਹਾਂ ਹੈ।''

*ਰੁਕਮਣਿ ਅੰਗਹਿ ਸੰਗ ਗੋਪਾਲੇ।।੩੪।।*

ਰੁਕਮਣੀ ਗੋਪਾਲ ਦੇ ਨਾਲ ਗਈ–ਕੰਗਣਾ ਸ਼ਿਸ਼ਪਾਲ ਦੇ ਹੱਥ ਰਹਿ ਗਿਆ।

*ਨੇਤੀ ਨੇਤ ਲਿਖੀ ਜਿਓ ਭਾਈ।*

ਭਾਈ ਜਿਸ ਤਰ੍ਹਾਂ ਨੇਤੀ ਨੇ ਨੇਤ ਲਿਖੀ ਹੈ, ਜਿਸ ਤਰਾਂ ਉਹਦੀ ਰਜ਼ਾ ਹੈ–

*ਕਾਹੂ ਤੇ ਨਹੀਂ ਜਾਤ ਮਿਟਾਈ।*

ਜਿਸਨੂੰ ਕੋਈ ਨਹੀਂ ਮਿਟਾ ਸਕਦਾ।

*ਪਰਾਲਬਧ ਸੇ ਦੇਖੇ ਹੋਲਾ।*

ਪਰਾਲਬਧ ਸੇ ਹੋਲਾ ਦੇਖ ਰਹੇ ਹੈਂ।

*ਜਾਇ ਬਦੇਸ ਕੋਇ ਦਿਨ ਚੋਲਾ।੩੫।*

ਇਹ ਸਾਡਾ ਚੋਲਾ ਬਦੇਸ਼ ਜਾਏਗਾ। ੧੯੨੫ ਸੰਮਤ (ਸੰਨ

੧੮੬੯ ਈ) ਵਿੱਚ ਵੀ—ਇਹ ਸਤਾਈ ਹੈ—ਇਹ ਦੋ ਸਾਲ ਪਹਿਲੇ ਮਾਨਾਵਾਲੇ ਹੋਲੇ ਵਿੱਚ ਕਿਹਾ ਸੀ,''ਇਹ ਅੰਗਰੇਜ਼ ਸਾਨੂੰ ਹੱਥ ਪਾਉਣਗੇ, ਜਿੰਨਾਂ ਚਿਰ ਇਹ ਸਾਨੂੰ ਹੱਥ ਨਹੀਂ ਪਾਉਂਦੇ, ਇਹ ਬਦੇਸ਼ ਲੈ ਜਾਣਗੇ, ਇਹ ਮਰ ਗਿਆ ਲਿਖਣਗੇ, ਤੁਸਾਂ ਨਹੀਂ ਇਹ ਗੱਲ ਮੰਨਣੀ, ਅੱਗ ਵਿੱਚ ਮੈਂ ਸੜਦਾ ਨਹੀਂ, ਪਾਣੀ ਵਿੱਚ ਮੈਂ ਡੁੱਬਦਾ ਨਹੀਂ।'' ਸਾਹਮਣੇ ਮਹਾਰਾਜਾ ਨੌ ਨਿਹਾਲ ਸਿੰਘ ਦੀ ਕਚਹਿਰੀ ਦੇ ਸਤਿਗੁਰ ਜਿਸ ਵੇਲੇ ਫੌਜ ਵਿੱਚ ਥੇ, ਪੰਜ ਧੂਣੀਆਂ ਲਾਈਆਂ ਲਾ ਕੇ ਧੂਣੀਆਂ ਨੂੰ ਅੱਗ, ਜੇਠ ਦੇ ਮਹੀਨੇ, ਵਿਚਲੀ ਧੂਣੀ ਦੇ ਵਿੱਚ ਬਹਿ ਗਏ, ਉੱਤੋਂ ਦੀ ਸਾਰੀ ਅੱਗ ਫਿਰ ਗਈ। ਲੋਕਾਂ ਆਖਿਆ—ਇਹ ਸਿਪਾਹੀ ਮਰ ਗਿਆ, ਜਲ ਗਿਆ ਹੋਵੇਗਾ। ਸਾਰੀਆਂ ਧੂਣੀਆਂ ਜੇਠ ਦੇ ਦਿਨਾਂ ਵਿੱਚ ਪੰਜ ਧੂਣੀਆਂ ਜਲੀਆਂ ਨੇ—ਸਤਿਗੁਰੂ ਉਸੇ ਤਰ੍ਹਾਂ।

## ਬਾਬਾ ਦਸੌਂਧਾ ਸਿੰਘ

ਉਨ੍ਹਾਂ ਦੀ ਤਾਂ ਗੱਲ ਕੀ ਕਰਨੀ ਹੈ।

ਓਏ ! ਅਸੀਂ ਤੁਹਾਡੇ ਅੱਗੇ ਕਿਹੜੀ—ਕਿਹੜੀ ਗੱਲ ਕਹੀਏ, ਸਤਿਗੁਰੂ ਦਾ ਤਾਂ ਨਾਮ ਐਸੀ ਚੀਜ਼ ਹੈ, ਜਿਹੜਾ ਵੀ ਕੋਈ ਦਿਲੋਂ ਧਾਰ ਕੇ ਜਪੇ ..........। ਹੁਣ ਬਾਬੇ ਦਸੌਂਧਾ ਸਿੰਘ ਜੀ ਸਾਡੇ ਕੋਲ ਹਨ। ਇਸ ਗੱਲ ਨੂੰ ਹੋਰ ਸਿੱਖ ਵੀ ਜਾਣਦੇ ਹੋਣਗੇ, ਪ੍ਰੋਫੈਸਰ ਗੰਗਾ ਸਿੰਘ ਜੀ ਦਾ ਨਾਮ ਸਾਰੇ ਜਾਣਦੇ ਹਨ ਜਿਹੜੇ ਅਕਾਲੀ ਲੀਡਰ ਸਨ—ਇਨ੍ਹਾਂ ਦੇ ਸਕੇ ਮਾਮੇ ਹਨ। (ਸੰਮਤ) ਉੱਨੀਂ ਸੌ ਤੇਈ ਦੀ ਗੱਲ ਹੈ, ਇਹੋ ਹੀ ਹੋਲੇ ਦਾ ਤਿਉਹਾਰ ਹੈ—ਛੋਟੀਆਂ ਦਾ ਮੇਲਾ ਹੈ—ਲਾਇਲਪੁਰ ਦੇ ਜ਼ਿਲ੍ਹੇ ਵਿੱਚ। ਪ੍ਰਕਾਸ਼ ਅਸੀਂ ਨਹੀਂ ਕੀਤਾ ਉਸ ਵਕਤ ਅਜੇ, ਕਿਸ ਕਰਕੇ ਕਿ ਸਾਡਾ ਇਹੋ ਹੀ ਹਾਲ ਹੈ, ਸਾਡੇ ਜ਼ੁੰਮੇ ਤਾਂ ਲਗਦਾ ਹੈ ਕਿ ਇਹ ਬੀੜ ਨੂੰ ਪ੍ਰਕਾਸ਼ ਨਹੀਂ ਕਰਦੇ ਦੀਵਾਨ ਵਿੱਚ ਪਰ ਸਾਡੀ ਹਾਲਤ ਐਸੀ ਹੈ, ਅਸੀਂ ਬੇਅਦਬ ਆਦਮੀ ਹਾਂ, ਕੋਈ ਪਤਾ ਨਹੀਂ ਰਹਿੰਦਾ ਕਿਧਰ ਡਿੱਗਦਾ ਹੈ, ਕਿਧਰ ਜਾਂਦਾ ਹੈ, ਥੋੜਾ ਬਹੁਤ ਚਿਰ ਅਸੀਂ

ਨਿਭਾਉਂਦੇ ਹਾਂ। ਤਖਤਪੋਸ਼ ਰੱਖਿਆ ਹੋਇਆ ਹੈ, ਹਵਨ ਹੋ ਰਿਹਾ ਹੈ, ਆਹ ਵਕਤ ਹੈ ਰਾਤ ਦਾ, ਦੂਸਰੇ ਪਾਸੇ ਪਹਿਰੇ ਖੜੇ ਕੀਤੇ ਸੀ ਕੋਈ ਹਵਨ ਵਿੱਚ ਨਾ ਡਿੱਗ ਪਵੇ—ਕੋਈ ਸੱਤ ਕੁ ਫੁੱਟ, ਸਾਢੇ ਛੇ ਫੁੱਟ ਉੱਚੀ ਲਾਟ ਹੋਵੇਗੀ ਅੱਗ ਦੀ, ਜਿੰਨੀ ਕੁ ਦੂਰ ਉਹ ਉਪਰਲਾ ਕਪੜਾ ਲੱਗਾ ਹੈ, ਏਡੀ ਕੁ ਉੱਚੀ ਨਿਕਲ ਰਹੀ ਸੀ—ਤਖਤਪੋਸ਼ ਵਾਲੇ ਪਾਸਿਉਂ ਦੀ ਆਏ ਹਨ, ਪਜਾਮਾ ਪਾਇਆ ਹੋਇਆ ਹੈ, ਇਸ ਤਰ੍ਹਾਂ ਆ ਕੇ ਚੌਕੜੀ ਵਿੱਚ ਮਾਰ ਦਿੱਤੀ, ਉਤੋਂ ਦੀ ਅੱਗ ਫਿਰ ਗਈ ਹੈ—ਸਾਰੇ। ਐਨਾ ਚਿਰ—ਜਿੰਨਾ ਚਿਰ ਮੈਨੂੰ ਗੱਲ ਕਰਦਿਆਂ ਨੂੰ ਹੋਇਆ ਹੈ—ਖਿੱਚ ਕੇ ਬਾਹਰ ਕੱਢਿਆ ਹੈ। ਰਾਤ ਦਾ ਵਕਤ ਸੀ, ਕਿਸੇ ਤਰ੍ਹਾਂ ਬਿਜਲੀ ਦਾ ਚਾਨਣ ਤੇ ਨਹੀਂ ਸੀ ਨ, ਉਹ ਰਾਖ ਲੱਗੀ ਨ ਜਿਹੜੀ ਬਿਭੂਤੀ ਸੀ ਹਵਨ ਦੀ ਚਿੱਟੀ, ਮੈਂ ਆਖਿਆ—ਚਰਬੀ ਨਿਕਲ ਆਈ ਪੈਰਾਂ ਵਿਚੋਂ। ਜਿਸ ਵੇਲੇ ਦੇਖਿਆ ਹੈ—ਪਜਾਮੇ ਨੂੰ ਸੇਕ ਨਹੀਂ ਲਗਿਆ, ਕਿਸੇ ਚੀਜ਼ ਨੂੰ ਨਹੀਂ ਲਗਿਆ—ਸਾਡੇ ਸਾਹਮਣੇ ਦੀਆਂ ਗੱਲਾਂ ਹਨ। ਇਹ ਕੋਈ ਅਸੀਂ ਉਹ ਗੱਲਾਂ ਨਹੀਂ ਕਰਦੇ ਜਿਹੜੀਆਂ ਕਿਸੇ ਤੋਂ ਸੁਣੀਆਂ—ਸਾਹਮਣੇ ਦੇਖਿਆ ਹੈ।

ਮੁਸਲਮਾਨ ਥਾਣੇਦਾਰ ਜੋ ਭੈਣੀ ਸਾਹਿਬ ਆਇਆ ਹੈ—ਜਦੋਂ ਇੱਥੋਂ (ਸੰਨ) ੧੯੩੪ ਵਿੱਚ ਗਏ ਹਾਂ ਹੋਲੇ ਉੱਤੇ—ਬੜਾ ਮੁਤੱਸਬੀ ਸੀ, ਬੜਾ ਔਖਾ ਹੁੰਦਾ ਸੀ ਦੇਖ ਕੇ ਕਿਉਂਕਿ ਅੰਗਰੇਜ਼ ਸਾਡੇ ਤੇ ਨਰਾਜ਼ ਸਨ। ਸਾਡੇ ੪੦-੫੦, ਸਾਲ ਤਕ ਠਾਣੇਦਾਰ ਮੁਸਲਮਾਨ ਹੀ ਰਹੇ, ਹਿੰਦੂ ਨੂੰ ਹੋਣਾ ਨਹੀਂ ਮਿਲਿਆ, ਸਿੱਖ ਨੇ ਤਾਂ ਕੀ ਹੋਣਾ ਸੀ। ਉਹ ਆਇਆ, ਉਹ ਬੜਾ ਔਖਾ ਸੌਖਾ ਹੁੰਦਾ ਹੈ। ਕੜਾਹੀ ਵਿੱਚ ਘਿਉ ਰੱਖਿਆ ਸੀ —ਬਹੁਤਾ ਘਿਉ ਸੀ, ਬਈ ਥੱਲੇ ਜ਼ਿਆਦਾ ਜੀਊਰਦਾ ਹੈ। ਥੱਲੇ ਕੜਾਹੀ ਰੱਖੀ ਹੋਈ ਸੀ, ਵਿੱਚ ਟੋਆ ਪੁੱਅ ਕੇ ਹਵਨ ਹੁੰਦਾ ਸੀ—ਖਬਰ ਨਹੀਂ ਮੈਨੂੰ ਯਾਦ ਤੇ ਨਹੀਂ ਦੋ ਪੀਪਿਆਂ ਦਾ ਕਿ ਢਾਈਆਂ ਦਾ ਕਿ ਕਿਤਨਾ ਸੀ। ਸੰਤ ਆ ਕੇ ........., ਬਾਹਰ ਕੱਢੇ ਨੇ। ਉਸ ਵੇਲੇ ਉਹਦੀਆਂ ਅੱਖਾਂ ਵਿਚੋਂ ਪਾਣੀ ਵਗਣ ਲੱਗ ਪਿਆ, ਉੱਥੇ ਵਿੱਚ ਬੈਠੇ

ਦੇਖਦੇ ਹਨ, ਕੋਈ ਉਹਨਾਂ ਨੂੰ ਸੇਕ ਨਹੀਂ ਲੱਗਿਆ।

## ਮਾਨਾਂਵਾਲੇ ਦਾ ਹੋਲਾ

*ਇਹੋ ਮਹਲਾ ਹੋਲਾ ਖੇਲੇਂ*

ਸਤਿਗੁਰੂ ਜੀ ਨੇ ਮਾਨਾਂਵਾਲੇ ਦੇ ਹੋਲੇ ਵਿੱਚ ਕਿਹਾ ਸੀ,''ਸਾਡਾ ਸਰੀਰ ਅੱਗ ਵਿੱਚ ਜਲਦਾ ਨਹੀਂ, ਪਾਣੀ ਵਿੱਚ ਡੁੱਬਦਾ ਨਹੀਂ ਔਰ ਅਸੀਂ ਜਾਵਾਂਗੇ—ਬਿਦੇਸ਼।'' ਬਾਬੇ ਲਾਲ ਸਿੰਘ ਜੀ ਲਤਾਲੀਏ, ਐਸ ਤਰ੍ਹਾਂ ਬਚਨ ਸੁਣਾਉਂਦੇ, ਕਹਿੰਦੇ—ਬਾਹਰੋਂ ਤੁਰੇ ਆਉਂਦੇ ਹਨ ਸਿਆਲਕੋਟ ਦੇ ਜ਼ਿਲ੍ਹੇ ਦੇ ਦੌਰੇ, ਕਹਿੰਦੇ ਨੇ,''ਲਾਲ ਸਿੰਘਾ, ਤੁਹਾਨੂੰ—ਭਾਈ ਪਰਮ ਸੁੱਖ, ਜਾਣਦਾ ਹੈ ਪਰਮ ਸੁੱਖ ਕਿਹੜੇ ਹੁੰਦੇ ਹਨ ?''

''ਜੀ ਨਹੀਂ ਦੱਸੋ।''

ਕਹਿੰਦੇ ਹਨ,''ਪਰਲੋਕ ਦੇ ਸੁੱਖ ਵੀ ਐਥੇ ਦਿਆਂਗੇ ਪਰ ਅਜੇ ਨਹੀਂ —ਅਜੇ ਸਾਨੂੰ ਅੰਗਰੇਜ਼ ਫੜ ਕੇ ਲੈ ਜਾਣਗੇ, ਦੀਰਘ ਚਿਰ ਰੱਖਣਗੇ —ਫਿਰ ਓਦੂੰ ਬਾਅਦ ਆਵਾਂਗੇ ਤਾਂ ਤੁਹਾਨੂੰ ਸੁੱਖ ਹੋਣਗੇ।''

ਭਾਈ ਸਾਡੀ ਤਾਂ ਇਹ ਗੱਲ ਹੈ—ਰਾਂਝਾ—ਹੀਰ ਨੂੰ ਲੈ ਗਏ ਖੇੜੇ, ਭਾਬੀਆਂ ਨੇ ਰਾਂਝੇ ਨੂੰ ਸੁਨੇਹਾ ਭੇਜਿਆ ਕਿ ਹੁਣ ਤਾਂ ਤੇਰੇ ਪੱਲੇ ਕੁਛ ਨਹੀਂ ਰਹਿ ਗਿਆ, ਹੀਰ ਚਲੀ ਗਈ ਹੈ, ਹੁਣ ਤਾਂ ਸਾਡੇ ਕੋਲ ਆ ਜਾ। ਉੱਥੇ ਵਾਰਿਸਸ਼ਾਹ ਨੇ ਇਹ ਗੱਲ ਲਿਖੀ ਹੈ, ਰਾਂਝੇ ਨੇ ਜਵਾਬ ਕੀ ਲਿਖਿਆ–

*ਭਾਬੀ ਖਿਜਾਂ ਦੀ ਰੁਤ ਜਦ ਆਣ ਪੁੰਨੀ*
*ਭੌਰ ਆਸਰੇ ਦੇ ਜਫਰ ਜਾਲਦੇ ਨੀ।*
*ਸੇਵਨ ਬੁਲਬੁਲਾਂ ਬੂਟਿਆਂ ਸੁਕਿਆਂ ਨੂੰ*
*ਰੱਬਾ ਫੁਲ ਲਗਣ ਨਾਲ ਡਾਲ ਦੇ ਨੀਂ।*
*ਜਿਹੜੇ ਗਏ ਸੁ ਗਏ ਨਾ ਫੇਰ ਮੁੜਦੇ*
*ਲੋਕ ਅਸਾਂ ਤੋਂ ਆਉਣਾ ਭਾਲਦੇ ਨੇਂ।*
*ਜਿਨ੍ਹਾਂ ਸੂਲੀਆਂ ਦੇ ਉੱਤੇ ਲਏ ਝੂਟੇ*

*ਮਨਸੂਰ ਹੋਰੀਂ ਸਾਡੇ ਨਾਲ ਦੇ ਨੇਂ।*

ਉਹ ਨਾਮਧਾਰੀ ਚੜ੍ਹ ਗਏ, ਅਜੇ ਵੀ ਕੋਈ—ਕੋਈ ਹੈਨ, ਜਿਨ੍ਹਾਂ ਦੀ ਇਸ ਗੱਲ ਉੱਤੇ ਆਸ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਵੇਗਾ—ਗਊ ਗਰੀਬ ਦੇ ਗਲ ਤੋਂ ਛੁਰੀ ਲਹੇਗੀ, ਧਰਤੀ ਉੱਤੇ ਕੋਈ ਝੂਠ ਨਹੀਂ ਬੋਲੇਗਾ—ਸਾਰੀ ਦੁਨੀਆਂ ਸੱਚ ਬੋਲਣ ਵਾਲੀ ਹੋ ਜਾਵੇਗੀ —ਪਰ ਪਹਿਲਾਂ ਓਦੂੰ ਇੱਕ ਵੇਰ ਸੁਹਾਗਾ ਜ਼ਰੂਰ ਫਿਰੇਗਾ। ਇਹ ਨਹੀਂ ਪਤਾ ਉਹਦੇ ਵਿੱਚ ਕਿਹੜਾ ਥਾਂ ਬਚਦਾ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ–

*ਖਲਕ ਖਾਲਕ ਖੀਸ, ਈਸ, ਮੂਸ,*
*ਹਿੰਦੂ ਖਲਕ ਪੀਸ ਦਖਾਊ ਦੀਪ।*

ਕੂਕਿਆਂ ਦੀ ਆਸ ਇਸ ਗੱਲ ਉੱਤੇ ਹੈ ਕਿ ਹੋਲਾ ਓਦਣ ਹੀ ਹੋਵੇਗਾ ਜਿਦਣ ਸਤਿਗੁਰਾਂ ਦੇ ਦਰਸ਼ਨ ਹੋਣਗੇ। ਇਹ ਕੁਝ ਕਰਨਾ ਸਾਡਾ ਫਰਜ਼ ਹੈ—ਗੁਰੂ ਗੋਬਿੰਦ ਸਿੰਘ ਨੇ ਬਣਾਇਆ—ਸਤਿਗੁਰੂ ਬਾਲਕ ਸਿੰਘ ਦਾ ਜਨਮ ਹੋਇਆ—ਸਤਿਗੁਰੂ ਰਾਮ ਸਿੰਘ ਜੀ ਨੇ ਇਸਨੂੰ ਮੁੜਕੇ ਸੁਰਜੀਤ ਕੀਤਾ—ਹੋਲਾ ਕੀਤਾ। ਪਰ ਸਾਡਾ ਹੋਲਾ, ਹੋਲੇ ਦੀ ਸ਼ਕਲ ਵਿੱਚ ਨਹੀਂ ਹੈ। ਗੋਪੀਆਂ ਦੀ ਕਥਾ ਵਿੱਚ, ਗੁਰੂ ਗੋਬਿੰਦ ਸਿੰਘ ਸਾਹਿਬ ਬਾਰਾਮਾਹ ਦੋ ਲਿਖੇ ਹਨ, ਦਸਮ ਗ੍ਰੰਥ ਵਿੱਚ–

**ਫਾਗੁਨ ਫਾਗ ਬਢਯੋ ਅਨੁਰਾਗ।।**

ਪਹਿਲੇ ਲਿਖਦੇ ਹਨ–

**ਫਾਗਨ ਮੈ ਸਖੀ ਡਾਰ ਗੁਲਾਲ**
**ਸਭੈ ਹਰਿ ਸਿਉ ਬਨ ਬੀਚ ਰਮੈ[੪੦]।।**
**ਪਿਚਕਾਰਨ ਲੈ ਕਰਿ ਗਾਵਤਿ ਗੀਤ**
**ਸਭੈ ਮਿਲਿ ਗ੍ਵਾਰਨ ਤਉਨ[੪੧] ਸਮੈ।।**
**ਅਤਿ ਸੁੰਦਰ ਕੁੰਜ ਗਲੀਨ ਕੇ ਬੀਚ**
**ਕਿਧੌ ਮਨ ਕੇ ਕਰਿ ਦੂਰ ਗਮੈ[੪੨]।।**
**ਅਰੁ ਤਯਾਗ ਤਮੈ[੪੩] ਸਭ ਧਾਮਨ ਕੀ**

**ਇਹ ਸੁੰਦਰਿ ਸਯਾਮ ਕੀ ਮਾਨ[੪੪] ਤਮੈ।।**

*–ਦਸਮ ਗ੍ਰੰਥ, ਪੰਨਾ–੩੬੯*

ਇੱਕ ਸੁੰਦਰ ਸਿਆਮ ਦੀ ਤਮਾ ਸੀ, ਹੋਰ ਕਿਸੇ ਚੀਜ਼ ਨਾਲ ਗਰਜ਼ ਨਹੀਂ ਸੀ। ਫੇਰ ਕੀ ਹੋਇਆ–

**ਫਾਗੁਨ ਫਾਗ[੪੫] ਬਡਯੋ ਅਨੁਰਾਗ[੪੬]**
**ਸੁਹਾਗਨ[੪੭] ਭਾਗ ਸੁਹਾਗ ਸੁਹਾਈ।।**
**ਕੇਸਰ ਚੀਰ ਬਨਾਇ ਸਰੀਰ**
**ਗੁਲਾਬ ਅਬੀਰ ਗੁਲਾਲ ਉਡਾਈ।।**
**ਸੋ ਛਬਿ ਮੈਨ—**

ਕਿਉਂਕਿ ਰਿਤੂਰਾਜ ਇਹਨੂੰ ਮੰਨਿਆ ਹੈ, ਇਹਦੇ ਵਿੱਚ ਕਾਮਦੇਵ ਦਾ ਉਤਸਾਹ ਮੰਨਿਆ ਹੈ–

**ਸੋ ਛਬਿ ਮੈਨ ਲਖੀ[੪੮] ਜਨ ਦ੍ਵਾਦਸ[੪੯]**
**ਮਾਸ ਕੀ ਸੋਭਤ ਆਗ ਜਗਾਈ।।**

ਇਹ ਬਾਰ੍ਹਵੇਂ ਮਹੀਨੇ ਵਿੱਚ–

**ਆਸ ਕੋ ਤਯਾਗ ਨਿਰਾਸ ਭਈ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।**

*–ਦਸਮ ਗ੍ਰੰਥ, ਪੰਨਾ–੩੭੭*

ਜਿਹਨੂੰ ਗੁਰੂ ਸਾਹਿਬ ਨੇ ਕਿਹਾ ਹੈ–

**ਮੈ ਰੋਵੰਦੀ ਸਭੁ ਜਗੁ ਰੁਨਾ ਰੁਨੜੇ ਵਣਹੁ[੫੦] ਪੰਖੇਰੂ।।**
**ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ[੫੧]**
(ਵਿਛੋੜਾ ਨਾ ਰੋਇਆ) **ਜਿਨਿ ਹਉ ਪਿਰਹੁ ਵਿਛੋੜੀ।।**

*–ਵਡਹੰਸ ਮ:੧, ਪੰਨਾ–੫੫੮*

ਦਿਵਾਨ ਨੰਦ ਲਾਲ ਜੀ ਕਹਿੰਦੇ ਹਨ–

*ਦਿਲਿ ਮਨ[੫੨] ਦਰ ਫ਼ਰਾਕਿ ਯਾਰ[੫੩] ਬ–ਸੋਖਤ[੫੪]।*

*–ਗ਼ਜ਼ਲ ੧੪*

ਉਹ ਕੂਕਾ—ਕੂਕਾ ਨਹੀਂ ਕਹਾ ਸਕਦਾ ਜਿਹਨੂੰ ਇੱਕ ਵੇਰ ਵੀ ਅੱਠਾਂ

ਪਹਿਰਾਂ ਵਿੱਚ ਸਤਿਗੁਰੂ ਦੀ ਯਾਦ ਇਸ ਤਰ੍ਹਾਂ ਨਹੀਂ ਆਉਂਦੀ। ਉਹ ਕੂਕਾ ਕਹਾਉਣ ਦਾ ਹੱਕਦਾਰ ਨਹੀਂ, ਜਿਹਨੂੰ ਭਾਣੇ ਦੇ ਬਚਨ, ਜਿਹੜਾ ਨਹੀਂ ਯਾਦ ਕਰਦਾ, ਸਤਿਗੁਰਾਂ ਦੇ ਹੁਕਮ ਨਹੀਂ ਯਾਦ ਕਰਦਾ। ਭਾਈ ਇਹ ਹੋਲਾ....,ਉਹ ਹੋਲਾ ਸੀ....।ਉਹਨਾਂ ਲਿਖਿਆ ਹੈ—ਸਾਉਣ ਦਾ ਮਹੀਨਾ, ਗੁਰੂ ਗੋਬਿੰਦ ਸਿੰਘ ਸਾਹਿਬ ਲਿਖਦੇ ਹਨ–

**ਜੋਰ ਘਟਾਘਨ ਆਏ ਜਹਾਂ**
**ਸਖੀ ਬੂੰਦਨ ਮੇਘ ਭਲੀ ਛਬਿ ਪਾਈ।।**
**ਬੋਲਤ ਚਾਤ੍ਰਿਕ ਦਾਦਰ ਅਉ**
**ਘਨ ਮੋਰਨ ਪੈ ਘਨਘੋਰ ਲਗਾਈ।।**
**ਤਾਹੀ ਸਮੈ ਹਮ ਕਾਨ੍ਹਰ ਕੇ ਸੰਗ**
**ਖੇਲਤ ਥੀ ਅਤਿ ਪ੍ਰੇਮ ਬਢਾਈ।।**

*–ਦਸਮ ਗ੍ਰੰਥ, ਪੰਨਾ–੩੭੦*

ਭਾਈ ਚੰਦਾ ਸਿੰਘ ਜੀ ਲਿਖਦੇ ਹਨ–

*ਸਤਿਗੁਰੂ ਚੀਨੀ ਤੇ ਹੁੰਦੇ ਅਸਵਾਰ, ਸੂਬੇ ਸੋਭਾ ਪਾਵਣ ਨਾਲ,*
*ਚੜਦੀ ਜਿਉਂ ਹੰਸਾ ਦੀ ਡਾਰ, ਸੋਹੇ ਚੰਦ ਜਿਵੇਂ ਪਰਵਾਰ।*
*ਸਤਿਗੁਰੂ ਕਮਰ ਕਸਾ ਜਦ ਕਰਦੇ, ਆਸਨ ਚੀਨੀ ਉਤੇ ਧਰਦੇ*
*ਅਗੇ ਸਿੰਘ ਅੜਦਲਾਂ ਕਰਦੇ, ਮਾਨੋਂ ਰਵਿ ਸਸਿ ਦੋਨੇ ਡਰਦੇ*
*ਮਸਤਾਨੇ ਹਥ ਸਲੋਤਰ ਫੜਦੇ,*
*ਜਿਉਂ ਕਪਿ ਰਾਮ ਚੰਦ ਦੇ ਚੜ੍ਹਦੇ ਲੰਕਾ ਮਾਰਨੇ।*

ਪਰ ਉਹ ਕਹਿੰਦੇ ਹਨ–

**ਤਉਨ ਸਮੈ ਸੁਖਦਾਇਕ ਥੀ ਰਿਤ**
**ਅਉਸਰ ਯਾਹਿ ਭਈ ਦੁਖਦਾਈ।।**

*–ਦਸਮ ਗ੍ਰੰਥ, ਪੰਨਾ–੩੭੦*

ਗੁਰੂ ਸਾਹਿਬ ਲਿਖਦੇ ਹਨ–

**ਨਾਨਕ ਤਿਨਾ ਬਸੰਤੁ**[੫੫] **ਹੈ ਜਿਨ ਘਰਿ ਵਸਿਆ ਕੰਤੁ।।**
**ਜਿਨ ਕੇ ਕੰਤ ਦਿਸਾਪੁਰੀ**[੫੬]

**ਸੇ ਅਹਿਨਿਸ**[੫੭] **ਫਿਰਹਿ ਜਲੰਤ**[੫੮]।।

*–ਮ:੨, ਪੰਨਾ ੭੯੧*

ਸੋ ਹੋਲਾ, ਇੱਥੇ ਹੀ ਇਹਨੂੰ ਹੋਲੇ ਨੂੰ ਛੱਡ ਕੇ ਅੱਗੇ ਚਲੋ ਸਤਿਗੁਰਾਂ ਦੀ ਗੱਲ ਵੱਲ। ਹੋਲਾ—ਸਾਡਾ ਕਾਹਦਾ ਹੋਲਾ ਹੈ, ਹੋਲਾ ਤਾਂ ਹੀ ਹੋ ਸਕਦਾ ਹੈ ਜੇ ਉਹ ਸਤਿਗੁਰੂ ਦਾ ਦਰਸ਼ਨ ਹੋਵੇ, ਉਸੇ ਤਰ੍ਹਾਂ ਸਾਧ–ਸੰਗਤ ਵਿੱਚ ਅਨੰਦ ਹੋਵੇ, ਸਿੱਖਾਂ ਵਿੱਚ ਈਰਖਾ ਦਵੈਸ਼ ਨਾ ਰਹੇ, ਦੁਨੀਆਂ ਉੱਤੇ ਕੋਈ ਦੁਖੀ ਨਾ ਰਹੇ, ਕਿਸੇ ਜਾਨਵਰ ਨੂੰ ਕੋਈ ਦੁੱਖ ਨਾ ਦੇਵੇ, ਜਿੰਨਾਂ ਚਿਰ ਕਿਸੇ ਨੂੰ ਦੁੱਖ ਹੈ—ਕਿਉਂਕਿ, '**ਸਤਿਗੁਰੂ ਸਭਨਾ ਦਾ ਭਲਾ ਮਨਾਇਦਾ**' ਅਸੀਂ ਅਰਦਾਸ ਤੇ ਕਰ ਲੈਂਦੇ ਹਾਂ, ਨਾਨਕ ਨਾਮੁ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ—ਪਰ ਅਸੀਂ ਆਪਣਾ ਭਲਾ ਵੀ ਕਦੇ ਨਹੀਂ ਚਿਤਵਦੇ, ਜਦੋਂ ਲੋਕਾਂ ਦਾ ਬੁਰਾ ਚਿਤਵਦੇ ਹਾਂ।

## ਗੁਰਮੁਖ ਸਿੰਘ ਫਰਵਾਹੀ

ਹੁਣ ਇਸ ਹੋਲੇ ਤੋਂ ਆ ਕੇ ਸਤਿਗੁਰੂ ਜੀ ਭੈਣੀ ਸਾਹਿਬ ਪਹੁੰਚੇ —ਹੋਲੇ ਦਾ ਮੇਲਾ ਕਰਕੇ। ਆ ਕੇ ਕੀ ਹੋਇਆ ? ਸਿੱਖ ਕੀ ਕਹਿੰਦੇ ਹਨ—ਭਾਈ ਹੀਰਾ ਸਿੰਘ ਜੀ, ਲਹਿਣਾ ਸਿੰਘ ਜੀ। ਮੈਂ ਕੱਲ ਅਰਜ਼ ਸ਼ੁਰੂ ਕੀਤੀ ਸੀ ਬਈ ਉਹ ਫਰਵਾਹੀ ਦਾ ਸਿੰਘ ਹੈ—ਗੁਰਮੁਖ ਸਿੰਘ ਲੰਬੜਦਾਰ—ਉਹ ਸ਼ਹਿਰ ਆਉਂਦਾ ਹੈ, ਉਹ ਬੈਲ ਉੱਤੇ ਚੜ੍ਹੇ ਹੋਏ ਅਰਾਂਈ ਨੂੰ ਕਹਿੰਦਾ ਹੈ,''ਓਏ ਮੀਆਂ, ਇਹਦੇ ਤੇ ਤਾਂ ਭਾਰ ਤੇਰਾ ਮੂਲੀਆਂ ਦਾ ਹੀ ਬੜਾ ਲੱਦਿਆ ਹੋਇਆ ਹੈ।'' ਉਹ ਲਾਹੁੰਦਾ ਨਹੀਂ ਹੈ, ਅਦਾਲਤ ਵਿੱਚ ਲੜਦੇ-ਲੜਦੇ ਜਾਂਦੇ ਹਨ, ਨਾਲੇ ਸਿੱਖ ਨੂੰ ਮਾਰਦੇ ਹਨ ਮੁਸਲਮਾਨ, ਨਾਲੇ ਉਹਦੇ ਸਾਹਮਣੇ ਬੈਲ ਨੂੰ ਜ਼ਿਬ੍ਹਾ ਕਰ ਦਿੰਦੇ ਹਨ, ਕਤਲ ਕਰ ਦਿੰਦੇ ਹਨ। ਉਹਦੇ ਦਿਲ ਨੂੰ ਦੁੱਖ ਲਗਦਾ ਹੈ। ਉਹ ਕਹਿੰਦਾ,''ਓਏ ਜਿਉਣਾ ਧ੍ਰਿਗ, ਹੀਰਾ ਸਿੰਘਾ ਸਾਡਾ, ਜਿਨ੍ਹਾਂ ਚਿਰ ਦੁਨੀਆਂ ਉੱਤੇ ਇਹ ਗੱਲ ਹੁੰਦੀ ਹੈ, ਬੇਗੁਨਾਹਿਆਂ ਜਾਨਵਰਾਂ ਨੂੰ ਮਾਰਿਆ ਜਾਂਦੈ।'' ਰਾਮ ਗਊਆਂ ਜਿਹੜੀਆਂ ਛੱਡੀਆਂ ਹਨ, ਚਿੜੀਮਾਰਾਂ

ਦਾ ਇੱਕ ਮਹੱਲਾ ਸੀ ਉੱਥੇ ਮੁਸਲਮਾਨਾਂ ਦਾ, ਜਿਹੜੇ ਫੜ-ਫੜ ਕੇ ਕਤਲ ਕਰਦੇ ਸੀ। ਸਿੰਘ ਭੈਣੀ ਸਾਹਿਬ ਜਾਂਦੇ ਹਨ—ਹੀਰਾ ਸਿੰਘ ਜੀ ਜਦੋਂ ਗਿਆਨ ਸਿੰਘ ਹੁਰੀਂ ਚੜ੍ਹ ਗਏ। ਹੁਣ ਇਹ ਮਾਘੀ ਦਾ ਮੇਲਾ ਹੈ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਮਹਿਲ ਮਾਤਾ ਜੱਸਾਂ ਜੀ ਦਾ ਸਰੀਰ ਦੀਪਮਾਲਾ ਤੇ ਚੱਲ ਗਿਆ ਸੀ। ਸਤਿਗੁਰਾਂ ਨੇ ਉਹ ਮੇਲਾ ਕੀਤਾ, ਪਰ ਇਹ ਪਹਿਲੇ ਦੱਸਿਆ ਨ ਕਿ ਇਹ ਭਾਵੀ ਹੈ, ਉਹ ਦੱਸ ਰਹੇ ਹਨ ਸਤਿਗੁਰ ਕਹਿੰਦੇ ਹਨ,''ਇਹ ਲੋਹੜੀ ਨਹੀਂ—ਲੋਹੜੀ ਦਾ ਮੇਲਾ ਹੈ, ਲੋਹੜਾ ਹੈ।'' ਹੁਕਮ ਭੇਜਿਆ ਸਾਰਿਆਂ ਸੂਬਿਆਂ ਨੂੰ,''ਭਾਈ ਸਭੇ ਆਉ।'' ਸਾਰੇ ਆਉਂਦੇ ਹਨ ਸਿੰਘ। ਭਾਈ ਹੀਰਾ ਸਿੰਘ ਹੁਰੀਂ ਉੱਥੇ-

> *ਖੱਖਾ ਖਾਲਸੇ ਬੈਠ ਸਲਾਹਿ ਕੀਤੀ,*
> *ਮੂੰਡ ਕਟਨੇ ਅਸੀਂ ਕਸਾਈਆਂ ਦੇ,*
> *ਧਰਮ ਰਖਦੇ ਨੇ ਪੁਤਰ ਮਾਈਆਂ ਦੇ।*

-ਮੈਨੂੰ ਯਾਦ ਨਹੀਂ ਰਹਿ ਗਈ, ਪੈਂਤੀਸ ਅੱਖਰੀ ਵਿੱਚ ਭਾਈ ਕਾਲ੍ਹਾ ਸਿੰਘ ਜੀ ਨੇ ਲਿਖੀ ਸੀ, ਜਿਸਦੇ ਵਿੱਚ ਹਾਲ ਚਾਲ ਉਹਨਾਂ ਨੇ ਲਿਖਿਆ। ਸਿੰਘ ਤਿਆਰ ਹੁੰਦੇ ਹਨ—'ਸਿੰਘ ਤਿਆਰ ਹੋਇਆ ਪੂਰਾ ਸਤ ਵੀਹਾਂ'— ਉਸ ਵੇਲੇ ਅਜੇ ਦੋ ਢਾਈ ਸੌ ਹੈ। ਸਤਿਗੁਰਾਂ ਦੇ ਪਾਸ ਜਾ ਕੇ ਅਰਜ਼ ਕਰਦੇ ਹਨ,''ਸੱਚੇ ਪਾਤਸ਼ਾਹ, ਸਾਨੂੰ ਇਜਾਜ਼ਤ ਮਿਲੇ।''

ਸਤਿਗੁਰ ਕਹਿੰਦੇ ਹਨ,''ਭਾਈ, ਠਹਿਰੋ ਕੁਛ ਦਿਨ, ਜਿਹੜਾ ਕੁਛ ਤੁਸੀਂ ਚਾਹੁੰਦੇ ਹੋ, ਉਸੇ ਤਰ੍ਹਾਂ ਹੀ ਹੋ ਜਾਏਗਾ।''

ਅਕਾਲ ਬੁੰਗੇ ਜਾ ਬੈਠਦੇ ਹਨ, ਸੂਬੇ ਆ ਕੇ ਕਹਿੰਦੇ ਹਨ,''ਮਹਾਰਾਜ ਉਹ ਮਾਰਾਂ ਬਕਾਰਾਂ ਕਰਨੋਂ ਨਹੀਂ ਹਟਦੇ।''

ਬਾਬਾ ਸੁੰਦਰ ਸਿੰਘ ਜੀ ਸਾਡੇ ਕੋਲ ਗਊਆਂ ਚਾਰਦੇ ਰਹੇ ਹਨ, ਸੌ ਸਾਲ ਤੋਂ ਉੱਤੇ ਹੋਕੇ ਚੜ੍ਹੇ ਹਨ ਕਿਉਂਕਿ ਜਿਸ ਦਿਨ ਸੱਭਰਾਵਾਂ ਦੀ ਲੜਾਈ ਤੋਂ ਬਾਅਦ ਫੌਜ ਲੁਧਿਆਣੇ ਕੋਲੋਂ ਲੰਘੀ ਹੈ, ਉਹ ਕਹਿੰਦੇ ਹਨ,''ਮੈਂ ਇਤਨਾ ਤਕੜਾ ਸਾਂ ਸਾਡੀ ਸਰ੍ਹੋਂ ਵੱਢੀ ਹੋਈ ਸੀ ਤੇ ਮੈਂ

ਕੱਠੀਆਂ ਕੀਤੀਆ ਹਨ— ਮੰਡਲੀਆਂ।'' ਗੁਰਦੁਆਰੇ ਭੈਣੀ ਸਾਹਿਬ ਦੇ ਅੱਗੇ ਖਰਾਸ ਸੀ ਲੱਗਾ ਹੋਇਆ, ਖਰਾਸ ਦੇ ਕੋਨੇ ਤੇ ਇੱਕ ਬੋਹੜ ਦਾ ਦਰੱਖਤ ਸੀ, ਜਿਹਨੂੰ ਇਉਂ ਕਰਕੇ ਬਾਬੇ ਸੁੰਦਰ ਸਿੰਘ ਹੁਰੀਂ ਕਹਿੰਦੇ ਹਨ—ਮੈਂ ਹੱਥ ਪਾਈ ਖੜ੍ਹਾਂ। ਸਤਿਗੁਰ—ਪੋਹ ਦਾ, ਮਾਘ ਦਾ ਮਹੀਨਾ ਸਮਝੋ, ਮਾਘੀ ਦਾ ਜਾਂ ਇੱਕ ਦਿਨ ਪਹਿਲਾਂ ਜਾਂ ਮਾਘੀ ਵਾਲਾ ਦਿਨ ਹੈ—ਐਸ ਤਰ੍ਹਾਂ ਮੋਢਿਆਂ ਉੱਤੋਂ ਦੀ ਪਰਨਾ ਪਾਇਆ ਹੋਇਆ ਹੈ, ਗਲ ਬਸਤਰ ਕੋਈ ਨਹੀਂ ਤੇੜ ਕਛਹਿਰਾ, ਪਤਲੀ ਸੋਟੀ ਫੜੀ ਹੋਈ ਹੈ, ਅੰਦਰੋਂ ਨਿਕਲੇ ਹਨ, ਕਹਿੰਦੇ,''ਕੋਈ ਨਾ ਸਾਡੇ ਮਗਰ ਆਇਉ''—ਚਲੇ ਗਏ। ਕਹਿੰਦਾ,''ਮੇਰੇ ਚਿਤ ਵਿੱਚ ਆਈ ਬਚਨ ਤੇ ਸੁਣਨੇ ਸੀ ਸਤਿਗੁਰਾਂ ਦੇ ਹੁਣ ਕਿਸ ਤਰ੍ਹਾਂ ਕਰੀਏ।'' ਸਤਿਗੁਰ ਜਾਂਦੇ ਹਨ, ਕੁਛ ਚਿਰ ਬਾਅਦ ਮੈਂ ਕਿਹਾ,''ਹੁਣ ਤੇ ਬਚਨ ਪੂਰਾ ਹੋ ਗਿਆ, ਪਿਛਲੇ ਪਾਸੇ ਮੈਂ ਜਾ ਬੈਠਾ।''

ਸਤਿਗੁਰੁ ਕਹਿੰਦੇ ਹਨ,''ਭਾਈ ਓਧਰ ਤੁਸੀਂ ਤਕੜੇ ਹੋ, ਓਧਰ ਇਹ ਰਾਜੇ ਤਕੜੇ ਹਨ, ਪਨੀਰੀ ਛੋਟੀ ਹੈ, ਜ਼ਰਾ ਦਿਨ ਚਾਰ ਹੋਰ ਪੈ ਲੈਣ ਦਿਉ, ਜੋ ਤੁਸੀਂ ਚਾਹੁੰਦੇ ਹੋ ਸਤਿਗੁਰੂ ਸਭ ਕੁਛ ਕਰੇਗਾ।''

ਉਹ ਕਹਿੰਦੇ ਹਨ,''ਸਾਥੋਂ ਨਹੀਂ ਰਿਹਾ ਜਾਂਦਾ।'' ਅਖੀਰ ਉਹਨਾਂ ਨੇ ਕਿਹਾ,''ਸਾਨੂੰ ਗੁਰੂ ਤੇਗ ਬਹਾਦਰ ਦਾ ਦਰਸ਼ਨ ਹੁੰਦਾ ਹੈ, ਉਹ ਕਹਿੰਦੇ ਹਨ ਪਾਨਾਂ ਦਾ ਬੀੜਾ ਲਉ ਤੇ ਮੂੰਹ ਵਿੱਚ ਪਾਉ ਤੇ ਮਲੇਰ ਕੋਟਲੇ ਤੇ ਚੜ੍ਹਾਈ ਕਰੋ।''

ਉਹ ਮੈਂ ਤੁਹਾਨੂੰ ਅਰਜ਼ ਕੀਤੀ ਸੀ, ਗੁਰੂ ਗੋਬਿੰਦ ਸਿੰਘ ਦੇ ਵਕਤ ਮੁਸਲਮਾਨਾਂ ਦੀ ਜੜ੍ਹ ਰਹਿ ਗਈ ਸੀ, ਜਿਹੜੀ। ਅਖੀਰ, ਸਤਿਗੁਰ ਕਹਿੰਦੇ ਹਨ,''ਭਾਈ ਗੁਰੂ ਤੇਗ ਬਹਾਦਰ ਦਾ ਬਚਨ ਫਿਰ ਅਸੀਂ ਵੀ ਨਹੀਂ ਮੋੜ ਸਕਦੇ।''

## ਬਾਬਾ ਲੱਖਾ ਸਿੰਘ

ਸਤਿਗੁਰਾਂ ਨੇ ਬਾਬਾ ਲੱਖਾ ਸਿੰਘ ਜੀ ਨੂੰ ਲੁਧਿਆਣੇ ਭੇਜਿਆ,

ਤੁਹਾਡੇ ਕੋਲ ਇੱਥੇ ਕਿਤੇ ਘੋੜੀਆਂ ਵਾਲੀ ਤਸਵੀਰ ਵਿੱਚ, ਜਿਹੜੀ ਤੀਸਰੀ ਪਿਛਲੀ ਤਸਵੀਰ ਹੈ—ਉਹ ਬਾਬਾ ਲੱਖਾ ਸਿੰਘ ਹੁਰਾਂ ਦੀ ਹੈ। ਸਤਿਗੁਰਾਂ ਦੇ ਮਗਰ ਦੋ ਤਸਵੀਰਾਂ ਹਨ—ਵਿਚਕਾਰ ਬਾਬੇ ਸਾਹਿਬ ਸਿੰਘ ਹੁਰਾਂ ਦੀ ਹੈ ਪਿੱਛੇ ਬਾਬਾ ਲੱਖਾ ਸਿੰਘ ਹੁਰਾਂ ਦੀ ਹੈ। ਹੇਠਲੀ ਲਾਈਨ 'ਚ ਜਿਹੜੀ ਅਗਲੇ ਸਿੱਖਾਂ ਦੀ ਹੈ—ਉਨ੍ਹਾਂ ਵਿੱਚ ਅਗਲੇ ਹੀਰਾ ਸਿੰਘ ਹੁਰੀਂ, ਉਹਨਾਂ ਦੇ ਨਾਲ ਪਿਛਲੇ ਪਾਸੇ ਲਹਿਣਾ ਸਿੰਘ ਹੁਰੀਂ ਨੇ, ਦਰਮਿਆਨ ਵਿੱਚ, ਜਿਹੜੀ ਉਤਲੀ ਲਾਈਨ ਹੈ ਉਹਦੇ ਵਿੱਚ ਅਗਲੀ ਲਾਈਨ ਵਿੱਚ ਅਨੂਪ ਸਿੰਘ ਹੁਰੀਂ ਹਨ, ਜਿਹੜੇ ਲਹਿਣਾ ਸਿੰਘ ਹੁਰਾਂ ਦੇ ਭਰਾ ਹਨ। ਲਹਿਣਾ ਸਿੰਘ ਤੇ ਹੀਰਾ ਸਿੰਘ ਤਾਏ ਚਾਚੇ ਦੇ ਪੁੱਤਰ ਭਰਾ ਸਨ। ਉਤਲੀ ਲਾਈਨ ਵਿੱਚ ਪਿਛਲਾ ਭਾਈ ਨੰਦ ਸਿੰਘ ਹੈ—ਹੰਡਿਆਇ ਵਾਲਾ ਜਿਸਦੀ ਮੈਂ ਗੱਲ ਕੀਤੀ ਸੀ, ਦੋ ਆਦਮੀਆਂ ਦਾ ਸਾਨੂੰ ਪਤਾ ਨਹੀਂ ਲਗ ਸਕਿਆ। ਪੁਰਾਣੇ ਬਜ਼ੁਰਗਾਂ ਤੋਂ ਪੁੱਛ ਕੇ ਇਹਨਾਂ ਦਾ ਨਾਂ ਪਤਾ ਕੀਤਾ ਹੈ, ਜਿੰਨੀ ਸਮਝ ਆਈ।

ਸਤਿਗੁਰਾਂ ਨੇ ਬਾਬੇ ਲੱਖਾ ਸਿੰਘ ਹੁਰਾਂ ਨੂੰ ਸੱਦਿਆ—ਮਾਈ (ਮਾਤਾ ਜੀਵਨ ਕੌਰ) ਜੀ ਇਹ ਗੱਲ ਦੱਸਦੇ ਹੁੰਦੇ ਸਨ—ਮਾਤਾ ਜੀ ਉਸ ਮੇਲੇ ਵਿੱਚ ਗਏ ਸਨ, ੧੨ ਸਾਲ ਦੀ ਉਮਰ ਸੀ। ਮਾਤਾ ਜੀ ਦੇ ਪਿਤਾ (ਖੁਸ਼ਹਾਲ ਸਿੰਘ ਜੀ) ਵੀ ਨਾਲ ਹੀ ਸਨ—ਉਹਨਾਂ ਨਾਲ ਬਾਬੇ ਲੱਖਾ ਸਿੰਘ ਹੁਰਾਂ ਦਾ ਬੜਾ ਪਿਆਰ ਸੀ। ਮਾਤਾ ਜੀ ਕਹਿੰਦੇ ਹਨ,''ਅਸੀਂ ਖਲੋਤੇ ਹਾਂ ਦਰਵਾਜਿਆਂ ਦੋਹਾਂ ਦੇ ਵਿਚਕਾਰ, ਤਬੇਲੇ ਦੇ ਤੇ ਗੁਰਦੁਆਰੇ ਦੇ। ਬਾਬੇ ਲੱਖਾ ਸਿੰਘ ਹੁਰਾਂ ਦਾ ਘੋੜਾ ਅੰਦਰ—ਉਦੋਂ ਵਿਹੜੇ ਵਿੱਚ ਸੀ ਕੁੰਡ, ਹੁਣ ਬਾਹਰ ਬਣਿਆ ਹੋਇਆ ਹੈ—ਜਲ ਛਕਣ ਵਾਸਤੇ ਜਾਂਦਾ ਹੈ। ਬਾਬੇ ਲੱਖਾ ਸਿੰਘ ਹੁਰੀਂ ਤੇ ਮਾਤਾ ਜੀ ਦੇ ਪਿਤਾ ਦੋਏ ਜੱਫੀਆਂ ਪਾ ਕੇ ਮਿਲੇ।''

ਕਹਿੰਦੇ ਹਨ,''ਕਿਸ ਤਰ੍ਹਾਂ ?''

ਕਹਿੰਦੇ,''ਲੁਧਿਆਣੇ ਚਲੇ ਹਾਂ।''

''ਮੁੜਕੇ ਕਦੋਂ ਆਉਗੇ ?''

## ਸ਼ਹੀਦੀ ਜਥੇ ਦੀ ਤਿਆਰੀ

ਬਾਬੇ ਲੱਖਾ ਸਿੰਘ ਹੁਰੀਂ ਕਹਿੰਦੇ ਹਨ—ਮਾਈ ਜੀ ਦੱਸਦੇ ਹਨ—ਕਿ ਇਹ ਗੱਲ ਭਾਈ ਗੁਰੂ ਦੇ ਵੱਸ ਹੈ।

ਸਤਿਗੁਰਾਂ ਨੇ ਹੁਕਮ ਦੇ ਕੇ ਭੇਜਿਆ ਕਿ ਠਾਣੇਦਾਰ ਨੂੰ ਅਸੀਂ ਇਤਲਾਹ ਦਿੱਤੀ ਹੈ—ਇਹ ਰੌਲਾ ਪਾਉਂਦੇ ਹਨ—ਇਹ ਸਾਡੇ ਆਖੇ ਨਹੀਂ ਲੱਗਦੇ—ਤੁਸੀਂ ਇਹਨਾਂ ਦਾ ਇੰਤਜ਼ਮ ਕਰੋ।

ਬਾਬੇ ਲੱਖਾ ਸਿੰਘ ਹੁਰਾਂ ਨੂੰ ਗਿਆਂ ਨੂੰ ਉੱਥੇ ਹੀ ਕੈਦ ਕਰ ਲਿਆ। ਇੱਧਰ ਕੀ ਹੋਇਆ ? ਦੋ ਮਾਘ ਵਾਲੇ ਦਿਨ, ਜਾ ਕੇ ਅਰਜ਼ ਕਰਕੇ ਛੁੱਟੀਆਂ ਮੰਗਦੇ ਹਨ।

ਸਤਿਗੁਰਾਂ ਨੇ ਕਿਹਾ,''ਭਾਈ ਅੱਛਾ, ਤੁਹਾਨੂੰ ਫਿਰ ਕਿਨ੍ਹੇ ਪ੍ਰਸ਼ਾਦ ਛਕਾਉਣਾ ਹੈ''—ਵਿਹੜੇ ਵਿੱਚ ਬਹਾ ਕੇ ਪੰਗਤਾਂ ਲੁਆ ਕੇ, ਆਪਣੇ ਹੱਥੀਂ ਕੜਾਹ ਪ੍ਰਸ਼ਾਦ ਛਕਾਇਆ, ਇਨ੍ਹਾਂ ਨੂੰ ਬਾਬੇ ਹੀਰਾ ਸਿੰਘ ਹੁਰਾਂ ਨੂੰ।

ਫਿਰ ਇੱਕ ਮਸਤਾਨੀ ਮਾਈ ਸੱਦਾਂ—ਜਿਨ੍ਹੇ, ਬਾਂਸ ਦੇ ਉੱਤੇ ਝੰਡਾ ਬੰਨ੍ਹਿਆ ਹੈ—ਕੋਠੇ ਉੱਤੇ ਚੜ੍ਹੀ ਹੈ, ਕਹਿੰਦੀ ਹੈ,''ਧਰਮ ਜਹਾਜ਼ ਛੁੱਟਣ ਲੱਗਾ ਹੈ ਭਾਈ, ਜਿਹਦੀ ਮਰਜ਼ੀ ਹੈ ਚੜ੍ਹੋ।''

ਚੜ੍ਹਤ ਸਿੰਘ ਦੇ ਦਲ ਸਿੰਘ ਦੋ ਭਰਾ—ਰੁੜਕੇ ਪਿੰਡ ਦੇ ਰਹਿਣ ਵਾਲੇ—ਆਟਾ ਗੁੰਨਦੇ ਗੁੰਨਦੇ, ਲੰਗਰ ਵਿੱਚੋਂ ਆ ਕੇ ਨਾਲ ਰਲੇ ਹਨ, ਉਸੇ ਤਰ੍ਹਾਂ ਹੱਥਾਂ ਲਿਬੜਿਆਂ ਵਾਲੇ, ਦੋ ਢਾਈ ਸੌ ਸਰੀਰ ਹੈ। ਅਕਾਲ ਬੁੰਗਾ—ਜਿੱਥੇ ਸਤਿਗੁਰੂ ਜੀ ਬੈਠ ਕੇ ਭਜਨ ਕਰਦੇ ਸੀ, ਉਹ ਗੁਰਦੁਆਰੇ ਤੋਂ ਸੌ ਡੇਢ ਸੌ ਕਦਮ ਹੈ—ਉਹਦੇ ਅੱਗੇ ਦਰਵਾਜ਼ੇ ਦੇ ਆ ਕੇ, ਬਾਬਾ ਹੀਰਾ ਸਿੰਘ ਹੁਰਾਂ ਨੇ ਲੀਕ ਕੱਢ ਦਿੱਤੀ—ਕਿਰਪਾਨ ਨਾਲ,''ਸਿਰ ਜਿਹਨੇ ਦੇਣਾ ਹੈ ਉਹ ਪਾਰ ਲੰਘੇ, ਐਵੇਂ ਨਾ ਸਾਡੇ ਮਗਰ ਕੋਈ ਆਵੇ।'' ਢਾਈ ਸੌ ਵਿਚੋਂ—ਉਹ ਬਾਬੇ ਸੁੰਦਰ ਸਿੰਘ ਹੁਰੀਂ ਕਹਿੰਦੇ ਸੀ,''ਅਸੀਂ ਵੀ ਪਿਛਲਿਆਂ ਵਿੱਚ ਹੀ ਰਹੇ''—ਫਿਰ ਜਿਹੜੇ ਸਾਨੂੰ

ਬਚਨ ਸੁਣਾਉਂਦੇ ਰਹੇ, ਫਿਰ ਉੱਥੇ ਢਾਈ ਸੌ ਸਰੀਰ ਹੈ—ਕਾਲ੍ਹਾ ਸਿੰਘ ਜੀ ਨੇ ਲਿਖਿਆ—ਸਿੰਘ ਤਿਆਰ ਹੋਇਆ ਪੂਰਾ ਸਤ ਵੀਹਾਂ।''

ਇੱਕ ਸੌ ਚਾਲੀ ਆਦਮੀ ਨਿਕਲੇ, ਸ਼ਾਮ ਨੂੰ ਜਾ ਕੇ ਰਬੋਂ ਇੱਕ ਪਿੰਡ ਸੀ—ਉੱਥੇ ਜਾ ਕੇ ਡੇਰਾ ਲਾਇਆ। ਜੋ ਕੁਛ ਕੋਲ ਸੀ ਸਮਾਨ ਵਾਧੂ, ਸਭ ਉਡਾ ਦਿੱਤਾ, ਕੜਾਹ ਪ੍ਰਸ਼ਾਦ ਕਰਿਆ ਤੇ ਛਕਾਇਆ। ਅਗਲੇ ਦਿਨ ਸਵੇਰੇ ਗਏ—ਮਲੌਦ। ਮਲੌਦ ਸਰਦਾਰਾਂ ਦਾ ਪਿੰਡ ਸੀ। ਸਰਦਾਰ ਬਦਨ ਸਿੰਘ ਨੇ ਸਤਿਗੁਰਾਂ ਕੋਲੋਂ ਭਜਨ ਪੁੱਛਿਆ ਸੀ—ਸਿੱਖ ਸਜਿਆ।

ਉਹਨੇ ਆਖਿਆ,''ਸੱਚੇ ਪਾਤਸ਼ਾਹ, ਕੋਈ ਸੇਵਾ।''

ਸੱਚੇ ਪਾਤਸ਼ਾਹ ਆਖਿਆ,''ਭਾਈ ਸਾਨੂੰ ਕੋਈ ਲੋੜ ਨਹੀਂ।''

ਹੀਰਾ ਸਿੰਘ ਹੁਰਾਂ ਆਖਿਆ,''ਕਿਸੇ ਵੇਲੇ ਵੇਲਾ ਆਇਆ ਤੇ ਅਸੀਂ ਭਾਈ ਦੱਸਾਂਗੇ।''

ਉਹ ਹੁਣ ਸਰਦਾਰ ਸੀ—ਜਗੀਰਦਾਰ ਸੀ, ਜਿਹਨੂੰ ਲੱਖ ਰੁਪਏ ਦੇ ਕਰੀਬ ਦੀ ਜਾਗੀਰ ਆਉਂਦੀ ਸੀ। ਉਹ ਕਿਸ ਤਰ੍ਹਾਂ ਅੰਗ੍ਰੇਜ਼ਾਂ ਨੂੰ ਛੱਡ ਕੇ ਇਨ੍ਹਾਂ ਦੇ ਵੱਲ ਹੋਣ।

ਉਨ੍ਹਾਂ (ਹੀਰਾ ਸਿੰਘ) ਨੇ ਆਖਿਆ,''ਘੋੜੇ ਤੇ ਹਥਿਆਰ ਦੇ।''

(ਬਦਨ ਸਿੰਘ) ਆਖਿਆ,''ਮੈਂ ਨਹੀਂ ਦੇ ਸਕਦਾ।''

ਮਸਤਾਨੀ ਨੇ ਉਹਦੇ ਇੱਥੇ ਮੱਥੇ 'ਚ ਕੁਹਾੜੀ ਮਾਰੀ—ਮੈਂ ਵੇਖਿਆ ਹੈ ਉਹਦਾ ਨਿਸ਼ਾਨ। ਸਰਦਾਰ ਬਦਨ ਸਿੰਘ ਨੂੰ ਮੈਂ ਦੇਖਦਾ ਰਿਹਾਂ, ਮੇਰੇ ਨਾਲੋਂ ਕੋਈ ਇਨਾਂ ਕੁ ਉੱਚਾ ਜਵਾਨ ਹੋਵੇਗਾ, ਐਸ ਪਾਸੇ ਉਹਦੇ ਨਿਸ਼ਾਨ ਸੀ—ਐਥੇ। ਸਰਦਾਰ ਡਰਦਾ ਅੰਦਰ ਵੜ ਗਿਆ। ਘੋੜਿਆਂ ਵਿੱਚ ਜਾ ਵੜੇ, ਘੋੜੇ ਦੋ—ਤਿੰਨ ਲਏ, ਦੋ ਤਿੰਨ ਤਲਵਾਰਾਂ ਲਈਆਂ। ਲਹਿਣਾ ਸਿੰਘ ਹੁਰਾਂ ਨੂੰ ਪਤਾ ਸੀ....., ਹੀਰਾ ਸਿੰਘ ਹੁਰੀਂ ਤਾਂ ਦਰਵਾਜੇ ਦੇ ਰਾਹ......., ਬਾਹਰੋਂ ਧਾੜਾਂ ਆਈਆਂ ਪਿੰਡ ਦੀਆਂ—ਛੇੜਾਂ ਆ ਪਈਆਂ, ਡਾਕਾ ਆ ਪਿਆ, ਡਾਕੂ ਆ ਪਏ—ਕੋਠਿਆਂ ਤੇ ਚੜ੍ਹ ਕੇ ਲੋਕਾਂ ਨੇ ਬਹੁਤ ਕੁਝ ਸੁੱਟਿਆ। ਉਹ ਨੰਦ ਸਿੰਘ ਜਿਹੜਾ—ਸਤਿਗੁਰ

ਕਹਿੰਦੇ ਸੀ,''ਇਹ ਪਹਿਲਾਂ ਹੀ ਸਹੁਰਾ ਮਰੂਗਾ''—ਉਹ ਨੰਦ ਸਿੰਘ ਹੁਰੀਂ ਉੱਥੇ ਮਲੌਦ ਵਿੱਚ ਸ਼ਹੀਦ ਹੋਏ। ਦੂਜੇ ਸਰੀਰ ਤੋੜ ਕੇ ਦਰਵਾਜ਼ਾ ਬਾਹਰ ਨਿਕਲ ਗਏ—ਮਲੌਦੋਂ। ਲਹਿਣਾ ਸਿੰਘ ਹੁਰੀਂ ਪੰਜ ਸੱਤ ਆਦਮੀ ਅੰਦਰ ਰਹਿ ਗਏ ਪਰ ਲਹਿਣਾ ਸਿੰਘ ਹੁਰਾਂ ਨੂੰ ਪਤਾ ਸੀ ਕਿ ਕਿਲ੍ਹੇ ਵਿੱਚ ਕਿੱਥੇ ਬਾਰੀ ਹੈ। ਉਹ ਕੁਹਾੜੀ ਨਾਲ ਜਿੰਦਰਾ ਵੱਢ ਕੇ ਪਿਛਲੇ ਪਾਸਿਓਂ ਬਾਰੀ ਦੇ ਰਾਹੋਂ ਨਿਕਲੇ, ਘੋੜੇ ਲੈ ਕੇ ਪੰਜ—ਚਾਰ ਸਰੀਰ ਪਹੁ ਫੁਟਦੀ ਨਾਲ।

ਇਹ ਚਾਰ ਮਾਘ ਦਾ ਜ਼ਿਕਰ ਹੈ। ਦੋ ਮਾਘ ਨੂੰ ਭੈਣੀ ਸਾਹਿਬ ਤੋਂ ਤੁਰ ਕੇ—ਰਬੋਂ, ਤਿੰਨ ਵਾਲੇ ਦਿਨ ਮਲੌਦ ਦੀ ਲੜਾਈ ਹੋਈ, ਚਾਰ ਮਾਘ ਵਾਲੇ ਦਿਨ ਸੂਰਜ ਨਹੀਂ ਨਿਕਲਿਆ, ਜਿਸ ਵੇਲੇ ਕੰਧ ਢਾਹੀ ਹੋਈ ਸੀ ਮਲੇਰਕੋਟਲੇ ਦੀ ਇੱਕ ਪਾਸਿਓਂ। ਉਨ੍ਹਾਂ ਨੂੰ ਪਤਾ ਪਹੁੰਚਿਆ ਸੀ ਬਈ ਸਿੱਖ ਆ ਰਹੇ ਹਨ। ਉਨ੍ਹਾਂ ਨੇ ਵੀ ਆਪਣੀ ਤਿਆਰੀ ਕੀਤੀ ਹੋਈ ਸੀ। ਮੈਨੂੰ ਤਾਂ ਚਾਰ ਮਾਘ ਯਾਦ ਹੈ ਕਿਉਂਕਿ ਪਹਿਲੀ ਨੂੰ ਮੇਲਾ ਹੋਇਆ, ਦੂਜੀ ਨੂੰ ਤੁਰੇ ਹਨ, ਤੀਜੀ ਨੂੰ ਮਲੌਦ ਗਏ ਹਨ, ਚੌਥੀ ਨੂੰ ਉੱਥੇ ਪਹੁੰਚੇ ਹਨ, ਕਦੀ ਬਾਰਾਂ ਨੂੰ ਵੀ ਮਾਘੀ ਆ ਜਾਂਦੀ ਹੈ—ਐਸਾ ਹੋ ਜਾਂਦਾ ਹੈ। ਉੱਥੇ ਪਹੁੰਚ ਕੇ ਕੁਛ ਨਹੀਂ ਹੋਰ ਕੀਤਾ ਜਿਹੜਾ ਅੰਗਰੇਜ਼ ਕਹਿੰਦੇ ਸੀ—ਖਜ਼ਾਨੇ ਲੁੱਟਣ ਵਾਸਤੇ। ਉਸ ਕਾਜ਼ੀ ਦੀ ਪਹਿਲਾਂ ਜਾ ਕੇ ਖਬਰ ਲਈ ਜਿਸਨੇ ਉਸ ਸਿੱਖ ਸਾਹਮਣੇ ਬੈਲ ਮਰਵਾਇਆ ਸੀ—ਫਤਵਾ ਦੇ ਕੇ। ਫਿਰ ਉਸ ਮਹੱਲੇ ਦੇ ਵਿੱਚ ਵੜੇ—ਚਿੜੀਮਾਰਾਂ ਦੇ ਵਿੱਚ—ਉਨ੍ਹਾਂ ਨੂੰ ਮਾਰਿਆ। ਭਾਈ ਕਾਲ੍ਹਾ ਸਿੰਘ ਜੀ ਲਿਖਦੇ ਹਨ-

*ਜੇਕਰ ਹਿੰਦੂ ਨ ਕਰਦੇ ਮਦਦ ਤੁਰਕਾਂ ਦੀ,*
*ਤਾਂ ਸਿੱਖ ਬੀਜ ਤੁਰਕ ਦਾ ਰਹਿੰਦੇ ਪੁਟ ਕੇ ਜੀ।*

ਹਿੰਦੂਆਂ ਨੇ ਵੀ ਉਨ੍ਹਾਂ ਦੀ ਮਦਦ ਕੀਤੀ। ਤਿੰਨ ਵੇਰ ਬਾਹਰ ਨਿਕਲੇ ਮਾਰ ਕੇ, ਜਦੋਂ ਫਿਰ ਉਹ ਪਿੱਛੇ ਜਾਣ—ਉਹਨਾਂ ਨੂੰ ਫੇਰ ਭਜਾ ਕੇ ਸ਼ਹਿਰ ਵਿੱਚ ਵਾੜ ਦਿੰਦੇ। ਚਾਰ ਕੋਹ ਤੇ ਜਾ ਕੇ ਡੇਰਾ ਲਾਇਆ—ਰੜ੍ਹ ਪਿੰਡ, ਜਿੱਥੇ ਭਾਈ ਹੀਰਾ ਸਿੰਘ ਹੁਰਾਂ ਦੀ ਭੂਆ ਸੀ ਜਾਂ

ਨਾਨਕੇ [੫੯] ਸਨ—ਮੈਨੂੰ ਏਨੀ ਗੱਲ ਹੁਣ ਯਾਦ ਨਹੀਂ, ਲਿਖੀ ਹੋਵੇਗੀ।

## ਸਮੁੰਦ ਖਾਂ ਪਠਾਣ

ਉੱਥੇ ਰਸਤੇ ਜਾਂਦਿਆਂ—ਫਿਰ ਪਿੱਛੇ ਸਮੁੰਦ ਖਾਂ ਇੱਕ ਪਠਾਣ ਸੀ, ਉਹ ਗਿਆ ਚੜ੍ਹਕੇ। ਉਸਨੇ ਲਲਕਾਰਾ ਮਾਰਿਆ,''ਕਿੱਥੇ ਹੈ ਹੀਰਾ ਸਿੰਘ ?''

ਹੀਰਾ ਸਿੰਘ ਹੁਰੀਂ ਘੋੜੇ ਉੱਤੇ ਸਨ। ਅੱਗੇ ਆਏ, ਕਹਿਣ ਲੱਗੇ,''ਬਈ ਪਠਾਣਾ ਕਰ ਲੈ ਵਾਰ, ਤੇਰੇ ਚਿਤ ਵਿੱਚ ਇਹ ਧਿਆਨ ਨ ਰਹਿ ਜਾਏ ਕਿ ਮੈਂ ਵਾਰ ਨਹੀਂ ਕੀਤਾ।''

ਪਠਾਣ ਕੋਲ ਢਾਲ ਵੀ ਸੀ, ਹੀਰਾ ਸਿੰਘ ਜੀ ਕੋਲ ਢਾਲ ਨਹੀਂ ਸੀ। ਪਠਾਣ ਨੇ ਜਿਸ ਵੇਲੇ ਵਾਰ ਕੀਤਾ ਤਾਂ ਬਾਂਹ ਅੱਗੇ ਕਰ ਦਿੱਤੀ —ਇੱਥੋਂ ਗੁੱਟ ਕੱਟਿਆ ਗਿਆ ਪਰ ਵਾਰ ਹੁੰਦੇ ਦੇ ਨਾਲ ਹੀ ਪਠਾਣ ਦਾ ਸਿਰ ਲਾਹ ਦਿੱਤਾ।

ਇਸ ਗੱਲ ਨੂੰ ਹੁਣ ਅੱਜ ਕੋਈ ਨਹੀਂ ਸਮਝਦਾ—ਸ਼ਸਤਰ ਵਿੱਦਿਆ ਕੀ ਚੀਜ਼ ਸੀ—ਗੁਰੂ ਗੋਬਿੰਦ ਸਿੰਘ ਨੇ ਕੀ ਲਿਆਕੇ ਦਿੱਤੀ ਸੀ। ਖਿਮਾ ਕਰਨਾ ਹੁਣ ਤੇ ਤਲਵਾਰਾਂ ਦੇ ਉੱਤੇ ਅਸੀਂ ਬੱਚੇ ਹਗਾ ਲੈਂਦੇ ਹਾਂ। ਚੁੱਕ ਕੇ ਜੰਗਲ ਜਾਂਦੇ ਨਾਲ ਲੈ ਜਾਂਦੇ ਹਾਂ। ਇਤਿਹਾਸ ਪੜ੍ਹੋ ਗੁਰੂ ਸਾਹਿਬ ਰੱਖ ਕੇ ਸ਼ਸਤਰਾਂ ਨੂੰ ਚੌਰ ਕਰਵਾਉਂਦੇ ਸਨ ਕਿ ਇਨ੍ਹਾਂ ਤੇ ਮੱਖੀ ਨਾ ਬੈਠੇ। ਜੰਗਲ ਨਹੀਂ ਸਨ ਨਾਲ ਤਲਵਾਰ ਨੂੰ ਲਿਜਾਂਦੇ। ਉਸ ਵੇਲੇ ਦੀ ਉਹ ਜਾਣਦੇ ਸੀ ਕਿ ਤਲਵਾਰ ਕਿਸ ਤਰ੍ਹਾਂ ਚਲਾਈਦੀ ਹੈ।

ਪੜ੍ਹੋ ਇਤਿਹਾਸ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਜਦੋਂ ਸਰਦਾਰ ਨਕੱਈ ਦੀ ਮੁੱਠ ਭੇੜ ਹੋਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਐਸੀ ਤਲਵਾਰ ਦੀ ਚੋਕ ਮਾਰੀ—ਉਹਦੇ ਹੱਥ ਵਿੱਚ, ਉਹਦੀ ਕਬਜੇ ਵਿਚੋਂ ਤਲਵਾਰ ਕੱਢ ਦਿੱਤੀ ਤੇ ਉਹਨੂੰ ਮਾਰਿਆ ਨਹੀਂ।

ਹੀਰਾ ਸਿੰਘ ਹੁਰਾਂ ਨੇ ਵਾਰ ਮੁੜਨ ਨਹੀਂ ਦਿੱਤਾ—ਬਾਂਹ ਕੱਟੀ ਗਈ ਹੈ ਹੇਠੋਂ—ਉਹਦਾ ਸਿਰ ਕਤਲ ਕਰ ਦਿੱਤਾ। ਉਹ ਹੁਣ ਸਮੁੰਦ ਖਾਂ

ਮਾਰਿਆ—ਭਾਜੜ ਪੈ ਗਈ, ਹੋਰ ਕੋਈ ਹੈ ਹੀ ਨਹੀਂ ਸੀ ਕਰਨ ਵਾਲਾ ਕੁਛ। ਰੜ੍ਹ ਜਾ ਕੇ ਹੁਕਮ ਦੇ ਦਿੱਤਾ,''ਭਾਈ ਖਾਲਸਾ ਜੀ—ਸਾਡੇ ਵਾਸਤੇ ਇਹੋ ਹੁਕਮ ਸੀ—ਅਸੀਂ ਜੋ ਕਰਨੈ ਕਰ ਲਿਐ, ਹੁਣ ਜੇ ਕਿਸੇ ਦਾ ਚਿਤ ਕਰਦਾ ਜਾਣ ਨੂੰ—ਬੇਸ਼ਕ ਜਾਉ।'' ਸ਼ਹੀਦ ਹੁੰਦੇ ਹਨ ਅੱਸੀ (੮੦)—ਸੀ ਸੱਤ ਵੀਹਾਂ।

ਮਿਸਟਰ ਫੋਰਸਿਥ ਡਗਲਸ—ਕਮਿਸ਼ਨਰ ਵੀ ਆਪਣੀ ਕਿਤਾਬ ਵਿੱਚ ਇਹ ਗੱਲ ਮੰਨਦਾ ਹੈ ਕਿ ਸੱਤ ਵੀਹਾਂ ਆਦਮੀ ਸੀ। ਦੂਜੇ ਸਿੰਘ ਚਲੇ ਗਏ—ਜਿਨ੍ਹਾਂ ਵਿੱਚੋਂ ਕਈ-ਕਈ ਮਹਾਂਪੁਰਖਾਂ ਦੇ ਦਰਸ਼ਨ ਹੋਏ। ਇੱਕ ਭਾਈ ਹਜਾਰਾ ਸਿੰਘ ਜੀ—ਹਿੰਮਤਪੁਰੇ ਪਿੰਡ ਦੇ ਰਹਣਿ ਵਾਲੇ, ਬਹਾਵਲਪੁਰ ਵਿੱਚ—ਬੁਖਾਰੇ ਪਿੰਡ ਵਿੱਚ ਉਨ੍ਹਾਂ ਨੂੰ ਲੰਬੜਦਾਰੀ ਜਾ ਕੇ ਮਿਲੀ। ਉਨ੍ਹਾਂ ਦਾ ਛੋਟਾ ਜਿਹਾ ਕੱਦ ਸੀ (ਈਸ਼ਰ ਸਿੰਘ) ਦਲੇਰ ਜਿੰਨਾਂ। ਮੈਂ ਉਨ੍ਹਾਂ ਨਾਲ ਬੜੇ ਬਚਨ ਕੀਤੇ—ਉਹ ਕਹਿੰਦੇ ਸੀ,''ਬਈ ਅਸੀਂ ਹੀਰਾ ਸਿੰਘ ਹੁਰਾਂ ਦੇ ਨਾਲ ਗਏ, ਪਿਓ ਸਾਡਾ ਮਮਤਾ ਦਾ ਮਾਰਾ ਮਗਰ ਗਿਆ।''

ਸਤਿਗੁਰਾਂ ਨੇ ਕਿਹਾ,''ਅੱਛਾ ਭਾਈ, ਫੇਰ ਉਥੋਂ ਤੁਸੀਂ ਚਲੇ ਜਾਣਾ।''

ਜਿਸ ਵੇਲੇ ਕਹਿੰਦੇ ਇਹ ਗੱਲ ਹੋ ਚੁੱਕੀ ਰੜੋਂ, ਫਿਰ ਹੀਰਾ ਸਿੰਘ ਹੁਰਾਂ ਨੂੰ ਕਹਿੰਦੇ,''ਜੀ, ਹੁਣ ਤੇ ਇਹਨੂੰ ਛੁੱਟੀ ਦੇ ਦਿਉ।''

ਉੱਥੋਂ ਚਲੇ ਗਏ, ਖੇਡ ਸਤਿਗੁਰਾਂ ਦੀ ਸੀ। ਉਹ ਜਿਹੜੇ ਸੱਠ ਆਦਮੀ ਸਨ ਕਿਉਂਕਿ ਜੇ ਤੇ ਠਾਣੇਦਾਰ ਸਾਰਿਆਂ ਦੇ ਨਾਂ ਲਿਖ ਲੈਂਦਾ ਤਾਂ ਮਗਰੋਂ ਪਤਾ ਲੱਗ ਜਾਂਦਾ—ਕੌਣ-ਕੌਣ ਸੀ। ਜਿਹੜੇ ਚਲੇ ਗਏ, ਉਨ੍ਹਾਂ ਦੀ ਬਾਬਤ ਕਿਸੇ ਨੂੰ ਪਤਾ ਨਹੀਂ, ਉਹ ਕਿਹੜੇ—ਕਿਹੜੇ ਸਨ। ਅਸੀਂ ਬਹੁਤ ਸਾਰਿਆਂ ਦੇ ਦਰਸ਼ਨ ਮੇਲੇ ਕੀਤੇ ਹਨ।

ਸੰਤ ਹੀਰਾ ਦਾਸ ਜੀ ਚਿੱਟੀ ਵਾਲੇ ਇੱਕ ਮਹਾਤਮਾ, ਜਿਨ੍ਹਾਂ ਦਾ ਕੱਦ ਕੋਈ ਸਾਡੇ ਛੇ ਫੁੱਟ ਦੇ ਕਰੀਬ ਹੋਵੇਗਾ, ਇੱਕ ਸੌ ਅੱਠ ਸਾਲ ਦੀ ਉਮਰ ਵਿੱਚ ਮੈਂ ਉਨ੍ਹਾਂ ਦਾ ਦਰਸ਼ਨ ਕੀਤਾ ਹੈ। ਉਨ੍ਹਾਂ ਦੇ ਮੇਰੇ

ਨਾਲੋਂ ਬਹੁਤ ਥੋੜੇ ਧੌਲੇ ਆਏ ਸਨ ਔਰ ਉਨ੍ਹਾਂ ਦੇ ਪਿੰਡੇ ਤੇ ਕਿਤੇ ਸਲਵਟ ਨਹੀਂ ਸੀ ਪੈਂਦਾ। ਰਸਤੇ ਵਿੱਚ ਸਾਨੂੰ ਰੋਕ ਲਿਆ—ਹੱਥ ਵਿੱਚ ਖੂੰਡਾ ਰੱਖਦੇ ਸੀ, ਬਚਨ ਬਿਲਾਸ ਬੜੇ ਕਰਦੇ ਸੀ—ਖੁਲ੍ਹੇ। ਜਿਸ ਵੇਲੇ ਵਿਖਿਆਨ ਕਰਦੇ ਸੀ, ਵਿੱਚ ਹੀ ਕਹਿ ਦਿੰਦੇ—ਵਿਖਿਆਨ ਕਰਦੇ -ਕਰਦੇ,''ਜਿਹਦੀ ਮਰਜੀ ਹੈ ਗੱਲ ਕਰ ਲੌ, ਮੈਨੂੰ ਇਹ ਲੋੜ ਨਹੀਂ ਕਿ ਮਗਰੋਂ ਨੋਟ ਕਰਕੇ ਕਰੇ''—ਇਹ ਉੱਥੇ ਹੀ ਉਹਨਾਂ ਨੂੰ ਜਵਾਬ ਦੇ ਦਿੰਦੇ ਸੀ। ਉਨ੍ਹਾਂ ਨੇ ਅੰਦਰ ਇੱਕ ਖੂਹੀ ਲਾਈ ਹੋਈ ਸੀ, ਉਸ ਖੂਹੀ ਤੇ ਕਿਸੇ ਨੂੰ ਨਹੀਂ ਸਨ ਜਾਣ ਦਿੰਦੇ। ਕਹਿੰਦੇ ਸੀ,''ਕੋਈ ਦਿਨ ਆ ਜਾਵੇਗਾ ਭ੍ਰਿਸ਼ਟਾਚਾਰ ਵਰਤ ਜਾਵੇਗਾ—ਸੋਧ ਨਹੀਂ ਰਹਿਣੀ।'' ਉਦਾਸੀ ਸਾਧੂ ਸੇ ਬਨੇ ਹੋਏ, ਉਸ ਵੇਲੇ। ਸਾਨੂੰ ਅੰਦਰ ਲਿਜਾ ਕੇ ਲੰਗਰ ਕੀਤਾ, ਕਹਿਣ ਲੱਗੇ ਸੋਟਾ ਫੜ ਕੇ,''ਭਾਈ ਜੇ ਇਉਂ ਅਟਕਣਾ ਹੈ ਤੇ ਇਉਂ ਨਹੀਂ ਅਸੀਂ ਜਾਣ ਨਹੀਂ ਦੇਣਾ।'' ਰਸਤੇ ਵਿੱਚ। ਹੋਰ ਕਿਸੇ ਪਿੰਡ ਲੰਗਰ ਸੀ—ਸਾਡਾ, ਰਸਤੇ 'ਚ ਰੋਕਿਆ—ਦੁਪਹਿਰੇ ਲੰਗਰ ਕੀਤਾ। ਜਿਸ ਵੇਲੇ ਬਹਿ ਕੇ ਵਿੱਚ, ਪ੍ਰਸ਼ਾਦਾ ਛਕਣ ਲਗੇ, ਕਹਿਣ ਲੱਗੇ,''ਸੱਠਾਂ-ਸੱਤਰਾਂ ਸਾਲਾਂ ਬਾਅਦ ਆਪਣੇ ਟੱਬਰ ਵਿੱਚ ਬਹਿ ਕੇ ਰੋਟੀ ਖਾਧੀ ਹੈ,''—ਅੱਖਾਂ 'ਚੋਂ ਜਲ ਆ ਗਿਆ।

ਇੱਕ ਮਹਾਂਪੁਰਖ ਗਿੱਲਾਂ ਦੇ ਸਨ—ਮਾਤਾ ਜੀ ਦੇ ਨਾਨਕਿਆਂ ਦੇ, ਉਹ ਮਾਤਾ ਜੀ ਨੂੰ ੧੯੨੧ ਵਿੱਚ ਰਾਵਲਪਿੰਡੀ ਵਿੱਚ ਮਿਲੇ ਹਨ। ਇੱਕ ਬਾਬਾ ਮਸਤਾਨ ਦਾਸ ਜੀ—ਜਿਹੜੇ ਪਟਿਆਲੇ ਰਹਿੰਦੇ ਸਨ, ਬਸਤਰ ਨਹੀਂ ਸਨ ਰੱਖਦੇ, ਉਨ੍ਹਾਂ ਨੂੰ ਜਾ ਕੇ ਮਿਲੇ—ਮੈਂ ਉਸ ਸਾਲ (ਸੰਮਤ ੧੯੬੩, ੨੦ ਸਾਵਣ, ਸੰਨ ੧੯੦੬) ਤੋਂ ਪਹਿਲਾ ਨਿਤਨੇਮ ਨਹਿਰ ਤੇ ਕੀਤਾ ਸੀ—ਨੇਤਰਾਂ ਵਿੱਚ ਜਲ ਆ ਗਿਆ, ਕਹਿਣ ਲੱਗੇ,''ਭਾਈ ਆਪਣੇ ਟੱਬਰ ਦੀ ਜੇ ਗੱਲ ਸੁਣੀਏ ਤੇ ਫਿਰ ਖੁਸ਼ੀ ਹੁੰਦੀ ਹੀ ਹੈ ਨ।''

ਇਸ ਤਰ੍ਹਾਂ ਦੇ ਉਨ੍ਹਾਂ ਵਿਚੋਂ ਸੱਠ ਸਰੀਰ ਜਿਹੜੇ ਸਨ ਉਹ ਇਸ ਤਰ੍ਹਾਂ ਲਾਂਭੇ ਨਿਖੜੇ। ਉਹ ਉੱਥੇ ਬੈਠੇ ਰਹੇ—ਹੀਰਾ ਸਿੰਘ ਹੁਰੀਂ,

ਤਲਵਾਰਾਂ ਦੀ ਛੌਰੀ ਲਾ ਦਿੱਤੀ, ਬਾਂਹ ਜਿਹੜੀ ਸੀ ਉਹ ਪੁਰਾਣੇ ਕਾਇਦੇ ਅਨੁਸਾਰ, ਲਹੂ ਉਹਦਾ ਬੰਦ ਨਹੀਂ ਸੀ ਹੁੰਦਾ, ਤੇਲ ਵਿੱਚ ਪਾ ਕੇ ਟੁੰਡ ਸਾੜਿਆ, ਜਾਲਿਆ, ਆਪ ਤਲ ਲਿਆ।

## ਸਿੰਘਾਂ ਦਾ ਸ਼ਹੀਦ ਹੋਣਾ

ਚਾਰ ਮਾਘ ਵਾਲੇ ਦਿਨ ਉਹਨਾਂ ਨੂੰ ਪਕੜਕੇ ਸ਼ੇਰਗੜ੍ਹ ਵਾਲੇ ਥਾਣੇ ਲਿਜਾਇਆ ਗਿਆ, ਪੰਜ ਮਾਘ ਨੂੰ ਫਿਰ ਲਿਆਂਦਾ ਗਿਆ। ਉੱਥੋ ਮੁੜ ਕੇ ਮਲੇਰ ਕੋਟਲੇ ਆ ਗਏ ਹਨ

*ਚਲੋ ਸਹੀਓ ਚਲ ਦੇਖਣ ਚਲੀਏ ਰਾਂਝਣ ਸੂਲੀ ਚੜ੍ਹਦਾ।*
*ਉਹ ਚੜ੍ਹਦਾ ਚੜ੍ਹਦਾ ਕਰੇ ਮਜ਼ਾਕਾਂ ਮੌਤੋਂ ਮੂਲ ਨ ਡਰਦਾ।*

ਤੋਪਾਂ ਬੀੜੀਆਂ ਗਈਆਂ ਹਨ। ਤੋਪਾਂ ਕੀਹਦੀਆਂ ਹਨ ਜੀਂਦ ਦੀ ਰਿਆਸਤ ਦੀ ਸਿੱਖਾਂ ਦੀ—ਨਾਭੇ ਦੀ, ਪਟਿਆਲੇ ਦੀ।

ਮੈਨੂੰ ਇਹ ਗੱਲ ਯਾਦ ਹੈ ਮਹਾਰਾਜਾ ਹੀਰਾ ਸਿੰਘ ਪਹਿਲੇ ਕੁਛ ਵਪਾਰ ਕਰਦਾ ਹੁੰਦਾ ਸੀ—ਇਹ ਰਾਜਾ ਨਹੀਂ ਸੀ—ਉੱਥੇ, ਉਸੇ ਸਾਲ ਵਿੱਚ ਇਹ ਰਾਜਾ ਬਣਿਆ ਹੈ। ਸਾਡੇ ਨਾਨਾ ਜੀ—ਮਾਤਾ ਜੀ ਦੇ ਪਿਤਾ ਜੀ ਦੇ ਨਾਲ ਕਦੇ ਊਠ ਲੈ ਕੇ ਜਾਂਦਾ ਸੀ, ਭਜਨ ਪੁੱਛਿਆ ਹੋਇਆ ਸੀ। ਜਿੱਦਣ ਰਾਜਾ ਹੋਇਆ, ਸਤਿਗੁਰਾਂ ਨੇ ਕਿਹਾ,''ਲੈ ਭਾਈ ਹੀਰੇ ਨੇ ਵੀ ਡੁਬਦੀ ਬੇੜੀ 'ਚ ਲੱਤ ਧਰ ਲਈ।''

ਸਾਨੂੰ ਪਤਾ ਨਹੀਂ ਸੀ ਲਗਦਾ ਕਿਉਂਕਿ ਇਨ੍ਹਾਂ ਹੀ ਕੋਲੋਂ ਅੰਗ੍ਰੇਜ਼ਾਂ ਨੇ—ਸਿੱਖਾਂ ਦੇ ਫੌਜੀ, ਸਿੱਖਾਂ ਦੀਆਂ ਤੋਪਾਂ—ਕਾਵਨ ਹੁਕਮ ਦੇਣ ਵਾਲਾ। ਤੋਪਾਂ ਇਕੱਠੀਆਂ ਕਰਕੇ—ਸਿੱਖ ਅੱਗੇ ਆ-ਆ ਕੇ ਇਕੱਠੇ ਖੜੇ ਹੁੰਦੇ ਹਨ—ਉਸ ਵੇਲੇ। ਹੱਥ ਨਹੀਂ ਲਾਉਣ ਦਿੰਦੇ ਕਿਸੇ ਨੂੰ, ਕੋਲ ਛੱਪੜ ਹੈ ਜਿਹਦੇ ਵਿੱਚੋਂ ਇਸ਼ਨਾਨ ਕਰਦੇ ਹਨ, ਇਸ਼ਨਾਨ ਕਰਕੇ ਆ ਕੇ ਖੜੇ ਹੋਏ। ਪਹਿਲੇ ਭਾਈ ਹੀਰਾ ਸਿੰਘ ਹੁਰੀਂ ਲਹਿਣਾ ਸਿੰਘ ਹੁਰੀਂ ਦੋਏ ਇਕੱਠੇ—ਦੋਵੇਂ ਆਦਮੀ ਤੋਪਾਂ ਅੱਗੇ ਜਿਸ ਵੇਲੇ ਖੜੇ ਹੋਏ, ਤੋਪ ਨੂੰ ਪਲੀਤਾ ਦਿੱਤਾ—ਤੋਪ ਪਲੀਤਾ ਚੱਟ ਗਈ। ਭਾਈ ਜੀ ਮੁਸਕਰਾਏ—

ਬਾਬੇ ਲਹਿਣਾ ਸਿੰਘ ਜੀ, ਹੀਰਾ ਸਿੰਘ ਜੀ, ਦੂਜੀ ਵੇਰ ਫਿਰ ਚੱਟ ਗਈ, ਫੇਰ ਤੀਜੀ ਵੇਰ ਤੋਪ ਪਲੀਤਾ ਚੱਟ ਗਈ। ਕਹਿਣ ਲੱਗੇ,''ਉਏ ਤੁਹਾਨੂੰ ਝੂਠੇ ਕਰਕੇ ਹੀ ਮਰਨਾ ਸੀ,'' ਕਿਉਂਕਿ ਉਸ ਵੇਲੇ ਕਾਇਦਾ ਸੀ ਕਿ ਜੇ ਰੱਸਾ ਟੁੱਟ ਜਾਏ—ਫਾਂਸੀ ਦਾ ਤੇ ਫਾਂਸੀ ਨਹੀਂ ਸੀ ਦੇਂਦੇ, ਜੇ ਤੋਪ ਪਲੀਤਾ ਚੱਟ ਜਾਏ ਤਾਂ ਉਸਨੂੰ ਮੁੜਕੇ ਨਹੀਂ ਸਨ ਮਾਰਦੇ। ਉਨ੍ਹਾਂ ਆਖਿਆ,''ਹੁਣ ਮੇਰੇ ਸਤਿਗੁਰੂ ਦਾ ਹੁਕਮ ਆਇਆ, ਹੁਣ ਦਿਉ ਪਲੀਤਾ ਤੋਪ ਚਲੇਗੀ।'' ਇਹ ਹੈ ਉਨ੍ਹਾਂ ਦੀ ਕਥਾ—ਆਪਣੇ ਧੀਆਂ ਵਾਸਤੇ—ਆਪਣਿਆਂ ਪੁੱਤਰਾਂ ਵਾਸਤੇ—ਆਪਣੇ ਕਿਸੇ ਵਾਸਤੇ ਨਹੀਂ ਕੀਤੀ; ਕੌਮ ਵਾਸਤੇ—ਮੁਲਕ ਵਾਸਤੇ—ਸਿੱਖੀ ਵਾਸਤੇ—ਗਊਆਂ ਵਾਸਤੇ ਇਹ ਕੁਛ ਕੀਤਾ। ਫਿਰ ਲੱਗੇ ਉੱਡਣ, ਪਰ ਵਾਹ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ! ਤੇਰੀ ਬਰਕਤ ! ਤੇਰੀ ਕਿਰਪਾ ਕਿਆ ਚੀਜ਼ ਹੈ !

ਮੈਂ ਅੱਗੇ ਗੱਲ ਸੁਣਾਈ ਸੀ ਬਈ ਲੋਕਾਂ ਦੇ ਪੈਗੰਬਰ ਕਹਿੰਦੇ ਹਨ —ਮਰਨ ਲੱਗੇ—ਮੈਨੂੰ ਸ਼ਰਾਬ ਪਿਆਓ, ਮੈਨੂੰ ਮੌਤ ਤੋਂ ਡਰ ਲਗਦਾ ਹੈ। ਜਦੋਂ ਅਜਰਾਈਲ ਉਹਨੂੰ ਦਿਖਾਈ ਦਿੰਦੈ ਤੇ ਕੋਈ ੧੨ ਦਿਨ ਸਿਰ ਨਹੀਂ ਧਰਤੀ ਤੋਂ ਹਜ਼ਰਤ ਮੁਹੰਮਦ ਸਾਹਿਬ ਚੁੱਕਦੇ, ਬਾਰ੍ਹਾਂ ਬਫਾਤਾਂ ਉੱਥੋਂ ਬਣੀਆਂ ਹਨ।

ਸਤਿਗੁਰੂ ਦੇ ਸਿੱਖ ਇਉਂ ਟਿਚਕਰਾਂ ਕਰਦੇ ਹਨ ਗੋਲੀਆਂ ਨੂੰ, ਤੋਪਾਂ ਦੇ ਗੋਲੇ ਨੂੰ ਟਿਚਕਰਾਂ ਕਰਦੇ ਹਨ, ਅੱਗੇ ਖੜੇ ਹੁੰਦੇ ਹਨ। ਇਹ ਪ੍ਰਸੰਗ ਸਾਨੂੰ ਕਿਵੇਂ ਪਤਾ ਲੱਗਾ ਹੈ—ਦੋ ਮਾਈਆਂ ਜਿਹੜੀਆਂ ਛੱਡ ਦਿੱਤੀਆਂ ਸਨ—ਜਿਹੜੀਆਂ ਉਹਨਾਂ ਦੇ ਨਾਲ ਸਨ—ਉਹ ਭੈਣੀ ਸਾਹਿਬ ਆ ਕੇ ਰਹੀਆਂ ਹਨ। ਮੈਨੂੰ ਜਿੱਥੇ ਤਕ ਖਿਆਲ ਹੈ ਕਿ ਇੱਕ ਮਾਈ ਦੀ ਤੇ ਮੈਨੂੰ ਵੀ ਮਾੜੀ ਮੋਟੀ ਸੁਰਤ ਹੋਵੇਗੀ, ਚੰਗੀ ਤਰ੍ਹਾਂ ਨਹੀਂ ਮੈਂ ਕਹਿ ਸਕਦਾ, ਮਾਤਾ ਜੀ ਦੇ ਕੋਲ ਉਹ ਆਮ ਰਹਿੰਦੀਆਂ ਸਨ—ਆ ਕੇ। ਸਾਰਾ ਇਤਿਹਾਸ ਉਨ੍ਹਾਂ ਨੇ ਹੀ ਲਿਖਾਇਆ।

ਫਿਰ ਕੀ ਬਣਿਆ—ਲੱਗੇ ਉੱਡਣ—ਦੂਸਰੇ ਪਾਸੇ ਕੀ ਹੈ ? ਗੁਰੂ ਨਾਨਕ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਤਕ ੧੨ ਪਾਤਸ਼ਾਹੀਆਂ

ਬੈਠੀਆਂ ਹਨ, ਦੀਵਾਨ ਲੱਗਿਆ ਹੋਇਆ ਹੈ, ਤੋਪ ਨਾਲ ਜਿਹੜਾ ਉੱਡਦਾ ਹੈ ਉੱਥੇ ਜਾ ਕੇ ਬੈਠਦਾ ਹੈ। ਉਸਨੂੰ ਪਤਾ ਲੱਗਦਾ ਹੈ—ਸਾਹਮਣੇ ਦੂਜੇ ਵੇਖਣ ਵਾਲਿਆਂ ਨੂੰ ਕਿ ਦੀਵਾਨ ਲੱਗਿਆ ਹੋਇਆ ਹੈ, ਕਹਿੰਦਾ,''ਉਏ ਬਿੱਲਿਆ, ਛੇਤੀ ਕਰ ਮੇਰਾ ਸਾਥ ਜਾਂਦਾ ਹੈ, ਮੇਰਾ ਵਕਤ ਜਾਂਦਾ ਹੈ।'' ਇਸ ਤਰ੍ਹਾਂ ਤੋਪਾਂ ਦੇ ਨਾਲ ਉੱਡਦੇ ਹਨ।

ਉਹ ਬਿਸ਼ਨ ਸਿੰਘ ਲੜਕਾ, ਜਿਹਨੂੰ ਮੇਮ ਦੇਖ ਕੇ ਕਾਵਨ ਨੂੰ ਕਹਿੰਦੀ ਹੈ,''ਇਹ ਬੱਚਾ ਹੈ ਇਹਨੂੰ ਛੱਡ ਦੇ।''

ਕਾਵਨ ਕਹਿੰਦਾ ਹੈ—ਉਹ ਕਹਿ ਦੇਵੇ,''ਮੈਂ ਰਾਮ ਸਿੰਘ ਦਾ ਸਿੱਖ ਨਹੀਂ।''

ਉਹ ਕਹਿੰਦਾ,''ਨੇੜੇ ਹੋ ਕੇ ਮੇਰੀ ਗੱਲ ਸੁਣ।'' ਦਾੜ੍ਹੀਉਂ ਫੜ ਲਿਆ,''ਤੂੰ ਮੈਨੂੰ ਇਹ ਕਹਿਨਾ ਗੁਰੂ ਦਾ ਸਿੱਖ ਨਹੀਂ, ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ।'' ਬਾਰ੍ਹਾਂ ਸਾਲ ਦਾ ਲੜਕਾ ਹੈ, ਦੋਏ ਹੱਥ ਕੱਟੇ ਜਾਂਦੇ ਹਨ—ਸਿਰ ਕੱਟਿਆ ਜਾਂਦਾ ਹੈ ਤਾਂ ਹੱਥ ਛੁੱਟਦੇ ਹਨ।

ਭਾਈ ਵਰਿਆਮ ਸਿੰਘ ਜੀ, ਮਹਾਰਾਜਾ ਪਟਿਆਲਾ ਦੇ ਨਜ਼ਦੀਕੀਆਂ ਵਿਚੋਂ—ਮਰ੍ਹਾਜ ਕੇ, ਛੋਟੇ ਕੱਦ ਦੇ ਹਨ। ਪਿਛੋਂ ਕੋਈ ਹੁਕਮ ਆਇਆ ਹੋਵੇਗਾ ਕਿ ਇਸ ਨੂੰ ਨਾ ਮਾਰੋ, ਸਮਝਾ ਲਵਾਂਗੇ। ਨੌਜਵਾਨ ਮੁੰਡਾ ਹੈ, ਉਹਨੂੰ ਕਹਿੰਦੇ ਨੇ,''ਤੂੰ ਤੋਪ ਦੇ ਮੇਚ ਨਹੀਂ ਆਉਂਦਾ, ਤੇਰੀ ਛਾਤੀ ਨਹੀਂ ਆਉਂਦੀ।''

ਉਥੋਂ ਜਾ ਕੇ ਇੱਟਾਂ ਦਾ ਢੇਰ ਲਾ ਕੇ—ਇਕੱਠਾ ਕਰਕੇ ਖੜਾ ਹੋ ਗਿਆ, ਕਹਿੰਦਾ,''ਹੁਣ ਛਾਤੀ ਆਉਂਦੀ ਹੈ ਕਿ ਨਹੀਂ।'' ਕਿਆ ਹੈ .......?

ਇਹ ਉਨ੍ਹਾਂ ਕੂਕਿਆਂ ਦੀ ਗੱਲ ਹੈ ਜਿਨ੍ਹਾਂ ਦੀ ਬਦੌਲਤ ਇਹ ਸਾਨੂੰ ਸਭ ਕੁਛ ਮਿਲਦਾ ਹੈ—ਸ਼ੇਰਾਂ ਦੀਆਂ ਮਾਰੀਆਂ ਗਿੱਦੜ ਬਘਿਆੜ ਖਾਂਦੇ ਹਨ। ਇਹ ਉਹਨਾਂ ਮਹਾਂਪੁਰਖਾਂ ਦੀ ਗੱਲ ਹੈ, ਉਹਨਾਂ ਨੇ ਇੱਕ ਤੋਂ ਇੱਕ ਅੱਗੇ ਹੋ ਕੇ ਚੜ੍ਹਕੇ ਸ਼ਹੀਦੀ ਪਾਈ। ਉਹ ਸ਼ਹੀਦ—ਉਨ੍ਹਾਂ ਦੀ ਇਹ ਕਥਾ ਹੈ। ਉਨ੍ਹਾਂ ਦੀ ਕਥਾ ਸੁਣ ਕੇ ਜਿੰਨਾ ਚਿਰ ਵੀ ਸਾਡਾ ਮਨ

ਉੱਥੇ ਲੱਗੇਗਾ—ਉਨਾਂ ਮਹਾਂਪੁਰਖਾਂ ਦੇ ਨਾਲ—ਉਸ ਚੀਜ਼ ਦੇ ਨਾਲ .........।

ਪਰ ਅਫ਼ਸੋਸ ਇਸ ਗੱਲ ਦਾ ਹੈ, ਕੋਈ ਸਿੱਖ ਇਤਿਹਾਸਕਾਰ, ਜਿਹੜੇ ਨਵੇਂ ਹੁਣ ਦੇ ਲਿਖਣ ਵਾਲੇ ਹਨ, ਜਦੋਂ ਉਹ ਸ਼ਹੀਦਾਂ ਦੀਆਂ ਗਿਣਤੀਆਂ ਕਰਨ ਲੱਗਣਗੇ, ਕਦੇ ਨਾਮਧਾਰੀਆਂ ਦਾ ਨਾਉਂ ਨਹੀਂ ਲਿਖਦੇ, ਕਿਉਂਕਿ ਨਾਮਧਾਰੀਆਂ ਦੀ ਗਿਣਤੀ ਨਾ ਵਿੱਚ ਆ ਜਾਵੇ। ਬੇਸ਼ਕ ਕੋਈ ਕਿਤਾਬ ਪੜ੍ਹਕੇ ਦੇਖੋ। ਮੈਂ ਤੁਹਾਡੇ ਅੱਗੇ ਗੱਲ ਨਹੀਂ ਕਰਦਾ, ਕੋਈ ਉਹ ਆਦਮੀ ਲਿਖਣ ਵਾਲਾ ਜਿਹੜੇ ਫਾਂਸੀਆਂ ਤੇ ਚੜ੍ਹਨ ਵਾਲੇ ਉਨ੍ਹਾਂ ਦਾ ਨਾਂ ਤੇ ਨਹੀਂ ਆਇਆ। ਉਸ ਆਖਿਆ—ਹੀਰਾ ਸਿੰਘ ਹੁਰਾਂ ਨੇ ਉਸੇ ਵੇਲੇ,''ਉਇ ਬਿਲਿਆ, ਆ—ਦੇਖ, ਫੇਰ ਮੂੰਹ ਤੇ ਹੱਥ—ਕਿਸੇ ਮਾਈ ਦਾ ਪੇਟ ਗੰਦਾ ਕਰਕੇ ਫੇਰ ਆਵਾਂਗੇ, ਤੁਹਾਨੂੰ ਕੱਢ ਕੇ ਜਾਵਾਂਗੇ, ਜਿੰਨਾਂ ਚਿਰ ਤੁਹਾਨੂੰ ਨਹੀਂ ਕੱਢ ਲੈਂਦੇ—ਅਸੀਂ ਨਹੀਂ ਜਾਂਦੇ।''

ਅਸੀਂ ਤੇ ਇਹ ਹੀ ਮੰਨਦੇ ਹਾਂ ਕਿ ਕੈਨੇਡਾ ਵਾਲੇ ਵੀ ਉਹੋ ਸੀ—ਸਰਾਭੇ ਵਾਲਾ ਮੁੰਡਾ ਜਿਹੜਾ ਸਾਡੇ ਸਾਹਮਣੇ ਬਾਰ੍ਹਾਂ ਚੌਦਾਂ ਸਾਲ ਦਾ ਲੜਕਾ ਹੈ—ਕਰਤਾਰ ਸਿੰਘ, ਮੈਂ ਉਹਨੂੰ ਚੰਗੀ ਤਰ੍ਹਾਂ ਅੱਖੀਂ ਦੇਖਿਆ ਹੈ। ਜਿਸ ਵੇਲੇ ਉਹਨਾਂ ਨੂੰ ਪਕੜਿਆ ਹੈ, ਉਹ ਪੁਲਿਸ ਵਾਲੇ ਘਰ ਬੈਠੇ ਹਨ—ਉਹ ਦੁੱਧ ਪਾ ਕੇ ਅੰਦਰੋਂ ਪੀ ਆਉਂਦਾ ਹੈ, ਕੋਲੋਂ ਦੀ ਲੰਘ ਜਾਂਦਾ ਹੈ, ਉਹਨਾਂ ਨੂੰ ਪਤਾ ਨਹੀਂ ਲਗਦਾ। ਉਹਨਾਂ ਲੋਕਾਂ ਦਾ ਹਾਲ ਜਿਸ ਤਰ੍ਹਾਂ ਮੈਂ ਸੁਣਿਆ ਹੈ ਕਿ ਏਨੇ-ਏਨੇ ਕਰਕੇ ਉਹਨਾਂ ਨੂੰ ਕੱਟਿਆ ਗਿਆ—ਲਾਹੌਰ ਵਿੱਚ। ਭਗਤ ਸਿੰਘ—ਸ਼ਹੀਦ, ਅਸੀਂ ਨਹੀਂ ਦੂਸਰੇ ਮੰਨਦੇ, ਜਿਸ ਤਰ੍ਹਾਂ–

**ਆਦਿ ਅੰਤਿ ਏਕੈ ਅਵਤਾਰਾ।।**

*–ਦਸਮ ਗ੍ਰੰਥ, ਪੰਨਾ-੧੩੮੭*

ਇਹ ਰੂਹਾਂ ਵੀ ਉਹੋ ਹੀ ਹਨ, ਜਿਨ੍ਹਾਂ ਦਾ ਕੰਮ ਇਹ ਹੈ ਕਿ ਦੁਨੀਆਂ ਵਿੱਚ ਬੁਰੇ ਕੰਮ ਨੂੰ ਬੰਦ ਕਰਨਾ—ਭਾਵੇਂ ਉਹ ਕਿਸੇ ਸਰੂਪ

ਵਿੱਚ ਹੋ ਕੇ ਆਉਣ।

ਇਹ ਉਨ੍ਹਾਂ ਦੀ ਕਥਾ ਹੈ। ਜਿਹੋ ਜਿਹੀ ਮੇਰੇ ਕੋਲੋਂ ਆਈ ਹੈ—ਕਹਿ ਕੋਈ ਨਹੀਂ ਸਕਦਾ ਕਿਉਂਕਿ ਕਥਾ ਕਹੀ ਤਾਂ ਜਾਵੇ ਜੇ ਕੋਈ ਉਹਨਾਂ ਦਾ ਸਰੂਪ ਹੋ ਜਾਵੇ ਜਾਂ ਜਿਹਨੂੰ ਪੂਰਾ ਗਿਆਨ ਹੋਵੇ। ਜਿੰਨਾਂ ਕੁ ਮੇਰੇ ਕੋਲੋਂ ਥੋੜਾ ਬਹੁਤਾ ਤੁਹਾਡੇ ਅੱਗੇ ਕੁਛ ਕਹਿ ਸਕਿਆ ਹਾਂ, ਪਤਾ ਨਹੀਂ ਲੱਗਿਆ, ਉਹ ਗੱਲ ਹੋ ਗਈ ਹੈ, ਸਮੇਂ ਦਾ ਤੁਹਾਨੂੰ ਵੀ ਮੇਰਾ ਖਿਆਲ ਹੈ—ਨਹੀਂ ਲੱਗਿਆ ਹੋਣਾ। ਹੁਣ ਇੱਥੇ ਦੱਸੋ ਸਾਰੇ ਹੀ ਅਸੀਂ ਪਾਗਲ—ਮਸਤਾਨੇ—ਕੂਕੇ ਹੀ ਹੋਏ-ਹੋਏ ਹਾਂ, ਇਹ ਐਸੀ ਚੀਜ਼ ਹੈ ਇਹ ਕਥਾ ਹੈ—ਬੇਅੰਤ।

ਸਤਿਗੁਰੂ ਜੀ ਦਾ ਪ੍ਰਦੇਸ ਜਾਣਾ—ਸਿੰਘਾਂ ਦਾ ਸ਼ਹੀਦ ਹੋਣਾ—ਉਸ ਤੋਂ ਬਾਅਦ ਦਾ ਜਿਹੜਾ ਹਾਲ ਨਾਮਧਾਰੀਆਂ ਨਾਲ ਹੋਇਆ ਹੈ, ਮਾਤਾ ਜੀ ਨੇ ਜੋ ਕੁਛ ਆਪਣੀ ਅੱਖੀਂ ਦੇਖਿਆ, ਜੋ ਕੁਛ ਉਹ ਸੁਣਾਉਂਦੇ ਸੀ—ਜੇ ਉਹਨੂੰ ਵਰਣਨ ਲੱਗੀਏ ਤਾਂ ਥੋੜੀ ਜਿਹੀ ਚੀਜ਼ ਨਹੀਂ। ਜੋ ਕੁਝ ਸਿੱਖਾਂ ਨਾਲ ਹੋਈ, ਜਿਸ—ਜਿਸ; ਤਰ੍ਹਾਂ ਉਹਨਾਂ ਭੋਗੀ, ਜਿਸ ਤਰ੍ਹਾਂ ਸਮੁੰਦਰਾਂ ਵਿੱਚ ਡੋਬੇ ਗਏ, ਦਰਸ਼ਨ ਕਰਨ ਆਏ ਨੂੰ ਫੜ ਕੇ ਕਈਆ ਨੂੰ ਫਾਂਸੀਆਂ ਦਿੱਤੀਆਂ ਗਈਆਂ, ਜੋ ਕੁਛ ਹੋਇਆ ਅਖੰਡ ਪਾਠ ਕਰਦਿਆਂ ਨੂੰ ਸੱਤ ਸੱਤ ਸਾਲ ਦੀ ਸਜ਼ਾ। ਭਾਈ ਅਤਰ ਸਿੰਘ ਜੀ ਲੋਹਗੜ੍ਹ ਦੇ ਰਹਿਣ ਵਾਲੇ—ਹੁਣ ਸ਼ਰਮ ਸਿੰਘ ਜੀ ਉਹਨਾਂ ਦੇ ਇੱਕ ਲੜਕੇ ਗੁਜ਼ਰੇ ਸਨ। ਇਹ ਉਹਨਾਂ ਦੇ ਬੱਚੇ ਸਨ ਉਸ ਵੇਲੇ, ਪਿਛਲੇ ਸਾਲ ਹੀ ਗੁਜ਼ਰੇ ਹਨ, ਡੇਢ ਕੁ ਸਾਲ ਹੋਇਆ। ਪਾਠੀਆਂ ਨੂੰ ਦੋ-ਦੋ ਸਾਲ, ਕਿਸੇ ਨੂੰ ਤਿੰਨ ਸਾਲ, ਕਿਸੇ ਨੂੰ ਘਰ ਵਾਲੇ ਨੂੰ ਸੱਤ ਸਾਲ ਕਿ ਪੰਜ ਸਾਲ, ਉਹ ਵਿਚਾਰੇ ਵਿੱਚੇ ਜੇਲ੍ਹ ਦੇ ਹੀ ਗੁਜ਼ਰੇ ਔਰ ਅਖੰਡ ਪਾਠ ਕਰਨ ਦੇ ਦੋਸ਼ ਵਿੱਚ, ਗੁਰਬਾਣੀ ਪੜ੍ਹਨ ਦੇ ਦੋਸ਼ ਵਿੱਚ।

ਇਹ ਨਾਮਧਾਰੀ ਇਤਿਹਾਸ ਦਾ ਐਵੇਂ ਇੱਕ ਟੁੱਟਿਆ ਫੁੱਟਿਆ ਪੱਤਰਾ ਹੈ। ਕੋਈ ਗਲਤੀ ਮੇਰੇ ਕੋਲੋਂ ਹੋਈ ਹੋਵੇ ਗਲਬਾਤ ਕਹਿ ਨਹੀਂ ਸਕਦਾ ਕਿਉਂਕਿ ਇਹ ਮੈਂ ਨਹੀਂ ਪੂਰਾ ਦੱਸ ਸਕਦਾ—ਇਹ ਕਿਆ ਚੀਜ਼

ਹੈ, ਇਹ ਉਹ ਹੀ ਜਾਣਦੇ ਹਨ ਜਿਨ੍ਹਾਂ ਨੇ ਦੇਖੀ ਹੈ ਜਿਹੜੇ ਜਾਣਦੇ ਹਨ। ਹੁਣ ਨਿਤਨੇਮ ਦਾ ਵਕਤ ਹੈ। ਵਕਤ ਤਾਂ ਉੱਤੇ ਹੋ ਗਿਆ ਹੈ ਆਲਮ ਜੀ ਦਾ ਵੀ, ਦੀਵਾਨ ਦਾ ਟਾਈਮ ਹੈ ਮਗਰੋਂ ਸਾਨੂੰ ਪਤਾ ਹੀ ਕੋਈ ਨਹੀਂ ਰਹਿ ਗਿਆ ਕਰਦੇ-ਕਰਦੇ ਇੱਧਰ ਚਲੇ ਗਏ ਹਾਂ ਤੇ ਏਨੀ ਕਿਰਪਾ ਗੁਰੂ ਨੇ ਕੀਤੀ ਕਿ ਮੈਂ ਕੱਲ ਅਰਜ਼ ਕੀਤੀ ਸੀ, ਪਰਸੋਂ ਵੀ ਕੀਤੀ ਸੀ ਕਿ ਉਹ ਸਿੱਖਾਂ ਦਾ ਇਤਿਹਸ ਟੁੱਟਾ-ਫੁੱਟਾ ਸਾਧ—ਸੰਗਤ ਦੀ ਸੇਵਾ ਵਿੱਚ ਪੇਸ਼ ਕਰ ਸਕਿਆ ਹਾਂ—ਕੀਤਾ ਹੈ।

ਹੁਣ ਅਰਦਾਸ ਹੋਕੇ ਨਿਤਨੇਮ ਹੋਵੇਗਾ ਫਿਰ ਆਲਮ ਜੀ ਦਾ ਕੀਰਤਨ ਹੋਵੇਗਾ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਜਿਹੜਾ ਜੱਥਾ ਆਇਆ ਹੋਇਆ ਹੈ—ਵਾਰਾ ਲਗੇਗਾ, ਇਹ ਨਹੀਂ ਪਤਾ ਭੋਗ ਕਿਹੜੇ ਵੇਲੇ ਪਵੇ—ਭਾਵੇਂ ਸੂਰਜ ਚੜ੍ਹਦੇ ਨੂੰ ਪੈ ਜਾਵੇ, ਭਾਵੇਂ ਪਹਿਰ ਦਿਨ ਵੀ ਚੜ੍ਹ ਜਾਵੇ। ਸਾਧ—ਸੰਗਤ ਕਿਰਪਾ ਕਰਕੇ, ਹੱਥ ਜੋੜਕੇ ਅਰਜ਼ ਹੈ, ਇਹ ਰੋਜ਼ ਵਕਤ ਨਹੀਂ ਆਉਂਦੇ—'ਨਦੀ ਨਾਵ ਸੰਜੋਗੀ ਮੇਲਾ' ਏ—ਕੋਈ ਪਤਾ ਨਹੀਂ ਕੀਹਨੇ ਰਹਿਣਾ ਹੈ, ਕੱਲ ਨੂੰ ਕੀਹਦੇ ਘਰ ਕੀ ਹੋਵੇਗਾ —ਪਰਸੋਂ ਨੂੰ ਕੀ ਹੋਵੇਗਾ। ਸਾਧ-ਸੰਗਤ ਜਾਣਕੇ—ਇਹ ਨਾਮਧਾਰੀ ਸਾਧ-ਸੰਗਤ ਬੈਂਕੋਕ—ਇਹ ਜਿਹੜਾ ਇਹਨਾਂ ਨੇ ਮਾੜਾ ਮੋਟਾ ਕੁਛ ਕੀਤਾ ਹੋਇਆ ਹੈ—ਸਾਧ-ਸੰਗਤ ਸਾਰੀ, ਕੁੱਲ ਸੱਜਣ—ਮਾਈ-ਭਾਈ, ਇੱਥੇ ਇਸ ਗੱਲ ਦਾ ਵਿਤਕਰਾ ਨਹੀਂ ਕਿ ਕੌਣ ਆਵੇ ਕੌਣ ਨਾ ਆਵੇ। ਸਾਧ-ਸੰਗਤ ਅੱਗੇ ਅਰਜ਼ ਬੇਨਤੀ ਹੈ ਸਵੇਰੇ ਦਰਸ਼ਨ ਮੇਲਾ ਆਸਾ ਦੀ ਵਾਰ ਵਿੱਚ ਦੇਣਾ। ਹੁਣ ਰਾਤ ਨੂੰ ਆਲਮ ਜੀ ਕੀਰਤਨ ਕਰਨਗੇ—ਜਿੰਨਾ ਚਿਰ ਤੁਸੀਂ ਸੁਣੋਗੇ, ਜਿੰਨਾਂ ਚਿਰ ਉਨਾਂ ਦਾ ਚਿਤ ਕਰੇਗਾ। ਮੈਂ ਸਮਾਂ ਨਹੀਂ ਦੱਸ ਸਕਦਾ।

ਹੁਣ ਇਹ ਜ਼ਰੂਰ ਹੈ ਬਈ ਆਹ ਘੰਟਾ ਕੈਦ ਹੈ, ਸਾਡਾ ਦਿਲ ਪਿਆਰ ਨਾਲ ਪੂਰਾ ਨਹੀਂ ਕਰਦਾ ਪਰ ਫਿਰ ਵੀ ਸ਼ੁਕਰ ਹੈ ਕਿਉਂਕਿ ਕਿਸੇ ਤਰ੍ਹਾਂ ਵੀ ਇਹੀ ਚੀਜ਼ ਮਿਲੇ, ਜਿਸ ਤਰ੍ਹਾਂ ਵੀ ਮਿਲੇ। ਉਸ ਨੇ ਪੁੱਤਰ ਜਾਣਕੇ-

**ਪੁਤ੍ਰ ਹੇਤਿ ਨਾਰਾਇਣੁ ਕਹਿਓ**
**ਜਮ ਕੰਕਰ ਮਾਰਿ ਬਿਦਾਰੇ।।**

*–ਮਾਰੂ ਮ:੫, ਪੰਨਾ–੯੯੯*

ਬਾਲਮੀਕ ਜਿਨ੍ਹਾਂ ਨੇ ਨਾਮ ਲਇਆ ਸੀ—ਅਜਾਮਲ ਨੇ, ਗਨਿਕਾ ਤੋਤੇ ਨੂੰ ਖੇਡ ਕਰਕੇ ਪੜ੍ਹਾਉਂਦੀ ਸੀ। ਫਿਰ ਵੀ ਇਹ ਰਾਮ ਦਾ ਨਾਮ ਹੈ, ਇਹ ਸਤਿਗੁਰੂ ਦਾ ਨਾਮ ਹੈ—ਇਹ ਪਵਿੱਤਰ ਕਰਨ ਵਾਲਾ ਹੈ। ਭਾਈ, ਜਿਹੜੇ ਜਪਣਗੇ, ਜਿਹੜੇ ਕਰਨਗੇ, ਗੁਰੂ ਜੀ ਕਹਿੰਦੇ ਹਨ–

**ਪਛੋਤਾਵਾ ਨਾ ਮਿਲੈ ਜਬ ਚੂਕੈਗੀ[੬੦] ਸਾਰੀ।।**
**ਤਾ ਫਿਰਿ ਪਿਅਰਾ ਰਾਵੀਐ[੬੧] ਜਬ ਆਵੈਗੀ ਵਾਰੀ[੬੨]।।**

*–ਤਿਲੰਗ ਮ:੫, ਪੰਨਾ–੭੨੫*

ਜੇ ਮਨੁੱਖਾ ਦੇਹ ਨਾ ਰਹੀ, ਇਹ ਜਨਮ ਫੇਰ ਮੁੜਕੇ ਕਦੇ ਚੁਰਾਸੀ ਲੱਖ ਜੂਨ ਵਿੱਚ ਪਤਾ ਨਹੀਂ ਕਿੰਨੇ ਕਰੋੜ, ਕਿੰਨੇ ਹਜ਼ਾਰਾਂ ਬਰਸਾਂ ਕਿਉਂਕਿ ਜਦੋਂ ਪੱਥਰ ਦੀ ਜੂਨ ਵਿੱਚ ਆਵੇ, ਪਤਾ ਨਹੀਂ ਉਹਨੇ ਕਿੰਨਾ ਚਿਰ ਰਹਿਣਾ ਹੈ। ਕੋਈ–ਕੋਈ ਦਰੱਖਤ ਐਸੇ ਨੇ ਜਿਨ੍ਹਾਂ ਦਾ ਸਾਨੂੰ ਪਤਾ ਹੀ ਨਹੀਂ ਕਿੰਨੇ ਚਿਰ ਦੇ ਖਲੋਤੇ ਹਨ—ਕਦੋਂ ਤਕ ਹਨ। ਨਾ ਹਿੰਦੂ– –ਨਾ ਮੁਸਲਮਾਨ—ਨਾ ਇਸਾਈ ਇਸ ਗੱਲ ਨਾਲ ਤਅੱਲਕ ਨਹੀਂ।

– **ਜੋ ਜੋ ਜਪੈ ਤਿਸਕੀ ਗਤਿ ਹੋਇ।।**

*–ਗਉੜੀ ਮ:੫, ਪੰਨਾ–੨੭੪*

– **ਜੋ ਪ੍ਰਾਣੀ ਗੋਵਿੰਦੁ ਧਿਆਵੈ।।**
**ਪੜਿਆ ਅਣਪੜਿਆ ਪਰਮ ਗਤਿ[੬੩] ਪਾਵੈ।।**

*–ਗਉੜੀ ਮ:੫, ਪੰਨਾ–੧੯੭*

ਸਤਿਗੁਰੂ ਜੀ ਦੇ ਅੱਗੇ ਅਰਦਾਸ ਕਰਿਆ ਕਰੋ, ਨਾਮ ਜਪੋ—ਬਾਣੀ ਪੜ੍ਹੋ, ਚੰਗੀ ਕਿਰਤ ਕਾਰ ਕਰੋ—ਸ਼ੁਭ ਕੰਮ ਕਰੋ ਤਾਂ ਕਿ ਅਸੀਂ ਦਰਗਾਹ ਵਿੱਚ ਸੁਰਖਰੂ ਹੋ ਕੇ ਜਾਈਏ। ਜਿਹੜੇ ਨਾਮ ਜਪਣ ਵਾਲੇ ਹਨ—ਸਤਿਗੁਰਾਂ ਦੇ ਦਰਸ਼ਨ ਹੁੰਦੇ ਹਨ ਸਿੱਖਾਂ ਨੂੰ—ਉਹਨਾਂ ਨੂੰ ਹੁਕਮ

ਮਿਲਦਾ ਹੈ, ਬਈ ਜਿਹੜੇ ਨਾਮ ਜਪਣਗੇ—ਉਹਨਾ ਦੀ ਰੱਖਿਆ ਹੋਵੇਗੀ, ਜਿਹੜੇ ਨਾ ਜਪਣਗੇ ਭਾਵੇਂ ਕੂਕੇ ਸਿੱਧੀਆਂ ਪੱਗਾਂ ਬੰਨਕੇ ਕਿਡੇ ਆਕੜੇ ਫਿਰਨ, ਜਿਹੜੇ ਨਹੀਂ ਜਪਣਗੇ ਉਹਨਾਂ ਦੀ ਰੱਖਿਆ ਨਹੀਂ ਹੋਣੀ ਕਿਉਂਕਿ ਰੱਖਿਆ—ਉਹਨੇ ਤਾਂ ਇੱਕ ਚੀਜ਼ ਦਿੱਤੀ ਹੈ—ਜਿਹਦੇ ਕੋਲ ਟਿਕਟ ਹੈ ਉਹ ਹੀ ਅੱਗੇ ਲੰਘ ਕੇ ਗੱਡੀ ਤੇ ਚੜ੍ਹ ਸਕਦਾ ਹੈ, ਜਿਹੜੇ ਨਾਮ ਨਾ ਜਪਣਗੇ ਉਹ ਪਛਤਾਉਣਗੇ—ਫਿਰ ਨਹੀਂ ਕੋਈ ਚੀਜ਼ ਮਿਲਦੀ। ਕਬੀਰ ਜੀ ਕਹਿੰਦੇ ਹਨ-

**ਜੋ ਕਿਛੁ ਕਰਹਿ ਸੋਈ ਅਬਸਾਰੁ**[੬੪]**।।**
**ਫਿਰਿ ਪਛੁਤਾਹੁ ਨ ਪਾਵਹੁ ਪਾਰੁ।।**

*-ਭੈਰਵੁ ਕਬੀਰ ਜੀ, ਪੰਨਾ-੧੧੫੯*

ਤਾਂ ਤੇ ਰਲ ਮਿਲਕੇ-

**ਆਵਹੁ ਭੈਣੇ**[੬੫] **ਗਲਿ ਮਿਲਹ ਅੰਕਿ**[੬੬] **ਸਹੇਲੜੀਆਹ।।**
**ਮਿਲਿਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।।**

*-ਸਿਰੀ ਰਾਗ ਮ:੧, ਪੰਨਾ-੧੭*

ਰਲ ਕੇ, ਮਿਲ ਕੇ, ਬੈਠ ਕੇ ਸਤਿਗੁਰੂ ਦਾ ਜਸ ਗਾਉ—ਸੁਣੋ—ਨਾਮ ਜਪੋ ਔਰ ਇਹੋ ਹੀ ਚੀਜ਼ ਕਲਜੁਗ ਦੇ ਵਿੱਚ ਹੈ-

*ਕਲਜੁਗ ਕੀਰਤਨ ਨਾਮ ਆਧਾਰ।*

ਸੰਸਕ੍ਰਿਤ ਦੇ ਸਲੋਕਾਂ ਵਿੱਚ ਵੀ, ਇੱਕ ਵਿੱਚ ਲਿਖਿਆ ਹੈ-

*ਨਾਮ ਮਮ ਜੀਵਨੰ ਮਮ ਜੀਵਨੰ।*

-ਅਨਯਥਾ ਕੋਈ ਚੀਜ਼ ਹੋਰ ਨਹੀਂ—ਕਲਯੁਗ ਵਿੱਚ ਜਿਹਦੇ ਨਾਲ ਪੁਰਸ਼ ਦੀ ਗਤਿ ਹੋਵੇ। ਭਾਈ ਸੱਜਣੋਂ, ਖਿਮਾਂ ਕਰਨੀ ਕੋਈ ਬਚਨ ਬਿਲਾਸ ਵੱਧ ਘੱਟ ਕਿਸੇ ਨੂੰ ਲੱਗਿਆ ਹੋਵੇ। ਮੈਂ ਆਪਣੀ ਤਾਂ ਕੋਸ਼ਿਸ਼ ਕੀਤੀ ਹੈ ਜਿਹੜਾ ਮੈਂ ਸੱਚ ਕਿਹਾ ਹੈ—ਇਸਦਾ ਮੈਨੂੰ ਕੋਈ ਦੁੱਖ ਨਹੀਂ ਪਰ ਜੇ ਕਿਸੇ ਨੂੰ ਦੁੱਖ ਲੱਗੇ ਕਿਰਪਾ ਕਰਨੀ ਖਿਮਾਂ ਕਰਨੀ।

ਸਾਧ-ਸੰਗਤ ਅੱਗੇ, ਨਾਮਧਾਰੀਆਂ ਸੱਜਣਾਂ ਅੱਗੇ ਖਾਸ ਕਰਕੇ ਬੇਨਤੀ ਹੈ ਕਿ ਅੱਜ ਵੀ ਅਸੀ ਇਹ ਗੱਲ ਕੀਤੀ ਸੀ ਕਿ ਸਾਡਾ ਇਹ ਨਿਯਮ

ਹੁੰਦਾ ਹੈ ਕਿ ਦੀਵਾਨਾਂ ਵਿੱਚ, ਹੋਲਿਆਂ—ਮਹੱਲਿਆਂ ਵਿੱਚ, ਸਵੇਰੇ ੪ ਵਜੇ—ਸਾਢੇ ੪ ਵਜੇ, ੫ ਵਜੇ, ਜਿਹੋ ਜਿਹਾ ਵਕਤ ਹੋਵੇ, ਉਸ ਵੇਲੇ ਕੋਈ ੨ ਘੰਟੇ ਦਰਵਾਜੇ ਬੰਦ ਕਰ ਦਿੰਦੇ ਹਾਂ ਤਾਂ ਕਿ ਕੋਈ ਆਵੇ ਜਾਵੇ ਨਾ—ਉਨਾ ਚਿਰ ਕੀਰਤਨ ਸੁਣੀਏ। ਜਿਹੜੇ ਬੈਠ ਕੇ ਭਜਨ ਕਰਨ ਉਹ ਵੀ ਆਨੰਦ ਲੈਣ, ਹਰਕਤ ਬੰਦ ਹੋਵੇ। ਜਿਹੜੇ ਦੂਸਰੇ ਸੱਜਣ ਹਨ––ਨਾਮਧਾਰੀਆਂ ਤੋਂ ਬਿਨਾਂ—ਉਨ੍ਹਾਂ ਵਾਸਤੇ ਸਾਡੀ ਕੋਈ ਰੁਕਾਵਟ ਨਹੀਂ, ਪਰ ਮੇਰੀ ਇਹ ਮਰਜ਼ੀ ਹੈ ਕਿ ਪ੍ਰਬੰਧਕਾਂ ਨੂੰ ਇੱਕ ਚੀਜ਼ ਚਾਹੀਦੀ ਹੈ ਕਿ ਇੱਕ ਪਾਸੇ ਉਨ੍ਹਾਂ ਵਾਸਤੇ ਜਗਾ ਬਣਾ ਛੱਡਣ, ਜਿਹੜੇ ਆਉਣ ਬੈਠਦੇ ਜਾਣ। ਨਾਮਧਾਰੀਆਂ ਅੱਗੇ ਅਰਜ਼ ਬੇਨਤੀ ਹੈ ਕਿ ਪੰਜ ਵਜੇ ਤਕ ਜਿਹੜਾ ਨਾਮਧਾਰੀ ਮਾਈ—ਭਾਈ ਨਾ ਆਏ, ਉਹਨੂੰ ਅੰਦਰ ਨਹੀਂ ਪੰਡਾਲ ਵਿੱਚ ਆਉਣ ਨੂੰ ਜਗ੍ਹਾ ਮਿਲੇਗੀ। ਇਸ਼ਨਾਨ ਕਰਕੇ ਕਿਰਪਾ ਕਰਕੇ, ਦਰਸ਼ਣ ਦੇਣੇ ਸਾਰਿਆਂ ਨੇ। ਰਾਤ ਅਸੀਂ ਕਹਿ ਨਹੀਂ ਸਾਂ ਸਕੇ ਪਰ ਸਵੇਰੇ ਰੋਕ ਕੀਤੀ ਸੀ। ਦੂਸਰੇ ਸੱਜਣਾਂ ਵਾਸਤੇ ਸਾਡੀ ਰੁਕਾਵਟ ਕੋਈ ਨਹੀਂ, ਉਹਨਾਂ ਦੀ ਜਦੋਂ ਮਰਜ਼ੀ ਆ ਜਾਣ, ਇੱਕ ਪਾਸੇ ਚੁੱਪ ਕਰਕੇ ਬੈਠਦੇ ਜਾਣ, ਉਨਾਂ ਚਿਰ ਸੱਤ ਵਜੇ ਤਕ ਹਿਲਜੁਲ ਨਾ ਹੋਵੇ ਫਿਰ ਜੋ ਮਰਜ਼ੀ ਪਿਆ ਹੋਵੇ।

ਉਹਦੀ ਬਾਬਤ ਨਹੀਂ ਕਹਿੰਦੇ ਕਿਉਂਕਿ ਇਹ ਇੱਕ ਚੀਜ਼ ਹੈ, ਜਿਤਨੇ ਲੀਡਰ ਸਿੰਘ ਸਭਾ ਦੇ—ਅਕਾਲੀ ਵੀ ਭੈਣੀ ਸਾਹਿਬ ਜਦੋਂ ਗਏ —ਜਦੋਂ ਉੱਥੇ ਜਾ ਕੇ ਅਸੀਂ ਸਰਬ ਸੰਪਰਦਾਇ ਕਾਨਫਰੰਸ ਕੀਤੀ ਹੈ —ਉੱਥੇ ਜਦੋਂ ਜਾਕੇ ਅਸੀਂ ਚਾਰ ਵਜੇ ਦਰਵਾਜ਼ੇ ਬੰਦ ਕਰ ਦਿੱਤੇ ਸਨ ਜਿਹੜੇ ਸੱਜਣ ਆਉਣ ਵਾਲੇ ਸਨ—ਅੰਦਰ ਦੂਜੇ ਵੀ ਆ ਗਏ ਸੀ, ਪਰ ਏਥੇ ਅਸੀਂ ਦੂਸਰਿਆਂ ਉੱਤੇ ਰੋਕ ਨਹੀਂ ਲਾਉਂਦੇ। ਓਦਣ ਉਹਨਾਂ ਉੱਤੇ ਵੀ ਲੱਗੀ ਹੋਈ ਸੀ—ਸਰਦਾਰ ਸੁੰਦਰ ਸਿੰਘ ਮਜੀਠੀਏ ਜੈਸੇ ਸੱਜਣ, ਮਾਸਟਰ ਤਾਰਾ ਸਿੰਘ ਜੀ ਜੈਸੇ, ਗਿਆਨੀ ਸ਼ੇਰ ਸਿੰਘ ਜੀ ਜੈਸੇ ਵੀ ਓਦਣ ਚਾਰ ਵਜੇ ਨੂੰ ਆ ਪਹੁੰਚੇ ਸੀ। ਔਰ ਇਹ ਇੱਕ ਗੱਲ ਹੈ ਕਿ ਗੁਰੂ ਨਾਨਕ ਨੇ—ਗੁਰੂ ਅਰਜਨ ਦੇਵ ਜੀ ਨੇ, ਕੀਰਤਨ ਦਾ ਇੱਕ ਵਕਤ

ਰੱਖਿਆ ਹੈ ਜਿੰਨਾਂ ਚਿਰ ਹਿਲਜੁਲ ਨਾ ਹੋਵੇ, ਉਨਾਂ ਚਿਰ ਕੀਰਤਨ ਦਾ ਆਨੰਦ ਆਉਂਦਾ ਹੈ, ਜਦੋਂ ਹਿਲਜੁਲ ਹੋਵੇ ਫਿਰ ਆਸਾ ਦੀ ਵਾਰ ਦਾ ਸਵਾਦ ਨਹੀਂ। ਪੁਰਾਣਿਆਂ ਸਾਧੂਆਂ ਦੀ ਜਦੋਂ ਗਲਾਂ ਸੁਣੀਏ, ਜਦੋਂ ਅੰਦਰ ਕੀਰਤਨ ਕਰਦੇ ਸੀ ਤੇ ਜਿੱਥੋਂ ਦੀ ਚਾਨਣ ਪੈਂਦਾ ਹੈ, ਉਹਦੀਆਂ ਝੀਥਾਂ ਵਿੱਚ ਰੂੰ ਦੇ ਦਿੰਦੇ ਸੀ, ਬਾਹਰਲਾ ਪਾਸਾ ਪਤਾ ਨਾ ਲੱਗੇ, ਸਾਡੀ ਬਿਰਤੀ ਨਾ ਉਖੜੇ। ਕਿਰਪਾ ਕਰਕੇ ਸਾਧ–ਸੰਗਤ ਵੇਲੇ ਨਾਲ ਦਰਸ਼ਨ ਦੇਵੇ ਜਿਹੜੇ ਦੂਸਰੇ ਸੱਜਣ ਆਉਣ ਇੱਕ ਪਾਸੇ ਜਗ੍ਹਾ ਬਣ ਜਾਊ ਉੱਥੇ ਆ ਕੇ ਬੇਸ਼ਕ ਬੈਠਦੇ ਜਾਣ, ਕੋਈ ਰੁਕਾਵਟ ਨਹੀਂ–ਕਿਸੇ ਵਾਸਤੇ ਕਿਉਂਕਿ ਇਹ ਤਾਂ ਗੁਰੂ ਕਾ ਘਰ ਹੈ–ਦੀਵਾਨ ਗੁਰੂ ਕਾ ਹੈ–ਘੱਟ ਕਿਹੜੀ ਚੀਜ਼ ਹੈ–ਬਾਣੀ ਗੁਰੂ ਕੀ ਹੈ। ਇਹ ਜ਼ਰੂਰ ਹੈ ਜਿਹਨਾਂ ਤੋਂ ਉਹ ਪੜ੍ਹਾਵੇਗਾ ਉਹ ਪੜ੍ਹ ਲੈਣਗੇ। ਸਵੇਰੇ ਕਿਰਪਾ ਕਰਕੇ ਸਾਧ ਸੰਗਤ ਦਰਸ਼ਨ ਦੇਵੇ। ਇਹ ਸਲਾਨਾ ਜੋੜ ਮੇਲਾ ਹੈ–ਹੋਲੇ ਦਾ ਕੱਲ ਦਾ ਦਿਨ ਇਹ ਮੇਲਾ ਹੈ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥**
**ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣ ਤਾਸ॥**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ॥**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ॥**
**ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ॥**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ॥**
**ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥੬੬॥**

*–ਪੰਨਾ–੨੬੧*

**– ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ॥**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ॥**

# ਟਿੱਪਣੀਆਂ

* ਅਜ਼ੀਜ਼ੁਦੀਨ—ਇਸਦਾ ਪਿਛੋਕਾ ਅਰਬ ਦਾ ਸੀ ਇਸ ਦੇ ਬਜ਼ੁਰਗ ਕੁਝ ਸਮਾਂ ਬੁਖਾਰੇ ਭੀ ਰਹੇ ਜਿਸ ਤੋਂ ਬੁਖਾਰੀ ਅੱਲ ਪਈ। ਅਜ਼ੀਜ਼ੁਦੀਨ ਦਾ ਬਾਪ ਇੱਕ ਫ਼ਕੀਰ ਦਾ ਸੇਵਕ ਹੋ ਗਿਆ ਸੀ ਜਿਸ ਤੋਂ ਆਪਣੇ ਨਾਮ ਨਾਲ ''ਫ਼ਕੀਰ'' ਉਪਾਧੀ ਜੋੜੀ, ਜੋ ਖ਼ਾਨਦਾਨ ਦਾ ਲਕਸ਼ ਹੀ ਹੋ ਗਿਆ।

ਅਜ਼ੀਜ਼ੁਦੀਨ ਲਾਹੌਰ ਦਾ ਇੱਕ ਪ੍ਰਸਿਧ ਹਕੀਮ ਹਾਕਿਮ ਰਾਇ ਤੋਂ ਤਬਾਬਤ (ਹਕੀਮ) ਦੇ ਗ੍ਰੰਥ ਪੜ੍ਹ ਕੇ ਚੰਗਾ ਹਕੀਮ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦਾ ਅਧਿਕਾਰ ਲਾਹੌਰ ਤੇ ਹੋਣ ਪੁਰ ਅਜ਼ੀਜ਼ੁਦੀਨ ਸ਼ਾਹੀ ਹਕੀਮ ਬਣਿਆ। ਇਹ ਵੱਡਾ ਚਤੁਰ ਮਿਲਨਸਾਰ ਜ਼ਮਾਨੇ ਦੀ ਢਾਲ ਨੂੰ ਜਾਣਨ ਵਾਲਾ ਸੀ। ਮਹਾਰਾਜਾ ਦੀ ਇਸ ਤੇ ਨਿੱਤ ਕ੍ਰਿਪਾ ਵਧਦੀ ਗਈ। ਨੌਕਰੀ ਅਤੇ ਇਨਾਮਾਂ ਤੋਂ ਵੱਖ ਇਸ ਨੇ ਸਮੇਂ-ਸਮੇਂ ਸਿਰ ਜਾਗੀਰ ਪ੍ਰਾਪਤ ਕੀਤੀ। ਮਹਾਰਾਜ ਇਸ ਤੋਂ ਰਿਆਸਤ ਦੇ ਕੰਮਾਂ ਵਿੱਚ ਬਹੁਤ ਸਲਾਹ ਲੈਂਦੇ ਅਰ ਕਈ ਵਾਰ ਆਪਣਾ ਦੂਤ ਥਾਪ ਕੇ ਗਵਰਨਰ ਜਨਰਲ ਪਾਸ ਭੇਜਦੇ ਅਤੇ ਜੋ ਪ੍ਰਸਿੱਧ ਅੰਗਰੇਜ਼ ਮਹਾਰਾਜਾ ਨੂੰ ਮਿਲਣ ਲਈ ਲਾਹੌਰ ਆਉਂਦੇ, ਇਹ ਉਨ੍ਹਾਂ ਦੀ ਖ਼ਾਤਿਰ ਤਵਾਜਾ ਲਈ ਲਾਹੌਰ ਦਰਬਾਰ ਵੱਲੋਂ ਹੋਇਆ ਕਰਦਾ ਸੀ। ਫ਼ਕੀਰ ਅਜ਼ੀਜ਼ੁਦੀਨ ਦਾ ਦੇਹਾਂਤ ਸੰਨ ੧੮੪੫ ਵਿੱਚ ਲਾਹੌਰ ਹੋਇਆ।

*–ਮਹਾਨਕੋਸ਼ ਪੰਨਾ–੧੧੨੨*

## ਸ਼ਬਦਾਰਥ

੧. ਮੜੀਆਂ ਦਾ ਭੂਤ।
੨. ਪ੍ਰਭੂ ਦੀ ਪ੍ਰਾਪਤੀ ਬਾਰੇ।
੩. ਕਮਲਾ ਹੋਇਆ ਹਾਂ।
੪. ਵਿਗੜਿਆ ਹਾਂ।
੫. ਹੋਰ ਕੋਈ ਭਾਵ ਮੈਂ ਵਿਗੜ ਗਿਆ ਹਾਂ, ਹੋਰ ਕੋਈ ਨਾ ਵਿਗੜੇ।
੬. ਜਪ ਤਪ ਦੀ ਮਿਹਨਤ (ਨਹੀਂ ਕਰਨੀ ਪੈਂਦੀ)।
੭. ਕਰਨ ਕਰਕੇ
੮. ਪ੍ਰੇਮਾ ਭਗਤੀ।
੯. ਵਿਚਾਰ ਕੇ।
੧੦. ਕਈ ਪ੍ਰਕਾਰ ਨਾਲ।
੧੧. ਖਰੂਦ, ਸ਼ਰਾਰਤਾਂ, ਖਰਾਬੀਆਂ, ਉਪੱਦਰ।
੧੨. ਸੇਵਾ, ਪੂਜਾ, ਆਦਰ, ਸਤਿਕਾਰ।
੧੩. ਹਵਨ।
੧੪. ਸੰਜਮ ਦਾ ਵਰਤੋਂ ਵਿਹਾਰ।
੧੫. ਦੋਸ਼, ਨੁਕਸ।
੧੬. ਖੁਸ਼ੀ ਹੁੰਦੀ ਹੈ।
੧੭. ਪੌਂਦਾ ਹੈ।
੧੮. ਹੋਰ।
੧੯. ਕ੍ਰਿਸ਼ਨ ਜੀ ਨੂੰ।
੨੦. ਰਾਤ।
੨੧. ਬਿਹਬਲ, ਬੇਚੈਨ ਹੋ ਕੇ।
੨੨. ਮੇਰਾ ਜੀਅੜਾ ਦੂਰ ਜਾਵੇਗਾ, ਮੈਂ ਮਰ ਜਾਵਾਂਗੀ।
੨੩. ਪੂਰਬ ਵਲੋਂ।
੨੪. ਪ੍ਰਤੱਖ ਹੋਇਆ, ਚੜ੍ਹ ਕੇ।
੨੫. ਪੂਰਾ ਚੰਦ, ਪੁੰਨਿਆ ਦਾ ਚੰਨ।
੨੬. ਬਹੁਤ ਹੀ, ਅਤਿਅੰਤ ਕਰਕੇ।
੨੭. ਤਪਾਉਂਦਾ ਹੈ, ਦੁਖਾਉਂਦਾ, ਸਤਾਉਂਦਾ ਹੈ।
੨੮. ਕਾਮਦੇਵ, ਇਸ਼ਕ।
੨੯. ਮੂੰਹ ਲਾਲ ਕਰਕੇ ਭਾਵ ਗੁੱਸੇ ਨਾਲ।
੩੦. ਤੁਹਾਡੇ ਆਏ ਬਿਨਾਂ, ਮੈਨੂੰ ਡਰਾਉਂਦਾ ਹੈ।
੩੧. ਹੇ ਸੁੰਦਰ ਨੈਣਾਂ ਵਾਲਿਆ ! ਹੇ ਕ੍ਰਿਸ਼ਨ ਜੀ !
੩੨. ਵਿਚਾਰ, ਏਤਰਾਜ, ਝਿਝਕ ਨਾ ਕਰਦੀ।
੩੩. ਚਿੱਠੀ ਪੜ੍ਹਦਿਆਂ ਸਾਰ।
੩੪. ਚਿੱਠੀ।
੩੫. ਛੇਤੀ ਚਲੇ ਆਓ।
੩੬. ਏਧਰ।
੩੭. ਦੁਆਰਕਾ।

੩੮. ਮੇਰੀ ਹਾਲਤ, ਮੇਰੀ ਵਿਥਿਆ।
੩੯. ਖੰਭ ਲਾ ਕੇ, ਉਡ ਕੇ ਭਾਵ ਬਹੁਤ ਛੇਤੀ ਆਉ।
੪੦. ਰਵੈਂ, ਜੰਗਲ 'ਚ ਰੰਵਦੀਆਂ ਸਾਂ, ਜਾਂਦੀਆਂ ਸਾਂ।
੪੧. ਉਸ ਵੇਲੇ।
੪੨. ਗਮ, ਸੋਗ, ਉਦਾਸੀਆਂ ਨੂੰ ਦੂਰ ਕਰਕੇ।
੪੩. ਲਾਲਚ, ਲੋਭ, ਮੋਹ।
੪੪. ਖਾਹਿਸ਼, ਇੱਛਾ, ਸਵੀਕਾਰ ਕਰਕੇ।
੪੫. ਹੋਲੀਆਂ ਦੀਆਂ ਰੰਗਰਲੀਆਂ।
੪੬. ਪ੍ਰੇਮ, ਮੋਹ, ਪਿਆਰ।
੪੭. ਸੁਹਾਗਣੀਆਂ, ਪਤੀਆਂ ਨਾਲ ਮਿਲੀਆਂ ਹੋਈਆਂ।
੪੮. ਹੋਲੀਆਂ ਦੀ ਸ਼ੋਭਾ ਕਰਕੇ ਮੈਂ ਨਹੀਂ ਵੇਖੀਆਂ।
੪੯. ਬਾਰ੍ਹਵੇਂ।
੫੦. ਜੰਗਲ ਦੇ ਪੰਛੀ, ਬਾਨ ਪ੍ਰਸਤ ।
੫੧. ਵਿਛੋੜਾ।
੫੨. ਮੇਰਾ ਦਿਲ।
੫੩. ਮਿੱਤਰ ਦਾ ਵਿਜੋਗ, ਵਿਛੋੜਾ।
੫੪. ਸੜ ਗਿਆ।
੫੫. ਅਨੰਦ।
੫੬. ਪ੍ਰਦੇਸ ਵਿੱਚ।
੫੭. ਦਿਨ ਰਾਤ।
੫੮. ਸੜਦੀਆਂ।
੫੯. ਰੜ ਭਾਈ ਹੀਰਾ ਸਿੰਘ ਜੀ ਦੀ ਭੂਆ ਸੀ।
੬੦. ਮਿਟ (ਪੁਜ ਜਾਏਗੀ)।
੬੧. ਮਿਲਾਪ।
੬੨. ਮਨੁਖਾ ਜਨਮ ਦੀ।
੬੩. ਮੁਕਤੀ।
੬੪. ਸਰੇਸ਼ਠ ਹੈ।
੬੫. ਸ਼ੇਖ ਬ੍ਰਹਮ (ਫਰੀਦ ਜੀ ਦੇ ਪੋਤਰੇ ਦੇ ਮਿਲਾਪ ਸਮੇ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਉਚਾਰਨ ਕੀਤਾ।
੬੬. ਹਿਰਦੇ (ਦਿਲ) ਦੀਆਂ ਭਾਵ ਪਿਆਰੀਆਂ।

# ਬੰਕੋਕ ੬-੩-੧੯੫੦

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।**
**– ਜਾਂਹੀ ਕੁਲ ਤੇ ਪਰਗਟ ਹੋਏ ਤਾਂਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*ਦੋਹਰਾ।।*

*ਸ੍ਰੀ ਗੁਰੂ ਅੰਗਦ ਪਦਮ ਪਦ ਬੰਦੋ ਦੋ ਕਰ ਨੇਮ।*
*ਅਖਰ ਰੂਪ ਅਖਰ ਰਚੇ ਇਤ ਸੁਖ ਆਖਰ ਖੇਮ।।੧।।*
*ਪਰੀਤ ਉਠੀ ਮਨ ਰਾਇ ਸਿੰਘ ਦੇਸ਼ ਮਾਲਵਾ ਛੋੜ।*
*ਸ੍ਰੀ ਅੰਮ੍ਰਿਤਸਰ ਜੀ ਗਇਓ ਵਿਦਿਯਾ ਕੀ ਕਰ ਲੋੜ।।੨।।*
*ਗੁਰ ਅੰਗਦ ਵਿਦਿਯਾ ਰਚੀ ਸਭ ਜਗ ਕੇ ਸੁਖ ਹੇਤ।*
*ਵਿਦਿਯਾਵਾਨ ਕੋ ਬੰਦਨਾ ਬਿਨ ਵਿਦਿਯਾ ਪਸੁ ਪ੍ਰੇਤ।।੩।।*

ਸੰਤ ਜੀ ਇੱਥੇ—ਪਹਿਲਾ ਅਧਿਆਇ ਅਕਾਲ ਪੁਰਖ ਦਾ ਮੰਗਲ, ਦੂਸਰਾ ਅਧਿਆਇ ਗੁਰੂ ਨਾਨਕ ਦਾ ਮੰਗਲ, ਤੀਸਰਾ ਅਧਿਆਇ ਆਰੰਭ ਜਿੱਥੋਂ ਹੁੰਦਾ ਹੈ ਇੱਥੇ ਗੁਰੂ ਅੰਗਦ ਦੇਵ ਦਾ ਮੰਗਲ ਕਰਦੇ ਹਨ।

*ਦੋਹਰਾ।।*

*ਸ੍ਰੀ ਗੁਰੂ ਅੰਗਦ ਪਦਮ ਪਦ,*

ਗੁਰੂ ਅੰਗਦ ਦੇਵ ਦੇ ਜਿਹੜੇ ਚਰਨ ਕੰਵਲ ਹਨ–

*ਬੰਦੋ ਦੋ ਕਰ ਨੇਮ।*

ਹੱਥ ਜੋੜ ਕਰਕੇ ਮੈਂ ਨਮਸਕਾਰ ਕਰਦਾ ਹਾਂ, ਰੋਜ਼ ਨਮਸਕਾਰ ਕਰਦਾ ਹਾਂ।

## ਗੁਰਮੁਖੀ ਵਿੱਦਿਆ

*ਅਖਰ ਰੂਪ ਅਖਰ ਰਚੇ ਇਤ ਸੁਖ ਆਖਰ ਖੇਮ।।੧।।*

ਜਿਨ੍ਹਾਂ ਨੇ ਨਾ ਖਰਨੇ ਵਾਲੇ ਅੱਖਰ ਰਚੇ, ਗੁਰਮੁਖੀ ਵਿੱਦਿਆ—

ਇੱਥੇ ਥੋੜੀ ਜਿਹੀ ਵਿਚਾਰ ਦੀ ਲੋੜ ਹੈ। ਸੰਤ ਜੀ ਨੇ ਲਿਖਿਆ ਹੈ ਪਰ ਮੈਨੂੰ ਜੋ ਕੁਝ ਸਾਧ ਸੰਗਤ ਕੋਲੋਂ ਪ੍ਰਾਪਤ ਹੋਇਆ ਹੈ—ਕੋਈ-ਕੋਈ ਚੀਜ਼ ਜਿਸ ਤਰ੍ਹਾਂ ਕਿਸੇ ਵੇਲੇ ਮੈਂ ਅੱਗੇ ਅਰਜ਼ ਕੀਤੀ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਬੱਕਰੇ ਨਹੀਂ ਮਾਰੇ—ਸਿੰਘਾਂ ਦੇ ਸਿਰ ਕਤਲ ਕੀਤੇ ਕਿਉਂਕਿ ਉਹ ਸਰਬ ਗੁਣ ਸੰਪਨ ਸਨ, ਉਨ੍ਹਾਂ ਨੇ ਤਿਆਰ ਜੋ ਅੰਮ੍ਰਿਤ ਕੀਤਾ ਜਿਹਦੇ ਨਾਲ ਨਾ ਮਰੇ—ਨਹੀਂ ਫਿਰ ਅੰਮ੍ਰਿਤ ਨਹੀਂ ਹੋ ਸਕਦਾ।

ਇਸੇ ਤਰ੍ਹਾਂ ਅੱਖਰਾਂ ਦੀ ਬਾਬਤ, ਬਹੁਤ ਸਾਰੇ ਸਰੀਰਾਂ ਦੇ ਦਿਲ ਵਿੱਚ ਖਿਆਲ ਹੈ ਕਿ ਗੁਰੂ ਅੰਗਦ ਦੇਵ ਨੇ ਰਚੇ, ਪਰ ਇਹਦੇ ਵੱਲ ਜੇ ਅਸੀਂ ਧਿਆਨ ਮਾਰਾਂਗੇ, ਉਥੋਂ ਹੀ ਸਾਨੂੰ ਇਹ ਚੀਜ਼ ਮਿਲੇਗੀ ਕਿ ਅੱਖਰ ਗੁਰੂ ਨਾਨਕ ਦੇਵ ਨੇ ਹੀ ਰਚੇ। ਜਿਸ ਵੇਲੇ—ਤੁਸੀਂ ਪੜ੍ਹੋ ਜਨਮ ਸਾਖੀ ਕਿ ਭਾਈ ਬਾਲਾ ਜੀ ਨੂੰ ਗੁਰੂ ਅੰਗਦ ਦੇਵ ਜੀ ਨੇ ਬੁਲਾਇਆ ਤੇ ਕਿਹਾ,''ਭਾਈ ਬਾਲਾ, ਸੁਣਾ ਗੁਰੂ ਨਾਨਕ ਦੀਆਂ ਸਾਖੀਆਂ।'' ਫਿਰ ਗੁਰੂ ਅੰਗਦ ਬਾਰ੍ਹਾਂ ਬਾਰ੍ਹਾਂ ਪਹਿਰ ਬੇਹੋਸ਼, ਦੋ-ਦੋ ਦਿਨ ਬੇਹੋਸ਼, ਤਿੰਨ-ਤਿੰਨ ਦਿਨ ਉਸ ਹਾਲਤ ਵਿੱਚ ਰਹਿੰਦੇ—ਸਮਾਧੀ ਲੱਗ ਜਾਂਦੀ।

ਫਿਰ ਕਹਿਣ ਲੱਗੇ,''ਬਈ ਕਿਸ ਤਰ੍ਹਾਂ ਹੁਣ ਬਾਣੀ ਰਚੀਏ।'' ਕਹਿੰਦੇ ਹਨ,''ਬਈ, ਕੋਈ ਉਹ ਆਦਮੀ ਸਾਨੂੰ ਮਿਲੇ, ਜਿਹੜਾ ਬਿਧਅਛਰੀ ਭੀ ਜਾਣਦਾ ਹੋਵੇ, ਗੁਰਮੁਖੀ ਵੀ ਜਾਣਦਾ ਹੋਵੇ।'' ਜੇ ਗੁਰੂ ਅੰਗਦ ਦੇਵ ਦੇ ਅੱਖਰ ਰਚੇ ਹੁੰਦੇ ਤਾਂ ਇਹ ਗੱਲ ਨਾ ਗੁਰੂ ਅੰਗਦ ਦੇਵ ਕਹਿੰਦੇ। ਫਿਰ ਭਾਈ ਪੈੜਾ ਮੋਖਾ ਸੁਲਤਾਨਪੁਰ ਵਿਚੋਂ ਮਿਲਿਆ ਜਿਹੜਾ ਬਿਧਅਛਰੀ ਵੀ ਜਾਣਦਾ ਸੀ, ਗੁਰਮੁਖੀ ਵੀ ਜਾਣਦਾ ਸੀ।

ਇਹ ਜਨਮ—ਸਾਖੀ ਦੇ ਅਰੰਭ ਵਿੱਚ ਲਿਖਿਆ ਹੋਇਆ ਹੈ—ਉਹ ਪਹਿਲਾਂ ਹੀ ਭਾਈ ਪੈੜਾ ਗੁਰਮੁਖੀ ਜਾਣਦਾ ਸੀ। ਤਾਂ, ਗੁਰੂ ਅੰਗਦ ਦੇਵ ਸ਼ੁਰੂ ਕਰਨ ਲੱਗੇ ਹਨ—ਆਰੰਭ। ਗੁਰੂ ਨਾਨਕ ਨੇ ਰਚੀ, ਇਹ ਜ਼ਰੂਰ ਗੱਲ ਹੈ ਕਿ ਗੁਰੂ ਨਾਨਕ ਦੇ ਵੇਲੇ ਪ੍ਰਚੱਲਤ ਨਹੀਂ ਹੋਈ, ਗੁਰਮੁਖੀ ਕੀਤੀ ਗੁਰੂ ਅੰਗਦ ਦੇਵ ਜੀ ਨੇ ਪ੍ਰਚੱਲਤ।

*ਪਰੀਤ ਉਠੀ ਮਨ ਰਾਇ ਸਿੰਘ ਦੇਸ਼ ਮਾਲਵਾ ਛੋੜ।*

ਭਾਈ ਰਾਇ ਸਿੰਘ ਜੀ ਇੱਕ ਸਿੱਖ ਸਤਿਗੁਰੂ ਦੇ ਜਿਹਨਾਂ ਦਾ ਪਿੰਡ —ਮੁਕਤਸਰ ਸਾਹਿਬ ਦੇ ਨਜ਼ਦੀਕ—ਮਦੀਹਰ ਨਾਮ ਗਾਉਂ ਦਾ, ਮਾਲਵੇ ਦੇ ਰਹਿਣ ਵਾਲੇ, ਚਿਤ ਵਿੱਚ ਪ੍ਰੀਤ ਹੋਈ, ਚਿਤ ਵਿੱਚ ਚਾਅ ਉੱਠਿਆ —ਮਾਲਵਾ ਦੇਸ਼ ਨੂੰ ਛੱਡਿਆ।

*ਸ੍ਰੀ ਅੰਮ੍ਰਿਤਸਸਰ ਜੀ ਗਇਓ ਵਿਦਿਆ ਕੀ ਕਰ ਲੋੜ।।੨।।*

ਅੰਮ੍ਰਿਤਸਰ ਜੀ ਪਹੁੰਚਦੇ ਹਨ—ਵਿੱਦਿਆ ਪੜ੍ਹਨ ਦੇ ਵਾਸਤੇ।

*ਗੁਰ ਅੰਗਦ ਵਿਦਿਆ ਰਚੀ ਸਭ ਜਗ ਕੇ ਸੁਖ ਹੇਤ।*

ਜਿਹੜੀ ਗੁਰਮੁਖੀ ਦਾ ਪ੍ਰਚਾਰ, ਗੁਰੂ ਅੰਗਦ ਦੇਵ ਨੇ ਸਾਰੇ ਜਗਤ ਦੇ ਸੁਖ ਵਾਸਤੇ ਕੀਤਾ।

## ਵਿੱਦਿਆ ਦੀ ਮਹੱਤਤਾ

*ਵਿਦਵਾਨ ਕੋ ਬੰਦਨਾ ਬਿਨ ਵਿਦਿਆ ਪਸੁ ਪ੍ਰੇਤ।।੩।।*

ਵਿਦਵਾਨ ਨੂੰ ਬੰਦਨਾ ਹੈ, ਬਿਨ੍ਹਾਂ ਵਿੱਦਿਆ ਤੋਂ ਪਸ਼ੂ ਔਰ ਪ੍ਰੇਤ ਦੀ ਤਰ੍ਹਾਂ ਪੁਰਸ਼ ਹੈ।

ਸਤਿਗੁਰਾਂ ਨੇ—ਸਤਿਗੁਰੂ ਰਾਮ ਸਿੰਘ ਨੇ ਹੁਕਮਨਾਮਿਆਂ ਆਪਣਿਆਂ ਵਿੱਚ ਲਿਖ ਕੇ ਭੇਜਿਆ,''ਭਾਈ, ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾਉਣੇ, ਹੋਸ਼ ਆਉਂਦੀ ਦੇ ਨਾਲ—ਬਾਣੀ ਵੀ ਜ਼ਰੂਰ ਕੰਠ ਕਰਾਉਣੀ––ਜੇ ਬਣ ਆਵੇ ਤਾਂ ਪੰਜ ਗ੍ਰੰਥ ਕੰਠ ਕਰਨੇ ਜ਼ਰੂਰ, ਨਹੀਂ ਤਾਂ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਸੁਖਮਨੀ, ਆਸਾ ਦੀ ਵਾਰ, ਜੇ ਇਸ ਤੋਂ ਵੀ ਰਹਿ ਜਾਏ ਤਾਂ ਜਪੁ, ਜਾਪ, ਰਹਿਰਾਸ, ਆਰਤੀ ਸੋਹਿਲਾ ਔਰ ਚੰਡੀ

ਦੀ ਵਾਰ, ਏਦੂੰ ਘੱਟ ਕੋਈ ਸਿੱਖ ਨਾ ਯਾਦ ਕਰੇ—ਬਾਣੀ ਕੰਠ।''

ਹੁਣ ਜੇ ਅਸੀਂ ਦੇਖਣ ਲੱਗੀਏ, ਸਾਨੂੰ ਇੱਥੇ ਵਕਤ ਨਹੀਂ ਮਿਲਿਆ, ਅਸੀਂ ਪਤਾ ਕਰੀਏ ਨਾਮਧਾਰੀਆਂ ਨੂੰ ਕਿੰਨੀ-ਕਿੰਨੀ ਬਾਣੀ ਕੰਠ ਹੈ, ਫਿਰ ਸਾਨੂੰ ਪਤਾ ਲੱਗ ਜਾਏ ਬਈ ਕਿੰਨਿਆਂ ਨੇ ਬਾਣੀ ਯਾਦ ਕੀਤੀ ਹੋਈ ਹੈ, ਸਤਿਗੁਰਾਂ ਦਾ ਹੁਕਮ ਮੰਨਿਆ ਹੋਇਆ ਹੈ। ਸਤਿਗੁਰੂ ਰਾਮ ਸਿੰਘ ਨੂੰ ਗੁਰੂ ਕਹਿਣ ਵਾਲਿਆਂ ਨੇ ਕਿੰਨਿਆਂ ਕੁ ਨੇ ਹੁਕਮ ਮੰਨਿਆ ਹੈ, ਕਿੰਨੀ ਕੁ ਬਾਣੀ ਯਾਦ ਕੀਤੀ ਹੈ। ਇਹ ਉਹਨਾਂ ਦਾ ਹੁਕਮ ਹੈ, ਬਾਣੀ ਕੰਠ ਵੀ ਕਰੋ ਔਰ ਚੌਥੇ ਪੰਜਵੇਂ ਦਿਨ ਪੁਸਤਕ ਤੋਂ ਵੀ ਪੜ੍ਹੋ ਤਾਂ ਕਿ ਅੱਖਰ, ਲਗ, ਕੰਨੇ ਵਿੱਚ ਫਰਕ ਨਾ ਆਵੇ—ਤੁਹਾਡੇ ਪੜ੍ਹਦਿਆਂ।

*ਕਬਿਤ।। ਦੌਰੇ ਭੂਖ ਅੰਨ ਸੇ, ਕਿ ਸਾਰ ਚੋਰ ਸੰਨ ਸੇ।*

ਸੰਤ ਜੀ ਹੁਣ ਦਸਦੇ ਹਨ ਕਿ ਜਿਸ ਤਰ੍ਹਾਂ ਅੰਨ ਨਾਲ ਭੁੱਖ ਦੌੜ ਜਾਂਦੀ ਹੈ, ਜਿਸ ਤਰ੍ਹਾਂ ਰੌਲਾ ਪੈ ਜਾਏ—ਸੰਨ ਲੱਗੀ ਤੋਂ—ਚੋਰ ਭੱਜ ਜਾਂਦਾ ਹੈ-

*ਕੇ ਜਿੰਨ ਜੰਨ ਮੰਨ ਸੇ ਗਰੀਬੀ ਜਿਵੇਂ ਧਨ ਸੇ।*

ਜਿੰਨ ਜਿਹੜੇ ਹਨ, ਜੰਨਾਂ ਦੇ ਮੰਨਣ ਤੋਂ, ਸਤਿਗੁਰੂ ਦੀ ਸਿੱਖਿਆ ਨੂੰ ਮੰਨਣ ਤੋਂ ਜਿਸ ਤਰ੍ਹਾਂ ਜਿੰਨ, ਭੂਤ, ਪ੍ਰੇਤ ਆਦਿਕ ਦੌੜ ਜਾਂਦੇ ਹਨ; ਜਿਸ ਤਰ੍ਹਾਂ ਗਰੀਬੀ ਧਨ ਤੋਂ ਚਲੀ ਜਾਂਦੀ ਹੈ-

*ਅਜਾ ਬਘਿਆਰ ਸੇ ਕਿ ਪਾਪੀ ਗੁਰ ਮਾਰ ਸੇ।*

ਬੱਕਰੀ ਜਿਸ ਤਰ੍ਹਾਂ ਬਘਿਆੜ ਤੋਂ ਡਰ ਕੇ ਭੱਜਦੀ ਹੈ, ਪਾਪੀ ਲੋਕ ਗੁਰੂ ਦੀ ਮਾਰ ਤੋਂ (ਭੱਜ) ਜਾਂਦੇ ਹਨ।

*ਕਿ ਬੁਧ ਪਰ ਦ੍ਵਾਰ ਮਾਰੇ ਸੂਰ ਕਾਇਰ ਰਨ ਸੇ।*

ਬੁੱਧੀ ਜਿਹੜੀ ਹੈ, ਉਹ ਪਰਾਏ ਦੁਆਰ ਜਦੋਂ ਮੰਗਣ ਜਾਕੇ—ਦੇਹ ਕਹੇ ਤੇ ਖੇਹ ਹੋਏ। ਜਦੋਂ ਕਿਸੇ ਦੇ ਦਰਵਾਜ਼ੇ ਤੇ ਮੰਗਣ ਜਾਂਦਾ ਹੈ, ਉਦੋਂ ਬੁੱਧੀ ਨਹੀਂ ਰਹਿੰਦੀ, ਜਦੋਂ ਆਞਾ ਹੋ ਕੇ ਕਿਸੇ ਦੇ ਬੂਹੇ ਤੇ ਜਾਂਦਾ ਹੈ ਫਿਰ ਬੁੱਧੀ ਨਹੀਂ ਰਹਿੰਦੀ ਤੇ ਕਾਇਰ ਜਿਸ ਤਰ੍ਹਾਂ ਭੱਜਦਾ ਹੈ ਸੂਰਮੇ ਦੇ ਪਾਸੋਂ।

*ਕਾਨ੍ਹ ਦਾਈ ਕੰਸ ਕੋ ਵ ਗੋਪੀ ਬ੍ਰਿਹ ਬੰਸ ਸੋ।*

ਕਾਨ੍ਹ ਜੀ ਤੋਂ ਜਿਸ ਤਰ੍ਹਾਂ ਪੂਤਨਾ ਔਰ ਕੰਸ ਡਰੇ, ਜਿਸ ਤਰ੍ਹਾਂ ਗੋਪੀਆਂ ਵਿਛੋੜੇ ਤੋਂ ਡਰਦੀਆਂ ਸਨ ਕਿ ਵਿਛੋੜਾ ਨਾ ਹੋਵੇ।

*ਪਤੰਗ ਦੀਵੇ ਅੰਸ ਤਮ ਜੋਤ ਨੈਨ ਚੰਨ ਸੋ।*

ਪਤੰਗ ਜਿਸ ਤਰ੍ਹਾਂ ਦੀਵੇ ਦੇ ਉੱਤੇ ਜਾ ਕੇ ਡਿੱਗ ਕੇ ਭੱਜਦਾ ਹੈ, ਨੈਨ ਜੋਤ ਚੰਨ ਸੋ—ਨੇਤਰਾਂ ਦੀ ਜੋਤ ਜਿਸ ਤਰ੍ਹਾਂ ਚੰਦਰਮਾ ਦੇ ਪਰਕਾਸ਼ ਹੋਣ ਤੋਂ ਦੌੜਦੀ ਹੈ, ਪਹਿਲਾਂ ਹਨੇਰੇ ਵਿੱਚ ਕੁਛ ਨਹੀਂ ਦਿਸਦਾ–

*ਐਸੇ ਵਿਦਿਆ ਕੇ ਬਲ ਟਰੇ ਸਭ ਕੱਲ ਮੱਲ।*

ਇਸੇ ਤਰ੍ਹਾਂ ਹੀ ਵਿੱਦਿਆ ਦੇ ਬਲ ਨਾਲ ਟਰ ਜਾਂਦੇ ਹਨ—ਪਾਪ ਸਾਰੇ–

*ਜਿਵੇਂ ਮੀਨ ਮਰੇ ਥਲ, ਜਵਾਹਾਂ ਵਸੈ ਘਨ ਸੈ।।੪।।*

ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਿਨਾਂ ਮਰ ਜਾਂਦੀ ਹੈ, ਇਸ ਤਰ੍ਹਾਂ ਵਿੱਦਿਆ ਦੇ ਬਲ ਨਾਲ ਪਾਪ ਦੂਰ ਹੁੰਦੇ ਹਨ। ਜਿਸ ਤਰ੍ਹਾਂ ਜਵਾਂ ਬੂਟੀ ਬਾਰਸ਼ ਹੋਈ ਤੋਂ ਮਰ ਜਾਂਦੀ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ–

*ਸਾਵਣਿ ਵਣ ਹਰੀਆਵਲੇ ਸੁਕੈ ਅਕੁ ਜਵਾਹਾ ਰੁਝੈ।*

*–ਵਾਰ ੩੦, ਪਉੜੀ–੧੧*

*ਦੋਹਰਾ।।ਵਿਦਿਆ ਪੜ ਵਿਚਾਰੀਐ ਜੌ ਲਗ ਪਰਾਣ ਸਰੀਰ।*

ਜਿਤਨਾ ਚਿਰ ਸਰੀਰ ਵਿੱਚ ਪ੍ਰਾਣ ਹਨ, ਵਿੱਦਿਆ ਨੂੰ ਓਨਾਂ ਚਿਰ ਹੀ ਪੜ੍ਹਕੇ ਵਿਚਾਰੀਏ।

*ਸਿੰਧ ਜਗਤ ਵਿਦਵਾਨ ਕੋ ਢਾਈ ਚੁਲੀਆਂ ਨੀਰ।।੫।।*

ਜਿਸ ਤਰ੍ਹਾਂ ਸਮੁੰਦਰ ਜੋ ਹੈ, ਜਗਤ ਰੂਪੀ ਜੋ ਸਮੁੰਦਰ ਹੈ—ਇਹ ਵਿਦਵਾਨ ਪੁਰਸ਼ ਨੂੰ ਜਿਸ ਤਰ੍ਹਾਂ ਅਗਸਤ ਮੁਨੀ ਨੇ ਢਾਈ ਚੁਲੀਆਂ ਕਰਕੇ ਪੀ ਲਿਆ ਸੀ—ਉਹਦੇ ਵਾਸਤੇ ਸਿੰਧ ਜਿਹੜਾ ਹੈ ਢਾਈ ਚੁਲੀਆਂ ਹੋ ਜਾਂਦਾ ਹੈ, ਉਸਦੇ ਵਾਸਤੇ ਕੋਈ ਰੁਕਾਵਟ ਨਹੀਂ ਆਉਂਦੀ, ਉਹ ਇਹਦੇ ਵਿੱਚ ਫਸਕੇ ਨਹੀਂ ਮਰਦਾ।

*ਸੋਰਠਾ।।ਵਿਦਿਆ ਬਿਨ ਅਹੰਕਾਰ ਮੈ ਬਲਿਹਾਰੀ ਤਾਹਿ ਜਨ।*

ਅੱਗੇ ਜਾ ਕੇ ਸੰਤ ਜੀ ਦੱਸਦੇ ਹਨ ਕਿ ਵਿਦਿਆ ਤਾਂ ਲੋਕਾਂ ਨੇ

ਬੜੀ ਪੜ੍ਹੀ, ਚਾਰ ਬੇਦ ਦੇ ਵਕਤੇ ਵੀ ਹੋਏ, ਪਰ ਸੰਤ ਜੀ ਨਾਲ ਕਹਿੰਦੇ ਹਨ, 'ਵਿਦਿਆ ਬਿਨ ਅਹੰਕਾਰ'। ਜਿਨ੍ਹਾਂ ਨੇ ਵਿੱਦਿਆ ਪੜ੍ਹ ਕੇ ਹੰਕਾਰ ਨਹੀਂ ਕੀਤਾ ਕਿ ਮੈਂ ਬੜਾ ਪੜ੍ਹਿਆ ਹੋਇਆ ਹਾਂ, ਮੈਂ ਬੜਾ ਗੁਣੀ ਹਾਂ, ਮੈਂ ਬੜਾ ਗਿਆਨੀ ਹਾਂ, ਮੈਂ ਇਤਨੇ ਗ੍ਰੰਥ ਪੜ੍ਹੇ ਹੋਏ ਹਨ, ਕਹਿੰਦੇ ਹਨ—ਵਿਦਿਆ ਬਿਨ ਅਹੰਕਾਰ ਮੈਂ ਬਲਿਹਾਰੀ ਤਾਹਿ ਜਨ—ਬਲਿਹਾਰੇ ਜਾਂਦੇ ਹਾਂ ਉਸ ਪੁਰਸ਼ ਦੇ ਜੋ ਵਿਦਵਾਨ ਹੋ ਕਰਕੇ ਹੰਕਾਰ ਨਹੀਂ ਕਰਦਾ। ਵਿੱਦਿਆ ਦਾ ਅਸਲੀ ਤੱਤ ਉਸੇ ਨੇ ਸਮਝਿਆ ਹੈ। ਜਿਤਨਾ ਚਿਰ ਹੰਕਾਰ ਹੈ—ਉਤਨਾ ਚਿਰ ਵਿੱਦਿਆ ਨਹੀਂ। ਵਿੱਦਿਆ ਚਾਨਣ ਹੈ, ਪ੍ਰਕਾਸ਼ ਹੈ। ਜਦੋਂ ਇਹ ਚਿਤ ਵਿੱਚ ਆਉਂਦਾ ਹੈ ਮੇਰੇ ਵਰਗਾ ਕੋਈ ਨਹੀ, ਫਿਰ ਵਿੱਦਿਆ ਨਹੀਂ ਰਹਿ ਜਾਂਦੀ।

*ਲਖੇ ਜੋ ਵਿਦਿਆ ਸਾਰ ਸੋ ਜਨ ਬ੍ਰਹਮ ਸਰੂਪ ਹੈ।।੬।।*

ਜੋ ਪੁਰਸ਼ ਵਿੱਦਿਆ ਦੇ ਸਾਰ ਨੂੰ ਸਮਝਦੇ ਹਨ—ਬੇਦ ਵਿੱਚੋਂ ਸਾਰ —ਪੁਰਾਣਾਂ ਵਿੱਚੋਂ ਸਾਰ, ਗ੍ਰੰਥਾਂ ਵਿੱਚੋਂ, ਕਿਤੋਂ ਵੀ ਜੋ ਲੈਂਦੇ ਹਨ, ਉਹ ਬ੍ਰਹਮ ਦਾ ਸਰੂਪ ਹੋ ਜਾਂਦੇ ਹਨ ਕਿਉਂਕਿ ਪੜ੍ਹ ਕਰਕੇ ਉਸਦਾ ਸਰੂਪ..., ਬ੍ਰਹਮ ਵਿੱਚ ਲੀਨ ਓਹ ਹੋ ਜਾਂਦੇ ਹਨ। ਵਿਦਵਾਨ ਨੂੰ ਦਿਸਦਾ ਹੈ ਕਿ ਮੇਰਾ ਕਰਤਾਰ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈ—ਸਾਰਾ ਕੁਛ ਉਸੇ ਦਾ ਹੀ ਰਚਿਆ ਹੋਇਆ ਹੈ—ਇੱਥੇ ਕੋਈ ਦੂਸਰਾ ਹੈ ਹੀ ਨਹੀਂ—ਉਹ ਸਾਰਿਆਂ ਵਿੱਚੋਂ ਉਸਦੇ ਸਰੂਪ ਨੂੰ ਦੇਖਦਾ ਹੈ ਕਿਉਂਕਿ ਬ੍ਰਹਮ ਵੀ ਸਾਰਿਆਂ ਨੂੰ—ਭਾਵੇਂ ਉਹਨੂੰ ਕੋਈ ਗਾਲ੍ਹਾਂ ਕੱਢੇ, ਭਾਵੇਂ ਕੋਈ ਲੋਕ ਨਹੀਂ ਮੰਨਦੇ ਨਾਸਤਕ ਹਨ, ਜਿਹੜੇ ਪਰਮੇਸ਼ਰ ਨੂੰ ਨਹੀਂ ਮੰਨਦੇ—ਉਨ੍ਹਾਂ ਨੂੰ ਵੀ ਦਿੰਦਾ ਹੈ। ਉਹ ਵੀ ਉਹਦੇ ਹੀ ਬਣਾਏ ਹੋਏ ਹਨ। ਅਖੀਰ ਦੇ ਵਕਤ ਆਲਮ ਜੀ ਨੇ ਦੱਸਿਆ ਸੀ ਕਿ ਵੱਡੀਆਂ ਵੱਡੀਆਂ ਥਿਊਰੀਆਂ ਅੰਗਰੇਜ਼ੀ ਵਾਲਿਆਂ ਨੇ ਘੜ ਕੇ ਵੱਡੇ-ਵੱਡੇ ਨਾਸਤਕਾਂ ਨੇ ਕਿ ਕੋਈ ਰੱਬ ਨਹੀਂ, ਜਦੋ ਮਰਨ ਲੱਗੇ, ਜਦੋਂ ਮੌਤ ਆਈ ਤਾਂ ਉਹਨਾਂ ਨੇ ਕਿਹਾ, ਕੋਲ ਬਹਾ ਕੇ ਲਿਖਾਇਆ ਕਿ ਮੇਰੀ ਜਿਹੜੀ ਮਰਜ਼ੀ ਸੀ ਉਹ ਨਹੀਂ ਪੂਰੀ ਹੁੰਦੀ—ਇਹ ਕੋਈ ਸ਼ਕਤੀ ਹੈ। ਉਹਨਾਂ ਨੂੰ ਵੀ ਪ੍ਰਮੇਸ਼ਰ ਨੂੰ ਮੰਨਣਾ

ਪਿਆ, ਨਾਸਤਕਤਾ ਵਾਲਿਆਂ ਨੂੰ ਭੀ ਪਰਮੇਸ਼ਵਰ ਨੂੰ ਮੰਨਣਾ ਪਿਆ ਤਾਂ ਬ੍ਰਹਮ ਦਾ ਸਰੂਪ ਉਹ ਹੋ ਜਾਂਦੇ ਹਨ ਜੋ ਵਿਦਵਾਨ ਹੋ ਜਾਂਦੇ ਹਨ।

## ਸਵਾਮੀ ਰਾਮ ਤੀਰਥ ਜੀ

*ਚੌਪਈ।। ਵਿਦਯਵਾਨ ਕੋ ਦੇਸ ਬਿਦੇਸ।*

ਫਿਰ ਵਿਦਵਾਨ ਵਾਸਤੇ ਦੇਸ਼ ਹੋਵੇ—ਬਿਦੇਸ਼ ਹੋਵੇ। ਮੈਂ ਇਹ ਗੱਲ ਸੁਣੀ ਹੈ, ਸਵਾਮੀ ਰਾਮ ਤੀਰਥ ਜੀ, ਸਾਨੂੰ ਪੰਜਾਬ ਨੂੰ ਬੜਾ ਭਾਰਾ ਫ਼ਖਰ ਹੈ—ਏਡੇ ਏਡੇ ਮਹਾਂਪੁਰਖ—ਏਡੇ ਏਡੇ ਉੱਚੇ, ਗੁਰੂ ਨਾਨਕ ਦੇਵ ਨੇ ਅਵਤਾਰ ਧਾਰਿਆ ਪੰਜਾਬ ਵਿੱਚ, ਉਸ ਤੋਂ ਅੱਗੇ ਸਤਿਗੁਰੂ ਰਾਮ ਸਿੰਘ ਤੱਕ, ਫਿਰ ਵੱਡੇ-ਵੱਡੇ ਸਾਧੂ, ਮਹਾਂਪੁਰਖ, ਸਵਾਮੀ ਰਾਮ ਤੀਰਥ ਜੀ ਜੈਸੇ, ਜਿਹੜੇ ਹਿਮਾਲਿਆ ਜਾ ਕੇ ਬੈਠ ਕੇ ਬੰਦਗੀ ਕਰਦਿਆਂ—ਕਰਦਿਆਂ ਜੇ ਸ਼ੇਰ ਆ ਗਿਆ ਤਾਂ ਆਖਿਆ,''ਤੂੰ ਵੀ ਮੇਰੇ ਪਿਆਰੇ ਦੀ ਬਣਾਈ ਇੱਕ ਚੀਜ਼ ਹੈਂ, ਜੱਫੀ ਪਾ ਲਈ।'' ਉਹ ਦੇਸ਼ ਵਿਦੇਸ਼ ਵੱਲ —ਧਿਆਨ ਦਿਓ। ਅਮਰੀਕਾ ਨੂੰ ਜਾ ਰਹੇ ਹਨ, ਰਸਤੇ ਵਿੱਚ—ਪੋਰਟ ਦਾ ਮੈਨੂੰ ਚੇਤਾ ਨਹੀਂ ਰਿਹਾ, ਬੜੀ ਦੇਰ ਹੋ ਗਈ ਮੈਂ ਇਹ ਗੱਲ ਸੁਣੀ ਹੈ—ਉਨ੍ਹਾਂ ਨੂੰ ਕਹਿਣ ਲੱਗੇ—ਇੱਥੋਂ ਅੱਗੇ ਉਹ ਆਦਮੀ ਜਾ ਸਕਦਾ ਹੈ, ਜਿਸ ਕੋਲ ਇਤਨਾ ਸਰਮਾਇਆ ਹੋਵੇ—ਪੈਸੇ ਹੋਣ। ਉਹਨਾਂ ਕਿਹਾ,''ਅੱਛਾ, ਤੁਸੀਂ ਸਾਡੀ ਬਾਬਤ ਐਲਾਨ ਕਰ ਦਿਓ, ਡੌਂਡੀ ਪਿਟਵਾ ਦਿਓ, ਕਿ ਇੱਕ ਸਾਧੂ ਆਇਆ ਹੋਇਆ ਹੈ—ਇੱਕ ਆਦਮੀ ਆਇਆ ਹੋਇਆ ਹੈ, ਉਹ ਇਤਨੇ ਵਜੇ ਫਲਾਣੀ ਜਗ੍ਹਾ ਲੈਕਚਰ ਕਰੇਗਾ।'' ਸਵਾਮੀ ਜੀ ਜਾ ਕੇ, ਜਿਸ ਵੇਲੇ ਉੱਥੇ ਜਾ ਕੇ ਖੜੇ ਹੋ ਕੇ ਬੋਲੇ, ਉਨ੍ਹਾਂ ਨੇ ਲੋਕਾਂ ਨੂੰ ਦੱਸਿਆ ਆਪਣਾ ਹਿਸਾਬ-ਕਿਤਾਬ ਕਿਉਂਕਿ ਉਹ ਰੂਹਾਨੀ ਤਾਕਤ ਵਾਲੇ ਪੁਰਸ਼ ਸੇ, ਉਹਨਾਂ ਕਿਹਾ,''ਸਾਡੇ ਕੋਲੋਂ ਇਤਨੀ ਜ਼ਮਾਨਤ ਮੰਗਦੇ ਹਨ।'' ਇੱਕ ਆਦਮੀ ਨੇ ਉਠਕੇ ਆਖਿਆ,''ਉਸ ਤੋਂ ਦਸ ਗੁਣੀ ਦੇਣ ਨੂੰ ਮੈਂ ਤਿਆਰ ਹਾਂ—ਇਹਨਾਂ ਦੀ ਜ਼ਮਾਨਤ, ਜਿਹੜੇ ਪੈਸੇ ਲੈਣੇ ਹਨ, ਮੇਰੇ ਪਾਸੋਂ ਲੈ ਲਓ।''

ਵਿਦਵਾਨ ਕੋ ਦੇਸ-ਬਿਦੇਸ, ਉਹਨੂੰ ਦੇਸ ਕਿਆ—ਪ੍ਰਦੇਸ ਕਿਆ।

*ਮਿਲਤੇ ਸੁਖ ਹਮੇਸ਼ ਵਿਸ਼ੇਸ਼।*

ਉਹਨਾਂ ਨੂੰ ਹਮੇਸ਼ਾਂ ਹੀ ਸੁਖ ਮਿਲਦੇ ਹਨ ਕਿਉਂਕਿ ਉਹ ਲਾਲਚੀ ਤਾਂ ਹੁੰਦੇ ਹੀ ਨਹੀਂ। ਉਹ ਪੈਸਿਆਂ ਦੀ ਝੋਲੀ ਭਰਨ ਵਾਸਤੇ ਕਿਤੇ ਨਹੀਂ ਜਾਂਦੇ, ਭੇਡਾਂ ਮੁੰਨਣ ਵਾਸਤੇ ਨਹੀਂ ਜਾਂਦੇ, ਲੋਕਾਂ ਨੂੰ ਸ਼ੁਭ ਉਪਦੇਸ਼ ਦੇਣ ਵਾਸਤੇ ਜਾਂਦੇ ਹਨ—ਭਾਈ ਲੋਕੋ, ਬੁਰੇ ਕੰਮ ਛੱਡ ਦਿਓ, ਚੰਗੇ ਰਸਤੇ ਲੱਗੋ, ਪਰਮੇਸ਼ਰ ਦੀ ਪ੍ਰਾਪਤੀ ਇਸ ਤਰ੍ਹਾਂ ਹੋ ਸਕਦੀ ਹੈ।

## ਵਿਦਵਾਨ ਕੀ ਦ੍ਰਿਸ਼ਟ ਉਚੇਰੀ

*ਬਿਨ ਵਿਦਿਆ ਕੇ ਦੇਸ ਕਲੇਸ।*

ਬਿਨਾਂ ਵਿੱਦਿਆ ਤੋਂ ਦੇਸ਼ ਵਿੱਚ ਹੀ ਲੋਕਾਂ ਨੂੰ ਕਲੇਸ਼ ਹੈ, ਬਥੇਰੇ ਮਾਰ ਖਾਂਦੇ ਤੁਰੇ ਫਿਰਦੇ ਹਨ, ਭੁੱਖੇ ਮਰਦੇ ਹਨ।

*ਰਾਂਡੀ ਜਿਵ ਸਦ ਮੈਲੇ ਵੇਸ॥੭॥*

ਜਿਸ ਤਰ੍ਹਾਂ ਰੰਡੀ ਔਰਤ ਸਦਾ ਮੈਲੇ ਵੇਸ ਵਿੱਚ ਰਹਿੰਦੀ ਹੈ।

*ਤੀਨ ਲੋਕ ਵਿਦਵਾਨੋ ਹੇਤ।*

ਤਿੰਨ ਲੋਕ ਵਿਦਵਾਨਾਂ ਵਾਸਤੇ ਹੀ, ਜਿਹੜੇ ਤਿੰਨੇ ਲੋਕ ਹਨ।

*ਏਕ ਅਖਾੜਾ ਪ੍ਰਭ ਰਚ ਦੇਤ।*

ਉਨ੍ਹਾਂ ਵਾਸਤੇ ਇੱਕ ਅਖਾੜਾ ਰਚਿਆ ਹੋਇਆ ਹੈ, ਖੇਡ ਬਣੀ ਹੋਈ ਹੈ—ਤਿੰਨੇ ਲੋਕ ਵਿਦਵਾਨਾ ਵਾਸਤੇ।

*ਕਹੇ ਰਾਮ ਜੋ ਦੂਰਹਿ ਦੂਰ।*

ਜਿਸ ਰਾਮ ਨੂੰ ਕੋਈ ਸਤਵੇਂ ਆਕਾਸ਼ ਤੇ ਮੰਨਦਾ ਹੈ, ਕੋਈ ਕਿਤੇ ਮੰਨਦਾ ਹੈ, ਕੋਈ ਕਿਤੇ ਦੂਰ ਤੋਂ ਦੂਰ ਮੰਨਦੇ ਹਨ।

*ਸੋ ਸਰੂਪ ਵਿਦਵਾਨ ਹਜੂਰ॥੮॥*

ਉਹ ਸਰੂਪ ਵਿਦਵਾਨ ਦੇ ਸਾਹਮਣੇ ਆ ਜਾਂਦਾ ਹੈ।

*ਜਲ ਤਰੰਗ ਕੋ ਭੇਦ ਵਧੇਰਾ।*

ਜਲ ਔਰ ਬੁਲਬੁਲੇ ਦਾ ਤਾਂ ਭੇਦ ਜ਼ਿਆਦਾ ਹੈ—ਤਰੰਗ ਦਾ ਤੇ ਜਲ ਦਾ।

*ਵਿਦਵਾਨ ਕੋ ਨੇਰਹੁ ਨੇਰਾ।*

ਵਿਦਾਵਨ ਨੂੰ ਉਸ ਤੋਂ ਨੇੜੇ ਹੈ—ਉਹ ਪ੍ਰਮਾਤਮਾ।

*ਸਿਧਿ ਰਿਧਿ ਜੇ ਚਾਰ ਪਦਾਰਥ।*

ਫਿਰ ਕਿਆ ਚੀਜ਼ ਹੈ ਰਿੱਧੀਆਂ-ਸਿੱਧੀਆਂ, ਚਾਰ ਪਦਾਰਥ ਮੰਨੇ ਹਨ—ਧਰਮ, ਅਰਥ—ਧਨ, ਕਾਮਨਾ ਕੋਈ, ਮੋਖ। ਇਹ ਜਿਹੜੇ ਚਾਰ ਪਦਾਰਥ ਹਨ-

**ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ।।**

*-ਬਿਲਾਵਲ ਮ:੫, ਪੰਨਾ-੮੧੬*

-ਸਤਿਗੁਰੂ ਦੇ ਦਰਵਾਜ਼ੇ ਤੇ ਜਿਹੜੇ ਪੁਰਸ਼ ਆਏ ਉਨ੍ਹਾਂ ਨੂੰ ਦੇਰ ਹੀ ਨਹੀਂ ਲੱਗੀ—ਮਿਲਣ ਲੱਗਿਆਂ।

*ਵਿਦਵਾਨ ਸਭ ਲਖੇ ਅਕਾਰਥ।।੯।।*

ਵਿਦਾਵਾਨ ਇਨ੍ਹਾਂ ਨੂੰ ਕੁਝ ਨਹੀਂ ਸਮਝਦਾ, ਕੋਈ ਆਖੇਗਾ ਮੁਕਤੀ ਨੂੰ ਵੀ ? ਜ਼ਰਾ ਪੜ੍ਹੋ ਗੁਰਬਾਣੀ, ਦੇਖੋ-

**ਕਈ ਬੈਕੁੰਠ ਨਾਹੀ ਲਵੈ[੧] ਲਾਗੇ[੨]।।**
**ਮੁਕਤਿ ਬਪੁੜੀ[੩] ਭੀ ਗਿਆਨੀ ਤਿਆਗੇ।।**

*-ਪੰਨਾ-੧੦੭੮*

ਮੁਕਤ ਨੂੰ—ਉਹ ਵਿਚਾਰੀ ਕਹਿੰਦੇ ਹਨ—ਕਿਆ ਚੀਜ਼ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ ਰਿੱਧੀਆਂ ਸਿੱਧੀਆਂ ਬਾਬਤ-

**ਨਾਟਕ[੪] ਚੇਟਕ[੫] ਕੀਏ ਕੁਕਾਜਾ।।**
**ਪ੍ਰਭ ਲੋਗਨ[੬] ਕਹ ਆਵਤ ਲਾਜਾ।।**

*-ਦਸਮ ਗ੍ਰੰਥ, ਪੰਨਾ-੫੪*

ਇਹ ਜਿਹੜੇ ਕਿਸੇ ਨੂੰ ਪੁੱਤਰ ਦੇ ਦਿੱਤਾ—ਕਿਸੇ ਨੂੰ ਧਨ ਦੇ ਦਿੱਤਾ —ਕਿਸੇ ਨੂੰ ਵੱਡਾ ਹੋ ਕੇ ਦਿਖਾ ਦਿੱਤਾ—ਛੋਟਾ ਹੋ ਕੇ ਦਿਖਾ ਦਿੱਤਾ, ਉੱਡ ਗਿਆ, ਬਹਿ ਗਿਆ, ਕਹਿੰਦੇ ਹਨ—ਪ੍ਰਭ ਲੋਗਨ ਕਹ ਆਵਤ ਲਾਜਾ। ਉਨ੍ਹਾਂ ਨੂੰ ਸ਼ਰਮ ਆਉਂਦੀ ਹੈ ਕਿ ਜਿਸ ਤਰ੍ਹਾਂ ਇੱਕ ਬਾਦਸ਼ਾਹ ਕੌਡੀਆਂ ਹੱਥ ਵਿੱਚ ਫੜੀ ਫਿਰਦਾ ਹੋਵੇ ਕਿਉਂਕਿ ਉਹ ਪਰਮੇਸ਼ਰ ਨਾਲ ਮਿਲੇ

ਹੋਏ ਹਨ, ਇਹ ਤਾਂ ਉਨ੍ਹਾਂ ਦੇ ਪਿੱਛੇ ਹਨ।

**ਨਵ ਨਿਧੀ[7] ਅਠਾਰਹ ਸਿਧੀ[8] ਪਿਛੈ ਲਗੀਆ ਫਿਰਹਿ।।**

*–ਸੋਰਠ ਮ:੩, ਪੰਨਾ-੬੪੯*

ਗੁਰੂ ਜੀ ਕਹਿੰਦੇ ਹਨ।

*ਵਿਦਵਾਨ ਕੀ ਦ੍ਰਿਸ਼ਟ ਉਚੇਰੀ।*

ਵਿਦਵਾਨ ਦੀ ਦ੍ਰਿਸ਼ਟੀ ਸਭ ਤੋਂ ਉੱਚੀ ਹੈ।

*ਸਤ ਚਿਤ ਆਨਦ ਅਕ੍ਰੈ ਹੇਰੀ।*

ਉਸਨੇ ਕੀ ਦੇਖਿਆ ਹੈ—ਪ੍ਰਮਾਤਮਾ ਸਤਿ ਹੈ—ਉਹ ਕਦੇ, ਕੋਈ ਵਕਤ ਨਹੀਂ ਸੀ ਜਦੋਂ ਨਹੀਂ ਸੀ, ਕੋਈ ਵਕਤ ਨਹੀਂ ਹੋਵੇਗਾ ਜਦੋਂ ਨਹੀਂ ਹੋਵੇਗਾ—ਇਸ ਵਕਤ ਵੀ ਹੈ, ਪਿੱਛੇ ਵੀ ਸੀ ਅੱਗੇ ਵੀ ਹੋਵੇਗਾ, ਹੁਣ ਵੀ ਹੈ—ਉਹ ਚੇਤਨ ਹੈ, ਉਹ ਜੜ੍ਹ ਸਰੂਪ ਨਹੀਂ, ਉਹ ਚੇਤਨ ਹੈ—ਪ੍ਰਮਾਤਮਾ, ਉਹ ਅਨੰਦ ਸਰੂਪ ਹੈ।

**ਸਦਾ ਅਨੰਦੁ ਤਹ ਨਹੀ ਬਿਓਗੁ।।**

*–ਗਉੜੀ ਮ:੫, ਪੰਨਾ-੨੭੫*

ਉੱਥੇ ਕਦੇ ਦੁੱਖ ਹੁੰਦਾ ਹੀ ਨਹੀਂ, ਕਿਉਂਕਿ ਦੁੱਖ ਤੇ ਸਾਨੂੰ ਹੁੰਦਾ ਹੈ, ਬੇਵਕੂਫੀ ਨਾਲ, ਮੂਰਖਪੁਣੇ ਨਾਲ। ਮੈਨੂੰ ਇਹ ਸੁਣ ਕੇ ਏਥੇ ਇਤਨੀ ਖੁਸ਼ੀ ਹੋਈ ਹੈ ਕਿ ਮਾਈ ਜੀ ਸਰਦਾਰ ਇੰਦਰ ਸਿੰਘ ਹੁਰਾਂ ਦੇ ਘਰੋਂ ਜਿਹੜੇ ਨਾ ਰੋਏ, ਨਾ ਰੋਣ ਦਿੱਤਾ ਹੈ—ਕਿਸੇ ਨੂੰ।

**ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ[9]।।**
**ਹਰਖ[10] ਸੋਗ ਦਾਝੈ[11] ਨਹੀਂ ਤਬ ਹਰਿ ਆਪਹਿ ਆਪ।।**

*–ਪੰਨਾ-੧੩੭੪*

ਭਾਈ ਸਾਡੀਆਂ ਮਾਈਆਂ ਸਿੱਖਿਆ ਲੈਣ, ਹੋਰ ਵੀ ਉਨ੍ਹਾਂ ਕੋਲੋਂ। ਉੱਥੇ ਸੋਗ ਕਿਉਂ ਨਹੀਂ ਹੁੰਦਾ—ਇਹ ਚੀਜ਼ ਜਿਹੜੀ ਹੈ। ਜਿਸਨੇ ਮਰਨਾ ਹੈ, ਜਿਹੜਾ ਉਹਦੇ ਵਾਸਤੇ ਦਿਨ ਲਿਖਿਆ ਹੈ, ਕੋਈ ਉਹਦਾ ਨਹੀਂ ਮੋੜ ਸਕਦਾ—ਜਿਹੜੀ ਚੀਜ਼ ਨਹੀਂ ਰਹਿਣੀ, ਉਹ ਨਹੀਂ ਰਹਿਣੀ ਭਾਵੇਂ ਕੁਛ ਕਰੋ। ਅੰਗਰੇਜ਼ਾਂ ਵਰਗਾ ਸਿਆਣਾ—ਇਤਨਾ ਚਾਲਬਾਜ਼

ਦੁਨੀਆਂ ਵਿੱਚ ਕੋਈ ਨਹੀਂ ਸੀ—ਹਿੰਦੁਸਤਾਨ ਖੁਹਾ ਬੈਠੇ, ਚਲਾ ਗਿਆ ਹੱਥਾਂ ਵਿੱਚੋਂ, ਨਹੀਂ ਰਹਿ ਸਕਿਆ।

ਤਾਂ ਤੇ ਇਹ ਵਿਦਵਾਨ ਪੁਰਸ਼ ਜਿਹੜਾ ਹੈ ਉਹਦੀ ਦ੍ਰਿਸ਼ਟੀ ਉੱਚੀ ਹੈ, ਉਹ ਸਤਿ ਚਿਤ ਅਨੰਦ ਪਰਮੇਸ਼ਰ ਨੂੰ ਦੇਖਦਾ ਹੈ ਔਰ ਉਹ ਆਨੰਦ ਨੂੰ ਦੇਖ ਕੇ ਆਨੰਦ ਸਰੂਪ ਰਹਿੰਦੈ ਹਰ ਵੇਲੇ, ਕੋਈ ਮਰ ਗਿਆ—ਤਾਂ ਦੁੱਖ ਨਹੀਂ, ਜੰਮ ਪਿਆ—ਤਾਂ ਸੁਖ ਨਹੀਂ, ਆ ਗਿਆ—ਤਾਂ ਸੁਖ ਨਹੀਂ, ਗਿਆ—ਤਾਂ ਦੁੱਖ ਨਹੀਂ।

## ਬ੍ਰਹਮ ਵਿੱਦਿਆ ਸਭ ਤੇ ਉੱਤਮ

*ਬ੍ਰਹਮ ਵਿਦਿਆ ਉਤਮ ਸਭ ਮਾਹੂੰ।*

ਵਿੱਦਿਆ ਬਹੁਤ ਸਾਰੀਆਂ ਹਨ, ਚੌਦਾਂ★[1] ਵਿੱਦਿਆ ਸ਼ਾਸਤਰ ਨੇ ਭੀ ਲਿਖੀਆਂ ਹਨ, ਪਰ ਸੰਤ ਜੀ ਕਹਿੰਦੇ ਹਨ ਸਭ ਤੋਂ ਉੱਤਮ ਵਿੱਦਿਆ ਹੈ—ਬ੍ਰਹਮ ਵਿੱਦਿਆ—ਬ੍ਰਹਮ ਨੂੰ ਜਾਨਣਾ।

*ਇਸ ਬਿਨ ਦੁਖ ਸੁਖ ਮਿਲੈ ਨ ਕਾਹੂ॥੧੦॥*

ਇਸ ਵਿੱਦਿਆ ਤੋਂ ਬਗੈਰ ਦੁੱਖ ਹੀ ਦੁੱਖ ਹੈ, ਸੁਖ ਨਹੀਂ ਕਿਸੇ ਨੂੰ ਮਿਲ ਸਕਦਾ। ਜਿਤਨਾ ਚਿਰ ਇਹਨੂੰ ਨਹੀਂ ਸਮਝਦਾ, ਓਨਾ ਚਿਰ ਐਵੇਂ ਹੀ ਕਹਿੰਦੈ,"ਮੇਰੇ ਨਾਲ ਫਲਾਣਾ ਦੁਸ਼ਮਣੀ ਕਰਦਾ ਹੈ, ਮੇਰਾ ਫਲਾਣੇ ਨੇ ਕੰਮ ਖਰਾਬ ਕਰ ਦਿੱਤਾ, ਉਹ ਮੈਨੂੰ ਮਾਰਦਾ ਹੈ, ਉਹਨੇ ਮੇਰੇ ਤੇ ਚੁਗਲੀ ਕਰਕੇ ਮੈਨੂੰ ਮਰਵਾਇਆ"—ਕੁਛ ਨਹੀਂ।

## ਬਾਬਾ ਬੁੱਢਾ ਸਿੰਘ ਜੀ

ਮੈਨੂੰ ਇੱਕ ਗੱਲ ਯਾਦ ਆਈ ਹੈ ਇੱਕ ਬਾਬਾ ਬੁੱਢਾ ਸਿੰਘ ਜੀ ਨਾਮਧਾਰੀ, ਬਾਹਰੇ ਦੀ ਵਾਂ—ਉਸ ਪਿੰਡ ਦਾ ਨਾਂ ਸੀ, ਹੁਣ ਬਾਬੇ ਵਾਲੀ —ਬੁੱਢਾ ਸਿੰਘ ਵਾਲੀ ਵਾਂ, ਹੀ ਮਸ਼ਹੂਰ ਹੈ, ਤਰਨ ਤਾਰਨ ਸਾਹਿਬ ਤੋਂ ਚਾਰ ਪੰਜ ਕੋਹ ਪੈਂਡਾ ਹੈ। ਸਤਿਗੁਰਾਂ ਦੇ ਪ੍ਰਗਟ ਹੋਣ ਵੇਲੇ ਥੋੜਾ ਚਿਰ ਮਗਰੋਂ ਜਿਸ ਦਿਨ ਉਹਨਾਂ ਤੇ ਕਿਰਪਾ ਹੁੰਦੀ ਹੈ, ਤੱਕੜੀ ਪਕੜੀ ਹੋਈ

ਹੈ, ਬੋਹਲ ਤੋਲ ਰਹੇ ਹਨ ਤੇ ਜੋੜਾ ਲਾ ਕੇ ਰੱਖਿਆ ਹੋਇਆ ਹੈ। ਇਹ ਸਾਡਾ ਪੁਰਾਤਨ ਸਿਧਾਂਤ ਹੈ ਕਿ ਅੰਨ ਦਾ ਅਦਬ ਕਰਨਾ, ਨਾਮਧਾਰੀਆਂ ਵਿੱਚ ਕੜਾਹ ਪ੍ਰਸ਼ਾਦ ਤੋਂ ਆਏ ਤੋਂ ਉਠ ਕੇ ਖੜਾ ਹੋਣਾ, ਇਹ ਮੈਂ ਕਥਾ ਸੁਣੀ ਹੈ ਕਿ ਮਹਾਰਾਜ ਵਿਸ਼ਨੂੰ ਜੀ ਦੀ ਕਚਹਿਰੀ ਵਿੱਚ ਉੱਥੇ ਜਿਸ ਵੇਲੇ ਆਉਂਦਾ ਸੀ ਅੰਨ—ਤਾਂ ਖੜੇ ਹੁੰਦੇ ਸੀ। ਦੂਜੇ ਦੇਵਤਿਆਂ ਨੂੰ ਈਰਖਾ ਹੋਈ,''ਮਹਾਰਾਜ, ਤੁਸੀਂ ਇਹਦੇ ਆਏ ਤੋਂ ਖੜੇ ਕਿਉਂ ਹੁੰਦੇ ਹੋ ?'' ਮਹਾਰਾਜ ਨੇ ਉਹਨੂੰ ਕਿਹਾ,''ਲੈ ਭਾਈ, ਤੂੰ ਪੰਜ ਸੱਤ ਦਿਨ ਨਾ ਆ, ਦੋ ਚਾਰ ਦਿਨ ਹਟ ਜਾ, ਇਹਨਾਂ ਨੂੰ ਤਕਲੀਫ ਮਲੂਮ ਹੁੰਦੀ ਹੈ।'' ਜਿਸ ਵੇਲੇ ਅੰਨ ਨਾ ਆਇਆ, ਹਿੱਲਣ ਜੋਗੇ ਨਾ ਰਹਿ ਗਏ, ਲੱਗੇ ਭੁੱਖੇ ਮਰਨ, ਕਬੀਰ ਜੀ ਨੇ ਵੀ, ਗੁਰਬਾਣੀ ਪੜ੍ਹੋ —ਲਿਖਿਆ ਹੈ–

**ਅੰਨੈ ਬਿਨਾ ਨ ਹੋਇ ਸੁਕਾਲੁ।।**
**ਤਜਿਐ ਅੰਨਿ ਨ ਮਿਲੈ ਗੁਪਾਲੁ।।**

*–ਗੌਂਡ ਕਬੀਰ ਜੀ, ਪੰਨਾ–੮੭੩*

– **ਜਪੀਐ ਨਾਮੁ ਜਪੀਐ ਅੰਨੁ।।**

*–ਪੰਨਾ–੮੭੩*

ਨਾਮ ਦੇ ਨਾਲ ਅੰਨ ਨੂੰ ਜਪਿਆ ਹੈ। ਅੰਨ ਦਾ ਅਦਬ—ਜੁੱਤੀਆਂ ਲੈ ਕੇ ਨਹੀਂ ਅੰਨ ਦੇ ਦਾਣਿਆਂ ਵਿੱਚ ਵੜਨਾ, ਖਲਵਾੜਿਆਂ ਵਿੱਚ—ਸਾਡਾ ਪੁਰਾਤਨ ਸਿਧਾਂਤ ਹੈ। ਅਜੇ ਵੀ ਲੋਕ ਜਦੋਂ ਦਾਣਿਆਂ ਦੇ ਬੋਹਲਾਂ ਵਿੱਚ ਜਾਂਦੇ ਹਨ—ਜੁੱਤੀ ਲਾਹ ਕੇ। ਅੰਨ ਤੋਲਣ ਲੱਗੇ, ਦਾਣੇ ਤੋਲਣ ਲੱਗਿਆਂ ਨੂੰ ਕੀ ਦਿਸਿਆ—ਕਿ ਅੱਗੇ ਵਰੋਲਾ ਹੈ ਪਰ ਉਹ ਅਗਨੀ ਦਾ ਵਰੋਲਾ ਹੈ, ਉਹਦੇ ਵਿੱਚੋਂ ਅਵਾਜ਼ ਆਈ,''ਜੇ ਮੈਨੂੰ ਮਿਲਣਾ ਹੈ —ਮੇਰਾ ਨਾਉ ਰਾਮ ਸਿੰਘ ਹੈ—ਲੁਧਿਆਣੇ ਦੇ ਚੜ੍ਹਦੇ ਪਾਸੇ ਨੌ ਕੋਹ —ਆ ਕੇ ਮਿਲ।'' ਵਰੋਲਾ ਅੱਗੇ ਚੱਲ ਪਿਆ ਹੈ, ਬਾਬਾ ਜੀ ਪਿੱਛੇ ਚੱਲ ਪਏ ਹਨ—ਉਸੇ ਤਰ੍ਹਾਂ, ਅਜੇ, ਕਛਹਿਰਾ ਨਹੀਂ ਪਾਇਆ, ਭਜਨ ਨਹੀਂ ਪੁੱਛਿਆ, ਤੱਕੜੀ ਉੱਥੇ ਰਹਿ ਗਈ, ਬੋਹਲ ਉੱਥੇ ਰਹਿ ਗਿਆ।

ਜਿਉਂ ਚਲੇ ਹਨ, ਦੋ ਦਰਿਆ ਉੱਥੋਂ ਚੱਲ ਕੇ—ਬਿਆਸਾ ਔਰ ਸਤਲੁਜ —ਆਉਂਦੇ ਸਨ ਰਸਤੇ ਵਿੱਚ ਉਹਨਾਂ ਨੂੰ ਕੋਈ ਪਤਾ ਨਹੀਂ ਲਗਿਆ। ਉਹ ਲੁਧਿਆਣਾ ਵੀ ਲੰਘ ਗਏ, ਲੁਧਿਆਣਾ ਲੰਘ ਕੇ ਹੀਰਾਂ ਇੱਕ ਪਿੰਡ ਹੈ, ਜਿਹੜਾ ਗੁਰਦਵਾਰੇ ਭੈਣੀ ਸਾਹਿਬ ਤੋਂ ਲਹਿੰਦੇ ਵੱਲ ਹੈ, ਕਰੀਬ ਥੋੜਾ ਜਿਹਾ ਲਹਿੰਦੇ ਦੱਖਣ ਨੂੰ ਭਾਵੇਂ ਮੰਨ ਲਈਏ, ਉੱਥੇ ਜਾ ਕੇ ਉਹ ਵਰੋਲਾ ਖਤਮ ਹੋ ਗਿਆ। ਉਹ ਭੁਚੱਕੇ ਵਿੱਚ ਆ ਕੇ ਉੱਥੇ ਕਿਸੇ ਨੂੰ ਪੁੱਛਦੇ ਹਨ,''ਕਿਉਂ ਭਾਈ ਇੱਥੇ ਕੋਈ ਭੈਣੀ ਪਿੰਡ ਵੀ ਹੈ ਨੇੜੇ ?''

ਉਹਨਾਂ ਆਖਿਆ,''ਔਹ ਦੇਖ।''

ਚਲੇ ਗਏ—ਸਤਿਗੁਰਾਂ ਦਾ ਅੱਗੇ ਦਰਸ਼ਨ ਹੋਇਆ, ਗੜਵਾ ਹੱਥ ਵਿੱਚ ਫੜਿਆ ਹੈ, ਪਊਏ ਚਰਨੀਂ ਪਾਏ ਹਨ। ਮਿਲਿਆ—ਫਤਹਿ ਬੁਲਾਈ, ਉਹਨਾਂ ਨੂੰ ਪੁੱਛਦੇ ਹਨ,''ਕੋਈ ਇੱਥੇ ਰਾਮ ਸਿੰਘ ਵੀ ਹੈ।''

ਪਿੰਡ ਵਿੱਚ ਇੱਕ ਜ਼ਿਮੀਦਾਰ ਦਾ ਨਾਂ ਭੀ ਸੀ, ਕਹਿਣ ਲੱਗੇ,''ਹਾਂ ਭਾਈ ਹੈ।'' ਉਹ ਪਿੰਡ ਗਏ। ਘਰ ਜਾ ਕੇ ਉਹ ਜ਼ਿਮੀਦਾਰ ਦੇ ਘਰ ਵੜੇ, ਉਹ ਦੇਖਿਆ ਦਿਖਾਇਆ ਹੈਰਾਨ ਜਿਹੇ ਹੋਏ, ਉਹਨੂੰ ਪੁੱਛਿਆ,''ਕੋਈ ਹੋਰ ਵੀ ਹੈ ?'' ''ਹਾਂ ਹੈ, ਇੱਕ ਕਮਲਾ ਜਿਹਾ ਤਰਖਾਣ ਕਿਤੇ ਪਊਏ ਪਾਈ ਫਿਰਦਾ ਵੇਖਿਆ ਹੋਣਾ ਹੈ।''

ਕਿਉਂਕਿ ਫਿਰ ਸਾਡੀ ਤਾਂ ਰਹੁ ਰੀਤ ਹੀ ਮਰ ਗਈ, ਜੇ ਕਮਲਾ ਨਾ ਕੋਈ ਆਖੇ, ਕਿਉਂ—ਗੁਰੂ ਨਾਨਕ ਨੇ ਬੀ ਕਮਲ ਦਾ ਪਾਇਆ ਸਾਡੇ ਵਿੱਚ।

ਅੱਗੇ ਚਲੇ ਗਏ—ਬਾਹਰ ਇੱਕ ਛੱਪੜ ਹੈ—ਦੱਖਣ ਦੇ ਪਾਸੇ ਕੋਈ ਪੌਣਾ ਮੀਲ ਭੈਣੀ ਸਾਹਿਬ ਤੋਂ, ਉਹਦੇ ਦੁਆਲੇ ਕਰੌਂਡਿਆਂ ਦੇ ਦਰਖਤ ਹੁੰਦੇ ਸਨ, ਉੱਥੇ ਜਾ ਕੇ ਭਜਨ ਕਰਦੇ ਸੀ। ਜਿਸ ਵੇਲੇ ਬਾਬਾ ਜੀ ਉੱਥੇ ਗਏ—ਜਾ ਕੇ ਦਰਸ਼ਨ ਕੀਤਾ। ਫੇਰ ਕੀ ਦਿਖਾਇਆ—ਗੁਰੂ ਨਾਨਕ ਤੋਂ ਲੈ ਕੇ ਬਾਰ੍ਹਾਂ ਹੀ ਸਰੂਪਾਂ ਦੇ ਦਰਸ਼ਨ ਉੱਥੇ ਕੀਤੇ। ਭਜਨ ਪੁੱਛਿਆ, ਭਜਨ ਪੁੱਛ ਕੇ ਘਰ ਆ ਗਏ, ਬਚਨ ਬਿਲਾਸ ਹੁੰਦਾ ਹੈ —ਅਕਾਲ ਪੁਰਖ ਨਾਲ ਸਿੱਧਾ। ਇੱਕ ਦਿਨ ਅਵਾਜ਼ਾ ਆਇਆ,''ਬੁੱਢਾ ਸਿੰਘਾਂ, ਤੈਨੂੰ ਬਖਸ਼ਿਆ।''

ਕਹਿੰਦਾ,''ਮੈਂ ਨਹੀਂ ਮੰਨਦਾ।''

ਫਿਰ ਕਹਿੰਦੇ,''ਸਤਿਗੁਰਾਂ ਦਾ ਨਾਂ ਲੈ ਕੇ ਜੇ ਉਸ ਦੇਹ ਵਿਚੋਂ ਅਵਾਜ਼ਾ ਆਵੇ।''

''ਤਾਂ ਮੈਂ ਮੰਨ ਲਵਾਂਗਾ।''

ਉਸੇ ਵੇਲੇ ਉੱਥੋਂ ਤੁਰ ਪਏ, ਫਿਰ ਭੈਣੀ ਸਾਹਿਬ ਗਏ। ਸਤਿਗੁਰੂ ਅੱਗੇ—ਜਿਹੜਾ ਦਰਵਾਜ਼ਾ ਸੀ, ਹੁਣ ਤੇ ਉਹ ਵੱਡਾ ਲੱਗਾ ਹੋਇਆ ਹੈ—ਛੋਟਾ ਸੀ—ਉਹਨੂੰ ਇਉਂ (ਚੁਗਾਠ ਦੇ ਸੇਰੂ ਨੂੰ) ਹੱਥ ਪਾ ਕੇ—ਦਹਿਲੀਜ਼ ਦੇ ਉਤਲੇ ਪਾਸੇ ਨੂੰ ਹੱਥ ਪਾ ਕੇ ਖੜੇ ਹਨ। ਕਹਿੰਦੇ ਹਨ,''ਬੁੱਢਾ ਸਿੰਘਾ, ਤੈਨੂੰ ਬਖਸ਼ਿਆ।'' ਚਰਨਾ ਤੇ ਡਿੱਗਿਆ। ਸਤਿਗੁਰ ਮੌਜ ਵਿੱਚ ਆਏ—ਜਾਣਦੇ ਤਾਂ ਸਭ ਕੁਛ ਹਨ, ਪਰ ਉੱਧਰੋਂ ਦੀ ਕਢਾਉਣੀ ਸੀ—ਕਹਿੰਦੇ ਹਨ,''ਤੈਨੂੰ ਤਾਂ ਬਖਸ਼ਿਆ—ਸਾਡੀ ਬਾਬਤ ਵੀ ਦੱਸ।''

ਕਹਿੰਦਾ ਹੈ,''ਤੈਨੂੰ ਹੁਣ ਮਿਸਰੀਆਂ ਦੇ ਸ਼ਰਬਤ ਨਹੀਂ ਪੀਣੇ ਮਿਲਣੇ, ਤੈਨੂੰ ਹੁਣ ਪਾਰ ਡੰਡਾ ਦੇ ਕੇ ਸਮੁੰਦਰੋਂ ਕਰ ਦੇਣਾ ਹੈ।''

ਇਹ ਅਦਮੀ ਬੋਲ ਸਕਦਾ ਹੈ, ਜਿੱਥੇ ਅਕਾਲ ਪੁਰਖ ਜਾਣਦਾ ਹੈ, ਉਹਦੇ ਸਾਹਮਣੇ ਹੈ। ਕਿਸੇ ਆਦਮੀ ਨਾਲ ਸਾਨੂੰ ਪਿਆਰ ਹੋਵੇ, ਉਹ ਅਸੀਂ ਕਿਸੇ ਦੀ ਇੱਜ਼ਤ ਵੀ ਨਾ ਕਰਦੇ ਹੋਈਏ, ਉਂਝ ਵੀ ਅਸੀਂ ਕਿਸੇ ਆਦਮੀ ਨੂੰ ਇਸ ਤਰ੍ਹਾਂ ਦੀ ਗੱਲ ਨਹੀਂ ਕਹਿ ਸਕਦੇ।

ਬਾਬਾ ਜੀ ਰਹੇ—ਸਤਿਗੁਰ ਪ੍ਰਦੇਸ ਆ ਗਏ। ਇੱਕ ਦਿਨ ਹਾੜੀ ਵੱਢ ਕੇ ਇਕੱਠੀ ਕੀਤੀ ਇਨ੍ਹਾਂ, ਜ਼ਿਮੀਦਾਰਾਂ ਨੇ ਆ ਕੇ ਭਰੀਆਂ ਚੁੱਕ ਲਈਆਂ। ਭਰੀਆਂ ਚੁੱਕੀਆਂ ਤੋਂ ਉਹਨਾ ਨੂੰ ਜਾ ਕੇ ਆਖਿਆ,''ਮੇਰੀਆਂ ਭਰੀਆਂ ਕਿਉਂ ਚੁੱਕੀਆਂ ?'' ਉਹਨਾਂ ਖੂਬ ਮਾਰਿਆ, ਘਰ ਆ ਕੇ ਮੂੰਹ ਸਿਰ ਲਪੇਟ ਕੇ ਲੰਮੇ ਪੈ ਗਏ।

ਪਿੰਡ ਵਿੱਚ ਆਇਆ ਤਹਿਸੀਲਦਾਰ। ਕਿਸੇ ਨੇ ਕਿਹਾ ਕਿ ਮਹਾਰਾਜ ਇਸ ਤਰ੍ਹਾਂ ਉਹ ਸਾਧੂ ਸੀ, ਉਹਨੂੰ ਮਾਰਿਆ ਇਹਨਾਂ ਲੋਕਾਂ ਨੇ। ਬਾਬੇ ਨੂੰ ਘਰੋਂ ਸੱਦਿਆ—ਮੂੰਹ ਸਿਰ ਬੱਧਾ ਹੋਇਆ, ਸੱਟਾਂ ਵੱਜੀਆਂ ਹੋਈਆਂ, ਉਹ ਤਹਿਸੀਲਦਾਰ, ਆਂਹਦਾ ਹੈ,''ਬਾਬਾ ਜੀ ਕੀ ਗੱਲ ਤੈਨੂੰ

ਕਿਨ ਮਾਰਿਆ, ਕੀ ਹੋਇਆ ?''

ਕਹਿੰਦਾ,''ਹੋਣਾ ਕੀ ਹੈ—ਪਹਿਲਾਂ ਉਹਨਾਂ ਨੂੰ ਕਹਿਕੇ ਭਰੀਆਂ ਚੁੱਕਵਾ ਦਿੱਤੀਆਂ, ਫਿਰ ਮੈਨੂੰ ਕਹਿੰਦਾ ਜਾ ਕੇ ਪੁੱਛ, ਫੇਰ ਉਹਨਾਂ ਤੋਂ ਮਾਰ ਕਰਵਾ ਦਿੱਤੀ ਹੈ।''

ਨਹੀਂ ਕਿਸੇ ਤੇ ਦੁੱਖ, ਸੁਖ, ਬ੍ਰਹਮ ਨੂੰ ਸਾਰੇ ਜਾਣਿਆ, ਮਾਰਨ ਵਾਲੇ ਵਿੱਚ ਵੀ ਬ੍ਰਹਮ ਨੂੰ ਜਾਣਿਆ।

ਪਰ ਉਹਨਾਂ ਦਾ ਦਰਸ਼ਨ ਜਿਹਨਾਂ ਕੀਤਾ ਹੈ ਉਹਨਾਂ ਨੂੰ ਪਤਾ ਹੈ। ਪਹਿਲੇ ਲੜਕਾ ਨਹੀਂ ਸੀ, ਗੁਰੂ ਹਰੀ ਸਿੰਘ ਜੀ ਕੋਲ ਆਏ, ਫਿਰ ਲੜਕਾ ਹੋਇਆ। ਮਾਈ ਜਿਊਂਦੀ ਹੈ—ਉਹ ਲੜਕਾ ਹਰਨਾਮ ਸਿੰਘ ਜਿਊਂਦਾ ਹੈ। ਮਾਈ ਦਾ ਨਾਂ ਇੰਦੀ ਹੈ, ਫੜ ਕੇ ਲੜਕਾ—ਕੜਾਹ ਪ੍ਰਸ਼ਾਦ ਹੁੰਦਾ ਸੀ—ਐਸ ਤਰ੍ਹਾਂ ਚੁੱਰ੍ਹ ਵਿੱਚ ਡਾਹ ਦਿੱਤਾ। ਉਹ ਮਾਈ ਨੂੰ ਬੱਚੇ ਦਾ ਪਿਆਰ ਸੀ—ਖਵਰੇ ਸਾਲ ਦਾ ਸੀ ਕਿ ਡੇਢ ਸਾਲ ਦਾ—ਮਾਈ ਨੇ ਖਿੱਚ ਕੇ ਕੱਢਿਆ। ਐਸ ਤਰ੍ਹਾਂ ਫੇਰ ਕੇ ਬਾਂਹ—ਆਟਾ ਭੁੱਜਦਾ ਸੀ—ਉਹਦੇ ਵਿੱਚ ਪਾ ਦਿੱਤੀ, ਕਹਿੰਦੇ ਹਨ,''ਕਹੁ ਮੇਰੇ ਸਤਿਗੁਰੂ ਦਾ ਹੁਕਮ ਹੈ ਇਹਨੂੰ ਗੱਦਾ ਜੱਦੀ ਨੂੰ ਸੇਕ ਲਾਵੇ।'' ਪ੍ਰਹਿਲਾਦ ਨੂੰ ਦਿਸਦਾ ਸੀ ਪ੍ਰਮਾਤਮਾ ਸਾਰੇ— ਤਾਂਹੀ ਥੰਮ ਵਿੱਚੋਂ ਨਿਕਲਿਆ। ਧੰਨੇ ਨੂੰ ਦਿਸਦਾ ਸੀ ਪ੍ਰਮਾਤਮਾ—ਤਾਂ ਹੀ ਪੱਥਰ ਵਿਚੋਂ ਦਰਸ਼ਨ ਦਿੱਤਾ। ਜਿਹਨਾਂ ਦੀ ਬ੍ਰਹਮ ਦ੍ਰਿਸ਼ਟੀ ਹੋ ਜਾਂਦੀ ਹੈ, ਉਹਨਾਂ ਵਾਸਤੇ ਕੋਈ ਚੀਜ਼ ਦੂਜੀ ਨਹੀਂ ਰਹਿ ਜਾਂਦੀ। ਇਹ ਬ੍ਰਹਮ ਵਿੱਦਿਆ ਉਹਨਾਂ ਮਹਾਂ ਪੁਰਖਾਂ ਦੀ ਗੱਲ ਹੈ, ਸਾਡੀਆਂ ਕਹਾਣੀਆਂ ਹਨ, ਅਸੀਂ ਗੱਲਾਂ ਕਰਦੇ ਹਾਂ, ਸਾਡੀ ਉਂਗਲ ਤੇ ਸੱਟ ਲੱਗੇ, ਅਸੀਂ ਚੀਕਾਂ ਮਾਰਦੇ ਹਾਂ। ਇਹ ਉਹ ਚੀਜ਼ ਹੈ—ਬ੍ਰਹਮ ਵਿੱਦਿਆ ਇਹਦਾ ਨਾਉਂ ਹੈ।

## ਗੁਰੂ ਦਰਸ਼ਨ ਦੀ ਤਾਂਘ

*ਸੋਰਠਾ।।ਸੁਖ ਦੇ ਹੇਤੁ ਦੋਇ ਸੰਤ ਸੇਵ ਬ੍ਰਹਮ ਵਿਦਿਆ।*

ਪੁਰਸ਼ ਨੇ ਜੇ ਸੁਖ ਲੈਣਾ ਹੈ, ਤਾਂ ਸੰਤਾਂ ਦੀ ਕਰੇ ਸੇਵਾ, ਤੇ ਬ੍ਰਹਮ

ਵਿੱਦਿਆ ਨੂੰ ਪੜੇ।

*ਯਾ ਬਿਨ ਸਭਹੀ ਰੋਇ ਸੁਰ ਨਰ ਕੀੜੇ ਅਸੁਰ ਖਗ।।੧੧।।*

ਇਸ ਤੋਂ ਬਗੈਰ ਸਾਰੀ ਦੁਨੀਆਂ ਰੋਂਦੀ ਹੈ, ਦੇਵਤੇ ਵੀ ਰੋਂਦੇ ਹਨ, ਮਨੁੱਖ ਵੀ ਰੋਂਦੇ ਹਨ, ਕੀੜੇ ਵੀ, ਦੈਂਤ ਵੀ, ਪੰਛੀ—ਸਭ ਰੋਂਦੇ ਹਨ।

*ਚੌਪਈ।।ਇਸ ਬਿਧ ਰਾਇ ਸਿੰਘ ਨਿਜ ਗਾਥਾ।*

ਹੁਣ ਰਾਇ ਸਿੰਘ ਜੀ ਆਪਣੀ ਕਥਾ ਲੱਗੇ ਹਨ—ਸੁਣਾਉਣ।

*ਕਹਿਣ ਲਗਾ ਫਿਰ ਮੇਰੇ ਸਾਥਾ।*

ਸੰਤ ਜੀ ਕਹਿੰਦੇ ਹਨ ਮੈਨੂੰ ਲੱਗੇ ਦੱਸਣ।

*ਮੈਂ ਸ੍ਰੀ ਅੰਮ੍ਰਿਤਸਰ ਜੀ ਰਹਿਤਾ।*

ਰਾਇ ਸਿੰਘ ਜੀ ਕਹਿੰਦੇ ਹਨ ਮੈਂ ਅੰਮ੍ਰਿਤਸਰ ਜੀ ਰਹਿੰਦਾ ਸਾਂ।

*ਗਰੰਥ ਪੜ੍ਹੋ ਅਰਥੋਂ ਕੇ ਸਹਿਤਾ।।੧੨।।*

ਅਰਥਾਂ ਨਾਲ ਗਰੰਥ ਲਗਾਉਂਦਾ ਸਾਂ।

*ਗਿਆਨੀ ਸੇ ਸੰਥਾਂ ਨਿਤ ਲਾਵੋਂ।*

ਗਿਆਨੀਆਂ ਕੋਲੋਂ ਸੰਥਿਆ ਲਾਉਂਦਾ ਸੀ। ਗੁਰੂ ਸਾਹਿਬ ਮਹਾਰਾਜ ਲਿਖਦੇ ਹਨ ਗੁਰਬਾਣੀ ਵਿੱਚ–

**ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ**
**ਇਕੁ ਖਿਨੁ ਨਾ ਧੀਰਹਿ ਮੇਰੇ ਘਰ ਕੇ ਪੰਚਾ[੧੨]।।**
**ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ**
**ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ[੧੩]।।**
**ਜੇਤੇ ਰੇ ਤੀਰਥ ਨਾਏ ਅਹੰਬੁਧਿ[੧੪] ਮੈਲੁ ਲਾਏ**
**ਘਰ ਕੋ ਠਾਕੁਰੁ[੧੫] ਇਕੁ ਤਿਲੁ ਨਾ ਮਾਨੈ[੧੬]।।**
**ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ**
**ਗਿਆਨ ਅੰਜਨਿ[੧੭] ਮੇਰਾ ਮਨੁ ਇਸਨਾਨੈ[੧੮]।।**

*–ਧਨਾਸਰੀ ਮ:੫, ਪੰਨਾ–੬੮੭*

*ਪੜ੍ਹੀ ਹੁਤੀ ਤਹਿ ਜਾਏ ਸੋਣਾਵੋਂ।*

ਸੰਥਾ ਲੈ ਆਉਣੀ ਅਰਥਾਂ ਸਹਿਤ, ਫਿਰ ਜਾ ਕੇ ਪੜ੍ਹੀ ਹੋਈ ਸੁਣਾਉਣੀ।

*ਕਈ ਗਰੰਥ ਸਹਿ ਅਰਥ ਲਗਾਏ।*

ਕਈ ਗ੍ਰੰਥ ਪੜ੍ਹੇ ਅਰਥਾਂ ਦੇ ਸਹਿਤ।

*ਪਰ ਸ਼ਾਂਤੀ ਮੋ ਰਿਦੇ ਨ ਆਏ।।੧੩।।*

ਸ਼ਾਂਤੀ ਨ ਆਵੇ ਰਿਦੇ ਵਿੱਚ।

*ਗਰੰਥ ਸਾਹਿਬ ਕੋ ਅਰਥ ਗਿਆਨੇ।*

ਫਿਰ ਲੱਗਿਆ ਗੁਰਬਾਣੀ ਪੜ੍ਹਨ, ਗਰੰਥ ਸਾਹਿਬ ਜੀ ਦੇ ਅਰਥ ਲੱਗਿਆ ਸੁਣਨ।

*ਲੱਗੇ ਪੜਾਵਣ ਗਿਆਨੀ ਸਿਆਣੇ।*

ਗਿਆਨੀ ਬੜੇ ਸਿਆਣੇ ਸਨ ਜਿਨ੍ਹਾਂ ਕੋਲ ਲੱਗਿਆ ਪੜ੍ਹਨ।

*ਆਦਿ ਗੁਰੂ ਕੀ ਅੰਮ੍ਰਿਤ ਬਾਣੀ।*

ਗੁਰੂ ਆਦਿ ਦੀ—ਗੁਰੂ ਨਾਨਕ ਦੇਵ ਦੀ ਜਾਂ ਆਦਿ ਬੀੜ ਦੀ ਬਾਣੀ–

*ਪਾਰਬ੍ਰਹਮ ਪ੍ਰਤੱਖ ਵਖਾਣੀ।।੧੪।।*

ਜਿਸ ਵਿੱਚ ਦੱਸਿਐ ਪਾਰਬ੍ਰਹਮ ਪ੍ਰਤੱਖ ਕੌਣ ਹੈ—ਸਤਿਗੁਰੂ।

*ਬਾਰ ਬਾਰ ਉਪਦੇਸ਼ ਉਚਾਰਾ।*

ਇਹੋ ਕੁਛ ਬਾਰ-ਬਾਰ ਲਿਖਿਆ ਹੈ–

*ਗੁਰ ਬਿਨ ਕੋਇ ਨ ਉਤਰਸਿ ਪਾਰਾ।*

ਗੌਂਡ ਰਾਗ ਵਿੱਚ ਗੁਰੂ ਜੀ ਕਹਿੰਦੇ ਹਨ–

**ਗੁਰੂ ਗੁਰੂ ਗੁਰੁ ਕਰਿ ਮਨ ਮੋਰ।।**
**ਗੁਰੂ ਬਿਨਾ ਮੈਂ ਨਾਹੀਂ ਹੋਰ।।**
**ਗੁਰ ਕੀ ਟੇਕ ਰਹਹੁ ਦਿਨੁ ਰਾਤਿ।।**
**ਜਾ ਕੀ ਕੋਇ ਨ ਮੇਟੈ ਦਾਤਿ।।**
**ਗੁਰੁ ਪਰਮੇਸਰੁ ਏਕੋ ਜਾਣੁ।।**

*–ਗੌਂਡ ਮ:੫, ਪੰਨਾ-੮੬੪*

ਫਿਰ ਕੀ ਬਾਰ-ਬਾਰ ਬਾਣੀ ਨੇ ਉਚਾਰਿਆ ਹੈ ਬਾਣੀ ਵਿੱਚ ਕਿ ਬਗੈਰ ਸਤਿਗੁਰੂ ਤੋਂ ਕੁਝ ਨਹੀਂ। ਅਸੀਂ ਰੋਜ਼ ਆਸਾ ਦੀ ਵਾਰ ਦਾ ਪਾਠ ਕਰਦੇ ਹਾਂ, ਉੱਥੇ ਲਿਖਿਆ ਹੈ–

**ਬਿਨੁ ਸਤਿਗੁਰ ਕਿਨੇ ਨ ਪਾਇਓ**
**ਬਿਨੁ ਸਤਿਗੁਰ ਕਿਨੈ ਨ ਪਾਇਆ।।**

ਫਿਰ ਦੂਜੀ ਵੇਰ ਸੱਚੇ ਪਾਤਸ਼ਾਹ ਕਹਿੰਦੇ ਹਨ—ਭਾਈ ਤੂੰ ਇਹ ਜ਼ਰੂਰ ਕਰ, ਬਈ ਇਹਨੂੰ ਜ਼ਰੂਰੀ ਕਰਨਾ।

**ਸਤਿਗੁਰ ਵਿਚਿ ਆਪੁ ਰਖਿਓਨੁ।।**

ਅਕਾਲ ਪੁਰਖ ਸਤਿਗੁਰੂ ਦੇ ਵਿੱਚ ਹੋ ਕੇ ਆਉਂਦਾ ਹੈ–

**ਕਰਿ ਪਰਗਟੁ ਆਖਿ ਸੁਣਾਇਆ।।**

*–ਪੰਨਾ–੪੬੬*

ਫਿਰ–

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।।**
**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।।**

*–ਪੰਨਾ–੪੬੯*

ਕਿਤਨੇ ਕੁ ਪ੍ਰਮਾਣ ਦੱਸੀਏ—ਗੁਰਬਾਣੀ ਏਡਾ ਸਮੁੰਦਰ ਹੈ ਪੜ੍ਹਦਿਆਂ —ਪੜ੍ਹਦਿਆਂ ਬੁੱਢੇ ਹੋ ਗਏ ਹਾਂ, ਅਜੇ ਕੋਈ ਨਾ ਕੋਈ ਨਵੀਂ ਚੀਜ਼ ਹੀ ਮਿਲਦੀ ਹੈ। ਕੋਈ ਇਹੋ ਜਿਹੀ ਚੀਜ਼ ਨਹੀਂ ਕੋਈ ਇੱਕ ਥਾਉ ਦੇਖੀਏ। ਪਰ ਦੋ ਤਿੰਨ ਚੀਜ਼ਾਂ—ਨਾਮ ਦਾ ਜਪਣਾ—ਸਤਿਗੁਰੂ ਨੂੰ ਮਿਲਣਾ ਤੇ ਸੰਤਾਂ ਨੂੰ ਮਿਲਣਾ—ਸੰਤਾਂ ਦੀ ਸੇਵਾ ਕਰਨੀ, ਏਦੂੰ ਬਗੈਰ ਹੋਰ ਕੋਈ ਚੀਜ਼ ਨਹੀਂ ਉੱਥੇ ਦੱਸੀ।

*ਗੁਰ ਮਾਰਗ ਭੂਲੇ ਕੋ ਪਾਵੈ।*

ਭੁਲੇ ਨੂੰ ਸਤਿਗੁਰੂ ਹੀ ਰਸਤੇ ਪਾਉਂਦਾ ਹੈ।

*ਗੁਰ ਮਿਲਿਐ ਸ਼ਾਂਤੀ ਮਨ ਆਵੈ।।੧੫।।*

ਸਤਿਗੁਰੂ ਮਿਲੇ ਤਾਂ ਸ਼ਾਂਤੀ ਆਉਂਦੀ ਹੈ।

*ਪੂਰਾ ਗੁਰੂ ਮਿਲੇ ਦੁਖ ਕਾਟੈ।*

ਸਤਿਗੁਰੂ ਪੂਰਾ ਮਿਲ ਜਾਏ ਤਾਂ ਦੁੱਖ ਦੂਰ ਹੁੰਦੇ ਹਨ।

*ਜਮ ਜੰਦਾਰ ਕੇ ਕਾਗਰ ਫਾਟੈ।*

ਯਮਾਂ ਦੇ ਕਾਗਜ਼ ਫਟ ਜਾਂਦੇ ਹਨ। ਉੱਥੇ ਜਾ ਕੇ, ਕਬੀਰ ਜੀ

ਕਹਿੰਦੇ ਹਨ–

**ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ।।**

*–ਪੰਨਾ–੬੧੪*

*ਇਤ ਆਦਿਕ ਉਪਦੇਸ਼ ਜਣਾਯੋ।*

ਇਸ ਤਰ੍ਹਾਂ ਦਾ ਉਪਦੇਸ਼ ਜੋ ਬਾਣੀ ਵਿੱਚੋਂ ਸੁਣਿਆ।

*ਗੁਰੂ ਬੇਦ ਸਾਰੇ ਇਮ ਗਾਯੋ।।੧੬।।*

ਸਤਿਗੁਰੂ ਦੇ ਬੇਦ ਵਿੱਚ—ਗੁਰਬਾਣੀ ਵਿੱਚ ਇਹੋ ਹੀ ਸਾਰੇ ਗਾਇਆ ਹੋਇਆ ਹੈ।

*ਗੁਰ ਪਰਮੇਸ਼ਰ ਆਣ ਮਿਲਾਵੈ।*

ਗੁਰੂ ਹੀ ਹੈ ਜਿਸਨੂੰ ਮਿਲਕੇ—ਪਰਮੇਸ਼ਰ ਨੂੰ ਮਿਲਣਾ ਹੈ, ਬ੍ਰਹਮ ਦਾ ਬੋਧ ਹੁੰਦਾ ਹੈ।

*ਦੂਰ ਕਹੇ ਸੋ ਨੇਰਹੁ ਪਾਵੈ।*

ਜਿਹਨੂੰ ਬੜੀ ਦੂਰ ਕਿਹਾ ਹੋਇਆ ਹੈ—ਉਹ ਹੀ ਨੇੜੇ ਹੋ ਜਾਂਦਾ ਹੈ, ਉਹ ਹੀ ਨੇੜੇ ਦਿਸਦਾ ਹੈ।

*ਪੜੇ ਸੁਣੇ ਮਨ ਚਿਤਵਨ ਲਾਗੀ।*

ਪੜ੍ਹਿਆ ਤੇ ਸੁਣਿਆ—ਮਨ ਨੂੰ ਲੱਗੀ ਚਿਤਵਨੀ।

*ਰਾਇ ਸਿੰਘ ਪੂਰਨ ਵਡਭਾਗੀ।।੧੭।।*

ਉਹ ਵੱਡੇ ਭਾਗਾਂ ਵਾਲਾ ਭਾਈ ਰਾਇ ਸਿੰਘ।

*ਵਿਦਵਾਨ ਮਨ ਮਾਹਿ ਵਿਚਾਰੇ।*

ਵਿਦਵਾਨ ਹੈ, ਮਨ ਵਿੱਚ ਸੋਚਦਾ ਹੈ–

*ਮਿਲਿਐ ਕਿਵ ਪੂਰੇ ਗੁਰ ਪਿਆਰੇ।*

ਪੂਰੇ ਗੁਰੂ ਨੂੰ ਕਿਸ ਤਰ੍ਹਾਂ ਮਿਲੀਏ ਭਾਈ, ਪੂਰੇ ਸਤਿਗੁਰੂ ਦਾ ਕਿਵੇਂ ਦਰਸ਼ਨ ਹੋਵੇ। ਜਿਸ ਤਰ੍ਹਾਂ ਸੁਦਾਮਾ ਜੀ ਨੂੰ ਭੇਜਦੀ ਹੈ—ਉਹਨਾਂ ਦੀ ਇਸਤਰੀ—ਕ੍ਰਿਸ਼ਨ ਮਹਾਰਾਜ ਦੇ ਪਾਸ–

*ਚਲਿਆ ਗਿਣਦਾ ਗੱਟੀਆਂ,*
*ਕਿਉਂ ਕਰ ਜਾਈਐ ਕਉਣੁ ਮਿਲਾਏ।*

*–ਵਾਰ ੧੦, ਪਉੜੀ ੯*

*ਬਾਣੀ ਗੁਰੂ ਕੀ ਨੇਮ ਜਣਾਵੈ।*

ਪ੍ਰੇਮ ਨਾਲ ਰੋਜ਼ ਜਦੋਂ ਬਾਣੀ ਪੜ੍ਹੀਏ ਤਾਂ ਬਾਣੀ ਇਹੋ ਹੀ ਕਹਿੰਦੀ ਹੈ–

**ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੂੜੀਏ,**
**ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ।।**

*–ਬਿਹਾਗੜਾ ਮ:੪, ਪੰਨਾ–੫੪੦*

– **ਸਤਿਗੁਰੂ ਹੈ ਅੰਮ੍ਰਿਤਸਰ**[੧੯] **ਸਾਚਾ,**
**ਮਨੁ ਨਾਵੈ**[੨੦] **ਮੈਲੁ ਚੁਕਾਵਣਿਆ।।**

*–ਪੰਨਾ–੧੧੩*

– **ਅੰਮ੍ਰਿਤ ਸਰੁ**[੨੧] **ਸਤਿਗੁਰੁ ਸਤਿਵਾਦੀ**[੨੨] **,**
**ਜਿਤੁ ਨਾਤੈ ਕਊਆ**[੨੩] **ਹੰਸੁ ਹੋਹੈ**[੨੪]**।।**

*–ਪੰਨਾ–੪੯੩*

– **ਸਤਿਗੁਰੂ ਵਿਟਹੁ**[੨੫] **ਵਾਰਿਆ,**
**ਜਿਤੁ ਮਿਲਿਐ ਖਸਮੁ ਸਮਾਲਿਆ**[੨੬]**।।**
**ਜਿਨਿ ਕਰਿ ਉਪਦੇਸੁ ਗਿਆਨ ਅੰਜਨੁ**[੨੭] **ਦੀਆ,**
**ਇਨੀ ਨੇਤ੍ਰੀ ਜਗਤੁ ਨਿਹਾਲਿਆ**[੨੮]**।।**

*–ਪੰਨਾ–੪੭੦*

– **ਮਤ ਕੋ ਭਰਮਿ ਭੁਲੈ ਸੰਸਾਰਿ।।**
**ਗੁਰ ਬਿਨੁ ਕੋਇ ਨ ਉਤਰਸਿ ਪਾਰਿ।।**

*–ਪੰਨਾ–੮੬੪*

*ਪਰੇਮ ਗੁਰੂ ਬਿਨ ਖੇਮ ਨ ਪਾਵੈ।।੧੮।।*

ਜਿੰਨਾਂ ਚਿਰ ਗੁਰੂ ਦਾ ਪ੍ਰੇਮ ਇਸਨੂੰ ਨਹੀਂ ਲਗਦਾ, ਉਤਨਾ ਚਿਰ ਇਸਦਾ ਕਲਿਆਣ ਨਹੀਂ ਹੁੰਦਾ। ਦੇਖੋ ਪੜ੍ਹੋ ਗਿਆਨ ਸਿੰਘ ਜੀ ਗਿਆਨੀ ਲਿਖਿਆ ਹੈ–

*ਸੰਨਿਆਸੀ ਭਗਵਾਨ ਗਿਰ ਬਿਚਰਿਉ ਦੇਸ਼ ਬਿਦੇਸ਼।*

*ਆਵਤ ਭਇਓ ਪੰਜਾਬ ਮੇਂ ਜਾਕੇ ਭਾਗ ਵਿਸ਼ੇਸ਼।*

ਗੁਰੂ ਗੋਬਿੰਦ ਸਿੰਘ ਨੂੰ ਆਕੇ ਮਿਲਿਆ ਭਗਤ ਭਗਵਾਨ ਜਿਨ੍ਹਾਂ ਦਾ ਨਾਂ ਹੋਇਆ ਸਾਰੀ ਦੁਨੀਆਂ ਫਿਰਕੇ, ਤੁਰਕੇ ਆ ਕੇ—ਭੱਟਾਂ ਨੇ ਦੇਖੋ ਜਿਸ ਵੇਲੇ ਆ ਕੇ ਆਖਿਆ—

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ।।**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ।।**
**ਬਰਸੁ ਏਕੁ ਹਉ ਫਿਰਿਓ**
**ਕਿਨੈ ਨਹੁ ਪਰਚਉ ਲਾਯਉ।।**
**ਕਹਤਿਅਹ ਕਹਤੀ[੨੯] ਸੁਣੀ**
**ਰਹਤ[੩੦] ਕੋ[੩੧] ਖੁਸੀ ਨ ਆਯਉ।।**
**ਹਰਿ ਨਾਮੁ ਛੋਡਿ ਦੂਜੈ ਲਗੇ**
**ਤਿਨ ਕੇ ਗੁਣ[੩੨] ਹਉ ਕਿਆ ਕਹਉ।।**
**ਗੁਰੁ ਦਯਿ[੩੩] ਮਿਲਾਯਉ ਭਿਖਿਆ**
**ਜਿਵ ਤੂ ਰਖਹਿ ਤਿਵ ਰਹਉ।।੨।।**

*–ਪੰਨਾ–੧੩੯੫*

*ਸੋ ਕਿਵ ਪਾਵੋ ਗੁਰੂ ਪਿਆਰਾ।*

ਮੈਨੂੰ ਵੀ ਸਤਿਗੁਰੂ ਦਾ ਦਰਸ਼ਨ ਹੋ ਸਕਦਾ ਹੈ ?

*ਜਿਸਤੇ ਹੋਵੇ ਪਾਰ ਉਤਾਰਾ।*

ਜਿਸ ਕਰਕੇ ਮੇਰਾ ਇਸ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋ ਜਾਏ।

*ਬਖਸ਼ੇ ਹਰ ਉਰ ਸ਼ਾਂਤੀ ਮੇਰੇ।*

ਸ਼ਾਂਤੀ ਸਤਿਗੁਰੂ ਮੇਰੇ ਹਿਰਦੇ ਵਿੱਚ ਬਖਸ਼ੇ।

## ਬਾਬਾ ਫਰੀਦ ਜੀ

ਪੜ੍ਹੋ ਫਰੀਦ ਦਾ ਹਾਲ, ਬਾਰ੍ਹਾਂ ਵਰ੍ਹੇ ਜੰਗਲਾਂ ਵਿੱਚ ਫਿਰਿਆ, ਖਾਣਾ ਪੀਣਾ ਛੱਡਕੇ ਰੁੱਖਾਂ ਦੇ ਪੱਤੇ ਤੋੜਕੇ ਖਾਂਦਾ ਆਇਆ, ਜਦੋਂ ਬਾਰ੍ਹੀਂ ਸਾਲ੍ਹੀਂ ਮਾਂ ਦੇ ਪਾਸ ਆਇਆ–

*ਖਿਚਿਆ ਵਾਲ ਫਰੀਦ ਨੇ ਸੀ ਕੀਤੀ*
*ਘਰੋਂ ਕੱਢ ਦਿੱਤਾ ਧੱਕੇ ਮਾਰ ਕਰਕੇ।*
*ਜਿਨ੍ਹਾਂ ਰੁੱਖਾਂ ਦੇ ਪੱਤਰ ਤੂੰ ਤੋੜ ਖਾਧੇ*
*ਉਹ ਰੁਖ ਰੋਂਦੇ ਜ਼ਾਰੋ ਜ਼ਾਰ ਕਰਕੇ।*

ਫਿਰ ਗਿਆ—ਲਿਖਿਆ ਮਹਾਰਾਜ ਦੀ ਬਾਣੀ ਵਿੱਚ ਜਿਥੇ ਫਰੀਦ ਜੀ ਦੀ ਬਾਣੀ ਸਤਿਗੁਰਾਂ ਨੇ ਆਪਣੀ ਬੀੜ ਵਿੱਚ ਚੜ੍ਹਾਈ ਹੈ, ਲਿਖਿਆ ਹੈ–

**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ[੩੪] ਮੇਰੀ ਭੁਖ॥**

*–ਪੰਨਾ-੧੩੭੯*

ਕਾਠ ਦੀ ਰੋਟੀ ਬੰਨੀ ਫਿਰਦਾ ਰਿਹਾ—ਪੱਲੇ। ਫੇਰ ਜ਼ਰਾ ਕੁ ਥੋੜੀ ਜਿਹੀ ਚੀਜ਼ ਵਿੱਚ ਆ ਕੇ, ਇੱਕ ਦਿਨ ਚਿਤ ਵਿੱਚ ਆਇਆ, ਚਿੜੀਆਂ ਨੂੰ ਦੇਖ ਕੇ, ਆਂਹਦਾ ਹੈ,''ਮਰ ਜਾਉ''—ਮਰ ਗਈਆਂ,''ਜੀਉ ਪਉ''—ਜੀਅ ਪਈਆਂ। ਇਹ ਉਹ ਚੀਜ਼ ਹੈ 'ਨਾਟਕ ਚੇਟਕ ਕੀਏ ਕੁਕਾਜਾ'—ਜਿਹਨੂੰ ਗੁਰੂ ਸਾਹਿਬ ਕਰਾਮਾਤ ਨੂੰ ਕਹਿਰ ਕਹਿੰਦੇ ਹਨ। ਅੱਗੋਂ ਤੁਰੇ ਜਾਂਦੇ ਨੂੰ ਇੱਕ ਬੀਬੀ ਮਿਲ ਗਈ, ਉਹ ਕੀ ਕਰਦੀ ਹੈ —ਪਾਣੀ ਕੱਢਦੀ ਹੈ, ਡੋਲ੍ਹੀ ਜਾਂਦੀ ਹੈ—ਕੱਢਦੀ ਹੈ ਡੋਲ੍ਹੀ ਜਾਂਦੀ ਹੈ। ਉੱਥੇ ਜਾ ਕੇ ਪਾਣੀ ਮੰਗਿਆ—ਉਹ ਪਾਣੀ ਡੋਲ੍ਹਦੀ ਰਹੀ, ਡੋਲ੍ਹਦਿਆਂ ਪਾਣੀ, ਜ਼ਰਾ ਔਖਾ ਲੱਗਾ ਹੋਣ। ਉਹ ਆਂਹਦੀ ਹੈ,''ਇੱਥੇ ਚਿੜੀਆਂ ਨਹੀਂ—ਮਰ ਜਾਣਗੀਆਂ—ਗੁਰੂ ਵਾਲੇ ਹਾਂ।''

ਅੱਖਾਂ ਖੁਲ੍ਹ ਗਈਆਂ।''ਇਹਨੂੰ ਮੇਰੀਆਂ ਚਿੜੀਆਂ ਕਿਹਨੇ ਦੱਸੀਆਂ ?'' ਪੁੱਛਣ ਲੱਗਾ,''ਤੈਨੂੰ ਕਿਵੇਂ ਪ੍ਰਾਪਤੀ ਹੋਈ ?''

ਉਨ੍ਹੇ ਆਖਿਆ,''ਮੈਨੂੰ ਤੇ ਇੱਕੋ ਗੱਲ ਨੇ ਪ੍ਰਾਪਤੀ ਕੀਤੀ ਹੈ, ਪਤੀਬਰਤ ਧਰਮ ਧਾਰਨ ਨੇ। ਮੈਂ ਵਿਆਹੀ ਆਈ ਮੇਰਾ ਪਤੀ ਜਿਹੜਾ ਸੀ—ਸਾਰੇ ਘਰ ਦੇ ਸੌਂ ਗਏ, ਉਹਨੇ ਪਾਣੀ ਮੰਗਿਆ। ਮੈਂ ਪਾਣੀ ਲੈ ਕੇ ਆਈ—ਉਹ ਸੌਂ ਗਿਆ। ਮੈਂ ਤਿੰਨ ਪਹਿਰ ਖਲੋਤੀ ਰਹੀ, ਜਦੋਂ ਚੌਥਾ ਪਹਿਰ ਹੋਇਆ ਉਹਨੂੰ ਜਾਗ ਆਈ, ਉਨ੍ਹੇ ਆਖਿਆ—ਪਾਣੀ, ਮੈਂ ਝੱਟ

ਛੰਨਾ—ਮੂੰਹ ਨੂੰ ਲਾ ਦਿੱਤਾ।''

ਪਹਿਲੇ ਦਿਨ ਹੀ ਸਾਡੀਆਂ ਕੁੜੀਆਂ—ਸਾਡੀਆਂ ਲੜਕੀਆਂ ਅਜੇ ਪਾਸੇ ਮਾਰਦੀਆਂ ਹਨ, ਮੂੰਹ ਢੱਕਦੀਆਂ ਹਨ। ਜਦੋਂ ਜਿਹਦੇ ਨਾਲ ਸੰਜੋਗ ਹੋ ਗਿਆ, ਸਾਰੀ ਸ੍ਰਿਸ਼ਟੀ ਨਾਲੋਂ ਟੁੱਟ ਕੇ ਉੱਥੇ ਜਾ ਲੱਗਿਆ ਫਿਰ ਇਹਦਾ ਹੱਕ ਹੈ। ਉਹਦੀ ਇੱਕ ਦਿਨ ਦੀ—ਉਸਦੀ ਸੇਵਾ ਦਾ ਫਲ ਮਿਲਿਆ। ਉਨ੍ਹਾਂ ਆਖਿਆ,''ਮੈਨੂੰ ਉਹ ਫਲ ਦਿੱਤਾ ਹੈ—ਉਸਦੀ ਖੁਸ਼ੀ ਮੇਰੇ ਪਤੀ ਦੀ ਹੋਈ ਹੈ।'' ਫਿਰ ਕਹਿੰਦੀ ਹੈ,''ਗੁਰੂ ਬਿਨਾ ਨਹੀਂ ਗਤੀ ਹੁੰਦੀ।''

ਫਰੀਦ ਨੇ ਫਿਰ ਜਾ ਕਰਕੇ ਦਿੱਲੀ ਵਿੱਚ ਠਹਿਰੇ, ਫਿਰ ਮੁਰਸ਼ਦ ਧਾਰਨ ਕੀਤੇ। ਜਿੱਥੇ ਮੈਂ ਪ੍ਰਸੰਗ ਕੱਲ ਪਰਸੋਂ ਸੁਣਾਇਆ ਸੀ ਕਿ ਅੱਖ ਕੱਢ ਕੇ ਦਿੱਤੀ—ਅੱਗ ਲਿਆਂਦੀ। ਬਗੈਰ ਗੁਰੂ ਤੋਂ ਗੁਰੂ ਅਮਰਦਾਸ ਮਹਾਰਾਜ ਬਹੱਤਰ (੭੨) ਸਾਲ ਦੀ ਉਮਰ ਤਕ, ਉਨੀਂ (੧੯) ਵਾਰ ਗੰਗਾ ਜਾ ਆਏ, ਬਥੇਰਾ ਬ੍ਰਹਮਚਾਰੀ ਬਣੇ ਰਹੇ, ਬਥੇਰੇ ਜਪ-ਤਪ ਕੀਤੇ, ਪਰ ਜਿੰਨਾ ਚਿਰ ਗੁਰੂ ਅੰਗਦ ਦੇਵ ਨੂੰ ਨਾ ਮਿਲੇ, ਕੁਛ ਨਾ ਬਣਿਆ।

## ਭਾਈ ਰਾਇ ਸਿੰਘ ਨੂੰ ਦਰਸ਼ਨ

*ਸਤਿਗੁਰੂ ਮਿਲੇ ਜੋ ਭਾਗ ਬਡੇਰੇ।।੧੯।।*

ਵੱਡੇ ਭਾਗਾਂ ਨਾਲ ਸਤਿਗੁਰ ਮਿਲਦਾ ਹੈ।

*ਇਕ ਦਿਨ ਸੰਥਾ ਪੜ ਕਰ ਗੁਰ ਸੇ।*

ਫਿਰ ਇੱਕ ਦਿਨ ਸੰਥਾ ਪੜ੍ਹਕੇ ਗਿਆਨੀ ਜੀ ਕੋਲੋਂ ਆਪਣੇ ਗੁਰੂ ਤੋਂ-

*ਚਲਾ ਜਾਤ ਮੁਰਝਾਣੇ ਉਰ ਸੇ।*

ਮੁਰਝਾਇਆ ਹੋਇਆ ਦਿਲ ਹੈ ਕਿ ਏਸ ਵੇਲੇ ਮੈਂ ਕਿੱਥੇ ਮਿਲਾਂ, ਸਤਿਗੁਰੂ ਮੈਨੂੰ ਕਿਸ ਤਰ੍ਹਾਂ ਮਿਲ ਸਕਦਾ ਹੈ, ਮੈਂ ਕੀ ਕਰਾਂ, ਮੈਨੂੰ ਕੋਈ ਪਤਾ ਨਹੀਂ।

*ਚਾਹਿ ਲਗੀ ਗੁਰ ਮਿਲਣੇ ਵਾਲੀ।*

ਸਤਿਗੁਰੂ ਦੇ ਮਿਲਣੇ ਦੀ ਚਾਹ ਲੱਗੀ।

*ਸਮਾਂ ਭਯੋ ਫੂਲੀ ਫਲ ਡਾਲੀ।।੨੦।।*

ਸਮਾਂ ਫਲ ਦਾ ਆ ਗਿਆ, ਫੁੱਲ ਲੱਗੇ ਹੋਏ ਸਨ, ਡਾਲੀ ਫੁੱਲੀ ਤੇ ਸਮਾਂ ਫਲ ਦਾ ਆ ਗਿਆ।

*ਸੋ ਗੁਰ ਰਾਮ ਦਾਸ ਗੁਰ ਮੇਲੇ।*

ਉਹ ਗੁਰੂ ਰਾਮਦਾਸ ਜੀ ਦੇ ਗੁਰਦੁਆਰੇ ਗੁਰੂ ਮਿਲ ਗਏ।

*ਮਿਲਤੇ ਹੋਵਨ ਨੈਣ ਸੁਹੇਲੇ।*

ਉਹ ਸਤਿਗੁਰੂ ਮਿਲੇ ਜਿਨ੍ਹਾਂ ਦੇ ਮਿਲਣੇ ਨਾਲ ਨੇਤਰ ਠੰਡੇ ਹੋਏ, ਜਿਹਨਾਂ ਦਾ ਦਰਸ਼ਨ ਕਰਨ ਤੋਂ-

**ਸਤਿਗੁਰ ਦਰਸਨਿ ਅਗਨਿ[੩੫] ਨਿਵਾਰੀ[੩੬]।।**
**ਸਤਿਗੁਰ ਭੇਟਤ[੩੭] ਹਉਮੈ ਮਾਰੀ।।**

*-ਪੰਨਾ-੧੯੩*

*ਪਿਆਸਾ ਬਾਰ ਬਾਰ ਬਿਨ ਬਾਰ।*

ਪਿਆਸਾ ਆਦਮੀ ਜਿਸ ਤਰ੍ਹਾਂ ਬਾਰ-ਬਾਰ ਕਹਿੰਦਾ—ਪਾਣੀ ਮਿਲੇ —ਪਾਣੀ ਮਿਲੇ—ਬਿਨਾਂ ਦੇਰ ਤੋਂ ਮਿਲੇ।

*ਬਾਰ ਬੀਚ ਚਹਿ ਬਿਨਾਂ ਅਵਾਰ।।੨੧।।*

ਬਾਰ ਵਿੱਚ—ਜੰਗਲ ਵਿੱਚ, ਪਿਆਸਾ ਆਦਮੀ—ਪਾਣੀ ਤੋਂ ਬਿਨਾ ਬਾਰ—ਬਾਰ ਕੀ ਕਹਿੰਦਾ ਹੈ—ਪਾਣੀ, ਪਾਣੀ—ਬਾਰ ਵਿੱਚ, ਜੰਗਲ ਵਿੱਚ, ਕਹਿੰਦਾ ਹੈ—ਮਿਲੇ ਬਿਨਾਂ ਦੇਰ ਤੋਂ।

*ਕਟੜੇ ਹਰੀ ਸਿੰਘ ਕੇ ਮਾਂਹਿ।*

ਕਹਿੰਦੇ ਹਨ ਹਰੀ ਸਿੰਘ ਦੇ ਕਟੜੇ ਵਿੱਚ ਜਾ ਰਹੇ ਸੀ ਤੁਰੇ।

*ਤਾਹਿ ਮਿਲੇ ਵਾਲੀ ਜਗ ਜਾਹਿ।*

ਜਗਤ ਦੇ ਵਾਲੀ—ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਦਾ ਦਰਸ਼ਨ ਹੋਇਆ—ਉੱਥੇ ਭਾਈ ਰਾਇ ਸਿੰਘ ਨੂੰ।

*ਕਛ ਕੜਾ ਸੀਧਾ ਦਸਤਾਰਾ।*

ਕਛਹਿਰਾ ਪਹਿਨਿਆ ਹੋਇਆ ਹੈ—ਕੜਾ ਹੱਥ ਵਿੱਚ ਹੈ—ਦਸਤਾਰਾ

ਸਿੱਧਾ ਹੈ।

*ਬਾਣਾ ਸਵੇਤ ਪਹਿਰਿਆ ਸਾਰਾ।।੨੨।।*

ਚਿੱਟੇ ਬਸਤਰ ਪਹਿਰੇ ਹੋਏ ਹਨ।

## ਨੀਲ ਬਸਤਰ ਲੈ ਕਪੜੇ ਫਾੜੇ

ਮੈਂ ਹੁਣ ਕੀ ਦਸਾਂ ਤੁਹਾਨੂੰ, ਧਿਆਨ ਦੇਈਏ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਜ਼ਫਰਨਾਮੇ ਵਿੱਚ ਇਹ ਚੀਜ਼ ਲਿਖਦੇ ਹਨ-

**ਬਰੰਗੇ ਮਗਸ ਸਿਯਾਹ ਪੋਸ਼ ਆਮਦੰਦ।।**

*-ਦਸਮ ਗ੍ਰੰਥ, ਪੰਨਾ-੧੩੯੦*

ਸਾਡੇ ਉੱਤੇ ਚੜ੍ਹ ਕੇ ਆਏ ਮੱਖੀ ਰੰਗੇ—ਸ਼ਾਹ ਪੋਸ਼। ਜੇ ਸਤਿਗੁਰਾਂ ਦੇ ਵੀ ਸ਼ਾਹ ਬਾਣੇ ਹੁੰਦੇ ਫਿਰ ਸਤਿਗੁਰਾਂ ਨੂੰ ਲੀੜੇ ਨਾ ਰੰਗਣੇ ਪੈਂਦੇ ਮਾਛੀਵਾੜੇ ਆ ਕੇ—ਵਕਤ ਵਾਸਤੇ ਕੁਛ ਕੀਤਾ। ਫਿਰ ਉਸਨੂੰ ਕੀ ਕੀਤਾ ਜ਼ਰਾ ਧਿਆਨ ਦੇਣਾ ਹੁਣ ਚੀਜ਼ ਅੱਗੇ ਆ ਗਈ ਹੈ—ਚਿੱਟਾ ਬਸਤਰ। ਗੁਰੂ ਗੋਬਿੰਦ ਸਿੰਘ ਸਾਹਿਬ ਮਾਛੀਵਾੜੇ ਵਿੱਚ ਬੈਠੇ ਉੱਚ ਦੇ ਪੀਰ ਬਣਕੇ ਨਿਕਲਣ ਵਾਸਤੇ। ਇਤਿਹਾਸ ਵਿੱਚ ਦੇਖਿਆ ਜਾਏ ਸਤਿਗੁਰਾਂ ਦੀ ਪੁਸ਼ਾਕ ਜਿਹੜੀ ਸੀ ਉਹ ਸੁਰਮੇ ਵਿੱਚ ਰੰਗੀ ਹੋਈ ਸੀ, ਨਾਲ ਦਿਆਂ ਨੇ ਨੀਲੇ ਕਪੜੇ ਰੰਗਵਾਏ—ਤਿੰਨਾਂ ਦੇ। ਨੀਲ ਦੇ ਵਿੱਚ ਇੱਕ ਬੜਾ ਭਾਰਾ ਔਗੁਣ ਹੈ। ਭੈਣੀ ਸਾਹਿਬ ਦੇ ਨਾਲ—ਮੀਲ ਡੇਢ ਮੀਲ ਤੇ—ਨੀਲ ਲੋਕ ਬੀਜਦੇ ਸੀ, ਹੁਣ ਨਹੀਂ ਬੀਜਦੇ। ਅਸਾਂ ਦੇਖੇ ਨੇਂ ਉਹ ਚੁਬੱਚੇ ਬਣੇ ਹੋਏ, ਸਾਡੇ ਸਾਹਮਣੇ ਨੀਲ ਦੇਖਿਐ, ਹੁਣ ਰੋਪੜ ਦੇ ਪਾਸ ਹੈ ਥੋੜਾ ਬਹੁਤਾ। ਨੀਲ ਦਾ ਰੰਗ ਨਹੀਂ ਉਨਾਂ ਚਿਰ ਪੂਰਾ ਆ ਸਕਦਾ ਜਿੰਨਾ ਚਿਰ ਉਹਦੇ ਵਿੱਚ ਗਾਂ ਦੀ ਰੱਤ ਨਾ ਪਵੇ। ਨਾਮਧਾਰੀਆਂ ਨੂੰ ਸਤਿਗੁਰਾਂ ਨੇ ਰੰਗੂਨੋਂ ਲਿਖਿਐ,''ਭਾਈ ਨੀਲਾ ਨਹੀਂ ਕਿਸੇ ਨੇ ਪਹਿਨਣਾ। ਨੀਲਾ ਪਹਿਨੇ ਤੇ ਮੱਤ ਮਾਰੀ ਜਾਂਦੀ ਹੈ।'' ਸਾਨੂੰ ਤੰਗੀ ਹੁੰਦੀ ਹੈ ਕਿਸੇ ਵੇਲੇ, ਕਿਸੇ ਜਗ੍ਹਾ ਜਾਂਦੇ ਹਾਂ, ਸਾਡੇ ਵੀ ਭਰਾ ਨੀਲੀਆਂ ਦਰੀਆਂ—ਨਾਮਧਾਰੀ ਵੀ ਚੁੱਕ ਲਿਆਉਂਦੇ ਹਨ। ਨੀਲ ਵਿੱਚ

ਇਹ ਦੋਸ਼ ਹੈ।

ਫੇਰ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਵਾਲੇ ਜਿਹੜੇ ਸਿੰਘ ਸਭਾ ਦੇ ਮੋਢੀਆਂ ਵਿੱਚੋਂ ਸਨ, ਉਹਨਾਂ ਨਾਲ ਮੇਰੀ ਗੱਲ ਬਾਤ ਹੋਈ। ਉਹਨਾਂ ਨੇ ਮੈਨੂੰ ਦੱਸਿਆ,''ਅਸੀਂ ਆਦਿ ਗ੍ਰੰਥ ਸਾਹਿਬ ਦੀਆਂ ਹਿੰਦੀ ਵਿੱਚ ਬੀੜਾਂ ਛਪਵਾਈਆਂ—ਯੂ. ਪੀ. ਆਦਿ ਵਿੱਚ ਪ੍ਰਚਾਰ ਹੋਵੇ ਗੁਰੂ ਦਾ। ਅਸਾਂ ਬਨ੍ਹਵਾਈਆਂ ਜਿਲਦਾਂ, ਜਿਲਦਾਂ ਉੱਤੇ ਲਗਾਈ ਅਬਰੀ—ਨੀਲੀ। ਕਹਿਣ ਲੱਗੇ,''ਜਦੋਂ ਪਤਾ ਕੀਤਾ ਅਬਰੀ ਨੀਲੀ ਤਾਂ ਹੀ ਖੁੱਲ੍ਹ ਸਕਦੀ ਹੈ ਜੇ ਉਹਨੂੰ ਗਾਂ ਦੀ ਚਰਬੀ ਲੱਗੇ। ਅਸਾਂ ਉਹਨਾਂ ਜਿਲਦਾਂ ਤੋਂ ਅਬਰੀਆਂ ਲੁਹਾ ਕੇ, ਮੁੜ ਕੇ ਹੋਰ ਕਾਗਜ਼ ਲਾਏ।''

ਕਿਸੇ ਚੀਜ਼ ਨਾਲ ਦਵੈਸ਼, ਓਹ ਚਿੱਟੀ ਵਾਲਾ, ਓਹ ਕਾਲੀ ਵਾਲਾ —ਇਸ ਗੱਲ ਨਾਲ ਮੇਰਾ ਤੱਅਲਕ ਨਹੀਂ, ਮੇਰਾ ਤਅੱਲਕ ਐਸ ਵੇਲੇ ਜਿਹੜੀ ਚੀਜ਼ ਮੇਰੇ ਅੱਗੇ ਆਈ ਹੈ—ਮੈਂ ਤੁਹਾਡੇ ਅੱਗੇ ਦੱਸ ਰਿਹਾਂ, ਨੀਲ ਨੂੰ ਰੰਗ ਨਹੀਂ ਆਉਂਦਾ ਜਿੰਨਾ ਚਿਰ ਗਾਂ ਦੀ ਰੱਤ ਨਾ ਪਵੇ। ਗੁਰੂ ਸਾਹਿਬ ਨੇ ਸੁਰਮਈ ਪਹਿਨੇ, ਸਿੱਖਾਂ ਨੂੰ ਉਹ ਪਵਾਏ। ਫਿਰ ਕਿੱਥੇ ਗਏ—ਜਾਂਦੇ ਜਾਂਦੇ ਢਿਲਵਾਂ ਫਰੀਦਕੋਟ ਦੇ ਇਲਾਕੇ ਵਿੱਚ। ਉੱਥੇ ਸੋਢੀ ਕੌਲ ਜੀ ਆ ਕੇ ਮਿਲੇ, ਉਹ ਕਹਿਣ ਲੱਗੇ,''ਸੱਚਿਆ ਪਾਤਸ਼ਾਹ, ਇਹ ਤੁਰਕਾਂ ਵਾਲਾ ਬਾਣਾ ਕਿਉਂ ਪਹਿਨਿਆ ਹੋਇਆ ?'' ਇਤਿਹਾਸ ਹੈ, ਕਈ ਇਤਿਹਾਸਾਂ ਵਿੱਚ ਰੌਲੇ ਹਨ, ਨਾਮਧਾਰੀ ਕਹਿੰਦੇ ਹਨ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਨਹੀਂ ਦਿੱਤੀ, ਕੋਈ ਕਹਿੰਦੇ ਹਨ ਦਿੱਤੀ ਹੈ। ਕਿਤੇ ਆਗਿਆ ਭਈ ਅਕਾਲ ਕੀ—ਕਿਸੇ ਵਿੱਚ ਲਿਖਿਆ ਹੈ, ਕਿਸੇ ਗ੍ਰੰਥ ਵਿੱਚ ਨਹੀਂ ਲਿਖਿਆ। ਇਹ ਤੇ ਸਾਡੀ ਚੀਜ਼ ਹੈ, ਇੱਕ ਨੇ ਉਹ ਮੰਨ ਲਈ—ਇੱਕ ਨੇ ਉਹ ਮੰਨ ਲਈ—ਲੇਕਿਨ ਇੱਕ ਚੀਜ਼ ਇਹ ਹੈ, ਕਿ ਜਿਹਨੂੰ ਕੋਈ ਇਤਿਹਾਸ ਵੀ ਨਹੀ ਰੱਦਦਾ। ਸਾਰੇ ਇਤਿਹਸ ਮੰਨਦੇ ਹਨ ਕਿ ਕੌਲ ਜੀ ਨੇ ਜਿਸ ਵੇਲੇ ਆਖਿਆ, ਗੁਰੂ ਸਾਹਿਬ ਜੀ ਨੇ ਅੰਗੀਠੇ ਲੱਗੇ ਉੱਤੇ ਅਕੋਤਰ ਸੌ ਵੇਰ ਤੁਕ ਇਹ ਪੜ੍ਹੀ

**ਨੀਲ ਬਸਤ੍ਰ ਲੇ ਕਪੜੇ ਫਾੜੇ**[੩੮],

**ਤੁਰਕ ਪਠਾਣੀ ਅਮਲੁ ਗਇਆ।।**

ਜਿਸ ਤਰ੍ਹਾਂ ਅਸੀਂ ਹੁਣ ਪੜ੍ਹਦੇ ਹਾਂ। ਸ਼ਾਇਦ ਕਿਸੇ ਸੱਜਣ ਨੂੰ ਇਹ ਸ਼ੰਕਾ ਹੁੰਦੀ ਹੋਵੇ ਕਿ ਇਹ ਤੁਕ ਉਲਟਾਉਂਦੇ ਨੇ। ਤੁਕ ਉਲਟਾਉਣ ਵਾਲਾ ਗੁਰੂ ਗੋਬਿੰਦ ਸਿੰਘ ਹੈ। ਮਨੁੱਖ ਦੀ ਕਿਸੇ ਦੀ ਤਾਕਤ ਨਹੀਂ ਗੁਰਬਾਣੀ ਦੀ ਤੁਕ ਕੋਈ ਉਲਟਾਵੇ।

**ਨੀਲ ਬਸਤ੍ਰ ਲੇ ਕਪੜੇ ਫਾੜੇ,**
**ਤੁਰਕ ਪਠਾਣੀ ਅਮਲੁ ਗਇਆ।।**

ਫਿਰ ਸੋਢੀ ਕੌਲ ਜੀ ਕਹਿੰਦੇ ਹਨ,''ਮਹਾਰਾਜ, ਰਾਮ ਰਾਏ ਜੀ ਨੇ ਮੁਸਲਮਾਨ ਦੀ ਜਗ੍ਹਾ ਬੇਈਮਾਨ ਦੀ ਮਿੱਟੀ ਕਹਿ ਦਿੱਤੀ ਸੀ—ਗੁਰਿਆਈਓਂ ਖਾਰਜ ਹੋ ਗਏ।''

ਗੁਰੂ ਸਾਹਿਬ ਕੀ ਕਹਿੰਦੇ ਹਨ,''ਇਸ ਤੁਕ ਦੇ ਵਾਸਤੇ—ਗੁਰੂ ਅਰਜਨ ਦਾ ਸਿਰ, ਗੁਰੂ ਤੇਗ ਬਹਾਦਰ ਦਾ ਸਿਰ, ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਸੀਸ, ਚਾਰ ਸਾਹਿਬਜ਼ਾਦੇ—ਸੱਤ ਸਿਰ ਦਿੱਤੇ ਹਨ ਇਹਦੇ ਵਾਸਤੇ।'' ਐਵੇਂ ਨਹੀਂ ਤੁਕ ਉਲਟਾਈ, ਜਿਹੜਾ ਇਕਰਾਰ ਸੀ ਕੀਤਾ ਬਾਬਰ ਦੇ ਵੇਲੇ—ਗੁਰੂ ਨਾਨਕ ਨੇ ਜਿਸ ਵੇਲੇ ਆਖਿਆ, ਕਿ ਸੱਤ ਮੁੱਠੀਆਂ ਦੇ ਕੇ ਭੰਗ ਦੀਆਂ—ਬਾਦਸ਼ਾਹੀਆਂ ਦਿੱਤੀਆਂ। ਬਾਲੇ ਨੇ ਕੋਲੋਂ ਰੋਸ ਕੀਤਾ,''ਇਹ ਕੀ ਕੀਤਾ।''

ਕਹਿੰਦੇ ਨੇ,''ਸੱਤ ਸਿਰ ਦੇ ਕੇ ਲਵਾਂਗੇ।'' ਇਤਿਹਾਸ*[੨] ਹੈ, ਇਹ ਕੂਕੇ ਦੀ ਗੱਲ ਨਹੀਂ ਪ੍ਰਤਾਪ ਸਿੰਘ ਦੀ ਗੱਲ ਨਹੀਂ। ਪੜ੍ਹ ਕੇ ਦੇਖੋ, ਫਿਰ ਅਖੀਰੀ ਸਾਡਾ ਲਿਖਣ ਵਾਲਾ, ਦਸ਼ਮੇਸ਼ ਪ੍ਰਕਾਸ਼ ਨੂੰ ਗਿਆਨੀ ਕਰਤਾਰ ਸਿੰਘ ਕਲਾਸ ਵਾਲੀਏ, ਜਿਹੜੇ ਅਕਾਲ ਤਖਤ ਦੇ ਗ੍ਰੰਥੀ ਵੀ ਰਹੇ, ਉਹ ਕਹਿੰਦੇ ਹਨ–

*ਨੀਲਾ ਫਾੜ ਚਿਟੇ ਬਸਤਰ ਪਹਿਨ ਗੁਰੂ ਜੀ,*
*ਗੁਰੂ ਗ੍ਰੰਥ ਦੀ ਤੁਕ ਉਲਟਾਈ ਉਥੇ।*

ਇਹ ਕਿਸੇ ਦੀ ਘੜੀ ਹੋਈ ਗੱਲ ਨਹੀਂ। ਇਸ ਤੋਂ ਅੱਗੇ ਜਾ ਕੇ ਗੱਲ ਹੈ, ਬਈ ਗੁਰਬਾਣੀ ਵਿੱਚ ਤੁਕ ਕਿਉਂ ਨਹੀਂ ਚੜ੍ਹੀ। ਮਹਾਰਾਜ

ਉਸ ਵੇਲੇ ਜੰਗ ਵਿੱਚ ਜਾਂਦੇ ਸੀ, ਜਿਹੜੀ ਦਮਦਮੇ ਸਾਹਿਬ ਵਾਲੀ ਗੱਲ ਹੈ ਇਹ ਵੀ ਸੰਸੇ ਜਨਕ ਹੈ ਕਿ ਗੁਰੂ ਸਾਹਿਬ ਨੇ ਉੱਥੇ ਬੀੜ ਮੁੜ ਕੇ ਉਚਾਰੀ, ਜਿਹੜਾ ਲੋਕਾਂ ਵਿੱਚ ਇਹ ਖਿਆਲ ਪਾਇਆ ਜਾਂਦੈ। ਜਿਸ ਤਰ੍ਹਾਂ ਮੈਂ ਮਾਤਾ ਸਾਹਿਬ ਦੇਵਾਂ ਦੀ ਗੱਲ ਦੱਸੀ ਸੀ ਕਿ ਇੱਕ ਸਾਲ ਸਤਾਰਾਂ ਦਿਨ ਅੰਮ੍ਰਿਤ ਬਣਨ ਤੋਂ ਬਾਅਦ ਆਉਂਦੇ ਹਨ, ਕਹਿੰਦੇ ਨੇ ਪਤਾਸੇ ਉਨ੍ਹਾਂ ਨੇ ਪਾਏ—ਇਤਿਹਾਸ ਦੀਆਂ ਗੱਲਾਂ ਹਨ। ਕੋਈ ਆਦਮੀ ਦੁੱਖ ਨਾ ਮੰਨੇ ਮੇਰਾ ਤੇ—ਉਹਨਾਂ ਦਾ, ਇੱਕੋ ਗੁਰੂ ਦਾ ਇਤਿਹਾਸ ਹੈ, ਇੱਕੋ ਗੁਰੂ ਦੇ ਅਸੀਂ ਸਿੱਖ ਹਾਂ, ਜਿੱਥੋਂ ਅੱਗੇ ਜਾ ਕੇ ਕੋਈ ਮੰਨੇ ਨਾ ਮੰਨੇ—ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ—ਕੋਈ ਸਿੱਖ ਨਹੀਂ ਅਲਹਿਦਾ ਹੋ ਸਕਦਾ, ਉੱਥੇ ਕਿਸੇ ਵਾਸਤੇ ਕੋਈ ਦਵੈਸ਼ ਨਹੀਂ ਅੱਗੋਂ ਕਿਸੇ ਤਰ੍ਹਾਂ ਜਿਵੇਂ ਕੋਈ ਮੰਨਦਾ ਉਵੇਂ ਮੰਨੇ।

## ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ

ਇਸੇ ਤਰ੍ਹਾਂ ਹੀ ਸੂਰਜ ਪ੍ਰਕਾਸ਼ ਨਹੀਂ ਇਹ ਗੱਲ ਮੰਨਦਾ ਕਿ ਗੁਰੂ ਸਾਹਿਬ ਨੇ ਬੀੜ ਉਚਾਰੀ ਦਮਦਮੇ ਸਾਹਿਬ, ਮੁੜ ਕੇ; ਰਤਨ ਸਿੰਘ ਭੰਗੂ ਨਹੀਂ ਇਹ ਗੱਲ ਮੰਨਦਾ। ਗੁਰ ਬਿਲਾਸ ਸੁੱਖਾ ਸਿੰਘ ਦੇ ਵਿੱਚ ਨਹੀਂ ਇਹ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਮਦਮੇ ਸਾਹਿਬ ਆ ਕੇ ਮੁੜਕੇ ਆਦਿ ਬੀੜ ਉਚਾਰੀ।

ਜਿਹੜੀ ਇਹ ਗੱਲ ਹੈ ਕਿ ਨੌਵੀਂ ਪਾਤਸ਼ਾਹੀ ਦੀ ਬਾਣੀ ਚੜ੍ਹਾਈ ਗਈ, ਇਹ ਮੈਂ ਤੁਹਾਡੇ ਅੱਗੇ ਅਰਜ਼ ਕਰਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਵੇਲੇ ਆਪ, ਆਪਣੇ ਗੁਰੂ ਗੱਦੀ ਤੇ ਸੁਭਾਇਮਾਨ ਹੋਏ ਹਨ, ਉਦੋਂ ਹੀ ਬਾਣੀ ਚੜ੍ਹਾ ਦਿੱਤੀ ਹੈ—ਦਮਦਮੇ ਸਾਹਿਬ ਤੋਂ ਪਹਿਲਾਂ ਹੀ। ਇਹ ਸਾਡੇ ਕੋਲ ਇੱਕ ਬੜਾ ਭਾਰਾ ਸਬੂਤ ਹੈ। ਇੱਕ ਉਦਾਸੀ ਸਾਧ, ਇਤਿਹਾਸ ਪੜ੍ਹੋ, ਉਸਨੇ ਲਿਖੀ ਇੱਕ ਬੀੜ ਮਹਾਰਾਜ ਦੀ, ਉਹ ਬੀੜ ਲਿਖਕੇ ਗੁਰੂ ਗੋਬਿੰਦ ਸਿੰਘ ਦੇ ਦਸਖਤ ਕਰਾਉਣ ਨੂੰ ਦੀਵਾਨ ਨੰਦ ਚੰਦ ਨੂੰ ਦੇਂਦਾ ਹੈ ਉਹ ਬੀੜ। ਦੀਵਾਨ ਨੰਦ ਚੰਦ ਵੇਖ ਕੇ ਬੀੜ

ਹੀ ਘੁੱਟ ਜਾਂਦਾ ਹੈ, ਉਹ ਮਹਾਰਾਜ ਦੇ ਪੇਸ਼ ਹੀ ਨਹੀਂ ਕਰਦਾ। ਰਾਜਸੀ ਠਾਠ ਸੀ, ਸਾਧ ਨੂੰ ਮਿਲਣਾ ਨਹੀਂ ਮਿਲਦਾ। ਬੜੀ ਦੇਰ ਬਾਅਦ ਇੱਕ ਦਿਨ ਸਾਧ ਸਤਿਗੁਰਾਂ ਦੇ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੇਸ਼ ਹੁੰਦਾ ਹੈ। ਉਹ ਕਹਿੰਦਾ,''ਮਹਾਰਾਜ, ਮੇਰੀ ਇਹ ਬੀੜ ਲਿਆਂਦੀ ਸੀ—ਮੈਂ ਤੇ ਦਸਖਤ ਕਰਾਉਣ ਨੂੰ ਲਿਆਇਆ ਸਾਂ।''

ਨੰਦ ਚੰਦ ਨੂੰ ਸੱਦ ਕੇ ਪੁੱਛਿਆ, ਉਹ ਕਹਿੰਦਾ,''ਜੀ, ਐਵੇਂ ਝੂਠ ਬੋਲਦਾ ਹੈ।''

ਉਹ ਕਹਿੰਦੇ,''ਜਾ ਤੇਰੀਆਂ ਜੜ੍ਹਾਂ ਪੱਟੀਆਂ''—ਗੁਰੂ ਗੋਬਿੰਦ ਸਿੰਘ ਕਹਿੰਦੇ ਹਨ।

ਉਹ ਕਹਿੰਦਾ,''ਮੇਰੀਆਂ ਜੜ੍ਹਾਂ ਤੇਰੀਆਂ ਜੜ੍ਹਾਂ ਵਿੱਚ ਹਨ।''

ਕਹਿੰਦੇ,''ਆਪਣੀਆਂ ਵੀ ਪੱਟੀਆਂ।''

ਉਸ ਬੀੜ ਬਾਰੇ ਫੇਰ ਇਹ ਸਰਾਪ ਦਿੱਤਾ ਕਿ ਜਿਹੜਾ ਇਹਦਾ ਪਾਠ ਕਰੇਗਾ ਅੰਨ੍ਹਾਂ ਹੋ ਜਾਏਗਾ। ਉਹ ਬੀੜ ਅੱਜ ਕੱਲ੍ਹ ਭਾਈ ਕੀ ਡਰੋਲੀ, ਮੋਗੇ ਦੇ ਨਜ਼ਦੀਕ, ਡਗਰੂ ਦੇ ਸਟੇਸ਼ਨ ਦੇ ਕੋਲ ਹੈ। ਮੈਂ ਉਹਦੇ ਦਰਸ਼ਨ ਕਰਕੇ ਆਇਆਂ ਜਾ ਕੇ। ਉਸ ਬੀੜ ਦਾ ਇੱਕ ਸੰਤ ਮਹਾਤਮਾ, ਮੈਂ ਜਿਹਨਾਂ ਕੋਲ ਵਿੱਦਿਆ ਪੜ੍ਹਦਾ ਰਿਹਾ, ਉਹ ਸੰਤ ਸੇਵਾ ਸਿੰਘ ਜੀ ਸਨ, ਉਹਨਾਂ ਦੇ ਵਿੱਦਿਆ ਗੁਰੂ ਸਨ—ਨੱਥਾ ਸਿੰਘ ਜੀ ਅੰਬਾਲੇ ਦੇ ਜ਼ਿਲ੍ਹੇ ਦੇ ਰਹਿਣ ਵਾਲੇ, ਮਾਤਾ (ਜੀਵਨ ਕੌਰ) ਜੀ ਨੇ ਉਹਨਾਂ ਦਾ ਦਰਸ਼ਨ ਕੀਤਾ ਹੈ—ਉਹਨਾਂ ਜਾ ਕੇ ਉਹਦਾ ਪਾਠ ਕੀਤਾ। ਪਾਠ ਕਰਕੇ ਘਰ ਆ ਗਏ। ਆ ਕੇ ਚਿਤ ਵਿੱਚ ਖਿਆਲ ਆਇਆ ਕਿ ਗੁਰੂ ਸਾਹਿਬ ਨੇ ਕਿਹਾ ਸੀ,''ਭਾਈ ਇਹਦੇ ਨਾਲ ਅੰਨ੍ਹਾ ਹੋ ਜਾਂਦਾ ਹੈ—ਮੇਰਾਂ ਤਾਂ ਕੁਛ ਨ ਵਿਗੜਿਆ।'' ਦੁਪਹਿਰ ਦੇ ਵਕਤ ਸੁੱਤੇ ਪਏ ਉਹ ਅੰਨੇ ਹੋ ਗਏ। ਮਾਈ ਜੀ ਨੇ ਉਹਨਾਂ ਨੂੰ ਦੇਖਿਆ ਹੈ। ਇਹ ਵੀ ਪੱਕੀ ਗੱਲ ਹੈ ਗੁਰੂ ਸਾਹਿਬ ਦੇ ਬਚਨ ਤਾਂ ਦੁਨੀਆਂ ਉਲਟ ਜਾਏ ਨਹੀਂ ਉਲਟ ਸਕਦੇ ਔਰ ਇਹ ਬੜੀ ਪੱਕੀ ਉਹ ਚੀਜ਼ ਹੈ, ਉਸ ਬੀੜ ਵਿੱਚ ਗੁਰੂ ਤੇਗ਼ ਬਹਾਦਰ ਦੀ ਬਾਣੀ ਹੈ। ਉਹ ਬੀੜ ਗੁਰੂ ਗੋਬਿੰਦ

ਸਿੰਘ ਜੀ ਦੇ ਪਉਂਟੇ ਸਾਹਿਬ ਵੇਲੇ ਤੋਂ, ਪਹਿਲਾਂ ਦੀ ਉਹ ਗਈ ਹੋਈ ਹੈ। ਇਸ ਕਰਕੇ ਜਦੋਂ ਤੋਂ ਗੁਰੂ ਸਾਹਿਬ ਆਪਣੇ ਗੁਰਗੱਦੀ ਉੱਤੇ ਬਿਰਾਜਮਾਨ ਹੋਏ, ਉਦੋਂ ਹੀ ਉਹਨਾਂ ਨੇ ਗੁਰੂ ਤੇਗ ਬਹਾਦਰ ਦੀ ਬਾਣੀ ਚੜ੍ਹਾ ਦਿੱਤੀ ਹੈ।

## ਲਾਂਬੀ ਭੁਜਾ ਵ ਲਾਂਬੀ ਡੀਲ

ਤਾਂ ਕੀ ਹੋਇਆ ? ਦਰਸ਼ਨ ਹੋਇਆ—ਚਿੱਟੇ ਬਸਤਰਾਂ ਨਾਲ ਸਤਿਗੁਰੂ ਰਾਮ ਸਿੰਘ ਦਾ–

*ਲਾਂਬੀ ਭੁਜਾ ਵ ਲਾਂਬੀ ਡੀਲ।*

ਜਿਨ੍ਹਾਂ ਦੀਆਂ ਬਾਹਵਾਂ ਹਨ ਲੰਮੀਆਂ, ਲੰਮਾ ਹੈ ਸਰੀਰ। ਮੈਂ ਹੁਣ ਕੀ ਕਹਾਂ ਸਾਡੇ ਢਾਡੀਆਂ ਕੋਲੋਂ ਅਸੀਂ ਸੁਣਿਆ ਏ—ਗੁਰੂ ਹਰਿਗੋਬਿੰਦ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਬਤ। ਉਹ ਕੀ ਕਹਿੰਦੇ ਸੀ ਢਾਡੀ, ਕੈਸੇ ਹਨ ਗੁਰੂ ਸਾਹਿਬ ਨਰ ਅਵਤਾਰ—ਜਿਨ੍ਹਾਂ ਦੀ ਸਵਾ ਗਿੱਠ ਗਰਦਨ ਮੋਢਿਆਂ ਤੋਂ ਉੱਚੀ ਹੈ, ਚੂਚੀਆਂ ਦੀ ਨਿਸ਼ਾਨੀ ਨਹੀਂ, ਥਣਾਂ ਦੀ ਨਿਸ਼ਾਨੀ ਨਹੀਂ ਹੁੰਦੀ ਨਰ ਅਵਤਾਰ ਦੇ—'ਏਕੋ ਪੁਰਖ ਸਬਾਈ ਨਾਰਿ'—ਚੂਚੀਆਂ ਦੀ ਨਿਸ਼ਾਨੀ ਨਹੀਂ—ਉਂਗਲਾਂ ਵਿੱਚ ਗੰਢਾਂ ਨਹੀਂ—ਬਾਹਵਾਂ ਵਿੱਚ ਅਰਕਾਂ ਨਹੀਂ—ਗੋਡਿਆਂ ਵਿੱਚ ਚੱਪਣੀਆਂ ਨਹੀਂ—ਐਸੇ ਗੁਰੂ ਸਾਹਿਬ ਨਰ ਅਵਤਾਰ। ਹੁਣ ਸਾਡੇ ਤਸਵੀਰਾਂ ਬਨਾਉਣ ਵਾਲੇ, ਵਾਰੇ ਜਾਈਏ ਉਹਨਾਂ ਤੋਂ ਉਹ ਪੈਸੇ ਲੈਣ ਦੇ ਵਾਸਤੇ ਗੁਰੂ ਸਾਹਿਬਾਂ ਦੀਆਂ ਤਸਵੀਰਾਂ ਬਣਾਉਂਦੇ ਹਨ। ਉਹਨਾਂ ਨੂੰ ਕੋਈ ਗੁਰੂ ਸਾਹਿਬ ਦੀ ਸ਼ਕਲ ਦਾ ਨਹੀਂ ਪਤਾ, ਉਹ ਨਹੀਂ ਕਿਸੇ ਕੋਲੋਂ ਸੁਣੀ, ਨਹੀਂ ਉਹਨਾ ਨੇ ਕਿਤੇ ਪੜ੍ਹੀ। ਸਵਾ ਮਣ ਦਾ ਕਮਰ ਕੱਸਾ ਗੁਰੂ ਹਰਿਗੋਬਿੰਦ ਸਾਹਿਬ ਦਾ ਹੁੰਦਾ ਸੀ—ਔਰ ਢਾਈ ਮਣ ਦਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸੀ। ਢਾਡੀ ਪੜ੍ਹਦੇ ਸੀ ਕਿ ਜਿੱਥੇ ਰਹਿ ਜਾਏ ਚੌਗਿਰਦਾ ਖਾਲੀ, ਉੱਥੇ ਸਲੋਤਰ ਰੱਖਣਾ ਤਾਂ ਕਿ ਜਦੋਂ ਹੱਥ ਪਾਈਏ ਸ਼ਸਤਰ ਹੀ ਨਿਕਲੇ। ਹੁਣ ਇੱਕ ਹੋਰ ਗੱਲ ਤਸਵੀਰਾਂ ਉੱਤੇ ਆ ਗਈ ਹੈ,

ਗਰਦਨ ਬਣੀ ਹੋਈ ਦੇਖੋ, ਗੁਰੂ ਗੋਬਿੰਦ ਸਿੰਘ ਦੀ ਏਨੀ ਕੁ ਬਣਾਉਂਦੇ ਹਨ ਜਿਵੇਂ ਮੋਢਿਆਂ ਵਿੱਚ ਅੜੀ ਹੋਈ ਹੈ। ਨੱਕ ਕਿਹੋ ਜਿਹਾ ਹੈ, ਦਾੜ੍ਹਾ ਕਿੱਡਾ ਭਾਰਾ ਬਣਾਇਆ ਹੈ, ਫੇਰ ਲੱਤਾਂ ਏਸ ਤਰ੍ਹਾਂ ਹੁੰਦੀਆਂ ਹਨ, ਗੋਡੇ ਅੰਦਰ ਕਰ ਦੇਂਦੇ ਹਨ ਬਨਾਉਣ ਲੱਗੇ। ਖਲੋਤਿਆਂ ਦੀ ਤਸਵੀਰ ਦੇਖੋ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਫਿਰ ਕਿਸੇ ਮਨੁੱਖ ਦੀ ਜੇ ਰਲ ਜਾਏ, ਫਿਰ ਗੁਰੂ ਦੀ ਤਸਵੀਰ ਕਿਆ ਹੋਈ।

**ਆਜਾਨੁ ਬਾਹੁ**—ਖੜੋਤਿਆਂ ਦੀਆ ਜਾਨੂੰਆਂ ਤਕ ਆਉਣ ਬਾਹਾਂ–—ਗੋਡਿਆਂ ਤਕ।

**ਸਾਹਾਨ ਸਾਹੁ**—ਸ਼ਾਹਾਂ ਦਾ ਸ਼ਾਹ ਹੈ ਉਹ ਪਾਤਸ਼ਾਹ।

ਇਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਜਿਹਨਾਂ ਨੇ ਦਰਸ਼ਨ ਕੀਤੇ ਹਨ, ਉਹ ਪੁਰਾਣੇ ਲੋਕ ਬਗੈਰ ਨਾਮਧਾਰੀਆਂ ਤੋਂ ਵੀ ਉਹ ਇਹ ਕਹਿੰਦੇ ਸੀ ਕਿ ਏਦੂੰ ਉੱਚਾ ਆਦਮੀ ਕੋਈ ਨਹੀਂ ਸੀ ਆਉਂਦਾ, ਬੈਠਿਆ ਵਿੱਚ ਵੀ ਐਨੇ ਉੱਚੇ, ਖਲੋਤਿਆਂ ਵਿੱਚ ਵੀ। ਇੱਕ ਬ੍ਰਾਹਮਣ ਗੰਡੂ ਰਾਮ ਉਹਦਾ ਨਾਮ, ਲਹੀਆਂ ਪਿੰਡ ਦਾ ਰਹਿਣ ਵਾਲਾ—ਭਾਈ ਗੁਰਦਿੱਤ ਸਿੰਘ ਇੱਕ ਸਤਿਗੁਰਾਂ ਦੇ ਸੇਵਕ ਉੱਥੇ ਸਨ ਚੇਲੇ ਕਿਆਂ ਦੇ ਉਹਨਾਂ ਦੀ ਕੋਈ ਰਿਸ਼ਤੇਦਾਰੀ ਸੀ—ਉਹਨੂੰ ਵੀ ਪਤਾ ਲੱਗਾ ਕਿ ਅਵਤਾਰ ਪਰਗਟ ਹੋਇਆ। ਉਹਨਾਂ ਆਖਿਆ,''ਮੈਂ ਦੇਖਣਾ ਹੈ ਕਿ ਅਵਤਾਰ ਦੀ ਛਾਂ ਨਹੀਂ ਹੁੰਦੀ।'' ਸਤਿਗੁਰ ਉੱਥੇ ਘੋੜੀ ਤੇ ਚੜ੍ਹਕੇ ਗਏ, ਜਿਸ ਵੇਲੇ ਦੌਰੇ ਗਏ ਪੰਡਿਤ ਜੀ ਆਏ ਕੋਲ—ਪੰਡਿਤ ਜੀ ਹੁੱਕਾ ਪੀਂਦੇ ਹੁੰਦੇ ਸੀ।

ਸਤਿਗੁਰਾਂ ਨੇ ਆਖਿਆ—ਲੱਗੇ ਚਰਣੀ ਹੱਥ ਲਾਉਣ—ਸਤਿਗੁਰ ਕਹਿਣ ਲੱਗੇ,''ਪੰਡਿਤ ਜੀ, ਹੱਥ ਨਾ ਲਾਉਣਾ, ਤੁਸੀਂ ਹੁੱਕਾ ਪੀਂਦੇ ਹੋ।''

ਤਾਂ ਪੰਡਿਤ ਜੀ ਪਿੱਛੋਂ ਹੀ ਮੱਥਾ ਟੇਕ ਕੇ ਕਹਿੰਦੇ ਹਨ,''ਚਲੋ ਜੀ ਕੋਈ ਗੱਲ ਨਹੀਂ, ਤੁਸੀਂ ਹੱਥ ਨਾ ਲਾਉਣ ਦਿਓ, ਮੈਨੂੰ ਦਰਸ਼ਨ ਤੇ ਅਵਤਾਰ ਦਾ ਹੋ ਗਿਆ।''

ਦਸ ਵਜੇ ਦਿਨ ਦੇ ਹਨ ਘੋੜੀ ਦੀ ਛਾਇਆ ਹੈ—ਸਤਿਗੁਰਾਂ ਦੀ

ਛਾਇਆ ਨਹੀਂ। ਸਾਹਮਣੇ ਦਰਸ਼ਨ ਕਰਦੇ ਹਨ—ਇੱਕ ਗੈਰ ਨਾਮਧਾਰੀ ਦੀ ਗੱਲ ਹੈ। ਨਾਮਧਾਰੀਆਂ ਦੀ ਗੱਲ ਨਹੀਂ ਮੈਂ ਕਰ ਰਿਹਾ। ਜਿਹਨਾਂ ਦਾ ਲੰਬਾ ਹੈ ਸਰੀਰ—ਲੰਬੀ ਹੈ ਜਿਹਨਾਂ ਦੀ ਡੀਲ।

*ਮ੍ਰਿਦੁਲ ਬਾਕ ਪੂਰਣ ਗੁਣ ਸੀਲ।*

ਜਿਹਨਾਂ ਦੇ ਬਚਨ ਹਨ ਮਿੱਠੇ, ਪੂਰਣ ਗੁਣਾਂ ਦੇ ਭਰੇ ਹੋਏ।

*ਛਟੀ ਹਾਥ ਸੁੰਦਰ ਨਿਜ ਮੌਜ।*

ਹੱਥ ਵਿੱਚ ਛਟੀ ਪਕੜੀ ਹੋਈ ਹੈ ਬੜੀ ਸੁੰਦਰ, ਜਿੰਨ੍ਹਾਂ ਦਾ ਸਰੂਪ ਹੈ—ਸੁੰਦਰ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਕੰਜਲਕ[੩੯] ਨੈਨ ਕੰਬੂ[੪੦] ਗ੍ਰੀਵਹਿ,**
**ਕਟਿ[੪੧] ਕੇਹਰ ਕੁੰਜਰ ਗਵਨ[੪੨]।।**
**ਕਦਲੀ[੪੩] ਕੁਰੰਕ[੪੪] ਕਰਪੂਰ[੪੫],ਗਤ[੪੬]**
**ਬਿਨ ਅਕਾਲ ਦੂੱਜੋ ਕਵਨ।।**

*–ਦਸਮ ਗ੍ਰੰਥ, ਪੰਨਾ–੧੩੧*

ਕੌਣ ਦੂਸਰਾ ਹੋ ਸਕਦੈ ਜਿਹਦੇ ਵਿੱਚ ਸੰਪੂਰਣ ਸੁੰਦਰਤਾ ਆ ਜਾਵੇ। ਫਿਰ ਉਹਦੇ ਵਿੱਚ ਇੱਕ ਹੋਰ ਵੱਡੀ ਭਾਰੀ ਸਿਫਤ ਹੈ ਕਿ ਉਹ ਸਯਾਮ ਸੁੰਦਰ ਹੈ। ਲੋਕ ਗੋਰੇ ਰੰਗ ਦੇ ਹੁੰਦੇ ਹੋਏ ਸੁੰਦਰ ਹੁੰਦੇ ਹਨ, ਉਹ ਸਯਾਮ ਹੁੰਦਾ ਹੋਇਆ ਸੁੰਦਰ ਹੈ, ਇਹ ਉਹਦੀ ਸਿਫਤ ਹੈ। ਜਿੱਥੇ ਕਿਤੇ ਵੀ ਪੜ੍ਹੋ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ–

**ਬਲਿ ਬਲਿ ਜਾਉ ਸਿਆਮ[੪੭] ਸੁੰਦਰ ਕਉ,**
**ਅਕਥ ਕਥਾ ਜੀ ਕੀ ਬਾਤ ਸੁਨੀ[੪੮]।।**

*–ਪੰਨਾ–੮੨੭*

ਗੁਰੂ ਗੋਬਿੰਦ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਬਾਬਤ ਕਹਿੰਦੇ ਹਨ–

*ਗਾਤ ਸਾਵਰੋਂ ਧਾਰ ਕੈ ਛਿਤ ਪਰ ਬਿਚਰੈ ਆਪ।*
*ਟਰੈ ਅਰਿਸ਼ਟ ਸਭ ਜਗਤ ਕੈ ਧਰਮ ਵਧੈ ਖਹਿ ਪਾਪ।*

ਉਹ ਨੂੰ ਸਤਿਗੁਰੂ ਜੀ ਦੇ ਦਰਸ਼ਨ ਹੋਏ—ਭਾਈ ਰਾਇ ਸਿੰਘ ਜੀ ਨੂੰ।

*ਚਲੇ ਆਤ ਸੁਆਮੀ ਜਗ ਫੌਜ।।੨੩।।*

ਜਗਤ ਜਿਨ੍ਹਾਂ ਦੀ ਫੌਜ ਹੈ, ਸੁਆਮੀ ਚਲੇ ਆ ਰਹੇ ਹਨ।

*ਗੁਰੂ ਰਾਮ ਸਿੰਘ ਧਰਮੀ ਧੀਰ।*

ਸਤਿਗੁਰੂ ਰਾਮ ਸਿੰਘ ਜਿਨ੍ਹਾਂ ਨੇ ਧਰਮ ਨੂੰ ਆ ਕੇ ਧੀਰਜ ਦਿੱਤਾ।

*ਜਾਨ ਸਿਖ ਕੀ ਬਿਰਹੋਂ ਪੀਰ।*

ਉਹਦੀ ਵਿਛੋੜੇ ਦੀ ਪੀੜ ਜਾਣ ਕਰਕੇ।

*ਪਹੁੰਚੇ ਰਾਇ ਸਿੰਘ ਕੇ ਪਾਸ।*

ਰਾਇ ਸਿੰਘ ਨੂੰ ਆਕੇ ਮਿਲੇ ਉਸਨੂੰ ਦਰਸ਼ਨ ਦਿੱਤਾ।

*ਦਰਸ਼ਨ ਪਾਇਓ ਜਬ ਸੁਖ ਰਾਸ।।੨੪।।*

ਹੁਣ ਸਮਾਂ ਸਾਡਾ ਹੋ ਗਿਐ ਨਿਤਨੇਮ ਦਾ, ਇੱਥੇ ਬੜਾ ਕੁਛ ਹੈ ਜਿੱਥੇ ਦਰਸ਼ਨ ਹੋ ਜਾਏ–

**ਜੋ ਸੁਖੁ ਦਰਸਨ ਪੇਖਤੇ[੪੯] ਪਿਆਰੇ,**
**ਮੁਖ ਤੇ ਕਹਣੁ ਨ ਜਾਇ।।**

*–ਪੰਨਾ–੪੩੧*

ਉਹ ਚੀਜ਼, ਜਿੰਨ੍ਹਾਂ ਨੂੰ ਦਰਸ਼ਨ ਹੋਇਆ, ਪੁੱਛੋ—ਸੈਯਦ ਖਾਨ ਨੂੰ ? ਲੜਨ ਆਉਂਦਾ ਹੈ ਗੁਰੂ ਗੋਬਿੰਦ ਸਿੰਘ ਦੇ ਸਾਹਮਣੇ ਜਿਸ ਵੇਲੇ ਆ ਕੇ ਖੜਾ ਹੁੰਦਾ ਹੈ, ਉਹ ਜਿਹੜੀ ਦੀਵਾਨ ਨੰਦ ਲਾਲ ਜੀ ਨੇ ਕਿਹਾ ਸੀ–

*ਮਾ ਨਮੇ ਆਰੇਮ ਤਾਬਿ ਗ਼ਮਜ਼ਾ–ਇ ਮਿਯਗਾਨਿ ਊ।*
*ਯਕ ਨਿਗਾਹਿ ਜਾ ਫ਼ਜ਼ਾਇਜ਼ ਬਸ ਬਵਦ ਦਰਕਾਰਿ ਮਾ।*

*–ਗਜ਼ਲ–੨*

ਮੈਂ ਨਹੀਂ ਝੱਲ ਸਕਦਾ ਇੱਕ ਤੇਰੇ ਨੇਤਰ ਦੇ ਕੋਨੇ ਦੀ ਚਮਕ, ਕਿਉਂਕਿ ਇਕੋ ਹੀ ਨਿਗਾਹ ਬੜੀ ਹੈ ਮੇਰੇ ਵਾਸਤੇ। ਛੱਡ ਕੇ ਘੋੜਾ ਜਾ ਕੇ ਚਰਨ ਫੜਦਾ ਹੈ—ਗੁਰੂ ਗੋਬਿੰਦ ਸਿੰਘ ਦੇ। ਸਾਹਿਬ ਸਤਿਨਾਮ ਦਾ ਉਪਦੇਸ਼ ਦੇ ਕੇ ਉਹਦਾ ਬੇੜਾ ਪਾਰ ਕਰਦੇ ਹਨ—ਛੱਡਕੇ ਚਲਾ ਜਾਂਦਾ ਹੈ। ਸਤਿਗੁਰੂ ਦਾ ਦਰਸ਼ਨ ਐਸੀ ਚੀਜ਼ ਹੈ।

ਇੱਕ ਮੁਸਲਮਾਨ ਰਾਜਾ ਫਜ਼ਲਦਾਦ ਬਾਰਹਵੇਂ ਰਸਾਲੇ ਵਿੱਚ ਹੁੰਦਾ

ਸੀ, ਉਹਦਾ ਬੜਾ ਨਾਮ ਹੋਇਆ ਹੈ, ਛੇ ਪੁੱਤਰ ਉਹਦੇ ਸਨ, ਛੇ ਦੇ ਛੇ ਹੀ ਪਹਿਲੇ ਜਿਹੜੇ ਲਫਟੈਨ ਭਰਤੀ ਹੋਏ, ਹੁਣ ਉਨ੍ਹਾਂ ਵਿੱਚੋਂ ਇੱਕ ਤੇ ਬ੍ਰਿਗੇਡੀਅਰ ਬਣਿਆ ਹੈ—ਉੱਧਰ ਪਾਕਿਸਤਾਨ 'ਚ ਚਲਿਆ ਗਿਆ—ਅਕਬਰ ਉਹਦਾ ਨਾਂ ਹੈ। ਉਹ ਫਜ਼ਲਦਾਦ ਇਸ ਤਰ੍ਹਾਂ ਦਾ ਆਦਮੀ ਸੀ ਮੁਸਲਮਾਨ ਹੁੰਦਾ ਹੋਇਆ ਆਪਣੇ ਇਲਾਕੇ ਵਿੱਚ ਉਹ ਕਦੇ ਗਾਂ ਨਹੀਂ ਸੀ ਮਾਰਨ ਦਿੰਦਾ। ਮੇਰੇ ਨਾਲ ਉਹ ਇਉਂ ਗੱਲਾਂ ਕਰਦਾ ਸੀ ਸ਼ਰਮ ਨਾਲ ਆਖੇ—ਜਿਸ ਚੀਜ਼ ਦੀ ਹਿੰਦੂਆਂ ਨੂੰ ਸਹੁੰ ਹੈ ਜੀ, ਅਸੀਂ ਨਹੀਂ ਕਦੇ ਨੇੜੇ ਆਉਣ ਦਿੱਤੀ। ਗਾਂ ਦਾ ਨਾਂ ਨਹੀਂ ਸੀ ਲੈਂਦਾ, ਉਹ ਇੱਕ ਗੱਲ ਕਹਿੰਦਾ ਸੀ,''ਮੇਰੇ ਬਜ਼ੁਰਗਾਂ ਨੇ ਮੈਨੂੰ ਇਹ ਦੱਸਿਆ ਹੈ—ਬਾਬਾ ਸਾਹਿਬ ਕਹਿਕੇ ਸਤਿਗੁਰਾਂ ਦਾ ਨਾਮ ਲੈਂਦਾ ਸੀ —ਭਾਈ ਜਿਹੜਾ ਗਾਲ੍ਹਾਂ ਕੱਢਦਾ ਆਇਆ—ਉਹ ਬੋਲ ਨਹੀਂ ਸਕਿਆ —ਜਿਹਦੇ ਕੰਨ ਵਿੱਚ ਉਹਨਾਂ ਕੁੱਝ ਦੱਸ ਦਿੱਤਾ, ਉਹ ਉਹ ਨਹੀਂ ਰਹਿ ਗਿਆ। ਇਹ ਉਸ ਮੁਸਲਮਾਨ ਦੀ ਜ਼ਬਾਨ ਹੈ।

ਸਤਿਗੁਰੂ ਜੀ ਨੇ ਦਰਸ਼ਨ ਦਿੱਤਾ। ਹੁਣ ਅੱਗੇ ਭਾਈ ਰਾਇ ਸਿੰਘ ਜੀ ਉੱਤੇ ਕਿਰਪਾ ਕਰਨਗੇ।

ਹੁਣ ਮੈਂ ਅੱਜ ਸਾਧ—ਸੰਗਤ ਕੋਲੋਂ ਵਿਦਾ ਮੰਗਦਾ ਹਾਂ, ਕੱਲ ਨੂੰ ਤੁਰਨਾ ਹੈ। ਨਾਮਧਾਰੀ ਸਾਧ ਸੰਗਤ ਅੱਗੇ ਥੋੜੀ—ਥੋੜੀ ਅਰਜ਼ ਕਰਨੀ ਚਾਹੁੰਦਾ ਹਾਂ, ਮੈਂ ਅੱਗੇ ਵੀ ਬੜੀ ਕੀਤੀ ਹੈ ਬਈ, ਸਲਵਾਰਾਂ ਸਾਡੀਆਂ ਮਾਈਆਂ ਕਿਰਪਾ ਕਰਨ—ਇੱਥੇ ਸਾਧ ਸੰਗਤ ਨਾਲ ਚਾਰ ਸੌ ਵੀਹ ਨਹੀਂ ਹੋਣੀ ਚਾਹੀਦੀ। ਉਹ ਇੱਥੇ ਪਾ ਕੇ ਆ ਗਈਆਂ ਘਰ ਜਾ ਕੇ ਫਿਰ ਉਹੋ ਕੁਛ ਹੋਇਆ। ਜਿੰਨੇ ਵੱਡੇ-ਵੱਡੇ ਆਦਮੀ ਹਨ, ਸਾਰਿਆਂ ਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ, ਮੂਹਰੇ ਲੱਗਣ ਵਾਲੇ ਇਹ ਆਦਮੀ ਨੇ, ਅਗਰ ਇਹਨਾਂ ਦੇ ਘਰਾਂ ਚ ਐਸੀ ਚੀਜ਼ ਆਵੇ ਤਾਂ ਸਾਨੂੰ ਸ਼ਰਮ ਆਉਂਦੀ ਹੈ। ਮੈਂ ਹੁਣ ਕਿਸੇ ਆਦਮੀ ਦਾ ਇੱਕ ਦਾ ਨਾਂ ਨਹੀਂ ਲੈਣਾ ਚਾਹੁੰਦਾ। ਦੂਸਰੀ ਚੀਜ਼ ਇਹ ਹੈ ਸਾਧ-ਸੰਗਤ ਦੇ ਵਿੱਚ ਜਿਸ ਤਰ੍ਹਾਂ ਬਣ ਕੇ ਆਈਏ—ਉਵੇਂ ਹੀ ਰਹੀਏ।

## ਗੁਰਮਤਿ ਧਾਰਨ ਕਰੋ

ਨਿਤਨੇਮ ਵਾਸਤੇ ਮੈਂ ਹੁਕਮ ਨਹੀਂ ਚਾੜ੍ਹਦਾ, ਹੁਕਮ ਸਤਿਗੁਰੂ ਰਾਮ ਸਿੰਘ ਦਾ ਹੈ,''ਜਿਹੜਾ ਨਿਤਨੇਮ 'ਚ ਨਹੀ ਆਵੇਗਾ ਉਹਦੀ ਮੈਂ ਸਹਾਇਤਾ ਨਹੀਂ ਕਰਾਂਗਾ''—ਸਿੱਖ ਨੂੰ ਦਰਸ਼ਨ ਦੇ ਕੇ ਇਹ ਗੱਲ ਕਹੀ ਹੈ, ਮੇਰੀ ਗੱਲ ਨਹੀਂ। ਨਾਮਧਾਰੀਓ, ਬਈ ਜਿਹੜਾ ਨਿਤਨੇਮ 'ਚ ਨਾ ਆਵੇ ਫੇਰ ਮੈਂ ਉਹਨੂੰ ਇਹ ਕਿਉਂ ਆਖਾਂ ਬਈ ਉਹ ਸਾਧ—ਸੰਗਤ ਵਿੱਚ ਨਾ ਵੜੇ। ਇਹ ਚੀਜ਼ ਨਹੀਂ ਹੈ ਪਰ ਮੇਰੀ ਹੱਥ ਜੋੜ ਕੇ ਅਰਜ਼ ਹੈ ਉਹਨਾਂ ਅੱਗੇ। ਤੁਸੀਂ ਇੱਥੇ, ਗੱਲ ਵਿੱਚ ਪੱਲਾ ਪਾਕੇ—ਮੈਨੂੰ ਜੋ ਚਾਹੁੰਦੇ ਓ ਮਨਾ ਲੈਂਦੇ ਓ, ਮੇਰੀ ਵੀ ਥੋੜੀ ਬਹੁਤੀ ਮੰਨ ਲਉ। ਇਹ ਅਰਜ਼ ਬੇਨਤੀ ਹੈ ਕਿ ਇਸੇ ਤਰ੍ਹਾਂ ਹੀ ਸੂਧੇ ਦਾੜ੍ਹੇ, ਸਿੱਧੇ ਦਸਤਾਰੇ, ਇਸ ਤਰ੍ਹਾਂ ਹੀ ਪਜਾਮੇ, ਚਿੱਟੇ ਬਸਤਰ ਤੁਹਾਡੇ ਸੁਹਣੇ ਲਗਦੇ ਹਨ—ਸਤਿਜੁਗ ਦਾ ਬਾਣਾ ਹੈ। ਨਿਤਨੇਮ ਤੋਂ ਕੋਈ ਆਦਮੀ ਨਾ ਰਿਹਾ ਕਰੋ। ਜਿਸ ਆਦਮੀ ਨੂੰ ਕਿਸੇ ਦਿਨ ਕੰਮ ਹੋ ਜਾਏ ਖਾਸ ਤੌਰ ਤੇ ਉਹ ਘਰ ਬਹਿ ਕੇ ਵੀ ਘੰਟਾ ਕਰ ਲਵੇ। ਪਰ ਇਹਦਾ ਇਹ ਮਤਲਬ ਨਹੀਂ ਹੈ ਅੱਜ ਕਹਿ ਦੇਵਾਂ ਉਹ ਮੁੜਕੇ ਕਹਿ ਛੱਡੇ ਅਸੀਂ ਰੋਜ਼ ਘਰ ਹੀ ਬਹਿ ਕੇ ਕਰਦੇ ਹਾਂ। ਜੇ ਇੱਕ ਨਾਲ ਦੂਆ ਜੋੜ ਦੇਈਏ ਏਕਾ, ਦੋ ਇਕੱਠੇ ਹੋ ਜਾਣ, ਦਸ ਗੁਣਾ ਵਧ ਕੇ ਗਿਆਰਾਂ ਹੋ ਜਾਂਦੇ ਹਨ, ਜੇ ਤਿੰਨ ਹੋ ਜਾਣ ਫੇਰ ਇੱਕ ਸੌ ਗਿਆਰਾਂ ਹੋ ਜਾਂਦੇ ਹਨ, ਫਿਰ ਸੌ ਗੁਣਾ ਵਧ ਜਾਂਦੇ ਹਨ, ਜੇ ਹੋਰ ਜੋੜ ਦੇਈਏ ਫਿਰ ਗਿਆਰਾਂ ਸੌ ਤੌਂ ਕਿੰਨੇ ਅੱਗੇ ਚਲੇ ਗਏ। ਇਹ ਸਾਧ—ਸੰਗਤ ਹੈ ਪਤਾ ਨਹੀਂ ਕੀਹਦੀ ਉਹਨੂੰ ਮਨਜ਼ੂਰ ਹੋਵੇ, ਕੀਹਦੀ ਕਿਰਪਾ ਨਾਲ ਸਾਨੂੰ ਦਰਸ਼ਨ ਹੋਵੇ, ਕਿਹਦੇ ਕਰਕੇ ਸਾਡਾ ਨਿਤਨੇਮ ਮਨਜ਼ੂਰ ਹੋ ਜਾਏ, ਮਾੜਾ ਚੰਗਾ ਨਹੀਂ ਕੋਈ ਹੈ, ਸਾਰੇ ਉਸੇ ਗੁਰੂ ਦੇ ਸਿੱਖ ਹਨ।

ਕਿਰਪਾ ਕਰਕੇ ਆਪਸ ਵਿੱਚ ਦੀ ਦਵੈਸ਼ ਜਿਹੜੀ ਹੈ ਇਹਦਾ ਤਾਂ ਬੇੜਾ ਗਰਕ ਕਰੋ ਖਾਂ। ਕਿਸੇ ਨੂੰ ਕਹਿਣ ਜੋਗੇ ਤਾਂ ਹੋਵੋ ਜੇ ਤੁਹਾਡੇ

ਆਪਣੇ ਚਿਤ ਵਿੱਚ ਕਿਸੇ ਵਾਸਤੇ ਇੱਕ ਦੂਏ ਵਾਸਤੇ ਦੁੱਖ ਨਾ ਰਵ੍ਹੇ। ਸਤਿਗੁਰਾਂ ਨੇ ਤੁਹਾਡੇ ਤੇ ਬਖਸ਼ਿਸ਼ ਦਾ ਭੰਡਾਰ ਐਤਕਾਂ ਖੋਲ੍ਹਕੇ ਕਿਰਪਾ ਕੀਤੀ ਹੈ। ਮੈਂ ਵੀ ਨਹੀਂ ਸਾਂ ਉਹਦੇ ਵਿੱਚ ਮੰਨਦਾ ਪਰ ਫੇਰ ਮੈਨੂੰ ਜ਼ਬਰਦਸਤੀ ਮਨਾਇਆ ਹੈ ਕਿ ਕੋਈ ਆਦਮੀ ਬਿਨਾਂ ਬਖਸ਼ਿਆ ਸਾਧ-ਸੰਗਤ ਵਿੱਚ ਨਾ ਰਹੇ ਜਿਹੜਾ ਸਾਧ-ਸੰਗਤ ਤੋਂ ਬਾਹਰ ਜਾਏ। ਸਾਧ ਸੰਗਤ ਜੀ ਜਿਹੜੇ ਸਾਧ-ਸੰਗਤ ਦੇ ਕਰਮ ਹਨ ਉਹ ਤੁਸਾਂ ਕਰਨੇ ਹਨ, ਕੋਈ ਚੀਜ਼ ਤੁਸੀਂ ਭੁੱਲੇ ਹੋਏ ਨਹੀਂ, ਸਾਰੀਆਂ ਤੁਹਾਨੂੰ ਆਉਂਦੀਆਂ ਹਨ।

ਮੈਂ ਹੁਣ ਜਾਣ ਲੱਗਾ ਇਹ ਅਰਜ਼ ਕਰਨ ਲੱਗਾ ਹਾਂ ਜ਼ਰਾ ਧਿਆਨ ਰੱਖਣਾ ਇਸ ਗੱਲ ਵਲ, ਸਾਧ-ਸੰਗਤ ਗੁਰਮਤਿ ਜਿਹੜੀ ਹੈ ਇਹ ਸਤਿਗੁਰੂ ਦੀ ਮੱਤ ਹੈ, ਮਨ ਮੱਤ ਸਾਡੀ ਆਪਣੀ ਮੱਤ ਹੈ। ਸਤਿਗੁਰੂ ਦੀ ਮੱਤ ਦੇ ਅੱਗੇ ਸਾਡੀ ਤੁੱਛ ਚੀਜ਼ ਹੈ, ਔਰ ਅਸੀਂ ਉਹਦੇ ਵਿੱਚ ਪੈ ਕੇ ਦੁਖੀ ਹੁੰਦੇ ਹਾਂ। ਸਤਿਗੁਰੂ ਦੀ ਮੱਤ ਵਰਤੋ, ਸਤਿਗੁਰੂ ਦੇ ਅੱਗੇ ਅਰਦਾਸ ਕਰੋ ਕਿ ਜਿਹੜੀ ਸਾਥੋਂ ਨਹੀਂ ਵਰਤਦੀ—ਸਾਥੋਂ ਵਰਤਵਾਅ। ਹੱਥ ਜੋੜ ਕੇ ਅਰਜ਼ ਕਰੋ—ਉਹ ਦੂਰ ਨੇੜੇ ਸਾਰਿਆਂ ਦੇ ਨੇੜੇ ਹੈ। ਉਹ ਕੋਈ ਇਹ ਗੱਲ ਨਹੀਂ ਕਿ ਕਿਸੇ ਵੱਡੇ ਦੀ ਸੁਣਦਾ ਹੈ ਜਾਂ ਬਹੁਤੇ ਭਜਨ ਕਰਨ ਵਾਲੇ ਦੀ, ਉਹ ਕਿਸੇ ਵਕਤ ਬਹੁਤ ਪਾਪ ਕਰਨ ਵਾਲੇ ਦੀ ਵੀ ਬੜੀ ਛੇਤੀ ਸੁਣ ਕੇ ਉਹਦੇ ਤੇ ਪਰਉਪਕਾਰ ਕਰਦਾ ਹੈ। ਉਹਦਾ ਨਾਮ ਹੈ ਪਤਿਤ ਪਾਵਨ, ਪਾਪੀਆਂ ਨੂੰ ਪਵਿੱਤਰ ਕਰਨ ਵਾਸਤੇ ਆਉਂਦਾ ਹੈ। ਤਾਂ ਤੇ, ਮੇਰੀ ਹੁਣ ਸਾਧ-ਸੰਗਤ ਅੱਗੇ ਅਰਜ਼ ਹੈ, ਕਿਰਪਾ ਕਰਕੇ ਨਿਤਨੇਮ ਦਾ ਵਕਤ—ਰੋਟੀ ਰਹਿ ਜਾਏ—ਕੰਮ ਰਹਿ ਜਾਏ—ਕੁਝ ਰਹਿ ਜਾਏ—ਨਿਤਨੇਮ ਨੂੰ ਨਾ ਖੁੰਝਾਇਓ। ਨਹੀਂ, ਫਿਰ ਨਾ ਕਹਿਣਾ, ਫਿਰ ਉਹ ਮਾਰ ਤਿਆਰ ਹੈ। ਮੇਰੀ ਗੱਲ ਨਹੀਂ—ਸਤਿਗੁਰਾਂ ਦਾ ਹੁਕਮ ਇੱਕ ਸਿੱਖ ਨੂੰ ਮਿਲਿਆ ਹੈ, ਦਰਸ਼ਨ ਦੇ ਕੇ ਉਹਨੂੰ ਕਿਹਾ ਹੈ,''ਜਿਹੜਾ ਨਿਤਨੇਮ ਦੇ ਵਿੱਚ ਨਹੀਂ ਆਵੇਗਾ, ਮੈਂ ਉਹਦੀ ਸਹਾਇਤਾ ਨਹੀਂ ਕਰਾਂਗਾ।'' ਇਹ ਮੇਰੀ ਗੱਲ ਨਹੀਂ, ਮੈਂ ਚੌਕੀਦਾਰ ਹਾਂ, ਰੌਲਾ

ਪਾਉਂਦਾ ਹਾਂ—ਜਾਗੋ ਭਾਈ ਰਾਤ ਨੂੰ ਚੋਰ ਨਾ ਲੱਗ ਜਾਣ—ਧਿਆਨ ਕਰਨਾ ਹੈ ਇਸ ਗੱਲ ਵੱਲ।

ਸਤਿਗੁਰੂ ਦੇ ਦਰਵਾਜ਼ੇ ਤੇ ਸਭ ਕੁਛ ਹੈ, ਸਭ ਕੁਛ ਦੇਣ ਵਾਲਾ ਹੈ, ਉਹ ਨੇੜੇ ਤੋਂ ਨੇੜੇ ਹੈ। ਤੁਹਾਡੇ ਕੋਲ ਅੱਗੇ ਬੰਬ ਵਰਸੇ—ਸਿਆਮ ਵਿੱਚ ਤੁਹਾਡੀ ਉਸ ਵੇਲੇ ਰੱਖਿਆ ਕੀਤੀ, ਕਿਸੇ ਦਾ ਵਾਲ ਨਹੀਂ ਵਿੰਗਾ ਹੋਇਆ। ਉਹ ਹਰ ਵਕਤ ਰਾਖਾ ਹੈ, ਉਹ ਹਰ ਵਕਤ ਸਭ ਦੀ ਰੱਖਿਆ ਕਰਦਾ ਹੈ ਜਿਹੜਾ ਵੀ ਉਹਨੂੰ ਜਪੇ—ਕੂਕਿਆਂ ਦਾ ਕੋਈ ਇਕੱਲਿਆਂ ਦਾ ਮੁੱਲ ਨਹੀਂ ਲਿਆ ਹੋਇਆ—ਸਾਰੀ ਸ੍ਰਿਸ਼ਟੀ ਦਾ ਹੈ। ਜਿਹੜਾ ਵੀ ਉਹਨੂੰ ਯਾਦ ਕਰੇਗਾ—ਜਿਹੜਾ ਉਹਦੇ ਨਾਲ ਪਿਆਰ ਕਰੇਗਾ—ਉਹ ਸਾਰਿਆਂ ਦੀ ਰੱਖਿਆ ਕਰ ਸਕਦਾ ਹੈ।

ਵੈਦ ਕਹਿੰਦਾ ਹੈ,"ਭਾਈ, ਤੂੰ ਲਾਲ ਮਿਰਚ ਨਾ ਖਾਈਂ—ਤੂੰ ਧੁੱਪੇ ਨਾ ਜਾਈਂ"। ਜਿਹੜੇ ਤਾਂ ਉਹਦਾ ਕਹਿਣਾ ਮੰਨਦੇ ਹਨ, ਉਹਨਾਂ ਦਾ ਦੁੱਖ ਦੂਰ ਹੋ ਜਾਂਦਾ ਹੈ, ਜਿਹੜੇ ਨਹੀਂ ਮੰਨਦੇ ਉਹ ਬੀਮਾਰ ਰਹਿੰਦੇ ਹਨ। ਸਤਿਗੁਰੂ ਦਾ ਹੁਕਮ, ਸਤਿਗੁਰੂ ਦੀ ਬਾਣੀ, ਗੁਰੂ ਨਾਨਕ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਦੋ ਚੀਜ਼ਾਂ ਨਹੀਂ ਦੱਸੀਆਂ, ਕਿਸੇ ਗੱਲ ਨੂੰ ਦੂਸਰੀ ਕਰਕੇ ਨਹੀਂ ਦੱਸਿਆ। ਗੁਰੂ ਗੋਬਿੰਦ ਸਿੰਘ ਕਹਿੰਦਾ ਹੈ-

**ਜੇ ਹਮ ਕੋ ਪਰਮੇਸਰ ਉਚਰਿ ਹੈ।।**
**ਤੇ ਸਭ ਨਰਕਿ ਕੁੰਡ ਮਹਿ ਪਰਿ ਹੈ।।**

*–ਦਸਮ ਗ੍ਰੰਥ, ਪੰਨਾ-੫੭*

ਗੁਰੂ ਨਾਨਕ ਦੇਵ ਕਹਿੰਦੇ ਹਨ-

**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।**

*–ਪੰਨਾ-੧੫*

ਗੁਰੂ ਅਰਜਨ ਦੇਵ ਕਹਿੰਦੇ ਹਨ-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।**
**ਨਾਨਕ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।**

*–ਪੰਨਾ-੧੫*

**ਕਹੁ ਨਾਨਕ ਹਮ ਨੀਚੁ ਕਰੰਮਾ।।**

*–ਪੰਨਾ–੧੨*

ਸਾਨੂੰ ਇਹ ਉਪਦੇਸ਼ ਦੱਸਦੇ ਹਨ ਅਸੀਂ ਨੀਚ ਕਰਮ ਕਰਦੇ ਹੋਏ ਉੱਚੇ ਕਰਮਾਂ ਵਾਲੇ ਬਣਦੇ ਹਾਂ। ਉਹ ਕਿਰਪਾ ਕਰਕੇ ਆਪਣੀ ਰਸਨਾਂ ਤੋਂ ਉਹ ਬਚਨ ਕਰਦੇ ਹਨ ਜਿਹੜਾ ਸਾਡਾ ਕੰਮ ਨਹੀਂ। ਗੁਰੂ ਗੋਬਿੰਦ ਸਿੰਘ ਕਹਿੰਦੇ ਹਨ–

**ਮੈਂ ਹੋ ਪਰਮ ਪੁਰਖ ਕੋ ਦਾਸਾ।।**

*–ਦਸਮ ਗ੍ਰੰਥ, ਪੰਨਾ–੫੭*

ਸਤਿਗੁਰਾਂ ਨੂੰ ਜੇ ਕਹਿਣਾ, ਉਨ੍ਹਾ ਕਹਿਣਾ,''ਭਾਈ ਮੈਂ ਤਾਂ ਇੱਕ ਰਪਟੀਏ ਦੀ ਮਾਫਕ ਹੁਕਮ ਸੁਣਾਉਣ ਵਾਲਾ ਹਾਂ।''

ਬਰਵਾਲਾ ਕੋਈ ਵੱਡਾ ਆਦਮੀ ਨਹੀਂ ਹੁੰਦਾ, ਇਹ ਸਤਿਗੁਰੂ ਦੀ ਗੱਲ ਹੈ, ਸਤਿਗੁਰੂ ਹੀ ਇਹ ਕੁਝ ਕਰ ਸਕਦਾ ਹੈ। ਸੇਵਾ ਕਰਿਆ ਕਰੋ, ਹੱਥੀਂ ਸੇਵਾ ਕਰੋ ਔਰ ਇਹ ਤੁਹਾਡਾ ਫਰਜ਼ ਹੈ ਕੋਈ ਡਿੱਗਦਾ ਹੈ—ਕੋਈ ਮਾੜਾ ਹੈ—ਕੋਈ ਕਮਜ਼ੋਰ ਹੈ—ਇਸ ਕਰਕੇ ਨਹੀਂ ਕਿ ਉਹ ਬਦਮਾਸ਼ੀ ਕਰਕੇ ਪੈਸੇ ਗੁਆ ਕੇ ਕਮਜ਼ੋਰ ਹੋ ਜਾਏ, ਹਾਂ ਜੇ ਕੋਈ ਉਂਝ ਗਰੀਬ ਡਿੱਗੇ—ਉਹ ਜਣੇ-ਜਣੇ ਦੀ ਲਾਠੀ ਤੇ ਇੱਕ ਜਣੇ ਦਾ ਬੋਝ ਹੋ ਜਾਂਦਾ ਹੈ। ਸਾਰੇ ਆਦਮੀ ਰਲਕੇ ਇਸ ਤਰ੍ਹਾਂ ਇੱਕ ਦੂਏ ਨਾਲ ਹਮਦਰਦੀ ਕਰੋ। ਤੁਸੀਂ ਹਿੰਦੁਸਤਾਨ ਦੇ ਆਦਮੀ ਇੱਥੇ ਆਏ ਹੋਏ ਹੋ। ਹਿੰਦੁਸਤਾਨੀ ਇਕੱਠੇ ਹੋਏ-ਹੋਏ ਹੋ, ਅਸਾਂ ਇਸ ਬਾਦਸ਼ਾਹਤ ਨਾਲ ਕੋਈ ਵਿਰੋਧ ਨਹੀਂ ਕਰਨਾ। ਸਾਡਾ ਇਹ ਕੰਮ ਨਹੀਂ। ਉਨ੍ਹਾਂ ਨਾਲ ਰਲਕੇ ਤੁਹਾਡਾ ਕੰਮ ਹੈ, ਤੁਸੀਂ ਕੰਮ ਕਰਦੇ ਹੋ।

ਅੱਗੇ ਪੰਡਿਤ ਜੀ ਵਰਗੇ ਜਾਂ ਸੁਆਮੀ ਸਤਿਆਨੰਦ ਜੀ ਵਰਗੇ ਮਹਾਂਪੁਰਖਾਂ ਨੇ ਉੱਥੇ ਥਾਈ—ਭਾਰਤ ਵਰਗੀਆਂ ਗੱਲਾਂ ਬਣਾਈਆਂ, ਜਿਹਦੇ ਨਾਲ ਦੋਹਾਂ ਨੂੰ ਜੋੜਿਆ, ਅੱਗੋਂ ਜੋੜ ਕੇ ਰੱਖਣਾ ਇਹ ਕਰਤਾਰ ਦਾ ਅਖਤਿਆਰ ਹੈ, ਇਹ ਸਾਨੂੰ ਨਹੀਂ ਪਤਾ, ਪਰ ਜਿਹੜੇ ਆਪਣਾ ਕੰਮ ਕਰ ਗਏ ਹਨ ਉਹ ਝੰਡੇ ਗੱਡ ਗਏ ਹਨ। ਤੁਸੀਂ ਜਿਤਨੇ ਵੀ

ਇੱਥੇ ਸੱਜਣ ਰਹਿੰਦੇ ਹੋ, ਕਿਆ ਹਿੰਦੂ, ਕਿਆ ਸਿੱਖ, ਕਿਆ ਮੁਸਲਮਾਨ, ਤੁਹਾਡਾ ਇਹ ਫਰਜ਼ ਹੈ ਕਿ ਇੱਕ ਦੂਸਰੇ ਨਾਲ ਪਿਆਰ ਕਰੋ। ਇੱਕ ਦੂਏ ਨਾਲ ਮੋਢਾ ਜੋੜੋ, ਉਹ ਜਿਹਦਾ ਦੁੱਖ ਹੋਵੇ ਸਾਰੇ ਉਹਦਾ ਸੁਣੋ ਜਿਥੋਂ ਤਕ ਹੋ ਸਕੇ ਔਰ ਬੁਰਿਆਂ ਕੰਮਾਂ ਤੋਂ ਬਚੋ।

## ਮਾਸ ਅਤੇ ਸ਼ਰਾਬ ਦੀ ਵਰਤੋਂ ਨਹੀਂ ਕਰਨੀ

ਮੈਂ ਇਹ ਤੁਹਾਨੂੰ ਕਹਾਂਗਾ ਜੋ ਸਾਨੂੰ ਗੁਰਮਤਿ ਤੋਂ ਮਿਲਿਆ ਹੈ, ਉਹਦੇ ਵਿੱਚ ਮਾਸ ਔਰ ਸ਼ਰਾਬ ਵੱਡੀਆਂ ਚੀਜ਼ਾਂ ਬਣੀਆਂ ਹਨ। ਜੇ ਕਿਸੇ ਸਿੱਖ ਦਾ ਚਿਤ ਕਰੇ, ਗੈਰ ਨਾਮਧਾਰੀ ਬਿਨਾਂ ਨਾਮਧਾਰੀ ਤੋਂ ਵੀ ਕੋਈ ਜਾ ਕੇ ਦੇਖਣਾ ਚਾਹੇ, ਹਜ਼ੂਰ ਸਾਹਿਬ ਵਿੱਚ ਜਿਹੜਾ ਗੁਰੂ ਕਾ ਲੰਗਰ ਹੈ ਗੁਰੂ ਗੋਬਿੰਦ ਸਿੰਘ ਜੀ ਦਾ, ਉਹਦੇ ਵਿੱਚ ਮਾਸ ਨਹੀਂ ਰਿੱਝ ਸਕਦਾ। ਜਿਹੜਾ ਗ੍ਰੰਥੀ ਹੈ ਗੁਰਦੁਆਰੇ ਦੇ ਅੰਦਰ—ਕਿਉਂਕਿ ਸਤਿਗੁਰਾਂ ਨੇ ਏਸੇ ਭਾਈ ਰਾਇ ਸਿੰਘ ਨੂੰ ਭੇਜਿਆ ਹੈ, ਇਹਨੇ ਹੀ ਮਰਯਾਦਾ ਹਜ਼ੂਰ ਸਾਹਿਬ ਤੋਂ ਲਿਖਕੇ ਲਿਆਂਦੀ, ਪੰਜਾਬ ਵਿੱਚ ਨਹੀਂ ਮਿਲੀ, ਉਸੇ ਮਰਯਾਦਾ ਅਨੁਸਾਰ ਉੱਥੇ ਲੰਗਰ ਦਾ ਕੰਮ ਚੱਲਿਆ—ਜਿਹੜਾ ਅੰਦਰਲਾ ਗ੍ਰੰਥੀ ਹੈ ਜਿਹੜਾ ਹਜ਼ੂਰ ਦੇ ਤਖ਼ਤ ਦੀ ਸੇਵਾ ਕਰਦਾ ਹੈ, ਉਹ ਗ੍ਰੰਥੀ ਉਸ ਲੰਗਰ ਵਿਚੋਂ ਵੀ ਪ੍ਰਸ਼ਾਦ ਨਹੀਂ ਛਕਦਾ। ਦਰਸ਼ਨ ਦੋ ਵੇਰ ਗੁਰਦੁਆਰੇ ਦੇ ਕੀਤੇ, ਜਾ ਕੇ ਪੁੱਛਿਆ,''ਕਿਉਂ ਭਾਈ ?'' ਉਹ ਕਹਿੰਦੇ ਹਨ,''ਮਹਾਰਾਜ ਕੀ ਦੱਸੀਏ, ਗ੍ਰੰਥੀ ਸਿੰਘ ਕਹਿੰਦਾ ਹੈ, ਲੰਗਰ ਵਿੱਚ ਮਾਸ ਬੇਸ਼ਕ ਨਹੀਂ ਪੈਂਦਾ ਪਰ ਕੋਈ-ਕੋਈ ਸੱਜਣ ਮਾਸ ਖਾਣ ਵਾਲੇ ਲੰਗਰ ਵਿੱਚ ਆ ਕੇ ਲੱਗ ਜਾਂਦੇ ਹਨ।'' ਇਸ ਕਰਕੇ ਪ੍ਰਸ਼ਾਦ, ਜਿਹੜੇ ਮਾਸ ਖਾਂਦੇ ਨੇ ਉਹਨਾਂ ਦੇ ਹੱਥ ਦਾ ਵੀ ਨਹੀਂ ਛਕਦੇ, ਉਹਨਾਂ ਦਾ ਅਲਹਿਦਾ ਲੰਗਰ ਹੁੰਦਾ ਹੈ ਔਰ ਸਣੇ ਕੇਸੀ ਇਸ਼ਨਾਨ ਕਰਦਾ ਹੈ, ਅੰਦਰ ਜਾ ਕੇ ਮਹਾਰਾਜ ਦੀ ਸੇਵਾ ਕਰਦਾ ਹੈ। ਉਸ ਗ੍ਰੰਥੀ ਸਿੰਘ ਨੇ ਮੈਨੂੰ ਸੁਣਾਇਆ, ਸੇਠ ਦਿਆਲ ਸਿੰਘ ਹੁਰੀਂ ਮੇਰੇ ਨਾਲ ਥੇ,''ਇੱਕ ਦਿਨ ਮੈਨੂੰ ਨੀਂਦ ਆ ਗਈ ਜ਼ਰਾ ਕੁ, ਮੈ ਆਖਿਆ ਮੈਂ ਕਿਹੜਾ ਸੁੱਤਾ ਹਾਂ,

ਬਿਨ੍ਹਾਂ ਇਸ਼ਨਾਨ ਕਰਿਆਂ ਚਲਾ ਗਿਆ, ਕਹਿੰਦਾ, ਰੋਜ਼ ਮੈਂ ਸ਼ਸਤਰ ਰੱਖਦਾ ਸੀ, ਮੇਰੀ ਉਂਗਲ ਕੱਟੀ ਗਈ।'' ਮਰਿਯਾਦਾ ਹੈ—ਸਤਿਗੁਰੂ ਦੀ ਬਣਾਈ ਹੋਈ ਹੈ।

ਗੁਰੂ ਗੋਬਿੰਦ ਸਿੰਘ ਦਾ ਪੜ੍ਹੋ ਰਹਿਤਨਾਮੇ ਵਿੱਚ, ਕਹਿੰਦੇ ਹਨ–

*ਜਾਮ ਜਾਮਨੀ ਮਜੈ ਆਛੇ।*
*ਜਲ ਲੇਹੋ ਮੂਤਰ ਕੇ ਪਾਛੇ।*

ਚੀਤਾ ਛੱਡੇ ਤਾਂ ਜਲ ਵਰਤੋ।

*ਜਾ ਕੀ ਰਹਿਤ ਨ ਜਾਣੀਐ ਗੁਰਮੰਤਰ ਨਹੀਂ ਚੀਤ।*
*ਉਨਕਾ ਭੋਜਨ ਖਾਇ ਕੈ ਵਿਸਰੈ ਹਰਿ ਸਿਉਂ ਪ੍ਰੀਤ।*
– *ਜਹਾਂ ਕਹਾਂ ਕਾ ਛਕੈ ਪ੍ਰਸ਼ਾਦਿ।*
*ਸਿਖ ਨਹੀਂ ਮੇਰਾ ਆਦਿ ਜੁਗਾਦਿ।*

ਲਿਖਣ ਵਾਲਾ ਗੁਰੂ ਗੋਬਿੰਦ ਸਿੰਘ ਹੈ, ਜਿੰਨਾਂ-ਜਿੰਨਾਂ ਮਨਾਵੇ, ਉਨਾ-ਉਨਾ ਅਰਜ਼ ਕਰੋ—ਮੰਨੋ। ਫਿਰ ਕਹਿੰਦੇ ਹਨ–

*ਸੀਤਲ ਜਲ ਕੋ ਅੰਗੀਕਾਰੇ*

ਠੰਡੇ ਜਲ ਨਾਲ ਇਸ਼ਨਾਨ ਕਰੋ, ਪਰ–

*ਜੇ ਨਾ ਹੋਏ ਤਪਤ ਕਰ ਬਾਰੇ*

ਜੇ ਕਦੀ ਸਰੀਰ ਨਹੀਂ ਮੰਨਦਾ ਇਸ਼ਨਾਨ ਨਾ ਛੱਡੋ ਭਾਵੇਂ ਤੱਤੇ ਨਾਲ ਕਰ ਲਓ, ਪਰ ਸਣੇ ਕੇਸੀਂ ਕਰੋ–

**ਮੁਇਆ ਜੀਵਦਿਆ ਗਤਿ ਹੋਵੈ**

ਗੁਰੂ ਨਾਨਕ ਕਹਿੰਦੇ ਹਨ–

**ਜਾਂ ਸਿਰਿ ਪਾਈਐ ਪਾਣੀ।।**

ਤੇ ਜਿਹੜੇ ਨਾ ਪਾਉਣ ਉਹਨਾਂ ਨੂੰ ਕਿਹਾ—ਉਹ ਉਹਨਾ ਨੂੰ ਆਖਿਆ ਜਿਹੜੇ ਨਹੀਂ ਪਾਉਂਦੇ

**ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨਾ ਭਾਣੀ।।**

*–ਪੰਨਾ–੧੫੦*

ਬਈ ਕੂਕਿਓ, ਕਦੇ-ਕਦੇ ਮੈਨੂੰ ਸ਼ੱਕ ਪੈ ਜਾਂਦਾ ਹੈ, ਕਈ-ਕਈ

ਆਦਮੀ ਸਵੇਰੇ ਪੱਗਾਂ ਬੰਨ੍ਹ ਕੇ ਆ ਜਾਂਦੇ ਹਨ ਤੇ ਫਿਰ—'ਸਿਰ ਖੁੱਥੇ ਸੈਤਾਨੀ'। ਗੁਰੂ ਬਾਲਕ ਸਿੰਘ ਜੀ ਨੇ ਹੁਕਮ ਦਿੱਤਾ ਹੈ,''ਜਿਹੜਾ ਨਾਮਧਾਰੀ ਸੱਜਣ ਬਿਨਾਂ ਕੇਸਾਂ ਸਣੇ ਇਸ਼ਨਾਨ ਕਰੇ ਵਾਰ ਲਾਉਂਦਾ ਹੈ ਜਾਂ ਇਸ਼ਨਾਨ ਕਰੇ ਬਿਨਾਂ ਸੁਣਨ ਆਉਂਦਾ ਹੈ, ਉਹਨੂੰ ਪੁੰਨ ਦੇ ਥਾਂ ਪਾਪ ਲਗਦਾ ਹੈ।'' ਬੱਸ, ਮੈਂ ਹੋਰ ਕੁਝ ਨਹੀਂ ਕਹਿਣਾ ਹੁਣ ਇਹ ਅੱਜ ਪਿਛਲੇ ਦਿਨ ਦਾ ਦੀਵਾਨ ਤੁਹਾਡੇ ਦਰਸ਼ਨ ਮੇਲੇ, ਆਹ ਤੁਹਾਡੀ ਸੇਵਾ—ਤੁਹਾਡੇ ਦਰਸ਼ਨ—ਤੁਹਾਡਾ ਪਿਆਰ—ਇਹ ਭੁੱਲ ਨਹੀਂ ਸਕਦਾ। ਇਹ ਜ਼ਰੂਰ ਕ੍ਰਿਪਾ ਕਰਨੀ, ਇਹ ਮੇਰੀ ਬੇਨਤੀ ਯਾਦ ਰੱਖਣੀ, ਆਪਸ ਵਿੱਚ ਪਿਆਰ ਕਰੋ ਦਵੈਸ਼ਾਂ ਦਿਲ ਚੋਂ ਛੱਡੋ, ਇਸ਼ਨਾਨ ਕਰੋ, ਨਾਮ ਜਪੋ, ਬਾਣੀ ਪੜ੍ਹੋ। ਉਹ ਦੇਖੋ ਮਾਤਾ ਸੀਤਾ ਜੀ ਦੇ ਅੱਗੇ ਲਛਮਨ ਜੀ ਨੇ ਲੀਕ ਕੱਢ ਦਿੱਤੀ ਸੀ। ਰਾਵਣ ਏਨੀ ਤਾਕਤ ਰੱਖਣ ਵਾਲਾ ਲੀਕ ਨਹੀਂ ਸੀ ਟੱਪਿਆ। ਜਦੋਂ ਲੀਕ ਢਾਹ ਦਿੱਤੀ—ਚੁੱਕ ਕੇ ਲੈ ਗਿਆ। ਤੁਹਾਡਾ ਫਰਜ਼ ਹੈ, ਤੁਹਾਡੇ ਲੀਕ ਸਤਿਗੁਰਾਂ ਕੱਢੀ ਹੋਈ ਹੈ, ਜਿਹੜੇ ਤੁਸੀਂ ਲੀਕੋਂ ਟਪੋਗੇ ਤੇ ਫੇਰ ਚੁੱਕੇ ਜਾਓਗੇ, ਫਿਰ ਆਪਣਾ ਆਪ ਜਾਣੋ। ਅਰਦਾਸ ਮੇਰੇ ਵਾਸਤੇ ਭੀ ਕਰੋ ਕਿ ਮੈਂ ਤੁਹਾਨੂੰ ਗੱਲਾਂ ਨ ਕਰਾਂ, ਅਸਰ ਭੀ ਕੁਝ ਹੋਵੇ। ਇਹ ਚੀਜ਼ ਐਸੀ ਹੈ ਕਹਿੰਦਿਆਂ ਕਹਿੰਦਿਆਂ ਮੈਂ ਤੁਹਾਨੂੰ ਕਹੀ ਜਾਨਾਂ, ਕਦੇ ਮੇਰੀ ਵਾਰੀ ਭੀ ਆਉਂਦੀ ਹੈ, ਧੱਕਾ ਵੱਜਦਾ ਹੈ। ਸਤਿਗੁਰੂ ਕਿਰਪਾ ਕਰੇ ਸਾਡੇ ਉੱਤੇ, ਸਾਰਿਆਂ ਉੱਤੇ। ਜਿਹੜੇ ਸੱਜਣ ਆਉਂਦੇ ਹਨ ਜਿਹੜੇ ਭੀ ਹੈਣ ਕਿਉਂਕਿ ਅਕਾਲ-ਪੁਰਖ ਸਤਿਗੁਰੂ 'ਚ ਭੇਦ ਨਹੀਂ ਜਿਹੜਾ ਭੇਦ ਮੰਨਦੈ ਉਹਦੇ ਪੱਲੇ ਕੁਛ ਨਹੀਂ ਪੈਂਦਾ, ਔਰ ਸਤਿਗੁਰੂ ਇੱਕ ਦਾ ਨਹੀਂ ਦੋ ਦਾ ਨਹੀਂ। ਮੈਂ ਪਰਸੋਂ ਚੌਥ ਅਰਜ਼ ਕੀਤੀ ਸੀ ਕਿ ਮੁਸਮਲਾਨ ਭੀਖਨ ਸ਼ਾਹ ਦੇ ਉੱਤੇ ਭੀ ਹੱਥ ਧਰ ਦਿੱਤੇ ਗੁਰੂ ਗੋਬਿੰਦ ਸਿੰਘ ਨੇ। ਸਤਿਗੁਰੂ ਸਭ ਦਾ ਸਾਂਝਾ ਹੈ। ਤੁਸੀਂ ਅਰਦਾਸ ਕਰੋ ਕਿ ਸਤਿਗੁਰੂ ਸਭ ਦਾ ਭਲਾ ਕਰੇ। ਹੁਣ ਨਿਤਨੇਮ ਦੀ ਅਰਦਾਸ ਕਰਕੇ—ਸਵੇਰੇ ਆਸਾ ਦੀ ਵਾਰ ਦਾ ਕੀਰਤਨ ਧਰਮਸਾਲਾ ਹੋਵੇਗਾ—ਸੰਤ ਗਿਆਨਾ ਸਿੰਘ ਹੁਰੀਂ ਕੀਰਤਨ ਕਰਨਗੇ—ਸਾਧ-ਸੰਗਤ ਰਲ ਮਿਲਕੇ

ਆਪਾਂ ਗੋਤਕਨਾਲਾ ਕਰੀਏ।

**ਆਵਹੁ ਭੈਣੇ[੫੦] ਗਲਿ ਮਿਲਹ ਅੰਕਿ[੫੧] ਸਹੇਲੜੀਆਹ।।**
**ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।।**

*– ਸਿਰੀ ਰਾਗ ਮ:੨, ਪੰਨਾ-੧੭*

ਸਤਿਗੁਰੂ ਦੀ ਬਾਣੀ ਸਤਿਗੁਰੂ ਦਾ ਜੱਸ ਉਹ ਸਾਰਿਆਂ ਵਾਸਤੇ ਇੱਕੋ ਜਿਹਾ ਹੈ। ਉਹ ਸਾਰਿਆਂ ਨੂੰ ਸਾਂਝਾ ਹੈ, ਉਪਦੇਸ਼ ਹੈ ਉਹਦੇ 'ਚ ਕਿਸੇ ਦਾ ਰੌਲਾ ਨਹੀਂ। ਗੁਰਬਾਣੀ ਦਾ ਕੀਰਤਨ—ਦਰਸ਼ਨ ਦੇਵੋ—ਸੁਣੋ, ਆਸਾ ਦੀ ਵਾਰ ਦਾ ਕੀਰਤਨ ਸੁਣਕੇ ਫੇਰ ਅਗਲੀ ਗੱਲ ਜੋ ਸਤਿਗੁਰੂ ਨੂੰ ਭਾਵੇਗੀ, ਕੁਝ ਦੇਰ ਵਾਸਤੇ ਮਾਸਟਰ ਭਗਵਾਨ ਸਿੰਘ ਜੀ ਹੁਰਾਂ ਨੂੰ ਭੀ ਮੈਂ ਅਰਜ਼ ਕੀਤੀ ਹੈ, ਸ਼ਾਇਦ ਉਹ ਉੱਥੇ ਦਰਸ਼ਨ ਦੇਣ। ਉਨ੍ਹਾਂ ਕੋਲੋਂ ਭੀ ਕੁਝ ਸੁਣਾਂਗੇ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।।**
**ਹੇ ਪੂਰਨ ਹੇ ਸਰਬ ਮੈ ਦੂਖ ਭੰਜਨ ਗੁਣ ਤਾਸ।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ।।**
**ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ।।**
**ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੬੬।।**

*-ਪੰਨਾ-੨੬੧*

– **ਜਾਂਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਟਿੱਪਣੀਆਂ

* ੧ ਚੌਦਾਂ ਵਿੱਦਿਆ : ੧-ਪੜ੍ਹਨਾ ੨-ਤਰਨਾ ੩-ਹਕੀਮੀ ੪-ਰਸਾਇਣ ੫-ਜੋਤਿਸ਼ ੬-ਰਾਗ ੭-ਕੋਕਸ਼ਾਸਤਰ ੮-ਵਿਆਕਰਣ ੯-ਸੰਗੀਤ ੧੦-ਘੋੜੇ ਦੀ ਸਵਾਰੀ ੧੧-ਨਾਚ ਵਿਦਿਆ ੧੨-ਸ਼ਸਤਰ ਵਿੱਦਿਆ ੧੩-ਧਾਰਮਿਕ ਵਿੱਦਿਆ ੧੪-ਰਾਜਨੀਤੀ।

* ੨ ਸੂਰਜ ਪ੍ਰਕਾਸ਼ ਦੇ ਕਥਨ ਵਾਸਤੇ ਦੇਖੋ 'ਲਾਲ ਏਹਿ ਰਤਨ', ਭਾਗ-੪, ਪੰਨਾ-੧੦੨।

## ਸ਼ਬਦਾਰਥ

੧. ਬਰਾਬਰੀ।
੨. ਕਰ ਸਕਦੇ।
੩. ਵਿਚਾਰੀ।
੪. ਸ੍ਵਾਂਗ, ਦਿਖਾਵਾ, ਦੰਭ, ਪਾਖੰਡ।
੫. ਇੰਦ੍ਰਜਾਲ ਦਾ ਤਮਾਸ਼ਾ, ਭਾਵ-ਕਰਾਮਾਤ।
੬. ਪਰਮਾਤਮਾ ਦੇ ਦਾਸਾਂ (ਪਿਆਰਿਆਂ)।
੭. (ਨੌ ਨਿਧੀਆਂ ਕੁਬੇਰ ਦੇ ਨੌ ਖਜ਼ਾਨੇ : ੧. ਪਦਮ ੨. ਮਹਾ ਪਦਮ ੩. ਮਕਰ ੪. ਕਛਪ ੫. ਮੁਕੰਦ ੬. ਕੁੰਦ ੭. ਨੀਲ ੮. ਸੰਖ ੯. ਵਰਚ)।
੮. ਅਠਾਰਾਂ ਸਿਧੀਆਂ—
੧.ਅਣਿਮਾ ੨. ਮਹਿਮਾਂ
੩. ਗੁਰਿਮਤਾ ੪. ਲਘਿਮਾ
੫. ਪਰਾਪਤੀ ੬. ਬਸਿਤਾ
੭. ਪ੍ਰਾਕਾਮਯ ੮. ਈਸ਼ਤਾ
੯.ਅਨੂਰਾਮੀ ੧੦.ਦੂਰ ਸ਼ਰਵਣ
੧੧. ਮਨੋ ਵੇਗ ੧੨.ਕਾਮ ਰੂਪ
੧੩. ਪਰਕਾਯ ਪ੍ਰਵੇਸ਼
੧੪. ਮੈ ਛੰਦ ਮ੍ਰਿਤੂ
੧੫. ਸੰਕਲਪ ਸਿਧਿ
੧੬. ਅਪ੍ਰਤਿ ਹਤ ਗਤਿ
੧੭. ਸੁਰ ਕ੍ਰੀੜਾ ੧੮ ਦੂਰ ਦਰਸ਼ਨ। ਸਰੀਰ ਦਾਰੋਗ

੧੦. ਖੁਸ਼ੀ।
੧੧. ਸਾੜਦੀ।
੧੨. ਹਿਰਦੇ ਵਿਚਲੇ ਪੰਜ ਕਾਮ, ਕ੍ਰੋਧ ਆਦਿਕ।

੧੩. ਪ੍ਰਾਪਤ ਕੀਤਾ।
੧੪. ਹੰਕਾਰ ਵਾਲੀ ਬੁੱਧੀ ਕਰਕੇ।
੧੫. ਘਰ ਦੇ ਮਾਲਕ ਹਰੀ।
੧੬. ਰੁਕਦਾ, ਵਸ ਵਿੱਚ ਆਉਣਾ।
੧੭. ਸੁਰਮਾ।
੧੮. ਪਵਿੱਤਰ ਹੋਵੈ।
੧੯. ਨਾਮ ਅੰਮ੍ਰਿਤ ਦਾ ਸੱਚਾ ਸਰੋਵਰ।
੨੦. ਮਨ ਇਸ਼ਨਾਨ ਕਰੇ।
੨੧. ਅੰਮ੍ਰਿਤ ਦਾ ਸਰੋਵਰ।
੨੨. ਜੋ ਸੱਚ ਬੋਲਣ ਨਾਮ ਜਪਣ ਵਾਲਾ ਹੈ।
੨੩. ਮਨਮੁਖ ਪਾਪੀ, ਕਾਂ ਰੂਪ।
੨੪. ਗੁਰਮੁਖ ਮਹਾਤਮਾਂ।
੨੫. ਉੱਤੋ।
੨੬. ਸੰਭਾਲਿਆ ਹੈ।
੨੭. ਸੁਰਮਾ।
੨੮. ਵੇਖਿਆ।
੨੯. ਕਹਿਣ ਵਾਲਿਆਂ ਦੀਆਂ ਕਹਿਣੀਆਂ (ਗੱਲਾਂ ਸੁਣਕੇ)।
੩੦. ਰਹਿਣੀ।
੩੧. ਕੋਈ।
੩੨. ਔਗੁਣ।
੩੩. ਪਾਰਬ੍ਰਹਮ, ਕਰਤਾਰ।
੩੪. ਸਲੂਣਾ।
੩੫. ਤ੍ਰਿਸ਼ਨਾ ਦੀ ਅੱਗ।
੩੬. ਦੂਰ ਕੀਤੀ ਹੈ।
੩੭. ਮਿਲ ਕੇ।
੩੮. ਜਬਿ ਨੀਲਾਂਬਰ ਫਾੜਿ ਜਰਾਏ। ਬਾਰ ਬਾਰ ਇਹ ਸ਼ਬਦ ਸੁਨਾਏ। (ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲੁ ਗਇਆ।) ਕੌਲ ਕਹਯੋ ਤੁਮ ਤੁਕ ਪਲਟਾਈ। ਰਾਮ ਰਾਇ ਜਯੋ ਕਰੀ ਖੁਟਾਈ। ਗੁਰੂ ਕਹਯੋ ਹਮ ਸਰਬੰਸ ਗਾਹੈ। ਤੁਕ ਪਲਟਾਈ ਹਿਤ ਉਪਕਾਰੈ। (ਸ੍ਰੀ ਗੁਰੁ ਪੰਥ ਪ੍ਰਕਾਸ਼, ਪੰਨਾ- ੧੬੫੯)
੩੯. ਕਮਲ ਜਹੀਆਂ ਅੱਖਾਂ ਵਾਲਾ।
੪੦. ਸੰਖ ਵਰਗੀ ਗਰਦਨ ਵਾਲਾ।
੪੧. ਸ਼ੇਰ ਵਰਗੀ ਕਮਰ ਵਾਲਾ।
੪੨. ਹਾਥੀ ਵਰਗੀ ਚਾਲ ਵਾਲਾ।
੪੩. ਕੇਲੇ ਵਰਗੀਆਂ ਲੱਤਾਂ ਵਾਲਾ।
੪੪. ਹਰਨ ਵਰਗੀ ਫੁਰਤੀ ਵਾਲਾ।
੪੫. ਕਪੂਰ ਵਰਗੀ ਸੁਗੰਧੀ ਵਾਲਾ।
੪੬. ਅਜਿਹੀ ਅਵਸਥਾ ਵਾਲਾ ਅਕਾਲ ਬਿਨਾਂ ਦੂਜਾ ਕੌਣ ਹੈ।
੪੭. ਸੁੰਦਰ ਕਾਲੇ ਰੰਗ ਦਾ ਵਿਸ਼ਨੂੰ ਹੈ।
੪੮. ਸੁਣੀ ਜਾਂਦੀ ਹੈ।
੪੯. ਵੇਖਣ ਨਾਲ ਹੈ।
੫੦. ਸ਼ੇਖ ਬ੍ਰਹਮ (ਫਰੀਦ ਜੀ ਦੇ ਪੋਤਰੇ ਦੇ ਮਿਲਾਪ ਸਮੇਂ ਗੁਰ ਨਾਨਕ ਦੇਵ ਜੀ ਨੇ ਇਹ ਸ਼ਬਦ ਉਚਾਰਨ ਕੀਤਾ।
੫੧. ਹਿਰਦੇ (ਦਿਲ) ਦੀਆਂ, ਭਾਵ ਪਿਆਰੀਆਂ।

# ਬੰਕੋਕ ੨੮-੪-੧੯੫੦

*ਦੋਹਰਾ।।*
*ਕਰਨਹਾਰ ਕਰਤਾਰ ਪ੍ਰਭੁ ਬਿਘਨ ਹਨੈ ਸੁਖ ਦਾਇ।।*
*ਗੁਰ ਹਰਿ ਗੋਬਿੰਦ ਕਹਿਤ ਹੀ ਨਾਸੈ ਬ੍ਰਿੰਦ ਬਲਾਇ।।੧।।*
*ਸ੍ਵੈਯਾ।।*
*ਗੋਬਿੰਦ ਕੇਸਵ ਰਾਮ ਕਿਧੋ ਰਿਪੁ ਦਾਹਿਕ ਰੂਪ ਧਰਾ ਜਗ ਵਾਲੀ।*
*ਪੀਰਨ ਪੀਰ ਵ ਮੀਰਨ ਮੀਰਹਿ ਤੇਗ ਧਰੀ ਜੁਗ ਤੇਜ ਬਿਸਾਲੀ।*
*ਤੋਰਕ ਗਾਰਕ ਹਿੰਦੁਨ ਤਾਰਕ ਦੀਨਨ ਪਾਰਕ ਵਾਕ ਰਸਾਲੀ।*
*ਕਾਰਕ ਬਾਰਕ ਕੇ ਜਿਨ ਬਾਰਕ ਖੰਡਹਿ ਪਾਹੁਲ ਪੰਥ ਸਿੰਘਾਲੀ।।੨।।*

ਜਿਹੜੇ ਢਾਡੀ, ਰਬਾਬੀ ਵਾਰਾਂ ਪੜ੍ਹਦੇ ਸੀ, ਨਾਲ ਢੱਡ ਵਾਲਾ ਢਾਡੀ ਹੁੰਦਾ ਸੀ, ਦੋਵੇਂ ਜਣੇ ਜਿਸ ਵੇਲੇ ਵਾਰ ਲਾਉਂਦੇ ਸਨ, ਉਸ ਵੇਲੇ ਪੜ੍ਹਕੇ ਸੁਣਾਉਂਦੇ ਸਨ—ਤੇਜ ਆਉਂਦਾ ਸੀ। ਸਾਨੂੰ ਭੁੱਲ ਗਈ ਉਹ ਗੱਲ, ਸਾਨੂੰ ਆ ਗਈ ਉਹ—ਪੋਲਿਟਿਕਸ ਕਹੋ—ਨੀਤੀ ਕਹੋ ਪਰ ਨੀਤੀ-ਨੀਤੀ 'ਚ ਫਰਕ ਹੈ। ਇੱਕ ਹੈ ਧਰਮ ਨੀਤੀ, ਇੱਕ ਹੈ ਕੁਟਲ ਨੀਤੀ। ਹੁਣ ਏਸੇ ਵੇਲੇ ਕੁਟਲ ਨੀਤੀ ਦਾ, ਟੇਡੀ ਨੀਤੀ ਦਾ, ਡਿੰਗੀ ਨੀਤੀ ਦਾ ਪ੍ਰਭਾਵ ਪੈ ਰਿਹੈ। ਹਰ ਇੱਕ ਆਦਮੀ ਇਹੋ ਚਾਹੁੰਦਾ ਹੈ ਕਿ ਮੇਰਾ ਪ੍ਰਭਾਵ ਸਾਰਿਆਂ ਤੇ ਹੋਵੇ, ਮੈਂ ਇਹਨਾਂ ਨੂੰ ਕਿਸੇ ਤਰ੍ਹਾਂ ਜਿੱਤਾਂ—ਗੱਲਾਂ ਕਰਕੇ ਜਿੱਤਾਂ—ਪੈਸਿਆਂ ਨਾਲ ਜਿੱਤਾਂ—ਸਭ ਮੇਰੇ ਹੇਠ ਹੋਣ। ਧਰਮ ਨੀਤੀ ਨਹੀਂ ਰਹੀ, ਕਿ ਧਰਮ ਤੋਂ ਅੱਗੇ ਪੈਰ ਨਹੀਂ ਧਰਨਾ। ਕਿਸੇ ਦੀ

ਚੀਜ਼ ਚੁੱਕਣੀ, ਕਿਸੇ ਦਾ ਖੋਹਣਾ, ਕਿਸੇ ਦਾ ਧੋਖੇ ਨਾਲ ਲੈਣਾ, ਕਿਸੇ ਨੂੰ ਧੋਖੇ ਨਾਲ ਆਪਣੇ ਹੇਠ ਕਰਨਾ—ਇਹ ਅੱਜ-ਕੱਲ੍ਹ ਦੀ ਨੀਤੀ ਆ ਗਈ।

## ਸਤਿਗੁਰੂ ਪੀਰਾਂ ਦਾ ਪੀਰ ਹੈ

ਮਹਾਰਾਜ ਨੇ ਦੋ ਤਲਵਾਰਾਂ ਬੱਧੀਆਂ, ਢਾਡੀ ਪੜ੍ਹਦਾ ਸੀ-

*ਦੋ ਤਲਵਾਰਾਂ ਬੱਧੀਆਂ ਇੱਕ ਮੀਰੀ ਤੇ ਇੱਕ ਪੀਰ ਦੀ।*
*ਇਕ ਅਜਮਤ ਅਤੇ ਸਾਰਦੀ, ਇੱਕ ਨੇਕੀ ਕਰੇ ਵਜੀਰ ਦੀ।*
*ਹਿੰਮਤ ਬਾਹਾਂ ਕੋਟਗੜ੍ਹ ਦਰਵਾਜਾ ਬਲਖ ਬੁਖੀਰ ਦੀ।*
*ਕਟਕ ਸਿਪਾਹੀ ਨੀਲ ਨਲ ਮਾਰ ਦੁਸਟਾ ਕਰੇ ਪਦੀਦ ਦੀ।*

ਜਿਸ ਵੇਲੇ ਸੱਚੇ ਪਾਤਸ਼ਾਹ ਨੇ ਅਕਾਲ ਤਖਤ ਸਜਾਇਆ, ਬੈਠੇ ਤਖਤ ਦੇ ਉੱਤੇ, ਢਾਡੀ ਕਹਿੰਦਾ ਹੈ-

*ਪਗ ਤੇਰੀ ਕਿਆ ਜਹਾਂਗੀਰ ਦੀ*

-ਤੇਰੇ ਸਾਹਮਣੇ ਕਿਆ ਜਹਾਂਗੀਰ ਦੀ ਪੱਗ ਹੈ। ਉਹ ਹਰਿਗੋਬਿੰਦ ਸਾਹਿਬ—ਪੀਰਾਂ ਦਾ ਪੀਰ, ਜਿਨ੍ਹਾਂ ਦੇ ਕੋਲ ਮੀਆਂ ਮੀਰ ਵਰਗੇ ਆ ਕੇ —ਗੁਰੂ ਸਾਹਿਬ ਦੀ ਇੱਕੀ ਬਾਈ ਸਾਲ ਦੀ ਉਮਰ ਹੈ, ਸੱਚੇ ਪਾਤਸ਼ਾਹ ਲਾਹੌਰ ਵਿੱਚ ਗਏ ਹੋਏ ਹਨ—ਅੱਗੋਂ ਸਾਈਂ ਮੀਆਂ ਮੀਰ ਬੁੱਢਾ ਆਦਮੀ, ਜਿਹਦੀ ਖਵਨੀ ਕਿਤਨੀ ਉਮਰ ਹੋਵੇ, ਜਿਸ ਵੇਲੇ ਸਾਹਿਬ ਜਾਂਦੇ ਹਨ ਤਾਂ ਖੜਾ ਹੋ ਜਾਂਦਾ ਹੈ।

ਚੇਲੇ ਮੁਤੱਸਵ ਦੇ ਭਰੇ ਹੋਏ, ਮੁਸਲਮਾਨ ਸੜੇ ਹੋਏ ਕਹਿੰਦੇ ਹਨ,''ਹਜ਼ਰਤ, ਇਹ ਇੱਕ ਲੜਕਾ ਆਉਂਦਾ ਹੈ ਨੌਜਵਾਨ ਤੂੰ ਇਹਦੇ ਆਇਆਂ ਤੋਂ ਖੜਾ ਹੋ ਜਾਂਦਾ ਹੈਂ, ਤੁਸੀਂ ਬਜ਼ੁਰਗ ਆਦਮੀ ਹੋ, ਇਹ ਨੌਜਵਾਨ ਮੁੰਡਾ ਹੈ, ਤੂੰ ਇਹਦੇ ਅੱਗੇ ਖੜਾ ਹੁੰਦਾ ਹੈਂ।''

ਮੀਆਂ ਮੀਰ ਤੋਂ ਨਹੀਂ ਰਿਹਾ ਗਿਆ। ਮੀਆਂ ਮੀਰ ਕਹਿੰਦਾ ਹੈ,''ਫਿਰ ਪੁੱਛਦੇ ਹੋ, ਮੈਂ ਦੱਸਾਂ ਤੁਹਾਨੂੰ, ਓਹ ਜਿਸ ਵੇਲੇ ਮੈਂ ਦਰਗਾਹ ਵਿੱਚ ਜਾਂਦਾ ਹਾਂ, ਜਦੋਂ ਨੂਰ ਦੀ ਚਾਦਰ ਅੱਗੋਂ ਪੜਦਾ ਲਹਿੰਦਾ ਹੈ,

ਮੈਨੂੰ ਇਹਦਾ ਦੀਦਾਰ ਹੁੰਦਾ ਹੈ।''

ਸਤਿਗੁਰੂ ਪੀਰਾਂ ਦਾ ਪੀਰ ਹੈ। ਫਿਰ ਉਹ ਅਮੀਰਾਂ ਦਾ ਅਮੀਰ ਹੈ। ਅਮੀਰ ਬਣਾਏ ਹੋਏ ਕਿਹਦੇ ਹਨ ? ਅਮੀਰੀ ਪੈਦਾ ਕਿੱਥੋਂ ਹੁੰਦੀ ਹੈ ?

*ਭੂਰਿਆਂ ਵਾਲੇ ਜੱਟ ਰਾਜੇ ਕੀਤੇ,*
*ਮੁਗਲਾਂ ਜ਼ਹਿਰ ਪਿਆਲੇ ਪੀਤੇ।*

ਗੁਰੂ ਹਰਿਗੋਬਿੰਦ ਸਾਹਿਬ ਕੋਲ ਆ ਕੇ ਢਿੱਡ ਵਜਾਇਆ ਹੈ—ਪਟਿਆਲਾ, ਨਾਭਾ ਵਾਲਿਆਂ। ਜਾਉ,''ਫੇਰ ਲਉ ਘੋੜਾ—ਜਿਥੋਂ ਤਕ ਜੀ ਕਰਦਾ ਹੈ, ਜਾਓ, ਤੁਹਾਡੇ ਜਮਨਾ ਤੇ ਘੋੜੇ ਪਾਣੀ ਪੀਣਗੇ।''

ਉਹ ਅਮੀਰਾਂ ਦਾ ਅਮੀਰ ਹੈ, ਅਮੀਰਾਂ ਨੂੰ ਬਣਾਉਣ ਵਾਲਾ ਹੈ ਸਤਿਗੁਰੂ—ਮੀਰਾਨ ਮੀਰਹਿ। ਦੋ ਤਲਵਾਰਾਂ ਜਿਨ੍ਹਾਂ ਨੇ ਬੱਧੀਆਂ, ਦੋ ਤਲਵਾਰਾਂ ਗਾਤਰੇ ਪਾਈਆਂ। ਜਿਹੜਾ ਅਮੀਰੀ ਨੂੰ ਜਾਣਕੇ ਨਾ ਆਵੇ, ਉਹ ਪੀਰੀ ਨੂੰ ਜਾਣਕੇ ਆਵੇ। ਜਿਹੜਾ ਪੀਰੀ ਨੂੰ ਜਾਣ ਕੇ ਆਵੇ—ਕੈਸਾ ਹੈ ਸਤਿਗੁਰੂ। ਜ਼ਰਾ ਇਤਿਹਾਸ ਪੜ੍ਹੋ ਤਾਂ ਪਤਾ ਲੱਗਦਾ ਹੈ—ਸਿੱਖ ਵੀ ਕਿਆ ਚੀਜ਼ ਹੈ ਸਤਿਗੁਰੂ ਦਾ।

ਸਾਹਿਬ ਦਿੱਲੀ ਜਾਂਦੇ ਹਨ। ਦਿੱਲੀ ਤੋਂ ਬਾਦਸ਼ਾਹ ਜਹਾਂਗੀਰ ਦੇ ਨਾਲ ਆਗਰੇ ਵਲ ਤੁਰ ਪੈਂਦੇ ਹਨ। ਜਹਾਂਗੀਰ ਦੇ ਚਿਤ 'ਚ ਆਉਂਦਾ ਹੈ,''ਲੋਕ ਇਹਨੂੰ ਸੱਚਾ ਪਾਤਸ਼ਾਹ ਕਿਉਂ ਕਹਿੰਦੇ ਹਨ ?'' ਇੱਕ ਜਗ੍ਹਾ ਜਾ ਕੇ ਰਸਤੇ ਦੇ ਵਿੱਚ ਤੰਬੂ ਲੱਗੇ ਹੋਏ ਹਨ, ਇੱਕ ਪਾਸੇ ਬਾਦਸ਼ਾਹ ਦਾ ਤੰਬੂ ਹੈ, ਇੱਕ ਪਾਸੇ ਗੁਰੂ ਸਾਹਿਬ ਦਾ ਤੰਬੂ ਹੈ। ਇੱਕ ਘਾਹੀ ਸਿੱਖ ਆਉਂਦਾ ਹੈ—ਜਰਾ ਸਿੱਖ ਵੱਲ ਵੇਖਣ ਦੀ ਲੋੜ ਹੈ, ਕਿ ਸਿੱਖ ਕੀਹਨੂੰ ਕਹੀਦਾ ਹੈ। ਅਸੀਂ ਸਾਰੇ ਹੀ ਦਾੜ੍ਹੀਆਂ ਕੇਸ ਰੱਖਕੇ—ਭਾਵੇਂ ਸਿੱਧੀਆਂ ਬੰਨ੍ਹ, ਭਾਵੇਂ ਟੇਢੀਆਂ ਬੰਨ੍ਹ ਲਈਏ—ਭਾਵੇਂ ਕਾਲੀਆਂ ਪਾ ਲਈਏ—ਭਾਵੇਂ ਚਿੱਟੀਆਂ—ਭਾਵੇਂ ਕਿਰਪਾਨ—ਭਾਵੇਂ ਮਾਲਾ–

*ਸਿੱਖ ਕਹਾਵਣ ਕਠਿਨ ਹੈ, ਸਿਖੀ ਪੈਂਡਾ ਦੂਰ।*
*ਸਿੱਖੀ ਤਾ ਕੋ ਬਖਸ਼ੀਏ ਜੋ ਰਹੇ ਸਤਿਗੁਰ ਕੇ ਹਜੂਰ।*

'ਸਤਿਗੁਰੂ ਦੇ ਹਜੂਰ' ਜਿਹੜਾ ਸਤਿਗੁਰੂ ਨੂੰ ਹਰ ਵਕਤ ਹਾਜ਼ਰ–

ਨਾਜ਼ਰ ਜਾਣਦਾ ਹੈ—ਉਹ ਕਿਵੇਂ ਬੁਰਾ ਕਰ ਸਕਦਾ ਹੈ—ਕਿਸੇ ਦੀ ਚੀਜ਼ ਕਿਵੇਂ ਚੁੱਕ ਸਕਦਾ ਹੈ—ਉਹ ਕਦੇ ਨਹੀਂ ਝਾਕਦਾ ਲਾਂਭੇ। ਉਹ ਨਿਸਚੇ ਵਾਲਾ ਸਤਿਗੁਰੂ ਦਾ ਸਿੱਖ ਪੰਜ ਪੈਸੇ ਲੈ ਕੇ ਆਉਂਦਾ ਹੈ। ਪਤਾ ਲਗਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਆਏ ਹਨ। ਗਿਆ, ਕਹਿਣ ਲੱਗਾ,''ਸੱਚੇ ਪਾਤਸ਼ਾਹ ਦਾ ਤੰਬੂ ਕਿਹੜਾ ਹੈ ?''

ਉਹ ਜਿਹੜੇ ਬਾਦਸ਼ਾਹ ਦੇ ਆਦਮੀ ਸਨ, ਉਨ੍ਹਾਂ ਆਖਿਆ ਬਾਦਸ਼ਾਹ ਨੂੰ ਕਹਿੰਦਾ ਹੋਣਾ ਹੈ, ਉਨ੍ਹਾਂ ਆਖਿਆ,''ਜੀ ਆਹ।''

ਉਹ ਅੰਦਰ ਚਲਾ ਗਿਆ। ਕੋਲ ਰੰਬੀ ਤੇ ਤੰਗੜੀ ਪਕੜੀ ਹੋਈ ਹੈ, ਪੰਜ ਪੈਸੇ ਕੋਲ ਹਨ। ਜਾ ਕੇ ਅੱਗੇ ਮੱਥਾ ਟੇਕ ਕੇ ਨਮਸਕਾਰ ਕਰਦਾ ਹੈ—ਦਰਸ਼ਨ ਨਹੀਂ ਸੀ ਅੱਗੇ ਸਾਹਿਬਾਂ ਦਾ ਕੀਤਾ ਹੋਇਆ, ਇਹ ਤੇ ਪਤਾ ਸੀ ਕਿ ਬਾਦਸ਼ਾਹੀ ਠਾਠ ਵਿੱਚ ਰਹਿੰਦੇ ਹਨ। ਮੱਥਾ ਟੇਕਿਆ, ਬਾਦਸ਼ਾਹ ਕਹਿੰਦਾ ਹੈ,''ਆ ਬਈ ਕਿਸ ਤਰ੍ਹਾਂ ਆਇਆ ਹੈ।''

ਕਹਿੰਦਾ ਹੈ,''ਸੱਚੇ ਪਾਤਸ਼ਾਹ, ਮੁਕਤੀ ਦਿਉ।''

ਬਾਦਸ਼ਾਹ ਨੂੰ ਪਤਾ ਲੱਗਿਆ ਇਹ ਤਾਂ ਕੋਈ ਗੁਰੂ ਦਾ ਸਿੱਖ ਹੈ। ਲੱਗਾ ਬਾਦਸ਼ਾਹ ਦੱਸਣ,''ਭਾਈ ਮੁਕਤੀ ਤਾਂ ਸਾਡੇ ਕੋਲ ਨਹੀਂ, ਜੇ ਤੂੰ ਆਖੇਂ ਰੁਪਈਏ ਜਿੰਨੇ ਆਖੇਂ ਤੈਨੂੰ ਦੇ ਦਿੰਦੇ ਹਾਂ।''

ਉਸ ਆਖਿਆ,''ਮੈਨੂੰ ਨਹੀਂ ਲੋੜ।''

ਅਖੀਰ ਬਾਦਸ਼ਾਹ ਨੇ ਆਖਿਆ,''ਤੈਨੂੰ ਕਿਸੇ ਮੁਲਕ ਦਾ ਸੂਬਾ ਬਣਾ ਦਿੰਦੇ ਹਾਂ।''

ਅੱਗੋਂ ਪੈਸੇ ਚੁੱਕ ਲਏ, ਕਹਿੰਦਾ,''ਮੈਨੂੰ ਨਹੀਂ ਇਸ ਚੀਜ਼ ਦੀ ਲੋੜ,''—ਚੁੱਕ ਕੇ ਤੁਰ ਪਿਆ। ਕਿਉਂਕਿ ਗੁਰੂ ਦਾ ਸਿੱਖ ਸੀ। ਦੀਵਾਨ ਨੰਦ ਲਾਲ ਜੀ ਕਹਿੰਦੇ ਹਨ–

*ਹਜ਼ਾਰ ਖ਼ੁਲਦਿ ਬਰੀਂ ਰਾ, ਬ-ਨੀਮ ਜੌਂ, ਨ-ਖਰੰਦ।*

*–ਗਜ਼ਲ–੩੦*

ਮੈਂ ਹਜ਼ਾਰ ਬਹਿਸ਼ਤਾਂ ਨੂੰ ਅੱਧੇ ਜੌਂ ਤੋਂ ਨਹੀਂ ਖਰੀਦਦਾ, ਗੁਰੂ ਗੋਬਿੰਦ

ਸਿੰਘ—ਜਿੱਥੇ ਤੇਰਾ ਦਰਸ਼ਨ ਨਾ ਹੋਵੇ।

ਸਿੱਖ ਦੀ ਇਹ ਚੀਜ਼ ਹੈ, ਸਿੱਖ ਦੀ ਇਹ ਤਾਰੀਫ ਹੈ—ਕਿ ਸਿੱਖ ਅਗਰ ਗੁਰੂ ਤੋਂ ਬਗੈਰ ਲਾਂਭੇ ਝਾਕਦਾ ਹੈ–

**ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ।।**

*–ਪੰਨਾ–੧੩੮੪*

ਜਹਾਂਗੀਰ ਦਾ ਮਾਣ ਟੁੱਟ ਗਿਆ, ਕਹਿੰਦਾ,''ਬਈ ਇੱਕ ਘਸਿਆਰਾ ਗੁਰੂ ਦਾ ਸਿੱਖ ਹੈ ਜਿਹਨੇ ਮੇਰੀ ਕੋਈ ਪਰਵਾਹ ਨਹੀਂ ਕੀਤੀ।''

ਸਾਹਿਬਾਂ ਦੇ ਚਰਨਾਂ ਵਿੱਚ ਜਾ ਕੇ ਮੱਥਾ ਟੇਕਦਾ ਹੈ, ਨਮਸਕਾਰ ਕਰਦਾ ਹੈ।

ਬਾਦਸ਼ਾਹ ਨੇ ਆਖਿਆ,''ਮਹਾਰਾਜ ਮੇਰੀ ਇਹ ਗਲਤੀ ਸੀ, ਮੈਂ ਕਹਿੰਦਾ ਸੀ ਲੋਕ ਤੈਨੂੰ ਸੱਚਾ ਪਾਤਸ਼ਾਹ ਕਿਉਂ ਕਹਿੰਦੇ ਨੇ—ਤੂੰ ਜ਼ਰੂਰ ਸੱਚਾ ਹੀ ਪਾਤਸ਼ਾਹ ਹੈਂ।'' ਉਹ ਅਮੀਰਾਂ ਦਾ ਅਮੀਰ ਹੈ ਗੁਰੂ, ਜਿਹਦੇ ਬਾਦਸ਼ਾਹ ਬਣਾਏ ਹੋਏ ਹਨ।

*ਤੋਰਕ ਗਾਰਕ ਹਿੰਦੁਨ ਤਾਰਕ*

ਸਤਿਗੁਰੂ ਕੈਸਾ ਹੈ—ਤੁਰਕਾਂ ਨੂੰ ਗਾਲਿਆ ਜਿਸ ਨੇ ਹਿੰਦੂਆਂ ਨੂੰ ਤਾਰਿਆ। ਇੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ ਦੁਸ਼ਟਾਂ ਨੂੰ–

**ਯਾਹੀ ਕਾਜ ਧਰਾ ਹਮ ਜਨਮੰ।।**
**ਸਮਝ ਲੇਹੁ ਸਾਧੂ ਸਭ ਮਨਮੰ।।**

ਜੋ ਕ੍ਰਿਸ਼ਨ ਮਹਾਰਾਜ ਨੇ ਕਿਹਾ ਹੈ–

*ਪਰਿਤ੍ਰਾਣਾਯ ਸਾਧੂ ਨਾਂ ਵਿਨਾਸ਼ਯ 'ਚ ਦੁਸਟਿਕ੍ਰਿਤਾਮ।*

ਗੁਰੂ ਸਾਹਿਬ ਕਹਿੰਦੇ ਹਨ–

**ਧਰਮ ਚਲਾਵਨ ਸੰਤ ਉਬਾਰਨ**[2]**।।**
**ਦੁਸਟ ਸਭਨ ਕੋ ਮੂਲ ਉਪਾਰਨਿ**[3]**।।**

*–ਦਸਮ ਗ੍ਰੰਥ, ਪੰਨਾ–੫੭*

ਜਿਸ ਨੇ ਹਿੰਦੂ ਧਰਮ ਨੂੰ ਰੱਖਿਆ, ਤੁਰਕਾਂ ਨੂੰ ਗਾਲਿਆ।

*ਦੀਨਨ ਪਾਰਕ ਵਾਕ ਰਸਾਲੀ।*

ਗਰੀਬਾਂ ਨੂੰ ਪਾਲਣ ਵਾਲਾ ਹੈ ਸਤਿਗੁਰੂ ਜਿਸਦੇ ਬਚਨ ਅੰਮ੍ਰਿਤ ਰੂਪ ਹਨ—ਰਸ ਦੇ ਭਰੇ ਹੋਏ।

*ਕਾਰਕ ਬਾਰਿਕ ਕੇ ਜਿਨ ਬਾਰਕ।*

ਅੱਗੋਂ ਹੁਣ ਸੰਤ ਜੀ ਆਪਣੀ—ਇੱਥੇ ਇਸ ਕਵਿਤਾ ਵਿੱਚ—ਆਪਣੀ ਵਿਦਵਤਾ ਦੱਸਦੇ ਹਨ। ਇਸ ਕਾਰਕ—ਇਹ ਜਿਹੜਾ ਕਾਰਕ ਹੈ, ਕਾਰਕ—ਕਰਨੇ ਵਾਲਾ, ਕਰਤਾਰ—ਇਸਦੇ ਬਾਰਿਕ ਦੇ ਬਾਰਿਕ ਨੇ—ਗੁਰੂ ਹਰਿ ਗੋਬਿੰਦ ਸਾਹਿਬ ਦੇ ਘਰ ਗੁਰੂ ਤੇਗ਼ ਬਹਾਦਰ, ਗੁਰੂ ਤੇਗ਼ ਬਹਾਦਰ ਦੇ ਘਰ ਗੁਰੂ ਗੋਬਿੰਦ ਸਿੰਘ। ਜੇ ਅਸੀਂ ਇਹਨਾਂ ਅੱਖਰਾਂ ਨੂੰ ਦੇਖੀਏ—ਹਰਿ ਗੋਬਿੰਦ ਤੇ ਗੋਬਿੰਦ ਹਰਿ। ਜੇ ਹਰਿ ਸ਼ਬਦ ਪਿੱਛੇ ਕਰ ਦੇਈਏ ਤਾਂ ਗੋਬਿੰਦ ਸਿੰਘ ਬਣ ਜਾਂਦਾ ਹੈ, ਹਰਿ ਸ਼ਬਦ ਪਹਿਲੇ ਕਰ ਦੇਈਏ ਤਾਂ ਹਰਿ ਗੋਬਿੰਦ ਬਣ ਜਾਂਦਾ ਹੈ। ਹਰਿ ਗੋਬਿੰਦ ਔਰ ਗੋਬਿੰਦ ਹਰਿ—ਇੱਕੋ ਹੀ ਜਿਹਨਾਂ ਦਾ ਸਰੂਪ ਹੈ।

*ਕਾਰਕ ਬਾਰਿਕ ਕੇ ਜਿਨ ਬਾਰਕ।*

ਇਸ ਕਾਰਕ ਦੇ, ਬਾਰਿਕ ਦੇ ਬਾਰਿਕ ਨੇ।

## ਸਿੱਖ ਨੂੰ ਸ਼ੇਰ ਸਰੂਪ

*ਖੰਡਹਿ ਪਾਹੁਲ ਪੰਥ ਸਿੰਘਾਲੀ।*

ਜਿਨ੍ਹੇ ਖੰਡੇ ਦੀ ਪਾਹੁਲ ਦਿੱਤੀ ਔਰ ਸਿੰਘ ਪੰਥ ਸਾਜਿਆ, ਇਹ ਜਿਹੜਾ ਸਰੂਪ ਬਣਾਇਆ ਸ਼ੇਰ ਸਰੂਪ ਬਣਾ ਦਿੱਤਾ। ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਜਿਸ ਵੇਲੇ ਤਖ਼ਤ ਤੇ ਬਿਰਾਜੇ—ਕੀਤਾ ਅੰਮ੍ਰਿਤ ਤਿਆਰ, ਫੇਰਿਆ—ਲੋਹੇ ਵਿੱਚ ਲੋਹਾ ਘਸਾਇਆ। ਕਈ ਚੀਜ਼ਾਂ ਐਸੀਆਂ ਹਨ ਜਿਹੜੀਆਂ ਸਾਡੇ ਕਿਸੇ ਪ੍ਰੇਮੀ ਨੇ ਲਿਖ ਦਿੱਤੀਆਂ, ਅਸੀਂ ਉਨ੍ਹਾਂ ਨੂੰ ਉਸੇ ਤਰ੍ਹਾਂ ਲੈ ਲਿਆ। ਜਿਹੜਾ ਇਹ ਸ਼ਬਦ ਸਿੱਖਾਂ ਵਿੱਚ ਹੈ—ਮਸ਼ਹੂਰ, ਇਹ ਗੱਲ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਔਰ ਗੁਰੂ ਤੇਗ ਬਹਾਦਰ ਸਾਹਿਬ, ਅਨੰਦਪੁਰ ਸਾਹਿਬ

ਇੱਕੱਠੇ ਹੋਏ—ਜੇ ਤੁਸੀਂ ਪੜ੍ਹਕੇ ਦੇਖੋ ਇਤਿਹਾਸ, ਗੁਰੂ ਸਾਹਿਬ ਦਾ ਮੇਲ ਅੰਬਾਲੇ ਦੇ ਜ਼ਿਲ੍ਹੇ ਵਿੱਚ ਇੱਕ ਨਗਰ ਵਿੱਚ ਹੋਇਆ ਹੈ। ਗੁਰੂ ਗੋਬਿੰਦ ਸਾਹਿਬ ਪਟਨੇ ਸਾਹਿਬ ਤੋਂ ਚਲੇ ਹਨ, ਗੁਰੂ ਸਾਹਿਬ ਅਨੰਦ ਪੁਰ ਤੋਂ ਚਲ ਪਏ ਹਨ।

ਦੂਸਰੀ ਚੀਜ਼ ਕਿ ਮਾਤਾ ਸਾਹਿਬ ਦੇਵਾਂ ਜੀ ਨੇ ਪਤਾਸੇ ਪਾਏ—ਅੰਮ੍ਰਿਤ ਵਿੱਚ। ਮਾਤਾ ਜੀ—ਗੁਰੂ ਸਾਹਿਬ ਨੇ ਅੰਮ੍ਰਿਤ ਤਿਆਰ ਕੀਤਾ ਹੈ ਸਤਾਰਾਂ ਸੌ ਛਪੰਜਾ ਪਹਿਲੀ ਵਿਸਾਖ ਨੂੰ—ਮਾਤਾ ਸਾਹਿਬ ਦੇਵਾਂ ਜੀ ਦਾ ਗੁਰੂ ਸਾਹਿਬ ਦੇ ਚਰਨਾਂ ਵਿੱਚ ਪਹੁੰਚਣਾ ਸੰਮਤ ਸਤਾਰਾਂ ਸੌ ਸਤਵੰਜਾ, ਸਤਾਰਾਂ ਵਿਸਾਖ। ਇੱਕ ਸਾਲ ਸਤਾਰਾਂ ਦਿਨ ਬਾਅਦ ਮਾਤਾ ਜੀ ਜਾਂਦੇ ਹਨ। ਅੰਮ੍ਰਿਤ ਤਿਆਰ ਕੀਤਾ—ਦੇਖੀ ਹਾਲਤ ਕਿ ਸਾਡਾ ਮੁਲਕ ਇਤਨਾ ਕਮਜ਼ੋਰ ਹੋ ਗਿਆ ਹੈ, ਇਤਨਾ ਗਿਰ ਗਿਆ ਹੈ ਕਿ ਜਿੱਥੇ ਮੁਸਲਮਾਨਾਂ ਦਾ ਨਾਂ 'ਖਾਂ' ਆ ਜਾਂਦਾ ਹੈ, ਕੋਈ ਤਕੜਾ ਨਾਂ ਸਫਦਰ ਜੰਗ ਆ ਜਾਂਦਾ ਹੈ, ਉੱਥੇ 'ਕੀੜੂ', 'ਘੀਸੂ' ਇਹੋ ਜਿਹੇ ਨਾਂ ਧਰਕੇ ਥੱਲੇ-ਥੱਲੇ ਜਾਂਦੇ ਜਾਂਦੇ ਨੂੰ ਉਹਨਾਂ ਨੇ ਦੇਖਿਆ। ਹੁਣ ਇਸ ਵਕਤ ਜ਼ਰੂਰਤ ਹੈ—ਫਿਰ ਛਕਾਇਆ ਅੰਮ੍ਰਿਤ, ਰਖਾਏ ਦਾੜ੍ਹੇ, ਕੇਸ, ਬਣਾ ਦਿੱਤੇ ਬੱਬਰ ਸ਼ੇਰ। ਹੁਕਮ ਕੀ ਦਿੱਤਾ—ਸਿੱਖ ਪੜ੍ਹਦੇ ਜਾਂਦੇ ਸੀ–

**ਸਾਧੋ ਮਨ ਕਾ ਮਾਨ ਤਿਆਗਉ॥**

ਜੇ ਕਿਸੇ ਨੇ ਲੋਈ ਲਾਹ ਲਈ ਤਾਂ ਮੁੜਕੇ ਨਹੀਂ ਦੇਖਿਆ, ਜੇ ਕਿਸੇ ਨੇ ਗੜਵੀ ਖੋਹ ਲਈ ਤਾਂ ਨਹੀਂ ਦੇਖਿਆ। ਸਾਹਿਬ ਜਿਸ ਵੇਲੇ ਤਖਤ ਤੇ ਬੈਠਦੇ ਹਨ, ਕਹਿੰਦੇ ਹਨ,''ਜਿਹੜਾ ਗੁਆ ਕੇ, ਮੁਹਾ ਕੇ ਆਵੇਗਾ, ਮੈਂ ਉਹਨੂੰ ਦਰਸ਼ਨ ਨਹੀਂ ਦੇਵਾਂਗਾ।''

ਉਹ ਵਕਤ ਐਸਾ ਸੀ, ਉਸ ਵਾਸਤੇ ਉਸ ਗੱਲ ਦੀ ਲੋੜ ਸੀ। ਢਾਡੀ ਕਹਿੰਦੇ ਸੀ। ਜਿਹੜਾ 'ਇੱਟ ਚੁਕਦੇ ਨੂੰ ਪੱਥਰ ਕਾੜ੍ਹ ਮੂੰਹ ਤੇ ਮਾਰੇ।' ਫਿਰ ਉਹਨਾਂ ਦੀ ਤੇ ਮੌਜ ਸੀ ਨ, ਢਾਡੀ ਪੜ੍ਹਦੇ ਸੀ ਕਿ ਸਿੱਖ ਜਿੱਥੋਂ ਦੀ ਜਾਣ ਵਾਰਾਂ ਕੂਕਦੇ, ਗਾਜਰ ਮੂਲੀ ਨੂੰ—ਸੰਬਰ ਸੂਲੀ ਦੇਂਦਿਆਂ ਤਾਂ ਕਿ ਪਤਾ ਲੱਗੇ ਗੁਰੂ ਗੋਬਿੰਦ ਸਿੰਘ ਦਾ ਤੀਸਰਾ ਪੰਥ ਲੰਘਿਆ

ਹੈ। ਕਿਸ ਵਾਸਤੇ—ਉਹਨਾਂ ਲੋਕਾਂ ਨੂੰ ਡਰ ਦੇਣ ਵਾਸਤੇ, ਜਿਹੜੇ ਖਰਾਬ ਕਰਦੇ ਸੀ। ਦਿੱਤੀ ਪਾਹੁਲ, ਸਿੰਘ ਸਜਾ ਦਿੱਤਾ। ਹੁਣ ਅਸੀਂ ਸਾਰੇ ਹੀ —ਆਪਣੇ ਆਪ ਵਿੱਚ, ਸਾਨੂੰ ਬੜਾ ਫਖ਼ਰ ਹੈ, ਅਸੀਂ ਸਿੰਘ ਹਾਂ, ਅਸੀਂ ਅੰਮ੍ਰਿਤਧਾਰੀ ਹਾਂ, ਲੇਕਿਨ ਜਦੋਂ ਅਸੀਂ ਦੇਖਦੇ ਹਾਂ ਵਿਚਾਰ ਕਰਕੇ, ਸਾਡਾ ਜਾਂ ਤੇ ਅੰਮ੍ਰਿਤ ਉੱਤੇ ਨਿਸਚਾ ਨਹੀਂ, ਅਸੀਂ ਹੁਣ ਗਿੱਦੜਾਂ ਤੋਂ ਵੀ ਭੈੜੇ ਔਰ ਲੂਮੜਾਂ ਤੋਂ ਵੀ ਭੈੜੇ ਹਾਂ—ਇਹ ਕਿਸੇ ਵਾਸਤੇ ਗੱਲ ਨਹੀ ਕੋਈ ਕਿਸੇ ਤੇ ਉਂਗਲ ਧਰੇ। ਅਸੀਂ ਸਾਰੇ ਹਾਂ ਉਹਦੇ ਚੋਂ, ਕੋਈ ਵੀ ਨਹੀਂ ਉਹਨਾਂ 'ਚ—ਜਿਹੜਾ ਨਹੀਂ, ਕਿਉਂਕਿ ਖਾਲਸਾ—ਖਾਲਸ ਚੀਜ਼ ਦਾ ਨਾਂਉਂ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਲਿਖਦੇ ਹਨ-

*ਜਹਾਂ ਕਹਾਂ ਕਾ ਛਕੈ ਪ੍ਰਸਾਦਿ।*
*ਸਿਖ ਨਹੀਂ ਮੇਰਾ ਆਦਿ ਜੁਗਾਦਿ।*
*- ਜਾ ਕੀ ਰਹਿਤ ਨ ਜਾਣੀਏ ਗੁਰ ਮੰਤਰ ਨਹੀਂ ਚੀਤ।*
*ਉਨਕਾ ਭੋਜਨ ਖਾਇਕੈ ਬਿਸਰੈ ਹਰਿ ਸਿਉ ਪ੍ਰੀਤ।*

ਸਾਨੂੰ ਹਿੰਦੂ ਦਾ ਆ ਜਾਏ—ਮੁਸਲਮਾਨ ਦਾ ਆ ਜਾਏ—ਈਸਾਈ ਦਾ ਆ ਜਾਏ—ਮੁਸਾਈ ਦਾ ਆ ਜਾਏ—ਜੋ ਕੁਛ ਆਇਆ ਬੰਨੇ। ਕਿਸੇ ਨੇ ਐਵੇਂ ਮਖੌਲ ਨਾਲ ਕਵਿਤਾ ਬਨਾਈ ਹੈ ਕਿ-

*ਫੀਮ ਮੰਗੇ ਰਿਉੜੀਆਂ ਤੇ ਪੋਸਤ ਮੰਗੇ ਗੰਨੇ,*
*ਤੇ ਭੰਗ ਵਿਚਾਰੀ ਆਲੀ ਭੋਲੀ ਜੋ ਆਇਆ ਸੋ ਬੰਨੇ।*

ਸਾਡਾ ਹੁਣ ਇਹੋ ਹਾਲ ਹੋਇਆ ਔਰ ਇਸ ਗੱਲ ਦਾ ਇਹ ਨਤੀਜਾ ਹੈ ਕਿ ਉਹ ਸਿੱਖ ਜਿਨ੍ਹਾਂ ਦੇ ਗਲਾਂ ਵਿੱਚ ਅੰਗ ਰੱਖੇ ਤੇ ਭੂਰੇ ਇੱਕ-ਇੱਕ ਉੱਤੇ ਸੀ—ਗੌਰਮਿੰਟ ਮੁਗਲੀਆ ਉਹਨਾਂ ਨੂੰ ਬੈਠਣ ਨਹੀਂ ਸੀ ਦੇਂਦੀ। ਝਾੜੀਆਂ ਵਿੱਚ ਉਹ ਬੈਠਦੇ ਸਨ। ਜੇ ਇੱਕ ਬ੍ਰਾਹਮਣ ਨੇ ਜਾ ਕੇ ਆਖ ਦਿੱਤਾ ਹੈ, ਮਹਾਰਾਜ ਮੇਰੀ ਘਰਵਾਲੀ ਨੂੰ ਲੈ ਗਿਆ ਹੈ ਪਠਾਣ ਕਸੂਰ ਦਾ ਤਾਂ ਜੱਸਾ ਸਿੰਘ ਭੰਗੀ ਨੇ ਇਕੱਲੇ ਨੇ ਕਿਹਾ ਕਿ ਤਿਆਰ ਹਾਂ।

ਸਾਰਾ ਪੰਥ ਇਕੱਠਾ ਹੋਇਆ ਅਕਾਲ ਤਖਤ ਤੇ ਕਹਿੰਦੇ ਨੇ,''ਜੱਸਾ

ਸਿੰਘ ਇਹ ਕੀ ਕੀਤਾ ਤੂੰ, ਉਹ ਤੇ ਬੜਾ ਤਕੜਾ ਪਠਾਣ ਹੈ।''

ਉਹ ਕਹਿੰਦਾ,''ਬਸ ਅਬ ਸਿੰਘ ਦਾ ਬਚਨ ਹੋ ਗਿਆ, ਅਬ ਤੋ ਹਮ ਮਰ ਜਾਏਂ ਹੈ ਜਾਂ ਲੈਹੇ ਨਾਂਹਿ ਕਸੂਰ ਹੈ।'' ਸਿੰਘ ਨਹੀਂ ਪਿੱਛੇ ਮੁੜੇਗਾ। ਆਪਣੇ ਵਾਸਤੇ ਨਹੀਂ ਗਿਆ, ਇੱਕ ਬ੍ਰਾਹਮਣ ਦੀ ਔਰਤ ਉਹਨੂੰ ਦਿਵਾ ਕੇ ਆਪ ਰਾਜ ਨਹੀਂ ਸਾਂਭਿਆ। ਸਿੱਖੀ ਇਹ ਚੀਜ਼ ਸੀ–-ਪਰਉਪਕਾਰ। ਹੁਣ ਮੇਰਾ ਚਿਤ ਕਰਤਾ ਹੈ ਸੇਠ ਦਿਆਲ ਸਿੰਘ ਹੁਰਾਂ ਦੀ ਘੜੀ ਮੇਰੀ ਜੇਬ 'ਚ ਹੀ ਹੋਵੇ, ਇਹਨਾਂ ਦੇ ਮੁੰਡੇ—ਕੁੜੀਆਂ ਦੇ ਲੀੜੇ ਮੈਂ ਲਾਹ ਲਵਾਂ, ਮੇਰੇ ਵਰਗਾ ਹੋਰ ਕੋਈ ਨਾ ਹੋਵੇ। ਭਾਈ ਸਿੱਖੋ, ਤੁਸੀਂ ਗੁਰੂ ਦੇ ਸਿੰਘ ਹੋ, ਉਸ ਗੁਰੂ ਗੋਬਿੰਦ ਸਿੰਘ ਦੇ ਜਿਸਨੇ ਨੀਵੇਂ ਉੱਚੇ ਕਰ ਦਿੱਤੇ।

ਰਾਜਿਆਂ ਨੇ ਮੰਗਿਆ ਅੰਮ੍ਰਿਤ, ਮਾਤਾ ਜੀ ਨੂੰ ਜਾ ਕੇ ਕਹਿੰਦੇ ਨੇ —ਸਾਰਿਆਂ ਨੂੰ ਅੰਮ੍ਰਿਤ ਲੱਗ ਪਿਆ ਹੈ ਛਕਾਉਣ। ਮਾਈ ਕਹਿੰਦੀ ਹੈ,''ਤੂੰ ਅੰਮ੍ਰਿਤ ਰਾਜਿਆਂ ਨੂੰ ਦੇਹ।''

ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ,''ਮਾਈ ਤੂੰ ਨਹੀਂ ਇਹਨਾਂ ਗੱਲਾਂ ਨੂੰ ਜਾਣਦੀ, ਇਹ ਰਾਜੇ ਮੈਨੂੰ ਕਹਿਣਗੇ ਸਾਡੇ ਕੋਲ ਰਾਜ ਵੀ ਅੱਗੇ ਸੀ, ਭਾਗ ਵੀ ਅੱਗੇ ਸੀ, ਫੌਜ ਭੀ ਅੱਗੇ ਸੀ, ਪੈਸੇ ਵੀ ਅੱਗੇ ਸੀ—ਗੁਰੂ ਦੇ ਕੋਲੋਂ ਇਕ ਸ਼ਰਬਤ ਦੀ ਚੁਲੀ ਪੀਤੀ ਸੀ, ਖਬਰ ਨਹੀਂ ਇਹਦਾ ਕੀ ਅਸਰ ਹੋਊ। ਜਿਹੜੇ ਗਰੀਬ—ਗੁਰਬੇ, ਕੋਈ ਕੁੱਛੀ—ਕੋਈ ਆਰੀ—ਕੋਈ ਤੇਸਾ—ਕੋਈ ਪਹਾਰਾ ਜਿਹੜੇ ਛੱਡ ਕੇ ਮੇਰੇ ਕੋਲ ਆਏ ਨੇ, ਇਨ੍ਹਾਂ ਨੂੰ ਅੰਮ੍ਰਿਤ ਦਿੱਤਾ ਹੈ। ਇਹ ਆਖਣਗੇ, ਧੰਨ ਸਾਡਾ ਗੁਰੂ ਹੈ ! ਜਿਹਨੇ ਸਾਨੂੰ ਚੁੱਕ ਕੇ ਉੱਤੇ ਕੀਤਾ, ਕ੍ਰਿਪਾ ਕੀਤੀ ਔਰ ਸਿੱਖ ਸਜਾਏ।''

ਸਿੱਖਾਂ ਨੇ ਜੋ ਕੁਛ ਕੀਤਾ ਇਹ ਕੋਈ ਗੁੱਝੀ ਛਿਪੀ ਗੱਲ ਨਹੀਂ ਜਿੱਥੇ ਜਾ ਕੇ ਸਰਦਾਰ ਹਰੀ ਸਿੰਘ ਨਲੂਏ ਵਰਗਿਆਂ ਨੇ ਝੰਡੇ ਲਾ ਦਿੱਤੇ ਸੀ, ਕਾਬਲ ਦੇ ਇਲਾਕੇ ਦੇ ਨੇੜੇ—ਮੈਂ ਲੰਡੀ ਖਾਨੇ ਤਕ ਜਾ ਆਇਆਂ, ਉੱਥੋਂ ਅੰਗਰੇਜ਼—ਏਧਰੋਂ ਕਿੰਨੀ ਦੂਰੋਂ ਆਏ ਨੇਂ—ਇਹ ਨਹੀਂ ਅੱਗੇ ਵੱਧ ਸਕੇ।

ਉਹ ਸਿੱਖ, ਹੁਣ ਮੈਂ ਕੀ ਤੁਹਾਨੂੰ ਗੱਲ ਦੱਸਾਂ ਸਾਨੂੰ ਤੇ ਸ਼ਰਮ ਆਉਂਦੀ ਹੈ—ਸਿੱਖੀ ਦੀ ਗੱਲ ਕਰਦਿਆਂ। ਸਰਦਾਰ ਹਰੀ ਸਿੰਘ ਨਲੂਆ—ਜਮਰੌਦ ਦੇ ਕਿਲ੍ਹੇ ਵਿਚੋਂ ਦੋ ਖੱਚਰਾਂ ਭੇਜੀਆਂ ਪਾਣੀ ਲੈਣ ਵਾਸਤੇ, ਪਰ—ਉਹ ਖੱਚਰਾਂ ਮਾਰ ਦਿੱਤੀਆ ਪਠਾਣਾਂ ਨੇ—ਕਹਿੰਦਾ,''ਖਾਲਸਾ ਜੀ ਹੁਣ ਪਾਣੀ ਕੱਢ ਕੇ ਹੀ ਇੱਥੇ ਛਕਣਾ ਹੈ।'' ਸੱਤ ਵੀਹਾਂ ਹੱਥ—ਡੂੰਘਾ ਔਰ ਨੌਂ ਹੱਥ ਚੌੜਾ, ਮੈਂ ਮਿਣ ਕੇ ਆਇਆ ਖੂਹ, ਪੱਥਰ ਦੇ ਵਿੱਚ ਪਹਾੜ ਦੇ ਉੱਤੇ, ਜਿਉਂ ਲੱਗੇ ਹਨ ਪੁੱਟਣ, ਖੂਹ ਕੱਢ ਕੇ ਜਲ ਛਕਿਆ।

ਫਿਰ ਹਾਲਤ ਕੀ ਸੀ ਹੁਣ ਤਾਂ ਸਾਡੇ—ਮੂੰਹ ਵਿਚ ਪਾਣੀ ਪਾਉਣ ਵਾਲੇ ਹੋਰ, ਕੱਪੜੇ ਬਦਲਣ ਵਾਲੇ ਹੋਰ। ਉਹ ਸਰਦਾਰ ਹਰੀ ਸਿੰਘ ਜਰਨੈਲ, ਕਿਲ੍ਹੇ ਦੇ ਵਿੱਚ ਕੱਚਾ ਬੁਰਜ ਜਿਹੜਾ ਬਣਿਆ ਹੋਇਆ, ਉਸ ਬੁਰਜ ਵਿੱਚ ਕੋਈ ਚੀਜ਼ ਨਹੀਂ ਹੈ। ਇੱਕ ਬੀੜ ਮਹਾਰਾਜ ਦੀ ਰੱਖੀ ਹੋਈ ਹੈ, ਉਹ ਵੀ ਉਸ ਆਲੇ ਵਿੱਚ ਜਿਹਨੂੰ ਕੋਈ ਤਖ਼ਤਾ ਨਹੀਂ ਲੱਗਿਆ ਹੋਇਆ, ਕੱਚਾ ਥਾਂ, ਪੋਚਾ ਦੇ ਕੇ ਉੱਤੇ ਆਲੇ ਵਿੱਚ ਬੀੜ ਰੱਖਣੀ ਮਹਾਰਾਜ ਦੀ, ਆਪ ਥੱਲੇ ਸਫ ਵਿਛਾ ਕੇ ਸੌਣਾ—ਉਹ ਸੀ ਸਿੱਖੀ।

ਹੁਣ ਅਸੀਂ ਮੱਥੇ ਟੇਕ ਲੈਂਦੇ ਹਾਂ, ਰੁਮਾਲ ਦੇ ਦੇਂਦੇ ਹਾਂ ਲੇਕਿਨ ਅਦਬ ਚਿਤ 'ਚ ਸਾਡੇ ਕੋਈ ਨਹੀਂ ਗੁਰਬਾਣੀ ਨਾਲ। ਉਹ ਸਿੱਖ—ਮੈਨੂੰ ਇਹ ਪਤਾ ਹੈ ਕਿ ਮੈਂ ਜਿਸ ਵੇਲੇ ਗਿਆਂ—ਮੈਂ ਇਹ ਗੱਲ ਸੁਣੀ ਹੈ ਕਿ ਅੰਗਰੇਜ਼ ਉਸ ਬੁਰਜ ਵਿੱਚ ਨਹੀਂ ਕੋਈ ਸੌਂ ਸਕੇ—ਜਿੱਥੇ ਸਰਦਾਰ ਹਰੀ ਸਿੰਘ ਨਲੂਆ ..........। ਜਿਦਣ ਕੋਈ ਸੌਂਦਾ ਸੀ ਪੁੱਠਾ ਹੋ ਜਾਂਦਾ ਸੀ, ਮੰਜੀ ਨਹੀਂ ਕੋਈ ਡਾਹ ਸਕਿਆ।

ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਦਿੱਤਾ, ਸਿੱਖ ਬਣਾਏ—ਸਿੱਖ ਸੇ ਪਰਉਪਕਾਰ ਵਾਸਤੇ ਬਣੇ। ਵਾੜ ਆਪ ਹੀ ਨਾ ਰਹੇ, ਇੱਕ ਦੂਜੇ ਨੂੰ ਖਾਣ ਲੱਗ ਪਏ, ਖਾਂਦੇ-ਖਾਂਦੇ ਰਾਜ ਭਾਗ ਹੱਥ ਵਿੱਚ ਆਇਆ—ਉਹ ਰਾਜ ਗਵਾ ਲਿਆ। ਉਹ ਰਾਜ ਗਵਾ ਕੇ ਫਿਰ ਗੁਰੂ ਸਾਹਿਬ ਨੇ ਇੱਕ

ਜਗ੍ਗਾ ਲਿਖਿਆ ਹੈ–

*ਅਬ ਤੁਮ ਮੇਰੇ ਬਚਨ ਕੀ ਨਹਿ ਮਾਨੋ ਪਰਤੀਤ।*
*ਤਬ ਫਿਰ ਤੁਮ ਸੌਂ ਹੋਏਗੀ ਅਨਿਕ ਭਾਂਤ ਯਿਹ ਰੀਤ।*
*ਸੇਰ ਸੇਰ ਆਟੇ ਕੇ ਪਾਗੇ।*
*ਭਾਗੇ ਫਿਰੋ ਤੁਰਕਨ ਕੇ ਆਗੇ।*

ਅੰਗਰੇਜ਼ਾਂ ਦੇ ਮਗਰ ਫਿਰਦੇ ਰਹੇ, ਆਪਣੀ ਸਿੱਖੀ ਗਵਾਈ, ਸਭ ਕੁਛ ਗਵਾਇਆ। ਗੁਰੂ ਗੋਬਿੰਦ ਸਿੰਘ—ਅਸੀਂ ਉਸਦੇ ਸਿੱਖ ਕਹਾਉਂਦੇ ਹਾਂ, ਹੁਣ ਜੇ ਸਾਡੇ 'ਚ ਸਿੱਖੀ ਹੁੰਦੀ ਜਿਥੇ ਸੌ-ਸੌ, ਡੇਢ੍ਹ-ਡੇਢ੍ਹ ਸੌ, ਦੋ-ਦੋ ਸੌ ਸਿੱਖ ਜਾ ਕੇ ਮੁਗਲਾਂ ਨੂੰ ਗੁਜਰਾਤ ਤੋਂ ਪਰੇ ਘੇਰ ਲੈਂਦਾ ਹੈ, ਉਹਨਾਂ ਕੋਲੋ ਹਿੰਦੂਆਂ ਦੀਆਂ, ਸਿੱਖਾਂ ਦੀਆਂ ਲੜਕੀਆਂ, ਛੁਡਾ ਲਿਆਉਂਦਾ ਹੈ—ਅੱਜ ਸਾਡੀ ਵੀਹ ਹਜ਼ਾਰ ਲੜਕੀ ਉੱਧਰ ਬੈਠੀ ਹੈ। ਅੱਜ ਅਸੀਂ ਆਪਣੇ ਆਪ ਚ ਆਕੜਦੇ ਹਾਂ, ਕੋਈ ਲੀੜੇ ਪਾਉਂਦਾ ਹੈ, ਮੈਂ ਕੀ, ਤੁਸੀਂ ਕੀ—ਸਾਨੂੰ ਸ਼ਰਮ ਨਹੀਂ ਆਉਂਦੀ, ਸਾਡੇ 'ਚ ਕੱਖ ਨਹੀਂ ਰਹਿ ਗਿਆ, ਕਿਸ ਕਰਕੇ—ਸਾਨੂੰ ਸਿੱਖੀ ਭੁੱਲ ਗਈ। ਸਿੱਖ ਦਾ ਕੰਮ ਸੀ—ਆਤਮਿਕ ਉਚਾਈ ਹੋਵੇ, ਡਰ ਨਾ ਲੱਗੇ। ਉਹ ਕਿਆ ਚੀਜ਼ ਸੀ ਜਿਹੜੀ ਨਾਲ, ਮਨੀ ਸਿੰਘ ਦੇ ਅੰਗ-ਅੰਗ ਕਟੀਂਦੇ ਸੀ, ਉਹ ਡਰਦੇ ਨਹੀਂ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਜਿਨ੍ਹਾਂ ਨੇ ਸਿੱਖ ਪੰਥ ਸਾਜਿਆ, ਅੰਮ੍ਰਿਤ ਦਿੱਤਾ, ਅੰਮ੍ਰਿਤ ਛਕਾਇਆ।

*ਚੌਪਈ।।ਗੁਰੂ ਰਾਮ ਸਿੰਘ ਕੇਰ ਚਰਿਤਰ*

ਅੱਗੇ ਸੰਤ ਜੀ ਹੁਣ ਇਹ ਕਥਾ ਸਤਿਗੁਰੂ ਰਾਮ ਸਿੰਘ ਜੀ ਦੀ ਦੱਸਦੇ ਹਨ। ਕਹਿੰਦੇ ਹਨ–

*ਗੁਰੂ ਰਾਮ ਸਿੰਘ ਕੇਰ ਚਰਿਤਰ*
*ਔਰ ਸੁਣੋ ਪਿਆਰਿਅਓ ਮਮ ਮਿੱਤਰ*

ਸੁਣੋ ਭਾਈ ਮਿੱਤਰੋ ਮੇਰਿਓ।

*ਤੇਜ ਗੁਰੂ ਕੋ ਦਿਨ ਦਿਨ ਭਾਰੀ।*

ਗੁਰੂ ਸਾਹਿਬ ਦਾ ਤੇਜ ਦਿਨੋਂ ਦਿਨ ਲੱਗਾ ਵਧਣ।

*ਹੋਤ ਭਇਓ ਉੱਤਮ ਸੁਖਕਾਰੀ।।੩।।*

ਕੈਸਾ ਹੈ, ਉੱਤਮ ਜੋ ਸੁੱਖ ਦੇ ਦੇਣ ਵਾਲਾ।

*ਅਬ ਜਿਸ ਮੁਹਿ ਗੁਰ ਗਾਥ ਸੁਣਾਈ।*

ਹੁਣ ਕਹਿੰਦੇ ਨੇ ਕਿ ਮੈਂ ਉਸ ਸਿੱਖ ਦੀ ਗੱਲ ਦਸਦਾ ਹਾਂ ਜਿਹਨੇ ਮੈਨੂੰ ਸਤਿਗੁਰਾਂ ਦੀ ਕਥਾ ਦੱਸੀ ਹੈ।

*ਨਾਮ ਠਾਮ ਦਿਉਂ ਤਾਹਿ ਬਤਾਈ।*

ਉਹਦਾ ਨਾਮ ਔਰ ਪਿੰਡ ਦੱਸਦਾ ਹਾਂ।

*ਸਾਂਦੇ ਵਾਲਾ ਹੈ ਇਕ ਗਰਾਮ।*

ਇੱਕ ਪਿੰਡ ਦਾ ਨਾਮ ਹੈ ਸਾਂਦੇ ਵਾਲਾ।

*ਤਹਾਂ ਭਾਈ ਹਰਮੀਤ ਸਿੰਘ ਨਾਮ।।੪।।*

ਉੱਥੇ ਭਾਈ ਹਰਮੀਤ ਸਿੰਘ ਇੱਕ ਸਿੱਖ ਰਹਿੰਦੇ ਸਨ।

*ਸਿੰਘ ਪੁਰਾਤਨ ਗੁਰ ਕੋ ਜੋਈ।*

ਪੁਰਾਤਨ ਸਿੱਖ ਸਨ ਗੁਰੂ ਦੇ।

*ਕੌਤਕ ਗੁਰੂ ਦਿਖੇ ਥੇ ਸੋਈ।*

ਸਤਿਗੁਰੂ ਦੇ ਕੌਤਕ ਜਿਨ੍ਹਾਂ ਨੇ ਦੇਖੇ ਹੋਏ ਸੀ।

*ਬਹੁਤ ਵੇਰ ਸ੍ਰੀ ਭੈਣੀ ਗਯੋ।*

ਭੈਣੀ ਸਾਹਿਬ ਵਿੱਚ ਬਹੁਤ ਵੇਰ ਜਾ ਕੇ ਦਰਸ਼ਨ ਕੀਤਾ।

*ਗੁਰੂ ਰਾਮ ਸਿੰਘ ਸ਼ਬਦ ਸੁਣਯੋ।।੫।।*

ਜਿੰਨ੍ਹਾਂ ਨੇ ਸਤਿਗੁਰੂ ਕੋਲੋਂ ਸ਼ਬਦ ਕੰਨ ਵਿੱਚ ਸੁਣਿਆ।

*ਦਰਸ਼ਨ ਤਿਨ ਕਾ ਬਹੁ ਚਿਰ ਪਾਯੋ।*

ਔਰ ਬਹੁਤ ਚਿਰ ਸਤਿਗੁਰਾਂ ਦੇ ਦਰਸ਼ਨ ਕੀਤੇ ਜਿਹਨਾਂ ਨੇ।

*ਸੇਵਾ ਕਰ ਗੁਰਦੇਵ ਰਿਝਾਯੋ।*

ਸੇਵਾ ਕੀਤੀ, ਸੇਵਾ ਕਰਕੇ ਗੁਰੂ ਨੂੰ ਰਿਝਾਇਆ। ਰੋਜ ਅਸੀਂ ਆਸਾ ਦੀ ਵਾਰ ਦਾ ਪਾਠ ਕਰਦੇ ਹਾਂ—ਜਿਸ ਵੇਲੇ ਬਾਈਵਾਂ ਛੱਕਾ ਅਸੀਂ ਪੜ੍ਹਦੇ ਹਾਂ,

**ਜਿਨੀ ਗੁਰਮੁਖਿ ਨਾਮੁ ਧਿਆਇਆ**

**ਤਿਨਾ ਫਿਰਿ ਬਿਘਨੁ ਨ ਹੋਈ ਰਾਮਰਾਜੇ॥**
**ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥**
**ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨਾ ਸੁਖੁ ਸਦ ਹੋਈ॥**

*–ਪੰਨਾ–੪੫੧*

ਸਤਿਗੁਰੂ ਦੀ ਸੇਵਾ ਲਹਿਣਾ ਜੀ ਨੇ ਕੀਤੀ—ਗੁਰੂ ਨਾਨਕ ਬਣ ਗਏ, ਅਮਰੂ ਨੇ ਕੀਤੀ—ਗੁਰੂ ਅਮਰਦਾਸ ਬਣ ਗਏ, ਗੁਰੂ ਰਾਮਦਾਸ ਨੇ ਕੀਤੀ—ਉਹ ਉਸਦਾ ਰੂਪ ਬਣ ਗਏ, ਜਿਹਨਾਂ ਨੇ ਸੇਵਾ ਕਰਕੇ ਗੁਰੂ ਨੂੰ ਖੁਸ਼ ਕੀਤਾ।

*ਸਕਤ ਬਾਰ ਕਈ ਗੁਰ ਦਿਖਲਾਈ।*

ਕਈ ਵਾਰ ਗੁਰੂ ਜੀ ਦੀ ਸ਼ਕਤੀ ਦੇਖੀ।

*ਦੇਖੀ ਮੁਝੈ ਭਾਖਤੋ ਭਾਈ॥੬॥*

ਭਾਈ ਜੀ ਕਹਿੰਦੇ ਹਨ, ਦੱਸਦੇ ਹਨ।

*ਆਸਾ ਜੋ ਜੋ ਤਿਨ ਮਨ ਧਾਰੀ।*

ਜੋ ਇੱਛਿਆ ਮਨ ਵਿੱਚ ਧਾਰਨ ਕੀਤੀ,

*ਸੁ ਗੁਰ ਆਗੇ ਕਰਤ ਉਚਾਰੀ*

ਉਹ ਗੁਰੂ ਜੀ ਨੇ ਅੱਗੇ ਹੀ ਕਹਿ ਦਿੱਤੀ।

*ਬਾਰ ਜਿਤੇਕ ਮਨੋਰਥ ਧਾਰੇ।*

ਜਿਤਨੀਆਂ ਇੱਛਿਆਂ ਮਨ ਦੀਆਂ ਕੀਤੀਆਂ, ਪੂਰੀਆਂ ਹੋਈਆਂ–

**ਸਤਿਗੁਰੁ ਦਾਤਾ ਸਭਨਾ ਵਥੂਕਾ,**

*–ਵਾਰ ਮ:੩, ਪੰਨਾ–੧੧੬*

*ਅੰਤਰਜਾਮੀ ਪੂਰੇ ਸਾਰੇ॥੭॥*

ਸਤਿਗੁਰੂ ਨੇ, ਅੰਤਰਜਾਮੀ ਨੇ ਉਹਨਾਂ ਦੀਆਂ ਪੂਰੀਆਂ ਕੀਤੀਆਂ।

*ਪ੍ਰੀਤ ਲਗੀ ਦਿਨ ਪ੍ਰਤਿ ਤਿਸ ਭਾਰੀ।*

ਭਾਈ ਸਾਹਿਬ ਦੇ ਚਿਤ ਵਿੱਚ ਪ੍ਰੀਤ ਲੱਗੀ ਹੋਈ ਹੈ—ਸਤਿਗੁਰੂ ਦੇ ਚਰਨਾਂ ਨਾਲ।

*ਕੋ ਹੋਵੈ ਗੁਰ ਕਥਾ ਲਿਖਾਰੀ।*

ਚਿਤ 'ਚ ਆਵੇ ਕਿ ਕੋਈ ਗੁਰੂ ਦੀ ਕਥਾ ਲਿਖਣ ਵਾਲਾ ਹੋਵੇ ਜਿਹਨੂੰ ਮੈਂ ਜਾ ਕੇ ਬਚਨ ਦੱਸਾਂ, ਜਿਹੜਾ ਲਿੱਖ ਲਵੇ ਕਿਉਂਕਿ ਹੁਣ ਦੇਖੋ ਉਹਨਾਂ ਦੋਨਾਂ ਦਾ ਸਰੀਰ ਨਹੀਂ—ਸੰਤ ਧਿਆਨ ਸਿੰਘ ਜੀ ਦਾ ਵੀ, ਭਾਈ ਹਰਮੀਤ ਸਿੰਘ ਜੀ ਦਾ ਵੀ—ਪਰ ਉਹਨਾਂ ਨੇ ਉਹ ਦਰਸ਼ਨ ਕੀਤੇ ਹਨ। ਕਥਾ—ਜਿਸ ਤਰ੍ਹਾਂ ਬਾਲਾ ਜੀ ਗੁਰੂ ਅੰਗਦ ਦੇਵ ਮਹਾਰਾਜ ਜੀ ਦੇ ਪਾਸ ਬੈਠੇ—ਗੁਰੂ ਨਾਨਕ ਦੇਵ ਜੀ ਦੀ ਉਹ ਕਥਾ ਦੱਸੀ, ਅੱਜ ਸਾਨੂੰ ਕੀ ਪਤਾ ਲੱਗ ਸਕਦਾ ਸੀ ਸੁਮੇਰ ਕਿੱਧਰ ਹੈ, ਸਿੱਧ ਕੌਣ ਹੈ, ਕੀ ਚੀਜ਼ ਹੈ ? ਉਹਨਾਂ ਮਹਾਂਪੁਰਖਾਂ ਜਿਹਨਾਂ ਨੇ ਗੁਰੂ ਦੇ ਕੋਲ, ਭਾਈ ਸੁੱਖਾ ਸਿੰਘ ਜੀ ਨੇ ਗੁਰ ਬਿਲਾਸ—ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼, ਸਾਡੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ—ਸਾਰੀ ਕਥਾ ਜਿਹਨਾਂ ਨੇ ਲਿਖੀ, ਜੋ ਕੁਝ ਦੱਸਿਆ, ਅੱਜ ਉਹਨਾਂ ਦੇ ਪ੍ਰਤਾਪ ਨਾਲ ਅਸੀਂ ਇਹ ਕੁਛ ਦੇਖ ਸਕਦੇ ਹਾਂ ਕਿ ਸਾਡੇ ਸਤਿਗੁਰਾਂ ਨੇ ਕੀ ਕੁਛ ਖੇਡ ਬਣਾਈ।

*ਮੈਂ ਦੇਖੀ ਗੁਰ ਗਾਥ ਅਲਾਵੌਂ।*

ਮੈਂ ਇਹ ਦੇਖੀ ਹੋਈ ਕਥਾ ਜੋ ਮੇਰੀਆਂ ਅੱਖਾਂ ਦੇ ਸਾਹਮਣੇ ਹੈ ਉਹ ਦੱਸਾਂ।

*ਛੰਦਨ ਬੀਚ ਲਿਖੇ ਲਿਖਵਾਵੌਂ।।੮।।*

ਕੋਈ ਲਿਖਣ ਵਾਲਾ ਹੋਵੇ ਜਿਹੜਾ ਛੰਦਾਂ ਵਿੱਚ ਲਿਖੇ ਤੇ ਮੈਂ ਲਿਖਵਾਵਾਂ।

## ਫੂਲਾ ਸਿੰਘ ਜੀ ਸੰਤ ਹਨ

*ਦੁਨੀਆਂ ਕਾ ਜੀਵਨ ਦਿਨ ਚਾਰ।*

ਦੁਨੀਆਂ ਦਾ ਜਿਊਣਾ, ਅੱਜ ਦੇਖੋ—ਹੁਣ ਕਈ ਆਦਮੀ ਸੇਠ ਕਹਿੰਦੇ ਨੇ ਫੂਲਾ ਸਿੰਘ ਹੁਰਾਂ ਨੂੰ—ਮੈਂ ਸੰਤ ਕਹਿੰਦਾ ਹਾਂ। ਮੈਂ ਆਖਿਆ ਸੀ ਕਿ ਉਹਨਾਂ ਨੂੰ ਸੇਠ ਨਹੀਂ ਕਹਿਣਾ ਚਾਹੀਦਾ, ਸੇਠ ਸ਼ਬਦ ਬੇਸ਼ਕ ਦੁਨੀਆਂਦਾਰੀ 'ਚ ਬੜਾ ਵੱਡਾ ਹੈ, ਪਰ ਸੰਤ ਇੱਕ ਉਹ ਸ਼ਬਦ ਹੈ ਜਿਹੜਾ ਗੁਰੂ ਕੇ ਘਰ ਵਿੱਚ ਇਤਨੀ ਉੱਚੀ ਮਹੱਤਤਾ ਰੱਖਣ ਵਾਲਾ

ਹੈ—ਰਾਮ ਸੰਤ ਮੇਂ ਭੇਦੁ ਕਿਛੁ ਨਾਹੀਂ—ਔਰ ਇਹੋ ਹੀ ਚੀਜ਼ ਗੁਰੂ ਨਾਨਕ ਦੇਵ ਨੇ ਕੀਤੀ। ਗੁਰੂ ਨਾਨਕ ਦੇਵ ਤੋਂ ਪਹਿਲੇ ਸਾਧੂ ਬਾਹਰ ਜਾਂਦੇ ਸੀ, ਘਰ ਛੱਡ ਦਿੰਦੇ ਸੀ, ਪਰ ਸਾਹਿਬਾਂ ਨੇ–

**ਵਿਚੇ ਗ੍ਰਿਹ ਸਦਾ ਰਹੈ ਉਦਾਸੀ**
**ਜਿਉ ਕਮਲੁ ਰਹੈ ਵਿਚਿ ਪਾਣੀ ਹੇ॥**

*–ਮਾਰੂ ਮ:੪, ਪੰਨਾ–੧੦੭੦*

ਘਰ ਦੇ ਵਿੱਚ ਰਹਿੰਦਿਆਂ ਹੋਇਆ, ਕਬੀਰ ਜੀ ਕਹਿੰਦੇ ਹਨ–

**ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ॥**

*–ਮਾਰੂ ਕਬੀਰ ਜੀ, ਪੰਨਾ–੧੧੦੩*

ਉਹਨਾਂ ਨੂੰ ਘਰ ਔਰ ਬਣ ਇੱਕੋ ਜਿਹਾ ਹੋ ਗਿਆ। ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ ਹਨ–

**ਕਾਹੇ ਰੇ ਬਨ ਖੋਜਨ ਜਾਈ॥**

*–ਧਨਾਸਰੀ ਮ:੯, ਪੰਨਾ–੬੮੪*

ਗੁਰੂ ਨਾਨਕ ਦੇਵ ਨੂੰ—ਜਿਸ ਵੇਲੇ ਭੰਗਰ ਨਾਥ ਨੇ ਆ ਕੇ ਰੌਲਾ ਪਾਇਆ—ਕਹਿੰਦਾ ਹੈ ਕਿ–

*ਭੇਖ ਉਤਾਰਿ ਉਦਾਸਿ ਦਾ*
*ਵਤਿ ਕਿਉਂ ਸੰਸਾਰੀ ਰੀਤਿ ਚਲਾਈ।*

–ਉਦਾਸੀ ਛੱਡ ਕੇ।

ਮਹਾਰਾਜ ਕਹਿੰਦੇ ਹਨ ਉਏ ਭਾਈ–

*ਹੋਇ ਅਤੀਤੁ ਗ੍ਰਿਹਸਤਿ ਤਜਿ,*
*ਫਿਰ ਉਨਹੁ ਕੇ ਘਰਿ ਮੰਗਣ ਜਾਈ॥*

*–ਵਾਰ ੧, ਪਉੜੀ–੪੦*

ਗੁਰੂ ਨਾਨਕ ਦੇਵ ਕਹਿੰਦੇ ਨੇ,''ਭੰਗਰ ਨਾਥਾ ਤੁਸੀਂ ਫਿਰ ਉਨ੍ਹਾਂ ਦੇ ਘਰ ਮੰਗਦੇ ਓ ਤਾਂ ਤੇ ਮੈਂ ਇਹ ਚਾਹੁੰਦਾ ਹਾਂ ਕਿ ਐਸ ਵਕਤ ਗ੍ਰਿਹਸਤ ਵਿੱਚ ਹੀ, ਜਿਹੜਾ ਜੋਗ ਹੈ, ਉਹ ਗ੍ਰਿਹਸਤ ਦੇ ਵਿੱਚ ਹੁੰਦਿਆਂ ਹੀ ਭੋਗੇ—ਰਾਜ ਤੇ ਜੋਗ ਦੋਵੇਂ ਚੀਜ਼ਾਂ।''

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਇਹ ਕਥਾ, ਇੱਕ ਵੇਰ ਸੱਚੇ ਪਾਤਸ਼ਾਹ ਵਿਚਰਦੇ-ਵਿਚਰਦੇ, ਖੇਡਦੇ-ਖੇਡਦੇ, ਜੰਗਲ ਵਿੱਚ ਚਲੇ ਗਏ, ਪਕੜ ਕੇ ਕਮਾਨ ਦੇ ਗੋਸ਼ੇ ਨਾਲ—ਐਸ ਤਰ੍ਹਾਂ—ਚੁੱਕ ਕੇ ਪਹਾੜ ਦੀ ਗੀਟੀ ਹਟਾਈ। ਅੰਦਰ ਕੀ ਦੇਖਿਆ—ਇੱਕ ਸਾਧੂ ਬੈਠਾ ਹੈ ਜਿਹਦਾ ਪਿੰਜਰ—ਸਰੀਰ ਦਾ ਰਹਿ ਗਿਆ ਹੈ। ਉਸਨੂੰ ਪੁੱਛਿਆ ਕਹਿਣ ਲੱਗਾ,''ਮਹਾਰਾਜ ਅੱਠੀਂ ਪਹਿਰੀਂ ਇੱਕ ਤਲੀ ਰੇਤ ਔਰ ਇੱਕ ਪਾਣੀ ਦਾ ਘੁੱਟ ਮੈਂ ਪੀਂਦਾ ਹਾਂ, ਤਪੱਸਿਆ ਕਰਦਾ ਹਾਂ।''

ਕਹਿਣ ਲੱਗੇ,''ਫਿਰ ਸੁਣਾ ਗੱਲ ਪੰਜਾਂ ਦੀ।''

ਕਹਿਣ ਲੱਗਾ,''ਮਹਾਰਾਜ ਚਹੁੰ ਤੋਂ ਤੇ ਬਚਾ ਹੋ ਗਿਐ, ਕਾਮ ਦਾ ਨਹੀਂ ਹੋਇਆ।''

ਸਾਹਿਬ ਕਹਿੰਦੇ ਨੇ,''ਧ੍ਰਿਗ ਹੈ ਉਸ ਪੁਰਸ਼ ਦੇ ਜਿਹੜਾ ਕਹੇ ਕਿ ਮੈਂ ਸੇਰ ਅੰਨ ਖਾ ਕੇ ਵੀ ਬਚਦਾ ਹਾਂ।''

ਇਸ ਕਰਕੇ ਭਾਈ ਆਪਣੀ ਇਸਤਰੀ ਤੇ ਰਹੋ, ਗ੍ਰਹਿਸਤੀ ਬਣੋ। ਗੁਰੂ ਸਾਹਿਬ ਨੇ ਇਸ ਕਰਕੇ ਗ੍ਰਹਿਸਤ ਨੂੰ ਕਿਉਂਕਿ ਯੁਗ-ਯੁਗ ਦਾ ਧਰਮ ਹੈ ਆਪੋ ਆਪਣਾ, ਹਰ ਇੱਕ ਯੁਗ ਵਿੱਚ—

**ਸਤਿਜੁਗਿ ਸਤੁ[੫] ਤੇਤਾ[੬] ਜਗੀ[੭] ਦੁਆਪਰਿ ਪੂਜਾ ਚਾਰ[੮]॥**
**ਤੀਨੌ ਜੁਗ ਤੀਨੌ ਦਿੜੇ[੯] ਕਲਿ[੧੦] ਕੇਵਲ[੧੧] ਨਾਮ ਅਧਾਰ[੧੨]॥**

*-ਪੰਨਾ-੩੪*

—ਨਾਮ ਦੇ ਆਸਰੇ-

ਭਾਉ ਭਗਤ ਪਰਵਾਨ ਹੈ ਜਗ ਹੋਮ ਗੁਰਪੁਰਬਿ ਕਮਾਈ॥

*-ਵਾਰ-੧, ਪਉੜੀ-੧੧੯*

—ਭਾਈ ਗੁਰਦਾਸ ਜੀ ਕਹਿੰਦੇ ਹਨ। ਭਾਉ ਭਗਤ—ਰੋਜ਼ ਅਸੀਂ ਆਸਾ ਦੀ ਵਾਰ ਦਾ ਤੇਰ੍ਹਵਾਂ—ਸਲੋਕ ਪੜ੍ਹਦੇ ਹਾਂ-

**ਭਾਉ ਭਗਤਿ ਕਰਿ ਨੀਚੁ ਸਦਾਏ॥**
**ਤਉ ਨਾਨਕ ਮੋਖੰਤਰੁ ਪਾਏ॥**

*-ਪੰਨਾ-੪੭੦*

ਸਤਿਗੁਰੂ ਸਾਹਿਬ ਨੇ ਗ੍ਰਿਹਿਸਤ ਦੇ ਵਿੱਚ ਰੱਖ ਕੇ ਇਹ ਚੀਜ਼ ਵਰਤਾਈ। ਜਿਨ੍ਹਾਂ ਨੇ ਤੇ ਮੰਨ ਲਿਆ, ਮੇਰਾ ਪੁੱਤਰ—ਮੇਰਾ ਧਨ—ਮੇਰੀ ਇਸਤਰੀ—ਮੇਰਾ ਘਰ—ਮੇਰਾ ਬਾਹਰ—ਉਹ ਪੁਰਸ਼ ਤਾਂ ਔਖੇ ਹੁੰਦੇ ਹਨ, ਰੋਂਦੇ ਹਨ, ਦੁਖੀ ਹੁੰਦੇ ਹਨ; ਜਿਹਨਾਂ ਨੇ ਸਤਿਗੁਰੂ ਦੀ ਚੀਜ਼ ਮੰਨ ਕੇ ਸਭ ਕੁਝ ਉਹਦੀ ਖੇਡ ਮੰਨ ਲਈ–

**ਤਨੁ ਮਨੁ ਧਨੁ ਸਭੁ ਸਉਪਿ,**
**ਗੁਰ ਕਉ ਹੁਕਮਿ ਮੰਨਿਐ ਪਾਈਐ।।**

*–ਪੰਨਾ-੯੧੮*

—ਉਹਨਾਂ 'ਚ ਭਾਈ ਫੂਲਾ ਸਿੰਘ ਹੁਰੀਂ, ਹੁਣ ਤੁਹਾਡੇ ਸਾਹਮਣੇ ਸਰੀਰ ਛੱਡਿਆ ਹੈ। ਕੋਈ ਇਹ ਸਿਫਤ ਕਰਨ ਦੀ ਗੱਲ ਨਹੀਂ। ਜਿਹਨਾਂ ਲੋਕਾਂ ਨੇ—ਮੈਂ ਤੇ ਇੱਥੇ ਨਹੀਂ ਸਾਂ—ਉਹਨਾ ਨੇ ਦੱਸਿਆ ੧੦੮ ਦਾ ਬੁਖਾਰ ਸੀ, ਤੇ ਡਾਕਟਰ ਨਹੀਂ ਸਨ ਮੰਨਦੇ ਕਿ ਬਚਣਗੇ। ਓਦੂੰ ਬਾਅਦ ਤਕੜੇ ਹੋ ਕੇ ਬਚਨ ਬਿਲਾਸ ਕਰਦੇ ਰਹੇ। ਇਹ ਵੱਡੀਆਂ ਚੀਜ਼ਾਂ ਨਹੀਂ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ ਰਿਧੀਆਂ—ਸਿਧੀਆਂ ਦੀ ਬਾਬਤ–

**ਨਾਟਕ ਚੇਟਕ ਕੀਏ ਕੁਕਾਜਾ।।**
**ਪ੍ਰਭ ਲੋਗਨ ਕਹ ਆਵਤ ਲਾਜਾ।।**

*–ਦਸਮ ਗ੍ਰੰਥ, ਪੰਨਾ–੫੪*

ਜੇ ਕੋਈ ਕਹੇ ਤੈਨੂੰ ਮੈਂ ਪੁੱਤਰ ਦੇ ਦਿੱਤਾ, ਮੈਂ ਆਹ ਦਿਖਾ ਦਿਆਂ —ਆਹ ਕੁਛ ਕਰ ਲਵਾਂ—ਉਹ ਕਹਿੰਦੇ ਹਨ, ਪ੍ਰਭੂ ਦੇ ਲੋਕਾਂ ਨੂੰ ਇਹਦੇ 'ਚ ਸ਼ਰਮ ਆਉਂਦੀ ਹੈ—ਜਿਸ ਤਰ੍ਹਾਂ ਇੱਕ ਕਰੋੜਾਂ ਪਤੀ ਆਦਮੀ ਕੌਡੀਆਂ ਨਾਲ ਖੇਡਦਾ ਹੋਵੇ ਤਾਂ ਉਹਨੂੰ ਸ਼ਰਮ ਆਉਂਦੀ ਹੈ। ਜਿਹੜੇ ਸਤਿਗੁਰੂ ਨੂੰ ਮਿਲ ਜਾਂਦੇ ਹਨ, ਜਿਹੜੇ ਸੰਤ ਮਹਾਂਪੁਰਖ ਹੋ ਜਾਂਦੇ ਹਨ, ਉਹਨਾਂ ਵਾਸਤੇ ਇਹ ਜਿਹੜੀਆਂ ਰਿਧੀਆਂ ਸਿਧੀਆਂ ਹਨ, ਕਿਸੇ ਨੂੰ ਪੁੱਤਰ ਦੇ, ਧੀ ਦੇ, ਕਿਸੇ ਦਾ ਬਚਨ ਪੂਰਾ ਕਰ, ਇਹ ਚੀਜ਼ ਨੂੰ ਉਹ ਕੁਛ ਨਹੀਂ ਸਮਝਦੇ। ਗੁਰੂ ਸਾਹਿਬ ਕਹਿੰਦੇ ਨੇ–

**ਪ੍ਰਭ ਲੋਗਨ ਕਹ ਆਵਤ ਲਾਜਾ।।**

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ-

**ਰਿਧਿ ਸਿਧਿ ਅਵਰਾ ਸਾਦ।।**

ਰਿਧੀਆਂ ਸਿਧੀਆਂ ਹੋਰ ਸਾਦ ਹਨ—ਹੋਰਨਾਂ ਦਾ ਸਵਾਦ ਹੈ। ਅਵੇਰੇ ਹੋਏ ਪੁਰਸ਼, ਜਿਹੜੇ ਨਿਗੁਰੇ ਪੁਰਸ਼ ਹਨ, ਉਹਨਾਂ ਨੂੰ ਇਹਦਾ ਸਵਾਦ ਹੈ। ਦੇਖੋ ਸਰੀਰ ਛੱਡਿਆ ਭਾਈ ਧਿਆਨ ਸਿੰਘ ਹੁਰੀ ਲਾਹੌਰ ਵਾਲੇ, ਉਹਨਾਂ ਦੀ ਵੀ ਇਸ ਤਰ੍ਹਾਂ ਹੀ ਗੱਲ ਬਣੀ ਸੀ, ਅੱਠ ਦਸ ਦਿਨ ਪਹਿਲੇ ਜੇ ਮਾਲਾ ਹੱਥ ਵਿੱਚ ਹੈ ਤਾਂ ਮਾਲਾ, ਜੇ ਛੁੱਟ ਗਈ ਬੇਹੋਸ਼ੀ 'ਚ ਤੇ ਨਾਲੇ ਨੂੰ ਹੀ ਫੇਰੀ ਗਏ, ਭਜਨ ਕਰੀ ਗਏ, ਜੇ ਜਲ ਕਿਸੇ ਵੇਲੇ ਲੋੜ ਪਈ ਤੇ ਛਕ ਲਿਆ, ਜੇ ਘਰ ਦਿਆਂ ਨੇ ਆਖਿਆ ਕੰਮ ਦੀ ਗੱਲ ਤੇ ਸੁਣੀ ਨਹੀਂ, ਇਹਨਾਂ ਵੀ ਉਸੇ ਤਰ੍ਹਾਂ ਅਖੀਰ ਦੇ ਵਕਤ ਕਿਸੇ ਨਾਲ ਗੱਲ ਨਹੀਂ ਕੀਤੀ। ਸਤਿਗੁਰੂ ਕਰਨ ਕਿਰਪਾ, ਸਿੱਖ ਨੂੰ ਸੰਤ ਫੂਲਾ ਸਿੰਘ ਜੀ ਵਰਗਾ ਜੀਵਨ—ਸਾਨੂੰ ਵੀ ਦੇਣ, ਜਿਹਨਾਂ ਦੇ ਜੀਵਨ ਨਾਲ ਕਿਸੇ ਨੂੰ ਖੁਸ਼ਬੋ ਪਹੁੰਚੇ, ਕਿਉਂਕਿ-

**ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ।।**

*-ਮ:੫, ਪੰਨਾ-੨੫੧*

ਪਸ਼ੂ—ਫਿਰ ਢੋਰ, ਜਿਹਨੂੰ ਕਹਿੰਦੇ ਹਨ-

**ਓਹੁ ਢੋਵੈ ਢੋਰ ਹਾਥਿ ਚਮੁ ਚਮਰੇ,**

*-ਬਿਲਾਵਲ ਮ:੪, ਪੰਨਾ-੭੯੯*

ਮਰੇ ਹੋਏ ਪਸ਼ੂ ਦੀ ਤਰ੍ਹਾਂ ਹੈ, ਪੁਰਸ਼, ਜਿਨ੍ਹੇ ਪਰਮੇਸ਼ਰ ਵੱਲ ਧਿਆਨ ਨਹੀਂ ਲਾਇਆ, ਜਿਹਨਾਂ ਨੇ ਭਜਨ ਨਹੀਂ ਕੀਤਾ।

**ਕਣ[੧੩] ਬਿਨਾ ਜੈਸੇ ਥੋਥਰ[੧੪] ਤੁਖਾ[੧੫]।।**
**ਨਾਮ ਬਿਹੂਨ[੧੬] ਸੂਨੇ[੧੭] ਸੇ ਮੁਖਾ।।**

*-ਗਉੜੀ ਮ:੫, ਪੰਨਾ-੧੯੨*

## ਭਾਣੇ ਦਾ ਸਿੱਖ

ਭਾਣਾ ਮੰਨਣਾ—ਗੁਰੂ ਅਰਜਨ ਦੇਵ ਕੋਲ ਇੱਕ ਗੁਰਮੁਖ ਸਿੱਖ ਆਉਂਦਾ ਹੈ। ਆ ਕੇ ਅਰਜ਼ ਕਰਦਾ ਹੈ,''ਸੱਚਿਆ ਪਾਤਸ਼ਾਹ, ਕੋਈ ਭਾਣੇ ਦਾ ਸਿੱਖ ਭੀ ਹੈ।''

ਸੱਚੇ ਪਾਤਸ਼ਾਹ ਕਹਿੰਦੇ ਹਨ,''ਜਾ ਭਾਈ ਚਲਾ ਜਾ ਗੁਜਰਾਤ ਵਿੱਚ, ਭਾਈ ਭਿਖਾਰੀ ਦਾ ਦਰਸ਼ਨ ਕਰ ਜਾ ਕੇ।''

ਅੱਗੇ ਜਾਂਦਿਆਂ ਨੂੰ ਭਾਈ ਹੁਰੀਂ ਇੱਕ ਪਾਟੀ ਹੋਈ ਦਰੀ ਨੂੰ ਟਾਕੀਆਂ ਲਾ ਰਹੇ ਹਨ। ਪੁੱਛਦਾ ਹੈ,''ਕੀ ਗੱਲ ਹੈ।''

ਕਹਿੰਦੇ ਹਨ,''ਆ ਤੈਨੂੰ ਦਿਖਾਈਏ।'' ਇੱਕ ਪਾਸੇ ਗਹਿਣੇ ਘੜੀਂਦੇ ਹਨ, ਵਰੀਆਂ ਬਣਦੀਆਂ ਹਨ, ਮਠਿਆਈ ਬਣ ਰਹੀ ਹੈ, ਵਿਆਹ ਦਾ ਸਮਾਨ ਹੈ। ਦੂਸਰੇ ਪਾਸੇ ਕੀ ਦਿਖਾਉਂਦੇ ਹਨ ਚੰਦਨ ਕੱਟ ਕੇ ਰੱਖਿਆ ਹੋਇਆ ਹੈ, ਚਿਖਾ ਦਾ ਸਾਰਾ ਸਮਾਨ, ਖੱਫਣ ਸਿਉਂ ਕੇ ਰੱਖਿਆ ਹੈ।

ਉਹ ਕਹਿੰਦਾ ਹੈ,''ਮਹਾਰਾਜ, ਇਹ ਕੀ ਖੇਡ ਹੈ ?''

ਕਹਿੰਦੇ ਨੇ,''ਤੇਰੇ ਸਾਹਮਣੇ ਸਭ ਕੁਛ ਹੋਣਾ ਹੈ।''

ਲੜਕੇ ਦਾ ਵਿਆਹ ਸੀ, ਲੜਕੇ ਨੂੰ ਵਿਆਹੁਣ ਗਏ। ਵਿਆਹ ਕੇ ਮੁੜ ਕੇ ਜਿਸ ਵੇਲੇ ਬਾਹਰ ਲਿਆ ਕੇ ਡੋਲਾ ਰੱਖਿਆ, ਮਾਈਆਂ ਲੈਣ ਗਈਆਂ, ਲੜਕੇ ਨੂੰ ਸੂਲ ਹੋਇਆ ਘਰ ਆਉਂਦਾ ਲੜਕਾ ਗੁਜ਼ਰ ਗਿਆ। ਉਹ ਜਿਹੜੀ ਦਰੀ ਨੂੰ ਗੰਢ ਰਹੇ ਸੀ, ਦਰੀ ਵਿਛਾ ਦਿੱਤੀ —ਲੋਕ ਬਹਿ ਗਏ, ਚੰਦਨ ਕੱਟ ਕੇ ਰੱਖਿਆ ਹੋਇਆ ਸੀ—ਚਿਖਾ ਤਿਆਰ ਕੀਤੀ, ਸਾਰਾ ਸਮਾਨ ਲਿਆਂਦਾ, ਲਿਆ ਕੇ ਸਸਕਾਰ ਕੀਤਾ।

ਉਹ ਗੁਰਮੁਖ, ਭਾਈ ਭਿਖਾਰੀ ਨੂੰ ਕਹਿੰਦਾ,''ਜੇ ਤੈਨੂੰ ਪਤਾ ਸੀ ਤੂੰ ਗੁਰੂ ਕੋਲੋਂ ਲੜਕੇ ਦੀ ਉਮਰ ਮੰਗਣੀ ਸੀ।''

ਕਹਿੰਦਾ ਹੈ,''ਉਏ ਗੁਰੂ ਕਿਆ ਸਿੱਖਾ, ਗੁਰੂ ਕੋਲੋਂ ਇਹ ਛੋਟੀਆਂ ਥੋਥੀਆਂ ਚੀਜ਼ਾਂ ਨਹੀਂ ਮੰਗਣ ਵਾਲੀਆਂ—ਗੁਰੂ ਕੋਲੋਂ ਮੰਗੀਏ ਨਾਮ, ਦਾਨ ਤੇ ਸਿਦਕ ਭਰੋਸਾ।

ਸਤਿਗੁਰੂ ਜਿਹਨਾਂ ਤੇ ਕਿਰਪਾ ਕਰਦਾ ਹੈ, ਭਾਣੇ ਦੇ ਸਿੱਖ—ਭਾਣੇ ਦੇ ਸਿੱਖਾਂ ਵੱਲ ਦੇਖੋ, ਜਿਹਨਾਂ ਨੇ ਭਾਣਾ ਮੰਨਿਆ। ਹੁਣ ਸਿੱਖੀ ਹੀ ਨਹੀਂ ਰਹਿੰਦੀ ਸਾਡੇ ਕੋਲ, ਜੇ ਅਸੀਂ ਗੁਰੂ ਦੇ ਹੁਕਮ ਦੇ ਉਲਟ—ਪੜ੍ਹੋ ਸਦ ਦਾ ਕਰੋ ਪਾਠ, ਗੁਰੂ ਅਮਰਦਾਸ ਮਹਾਰਾਜ ਜਿਸ ਵਕਤ ਆਪਣਾ ਚੋਲਾ ਅਲੋਪ ਕਰਦੇ ਹਨ, ਕਹਿੰਦੇ ਹਨ-

**ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ।।**

*-ਪੰਨਾ-੯੨੩*

ਜੇ ਮਾਲਕ ਨੂੰ ਰੋਂਦਾ ਨਹੀਂ ਭਾਉਂਦਾ, ਤੇ ਇਹ ਰੋਂਦਾ ਹੈ—ਜਿਹਦੇ ਨਾਲ ਇਹਦਾ ਪਿਆਰ ਹੈ—ਜੇ ਸਤਿਗੁਰੂ ਦੇ ਹੁਕਮ 'ਚ ਇਹ ਕਾਰ ਵਰਤੀ ਹੈ, ਜਿਹੜਾ ਇਹ ਰੋਂਦਾ ਹੈ—ਫਿਰ, ਮੈਂ ਮੂਲ ਨ ਭਾਇਆ। ਇੱਕ ਇਸਤਰੀ ਸ਼ਿੰਗਾਰ ਬਣਾਉਂਦੀ ਹੈ, ਜੇ ਉਹਦਾ ਪਤੀ ਨਹੀਂ ਪਸੰਦ ਕਰਦਾ, ਉਹਦੇ ਸ਼ਿੰਗਾਰ ਕਿਸੇ ਕੰਮ ਨਹੀਂ। ਫੇਰ, ਇੱਕ ਸ਼ਾਸਤਰ ਵਿੱਚ ਵੀ ਇਹੋ ਲਿਖਿਆ ਹੈ।

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਰੰਗੂਨੋਂ ਇੱਕ ਹੁਕਮਨਾਮਾ ਲਿਖਕੇ ਭੇਜਿਆ—ਭਾਈ ਜੇ ਕੋਈ ਪ੍ਰਾਣੀ ਸਰੀਰ ਛੱਡ ਜਾਏ ਉਸਦੇ ਪਿੱਛੇ ਰੋਣਾ ਪਿੱਟਣਾ ਨਹੀਂ। ਇੱਕ ਤਾਂ ਰੋਣੇ ਪਿੱਟਣੇ ਤੇ ਪਰਮੇਸ਼ਰ ਤੋਂ ਬੇਮੁਖੀ ਹੁੰਦੀ ਹੈ, ਦੂਸਰਾ ਲਿਖਿਆ ਹੈ ਕਿ ਸੀਂਡ ਔਰ ਰੋਣ ਦਾ ਪਾਣੀ ਉਸ ਪ੍ਰਾਣੀ ਤੇ ਡਿੱਗਦਾ ਹੈ, ਔਰ ਉਹ ਕਹਿੰਦਾ ਹੈ—ਹੇ ਪ੍ਰਮੇਸ਼ਰ, ਇਹਨਾਂ ਦਾ ਕੋਈ ਹੋਰ ਮਰੇ ਤਾਂ ਇਹ ਕਿਵੇਂ ਮੇਰਾ ਪਿੱਛਾ ਛੱਡਣ।

ਜਿਸ ਦੇ ਪਿਆਰ ਕਰਕੇ ਤੁਸੀਂ ਰੋਂਦੇ ਹੋ, ਜਿਹਦੇ ਵਾਸਤੇ ਤੁਸੀਂ ਰੋਂਦੇ ਹੋ, ਉਹਨੂੰ ਦੁੱਖ ਹੁੰਦਾ ਹੈ। ਤੁਹਾਡੇ ਰੋਣ ਦਾ ਕੀ ਫਾਇਦਾ, ਸਤਿਗੁਰੂ ਦਾ ਹੁਕਮ ਨਹੀਂ ਮੰਨਿਆ ਜਾਂਦਾ। ਕਿਸੇ ਆਦਮੀ ਨਾਲ—ਮੇਰਾ ਪੰਡਤ ਜੀ ਨਾਲ ਪਿਆਰ ਹੈ, ਮੈਂ ਪੰਡਤ ਜੀ ਨੂੰ ਕੋਈ ਗੱਲ ਕਹਿੰਦਾ ਹਾਂ, ਇਹ ਜੇ ਮੇਰੀ ਨਹੀਂ ਮੰਨਦੇ ਤਾ ਮੇਰਾ ਚਿਤ ਰਾਜੀ ਨਹੀਂ ਹੁੰਦਾ। ਇਹ ਕਹਿਣਗੇ ਵੀ ਜ਼ਰੂਰ ਬਈ, ਪ੍ਰਤਾਪ ਸਿੰਘ ਨੇ ਮੈਨੂੰ ਇਹ ਗੱਲ ਕਹੀ ਸੀ—ਉਹ ਨਰਾਜ਼ ਹੋ ਜਾਏਗਾ। ਪੰਡਤ ਜੀ ਨੇ ਮੈਨੂੰ ਆਖਿਆ ਕਿ ਇਹ

ਕੰਮ ਕਰਨਾ ਹੈ, ਮੈਂ ਕਹਿੰਦਾ ਹਾਂ ਮੇਰਾ ਪੰਡਤ ਜੀ ਨਾਲ ਪਿਆਰ ਹੈ, ਤੇ ਜੇ ਮੈਂ ਨਾ ਉਹ ਗੱਲ ਮੰਨਾਂ, ਮੈਂ ਕਹਾਂਗਾ ਪੰਡਤ ਜੀ ਮੈਨੂੰ ਨਰਾਜ਼ ਹੋਣਗੇ। ਇਹ ਇੱਕ ਸਾਡੀ ਵਿਹਾਰਕ ਬਾਹਰਲੀ ਗੱਲ ਹੈ। ਜਿਹੜਾ ਸਾਡਾ ਸੱਚਾ ਮਿੱਤਰ ਹੈ–

**ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ**

*–ਮਾਝ ਮ:੧, ਪੰਨਾ–੯੪*

–ਜਿਹੜਾ ਸੱਚਾ ਮਿੱਤਰ ਹੈ ਸਤਿਗੁਰੂ।

**ਓਇ ਜੀਵੰਦੇ ਵਿਛੁੜਹਿ ਓਇ**
**ਮੁਇਆ ਨ ਜਾਹੀ ਛੋੜਿ।।**

*–ਮਾਰੂ ਵਾਰ ਮ:੫, ਪੰਨਾ–੧੧੦੨*

ਜੇ ਅਸੀਂ ਉਹਨੂੰ ਮਿੱਤਰ ਕਰਕੇ ਹੀ ਜਾਣੀਏ ਤੇ ਫੇਰ ਜੇ ਅਸੀਂ ਉਹਦੇ ਹੁਕਮ ਦੇ ਉਲਟ ਚਲਦੇ ਹਾਂ ਤਾਂ ਫੇਰ ਭਾਈ ਸਾਨੂੰ ਕੀ ਮਿਲਣਾ ਹੈ। ਤਾਂ–

**ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ।।**

*–ਪੰਨਾ–੯੨੩*

ਸਤਿਗੁਰੂ ਦੇ ਹੁਕਮ ਵਿੱਚ ਉਹਨਾਂ ਨੇਂ ਸਰੀਰ ਛੱਡਿਆ। ਧੰਨ ਹਨ ਉਹ ਪੁਰਸ਼ ਜਿਹਨਾਂ ਦਾ ਆਉਣਾ ਸ੍ਰਿਸ਼ਟੀ ਉੱਤੇ—ਜਿਹਨਾਂ ਨੇ ਇਹ ਗ੍ਰਿਹਿਸਤ ਦੇ ਵਿੱਚ ਰਹਿ ਕੇ, ਇਤਨੇ ਬਾਲ ਬੱਚਿਆਂ ਦੇ ਵਿੱਚ ਹੋ ਕੇ, ਸਤਿਗੁਰੂ ਵੱਲ ਧਿਆਨ ਕੀਤਾ। ਤੁਸੀਂ ਸਤਿਗੁਰਾਂ ਅੱਗੇ ਅਰਦਾਸ ਕਰਿਆ ਕਰੋ ਕਿ ਸੰਤ ਫੂਲਾ ਸਿੰਘ ਜੀ ਦਾ ਜਿਸ ਤਰ੍ਹਾਂ ਸਰੀਰ ਚਲਿਆ ਹੈ, ਜਾਂ ਜੋ ਜੀਵਨ ਉਹਨਾਂ ਨੂੰ ਬਖਸ਼ਿਆ ਹੈ—ਹੇ ਅਕਾਲ ਪੁਰਖ ! ਸਤਿਗੁਰੂ ! ਸਾਡੇ ਤੇ ਵੀ ਕਿਰਪਾ ਕਰ ਤਾਂ ਜੋ ਅਸੀਂ ਵੀ ਇਸ ਜੀਵਨ ਵਾਲੇ ਹੋ ਜਾਈਏ, ਤੇਰੇ ਹੁਕਮ ਵਿੱਚ ਰਹੀਏ, ਤੇਰੀ ਰਜ਼ਾ ਨੂੰ ਮੰਨੀਏ। ਜਿਹੜੇ ਰਜ਼ਾ ਨਹੀਂ ਮੰਨਦੇ—ਉਹ ਰੋਂਦੇ ਹਨ—ਉਹ ਦੁਖੀ ਹੁੰਦੇ ਹਨ। ਹੁਕਮ ਉਹੀ ਹੈ—ਉਸਦਾ ਅਟੱਲ, ਜਿਸਨੂੰ ਕੋਈ ਨਹੀਂ ਮੇਟ ਸਕਦਾ। ਮਹਾਰਾਜ ਗੁਰੂ ਗੋਬਿੰਦ ਸਿੰਘ ਸਾਹਿਬ ਇਸ ਸੰਸਾਰ ਦੀ

ਦਾਸਤਾਨ ਲਿਖਦੇ ਹੋਏ ਕਹਿੰਦੇ ਹਨ—ਨਾਸ਼ਕਤਾ-

**ਏਕ ਸਿਵ ਭਏ ਏਕ ਗਏ ਏਕ ਫੇਰ ਭਏ**
**ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈ।।**
**ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ**
**ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈ।।**
**ਮੋਨਦੀ[੧੮] ਮਦਾਰ[੧੯] ਕੇਤੇ ਅਸੁਨੀ[੨੦] ਕੁਮਾਰ ਕੇਤੇ**
**ਅੰਸਾ ਅਵਿਤਾਰ[੨੧] ਕੇਤੇ ਕਾਲ ਬਸ ਭਏ ਹੈ।।**
**ਪੀਰ[੨੨] ਔ ਪਿਕਾਂਬਰ[੨੩] ਕੇਤੇ ਗਨੇ ਨ ਪਰਤ ਏਤੇ**
**ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ।।**

*-ਦਸਮ ਗ੍ਰੰਥ, ਪੰਨਾ-੧੮*

-ਭਾਈ ਇੱਥੇ ਤੇ ਰਹਿਣਾ ਕਿਸੇ ਨਹੀਂ। ਫੇਰ-

**ਇਕੁ ਲਖੁ ਪੂਤ ਸਵਾ ਲਖੁ ਨਾਤੀ[੨੪]।।**
**ਤਿਹ ਰਾਵਨ ਘਰ ਦੀਆ ਨ ਬਾਤੀ[੨੫]।।**
**ਚੰਦੂ ਸੂਰਜੁ ਜਾ ਕੇ ਤਪਤ[੨੬] ਰਸੋਈ।।**
**ਬੈਸੰਤਰੁ[੨੭] ਜਾ ਕੇ ਕਪਰੇ ਧੋਈ।।**

*-ਆਸਾ ਕਬੀਰ ਜੀ, ਪੰਨਾ-੪੮੧*

-ਨਾ ਰਹੇ। ਭਾਈ ਗੁਲਾਬ ਸਿੰਘ ਜੀ ਭਾਵਰ ਸਾਮਿਰਤ 'ਚ ਲਿਖਦੇ ਹਨ-

*ਜਿਨਕੇ ਰਥ ਨੇਮ ਦਰਾਰਨ ਤੇ,*
*ਸਤ ਸਾਗਰ ਹੈਂ ਅਬ ਲੋ ਜਗ ਮਾਹੀ।*
*ਜਿਨ ਚਾਪ ਕੇ ਗੋਸ਼ਨ ਕੇ ਬਲ ਤੇ,*
*ਸਭ ਸੈਲ ਬਟੋਰ ਧਰੇ ਧਰ ਮਾਹੀ।*
*ਸੁਰ ਰਾਜ ਡਰੇ ਜਿਨਕੇ ਬਲ ਤੇ,*
*ਜਮਰਾਜ ਜਿਤੇ ਜਿਹਨੇ ਜਗ ਮਾਹੀ।*
*ਉਹ ਮਨ ਤੇ ਜਗ ਭੀਤਰ ਨਾਹਿ ਰਹੇ,*
*ਅਬ ਔਰ ਰਹੇ ਕੁਹ ਕੁ ਜਗ ਮਾਹੀ।*

ਗੁਰੂ ਗੋਬਿੰਦ ਸਿੰਘ ਸਾਹਿਬ ਇਸੇ ਨੂੰ ਕਹਿੰਦੇ ਹਨ–

**ਬਲੀ ਪ੍ਰਿਥੀਅੰ[੨੮] ਮਾਨਧਾਤਾ ਮਹੀਪੰ॥**
**ਜਿਨੈ ਰੱਥ ਚੱਕ੍ਰੰ ਕੀਏ ਸਾਤ ਦੀਪੰ॥**
**ਭੁਜੰ ਭੀਮ ਭਰਥੰ ਜਗੰ ਜੀਤ ਡੰਡਯੰ॥**
**ਤਿਨੈ ਅੰਤ ਕੇ ਅੰਤ ਕੌ ਕਾਲ ਖੰਡਯੰ॥**
**ਜਿਨੈ ਦੀਪ ਦੀਪੰ ਦੁਹਾਈ ਫਿਰਾਈ॥**
**ਭੁਜਾਦੰਡ ਦੈ ਛੋਣਿ[੨੯] ਛਤ੍ਰੰ ਛਿਨਾਈ॥**
**ਕਰੇ ਜੱਗ ਕੋਟੰ ਜਸੰ ਅਨੇਕ ਲੀਤੇ॥**
**ਵਹੈ ਬੀਰ ਬੰਕੇ ਬਲੀ ਕਾਲ ਜੀਤੇ॥**
**ਕਈ ਕੋਟ ਲੀਨੇ ਜਿਨੈ ਦੁਰਗ[੩੦]ਢਾਹੇ॥**
**ਕਿਤੇ ਸੂਰਬੀਰਾਨ ਕੇ ਸੈਨ ਗਾਹੇ।**
**ਕਈ ਜੰਗ ਕੀਨੇ ਸੁ ਸਾਕੇ[੩੧]ਪਵਾਰੇ[੩੨]॥**
**ਵਹੈ ਦੀਨ[੩੩] ਦੇਖੇ ਗਿਰੇ ਕਾਲ ਮਾਰੇ॥**
**ਜਿਨੈ ਪਾਤਿਸਾਹੀ ਕਰੀ ਕੋਟ ਜੁੱਗਿਯੰ॥**
**ਰਸੰ ਆਨਰਸੰ[੩੪] ਭਲੀ ਭਾਂਤਿ ਭੁਗਿਯੰ[੩੫]॥**
**ਵਹੈ ਅੰਤ ਕੋ ਪਾਵ ਨਾਗੇ ਪਧਾਰੇ॥**
**ਗਿਰੇ ਦੀਨ ਦੇਖੇ ਹਠੀ ਕਾਲ ਮਾਰੇ॥**

*–ਦਸਮ ਗ੍ਰੰਥ, ਪੰਨਾ-੪੩*

ਮਰਦੇ ਕੌਣ ਨਹੀਂ ਸ੍ਰਿਸ਼ਟੀ ਵਿੱਚ—ਰਚਨਾ ਬਣੀ ਹੋਈ ਹੈ। ਦੁਨੀਆਂ ਦਾਰੀ ਵਿੱਚ ਪਹਿਲੀ ਚੀਜ਼ ਹੈ—ਲੋਕਾਂ ਵਿਚ ਇੱਥੋਂ ਦਾ ਸੁਖ। ਦੁਨੀਆਂ ਵਿੱਚ ਸੁਖ—ਮੇਰੇ ਪੁੱਤਰ ਹੋਣ, ਧੀਆਂ ਹੋਣ, ਪਦਾਰਥ ਮਨ ਭਾਉਂਦਾ ਹੋਵੇ, ਖਾਵਾਂ, ਪੀਵਾਂ—ਮੌਜ ਕਰਾਂ। ਇਸਤੋਂ ਅੱਗੇ ਜਾ ਕੇ ਲੋਕ ਸਵਰਗ ਵਾਸਤੇ ਪੁੰਨ ਦਾਨ ਕਰਦੇ ਹਨ। ਸੁਰਗ ਤੋਂ ਮਗਰੋਂ ਕਈ ਲੋਕ ਬੈਕੁੰਠ ਦੀ ਇੱਛਾ ਕਰਦੇ ਹਨ, ਕਈ ਲੋਕ ਬੈਕੁੰਠ ਤੋਂ ਮਗਰੋਂ ਮੁਕਤੀ ਦੀ ਇੱਛਾ ਕਰਦੇ ਹਨ, ਪਰ ਇਹਨਾਂ ਸਾਰੀਆਂ ਚੀਜ਼ਾਂ ਨੂੰ ਛੱਡਕੇ, ਸਤਿਗੁਰੂ ਦੇ ਘਰ ਵਿੱਚ ਇੱਕ ਚੀਜ਼ ਹੈ—ਜੇ ਅਸੀਂ ਗੁਰਬਾਣੀ ਪੜ੍ਹੀਏ, ਸਾਨੂੰ ਪਤਾ

ਲੱਗੇ ਕਿ–

**ਦਰ ਦਰਸਨ ਕਾ ਪ੍ਰੀਤਮੁ ਹੋਵੈ**
**ਮੁਕਤਿ ਬੈਕੁੰਠੈ ਕਰੈ ਕਿਆ॥**

*–ਆਸਾ ਮ:੧, ਪੰਨਾ–੩੬੦*

## ਜੀਵਨ ਮੁਕਤ ਪੁਰਸ਼

**ਕਈ ਬੈਕੁੰਠ ਨਾਹੀ ਲਵੈ**[36] **ਲਾਗੇ**[37]**॥**
**ਮੁਕਤਿ ਬਪੁੜੀ**[38] **ਭੀ ਗਿਆਨੀ ਤਿਆਗੇ॥**

*–ਮ:੫, ਪੰਨਾ–੧੦੭੮*

ਉਹ ਪੁਰਸ਼ ਜੀਵਨ ਮੁਕਤ ਹੋ ਜਾਂਦੇ ਹਨ। ਉਹ ਜਿਉਂਦੇ ਹੀ ਮੁਕਤ ਹੁੰਦੇ ਹਨ।

**ਬੇਣੀ ਕਹੈ ਸੁਨਹੁ ਰੇ ਭਗਤਹੁ**
**ਮਰ ਨ ਮੁਕਤਿ ਕਿਨਿ ਪਾਈ॥**

*–ਪੰਨਾ–੯੩*

ਨਾਮਦੇਵ ਜੀ ਕਹਿੰਦੇ ਹਨ–

**ਮੂਏ ਹੂਏ ਜਉ ਮੁਕਤਿ ਦੇਹੁਗੇ—**
ਤੇਰੀ—**ਮੁਕਤਿ ਨ ਜਾਨੈ ਕੋਇਲਾ॥**

*–ਪੰਨਾ–੧੨੯੨*

ਉਹ ਜਿਉਂਦੇ ਮੁਕਤ ਹੁੰਦੇ ਹਨ। ਜਿਸ ਤਰ੍ਹਾਂ ਸਤਿਗੁਰੂ—ਅਕਾਲ ਪੁਰਖ ਜਦੋਂ ਚਾਹੁੰਦਾ ਹੈ—ਸ੍ਰਿਸ਼ਟੀ ਦੇ ਉੱਤੋਂ ਅਲੋਪ ਹੋ ਜਾਂਦਾ ਹੈ, ਪ੍ਰਗਟ ਹੋ ਜਾਂਦਾ ਹੈ। ਜਿਹੜੇ ਸਤਿਗੁਰੂ ਦੇ ਨਾਲ ਮਿਲ ਜਾਂਦੇ ਹਨ ਉਹ ਵੀ ਇਸੇ ਤਰ੍ਹਾਂ ਹੋ ਜਾਂਦੇ ਹਨ, ਉਹਨਾਂ ਦਾ ਜੰਮਣ, ਮਰਨ–

**ਜੰਮਣੁ ਮਰਣੁ ਨ ਤਿਨ੍ਹ ਕਉ ਜੋ ਹਰਿ ਲੜਿ ਲਾਗੇ॥**
**ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ॥**

*–ਮ:੫, ਪੰਨਾ–੩੨੨*

ਉਹਨਾਂ ਦਾ ਜੰਮਣਾ ਮਰਨਾ ਮੁੱਕ ਜਾਂਦਾ ਹੈ। ਪਰਮਾਣ ਦੇਂਦੇ ਹਨ

ਸ਼ਾਸਤਰ ਵਾਲੇ ਕਿ ਮੌਤ ਉਹਨਾਂ ਵਾਸਤੇ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਬਿੱਲੀ ਚੂਹੇ ਨੂੰ ਫੜਦੀ ਹੈ। ਜਿਹੜੇ ਸਾਕਤ ਪੁਰਸ਼ ਹਨ—ਜਿਹੜੇ ਮਾਇਆ ਧਾਰੀ ਹਨ, ਉਹਨਾਂ ਨੂੰ—ਜਿਸ ਤਰ੍ਹਾ ਬਿੱਲੀ ਚੂਹਿਆਂ ਦੀ ਹੱਡੀਆਂ ਮਰੋੜਦੀ ਹੈ, ਪਰ ਜਦੋਂ ਬਿੱਲੀ ਆਪਣੇ ਬੱਚਿਆਂ ਨੂੰ ਚੁੱਕ ਕੇ ਲੈ ਜਾਂਦੀ ਹੈ ਉਹ ਸੱਤ-ਸੱਤ ਬੂਹੇ ਲੰਘਾ ਦਿੰਦੀ ਹੈ। ਕਦੇ ਉਹਨਾਂ ਨੂੰ ਦੁੱਖ ਨਹੀਂ ਲੱਗਦਾ। ਇਸ ਤਰ੍ਹਾਂ ਹੀ ਉਹਨਾਂ ਨਾਲ ਮੌਤ ਦਾ ਤਅੱਲਕ ਨਹੀਂ ਰਹਿੰਦਾ, ਉਹਨਾਂ ਦੀ ਆਪਣੀ ਚੀਜ਼ ਬਣ ਜਾਂਦੀ ਹੈ। ਜੇ ਉਹ ਚਾਹੁਣ—ਜਿਸ ਤਰ੍ਹਾਂ ਇਤਿਹਾਸ ਸਾਡਾ ਕਹਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਕੋਲ ਬੈਠਿਆਂ ਭਾਈ ਗੁਰਦਾਸ ਜੀ ਨੂੰ ਸ਼ੰਕਾ ਹੋਈ ਕਿ ਮਹਾਰਾਜ ਨਾਮ ਭਗਤਾਂ ਦਾ ਲੈਂਦੇ ਹਨ ਤੇ ਬਾਣੀ ਉਚਾਰਦੇ ਹਨ—ਆਪ। ਤਾਂ, ਮਹਾਰਾਜ ਨੇ ਭਗਤਾਂ ਨੂੰ ਲਿਆਂਦਾ—ਭਾਈ ਗੁਰਦਾਸ ਦੇ ਸਾਹਮਣੇ ਸਾਰੇ ਖੜੇ ਹੋ ਗਏ—ਉਹ ਜੀਵਨ ਮੁਕਤ ਹਨ। ਉਹਨਾਂ ਦੀਆਂ ਲੀਹਾਂ ਨਹੀਂ ਜਾਂਦੀਆਂ। ਉਹਨਾਂ ਦੇ ਹੱਡ ਚੰਮ ਦਾ ਸੰਬੰਧ ਨਹੀਂ ਰਹਿ ਜਾਂਦਾ। ਕਬੀਰ ਜੀ ਨੇ ਆਖਿਆ–

**ਕਿਆ ਕਾਸੀ ਕਿਆ ਊਖਰੁ[੩੯] ਮਗਹਰੁ[੪੦]**
**ਰਾਮੁ ਰਿਦੈ ਜਉ ਹੋਈ॥**
**—ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ॥**

*–ਪੰਨਾ–੬੬੨*

ਕਾਸ਼ੀ ਵਿੱਚ ਤਾਂ ਸਾਰੇ ਲੋਕ ਮੁਕਤ ਹੁੰਦੇ ਹਨ, ਜਿੱਥੇ ਨਹੀਂ ਹੁੰਦੇ ਉੱਥੇ ਕਬੀਰ ਜੀ ਗਏ—ਉਹ ਜੀਵਨ ਮੁਕਤ ਪੁਰਸ਼ ਹਨ। ਸਤਿਗੁਰੂ ਅੱਗੇ ਅਰਦਾਸ ਕਰੋ ਕਿ ਸਾਡੇ ਉੱਤੇ ਕਿਰਪਾ ਕਰਨ ਅਸੀਂ—ਨਾਮ ਜਪ ਕੇ, ਬਾਣੀ ਪੜ੍ਹ ਕੇ, ਬਾਣੀ ਦੇ ਤੱਤ ਨੂੰ ਸਮਝ ਕੇ, ਗੁਰੂ ਦੇ ਬਚਨਾਂ ਨੂੰ ਸੁਣ ਕੇ—ਸਮਝ ਕੇ, ਅਸੀਂ ਵੀ ਓਸ ਰਸਤੇ ਪਈਏ ਜਿਸ ਰਸਤੇ ਸੰਤ ਫੂਲਾ ਸਿੰਘ ਜੀ ਗਏ। ਜਿਹੜਾ ਰਸਤਾ ਉਹਨਾ ਵਾਸਤੇ ਬਣਿਆ—ਉਹ ਮਰਦੇ ਨਹੀਂ—ਉਹਨਾਂ ਨੂੰ ਕੋਈ ਤਕਲੀਫ ਨਹੀਂ ਹੁੰਦੀ—ਦੇਹ ਜਿਹੜੀ ਹੈ, ਇਹ ਚੰਮ ਹੈ। ਸਾਡੇ ਗੁਰੂਆਂ—ਸਤਿਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ

ਨੇ ਵੀ ਉਹਲਾ ਕੀਤਾ—ਅਕਾਲ ਪੁਰਖ ਨੇ ਪਰ, ਸਤਿਗੁਰੂ ਸਦਾ ਹੀ ਹਾਜ਼ਰ ਨਾਜ਼ਰ ਹੈ। ਜਿਹੜੇ ਸਤਿਗੁਰੂ ਦੇ ਨਾਲ ਮਿਲ ਜਾਂਦੇ ਹਨ-

**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥**

ਉਹ ਮੁਕਤ—ਬੈਕੁੰਠ ਤੋਂ ਅੱਗੇ ਲੰਘ ਜਾਂਦੇ ਹਨ। ਕਿਉਂਕਿ ਬੈਕੁੰਠ ਵੀ ਇੱਕ ਐਸੀ ਜਗ੍ਹਾ ਹੈ, ਕਿਸੇ ਦਿਨ ਨਹੀਂ ਰਹੇਗੀ। ਮੁਕਤੀ ਜਿਹੜੀ ਹੈ, ਮੁਕਤੀ ਵਿੱਚ ਸੁਆਦ ਨਹੀਂ ਰਹਿ ਜਾਂਦਾ ਕਿਉਂਕਿ ਤੱਤਾਂ ਵਿਚ ਤੱਤ ਮਿਲ ਗਏ। ਜਿਹਨਾਂ ਨੂੰ ਦਰਸ਼ਨ ਦਾ ਸੁਆਦ ਹੈ, ਜਿਨ੍ਹਾਂ ਨੇ ਦਰਸ਼ਨ ਕੀਤਾ, ਦੀਵਾਨ ਨੰਦ ਲਾਲ ਐਵੇਂ ਨਹੀਂ ਨ ਕਹਿੰਦਾ-

*ਦੀਨੋ ਦੁਨੀਆ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ।*
*ਹਰ ਦੋ ਆਲਮ ਕੀਮਤਿ ਯਕ ਤਾਰਿ ਮੂਏ ਯਾਰਿ ਮਾ।*

*—ਗ਼ਜ਼ਲ ੨*

ਫਿਰ ਕਹਿੰਦਾ ਹੈ-

*ਹਜ਼ਾਰ ਖ਼ੁਲਦਿ ਬਰੀਂ ਰਾ ਬ—ਨੀਮ ਜੌ, ਨ—ਖ਼ਰੰਦ।*
*ਅਜ਼ ਆਂ ਕਿ ਹੇਚ ਬਦਾਂ ਕੂਏ ਦਿਲ—ਰੁਬਾ ਨ ਰਸੱਦ।*

*—ਗ਼ਜ਼ਲ ੩੦*

ਮੈਂ ਹਜ਼ਾਰ ਬਹਿਸ਼ਤਾਂ ਨਹੀਂ ਖਰੀਦਦਾ ਅੱਧੇ ਜੌਂ ਤੋਂ—ਹੇ ਗੁਰੂ ਗੋਬਿੰਦ ਸਿੰਘ ਜੀ, ਜਿੱਥੇ ਤੇਰਾ ਦਰਸ਼ਨ ਨਹੀਂ ਹੁੰਦਾ। ਜਿਹਨਾਂ ਨੂੰ ਦਰਸ਼ਨ ਦਾ ਸੁਆਦ ਹੈ, ਉਹ ਹੀ ਜਾਣਦੇ ਹਨ, ਉਹ ਕਹਿੰਦੇ ਹਨ-

*ਯਕ ਨਿਗਾਹਿ ਜਾ ਫਜ਼ਾਇਸ਼*

ਇੱਕੋ ਹੀ ਨਿਗਾਹ ਤੇਰੀ ਨਾਲ ਮੈਨੂੰ ਸਾਰੀ ਉਮਰ ਦਾ ਫੈਜ਼ ਪਹੁੰਚ ਜਾਂਦਾ ਹੈ।

*ਬਸ ਬਵਦ ਦਰਕਾਰਿ ਮਾ।*

—ਮੇਰੇ ਵਾਸਤੇ ਇਹੋ ਕੁਛ ਕਾਫੀ ਹੈ।

ਸਤਿਗੁਰੂ ਦੇ ਦਰਸ਼ਨ ਦੇ ਪ੍ਰੇਮੀ, ਸਤਿਗੁਰੂ ਦੇ ਚਰਨਾਂ ਦੇ ਭੌਰੇ, ਉਹ ਮੁਕਤ ਬੈਕੁੰਠ ਨੂੰ ਥੱਲੇ ਛੱਡ ਜਾਂਦੇ ਹਨ। ਤਾਂ ਤੇ, ਸਾਨੂੰ ਚਾਹੀਦਾ ਹੈ ਕਿ ਅਸੀਂ ਸਤਿਗੁਰੂ ਅੱਗੇ ਅਰਦਾਸ ਕਰੀਏ ਕਿ ਸਿੱਖ ਦਾ ਜੀਵਨ,

ਇਸ ਤਰ੍ਹਾਂ ਦਾ ਬਣਾ ਦੇਵੇ—ਮੈਂ ਦੇਖਿਆ ਉਹਨਾਂ ਨੂੰ, ਇੱਥੇ ਜਦੋਂ ਅਸੀਂ ਰਹੇ ਹਾਂ, ਹੋਲੇ ਦੇ ਦਿਨਾਂ ਵਿੱਚ—ਬੜਾ ਕਮਜ਼ੋਰ ਸਰੀਰ ਸੀ ਪਰ ਤਾਂ ਹੀ ਪਤਾ ਹੁੰਦਾ ਸੀ—ਅਸੀਂ ਮਗਰੋਂ ਉਠਕੇ ਆਉਂਦੇ ਸਾਂ ਸਾਡੇ ਆਉਂਦਿਆਂ ਨੂੰ ਪਹਿਲਾਂ ਹੀ ਮਾਲਾ ਫੜੀ ਬੈਠੇ ਹੁੰਦੇ ਸਨ। ਹੁਣ ਚੱਲਣ ਵੇਲੇ ਸਰੀਰ ਵੀ, ਮਾਲਾ ਹੱਥੋਂ ਨਹੀਂ ਛੁੱਟੀ, ਭਜਨ ਨਹੀਂ ਛੁੱਟਿਆ ਕਿਉਂਕਿ ਜਿੱਥੇ ਉਹਨਾਂ ਨੇ ਜੁੜਨਾ ਸੀ, ਉੱਥੇ ਜੁੜ ਗਏ।

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ।।**

*–ਬਿਲਾਵਲ ਮ:੫, ਪੰਨਾ–੮੪੬*

ਪਰਮਾਤਮਾ ਦੇ ਵਿੱਚ, ਸਤਿਗੁਰੂ ਵਿੱਚ—ਉਹ ਅਭੇਦ ਹੋ ਜਾਂਦੇ ਹਨ, ਸਤਿਗੁਰੂ ਦੇ ਰੂਪ ਵਿੱਚ ਰਲ ਜਾਂਦੇ ਹਨ—ਭਾਈ ਹਰਮੀਤ ਸਿੰਘ ਜੀ ਐਸੇ ਸਿੱਖ ਹਨ। ਹੁਣ ਇਹ ਆਪਣੀ ਕਥਾ ਦੱਸਦੇ ਹਨ,"ਮੈਂ ਕਿਸ ਤਰ੍ਹਾਂ ਸਤਿਗੁਰੂ ਨੂੰ ਮਿਲਿਆ ਹਾਂ।"

## ਭਾਈ ਹਰਮੀਤ ਸਿੰਘ ਨੂੰ ਪ੍ਰੇਮ

*ਪੀਛੇ ਗੁਰ ਕੇ ਸਿੰਘ ਉਦਾਰ*

ਪਿੱਛੋਂ ਜਿਹੜੇ ਗੁਰੂ ਦੇ ਸਿੱਖ ਹੋਣਗੇ।

*ਦੇਖ ਪੜ੍ਹੇ ਤੌਂ ਕਰਿ ਹੈਂ ਯਾਦ।*

ਪੜ੍ਹਨਗੇ ਤੇ ਯਾਦ ਕਰਨਗੇ।

*ਕ੍ਰਿਪਾ ਦ੍ਰਿਸ਼ਟਿ ਬਖਸ਼ੈ ਅਹਿਲਾਦ।।੯।।*

ਉਹ ਕ੍ਰਿਪਾ ਦ੍ਰਿਸ਼ਟੀ ਕਰਨਗੇ ਉਹਨਾਂ ਤੋਂ ਪ੍ਰੇਮ ਮਿਲੇਗਾ ਸਾਨੂੰ।

*ਯੌਂ ਹਰਮੀਤ ਸਿੰਘ ਕੋ ਪ੍ਰੇਮ*

ਭਾਈ ਹਰਮੀਤ ਸਿੰਘ ਨੂੰ ਇਹ ਪ੍ਰੇਮ ਲੱਗਾ ਹੋਇਆ।

*ਲਗਾ ਬੇਨਤੀ ਕਰਨ ਸਨੇਮ।*

ਰੋਜ਼ ਬੇਨਤੀ ਕਰੇ ਕਿ ਕੋਈ ਸਿੱਖ ਮੈਨੂੰ ਮਿਲੇ, ਜਿਹਦੇ ਕੋਲ ਮੈਂ ਸਤਿਗੁਰੂ ਦੀ ਕਥਾ ਲਿਖਾਵਾਂ।

*ਇਕ ਦਿਨ ਆਦਿ ਗ੍ਰੰਥ ਕਰ ਪਾਠ।*

ਇੱਕ ਦਿਨ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ, ਪਾਠ ਕੀਤਾ।

*ਖੜੇ ਹੋਇ ਕੀਨੀ ਅਰਦਾਸ।।੧੦।।*

ਖੜੇ ਹੋ ਕੇ ਅਰਦਾਸਾ ਸੋਧਿਆ।

*ਤਬ ਪ੍ਰਭ ਮੇਰੇ ਮਨ ਕੋ ਪ੍ਰੇਰਾ।*

ਭਾਈ ਜੀ ਕਹਿੰਦੇ ਹਨ—ਸਿੱਖ ਤਾਂ ਜਿੱਥੇ ਚਾਹੇ, ਜਿੱਥੇ ਕਿਸੇ ਨੂੰ ਚਾਹੇ ਖਿੱਚ ਸਕਦਾ ਹੈ, ਜਿੱਥੇ ਚਾਹੇ ਉਹ ਸੱਦ ਸਕਦਾ ਹੈ। ਸਾਡਾ ਤਾਂ ਮਨ ਨਹੀਂ ਲਗਦਾ ਓਧਰ—ਕਹਿੰਦੇ ਹਨ,''ਮੇਰੇ ਮਨ ਨੂੰ ਸਤਿਗੁਰਾਂ ਨੇ ਪ੍ਰੇਰਿਆ।''

*ਲਗੀ ਲੋੜ ਚਿਤ ਚਾਹੇ ਵਧੇਰਾ।*

ਮੇਰੇ ਚਿਤ ਵਿੱਚ ਚਾਹ ਲੱਗੀ ਕਿ ਦਰਸ਼ਨ ਕਰੀਏ।

*ਦਰਸ਼ਨ ਕੀਨਾ ਆ ਕਰ ਤਿਨਕਾ।*

ਮੈਨੂੰ ਉਸੇ ਵੇਲੇ ਪ੍ਰੇਰਨਾ ਹੋ ਗਈ, ਉੱਥੋਂ ਤੁਰ ਪਏ ਦਰਸ਼ਨ ਕੀਤਾ ਜਾ ਕੇ।

*ਮੈਂ ਭੀ ਜਾਚਕ ਗੁਰ ਸੇ ਜਿਨਕਾ।।੧੧।।*

ਜਿਨ੍ਹਾਂ ਕੋਲੋਂ ਮੈਂ ਵੀ, ਗੁਰੂ ਦੇ ਘਰੋਂ—ਜਿਸ ਚੀਜ਼ ਦਾ ਇੱਛਿਆਵਾਨ ਸਾਂ ਕਿ ਕੋਈ ਗੁਰੂ ਦਾ ਸਿੱਖ ਮਿਲੇ ਜਿਹੜਾ ਮੈਨੂੰ ਦੱਸੇ ਕੋਈ ਕਥਾ ਤੇ ਮੈਂ ਲਿਖਾਂ।

*ਦਰਸ ਪਰਸ ਪਰ ਭਏ ਅਨੰਦ।*

ਦਰਸ਼ਨ ਪਰਸਿਆ। ਹੁਣ ਪਰਸ ਸ਼ਬਦ ਇੱਥੇ ਜਿਹੜਾ ਸੰਤ ਜੀ ਨੇ ਲਿਖਿਆ ਹੈ, ਇਹ ਦੇਹਲੀ ਦੀਪਕ ਬਣਾ ਦਿੱਤਾ ਹੈ—*ਦਰਸ ਪਰਸ ਪਰ ਭਏ ਅਨੰਦ।*

ਪਰਸਨ ਤੋਂ ਵੀ ਦਰਸ਼ਨ ਆ ਗਿਆ, ਪਰਸਪਰ—ਆਪਸ ਵਿੱਚ। ਦੇਹਲੀ ਦਾ ਦੀਵਾ—ਜੇ ਦਹਿਲੀਜ਼ਾਂ ਉੱਤੇ ਦੀਵਾ ਜਗਾ ਦੇਈਏ ਉਹ ਅੰਦਰ ਵੀ ਚਾਨਣ ਕਰਦਾ ਹੈ, ਬਾਹਰ ਵੀ ਚਾਨਣ ਕਰਦਾ ਹੈ। ਇਹ ਕਵੀਆਂ ਲੋਕਾਂ ਦੀ ਸਿਫਤ ਹੈ ਉਹਨਾਂ ਦੀ ਕਵਿਤਾ ਵਿੱਚ ਪਰਸ ਸ਼ਬਦ

ਜਿਹੜਾ ਇੱਥੇ ਆਇਆ, ਇਹ ਦੇਹਲੀ ਦੀਪਕ ਬਣ ਗਿਆ। ਪਰਸਪਰ—ਆਪਸ ਵਿਚ ਮਿਲਕੇ ਵੀ, ਦਰਸ਼ਨ ਪਰਸ ਕੇ ਵੀ, ਪਰਸਪਰ —ਆਪਸ ਵਿੱਚ ਮਿਲਕੇ ਵੀ ਅਨੰਦ ਹੋਏ।

*ਦੇਖਿ ਚਕੋਰਿ ਮਨੋ ਜਿਵ ਚੰਦ*

ਚਕੋਰ ਜਿਸ ਤਰ੍ਹਾਂ ਚੰਦਰਮਾਂ ਨੂੰ ਦੇਖ ਕੇ ਅਨੰਦ ਹੁੰਦਾ ਹੈ।

*ਬੋਲੇ ਵੂਹ ਮੁਝ ਰੋਜ ਉਡੀਕੇ।*

ਭਾਈ ਹਰਮੀਤ ਸਿੰਘ ਜੀ ਕਹਿੰਦੇ ਹਨ ਭਾਈ ਅਸੀਂ ਤਾਂ ਤੈਨੂੰ ਰੋਜ ਉਡੀਕਦੇ ਸਾਂ, ਭਾਈ ਸਾਹਿਬ।

*ਮੇਲ ਭਇਆ ਕਿਰਪਾ ਪ੍ਰਭ ਨੀਕੇ।।੧੨।।*

ਸਤਿਗੁਰੂ ਦੀ ਕਿਰਪਾ ਹੋਈ ਤਾਂ ਮੇਲ ਹੋਇਆ ਹੈ।

*ਸਾਚੇ ਸਤਿਗੁਰੂ ਕੇਰ ਬਿਲਾਸਾ।*

ਸੱਚੇ ਪਾਤਸ਼ਾਹ ਦੇ ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਦੇ ਬਿਲਾਸ।

*ਲਿਖੋ ਹੋਇ ਪੂਰੀ ਮਮ ਆਸਾ।*

ਕਹਿੰਦੇ ਹਨ ਮੇਰੀ ਇੱਛਿਆ ਪੂਰੀ ਹੋਵੇ, ਤੂੰ ਲਿਖ ਭਾਈ।

*ਪੜੇ ਸੁਣੇਗੇ ਸਮੇਂ ਭਵਿਖਯ।*

ਜਿਹੜਾ ਅੱਗੋਂ ਸਮਾਂ ਆਵੇਗਾ ਸਿੱਖ ਪੜ੍ਹਨਗੇ ਸੁਣਨਗੇ।

*ਪ੍ਰੇਮੀ ਸਰਧਾਲੂ ਜੇ ਸਿਖਯ।।੧੩।।*

ਜਿਹੜੇ ਸਤਿਗੁਰੂ ਦੇ ਸਿੱਖ ਸਰਧਾ ਵਾਲੇ ਹੋਣਗੇ।

*ਮੈਂ ਭਾਖਾ ਮੁਝ ਬੁਧਿ ਕਮੀਨੀ।*

ਅੱਗੋਂ ਮੈਂ ਆਖਿਆ ਕਿ ਮਹਾਰਾਜ ਮੇਰੀ ਤਾਂ ਬੜੀ ਕਮੀਨ ਬੁੱਧ ਹੈ, ਬੜੀ ਛੋਟੀ ਬੁੱਧੀ ਹੈ।

*ਗੁਣੀਂ ਗਯਾਨੀ ਮਤਿ ਪ੍ਰਬੀਨੀ।*

ਗੁਣੀ ਗਿਆਨੀ ਜਿਹੜੇ ਹੋਣਗੇ—ਉਹ ਬੜੀ ਮਤ ਵਾਲੇ ਹੋਣਗੇ— ਮੇਰੀ ਕਵਿਤਾ ਕੀ ਕਵ੍ਹੇਗੀ।

*ਦੇਖ ਕਹੇਂਗੇ ਕਿਆ ਬੁਧਵਾਨੀ।*

ਉਹ ਦੇਖ ਕੇ ਕਹਿਣਗੇ, ਕਿਆ ਬੁੱਧੀ ਨਾਲ ਇਹ ਕਵਿਤਾ ਲਿਖੀ ਹੈ।

*ਇਹ ਕਵਿਤਾ ਜਿਨ ਕੀਨ ਬਖਾਨੀ।।੧੪।।*

ਜਿਸਨੇ ਇਹ ਕਵਿਤਾ ਕੀਤੀ ਹੈ। ਹੁਣ ਭਾਈ, ਅਸੀਂ ਇੱਕ ਕਵਿਤਾ ਲਿਖਦੇ ਹਾਂ, ਇੱਕ ਸਵੈਯਾ ਲਿਖਦੇ ਹਾਂ ਉਹਦੇ ਵਿੱਚ ਨਾਂ ਲਿਖਦੇ ਹਾਂ, ਚਾਹੁੰਦੇ ਹਾਂ ਲੋਕ ਸਾਨੂੰ ਚੰਗਾ ਕਹਿਣ। ਦੇਖੋ ਕਿਤਨੇ ਉੱਚੇ ਮਹਾਤਮਾਂ ਹਨ, ਕਿਤਨੀ ਕਵਿਤਾ ਉੱਚੀ ਹੈ, ਉਹ ਕਹਿੰਦੇ ਹਨ,''ਲੋਕ ਸਾਨੂੰ ਕੀ ਆਖਣਗੇ।''

*ਤਿਨ ਉਪਦੇਸਾਯੋ ਦੋ ਬਾਰੀ।*

ਉਹਨਾਂ ਨੇ ਦੋ ਵੇਰ ਮੈਨੂੰ ਇਹ ਕਿਹਾ।

*ਬਖਸ਼ੇ ਗਯਾਨੀ ਗੁਣੀ ਉਦਾਰੀ।*

ਭਾਈ ਗਿਆਨੀ ਗੁਣੀ—ਜਿਹੜੇ ਪੁਰਸ਼ ਹਨ—ਉਹ ਬਖਸ਼ ਦੇਣ ਵਾਲੇ ਹਨ। ਉਹ ਨਹੀਂ ਬਾਲਕਾਂ ਵੱਲ ਧਿਆਨ ਕਰਦੇ—ਤੂੰ ਕਵਿਤਾ ਲਿਖ।

*ਮੈਂ ਬੋਲਾ ਮੇਰੀ ਭੀ ਆਸਾ।*

ਮੈਂ ਕਿਹਾ ਕਿ ਮੇਰੀ ਵੀ ਇਹੋ ਇੱਛਿਆ ਹੈ ਕਿ ਸਤਿਗੁਰੂ ਦਾ ਜੱਸ ਲਿਖਾਂ।

*ਥੋ ਡਰਤਾ ਅਬ ਮਿਲਾ ਦਿਲਾਸਾ।।੧੫।।*

ਮੈਨੂੰ ਲੱਗਦਾ ਸੀ—ਡਰ, ਪਰ ਤੁਸਾਂ ਹੁਣ ਦਿਲਾਸਾ ਦੇ ਦਿੱਤਾ ਹੈ।

*ਸਾਖੀ ਪਿਛਲੀ ਭੀ ਤ੍ਰਿਨ ਪਾਸ।*

ਪਿਛਲੀ ਸਾਖੀ ਭੀ ਉਹਨਾਂ ਦੇ ਕੋਲ ਸੀ।

*ਰਾਏ ਸਿੰਘ ਕੀ ਲਿਖੀ ਪ੍ਰਕਾਸ਼।*

ਮੈਂ ਜਿਹੜੀ ਰਾਏ ਸਿੰਘ ਜੀ ਵਾਲੀ ਸਾਖੀ—ਪਹਿਲੇ ਹੋਈ ਸੀ—ਮੈਂ ਉਹਨਾਂ ਨੂੰ ਸੁਣਾਈ ਸਾਰੀ।

*ਆਗੇ ਕਹੋਂ ਤਿਨੋ ਪ੍ਰਸੰਗਾ।*

ਹੁਣ ਥੋੜਾ ਜਿਹਾ ਉਨਾਂ ਦਾ ਪ੍ਰਸੰਗ ਸੁਣ ਲਉ, ਫਿਰ ਭੋਗ ਦਾ

ਵਕਤ ਹੋ ਜਾਏਗਾ ਫਿਰ ਨਿਤਨੇਮ, ਅੱਗੋਂ ਜੋ ਸਤਿਗੁਰੂ ਨੂੰ ਭਾਵੇ।

*ਪ੍ਰੇਮੀ ਗੁਰ ਭਾਈ ਸੁਭ ਅੰਗਾ।।੧੬।।*

ਹੇ ਭਾਈ ਸੱਜਣੋਂ ਪ੍ਰੇਮੀਓ ਸੁਣੋ–

*ਤਿਨ ਰਸਨਾਂ ਤੇ ਜੋ ਜੋ ਭਾਖਾ।*

ਜੋ ਕੁਛ ਉਹਨਾਂ ਨੇ ਆਪਣੀ ਰਸਨਾਂ ਤੋਂ ਕਿਹਾ।

*ਸੋ ਲਿਖਨੇ ਕੀ ਲਗੀ ਭਿਲਾਖਾ।*

ਕਹਿੰਦੇ ਹਨ,''ਮੈਨੂੰ ਇਹ ਇੱਛਿਆ ਲੱਗੀ ਲਿਖਣ ਦੀ।''

*ਮਿਲੇ ਜੈਸ ਬਿਧ ਗੁਰ ਕੋ ਜਾਈ।*

ਜਿਸ ਤਰ੍ਹਾਂ ਸਤਿਗੁਰਾਂ ਦੇ ਦਰਸਨ ਜਾ ਕੇ ਭਾਈ ਹਰਮੀਤ ਸਿੰਘ ਜੀ ਨੇ ਕੀਤੇ।

*ਸੋ ਸਾਖੀ ਤਿਨ ਆਦਿ ਸੁਣਾਈ।।੧੭।।*

ਉਹ ਸਾਖੀ ਲੱਗੇ ਹਨ ਸੁਣਾਉਣ ਪਹਿਲਾਂ।

*ਦੋਹਿਰਾ।।*

*ਇਸ ਬਿਧਿ ਭਾਈ ਹਰਮੀਤ ਸਿੰਘ ਗਾਥਾ ਕਰਤ ਬਖਾਨ।*

ਭਾਈ ਹਰਮੀਤ ਸਿੰਘ ਜੀ ਜਿਸ ਤਰ੍ਹਾਂ ਕਥਾ ਕਹਿਣ ਲੱਗੇ–

*ਭਲੇ ਹੋਇ ਇਸ ਭਾਗ ਮਮ ਨਾਮ ਕਿਯੋਂ ਗੁਰ ਦਾਨ।।੧੮।।*

ਕਹਿੰਦੇ ਹਨ ਭਾਈ ਧਿਆਨ ਸਿੰਘ ਜੀ,''ਸੁਣੋ ਜਿਸ ਤਰ੍ਹਾਂ ਮੇਰੇ ਭਾਗ ਭਲੇ ਹੋਏ, ਜਿਸ ਤਰ੍ਹਾਂ ਮੇਰੇ ਭਾਗ ਉਦੇ ਹੋਏ, ਮੈਨੂੰ ਸਤਿਗੁਰਾਂ ਨਾਮ ਦਾ ਦਾਨ ਦਿੱਤਾ।''

*ਚੌਪਈ।।ਸੁਣੀਯੇ ਧਿਆਨ ਸਿੰਘ ਮਮ ਪਿਆਰੇ।*

ਭਾਈ ਧਿਆਨ ਸਿੰਘ, ਮੇਰੇ ਪਿਆਰੇ—ਉਦੋਂ ਸਿੱਖ ਪਿਆਰਾ ਜਾਣਕੇ ਕਹਿੰਦੇ ਸੀ—ਪਿਆਰਾ, ਸਾਡੇ ਵਾਂਗੂੰ ਉੱਤੋਂ-ਉੱਤੋਂ ਨਹੀਂ ਜੱਫੀਆਂ ਪਾਉਂਦੇ ਸੀ—ਅੰਦਰੋਂ ਹੋਰ ਤਰ੍ਹਾਂ ਰਹਿਣ। ਉਸ ਵੇਲੇ ਸਿੰਘ ਪਿਆਰਾ ਜਦੋਂ ਕਹਿੰਦੇ ਸੀ—ਜੇ ਪਿਆਰਾ ਮੂੰਹੋਂ ਕਿਹਾ ਤਾਂ ਪਿਆਰਾ ਸ਼ਬਦ ਸਿਰੇ ਚੜ੍ਹਾਇਆ। ਮੈਨੂੰ ਇੱਥੇ ਇੱਕ ਕਥਾ ਯਾਦ ਆ ਗਈ ਹੈ।

# ਸਾਹੂਕਾਰ ਦਾ ਲੜਕਾ

ਇੱਕ ਸ਼ਾਹੂਕਾਰ ਦਾ ਲੜਕਾ ਸੀ ਉਹਦੇ ਬਾਪ ਨੇ ਆਖਿਆ,''ਬਈ ਤੂੰ ਕੁਛ ਕੰਮ ਕਰਕੇ ਖਾ, ਕੁਛ ਕਮਾ।''

ਉਹ ਇੱਕ ਹਾਰ ਬਣਾ ਕੇ ਲੈ ਗਿਆ ਪੰਜ—ਸੱਤ ਸੌ ਰੁਪਏ ਦਾ, ਇੱਕ ਸ਼ਹਿਰ ਦੇ ਦਰਵਾਜੇ ਤੇ ਜਾ ਕੇ ਹੋਰ ਜਗ੍ਹਾ ਬਾਹਰ ਇੱਕ ਕਿੱਲੀ ਨਾਲ ਹਾਰ ਟੰਗ ਦਿੱਤਾ। ਉੱਥੋਂ ਦੀ ਬੋਲੀ ਐਸੀ ਸੀ ਕੁਦਰਤੀ—ਉਹ ਇੱਕ ਆਦਮੀ ਆਇਆ, ਘੋੜਿਆਂ ਉੱਤੇ ਚੜ੍ਹੀ ਹੋਈ ਫੌਜ ਆਈ—ਜਵਾਨ ਲੜਕੀਆਂ ਦੀ—ਉਹ ਜਿਹੜਾ ਅੱਗੇ ਉਹਨਾਂ ਦੇ ਲੱਗਾ ਹੋਇਆ ਸੀ—ਉਹ ਕਹਿੰਦਾ ਹੈ,''ਯਾਰ, ਹਾਰ ਦਾ ਕੀ ਲੈਣਾ ਹੈ ?''

ਉਹ ਆਂਹਦਾ,''ਬਈ ਜੇ ਯਾਰ ਤੇ ਫਿਰ ਲੈਣਾ ਕੀ, ਹਾਰ ਲੈ ਜਾ।'' ਉਹਨੇ ਹਾਰ ਦੇ ਦਿੱਤਾ—ਯਾਰ ਸ਼ਬਦ ਕਹਿਣ ਤੇ ਅੱਗੇ ਕੋਈ ਤਅੱਲਕ ਨਹੀ—ਜ਼ਰਾ ਧਿਆਨ ਦੇਣਾ।

ਉਨ੍ਹੇ ਲਾਂਭੇ ਜਾ ਕੇ, ਵੱਖਰਿਆਂ ਕਰਕੇ, ਉਹਨੂੰ ਆਖਿਆ,''ਮੈਂ ਰਾਜੇ ਦੀ ਲੜਕੀ ਹਾਂ, ਸਾਡੀ ਫੌਜ ਵੈਸੇ ਬਣਾਈ ਹੋਈ ਹੈ, ਕਿਸੇ ਵੇਲੇ ਤੈਨੂੰ ਬਿਪਤਾ ਬਣੇ, ਤੂੰ ਮੇਰੇ ਕੋਲ ਆਈਂ।''

ਚਲਾ ਗਿਆ—ਦੂਜੀ ਵੇਰ ਫਿਰ ਆਇਆ ਇਸੇ ਤਰ੍ਹਾਂ ਹੀ ਉਸਨੇ ਉੱਥੇ ਲਿਆ ਕੇ ਫਿਰ ਹਾਰ ਟੰਗਿਆ। ਇੱਕ ਆਦਮੀ ਸ਼ਿਕਾਰੀ ਆ ਗਿਆ ਉੱਥੇ। ਉਹਨੇ ਆਖਿਆ,''ਓ ਯਾਰ ਹਾਰ ਦਾ ਕੀ ਲੈਣਾ ਹੈ ?''

ਉਹਨੇ ਆਖਿਆ,''ਬਈ ਜੇ ਯਾਰ ਫਿਰ ਲੈਣਾ ਕੀ।''

ਉਹ ਹਾਰ ਉਹਨੂੰ ਦੇ ਦਿੱਤਾ।

ਉਨ੍ਹੇ ਆਖਿਆ,''ਹੱਛਾ ਬਈ, ਜੇ ਕੋਈ ਵੇਲਾ ਹੋਇਆ—ਹਾਂ ਤੇ ਗਰੀਬ, ਸਾਨੂੰ ਵੀ ਕਦੇ ਯਾਦ ਕਰ ਲਈਂ।''

ਤੀਸਰੀ ਵੇਰ ਉਹ ਉੱਥੇ ਹਾਰ ਲੈ ਕੇ ਗਿਆ, ਉਹਨੇ ਫਿਰ ਹਾਰ ਲਿਜਾ ਕੇ ਉੱਥੇ ਟੰਗਿਆ। ਸ਼ਾਹੂਕਾਰ ਦਾ ਲੜਕਾ ਆ ਕੇ ਕਹਿੰਦਾ,''ਓ ਯਾਰ ਹਾਰ ਦਾ ਕੀ ਲੈਣਾ ਹੈ ?''

ਉਹਨੇ ਆਖਿਆ,''ਬਈ ਜੇ ਯਾਰ ਤੇ ਫਿਰ ਲੈਣਾ ਕੀ ਹੈ—ਹਾਰ ਚਲਾ ਗਿਆ।''

ਪੈਸੇ ਮੁੱਕ ਗਏ, ਘਰਦਿਆਂ ਨੇ ਕੱਢ ਦਿੱਤਾ—ਸ਼ਾਹੂਕਾਰ ਨੇ,''ਬਈ ਤੂੰ ਤੇ ਸਾਰਾ ਕੁਝ ਗਵਾ ਆਇਆ ਹੈਂ।''

ਉਹ ਕਿਸੇ ਵੇਲੇ ਰਾਜੇ ਦੇ ਮਹਲਾਂ ਦੇ ਥੱਲੇ ਗਿਆ—ਬਈ, ਮੈਂ ਰਾਜੇ ਦੀ ਲੜਕੀ ਨੂੰ ਮਿਲਾਂ। ਉੱਥੋਂ ਪਕੜ ਲਿਆ ਉਹਨੂੰ ਬਈ, ਚੋਰ ਹੈ। ਚੋਰ ਪਕੜ ਕੇ—ਅੱਜ ਕੱਲ੍ਹ ਵਾਂਗੂੰ ਨਹੀਂ ਸੀ, ਭਾਵੇਂ ਕਿੰਨਾ ਵੀ ਕੁਛ ਕਰ ਲਵੇ, ਕੋਈ ਐਵੇਂ ਮੁਕੱਦਮੇ ਵਿੱਚ, ਚਾਰ ਗਵਾਹ ਝੂਠੇ ਬਣ ਗਏ ਤੇ ਛੁੱਟ ਗਿਆ। ਉਹਨਾਂ ਨੇ ਆਖਿਆ ਇਹਨੂੰ ਫਲਾਣੇ ਵਕਤ ਸੂਲੀ ਚਾੜ੍ਹ ਦੇਣਾ ਹੈ—ਜੇਲ੍ਹ ਵਿੱਚ ਚਲਾ ਗਿਆ। ਰਾਜੇ ਬੀਰ ਯਾਤਰਾ ਕਰਦੇ ਸੀ। ਰਾਜਾ ਗਿਆ ਪੁੱਛਣ,''ਬਈ ਤੂੰ ਦੱਸ ਤੂੰ ਹੁਣ ਪਰਸੋਂ ਫਾਂਸੀ ਤੇ ਚੜ੍ਹ ਜਾਣਾ ਹੈ, ਕੋਈ ਕਿਸੇ ਨੂੰ ਮਿਲਣਾ ਹੈ।''

ਉਹਨੇ ਆਖਿਆ,''ਜੀ ਮੈਂ ਰਾਜੇ ਦੀ ਲੜਕੀ ਨੂੰ ਮਿਲਣਾ ਹੈ।''

ਰਾਜਾ ਲੜਕੀ ਦੇ ਕੋਲ ਲੈ ਗਿਆ—ਕਿਉਂਕਿ ਰਾਜੇ ਨੂੰ ਤੇ ਪਤਾ ਸੀ ਨ ਸਭ ਕੁਛ—ਬਈ ਮੈਂ ਦੇਖਾਂ ਗੱਲ ਕੀ ਹੈ। ਰਾਜੇ ਦੀ ਲੜਕੀ ਨੇ —ਜਿਸ ਵੇਲੇ ਉਹ ਗਿਆ—ਉਨ੍ਹੇ ਆਖਿਆ,''ਮੇਰੇ ਤੇ ਤਾਂ ਆਹ ਗੱਲ ਬਣ ਗਈ ਹੈ।''

ਉਨ੍ਹੇ ਆਖਿਆ,''ਫਿਰ ਤੂੰ ਫਿਕਰ ਕਿਹੜੀ ਗੱਲ ਦਾ ਕਰਦਾ ਹੈਂ, ਮੈਂ ਆਪਣੀ ਫੌਜ ਲੈ ਕੇ ਪਹੁੰਚਾਂਗੀ, ਤੈਨੂੰ ਸੂਲੀ ਚੜ੍ਹਨ ਨਹੀਂ ਦਿੰਦੀ, ਰਾਜੇ ਨੂੰ ਕਤਲ ਕਰ ਦਿਆਂਗੀ ਕਿਉਂਕਿ ਯਾਰ ਜੋ ਆਖਿਆ ਹੈ।''

ਫਿਰ ਅਗਲੇ ਦਿਨ ਉਨ੍ਹੇ ਆਖਿਆ,''ਹੋਰ ਕਿਸੇ ਨੂੰ ਮਿਲਣਾ ਹੈ।''

ਉਨ੍ਹੇ ਆਖਿਆ,''ਮੈਂ ਜੀ ਉਸ ਸ਼ਿਕਾਰੀ ਨੂੰ ਮਿਲਣਾ ਹੈ।''

ਉਹ ਸ਼ਿਕਾਰੀ ਕੋਲ ਗਿਆ ਉਨ੍ਹੇ ਆਖਿਆ,''ਓ ਸੱਜਣਾ ਮੇਰਾ ਤੀਰ ਕਦੇ ਉਕਿਆ ਨਹੀਂ, ਅਸੀਂ ਰਾਜੇ ਨੂੰ ਖਤਮ ਕਰ ਦਿਆਂਗੇ। ਸਾਡੇ ਕੋਲ ਤੇ ਇਹੋ ਹੀ ਹੈ—ਆਪਣੀ ਜਾਨ ਤੇ ਖੇਲ ਜਾਵਾਂਗੇ।''

ਤੀਸਰੇ ਦਿਨ ਸ਼ਾਹੂਕਾਰ ਕੋਲ ਚਲਾ ਗਿਆ। ਉਹ ਸ਼ਾਹੂਕਾਰ ਨੇ

ਆਖਿਆ,"ਮੇਰੇ ਘਰ ਜੁ ਕੁਛ ਪੈਸਾ ਟਕਾ ਹੈ ਉਹ ਲੈ ਕੇ ਚਲਾ ਜਾਵਾਂਗਾ। ਮੈਂ ਇਸੇ ਜੋਗਾ ਹਾਂ ਮੈ ਜਾ ਕੇ ਕਹਾਂਗਾ ਬਈ, ਇਹਨੂੰ ਛੱਡ ਦਿਓ ਆਹ ਲਉ।"

ਰਾਜੇ ਨੇ ਸਾਰਾ ਹਾਲ ਚਾਲ ਦੇਖਿਆ, ਉਹਨੂੰ ਪਤਾ ਲੱਗ ਗਿਆ ਬਈ, ਇਹ ਆਦਮੀ ਖਰਾਬ ਤਾਂ ਨਹੀਂ। ਉਹਨੇ ਉਸੇ ਤਰ੍ਹਾਂ ਸਾਰੀ ਖੇਡ ਬਣਾਈ। ਜਿਸ ਵੇਲੇ ਉੱਥੇ ਫਾਂਸੀ ਤੇ ਚੜ੍ਹਾਉਣ ਵਾਸਤੇ ਲੈ ਗਏ, ਰਾਜੇ ਦੀ ਜਗ੍ਹਾ ਵੀ ਉਹਨਾਂ ਨੇ ਮਸਨੂਈ ਰਾਜਾ ਜਾ ਕੇ ਬਣਾ ਕੇ ਖੜਾ ਕਰ ਦਿੱਤਾ। ਤੀਰ ਵਾਲੇ ਨੇ ਤੀਰ ਮਾਰ ਦਿੱਤਾ, ਰਾਜੇ ਦੀ ਲੜਕੀ ਨੇ ਜਾ ਕੇ ਉਹ ਕਤਲ ਕਰ ਦਿੱਤਾ, ਉਹਨੂੰ ਛਡਾ ਦਿੱਤਾ। ਪਹਿਲਾਂ, ਸ਼ਾਹੂਕਾਰ ਦੇ ਲੜਕੇ ਨੇ ਸਾਰਾ ਧਨ ਧਰ ਦਿੱਤਾ। ਇਹਦਾ ਨਾਂ ਸੀ ਯਾਰੀ, ਕਿਸੇ ਦੇ ਸ਼ਬਦ ਕਹਿਣ ਤੋਂ—ਯਾਰ, ਇਹ ਗੱਲ ਕਹੀ। ਹੁਣ ਸਾਡਾ ਹਾਲ ਹੈ—ਜਿਹੜਾ ਜੱਫੀਆਂ ਪਾਉਂਦੇ ਹਾਂ, ਪਿਆਰ ਕਰਦੇ ਹਾਂ, ਮਿਲਦੇ ਹਾਂ, ਮਿੱਤਰ ਕਹੇ ਬਗੈਰ ਧੋਖਾ ਨਹੀਂ ਕਿਸੇ ਨਾਲ ਹੋ ਸਕਦਾ। ਕਿਸੇ ਦੇ ਘਰ ਜਾ ਕੇ ਬਹਿਨੇ ਹਾਂ, ਉਹਦੀ ਧੀ ਭੈਣ ਨੂੰ ਭੈਣ, ਮਾਂ ਨਾ ਕਹੀਏ ਤਾ ਨੇੜੇ ਨਹੀਂ ਕੋਈ ਆਉਣ ਦਿੰਦਾ, ਫਿਰ ਨਿਗਾਹ ਬਦਲਦੀ ਹੈ—ਸਾਡਾ ਹਾਲ ਐਸਾ ਹੈ। ਦੇਖਣ ਦੀ ਗੱਲ ਹੈ ਕਿ ਯਾਰ ਸ਼ਬਦ ਦੇ ਅਰਥ ਕੀ ਹਨ ? ਮਿੱਤਰ ਸ਼ਬਦ ਦੇ ਅਰਥ ਕੀ ਹਨ—ਮਿੱਤਰ ਕਹਿਣ ਦਾ—ਇਹ ਚੀਜ਼ ਹੈ ਜਿਨ੍ਹਾਂ ਨੇ ਕਿਹਾ। ਕਹਿੰਦੇ ਹਨ, ਸੁਣੋ ਭਾਈ ਮੇਰੇ ਮਿੱਤਰੋ, ਸੰਤ ਜੀ ਕਹਿੰਦੇ ਹਨ,"ਹੇ ਮੇਰੇ ਮਿੱਤਰੋ ਸੁਣੋ।"

## ਗੁਰ ਕੀ ਮਹਿਮਾ ਅਗਮ ਅਪਾਰੇ

*ਗੁਰ ਕੀ ਮਹਿਮਾ ਅਗਮ ਅਪਾਰੇ।*

ਸਤਿਗੁਰੂ ਦੀ ਕਥਾ ਜਿਹੜੀ ਹੈ ਉਹ ਗਿਣਤੀ ਮਿਣਤੀ ਵਿੱਚ ਨਹੀਂ ਆ ਸਕਦੀ, ਉਹਦੇ ਡੂੰਘ ਨੂੰ ਨਹੀਂ ਕੋਈ ਜਾਣ ਸਕਦਾ, ਉਹਦੀ ਵਡਿਆਈ ਨਹੀਂ ਸਮਝ ਸਕਦਾ।

*ਏਕ ਰਸਨ ਕਿਆ ਆਖਿ ਸੁਣਾਵੈ।*

ਇੱਕ ਰਸਨਾ ਕੀ ਕਹਿ ਸਕਦੀ ਹੈ।

*ਸੇਸ ਸਹਸ ਮੁਖੀ ਨਿਤ ਧਿਆਵੈ।।੧੯।।*

ਸ਼ੇਸ਼ਨਾਗ—ਹਜ਼ਾਰ ਮੂੰਹ, ਦੋ ਹਜ਼ਾਰ ਜਿਸਦੀ ਜਿਹਭਾ ਹੈ। ਸੱਪ ਦੇ ਮੂੰਹ ਦੋ ਜੀਭਾਂ ਹੁੰਦੀਆਂ ਹਨ, ਗੁਰੂ ਗੋਬਿੰਦ ਸਿੰਘ ਸਾਹਿਬ ਲਿਖਦੇ ਹਨ–

**ਸ਼ੇਸ਼ਨਾਗ ਸਿਰ ਸਹਸ[੪੧] ਬਨਾਈ।।**
**ਦ੍ਵੈ ਸਹੰਸ[੪੨] ਰਸਨਾਹ[੪੩] ਸੁਹਾਈ।।**
**ਰਟਤ ਅਬ ਲਗੇ ਨਾਮ ਅਪਾਰਾ।।**
**ਤੁਮਰੋ ਤਊ ਨ ਪਾਵਤ ਪਾਰਾ।।**

*–ਦਸਮ ਗ੍ਰੰਥ, ਪੰਨਾ–੪੭*

ਗੁਰੂ ਅਰਜਨ ਦੇਵ ਮਹਾਰਾਜ ਮਾਰੂ ਸੋਹਲਿਆਂ ਵਿੱਚ ਲਿਖਦੇ ਹਨ–

**ਏਕ ਜੀਹ[੪੪] ਗੁਣ ਕਵਨ ਬਖਾਨੈ।।**
**ਸਹਸ ਫਨੀ[੪੫] ਸੇਖ[੪੬] ਅੰਤੁ ਨ ਜਾਨੈ।।**
**ਨਵਤਨ[੪੭] ਨਾਮ ਜਪੈ ਦਿਨੁ ਰਾਤੀ**
**ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ[੪੮]।।**

*–ਪੰਨਾ–੧੦੮੩*

ਸਤਿਗੁਰੂ ਦੀ ਕਥਾ ਕੋਟ ਸ਼ੇਸ਼ਨਾਗ ਵੀ ਨਹੀਂ ਕਹਿ ਸਕਦੇ।

**ਕਬੀਰ ਸਾਤ ਸਮੁੰਦਹਿ ਮਸੁ ਕਰਉ,**
**ਕਲਮ ਕਰਉ ਬਨਰਾਇ।।**
**ਬਸੁਧਾ ਕਾਗਦੁ ਜਉ ਕਰਉ,**
**ਹਰਿ ਜਸੁ ਲਿਖਨੁ ਨ ਜਾਇ।।**

*–ਪੰਨਾ–੧੩੬੮*

ਗੁਰੂ ਜੀ ਇੱਕ ਸਵੈਯਾ ਜਿਥੇ ਦਸਮ ਗ੍ਰੰਥ ਦਾ ਭੋਗ ਪਾਉਂਦੇ ਹਨ, ਗੁਰੂ ਗੋਬਿੰਦ ਸਿੰਘ ਜੀ ਇਹਦੇ ਉੱਤੇ ਲਿਖਦੇ ਹਨ–

**ਕਾਗਜ ਦੀਪ ਸਭੈ ਕਰਿ ਹੌਂ**

**ਅਰੁ ਸਾਤ ਮਹਾਰਣਵ ਕੀ ਮਸੁ ਕੈ ਹੌਂ।।**
**ਕਾਟ ਬਨਾਸਪਤੀ ਸਿਗਰੀ**
**ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੌਂ।।**
**ਸਾਰਸ੍ਵਤੀ ਬਕਤਾ ਕਰ ਕੈ**
**ਜੁਗ ਚਾਰਿ ਗਨੇਸ਼ ਕੇ ਹਾਥ ਲਿਖੈ ਹੌਂ।।**
**ਕੋਟ ਕਬਿੱਤਨ ਜੌ ਕਰਿ ਹੌਂ**
**ਤੁਮ ਕੌ ਨ ਤਊ ਪ੍ਰਭ ਨੈਕ ਰਿਝੈ ਹੌਂ।।੪੯।।**

*–ਦਸਮ ਗ੍ਰੰਥ, ਅਸਫੋਟਕ ਕਬਿਤ*

ਤਾਂ ਉਸਦੀ, ਪਰਮਾਤਮਾ ਦੀ ਕਿਉਂਕਿ ਉਸਨੂੰ ਕੋਈ ਜਾਣ ਹੀ ਨਹੀਂ ਸਕਦਾ, ਜੋ ਕਿਆ ਚੀਜ਼—ਕਿੱਡਾ ਹੈ। ਕਹਿੰਦੇ ਹਨ, ਸਤਿਗੁਰੂ ਦੀ ਸਿਫਤ ਮੈਂ ਕੀ ਕਹਿ ਸਕਦਾ ਹਾਂ।

*ਰੰਚ ਸਮਾਨ ਅੰਤ ਨ ਪਾਵੈ।*

ਕੋਈ ਆਦਮੀ ਰੰਚਕ ਮਾਤਰ ਉਹਦਾ ਅੰਤ ਕਿਸ ਤਰ੍ਹਾਂ ਪਾ ਸਕਦਾ ਹੈ। ਲਉ ਤੁਸੀਂ ਦੱਸੋ, ਆਹ ਇੱਕ ਕਿਸਮ ਦਾ ਫੁੱਲ ਹੈ, ਅਸੀਂ ਇਸਦੀਆਂ ਜਾਤੀਆਂ ਗਿਣਨ ਲੱਗੀਏ—ਨਹੀਂ ਗਿਣ ਸਕਦੇ। ਸਾਨੂੰ ਕੋਈ ਪਤਾ ਨਹੀਂ ਕਿ ਕਿਤਨੀ ਕੁ ਤਰ੍ਹਾਂ ਦਾ ਹੈ। ਇਹ ਕਿਸ ਤਰ੍ਹਾਂ ਦਾ ਬਣਿਆ ਹੈ। ਇਸਦੇ ਵਿੱਚ ਉਸ ਨੇ ਕੀ ਕੀ ਪਾਇਆ ਹੈ। ਇੱਕ-ਇੱਕ ਜੂਨ ਵਿੱਚ, ਇੱਕ ਇੱਕ ਜੀਅ—ਬੇਅੰਤ ਹੀ ਬੇਅੰਤ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

**ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ।।**

*–ਦਸਮ ਗ੍ਰੰਥ, ਪੰਨਾ-੨੭*

ਉਹ ਬਿਅੰਤ ਹੀ ਹੈ-

**ਏਹੁ ਅੰਤੁ ਨ ਜਾਣੈ ਕੋਇ**

ਇਹੋ ਉਸਦਾ ਅੰਤ ਹੈ ਜਿਸਨੂੰ ਜਾਣ ਕੋਈ ਨਹੀਂ ਸਕਦਾ। ਇਹ ਹੀ ਅਸੀਂ ਕਹਿ ਸਕਦੇ ਹਾਂ ਬਈ, ਉਹ ਅੰਤ ਉਹਨੂੰ ਕਹੀਏ ਤਾਂ ਇਹ ਹੀ ਹੈ ਬਈ ਜਾਣਿਆ ਨਹੀਂ ਜਾਂਦਾ।

*ਏਕ ਸੇਸ ਕਿਆ ਕੋਟ ਜਿ ਗਾਵੈ।*

ਕਰੋੜਾਂ ਸ਼ੇਸ਼ਨਾਗ ਵੀ ਨਹੀਂ ਜਾਣ ਸਕਦੇ।

*ਗੁਰੂ ਅਰਜਨ ਲਿਖਿਅਯੋ ਨਿਜ ਬੇਦ।*

ਸਤਿਗੁਰੂ ਨੇ—ਗੁਰੂ ਅਰਜਨ ਦੇਵ ਨੇ, ਲਿਖਿਆ ਹੈ ਗੁਰਬਾਣੀ ਵਿੱਚ।

*ਪਾਰਬ੍ਰਹਮ ਗੁਰ ਨਾਹੀ ਭੇਦ।।੨੦।।*

ਗੁਰੂ ਤੇ ਪਾਰਬ੍ਰਹਮ ਵਿੱਚ ਭੇਦ ਨਹੀਂ, ਦੋ ਚੀਜ਼ਾਂ ਨਹੀਂ ਹਨ—ਸਾਡੇ ਮੰਨਣ ਵਿੱਚ। ਅਸੀਂ ਰੋਜ ਆਸਾ ਦੀ ਵਾਰ ਦਾ ਪਾਠ ਕਰਦੇ ਹਾਂ, ਲਿਖਿਆ ਹੈ–

**ਬਹੁ ਦੂਖ ਪਾਇਆ ਦੂਜਾ ਭਾਇਆ।।**

*–ਪੰਨਾ–੪੬੭*

ਜੇ ਦੂਜਾ ਜਾਣਦਾ ਹੈ—ਅਕਾਲ ਪੁਰਖ ਤੇ ਸਤਿਗੁਰੂ ਨੂੰ—ਫਿਰ ਬਹੁਤ ਦੁੱਖ ਪਾਇਆ।

*ਗੁਰ ਪ੍ਰਮੇਸ਼ਰ ਏਕੋ ਜਾਨ।*

ਗੁਰੂ ਪ੍ਰਮੇਸ਼ਰ ਇੱਕੋ ਹੀ ਚੀਜ਼ ਹੈ।

*ਸਤਿਗੁਰ ਏ ਭੀ ਕੀਯੋ ਬਖਾਨ।*

ਇਹ ਵੀ ਸਤਿਗੁਰੂ ਜੀ ਨੇ ਲਿਖਿਆ ਹੈ–

*ਗੁਰ ਪ੍ਰਭ ਕੀ ਹੈ ਉਸਤਤਿ ਜੇਤੀ।*

ਸਤਿਗੁਰੂ ਅਕਾਲ ਪੁਰਖ ਦੀ ਜੋ ਉਸਤਤੀ ਹੈ–

*ਕੌਣ ਕਹੇ ਮੈਂ ਜਾਣੋ ਤੇਤੀ।।੨੧।।*

ਕੌਣ ਹੈ ਜੋ ਜਾਣ ਸਕਦਾ ਹੈ।

*ਕਛੁਕ ਚਰਿਤ ਜੋ ਨੈਣ ਨਿਹਾਰੇ।*

ਜੋ ਚਰਿਤਰ ਕੁਛ ਨੇਤਰਾਂ ਨਾਲ ਦੇਖੇ।

*ਤੋ ਢਿਗ ਸੋ ਹਮ ਕਰਤ ਉਚਾਰੇ।*

ਭਾਈ ਧਿਆਨ ਸਿੰਘ ਜੀ ਨੂੰ—ਸੰਤ ਹਰਮੀਤ ਸਿੰਘ ਜੀ ਕਹਿੰਦੇ ਹਨ,''ਭਾਈ ਤੁਹਾਡੇ ਅੱਗੇ ਮੈਂ ਦੱਸਦਾ ਹਾਂ।''

*ਜਿਸ ਬਿਧਿ ਲਗਨ ਮੋਹਿ ਕੌ ਲਾਗੀ।*

ਕਹਿੰਦੇ ਹਨ ਜਿਸ ਤਰ੍ਹਾਂ ਮੈਨੂੰ ਲਗਨ ਲੱਗੀ।

*ਮਿਲੇ ਸੰਤ ਸਤਿਗੁਰ ਵਡਭਾਗੀ।।੨੨।।*

ਸਤਿਗੁਰੂ ਮਿਲੇ, ਸੰਤ ਮਿਲੇ ਪਹਿਲਾਂ—ਫਿਰ ਸਤਿਗੁਰੂ ਮਿਲੇ। **ਕੋਊ ਸੰਤੁ ਮਿਲੈ ਵਡਭਾਗੀ**—ਜੋ ਮੈਨੂੰ ਪਰਮੇਸ਼ਰ ਨਾਲ ਮਿਲਾਵੇ–

**ਕੋਈ ਸਜਣੁ ਸੰਤੁ ਮਿਲੈ ਵਡਭਾਗੀ,**
**ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ।।**

*–ਮਾਝ ਮ:੪, ਪੰਨਾ–੯੪*

*ਮੈਂ ਕਰਤਾ ਥਾ ਬਨਜ ਬਪਾਰ।*

ਭਾਈ (ਹਰਮੀਤ ਸਿੰਘ) ਜੀ ਆਪਣੀ ਕਥਾ ਦੱਸਦੇ ਹਨ ਕਿ ਮੈਂ ਵਪਾਰ ਕਰਦਾ ਹੁੰਦਾ ਸਾਂ।

*ਗਿਆ ਆਸ ਇਵ ਘਰ ਸੇ ਧਾਰ।*

ਘਰੋਂ ਸਲਾਹ ਕੀਤੀ।

*ਖਾਂਡ ਖਰੀਦ ਕਰੋ ਇਸ ਬੇਰਾ।*

ਮੈਂ ਇਸ ਸਾਲ ਖੰਡ ਲਿਆਵਾਂ ਖਰੀਦ ਕੇ। ਉਹਨਾਂ ਦਿਨਾਂ ਵਿੱਚ ਰੇਲ ਕੋਈ ਨਹੀਂ ਸੀ, ਗੱਡੀ ਕੋਈ ਨਹੀਂ ਸੀ ਚਲਦੀ, ਪੱਕੀ ਸੜਕ ਕੋਈ ਨਹੀਂ ਸੀ। ਭਾਈ ਸਾਹਿਬ ਮਿੰਟਗੁਮਰੀ ਦੇ ਇਲਾਕੇ ਦੇ ਰਹਿਣ ਵਾਲੇ ਸਨ, ਦੁਆਬੇ ਨੂੰ ਜਾ ਰਹੇ ਸਨ।

*ਜਾ ਨਿਸ ਕੀਯੋ ਸ਼ੇਰਗੜ ਡੇਰਾ।।੨੩।।*

ਸ਼ੇਰਗੜ—ਇੱਕ ਪਿੰਡ ਸੀ। ਜਿਨ੍ਹਾਂ ਕਿਸੇ ਸੱਜਣਾਂ ਵੀ ਦੇਖਿਆ ਹੋਵੇ, ਬਰਨਾਲਾ ਖੁਰਦ ਜਿਹੜਾ ਸਟੇਸ਼ਨ ਹੈ ਇਥੋਂ ਛੇ ਸੱਤ ਮੀਲ ਉੱਤੇ ਸੀ, ਉਹਨੂੰ ਪੀਰਾਂ ਦਾ ਕਹਿੰਦੇ ਸੀ—ਸ਼ੇਰਗੜ।

*ਪੀਰ ਬੰਦਗੀ ਕੋ ਤਹਿ ਮੇਲਾ।*

ਉੱਥੇ ਪੀਰ ਬੰਦਗੀ ਦਾ ਇੱਕ ਮੇਲਾ ਹੁੰਦਾ ਸੀ।

*ਮਾਨੁਖ ਨਾਰੀ ਅਧਿਕ ਸਕੇਲਾ।*

ਬਹੁਤ ਇਸਤਰੀਆਂ ਪੁਰਸ਼ ਆਏ ਹੋਏ ਸੀ।

*ਸਾਤ ਦਿਨਾਂ ਤਕ ਮੇਲਾ ਰਹਿਤਾ।*

ਸੱਤ ਦਿਨ ਮੇਲਾ ਰਹਿੰਦਾ ਸੀ।

*ਜਾਰਤ ਪੀਰ ਤੁਰਕ ਸਭ ਲਹਿਤਾ।।੨੪।।*

ਤੁਰਕ ਪੀਰ ਦੀ—ਜ਼ਿਆਰਤ ਲੋਕ ਕਰਨ ਆਉਂਦੇ ਸਨ।

*ਨਾਮਧਾਰੀਆਂ ਏਕ ਦੁਕਾਨ।*

ਉਸ ਮੇਲੇ ਵਿੱਚ ਕਹਿੰਦੇ ਹਨ ਇੱਕ ਨਾਮਧਾਰੀਆਂ ਦੀ ਦੁਕਾਨ ਵੀ ਆਈ ਹੋਈ ਸੀ।

*ਲਾਯੋ ਸਰਭ ਲੋਹ ਸਮਯਾਨ।*

ਸਰਭ ਲੋਹ ਦਾ ਸਮਾਨ ਉਹ ਲੈ ਕੇ ਗਏ ਹੋਏ ਸੀ।

*ਚਕਰ ਕੜੇ ਬੇਸ ਕ੍ਰਿਪਾਨ।*

ਚੱਕਰ, ਕੜੇ, ਕਿਰਪਾਨਾਂ—ਇਹ ਲੈ ਕੇ ਨਾਮਧਾਰੀ ਸਿੰਘ ਉੱਥੇ ਮੇਲੇ ਵਿੱਚ ਗਏ ਹੋਏ ਸੀ।

*ਸਿੰਘ ਗੁਰੂ ਕੇ ਬੜੇ ਸੁਜਾਨ।।੨੪।।*

ਸਤਿਗੁਰੂ ਦੇ ਸਿੰਘ ਬੜੇ ਚਤੁਰ।

*ਧਰਮਸਾਲ ਨਿਸ ਕੋ ਸੋ ਆਵੈ।*

ਉਹ ਦਿਨੇ ਆਪਣਾ ਵਿਹਾਰ ਕਰਦੇ ਸਨ। ਨਾਮਧਾਰੀਓ, ਹੁਣ ਯਾਦ ਕਰੋ ਦੋ ਵੇਲੇ ਦਾ ਕੀਰਤਨ, ਭਜਨ ਬਾਣੀ ਕਰਨਾ, ਦਿਨੇ ਕੰਮ ਕਰਦੇ ਹਨ। ਹੁਣ ਵੀ, ਇੱਕ ਘੰਟਾ ਵੀ ਸਾਧ-ਸੰਗਤ ਵਿੱਚ ਨਹੀਂ ਜਿਹੜੇ ਆਉਂਦੇ—ਉਹਨਾਂ ਅੱਗੇ ਵੀ ਅਰਜ਼ ਬੇਨਤੀ ਹੈ, ਉਹ ਕਿਰਪਾ ਕਰਿਆ ਕਰਨ, ਇਹ ਰੋਜ਼ ਨਹੀਂ ਵਕਤ ਮਿਲਦਾ, ਇਹ ਮਨੁੱਖਾ ਦੇਹ ਮਿਲੀ ਹੋਈ ਹੈ, ਦੀਵਾਨ ਨੰਦ ਲਾਲ ਕੀ ਕਹਿੰਦੇ ਹਨ—

*ਬ—ਹੋਸ਼ ਬਾਸ਼ ਕਿ ਹੰਗਾਮਿ ਨੌ ਬਹਾਰ ਆਮਦ*

—ਨੌ ਬਹਾਰ ਆਈ ਹੋਈ ਹੈ, ਮਨੁੱਖਾ ਦੇਹ ਮਿਲੀ ਹੋਈ ਹੈ। ਦੀਵਾਨ ਜੀ ਕਹਿੰਦੇ ਹਨ-

*ਬਹਾਰ ਆਮਦੋ*—ਬਹਾਰ ਆਈ ਹੋਈ ਹੈ, ਮਨੁੱਖਾ ਦੇਹ ਮਿਲੀ ਹੈ।

*ਯਾਰ ਆਮਦੋ*—ਗੁਰੂ ਗੋਬਿੰਦ ਸਿੰਘ ਆਇਐ-

*ਕਰਾਰ ਆਮਦ*—ਕਰਾਰ ਹੈ ਕਿ ਮਨੁੱਖਾ ਦੇਹ ਵਿੱਚ ਤੈਨੂੰ, ਤੇਰਾ ਭਲਾ ਕਰਾਂਗਾ।

ਭਾਈ ਤੁਸੀਂ ਯਾਦ ਕਰੋ ਸਤਿਗੁਰੂ ਰਾਮ ਸਿੰਘ ਨੇ ਤੁਹਾਡੇ ਤੇ ਕਿਰਪਾ ਕੀਤੀ ਹੈ, ਮਨੁੱਖਾ ਦੇਹ ਮਿਲੀ ਹੈ, ਭਜਨ ਕਰਨ ਨੂੰ ਮਿਲਿਆ ਹੈ, ਤੁਸੀਂ ਹੁਣ ਗਾਫਲ ਨਾ ਹੋਵੇ।

*ਕੀਰਤਨ ਕੀ ਧੁਨਿ ਖੂਬ ਲਗਾਵੈ।*

ਦਿਨੇ ਵਿਹਾਰ ਕਰਨਾ ਰਾਤ ਨੂੰ ਆ ਕੇ ਉਹਨਾਂ ਕੀਰਤਨ ਕਰਨਾ।

*ਢੋਲਕ ਛੈਣੇ ਕੈਂਸੀ ਤਾਲਾ।*

ਢੋਲਕ ਛੈਣਿਆਂ ਨਾਲ, ਕੈਂਸੀਆਂ ਹਨ ਪਾਸ।

*ਗਾਵਤ ਹੀ ਹੋਇ ਮਸਤੀ ਹਾਲਾ।।੨੬।।*

ਫਿਰ ਕੀ ਹੁੰਦਾ ਸੀ—ਪਖੰਡ ਨਾਲ ਨਹੀਂ, ਸ਼ਬਦ ਪੜ੍ਹਦਿਆਂ ਵੀ ਹੋਸ਼ ਨਹੀਂ ਸੀ ਰਹਿ ਜਾਂਦੀ, ਮਸਤ ਹੋ ਜਾਂਦੇ ਸੀ—ਸ਼ਬਦ ਪੜ੍ਹਦੇ-ਪੜ੍ਹਦੇ। ਗੁਰੂ ਰਾਮਦਾਸ ਸਾਹਿਬ ਸੱਚੇ ਪਾਤਸ਼ਾਹ ਬਿਲਾਵਲ ਰਾਗ ਦੀਆਂ ਅਸ਼ਟਪਦੀਆਂ ਵਿੱਚ ਲਿਖਦੇ ਹਨ-

**ਹਉ ਅਕਾਲ ਬਿਕਲ ਭਈ ਗੁਰ ਦੇਖੇ,**
**ਹਉ ਲੋਟ ਪੋਟ ਹੋਇ ਪਈਆ।।**

*-ਪੰਨਾ-੮੩੬*

ਭਾਈ ਗੁਰਦਾਸ ਜੀ ਪਹਿਲਾ ਕਬਿਤ ਲਿਖਣ ਲੱਗਦੇ ਹਨ, ਕਹਿੰਦੇ ਹਨ-

*ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ,*
*ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।*

*-ਕਬਿਤ ੯*

ਜਦੋਂ ਬੇਹੋਸ਼ ਹੋ ਗਿਆ ਫਿਰ ਪਤਾ ਕਿਸੇ ਚੀਜ਼ ਦਾ ਨਹੀਂ ਰਹਿੰਦਾ। ਕਹਿੰਦੇ ਹਨ ਸ਼ਬਦ ਪੜ੍ਹਦੇ-ਪੜ੍ਹਦੇ ਸਿੰਘ ਮਸਤੀ ਦੀ ਹਾਲਤ ਵਿੱਚ ਆਉਂਦੇ ਸੀ।

*ਏਕ ਉਮਰ ਥੋਰੀ ਕਾ ਬਾਲ।*

ਇੱਕ ਛੋਟੀ ਉਮਰ ਦਾ ਬੱਚਾ ਸੀ ਉਹਨਾਂ ਦੇ ਨਾਲ।

*ਗਾਵੈ ਗੁਰ ਕੇ ਸ਼ਬਦ ਰਸਾਲ।*

ਉਹ ਪ੍ਰੇਮ ਨਾਲ ਸ਼ਬਦ ਪੜ੍ਹਦਾ ਸੀ।

*ਕਛ ਕੜਾ ਸੀਧਾ ਦਸਤਾਰਾ।*

ਤੇੜ ਕਛਹਿਰਾ ਹੈ, ਸਿਧਾਂ ਦਸਤਾਰਾ ਹੈ, ਇੱਕ ਛੋਟੀ ਉਮਰ ਦਾ ਲੜਕਾ ਹੈ ਜਿਹੜਾ ਕੀਰਤਨ ਕਰਦਾ ਹੈ–

*ਮਾਲਾ ਉੂਂਨ ਗਰੇ ਗੁਰ ਪਿਆਰਾ।।੨੭।।*

ਗਲ ਵਿੱਚ ਉਨ ਦੀ ਮਾਲਾ ਹੈ। ਚਪੜਾਸ ਹੈ, ਹਰ ਇੱਕ ਆਦਮੀ ਦੀ ਨਿਸ਼ਾਨੀ ਹੈ। ਜਿਸ ਫੌਜ ਦਾ ਕੋਈ ਆਦਮੀ ਹੈ, ਜੇ ਉਹਦੀ ਉਹ ਵਰਦੀ ਨਹੀਂ, ਤਾਂ ਉਹਨੂੰ ਕੋਈ ਗਿਣਦਾ ਨਹੀਂ ਕਿ ਉਹ ਕਿਸ ਫੌਜ ਦਾ ਆਦਮੀ ਹੈ। ਪੁਲਿਸ ਦੀ ਵਰਦੀ ਹੈ, ਸਿਵਲ ਦੀ ਵਰਦੀ ਹੈ, ਫੌਜ ਦੀ ਵਰਦੀ ਹੈ, ਜਿਸ ਤਰ੍ਹਾਂ ਦੀ ਵੀ ਕਿਸੇ ਦੀ ਵਰਦੀ ਹੈ, ਜੇ ਉਹ ਨਾ ਹੋਵੇ ਪਤਾ ਨਹੀਂ ਲੱਗਦਾ। ਨਾਮਧਾਰੀ ਦੇ ਗਲ ਵਿੱਚ ਉੱਨ ਦੀ ਮਾਲਾ ਪਾਈ ਹੋਈ ਹੈ, ਗੁਰੂ ਦਾ ਪਿਆਰਾ ਸਿੱਖ ਹੈ।

*ਬਾਲਕ ਹੋਵੈ ਨਿਤ ਮਸਤਾਨਾ।*

ਉਹ ਬਾਲਕ ਮਸਤ ਹੋ ਜਾਂਦਾ ਸੀ।

*ਲੋਗ ਕਰਤ ਇਮ ਬਾਤ ਬਖਾਨਾ।*

ਲੋਕ ਇਹ ਗੱਲਾਂ ਕਹਿੰਦੇ ਸੀ ਕਿ ਇਹ ਲੜਕਾ ਮਸਤ ਹੋ ਜਾਂਦਾ ਹੈ।

*ਤਿਸ ਦਿਨ ਭੀ ਹੂਆ ਮਸਤਾਨਾ।*

ਭਾਈ ਸਾਹਿਬ ਜੀ ਕਹਿੰਦੇ ਹਨ ਮੈਂ ਵੀ ਗਿਆ ਉੱਥੇ, ਉਸ ਦਿਨ ਵੀ ਲੜਕਾ ਮਸਤ ਹੋ ਗਿਆ।

*ਬੇਸੁਧ ਖੇਲ ਦੇਖ ਭਗਵਾਨਾ।।੨੮।।*

ਮੈਂ ਦੇਖਿਆ ਕਿ ਉਸਨੂੰ ਕੋਈ ਹੋਸ਼ ਨਹੀਂ, ਮੈਂ ਖੇਲ ਦੇਖਿਆ ਭਾਗਵਾਨ ਦਾ।

*ਪਾਸ ਅੰਗੀਠਾ ਆਗ ਜਰੰਤਾ।*

ਅੱਗ ਦਾ ਅੰਗੀਠਾ ਪਾਸ ਜਲਦਾ ਸੀ।

*ਤਿਸ ਮੇ ਪਰੇ ਨਾ ਕੋ ਪਕਰੰਤਾ।*

ਉਹਦੇ ਵਿੱਚ ਉਹ ਜਾ ਪੈਂਦਾ ਸੀ ਉਸ ਹਾਲਤ ਵਿੱਚ, ਉਹਨੂੰ ਫੜਦਾ ਕੋਈ ਨਹੀਂ ਸੀ। ਫੜੇ ਕਉਣ ? ਗੱਲ ਇਹ ਹੈ—ਗੋਪੀਆਂ ਦੇ ਪਾਸ ਊਧੋ ਜੀ ਜਾਂਦੇ ਹਨ। ਜਿਸ ਵੇਲੇ ਊਧੋ ਜੀ ਗਏ ਤੇ ਕਿਹਾ ਕਿ ਜਾਓ ਕਹੋ ਉਹਨਾਂ ਨੂੰ, ਭਜਨ ਕਰਨ। ਉਹ ਕਹਿੰਦੀਆਂ ਹਨ–

*ਊਧੋ ਮਨ ਨ ਭਏ ਦਸ ਬੀਸ,*
*ਇਕ ਹੁਤੋ ਸੋ ਗਯੋ ਹਰਿ ਕੇ ਸੰਗ,*
*ਕੋ ਅਰਾਧ ਤੁਵ ਈਸ।*

ਲੜਕੇ ਨੂੰ ਫੜੇ ਕਿਹੜਾ—ਸਤਿਗੁਰੂ ਦੇ ਚਰਨਾਂ ਵਿੱਚ ਢੋਲਕ ਵਾਲਾ ਲੱਗਾ ਹੈ—ਸਤਿਗੁਰੂ ਦੇ ਚਰਨਾਂ ਵਿੱਚ ਛੈਣਿਆਂ ਵਾਲੇ ਲੱਗੇ ਹੋਏ ਹਨ —ਉਹ ਤੇ ਸਤਿਗੁਰੂ ਦੇ ਚਰਨਾਂ ਵਿੱਚ ਕੀਰਤਨ ਕਰਦੇ ਹਨ। ਉਹ ਤੇ ਸਤਿਗੁਰੂ ਦੇ ਅੱਗੇ ਕਰਦੇ ਹਨ—ਕੋਈ ਸਾਡੇ ਵਾਂਗੂੰ ਨਹੀਂ ਨਾ ਦੇਖਦੇ ਕਿ ਕੋਈ ਜੂੰ ਖੁਰਕਦੈ ਤੇ ਸਾਨੂੰ ਪੈਸੇ ਮਿਲਣਗੇ, ਜਾਂ ਸਾਨੂੰ ਦੇਖਕੇ ਕਹਿਣਗੇ ਕਿ ਬੜਾ ਚੰਗਾ ਕੀਰਤਨ ਕਰਦਾ ਹੈ, ਬੜੀ ਚੰਗੀ ਕਥਾ ਕਰਦਾ ਹੈ —ਉੱਥੇ ਸਤਿਗੁਰੂ ਦੇ ਚਰਨਾਂ ਨਾਲ ਜੁੜੇ ਹੋਏ ਹਨ। ਮੂਸਨ ਜੀ ਕਹਿੰਦੇ ਹਨ–

– **ਮੂਸਨ ਮਰਮੁ[੪੯] ਨ ਜਾਨਈ ਮਰਤ[੫੦] ਹਿਰਤ[੫੧] ਸੰਸਾਰ।।**
**ਪ੍ਰੇਮ ਪਿਰੰਮ[੫੨] ਨ ਬੇਧਿਓ ਉਰਝਿਓ ਮਿਥ ਬਿਉਹਾਰ।।**
– **ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ।।**
**ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਉ ਸਰਬ।।**

*–ਮ:੫, ਪੰਨਾ–੧੩੬੪*

ਜਿਹਨਾਂ ਨੂੰ ਪ੍ਰੇਮ ਮਿਲਿਆ, ਪ੍ਰੇਮ ਜਿਹਨਾਂ ਦੇ ਪੱਲੇ ਪਿਆ, ਉਹ ਪ੍ਰੇਮ ਵਾਲੇ—ਪ੍ਰੇਮ ਨੂੰ ਜਾਣਦੇ ਹਨ। ਅਸੀਂ ਲੋਕ ਕੀ ਕਹਿ ਸਕਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੇਮੀ, ਕਮਲੀਆ ਜੀ, ਸਾਹਿਬ ਸੱਚੇ ਪਾਤਸ਼ਾਹ ਲੱਖੀ ਜੰਗਲ ਦੇ ਵਿੱਚ ਆ ਕੇ ਬੈਠਦੇ ਹਨ, ਉੱਥੇ ਸਾਹਿਬਾਂ

ਨੇ ਸੱਦ ਲਾਇਆ–

**ਲੱਖੀ ਜੰਗਲ ਖਾਲਸਾ ਦੀਦਾਰ ਆਏ ਲਗਾ।।**

'**ਤਬ ਸੁਣ ਕੈ ਉਚਾਰ ਹੋਇਆ**', ਇਹ ਸ਼ਬਦ ਪਹਿਲਾਂ ਇਸ ਤਰ੍ਹਾਂ ਹੈ। ਸਾਡੇ ਆਮ ਦਿਦਾਰ—ਲਗੋ ਨੇਂ—ਪੜ੍ਹਦੇ ਹਨ—ਇਹ ਸ਼ਬਦ ਇਉਂ ਨਹੀਂ ਹੈ–

**ਲੱਖੀ ਜੰਗਲ[੫੩] ਖਾਲਸਾ[੫੪] ਦੀਦਾਰ ਆਇ ਲਗਾ**
**ਤਬ ਸੁਣ ਕੈ ਉਚਾਰ ਹੋਇਆ।।**
**ਲੱਖੀ ਜੰਗਲ[੫੩] ਖਾਲਸਾ[੫੪] ਆਇ ਦੀਦਾਰ ਕੀਤੋ ਨੇ।।**
**ਸੁਣ ਕੈ ਸੱਦੁ[੫੫] ਮਾਹੀ[੫੬] ਦਾ ਮੇਹੀ[੫੭]**
**ਪਾਣੀ ਘਾਹੁ[੫੮] ਮੁਤੋ ਨੇਂ।।**
**ਕਿਸੇ ਨਾਲ ਨ ਰਲੀਆ ਕਾਈ ਕੋਈ ਸ਼ੌਕ ਪਯੋ ਨੇ।।**
**ਗਇਆ ਫਿਰਾਕੁ[੫੯] ਮਿਲਿਆ ਮਿਤੁ[੬੦] ਮਾਹੀ**
**ਤਾਹੀਂ ਸ਼ੁਕਰ[੬੧] ਕੀਤੋ ਨੇ।।**

*–ਦਸਮ ਗ੍ਰੰਥ*

ਗੁਰੂ ਗੋਬਿੰਦ ਸਿੰਘ ਸਾਹਿਬ ਪੜ੍ਹਦੇ ਹਨ, ਅੱਗੋਂ ਦੀਵਾਨ ਜੀ ਆਉਂਦੇ ਹਨ, ਦੀਵਾਨ ਨੰਦ ਲਾਲ ਜੀ ਕਹਿੰਦੇ ਹਨ–

*ਇਕ ਦਿਨ ਮੈਂ ਸਤਿਗੁਰੂ ਪਾਸੋਂ ਪ੍ਰੇਮ ਸੁਰਾਹੀ ਪੀਤੀ।*
*ਭਾਇ ਅਸਾਡੇ ਲਿਖੀ ਫਕੀਰੀ ਸੋ ਮਸਤਕ ਧਰ ਲੀਤੀ।*
*ਪਿਛਲੀ ਉਮਰ ਗੁਨਾਹੀਂ ਬੀਤੀ ਹਰ ਕੀ ਭਗਤ ਨ ਕੀਤੀ।*
*ਆਗੈ ਸਮਝ ਚਲੋ ਨੰਦ ਲਾਲਾ ਪਾਛੇ ਜੋ ਬੀਤੀ ਸੋ ਬੀਤੀ।*

ਕਮਲੀਆ ਜੀ ਆ ਜਾਂਦੇ ਹਨ ਪਾਸ, ਉਹ ਕਹਿੰਦਾ ਹੈ–

*ਆਸ਼ਕ ਆਸ਼ਕ ਸਭ ਕੋਈ ਆਖੈ ਸਿਰ ਟੇਡੀ ਪਗੜੀ ਧਰ ਕੇ,*
*ਸਿਰੋਂ ਪਰੇ ਇਸ਼ਕ ਦਾ ਡੇਰਾ ਸਭ ਮੁੜ ਆਏ ਡਰਕੇ,*
*ਮਾਨ, ਮਨੀ ਤੇ ਖੁਦੀ, ਤਕੱਬਰ ਕੋਈ ਨ ਰਹਿਓ ਜਰਕੇ,*
*ਮਹਿਬੂਬਾਂ ਦੇ ਮਹਿਲ ਬਿਹਾਰੀ ਕੋਈ ਵਿਰਲਾ ਪਹੁੰਚਿਆ ਮਰਕੇ।*

## ਪ੍ਰੇਮੀਆਂ ਦੀ ਕਥਾ

ਪ੍ਰੇਮੀਆਂ ਦੀ ਕਥਾ ਹੈ—ਇਹ ਪ੍ਰੇਮ ਦੀ ਗੱਲ ਹੈ। ਅੱਖਰ ਢਾਈ ਹਨ ਪ੍ਰੇਮ ਦੇ, ਪਪਾ ਤੇ ਮੰਮਾ ਸਾਬਤ ਹਨ, ਰਾਰਾ ਵਿੱਚ ਅੱਧਾ ਲੱਗਾ ਹੋਇਆ। ਪਰ ਜੇ ਇਸ ਪਾਸੇ ਤੁਰੀਏ ਇਹ ਏਡਾ ਅਥਾਹ ਸਮੁੰਦਰ ਹੈ —ਜਿਸ ਤਰ੍ਹਾਂ ਸਮੁੰਦਰ ਨੂੰ ਨਹੀਂ ਕੋਈ ਸਮਝ ਸਕਦਾ—ਇਹਦਾ ਕੋਈ ਪਤਾ ਨਹੀਂ ਲੱਗਦਾ। ਸਤਿਗੁਰੂ ਦੇ ਪ੍ਰੇਮੀ, ਸਤਿਗੁਰੂ ਦੇ ਸਿੱਖ, ਜੇ ਉਹਨਾਂ ਦੀ ਪ੍ਰੇਮ ਦੀ ਕਥਾ ਕਹਿਣ ਲੱਗੀਏ—ਕੁਛ ਪਤਾ ਨਹੀਂ........। ਗੁਰੂ ਅੰਗਦ ਦੇਵ ਸੱਚੇ ਪਾਤਸ਼ਾਹ ਬਾਲਾ ਜੀ ਕੋਲ ਜਿਸ ਵੇਲੇ ਬੈਠਕੇ ਗੁਰੂ ਨਾਨਕ ਦੀ ਕਥਾ ਕਰਦੇ ਹਨ ਤੇ ਲਿਖਿਆ ਹੈ ਕਿ ਬਾਰ੍ਹਾਂ ਪਹਿਰ ਬੇਸੁਧ ਹੋ ਗਏ, ਗੁਰੂ ਅੰਗਦ ਦੇਵ ਜੀ ਸੋਲ੍ਹਾਂ ਪਹਿਰ ਬੇਸੁਧ ਹੋ ਰਹੇ, ਸਮਾਧੀ ਲੱਗੀ ਰਹੀ—ਪ੍ਰੇਮ ਦੀ ਗੱਲ ਹੈ। ਜਿਹੜੇ ਜੁੜੇ ਹੋਏ ਹਨ —ਉਹਨਾ ਦੀਆਂ ਗੱਲਾਂ ਹਨ, ਦੂਸਰਿਆਂ ਦੀਆਂ ਇਹ ਗੱਲਾਂ ਨਹੀਂ। ਉਹ ਸਿੱਖ ਸਤਿਗੁਰੂ ਦਾ ਹੈ—ਉਹ ਪ੍ਰੇਮ ਦੇ ਵਿੱਚ ਆਇਆ ਹੋਇਆ —ਉਹ ਲੜਕਾ ਮਸਤ ਹੋਇਆ—ਹੋਇਆ ਹੈ, ਸਿੰਘ ਸ਼ਬਦ ਪੜ੍ਹਦੇ ਹਨ ਸਤਿਗੁਰੂ ਦੇ ਅੱਗੇ—ਲੋਕਾਂ ਨੂੰ ਅੱਗੇ ਰੱਖਕੇ ਨਹੀਂ ਪੜ੍ਹਦੇ ਕਿ ਮੈਨੂੰ ਲੋਕ ਕਹਿਣ ਚੰਗਾ ਬੋਲਦਾ ਹੈ, ਲੋਕ ਮੈਨੂੰ ਕਹਿਣ ਸ਼ਬਦ ਸੁਣਾਉਂਦਾ ਹੈ। ਨਾ ਭਾਈ, ਸਤਿਗੁਰੂ ਦੇ ਅੱਗੇ ਬੇਨਤੀ ਕਰਦੇ ਨੇ ਸਿੱਖ, ਤਾਂ ਲੜਕਾ ਮਸਤ ਹੋਇਆ-ਹੋਇਐ—ਉਹਨੂੰ ਕੌਣ ਫੜੇ। ਉਹ ਜਾ ਪੈਂਦਾ ਹੈ ਅੱਗ ਦੇ ਵਿੱਚ—ਉਹਨੂੰ ਕੋਈ ਨਹੀਂ ਫੜਦਾ।

*ਏਕ ਬਾਰ ਗਿਰਿਉ ਤਹਿ ਜਾਨ।*

ਭਾਈ ਜੀ ਕਹਿੰਦੇ ਹਨ ਇੱਕ ਵਾਰ ਮੇਰੇ ਦੇਖਦਿਆਂ ਜਿਸ ਵੇਲੇ ਡਿਗਿਆ ਵਿੱਚ–

*ਮੈਂ ਜਾਤਾ ਇਸ ਨਿਕਸੇ ਪ੍ਰਾਨ।।੨੯।।*

ਮੈਂ ਸਮਝਿਆ ਇਹਦੇ ਪ੍ਰਾਣ ਨਿਕਲ ਗਏ।

*ਚਿੰਤਾ ਵਾਨ ਉਠਿਓ ਬਿਨ ਦੇਰ।*

ਮੈਂ ਚਿੰਤਾਵਾਨ ਹੋਇਆ, ਮੇਰਾ ਦਿਲ ਡਰਿਆ ਪਰ ਤਾਂ ਹੀ ਪਤਾ ਲੱਗਾ, ਲੜਕਾ ਫਿਰ ਉਸ ਤਰ੍ਹਾਂ ਉਠ ਕੇ ਨੱਚਣ ਲੱਗ ਪਿਆ।

*ਬਾਲਕ ਨਿਕਸ ਖੇਲਤਾ ਫੇਰ।*

ਉਸੇ ਤਰ੍ਹਾਂ ਹੀ ਫਿਰ ਉਹ ਆਪਣੀ ਮੌਜ ਵਿੱਚ ਖੇਲਦਾ ਹੈ-

*ਬਾਲ ਨਾ ਵਾਂਕਾ ਆਗ ਜਰਾਯੋ।*
*ਪਾਣੀ ਇਨ ਕੋ ਕਹਾਂ ਡੁਬਾਯੋ।।੩੦।।*
*ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।*
*ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦ।*
*ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।*
*ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ।*
*ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।*
*ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।*
*ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।*
*ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦ।*
*ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।*
*ਜੈ ਜੈ ਕਾਰ ਕਰਨਿ ਬ੍ਰਹਮਾਦਿ।*

*-ਵਾਰ ੧੦, ਪਉੜੀ ੨*

ਭਾਈ ਗੁਰਦਾਸ ਜੀ—'*ਜਲ ਅਗਨੀਂ* ਲਿਖਕੇ ਪਹਿਲਾਂ—ਕਹਿੰਦੇ ਹਨ,''*ਜਲੇ ਨ*''—ਨਾ ਜਲੇ ਤੇ ਨਾ ਡੁਬੈ।

ਜਲੈ ਨ ਡੁਬੈ ਗੁਰਪ੍ਰਸਾਦ—ਇਕੋ ਜਗ੍ਹਾ—ਪਹਿਲੇ ਸ਼ਬਦ ਵਿੱਚ।

*ਜਲ ਅਗਨੀ ਵਿੱਚ ਘਤਿਆ*—ਫਿਰ *ਜਲੈ ਨ ਡੁਬੈ ਗੁਰਪ੍ਰਸਾਦਿ।*

ਇਹਦਾ ਇਹ ਮਤਲਬ ਨਹੀਂ, ਜਲ ਵਿੱਚ ਨਹੀਂ ਡੁੱਬਦਾ, ਨਾ ਜਲੈ —ਨਾ ਡੁਬੈ। ਉਹੋ ਚੀਜ਼ ਹੈ, ਜਿੰਨ੍ਹਾਂ ਨੂੰ ਨਾਮ ਮਿਲਦਾ ਹੈ, ਜਿਹੜੇ ਨਾਮ ਜਪਦੇ ਹਨ, ਜਿਨ੍ਹਾਂ ਨੂੰ ਨਾਮ ਉੱਤੇ ਨਿਸਚਾ ਹੈ—ਭਾਈ ਤਾਰੂ ਸਿੰਘ ਜੀ ਨੇ, ਜਿਸ ਵੇਲੇ ਉਹਨੇ ਫਤਹਿ ਬੁਲਾਈ ਜਾ ਕੇ ਤੇ ਖਾਨ ਬਹਾਦਰ ਕਹਿੰਦਾ,''ਉਹ ਸਿੱਖੜਿਆ, ਉਹ ਤੂੰ ਮੇਰੇ ਅੱਗੇ ਕੁਫਰ ਦਾ ਕਲਮਾ

ਬੋਲਦਾ ਹੈਂ, ਮੈਂ ਤੇਰੇ ਸਿਰ ਦੇ ਵਾਲ ਜੁੱਤੀਆਂ ਨਾਲ ਉਡਾ ਦਿਆਂਗਾ।''

ਉਹ ਕਹਿੰਦਾ,''ਮੇਰੇ ਸਿਰ ਦੇ ਕੇਸਾਂ ਵਿੱਚ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪਿਆ, ਇਹਨਾਂ ਨੂੰ ਕੋਈ ਨਹੀਂ ਮੇਰੇ ਸਿਰ ਨਾਲੋਂ ਜੁਦਾ ਕਰ ਸਕਦਾ।''

ਕੈਂਚੀਆਂ ਉਸਤਰੇ ਨਹੀਂ ਲੱਗਦੇ। ਗਿਆਨ ਸਿੰਘ ਜੀ ਗਿਆਨੀ ਲਿਖਦੇ ਹਨ, ਰੰਬੀਆਂ ਲਿਆ ਕੇ ਜਿਹਦੇ ਨਾਲ ਚਮਿਆਰ ਚੰਮ ਛਿੱਲ ਸੁਟਦੇ ਹਨ—ਲਾਈਆਂ, ਨਹੀਂ ..............., ਅੱਧਾ ਸਿਰ............. ਕੱਟਿਆ ਗਿਆ। ਪਰ ਹੁਣ ਜੇ ਅਸੀਂ ਆਪ ਦਾੜ੍ਹੀਆਂ ਅੱਗੇ ਜਾ ਧਰੀਏ—ਜੇ ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਤੇ ਯਕੀਨ ਕਰੀਏ ਤਾਂ ਨਾ ਨ ਧਰੀਏ। ਕੋਈ ਹੇਠੋਂ ਸਾਫ, ਕੋਈ ਇੱਥੋਂ ਸਾਫ, ਕੋਈ ਉੱਤੋਂ ਸਾਫ, ਕੋਈ ਕਿਧਰੋਂ ਸਾਫ—ਗੁਰੂ ਦੇ ਅੰਮ੍ਰਿਤ ਵਿੱਚ ਤਾਕਤ ਹੈ।

ਫਿਰ ਦੇਖੋ ਭਾਈ ਸਾਹਿਬ ਸੁਬੇਗ ਸਿੰਘ ਹੁਰਾਂ ਨੂੰ ਬੁਲਾਇਆ ਉਹਨਾਂ ਨੂੰ ਕਹਿੰਦੇ ਹਨ—ਮੁਸਲਮਾਨ ਹੋ ਜਾਉ। ਬਡਾ ਲੰਮਾ ਪ੍ਰਸੰਗ ਹੈ ਪੁੱਤਰ ਨੂੰ ਵੱਖਰਾ ਮਾਰਿਆ, ਪੁੱਤਰ ਨੇ ਕਿਹਾ,''ਮੈਂ ਮੁਸਲਮਾਨ ਹੋ ਜਾਵਾਂਗਾ।'' ਮੁਸਲਮਾਨਾਂ ਨੂੰ ਬੜੀ ਖੁਸ਼ੀ ਚੜ੍ਹੀ ਕਿ ਅੱਜ ਤਕ ਕਿਸੇ ਕਾਫਰ ਨੇ ਨਹੀਂ ਸੀ ਇਹ ਗੱਲ ਕਹੀ। ਕਹਿੰਦੇ ਕਾਫਰ ਥੇ, ਪਰ ਮੰਨਦੇ ਇਹ ਥੇ ਕਿ ਇਹ ਕਾਫਰ ਝੂਠ ਨਹੀਂ ਬੋਲਦੇ, ਇਹ ਕਾਫਰ ਕਿਸੇ ਦੀ ਧੀ ਭੈਣ ਵੱਲ ਨਹੀਂ ਦੇਖਦੇ, ਇਹ ਕਾਫਰ ਕਿਸੇ ਦਾ ਬੁਰਾ ਨਹੀਂ ਕਰਦੇ। ਲਿਖਦੇ ਸਨ, 'ਸੱਗ'—ਲਫਜ਼ ਲਿਖੇ ਹਨ ਮੁਸਲਮਾਨਾਂ ਨੇ ਸਿੱਖਾਂ ਵਾਸਤੇ—'ਕੁੱਤਾ' ਲਫਜ਼ ਲਿਖਿਆ ਹੈ ਕਿ ਇਹ ਬੜੇ ਭਲੇ ਮਾਨਸ ਹਨ।

\- - - - - - - - - - - - -

\- - - - - - - - - - - - -

## ਸ਼ਬਦਾਰਥ

੧. ਇਸ ਹਿੱਸੇ ਦੀ ਕਥਾ ਟੇਪਾਂ ਵਿੱਚੋਂ ਉਪਲਬਧ ਨਹੀਂ ਹੋ ਸਕੀ, ਇਸ ਕਰਕੇ ਸ. ਬਿਲਾਸ ਪਾ: ੧੨ ਵਿੱਚੋਂ ਜਿਉਂ ਦਾ ਤਿਉਂ ਦਿੱਤਾ ਗਿਆ ਹੈ।
੨. ਬਚਾਉਣ ਵਾਸਤੇ।
੩. ਜੜ੍ਹੋਂ ਪੁੱਟਣ ਵਾਸਤੇ।
੪. ਘਰ ਦੇ।
੫. ਸੱਚ ਪ੍ਰਧਾਨ ਸੀ।
੬. ਤਰੇਤਾ ਜੁਗ।
੭. ਜਗ ਕਰਨੇ ਪ੍ਰਧਾਨ ਸਨ।
੮. ਸਰੇਸ਼ਟ ਪੂਜਾ ਕਰਨੀ ਪ੍ਰਧਾਨ ਸੀ।
੯. ਦ੍ਰਿੜ 'ਪ੍ਰਚਲਤ' ਸਨ।
੧੦. ਕਲਜੁਗ ਵਿੱਚ।
੧੧. ਸਿਰਫ।
੧੨. ਆਸਰਾ।
੧੩. ਦਾਨਿਆਂ ਤੋਂ।
੧੪. ਖਾਲੀ ਹੈ।
੧੫. ਫੱਕ, 'ਚੌਲਾਂ ਦੀ ਛਿੱਲ।
੧੬. ਬਿਨਾਂ।
੧੭. ਖਾਲੀ, ਬੇਅਰਥ।
੧੮. 'ਮੁਆਵਨਦੀਨ' ਦੀਨ ਦਾ ਸਹਾਇਕ, ਮਜ਼੍ਹਬ ਦੀ ਰਖਯਾ ਕਰਨ ਵਾਲਾ।
੧੯. ਕੁੱਲ ਦੇ ਸਿਰਤਾਜ, ਫੌਜ ਦੇ ਸਰਦਾਰ, ਸੈਨਾਪਤੀ।
੨੦. 'ਸੂਰਜ' ਦੇ ਜੌੜੇ ਪੁਤ੍ਰ ਜੋ ਦੇ ਵਤਿਆਂ ਦੇ ਵੈਦ (ਹਕੀਮ) ਮੰਨੇ ਜਾਂਦੇ ਹਨ।
੨੧. ਦੇਵਤਿਆਂ ਦੀ ਕੁਝ ਕੁ ਕਲਾ ਲੈ ਕੇ ਪਰਗਟੇ ਅਵਤਾਰ—ਬਿਆਸ, ਬਾਲਮੀਕ, ਤੇ ਕਾਲਿ ਦਾਸ ਆਦਿ।
੨੨. ਕਲਮਾਂ ਪੜ੍ਹਾਉਣ ਵਾਲਾ। ਭਾਵ ਮਜ਼ਹਬੀ, ਆਗੂ, ਗੁਰੂ।
੨੩. 'ਫਾਰਸੀ—ਪੈਗਾਮ-ਬਰ,' ਰੱਬ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਣ ਵਾਲਾ ਨਬੀ, ਅਵਤਾਰ।
੨੪. ਪੋਤਰੇ, ਦੋਹਤਰੇ।
੨੫. ਵੱਟੀ।
੨੬. ਕਰਦੇ ਹਨ।
੨੭. ਅੱਗ।
੨੮. ਪ੍ਰਿਥਵੀ, ਪੁਰ।
੨੯. ਧਰਤੀ, ਜ਼ਮੀਨ।
੩੦. ਕਿਲੇ, ਕੋਟ।
੩੧. ਜੰਗ, ਜੁੱਧ, ਆਸਾਧਾਰਣ ਕੰਮ,

ਜਿਸ ਦੀ ਪੂਰਤੀ ਲਈ ਨਿਡਰਤਾ, ਅਡੋਲਤਾ, ਸੂਰਬੀਰਤਾ ਅਵਸ਼ਕ ਹੋਵੇ।

੩੨. ਪਵਾਰੇ, ਪੁਆੜੇ ਕੋਈ ਅਜਿਹਾ ਕਰਮ ਜੋ ਕਰਨ ਦੀ ਇੱਛਾ ਹੋਣ ਪਰ ਘਟੋ ਘਟੀ ਗਲ ਪੈ ਜਾਣ ਤੇ ਕਰਨਾ ਪਵੇ, ਪੁਆੜਾ ਜਿਹਾ ਹੈ।

੩੩. ਆਜ਼ਿਜ਼, ਬੇਚਾਰੇ, ਲਾਚਾਰ।

੩੪. ਰਸ ਕਸ, ਹਰ ਤਰ੍ਹਾਂ ਦੇ ਸੁਆਦ।

੩੫. ਭੋਗੇ ਹੈ ਸਨ।

੩੬. ਬਰਾਬਰੀ।

੩੭. ਕਰ ਸਕਦੇ।

੩੮. ਵਿਚਾਰੀ।

੩੯. ਕੱਲਰ ਵਾਲੀ ਧਰਤੀ।

੪੦. ਜ਼ਿਲ੍ਹਾ, ਬਸਤੀ ਵਿੱਚ ਇੱਕ ਪਿੰਡ ਜਿੱਥੇ ਹਿੰਦੂਆਂ ਦੇ ਮਤ ਅਨੁਸਾਰ ਜੋ ਜੀਵ ਮਰ ਜਾਵੇ ਤਾਂ ਅਬਗਤ ਜਾਂਦਾ ਹੈ।

੪੧. ਹਜ਼ਾਰ।

੪੨. ਦੋ ਹਜ਼ਾਰ।

੪੩. ਜੀਭਾਂ।

੪੪. ਜ਼ਬਾਨ।

੪੫. ਹਜ਼ਾਰ ਫਨ ਵਾਲਾ।

੪੬. ਸ਼ੇਸ਼ਨਾਗ।

੪੭. ਨਵੇਂ ਤੋਂ ਨਵਾਂ।

੪੮. ਆਖ ਸਕਦਾ।

੪੯. ਭੇਦ।

੫੦. ਮਰਦਾ ਹੋਇਆ।

੫੧. ਵੇਖੀਦਾ।

੫੨. ਪਿਆਰੇ ਪ੍ਰਮਾਤਮਾ।

੫੩. ਅਫਗਾਨ ਰਾਜ ਸਮੇਂ ਦੇ ਸੂਬੇ ਦੀਪਾਲ ਪੁਰ ਦਾ ਪੂਰਬ ਭਾਗ ਜੋ ਘਾਘਰਾ ਨਦੀ (ਸਤਲੁਜ —ਬਿਆਸ ਦੀ ਸਾਂਝੀ ਧਾਰਾ ਤੋਂ ਸਾਬੋਂ ਦੀ ਤਲਵੰਡੀ ਤਕ ਫੈਲਿਆ ਹੋਇਆ ਹੈ। ਇਸ ਦੀ ਦਖਣੀ ਬਾਹੀ ਬੀਕਾਨੇਰ ਰਿਆਸਤ ਨਾਲ, ਉੱਤਰੀ ਮਲੇਰੀਆ ਦੇ ਇਲਾਕੇ ਤੇ ਤਿਹਾੜੇ ਤਾਲੁਕੇ ਨਾਲ ਮਿਲਦੀ ਸੀ। ਮੁਗਲ ਰਾਜ ਵਿੱਚ, ਇਹ ਇਕ, ਡਿਵਿਯਨ (ਸਰਕਾਰ) ਸੀ, ਤੇ ਸੂਬਾ 'ਲਾਹੌਰ' ਯਾ 'ਮੁਲਤਾਨ' ਦੇ ਅਧੀਨ ਸੀ।

੫੪. ਖੰਡੇ ਦਾ ਅੰਮ੍ਰਿਤ ਛਕਣ ਵਾਲੇ ਸਿੰਘ।

੫੫. ਸੱਦਾ, ਸੰਦੇਸ਼ਾ, ਆਵਾਜ਼ਾ, ਬੁਲਾਵਾ।

੫੬. ਮੱਝਾਂ ਚਾਰਨ ਵਾਲੇ ਭਾਵ 'ਗੁਰੂ ਸਾਹਿਬ' ਦਾ।

੫੭. ਮੱਝਾਂ, ਗੁਰੂ ਕੇ ਪਿਆਰੇ ਸਿੰਘਾਂ ਨੇ।
੫੮. ਘਾਹ ਚਰਨਾ ਛੱਡ ਦਿੱਤਾ, ਭਾਵ ਘਰੋਗੀ ਕਾਰ ਵਿਹਾਰ ਵਿਸਾਰ ਦਿੱਤੇ।
੫੯. ਜੁਦਾਈ, ਵਿਯੋਗ, ਵਿਛੋੜਾ।
੬੦. ਯਾਰ, ਦੋਸਤ।
੬੧. ਸ਼ੁਕਰਗੁਜ਼ਾਰੀ, ਧੰਨਵਾਦ, ਕ੍ਰਿਤੱਗਤਾ ਧਰਤੀ ਪੁਰ।

ਬੰਕੋਕ ੨੮-੪-੧੯੫੦

# ਨਾਵਾਂ ਦੀ ਸੂਚੀ


### ੳ

ਉਗਰਸੈਣ ੩੪੭
ਉਦੈ ਸਿੰਘ ਠਾਕੁਰ ੧੪
ਊਧਮ ਸਿੰਘ ਨਾਗੋਕੇ ੪੪੪
ਊਧੋ ੧੦੨, ੨੭੯, ੨੮੩

### ਅ

ਅਸ਼ਟਾ ਵੱਕ੍ਰ ੨੧੩
ਅਕਬਰ ੫੧੫
ਅਗਸਤ ਮੁਨੀ ੪੮੬
ਅਜਾਮਲ ੪੭੫
ਅਜਿਤਾ ਰੰਧਾਵਾ ੩੪੭, ੩੫੦
ਅਜ਼ੀਜ਼ੂਦੀਨ ੪੪੨
ਅਜੀਤ ਸਿੰਘ ਸਾਹਿਬਜ਼ਾਦਾ ੨੩੬
ਅਤਰ ਸਿੰਘ ੪੭੩
ਅਨੂਪ ਸਿੰਘ ੩੮੨, ੪੬੨
ਅਮਰ ਸਿੰਘ ੪੧੬
ਅਮਰਦਾਸ ਗੁਰੂ ੩੬, ੭੩, ੭੯, ੯੦, ੯੨, ੯੩, ੯੪, ੧੩੦, ੧੩੧, ੧੩੨, ੧੩੩, ੧੩੫, ੧੫੬, ੩੮੪, ੫੦੪,

| | |
|---|---|
| | ੫੩੮, ੫੪੫ |
| ਅਮਰੋ ਬੀਬੀ | ੭੩ |
| ਅਮਰ ਭਾਰਤੀ | ੨੨, ੩੨ |
| ਅਰਜਨ | ੬੧, ੧੮੬ |
| ਅਰਜਨ ਸਿੰਘ | ੩੩੬ |
| ਅਰਜਨ ਦੇਵ ਗੁਰੂ | ੧੬੨, ੦੧੮੦, ੨੧੫, ੨੬੬, ੨੯੨ ੩੩੪, ੩੬੧, ੩੭੩, ੩੭੫, ੩੮੭ ੪੦੪, ੪੭੭, ੫੦੮, ੫੧੩, ੫੧੮ ੫੪੪, ੫੬੦, ੫੬੨ |
| ਆਤਮਾ ਸਿੰਘ | ੩੦੯, ੩੦੭ |
| ਆਲਮ ਸਿੰਘ | ੩੧੪ |
| ਆਲਮ ਕਵੀ | ੩੭੩ |
| ਆਲਾ ਸਿੰਘ | ੧੯੭, ੩੩੨, ੪੩੭ |
| ਐਮ.ਐਮ.ਆਹਲੂਵਾਲੀਆ | ੩੨ |
| ਔਰੰਗਜ਼ੇਬ | ੨੪੦, ੩੮੭ |
| ਅੰਗਦ ਦੇਵ ਗੁਰੂ | ੪੭, ੪੯, ੫੦, ੫੧, ੭੩, ੯੧, ੯੨, ੯੩, ੯੫, ੧੩੦, ੪੮੨, ੪੮੩, ੪੮੪, ੫੩੯, ੫੬੭ |
| ਅੰਬਰੀਕ | ੩੩੬ |
| | **ੲ** |
| ਇਕਬਾਲ ਸਿੰਘ ਮਨਚੰਦਾ | ੧੭ |
| ਇਜ਼ਰਾਈਲ | ੬੦ |
| ਇੰਦਰ | ੧੩੭ |
| ਇੰਦਰ ਸਿੰਘ | ੪੯੧ |
| ਇੰਦੀ | ੪੯੬ |
| ਈਸ਼ਰ ਸਿੰਘ ਦਲੇਰ | ੪੬੭ |

**ਸ**


| | |
|---|---|
| ਸਚਨ ਸਚ | ੭੯ |
| ਸਤਿਆ ਨੰਦ | ੫੧੯ |
| ਸੱਦਾਂ ਮਾਈ | ੪੬੩ |
| ਸਮੁੰਦ ਖਾਂ | ੪੬੬ |
| ਸਰਦਾਰ ਸਿੰਘ | ੨੬੦ |
| ਸ਼ਰਮ ਸਿੰਘ | ੪੭੩ |
| ਸਾਂਈ ਦਾਸ | ੨੯੭ |
| ਸਾਹਿਬ ਸਿੰਘ | ੪੬੨ |
| ਸਾਹਿਬ ਦੇਵਾਂ ਮਾਤਾ | ੫੦੯, ੫੩੨ |
| ਸਾਧੂ ਰਾਮ | ੪੨੩ |
| ਸ਼ਾਬਾਜ਼ ਸਿੰਘ | ੧੫੭, ੩੮੯, ੩੯੦ |
| ਸ਼ਾਮ ਸਿੰਘ | ੩੨੮ |
| ਸ਼ਿਸ਼ੂਪਾਲ | ੪੫੧, ੪੫੨ |
| ਸ਼ਿਵ ਜੀ | ੧੩੨, ੨੧੫, ੨੨੧, ੨੯੭, ੪੪੦ |
| ਸ਼ਿਵ ਨੰਦ | ੪੪੨ |
| ਸੀਹਾਂ ਉਪਲ | ੯੨ |
| ਸੀਤਾ | ੧੦੦, ੧੦੧, ੧੫੦, ੨੮੦, ੨੮੨, ੫੨੨ |
| ਸੁਕਦੇਵ | ੮੫, ੮੬, ੮੭, ੮੮, ੯੦, ੩੬੩ |
| ਸੁੱਖਾ ਸਿੰਘ | ੫੩੯ |
| ਸੁਦਾਮਾ | ੨੭੭ |
| ਸੁੰਦਰ ਸਿੰਘ | ੨੧੩, ੩੧੪, ੩੪੮, ੪੬੦, ੪੬੩, ੪੭੭ |
| ਸੁੰਦਰ ਲਾਲ ਪੰਡਤ | ੨੭੭ |

| | |
|---|---|
| ਸੁਬੇਗ ਸਿੰਘ | ੧੫੮, ੧੫੯, ੧੭੨, ੧੭੯, ੩੮੯, ੩੯੦, ੩੯੧, ੩੯੨, ੩੯੪, ੫੭੧ |
| ਸੂਰਦਾਸ | ੨੮੩ |
| ਸ਼ੇਸ਼ ਨਾਗ | ੨੧੫, ੨੯੭, ੩੬੦, ੪੨੨, ੫੬੦ |
| ਸ਼ੇਰ ਸਿੰਘ | ੪੨੫, ੪੭੭ |
| ਸੇਵਾ ਸਿੰਘ | ੫੧੦ |
| ਸੇਵਕ ਰਾਮ | ੩੪੨, ੩੪੩ |
| ਸੈਯਦ ਖਾਂ | ੫੧੪ |
| ਸੋਭਾ ਸਿੰਘ | ੧੦੪ |
| ਸੰਤੋਖ ਸਿੰਘ | ੨੧, ੩੭, ੩੭੨, ੫੩੯ |
| ਸੰਤ ਸਿੰਘ | ੨੨, ੨੮੨ |
| ਸੰਪੂਰਨ ਸਿੰਘ | ੩੭੦ |
| | **ਹ** |
| ਹਜ਼ਾਰਾ ਸਿੰਘ | ੫੮, ੫੯, ੪੬੭ |
| ਹਜ਼ੂਰਾ ਸਿੰਘ | ੧੮੨ |
| ਹਨੂੰਮਾਨ ਜੀ | ੧੦੦, ੧੦੩, ੧੦੪, ੧੫੦, ੨੬੩, ੨੮੦, ੨੮੧ |
| ਹਰਦਾਸ | ੨੪੫, ੨੪੬ |
| ਹਰਨਾਖਸ਼ | ੨੧੪ |
| ਹਰਨਾਮ ਸਿੰਘ | ੪੩, ੫੧, ੫੨, ੩੭੬, ੩੮੨, ੪੦੦, ੪੪੧, ੪੯੬ |
| ਹਰਪਾਲ ਸਿੰਘ | ੧੪, ੨੨ |
| ਹਰਮੀਤ ਸਿੰਘ | ੫੩੭, ੫੩੯, ੫੫੨, ੫੫੪, ੫੫੬, ੫੬੨, ੫੬੩ |
| ਹਰਿਕ੍ਰਿਸ਼ਨ ਗੁਰੂ | ੩੦੦, ੫੦੮ |
| ਹਰਿਗੋਬਿੰਦ ਗੁਰੂ | ੬੯, ੮੮, ੧੧੫, ੧੮੦, ੧੯੧, ੨੫੭, ੨੫੮, ੨੯੭, ੪੨੧, ੪੨੨, |

| | |
|---|---|
| | ੫੧੧, ੫੨੭, ੫੨੮, ੫੨੯, ੫੩੧ |
| ਹਰਿ ਰਾਇ ਗੁਰੂ | ੩੦੧, |
| ਹਰੀ ਸਿੰਘ ਗੁਰੂ | ੧੧੯, ੧੯੮, ੨੭੬, ੪੯੬ |
| ਹਰੀ ਸਿੰਘ ਨਲੂਆ | ੨੨੮, ੩੫੫, ੪੧੬, ੪੧੭, ੪੪੨, ੫੩੪, ੫੩੫ |
| ਹੀਰ | ੪੫੫ |
| ਹੀਰਾ ਸਿੰਘ | ੪੬, ੫੧, ੫੨, ੫੫, ੫੬, ੫੭, ੫੮, ੫੯, ੩੮੧, ੩੮੩, ੩੮੫, ੩੮੬, ੪੫੯, ੪੬੨, ੪੬੩, ੪੬੪, ੪੬੫, ੪੬੬, ੪੬੭, ੪੬੮, ੪੬੯, ੪੭੨ |
| ਹੀਰਾ ਸਿੰਘ ਰਾਗੀ | ੩੬੩ |
| ਹੀਰਾ ਦਾਸ | ੪੬੭ |
| ਹੰਸਪਾਲ ਐਚ. ਐਸ | ੨੨ |
| | **ਕ** |
| ਕਟਾਰਾ ਭਾਈ | ੨੪੭ |
| ਕਟਾਰੂ ਭਾਈ | ੧੮੧, ੧੮੫ |
| ਕਪੂਰ ਸਿੰਘ | ੩੪੯ |
| ਕਬੀਰ ਜੀ | ੧੦੦, ੧੧੭, ੧੩੫, ੧੩੮, ੧੫੩, ੧੬੪, ੧੬੬, ੧੭੫, ੧੭੬, ੧੭੮, ੧੯੫, ੨੧੪, ੨੧੭, ੨੮੦, ੨੯੧, ੩੩੨, ੩੪੨, ੪੧੫, ੫੪੦, ੫੫੦ |
| ਕਮਲੀਆ | ੫੬੭, ੫੬੮ |
| ਕਰਣ | ੧੮੬ |
| ਕਰਤਾਰ ਸਿੰਘ | ੨੫੨ |

| | |
|---|---|
| ਕਰਤਾਰ ਸਿੰਘ ਸਰਾਭਾ | ੪੭੨ |
| ਕਰਤਾਰ ਸਿੰਘ ਕਲਾਸਵਾਲੀਆ | ੫੦੮ |
| ਕਰਮਾ ਬਾਈ | ੧੯੭ |
| ਕਾਹਨ ਸਿੰਘ ਨਿਹੰਗ | ੪੬, ੩੨੮ |
| ਕਾਹਨ ਸਿੰਘ ਨਾਭਾ | ੪੪੪ |
| ਕਾਲਾ ਸਿੰਘ | ੪੩, ੪੪, ੫੩, ੫੫, ੫੯, ੪੦੬, ੪੬੪, ੪੬੫ |
| ਕਾਲੂ | ੪੨੨ |
| ਕਾਵਨ | ੮੬੯ |
| ਕਿਸ਼ਨ ਦਾਸ | ੪੨੩ |
| ਕ੍ਰਿਸ਼ਨ ਜੀ | ੬੧, ੯੭, ੯੯, ੧੦੩, ੧੧੨, ੧੧੩, ੧੧੬, ੧੮੭, ੧੮੮, ੧੯੬, ੨੦੧, ੨੩੯, ੨੭੭, ੨੭੯, ੨੮੪, ੨੮੫, ੨੮੮, ੨੯੩, ੩੦੫, ੩੩੪, ੩੪੪, ੩੪੫, ੩੪੯, ੩੬੨, ੫੩੦ |
| ਕਿਰਪਾਲ ਸਿੰਘ | ੧੮੨ |
| ਕੇਸਰ ਸਿੰਘ | ੩੭੮, ੪੨੫, ੪੨੬, ੪੨੮ |
| ਕੇਸਰ ਸਿੰਘ ਚਵਿੰਡਾ | ੭੧, ੧੧੯ |
| ਕੁੰਦਨ ਸਿੰਘ ਨਕਈ | ੨੨ |
| ਕੌਲ ਸੋਢੀ | ੫੦੮ |
| ਕੰਸ | ੩੪੭, ੪੮੬ |


**ਖ**


| | |
|---|---|
| ਖ਼ਜਾਨ ਸਿੰਘ | ੪੦੨ |
| ਖੜਕ ਸਿੰਘ | ੨੧੩ |
| ਖੁਸ਼ਹਾਲ ਸਿੰਘ | ੪੬੨ |

**ਗ**

ਗਣੇਸ਼ ਜੀ ੨੯੭, ੪੪੦,
ਗਣੇਸ ਦੱਤ ਗੋਸਵਾਮੀ ੧੯੩,
ਗਨਿਕਾ ੪੭੫
ਗਨੀ ਖਾਂ ੫੦
ਗਰੜ ੨੧੫, ੨੬੮
ਗਾਂਧੀ ਮਹਾਤਮਾ ੨੦੪, ੪੪੧
ਗਿਆਨ ਸਿੰਘ ੬੯, ੧੪੩, ੩੦੬, ੩੨੩, ੩੨੭, ੩੫੪, ੩੭੯, ੩੯੦, ੩੯੧, ੪੧੯, ੪੪੬, ੫੦੨, ੫੭੧
ਗਿਆਨ ਦਾਸ ੧੧੦
ਗਿਆਨਾ ਸਿੰਘ ੫੨੨
ਗਿਆਨੀ ਸਿੰਘ ੫੧, ੫੨, ੩੮੧, ੩੮੨
ਗੁਜਰੀ ਮਾਤਾ ੧੯੧
ਗੁਰਦਾਸ ਭਾਈ ੨੧, ੮੫, ੧੧੪, ੧੧੫, ੧੧੬, ੧੧੮, ੧੫੬, ੧੬੨, ੧੮੯, ੨੧੪, ੨੧੬, ੨੧੭, ੨੪੧, ੨੫੬, ੨੬੭, ੨੬੮, ੩੪੪, ੩੪੭, ੩੫੭, ੩੮੪, ੩੯੧, ੪੦੪, ੪੦੭, ੪੧੦, ੪੧੮, ੪੨੭, ੪੮੬, ੫੪੧, ੫੫੦, ੫੬੫, ੫੭੦
ਗੁਰਦਿੱਤ ਸਿੰਘ ੫੪, ੧੮੨, ੧੮੩, ੨੪੮, ੩੮੪, ੫੧੨
ਗੁਰਦਿੱਤਾ ਬਾਬਾ ੩੦੨
ਗੁਰਦੇਵ ਸਿੰਘ ੧੭
ਗੁਰਬਖਸ਼ ਸਿੰਘ ਸੇਠ ੧੭

| | |
|---|---|
| ਗੁਰਬਖਸ਼ ਮਸੰਦ | ੩੦੦ |
| ਗੁਰਮੁਖ ਸਿੰਘ | ੨੨, ੪੬, ੫੫, ੫੬, ੫੭, ੧੧੪, ੩੮੫, ੪੫੯ |
| ਗੁਲਾਬ ਸਿੰਘ | ੧੩੭, ੨੭੭, ੫੪੭, |
| ਗੋਪਾਲ ਸਿੰਘ ਪੰਡਿਤ | ੨੨, ੨੩ |
| ਗੋਪਾਲ ਸਿੰਘ | ੭੨, ੧੫੨ |
| ਗੋਬਿੰਦ ਸਿੰਘ ਗੁਰੂ | ੩੭, ੪੯, ੫੦, ੫੫, ੬੩, ੬੪, ੬੮, ੬੯, ੭੧, ੭੩, ੭੪, ੭੮, ੮੮ ੯੦, ੯੪, ੯੫, ੯੬, ੧੦੯, ੧੧੯, ੧੩੨, ੧੩੩, ੧੩੬, ੧੩੮, ੧੪੧, ੧੪੩, ੧੪੫, ੧੪੬, ੧੪੯, ੧੫੧, ੧੫੬, ੧੫੮, ੧੫੯, ੧੬੮, ੧੭੩, ੧੮੯, ੧੯੦, ੧੯੧, ੧੯੨, ੨੦੬, ੨੨੯, ੨੩੨, ੨੩੩, ੨੩੬, ੨੩੭, ੨੪੦, ੨੪੭, ੨੫੧, ੨੫੩, ੨੫੪, ੨੬੨, ੨੮੫, ੨੮੬, ੨੮੮, ੨੯੦, ੨੯੪, ੨੯੬, ੩੦੦, ੩੦੭, ੩੧੩, ੩੨੯, ੩੩੦ ੩੩੩, ੩੩੪, ੩੪੪, ੩੪੫, ੩੪੬, ੩੪੮, ੩੪੯, ੩੫੦, ੩੫੧, ੩੫੨, ੩੫੩, , ੩੫੪, ੩੫੫, ੩੫੬, ੩੫੮, ੩੬੦, ੩੬੧, ੩੬੫, ੩੭੧, ੩੭੨, ੩੭੭, ੩੮੦, ੩੮੮, ੩੯੩, ੪੦੪, ੪੦੫, ੪੧੫, ੪੧੬, ੪੧੯, ੪੨੩, ੪੨੮, ੪੩੧, ੪੩੩, ੪੩੪, ੪੩੫, ੪੪੧, ੪੫੦, ੪੫੧, ੪੫੬, |

| | |
|---|---|
| | ੪੫੮, ੪੬੧, ੪੬੬, ੪੮੩, ੪੯੦, ੫੦੨, ੫੦੬, ੫੦੮, ੫੦੯, ੫੧੦, ੫੧੧, ੫੧੨, ੫੧੩, ੫੧੪, ੫੧੬, ੫੧੯, ੫੨੦, ੫੨੧, ੫੨੨, ੫੨੯, ੫੩੦, ੫੩੧, ੫੩੨, ੫੩੩, ੫੩੪, ੫੩੫, ੫੩੬, ੫੪੧, ੫੪੬, ੫੪੮, ੫੫੧, ੫੬੦, ੫੬੧, ੫੬੫, ੫੬੭, ੫੬੮, ੫੭੧ |
| ਰੰਗਾ ਸਿੰਘ | ੪੩੬, ੪੫੩ |
| ਰੰਡੂ ਰਾਮ | ੫੧੨ |
| | **ਚ** |
| ਚੜ੍ਹਤ ਸਿੰਘ | ੪੬੩ |
| ਚੰਦਾ ਸਿੰਘ | ੪੩, ੪੪, ੩੪੨, ੪੫੮ |
| ਚੰਦੋ ਮਾਈ | ੩੭੬ |
| | **ਜ** |
| ਜੱਸਾ ਸਿੰਘ ਭੰਗੀ | ੪੧੭, ੫੩੩ |
| ਜਸਵੰਤ ਸਿੰਘ | ੧੮ |
| ਜਸਵਿੰਦਰ ਸਿੰਘ | ੧੪, ੨੨, ੩੨ |
| ਜਹਾਂਗੀਰ | ੮੮, ੫੨੭, ੫੨੮, ੫੩੦ |
| ਜ਼ਕਰੀਆ ਖਾਂ | ੩੮੯ |
| ਜਗਜੀਤ ਸਿੰਘ ਗੁਰੂ | ੧੪, ੧੭, ੧੮, ੨੧, ੨੨, ੨੩, ੨੮, ੩੧, ੩੫, ੩੯, ੪੦ |
| ਜਗਤਾਰ ਸਿੰਘ | ੧੪, ੨੩ |
| ਜਨਕ | ੮੬, ੮੭, ੮੮, ੯੦, ੨੧੩ |

ਜਮੀਤ ਸਿੰਘ ੩੫੪, ੩੫੫
ਜਿਊਣ ਸਿੰਘ ੧੧੪, ੨੧੦, ੨੧੧, ੨੮੧, ੩੨੮, ੩੭੮
ਜੀਤੋ ਮਾਤਾ ੩੧੩, ੪੫੦
ਜੀਵਣ ਕੌਰ ਮਾਤਾ ੫੧, ੧੯੭, ੧੯੮, ੩੭੬, ੩੮੨, ੪੬੨, ੫੧੦
ਜੇਠਾ ਭਾਈ ੧੧੪
ਜੈ ਸਿੰਘ ੩੧੦
ਜੈ ਚੰਦਰ ੨੨੯
ਜੈਮਲ ਸਿੰਘ ੧੦੪
ਜੁਝਾਰ ਸਿੰਘ ਸਾਹਿਬਜ਼ਾਦਾ ੨੩੬
ਜੋਗਾ ਸਿੰਘ ੨੫੨, ੪੧੦

**ਟ**

ਟਹਿਲ ਸਿੰਘ ੨੧੩, ੩੭੪, ੩੭੬

**ਠ**

ਠਾਕੁਰ ਸਿੰਘ ੨੪੭

**ਡ**

ਡਫਰਨ ੪੪੩

**ਤ**

ਤਖ਼ਤ ਸਿੰਘ ੩੬੯, ੩੭੪, ੩੭੮
ਤਾਰਾ ਸਿੰਘ ਮਾਸਟਰ ੩੪੯, ੪੪੩, ੪੭੭
ਤਾਰੂ ਸਿੰਘ ੧੫੧, ੧੬੦, ੩੯੨, ੩੯੩, ੩੯੪, ੫੭੦

| | |
|---|---|
| ਤ੍ਰਿਲੋਚਨ | ੨੧੭ |
| ਤਿਲੋਕਾ ਭਾਈ | ੧੮੦, ੧੮੧ |
| ਤੇਗ ਬਹਾਦਰ ਸਤਿਗੁਰੂ | ੩੫, ੧੦੮, ੧੯੧, ੨੧੫, ੨੬੮, ੩੦੦, ੩੦੧, ੩੦੨, ੩੦੩, ੩੮੭, ੪੬੧, ੫੦੮, ੫੧੧, ੫੩੧, ੫੪੦ |
| ਤੇਜਾ ਸਿੰਘ ਅਕਰਪੁਰੀ | ੪੪੪ |
| ਤੇਜਾ ਸਿੰਘ ਭਸੌੜ | ੪੩੭ |
| ਤੁਲਸੀ ਦਾਸ | ੨੧੪, ੨੮੮, ੩੪੨ |
| | **ਦ** |
| ਦਇਆ ਸਿੰਘ | ੫੦, |
| ਦਸੌਧਾ ਸਿੰਘ | ੪੫੩ |
| ਦਤਾਤ੍ਰੇ | ੩੬੩ |
| ਦਲ ਸਿੰਘ | ੪੬੩ |
| ਦਲੀਪ ਸਿੰਘ | ੩੧੫ |
| ਦਿਆਲ ਸਿੰਘ | ੧੧੯, ੧੪੬, ੨੩੦, ੪੩੭, ੫੨੦, ੫੩੪ |
| ਦਿੱਤੂ | ੧੭੮, ੧੭੯, ੧੮੨, ੧੮੩ |
| ਦੀਵਾਨ ਸਿੰਘ | ੧੧੧ |
| ਦੁਸਾਸਨ | ੧੮੮ |
| ਦੁਰਯੋਧਨ | ੧੧੨, ੧੧੬, ੧੮੮, ੨੦੭ |
| ਦੁਰਵਾਸਾ ਰਿਖੀ | ੪੫੧ |
| ਦ੍ਰੋਪਤੀ | ੧੮੫, ੧੮੭, ੧੮੮, ੧੮੯ |
| | **ਧ** |
| ਧਰਮ ਸਿੰਘ | ੫੦ |
| ਧਿਆਨ ਸਿੰਘ | ੩੭, ੩੮, ੧੩੦, ੧੩੩, ੧੩੯, |

| | |
|---|---|
| | ੧੭੪, ੨੦੫, ੨੪੬, ,੩੬੨, ੩੮੬, ੪੧੯, ੪੨੦, ੪੨੩, ੫੩੯, ੫੪੩, ੫੫੬, ੫੬੨ |
| ਧੀਰ ਮਲ | ੩੦੧ |
| | **ਨ** |
| ਨੱਥਾ ਸਿੰਘ | ੫੧੦ |
| ਨਬੀ ਖਾਂ | ੫੦ |
| ਨਰ ਸਿੰਘ | ੨੧੪ |
| ਨਰੈਣ ਸਿੰਘ | ੧੧੯, ੧੨੦, ੧੨੧, ੧੯੮, ੪੩੭ |
| ਨਰੈਣ ਦਾਸ | ੪੨੩ |
| ਨਾਹਰ ਸਿੰਘ | ੩੨, ੩੪੧ |
| ਨਾਹਰ ਖਾਂ | ੩੮੦ |
| ਨਾਨਕਦੇਵ ਸਤਿਗੁਰੂ | ੧੫, ੩੭, ੪੭, ੪੮, ੪੯, ੫੦, ੫੧, ੬੮, ੯੨, ੯੫, ੯੯, ੧੦੯, ੧੧੦, ੧੩੦, ੧੮੮, ੧੯੬, ੨੩੯, ੨੪੭, ੨੪੮, ੨੪੯, ੨੭੯, ੨੯੩, ੩੦੬, ੩੩੬, ੩੪੭, ੩੪੯, ੩੫੫, ੩੫੭, ੩੬੨, ੩੬੫, ੩੬੬, ੩੭੨, ੩੮੮, ੪੦੬, ੪੦੭, ੪੧੫, ੪੨੦, ੪੨੧, ੪੭੦, ੪੭੭, ੪੮੨, ੪੮੩, ੪੮੪, ੪੮੮, ੪੯੪, ੪੯੮, ੫੦੮, ੫੧੮, ੫੨੧, ੫੩੮, ੫੩੯, ੫੪੦, ੫੪੩, ੫੫੦, ੫੬੯ |
| ਨਾਮਦੇਵ | ੧੮੭, ੨੧੪, ੨੯੧, ੪੦੪, ੫੪੯ |
| ਨਾਰਦ | ੮੬, ੩੬੩, |
| ਨਿਹਾਲ ਸਿੰਘ | ੨੨, ੨੦੯ |

ਨਿਹਚਲ ਸਿੰਘ ੪੩੨

ਨਿਧਾਨ ਸਿੰਘ ਆਲਮ ੩੨, ੫੭, ੩੨੪, ੪੦੯
ਨੂਰਜਹਾਂ ੮੯
ਨੌਨਿਹਾਲ ਸਿੰਘ ੪੫੩
ਨੰਦ ਸਿੰਘ ੧੬੮, ੨੩੦, ੪੬੨, ੪੬੪
ਨੰਦ ਲਾਲ ਭਾਈ ੨੧, ੯੬, ੧੦੦, ੧੦੫, ੧੦੯, ੧੩੪, ੧੬੭, ੧੮੯, ੩੫੩, ੩੭੧, ੩੭੭, ੪੦੫, ੪੫੭, ੫੨੯, ੫੪੭, ੫੬੪, ੫੬੮

**ਪ**

ਪਾਰਬਤੀ ੨੨੧
ਪੈੜਾ ਮੋਖਾ ੪੮੩
ਪੂਤਨਾ ੩੩੪, ੪੮੬
ਪ੍ਰਹਿਲਾਦ ੧੮੮, ੨੧੩, ੪੯੬
ਪ੍ਰਤਾਪ ਸਿੰਘ ਸਤਿਗੁਰੂ ੧੩, ੧੬, ੧੭, ੧੮, ੨੧, ੨੪, ੨੯, ੩੧, ੩੨, ੩੩, ੩੪, ੩੫, ੩੭, ੩੮, ੪੦
ਪ੍ਰਿਥਵੀ ਰਾਜ ਚੌਹਾਨ ੨੨੯, ੨੩੦
ਪ੍ਰੇਮ ਸਿੰਘ ੧੮੨

**ਫ**

ਫਜ਼ਲ ਦਾਦ ੫੧੫
ਫਰੀਦ ਜੀ ੩੪, ੩੭੫, ੫੦੩, ੫੦੪
ਫੂਲਾ ਸਿੰਘ ੨੩੦, ੪੧੭, ੫੩੯, ੫੪੨, ੫੪੩, ੫੫੦

| | |
|---|---|
| ਫੌਜਾ ਸਿੰਘ | ੩੨ |
| | **ਬ** |
| ਬਦਨ ਸਿੰਘ | ੫੭, ੫੮, ੪੬੪, ੪੬੫ |
| ਬਾਰ ਬਟਨ | ੩੭੦ |
| ਬਾਲਕ ਸਿੰਘ ਗੁਰੂ | ੩੭, ੩੦੦, ੩੫੬, ੪੧੮, ੪੨੦, ੪੨੮, ੪੫੬, ੫੨੧ |
| ਬਾਲਾ ਭਾਈ | ੪੯, ੫੦, ੫੧, ੪੨੨, ੪੮੩, ੫੦੮, ੫੩੯, ੫੬੫ |
| ਬਾਲਮੀਕ | ੧੨੧, ੪੭੫ |
| ਬਿਆਸ ਜੀ | ੩੪੯, ੩੫੧, ੩੬੩ |
| ਬਿਸ਼ਨ ਸਿੰਘ | ੪੭੧ |
| ਬਿਹਾਰੀ ਜੀ ਕਵੀ | ੯੪, ੩੭੭ |
| ਬਿਦਰ | ੧੧੨, ੧੧੩, ੧੧੬, ੨੦੭ |
| ਬਿਧੀ ਚੰਦ | ੬੯, ੮੯, ੧੧੪ |
| ਬ੍ਰਹਮਾ ਜੀ | ੧੩੨, ੧੫੭, ੨੧੧ ੩੬੩ |
| ਬੇਲਾ ਸਿੰਘ | ੪੦੦ ੪੦੧, ੪੦੨ |
| ਬੁੱਢਾ ਸਿੰਘ | ੪੯੨, ੪੯੫ |
| ਬੂੜਾ ਬਾਜੀਗਰ | ੩੫੯ |
| | **ਭ** |
| ਭਸੁੰਡ ਕਾਗ | ੨੧੫ |
| ਭਗਤ ਸਿੰਘ ਸ਼ਹੀਦ | ੪੭੨ |
| ਭਗਵਾਨ ਸਿੰਘ | ੩੦੨, ੩੬੩, ੫੨੩ |
| ਭਰਥਰੀ | ੨੨੧ |
| ਭਾਗ ਸਿੰਘ ਰਾਗੀ | ੩੬੩ |
| ਭਿਖਾਰੀ ਭਾਈ | ੫੪੪ |

ਭੈਰਓ ਸਿੰਘ ੧੦੪, ੧੦੫
ਭੰਗਰ ਨਾਥ ੫੪੦

**ਮ**

ਮਸਤਾਨ ਦਾਸ ੪੬੮
ਮਹਿੰਦਰ ਸਿੰਘ ਮਹਾਰਾਜਾ ੪੬, ੩੮੧
ਮੱਖਣ ਸ਼ਾਹ ੩੦੦, ੩੦੨, ੩੦੩, ੩੦੪
ਮਦਨ ਮੋਹਨ ਮਾਲਵੀਆ ੪੪੧
ਮਨੀ ਸਿੰਘ ਭਾਈ ੪੩੩, ੫੩੬
ਮਰਦਾਨਾ ੧੮੩
ਮਾਨ ਸਿੰਘ ੫੦
ਮੀਆਂ ਮੀਰ ਸਾਂਈ ੫੨੭
ਮੁਹੰਮਦ ਹਜਰਤ ੬੦, ੪੭੦
ਮੁਹੰਮਦ ਗੌਰੀ ੨੨੯, ੨੩੦
ਮੋਹਨ ਸਿੰਘ ਵੈਦ ੫੦੭
ਮੋਹਰ ਸਿੰਘ ਸੇਠ ੬੭
ਮੰਗਲ ਸਿੰਘ ੨੧੦
ਮੰਗਲ ਦਾਸ ੨੩੦, ੪੩੭

**ਯ**

ਯਸੂ ੬੦

**ਰ**

ਰਘੂਨਾਥ ਪੰਡਿਤ ੪੪੧
ਰਣਜੀਤ ਸਿੰਘ ਮਹਾਰਾਜਾ ੬੯, ੧੪੨, ੩੧੫, ੪੧੬, ੪੩੮, ੪੪੧, ੪੪੨, ੪੬੬
ਰਤਨ ਸਿੰਘ ਭੰਗੂ ੫੦੯

| | |
|---|---|
| ਰਵਿਦਾਸ | ੧੦੭, ੩੯੮ |
| ਰਾਇ ਸਿੰਘ | ੩੮, ੯੬, ੯੭, ੧੦੩, ੧੦੬, ੧੦੯, ੧੪੦, ੧੪੧, ੧੪੨, ੧੪੫, ੧੪੭, ੧੪੮, ੧੪੯, ੧੫੦, ੧੫੫, ੧੬੦, ੧੭੨, ੧੭੩, ੧੭੪ ,੧੭੫, ੧੭੭, ੧੭੯, ੧੮੫, ੧੯੩, ੨੦੦, ੨੦੫, ੨੦੮, ੨੦੯, ੨੩੬, ੨੪੩, ੨੪੬, ੨੪੭, ੨੪੯, ੨੫੩, ੨੫੬, ੨੬੫, ੨੭੧, ੨੭੩, ੨੭੫, ੨੭੬, ੨੭੭, ੨੭੮, ੨੭੯, ੨੮੮, ੨੮੯, ੨੯੦, ੨੯੨, ੨੯੭, ੨੯੯, ੩੦੫, ੩੦੬, ੪੮੪, ੪੯੭, ੫੦੦, ੫੦੬, ੫੧੪, ੫੧੫, ੫੨੦, ੫੫੫ |
| ਰਾਜਿੰਦਰ ਸਿੰਘ ਪੰਡਿਤ | ੨੨ |
| ਰਾਜਿੰਦਰ ਪਰਸਾਦ | ੧੬੩ |
| ਰਾਂਝਾ | ੪੫੫ |
| ਰਾਧਿਕਾ, ਰਾਧਾ | ੯੭, ੨੮੬, ੩੦੫ |
| ਰਾਮ ਸਿੰਘ ਸਤਿਗੁਰੂ | ੩੫, ੫੩, ੬੩, ੬੪, ੬੭, ੯੫, ੧੦੫, ੧੧੧, ੧੧੨, ੧੧੯, ੧੨੧, ੧੩੫, ੧੪੦, ੧੬੮, ੧੭੯, ੧੮੨, ੧੮੫, ੧੯੦, ੨੦੦, ੨੦੨, ੨੦੬, ੨੦੭, ੨੩੨, ੨੩੪, ੨੪੧, ੨੪੩, ੨੪੬, ੨੪੭, ੨੫੯, ੨੭੨, ੨੭੩, ੨੭੯, ੨੮੦, ੨੮੩, ੨੯੨, ੨੯੬, ੩੦੧, ੩੦੭, ੩੨੪, ੩੪੨, ੩੫੪, ੩੫੬, ੩੫੮, ੩੫੯, ੩੭੧, ੩੭੮, ੩੮੧, ੩੮੨, ੩੮੬, ੩੮੮, |

੩੯੫, ੩੯੯, ੪੦੫, ੪੦੭, ੪੧੧, ੪੧੯, ੪੨੦, ੪੨੫, ੪੨੬, ੪੫੬,

੪੬੯, ੪੭੦, ੪੭੧, ੪੮੪, ੪੯੩, ੫੦੬, ੫੧੨, ੫੧੩, ੫੧੬, ੫੧੮, ੫੩੬, ੫੪੫, ੫੫੪, ੫੬੫

ਰਾਮ ਕੌਇਰ ੭੮, ੩੫੨, ੩੫੫

ਰਾਮ ਚੰਦਰ ਜੀ ੧੦੦, ੧੦੩, ੨੧੪, ੨੧੫, ੨੭੬, ੨੮੦, ੨੯੩, ੩੪੯, ੪੪੯

ਰਾਮਦਾਸ ਗੁਰੂ ੮੬, ੧੭੫, ੨੪੫, ੨੪੬, ੨੭੦, ੩੭੨, ੫੦੫, ੫੩੮, ੫੬੫

ਰਾਮ ਤੀਰਥ ਸਵਾਮੀ ੪੮੮

ਰਾਮ ਰਾਏ ੫੦੮

ਰਾਵਣ ੨੧੫, ੨੮੧, ੩੪੭, ੫੨੨

ਰਿਖੀ ਸਿੰਘ ੨੧੨, ੨੧੩, ੨੮੧

ਰੁਕਮਣੀ ੧੯੪, ੪੫੧, ੪੫੨

**ਲ**

ਲਹਿਣਾ ਭਾਈ ੪੭, ੪੮, ੪੯, ੫੦, ੨੪੭, ੨੪੮, ੫੩੮

ਲਹਿਣਾ ਸਿੰਘ ੫੧, ੧੪੨, ੩੫੫, ੩੮੨, ੩੮੫, ੪੫੯, ੪੬੨, ੪੬੪, ੪੬੯

ਲੱਖਾ ਸਿੰਘ ੪੨੮, ੪੬੧, ੪੬੨, ੪੬੩

ਲਛਮਨ ੫੨੨

ਲਛਮਨ ਬਾਲਾ ੩੬੬

ਲਾਲ ਸਿੰਘ ੫੩, ੨੦੧, ੩੮੩, ੪੩੫, ੪੫੫

**ਵ**

ਵਰਿਆਮ ਸਿੰਘ ੬੦, ੪੭੧
ਵਾਰਿਸ ਸ਼ਾਹ ੪੫੫
ਵਿਸ਼ਨੂੰ ਜੀ ੧੩੨, ੪੪੦, ੪੯੩
ਵੀਰ ਸਿੰਘ ੩੦੧, ੪੩੯
ਵੀਰੋ ਬੀਬੀ ੨੫੭, ੨੫੮